PUNJAB VIDHAN SABHA

DEBATES

Monday, the 19th March, 2012

Vol. 1 No. 1

OFFICIAL REPORT

CONTENTS

	Page
Announcements by the Secretary	(1) 1
Oath or affirmation by the Members	(1) 2

Punjab Vidhan Sabha Secretariat, Chandigarh

Price : Rs.................

PUNJAB VIDHAN SABHA

Monday, the 19th March, 2012

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Pro-tem) Doctor Charnjit Singh Atwal) in the Chair.

ਮਾਨਯੋਗ ਸਪੀਕਰ (ਪ੍ਰੋਟਮ) : ਅੱਜ ਅਸੀਂ ਸਾਰੇ ਬੜੇ ਸ਼ੁੱਭ ਅਵਸਰ ਤੇ ਇਕੱਤਰ ਹੋਏ ਹਾਂ। ਮੈਂ ਇਨ੍ਹਾਂ ਸਾਰੇ ਮੈਂਬਰ ਸਾਹਿਬਾਨ ਨੂੰ ਜੋ ਵੀ 14ਵੀਂ ਵਿਧਾਨ ਸਭਾ ਲਈ ਚੁਣੇ ਗਏ ਹਨ, ਬਹੁਤ ਪ੍ਰਸੰਨਤਾਪੂਰਵਕ ਵਧਾਈ ਦਿੰਦਾ ਹਾਂ ਅਤੇ ਜੀ ਆਇਆਂ ਆਖਦਾ ਹਾਂ। ਹੁਣ ਸਕੱਤਰ ਸਾਹਿਬ ਐਲਾਨ ਕਰਨਗੇ।

ANNOUNCEMENT BY THE SECRETARY

ਸ੍ਰੀ ਸਕੱਤਰ : ਮੈਂ ਸਦਨ ਨੂੰ ਇਹ ਸੂਚਨਾ ਦੇਣੀ ਹੈ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 188 ਅਧੀਨ ਡਾਕਟਰ ਚਰਨਜੀਤ ਸਿੰਘ ਅਟਵਾਲ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਨਿਯੁਕਤ ਕੀਤਾ ਹੈ, ਜਿਨ੍ਹਾਂ ਦੇ ਸਾਹਮਣੇ 14ਵੀਂ ਪੰਜਾਬ ਵਿਧਾਨ ਸਭਾ ਦਾ ਹਰ ਇੱਕ ਮੈਂਬਰ, ਆਪਣੀ ਥਾਂ ਲੈਣ ਤੋਂ ਪਹਿਲਾਂ ਨਿਰਧਾਰਤ ਸਹੁੰ ਚੁੱਕੇਗਾ ਜਾਂ ਪ੍ਰਤਿਗਿਆ ਕਰੇਗਾ ਅਤੇ ਇਸ ਤੋਂ ਬਾਅਦ ਰਜਿਸਟਰ ਤੇ ਦਸਖਤ ਕਰੇਗਾ।

ਮੈਂ ਸਦਨ ਨੂੰ ਇਹ ਵੀ ਦੱਸਣਾ ਹੈ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 180 ਦੀ ਧਾਰਾ (1) ਅਧੀਨ ਡਾਕਟਰ ਚਰਨਜੀਤ ਸਿੰਘ ਅਟਵਾਲ ਜੀ ਨੂੰ ਉਦੋਂ ਤੱਕ 14ਵੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਅਹੁਦੇ ਦੇ ਫਰਜ਼ ਨਿਭਾਉਣ ਲਈ ਨਿਯੁਕਤ ਕੀਤਾ ਹੈ ਜਦੋਂ ਤੱਕ ਅਨੁਛੇਦ 178 ਅਧੀਨ ਸਪੀਕਰ ਦੀ ਚੋਣ ਨਹੀਂ ਹੋ ਜਾਂਦੀ।

2. ਇਸ ਉਪਰੰਤ ਮਾਨਯੋਗ ਮੈਂਬਰ ਸਾਹਿਬਾਨ ਨੂੰ ਸਹੁੰ ਚੁੱਕਣ ਲਈ ਬੇਨਤੀ ਕਰਨ ਤੋਂ ਪਹਿਲਾਂ ਮੈਂ ਚੀਫ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ, ਜਿਸ ਵਿੱਚ ਸਾਲ 2012 ਦੀਆਂ ਆਮ ਚੋਣਾਂ ਵਿੱਚ ਚੁਣੇ ਗਏ 14ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਦੇ ਨਾਂ ਦਰਜ ਹਨ, ਦੀ ਕਾਪੀ ਸਦਨ ਦੀ ਮੇਜ਼ ਤੇ ਰੱਖਦਾ ਹਾਂ।

(ਇਸ ਸਮੇਂ ਨੋਟੀਫਿਕੇਸ਼ਨ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ।)

3. ਹੁਣ ਮੈਂ ਮਾਨਯੋਗ ਸਪੀਕਰ (ਪ੍ਰੋਟਮ) ਦੀ ਆਗਿਆ ਨਾਲ ਮੈਂਬਰ ਸਾਹਿਬਾਨ ਨੂੰ ਸਹੁੰ ਚੁੱਕਣ ਅਤੇ ਪ੍ਰਤਿਗਿਆ ਕਰਨ ਲਈ ਬੁਲਾਉਣ ਦੀ ਇਜਾਜ਼ਤ ਲੈਂਦਾ ਹਾਂ। ਸਭ ਤੋਂ ਪਹਿਲਾਂ ਮੁੱਖ ਮੰਤਰੀ, ਉੱਪ ਮੁੱਖ ਮੰਤਰੀ, ਵਿਰੋਧੀ ਧਿਰ ਦੇ ਨੇਤਾ ਅਤੇ ਮੰਤਰੀ ਸਾਹਿਬਾਨ ਨੂੰ ਇੱਕ-ਇੱਕ ਕਰਕੇ ਬੁਲਾਇਆ ਜਾਵੇਗਾ। ਉਸ ਉਪਰੰਤ ਲੇਡੀ ਮੈਂਬਰਜ਼ ਨੂੰ ਬੁਲਾਇਆ ਜਾਵੇਗਾ। ਉਸ ਤੋਂ ਬਾਅਦ ਬਾਕੀ ਮੈਂਬਰ ਸਾਹਿਬਾਨ ਨੂੰ ਜ਼ਿਲ੍ਹਾਵਾਰ ਇੱਕ-ਇੱਕ ਕਰਕੇ ਬੁਲਾਇਆ ਜਾਵੇਗਾ।

ਮਾਨਯੋਗ ਸਪੀਕਰ (ਪ੍ਰੋਟਮ) : ਆਗਿਆ ਹੈ।

ਸ਼੍ਰੀ ਸਕੱਤਰ : ਹੁਣ ਮੈਂ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ, ਮੁੱਖ ਮੰਤਰੀ, ਪੰਜਾਬ ਨੂੰ ਬੇਨਤੀ ਕਰਾਂਗਾ ਕਿ ਉਹ ਸਹੁੰ ਚੁੱਕਣ ਲਈ ਤਸ਼ਰੀਫ ਲਿਆਉਣ।

OATH OR AFFIRMATION BY THE MEMBERS

ਇਸ ਵੇਲੇ ਸਦਨ ਵਿਚ ਹਾਜ਼ਰ ਮੰਤਰੀ ਅਤੇ ਮੈਂਬਰ ਸਾਹਿਬਾਨ ਨੇ ਹੇਠ ਲਿਖੇ ਕ੍ਰਮ ਅਨੁਸਾਰ ਸਹੁੰ ਚੁੱਕੀ :-

ਲੜੀ ਨੰ:	ਮੈਂਬਰ ਦਾ ਨਾਂ	ਹਲਕਾ	ਜਿਸ ਭਾਸ਼ਾ ਵਿੱਚ ਸਹੁੰ ਚੁੱਕੀ
		ਮੁੱਖ ਮੰਤਰੀ	
1.	ਸਰਦਾਰ ਪਰਕਾਸ਼ ਸਿੰਘ ਬਾਦਲ	83-ਲੰਬੀ	ਪੰਜਾਬੀ
		ਉੱਪ ਮੁੱਖ ਮੰਤਰੀ	
2.	ਸਰਦਾਰ ਸੁਖਬੀਰ ਸਿੰਘ ਬਾਦਲ	79-ਜਲਾਲਾਬਾਦ	ਪੰਜਾਬੀ
		ਵਿਰੋਧੀ ਧਿਰ ਦੇ ਨੇਤਾ	
3.	ਸ਼੍ਰੀ ਸੁਨੀਲ ਕੁਮਾਰ ਜਾਖੜ	81-ਅਬੋਹਰ	ਪੰਜਾਬੀ
		ਕੈਬਨਿਟ ਮੰਤਰੀ	
4.	ਸ਼੍ਰੀ ਚੂਨੀ ਲਾਲ ਭਗਤ	34-ਜਲੰਧਰ ਪੱਛਮੀ (ਅ.ਜ.)	ਪੰਜਾਬੀ
5.	ਸਰਦਾਰ ਸਰਵਣ ਸਿੰਘ ਫਿਲੌਰ	33-ਕਰਤਾਰਪੁਰ (ਅ.ਜ.)	ਪੰਜਾਬੀ
6.	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	23-ਪੱਟੀ	ਪੰਜਾਬੀ
7.	ਸਰਦਾਰ ਅਜੀਤ ਸਿੰਘ ਕੋਹਾੜ	32-ਸ਼ਾਹਕੋਟ	ਪੰਜਾਬੀ
8.	ਸਰਦਾਰ ਗੁਲਜ਼ਾਰ ਸਿੰਘ ਰਣੀਕੇ	20-ਅਟਾਰੀ (ਅ.ਜ.)	ਪੰਜਾਬੀ
9.	ਸ਼੍ਰੀ ਮਦਨ ਮੋਹਨ ਮਿੱਤਲ	49-ਅਨੰਦਪੁਰ ਸਾਹਿਬ	ਪੰਜਾਬੀ
10.	ਸਰਦਾਰ ਪਰਮਿੰਦਰ ਸਿੰਘ ਢੀਂਡਸਾ	101-ਸੁਨਾਮ	ਪੰਜਾਬੀ
11.	ਸਰਦਾਰ ਜਨਮੇਜਾ ਸਿੰਘ ਸੇਖੋਂ	95-ਮੌੜ	ਪੰਜਾਬੀ
12.	ਸਰਦਾਰ ਤੋਤਾ ਸਿੰਘ	74-ਧਰਮਕੋਟ	ਪੰਜਾਬੀ
13.	*ਬੀਬੀ ਜਗੀਰ ਕੌਰ	26-ਭੁਲੱਥ	ਪੰਜਾਬੀ

* ਬੀਬੀ ਜਗੀਰ ਕੌਰ ਨੇ ਮਿਤੀ 30.3.2012 ਨੂੰ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਜੋ ਮਿਤੀ 2.4.2012 ਨੂੰ ਪ੍ਰਵਾਨ ਹੋਇਆ।

14.	ਸ਼੍ਰੀ ਸੁਰਜੀਤ ਕੁਮਾਰ ਜਿਆਨੀ	80-ਫਾਜ਼ਿਲਕਾ	ਪੰਜਾਬੀ
15.	ਸਰਦਾਰ ਬਿਕਰਮ ਸਿੰਘ ਮਜੀਠੀਆ	13-ਮਜੀਠਾ	ਪੰਜਾਬੀ
16.	ਸਰਦਾਰ ਸਿਕੰਦਰ ਸਿੰਘ ਮਲੂਕਾ	90-ਰਾਮਪੁਰਾ ਫੂਲ	ਪੰਜਾਬੀ
17.	ਸ਼੍ਰੀ ਅਨਿਲ ਜੋਸ਼ੀ	15-ਅੰਮ੍ਰਿਤਸਰ (ਉੱਤਰੀ)	ਪੰਜਾਬੀ
18.	ਸਰਦਾਰ ਸੁਰਜੀਤ ਸਿੰਘ ਰੱਖੜਾ	116-ਸਮਾਣਾ	ਪੰਜਾਬੀ
19.	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	59-ਸਾਹਨੇਵਾਲ	ਪੰਜਾਬੀ

ਇਸਤਰੀ ਮੈਂਬਰ

20.	ਸ਼੍ਰੀਮਤੀ ਅਰੁਨਾ ਚੌਧਰੀ	5-ਦੀਨਾ ਨਗਰ (ਅ.ਜ.)	ਹਿੰਦੀ
21.	ਐਫ. ਨਿਸਾਰਾ ਖਾਤੂਨ (ਫਰਜ਼ਾਨਾ ਆਲਮ)	105-ਮਲੇਰਕੋਟਲਾ	ਉਰਦੂ
22.	ਸ਼੍ਰੀਮਤੀ ਸੀਮਾ ਕੁਮਾਰੀ	2-ਭੋਆ (ਅ.ਜ.)	ਹਿੰਦੀ
23.	ਸ਼੍ਰੀਮਤੀ ਹਰਚੰਦ ਕੌਰ	104-ਮਹਿਲਕਲਾਂ (ਅ.ਜ.)	ਪੰਜਾਬੀ
24.	ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ	113-ਘਨੌਰ	ਪੰਜਾਬੀ
25.	ਸ਼੍ਰੀਮਤੀ ਕਰਨ ਕੌਰ ਬਰਾੜ	86-ਮੁਕਤਸਰ	ਪੰਜਾਬੀ
26.	ਸ਼੍ਰੀਮਤੀ ਗੁਰਇਕਬਾਲ ਕੌਰ	47-ਨਵਾਂ ਸ਼ਹਿਰ	ਪੰਜਾਬੀ
27.	ਸ਼੍ਰੀਮਤੀ ਚਰਨਜੀਤ ਕੌਰ ਬਾਜਵਾ	6-ਕਾਦੀਆਂ	ਅੰਗਰੇਜ਼ੀ
28.	ਬੀਬੀ ਮਹਿੰਦਰ ਕੌਰ ਜੋਸ਼	42-ਸ਼ਾਮ ਚੁਰਾਸੀ (ਅ.ਜ.)	ਪੰਜਾਬੀ
29.	ਸ਼੍ਰੀਮਤੀ ਰਜਿੰਦਰ ਕੌਰ ਭੱਠਲ	99-ਲਹਿਰਾ	ਪੰਜਾਬੀ
30.	**ਡਾਕਟਰ ਨਵਜੋਤ ਕੌਰ ਸਿੱਧੂ	18-ਅੰਮ੍ਰਿਤਸਰ (ਪੂਰਬੀ)	ਪੰਜਾਬੀ
31.	ਸ਼੍ਰੀਮਤੀ ਰਾਜਵਿੰਦਰ ਕੌਰ	71-ਨਿਹਾਲ ਸਿੰਘ ਵਾਲਾ (ਅ.ਜ.)	ਪੰਜਾਬੀ
32.	ਸ਼੍ਰੀਮਤੀ ਵਨਿੰਦਰ ਕੌਰ ਲੂੰਬਾ	117-ਸ਼ੁਤਰਾਣਾ (ਅ.ਜ.)	ਪੰਜਾਬੀ

ਜ਼ਿਲ੍ਹਾ ਅਜੀਤਗੜ੍ਹ (ਮੁਹਾਲੀ)

33.	ਸਰਦਾਰ ਜਗਮੋਹਨ ਸਿੰਘ ਕੰਗ	52-ਖਰੜ	ਪੰਜਾਬੀ
34.	ਸਰਦਾਰ ਬਲਬੀਰ ਸਿੰਘ ਸਿੱਧੂ	53-ਐਸ.ਏ.ਐਸ. ਨਗਰ (ਮੁਹਾਲੀ)	ਪੰਜਾਬੀ
35.	ਸ਼੍ਰੀ ਨਰਿੰਦਰ ਕੁਮਾਰ ਸ਼ਰਮਾ	112-ਡੇਰਾਬੱਸੀ	ਪੰਜਾਬੀ

** ਡਾਕਟਰ ਨਵਜੋਤ ਕੌਰ ਸਿੱਧੂ ਨੇ ਮਿਤੀ 09-04-2012 ਨੂੰ ਮਾਨਯੋਗ ਸਪੀਕਰ ਸਾਹਿਬ ਦੇ ਚੈਂਬਰ ਵਿੱਚ ਸਹੁੰ ਚੁੱਕੀ।

ਜ਼ਿਲ੍ਹਾ ਅੰਮ੍ਰਿਤਸਰ

36.	ਸ਼੍ਰੀ ਓ.ਪੀ. ਸੋਨੀ	17-ਅੰਮ੍ਰਿਤਸਰ	ਪੰਜਾਬੀ
37.	ਸਰਦਾਰ ਅਮਰਪਾਲ ਸਿੰਘ ਅਜਨਾਲਾ	11-ਅਜਨਾਲਾ	ਪੰਜਾਬੀ
38.	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	19-ਅੰਮ੍ਰਿਤਸਰ (ਦੱਖਣੀ)	ਪੰਜਾਬੀ
39.	ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ	12-ਰਾਜਾ ਸਾਂਸੀ	ਪੰਜਾਬੀ
40.	ਸਰਦਾਰ ਬਲਜੀਤ ਸਿੰਘ ਜਲਾਲ ਉਸਮਾ	14-ਜੰਡਿਆਲਾ (ਅ.ਜ.)	ਪੰਜਾਬੀ
41.	ਸਰਦਾਰ ਮਨਜੀਤ ਸਿੰਘ ਮੀਆਂਵਿੰਡ	25-ਬਾਬਾ ਬਕਾਲਾ (ਅ.ਜ.)	ਪੰਜਾਬੀ
42.	ਡਾਕਟਰ ਰਾਜ ਕੁਮਾਰ	16-ਅੰਮ੍ਰਿਤਸਰ (ਪੱਛਮੀ) (ਅ.ਜ.)	ਪੰਜਾਬੀ

ਜ਼ਿਲ੍ਹਾ ਸੰਗਰੂਰ

43.	ਸਰਦਾਰ ਇਕਬਾਲ ਸਿੰਘ ਝੂੰਦਾਂ	106-ਅਮਰਗੜ੍ਹ	ਪੰਜਾਬੀ
44.	ਸ਼੍ਰੀ ਪਰਕਾਸ਼ ਚੰਦ ਗਰਗ	108-ਸੰਗਰੂਰ	ਪੰਜਾਬੀ
45.	ਸਰਦਾਰ ਬਲਬੀਰ ਸਿੰਘ ਘੁੰਨਸ	100 ਦਿੜ੍ਹਬਾ (ਅ.ਜ.)	ਪੰਜਾਬੀ
46.	ਸ਼੍ਰੀ ਅਰਵਿੰਦ ਖੰਨਾ	107-ਧੂਰੀ	ਅੰਗਰੇਜ਼ੀ

ਜ਼ਿਲ੍ਹਾ ਹੁਸ਼ਿਆਰਪੁਰ

47.	ਸਰਦਾਰ ਅਮਰਜੀਤ ਸਿੰਘ ਸਾਹੀ	40-ਦਸੂਹਾ	ਪੰਜਾਬੀ
48.	ਸਰਦਾਰ ਸੋਹਣ ਸਿੰਘ ਠੰਡਲ	44-ਚੱਬੇਵਾਲ (ਅ.ਜ.)	ਪੰਜਾਬੀ
49.	ਸਰਦਾਰ ਸੰਗਤ ਸਿੰਘ ਗਿਲਜੀਆਂ	41-ਉੜਮੁੜ	ਪੰਜਾਬੀ
50.	ਸ਼੍ਰੀ ਸੁੰਦਰ ਸ਼ਾਮ ਅਰੋੜਾ	43-ਹੁਸ਼ਿਆਰਪੁਰ	ਪੰਜਾਬੀ
51.	ਸਰਦਾਰ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ	45-ਗੜ੍ਹਸ਼ੰਕਰ	ਪੰਜਾਬੀ
52.	ਸ਼੍ਰੀ ਰਜਨੀਸ਼ ਕੁਮਾਰ	39-ਮੁਕੇਰੀਆਂ	ਪੰਜਾਬੀ

ਜ਼ਿਲ੍ਹਾ ਕਪੂਰਥਲਾ

53.	ਸ਼੍ਰੀ ਸੋਮ ਪ੍ਰਕਾਸ਼	29-ਫਗਵਾੜਾ	ਪੰਜਾਬੀ
54.	ਰਾਣਾ ਗੁਰਜੀਤ ਸਿੰਘ	27-ਕਪੂਰਥਲਾ	ਅੰਗਰੇਜ਼ੀ
55.	ਸਰਦਾਰ ਨਵਤੇਜ ਸਿੰਘ	28-ਸੁਲਤਾਨਪੁਰ ਲੋਧੀ	ਪੰਜਾਬੀ

ਜ਼ਿਲ੍ਹਾ ਗੁਰਦਾਸਪੁਰ

56.	ਸ਼੍ਰੀ ਅਸ਼ਵਨੀ ਸੇਖੜੀ	7-ਬਟਾਲਾ	ਪੰਜਾਬੀ
57.	ਸਰਦਾਰ ਸੁਖਜਿੰਦਰ ਸਿੰਘ	10-ਡੇਰਾ ਬਾਬਾ ਨਾਨਕ	ਪੰਜਾਬੀ
58.	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	4-ਗੁਰਦਾਸਪੁਰ	ਪੰਜਾਬੀ
59.	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ	9-ਫਤਹਿਗੜ੍ਹ ਚੂੜੀਆਂ	ਪੰਜਾਬੀ
60.	ਸ਼੍ਰੀ ਦੇਸ ਰਾਜ ਧੁੱਗਾ	8-ਸ਼੍ਰੀ ਹਰਗੋਬਿੰਦਪੁਰ (ਅ.ਜ.)	ਪੰਜਾਬੀ

ਜ਼ਿਲ੍ਹਾ ਜਲੰਧਰ

61.	ਸ਼੍ਰੀ ਅਵਿਨਾਸ਼ ਚੰਦਰ	30-ਫਿਲੌਰ (ਅ.ਜ.)	ਪੰਜਾਬੀ
62.	ਸ਼੍ਰੀ ਕੇ.ਡੀ.ਭੰਡਾਰੀ	36-ਜਲੰਧਰ (ਉੱਤਰੀ)	ਪੰਜਾਬੀ
63.	ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ	31-ਨਕੋਦਰ	ਪੰਜਾਬੀ
64.	ਸਰਦਾਰ ਪ੍ਰਗਟ ਸਿੰਘ	37-ਜਲੰਧਰ (ਕੈਂਟ)	ਪੰਜਾਬੀ
65.	ਸ਼੍ਰੀ ਪਵਨ ਕੁਮਾਰ ਟੀਨੂੰ	38-ਆਦਮਪੁਰ (ਅ.ਜ.)	ਪੰਜਾਬੀ
66.	ਸ਼੍ਰੀ ਮਨੋਰੰਜਨ ਕਾਲੀਆ	35-ਜਲੰਧਰ (ਕੇਂਦਰੀ)	ਪੰਜਾਬੀ

ਜ਼ਿਲ੍ਹਾ ਤਰਨਤਾਰਨ

67.	ਸਰਦਾਰ ਹਰਮੀਤ ਸਿੰਘ ਸੰਧੂ	21-ਤਰਨਤਾਰਨ	ਪੰਜਾਬੀ
68.	ਸਰਦਾਰ ਰਮਨਜੀਤ ਸਿੰਘ ਸਿੱਕੀ	24-ਖਡੂਰ ਸਾਹਿਬ	ਅੰਗਰੇਜ਼ੀ
69.	ਸਰਦਾਰ ਵਿਰਸਾ ਸਿੰਘ ਵਲਟੋਹਾ	22-ਖੇਮਕਰਨ	ਪੰਜਾਬੀ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

70.	ਸ਼੍ਰੀ ਤਰਲੋਚਨ ਸਿੰਘ	46-ਬੰਗਾ (ਅ.ਜ.)	ਪੰਜਾਬੀ
71.	ਚੌਧਰੀ ਨੰਦ ਲਾਲ	48-ਬਲਾਚੌਰ	ਪੰਜਾਬੀ

ਜ਼ਿਲ੍ਹਾ ਪਟਿਆਲਾ

72.	ਕੈਪਟਨ ਅਮਰਿੰਦਰ ਸਿੰਘ	115-ਪਟਿਆਲਾ	ਪੰਜਾਬੀ
73.	ਸਰਦਾਰ ਸਾਧੂ ਸਿੰਘ	109-ਨਾਭਾ (ਅ.ਜ.)	ਪੰਜਾਬੀ
74.	ਸਰਦਾਰ ਹਰਦਿਆਲ ਸਿੰਘ ਕੰਬੋਜ	111-ਰਾਜਪੁਰਾ	ਪੰਜਾਬੀ
75.	ਸ਼੍ਰੀ ਬ੍ਰਹਮ ਮਹਿੰਦਰਾ	110-ਪਟਿਆਲਾ (ਦਿਹਾਤੀ)	ਪੰਜਾਬੀ

76.	ਸਰਦਾਰ ਲਾਲ ਸਿੰਘ	114-ਸਨੌਰ	ਪੰਜਾਬੀ

ਜ਼ਿਲ੍ਹਾ ਪਠਾਨਕੋਟ

77.	ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ	3-ਪਠਾਨਕੋਟ	ਹਿੰਦੀ
78.	ਸ਼੍ਰੀ ਦਿਨੇਸ਼ ਸਿੰਘ	1-ਸੁਜਾਨਪੁਰ	ਹਿੰਦੀ

ਜ਼ਿਲ੍ਹਾ ਫਤਿਹਗੜ੍ਹ ਸਾਹਿਬ

79.	ਸਰਦਾਰ ਕੁਲਜੀਤ ਸਿੰਘ ਨਾਗਰਾ	55-ਫਤਿਹਗੜ੍ਹ ਸਾਹਿਬ	ਪੰਜਾਬੀ
80.	ਜਸਟਿਸ ਨਿਰਮਲ ਸਿੰਘ	54-ਬੱਸੀ ਪਠਾਣਾਂ (ਅ.ਜ.)	ਪੰਜਾਬੀ
81.	ਸਰਦਾਰ ਰਣਦੀਪ ਸਿੰਘ	56-ਅਮਲੋਹ	ਪੰਜਾਬੀ

ਜ਼ਿਲ੍ਹਾ ਫਾਜ਼ਿਲਕਾ

82.	ਸਰਦਾਰ ਗੁਰਤੇਜ ਸਿੰਘ ਘੁੜਿਆਣਾ	82-ਬੱਲੂਆਣਾ (ਅ.ਜ.)	ਪੰਜਾਬੀ

ਜ਼ਿਲ੍ਹਾ ਫਿਰੋਜ਼ਪੁਰ

83.	ਸਰਦਾਰ ਹਰੀ ਸਿੰਘ	75-ਜ਼ੀਰਾ	ਪੰਜਾਬੀ
84.	ਰਾਣਾ ਗੁਰਮੀਤ ਸਿੰਘ ਸੋਢੀ	78-ਗੁਰੂ ਹਰਸਹਾਏ	ਪੰਜਾਬੀ
85.	ਸਰਦਾਰ ਜੋਗਿੰਦਰ ਸਿੰਘ ਜਿੰਦੂ	77-ਫਿਰੋਜ਼ਪੁਰ (ਦਿਹਾਤੀ) (ਅ.ਜ.)	ਪੰਜਾਬੀ
86.	ਸਰਦਾਰ ਪਰਮਿੰਦਰ ਸਿੰਘ ਪਿੰਕੀ	76-ਫਿਰੋਜ਼ਪੁਰ (ਸ਼ਹਿਰੀ)	ਪੰਜਾਬੀ

ਜ਼ਿਲ੍ਹਾ ਫਰੀਦਕੋਟ

87.	ਸਰਦਾਰ ਜੋਗਿੰਦਰ ਸਿੰਘ	89-ਜੈਤੋ (ਅ.ਜ.)	ਪੰਜਾਬੀ
88.	ਸ਼੍ਰੀ ਦੀਪ ਮਲਹੋਤਰਾ	87-ਫਰੀਦਕੋਟ	ਪੰਜਾਬੀ
89.	ਸਰਦਾਰ ਮਨਤਾਰ ਸਿੰਘ ਬਰਾੜ	88-ਕੋਟਕਪੂਰਾ	ਪੰਜਾਬੀ

ਜ਼ਿਲ੍ਹਾ ਬਠਿੰਡਾ

90.	ਸਰਦਾਰ ਅਜਾਇਬ ਸਿੰਘ ਭੱਟੀ	91-ਭੁਚੋ ਮੰਡੀ (ਅ.ਜ.)	ਪੰਜਾਬੀ
91.	ਸ਼੍ਰੀ ਸਰੂਪ ਚੰਦ ਸਿੰਗਲਾ	92-ਬਠਿੰਡਾ (ਸ਼ਹਿਰੀ)	ਪੰਜਾਬੀ
92.	ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ	94-ਤਲਵੰਡੀ ਸਾਬੋ	ਪੰਜਾਬੀ
93.	ਸਰਦਾਰ ਦਰਸ਼ਨ ਸਿੰਘ ਕੋਟਫੱਤਾ	93-ਬਠਿੰਡਾ (ਦਿਹਾਤੀ) (ਅ.ਜ.)	ਪੰਜਾਬੀ

ਜ਼ਿਲ੍ਹਾ ਬਰਨਾਲਾ

94.	ਸਰਦਾਰ ਕੇਵਲ ਸਿੰਘ ਢਿੱਲੋਂ	103-ਬਰਨਾਲਾ	ਪੰਜਾਬੀ
95.	ਸ਼੍ਰੀ ਮੁਹੰਮਦ ਸਦੀਕ	102-ਭਦੌੜ (ਅ.ਜ.)	ਪੰਜਾਬੀ

ਜ਼ਿਲ੍ਹਾ ਮੁਕਤਸਰ

96.	ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ	84-ਗਿੱਦੜਬਾਹਾ	ਪੰਜਾਬੀ
97.	ਸਰਦਾਰ ਹਰਪ੍ਰੀਤ ਸਿੰਘ	85-ਮਲੋਟ (ਅ.ਜ.)	ਪੰਜਾਬੀ

ਜ਼ਿਲ੍ਹਾ ਮੋਗਾ

98.	ਸ਼੍ਰੀ ਜੋਗਿੰਦਰਪਾਲ ਜੈਨ	73-ਮੋਗਾ	ਪੰਜਾਬੀ
99.	ਸਰਦਾਰ ਮਹੇਸ਼ਇੰਦਰ ਸਿੰਘ	72-ਬਾਘਾ ਪੁਰਾਣਾ	ਪੰਜਾਬੀ

ਜ਼ਿਲ੍ਹਾ ਮਾਨਸਾ

100.	ਸਰਦਾਰ ਅਜੀਤ ਇੰਦਰ ਸਿੰਘ ਮੋਫਰ	97-ਸਰਦੂਲਗੜ੍ਹ	ਪੰਜਾਬੀ
101.	ਸਰਦਾਰ ਚਤਿੰਨ ਸਿੰਘ	98-ਬੁਢਲਾਡਾ (ਅ.ਜ.)	ਪੰਜਾਬੀ
102.	ਸ਼੍ਰੀ ਪ੍ਰੇਮ ਮਿੱਤਲ	96-ਮਾਨਸਾ	ਪੰਜਾਬੀ

ਜ਼ਿਲ੍ਹਾ ਰੂਪਨਗਰ

103.	ਸਰਦਾਰ ਚਰਨਜੀਤ ਸਿੰਘ ਚੰਨੀ	51-ਚਮਕੌਰ ਸਾਹਿਬ (ਅ.ਜ.)	ਪੰਜਾਬੀ
104.	ਡਾ. ਦਲਜੀਤ ਸਿੰਘ ਚੀਮਾ	50-ਰੂਪਨਗਰ	ਪੰਜਾਬੀ

ਜ਼ਿਲ੍ਹਾ ਲੁਧਿਆਣਾ

105.	ਸਰਦਾਰ ਅਮਰੀਕ ਸਿੰਘ	58-ਸਮਰਾਲਾ	ਪੰਜਾਬੀ
106.	ਸ਼੍ਰੀ ਐਸ.ਆਰ. ਕਲੇਰ	70-ਜਗਰਾਉਂ	ਪੰਜਾਬੀ
107.	ਸਰਦਾਰ ਸਿਮਰਜੀਤ ਸਿੰਘ ਬੈਂਸ	62-ਆਤਮ ਨਗਰ	ਪੰਜਾਬੀ
108.	ਸ਼੍ਰੀ ਸੁਰਿੰਦਰ ਡਾਵਰ	63-ਲੁਧਿਆਣਾ ਕੇਂਦਰੀ	ਪੰਜਾਬੀ
109.	ਸਰਦਾਰ ਗੁਰਕੀਰਤ ਸਿੰਘ	57-ਖੰਨਾ	ਪੰਜਾਬੀ
110.	ਸਰਦਾਰ ਗੁਰਚਰਨ ਸਿੰਘ	69-ਰਾਏਕੋਟ (ਅ.ਜ.)	ਪੰਜਾਬੀ
111.	ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ	66-ਗਿੱਲ (ਅ.ਜ.)	ਪੰਜਾਬੀ

112.	ਸਰਦਾਰ ਬਲਵਿੰਦਰ ਸਿੰਘ ਬੈਂਸ	61-ਲੁਧਿਆਣਾ (ਦੱਖਣੀ)	ਪੰਜਾਬੀ
113.	ਸ਼੍ਰੀ ਭਾਰਤ ਭੂਸ਼ਣ ਆਸ਼ੂ	64-ਲੁਧਿਆਣਾ (ਪੱਛਮੀ)	ਪੰਜਾਬੀ
114.	ਸਰਦਾਰ ਮਨਪ੍ਰੀਤ ਸਿੰਘ ਇਯਾਲੀ	68-ਦਾਖਾ	ਪੰਜਾਬੀ
115.	ਸ਼੍ਰੀ ਰਾਕੇਸ਼ ਪਾਂਡੇ	65-ਲੁਧਿਆਣਾ (ਉੱਤਰੀ)	ਪੰਜਾਬੀ
116.	ਸਰਦਾਰ ਰਣਜੀਤ ਸਿੰਘ ਢਿੱਲੋਂ	60-ਲੁਧਿਆਣਾ (ਪੂਰਬੀ)	ਪੰਜਾਬੀ

ਮਾਨਯੋਗ ਸਪੀਕਰ (ਪ੍ਰੋਟਮ): ਹੁਣ ਸਦਨ ਮੰਗਲਵਾਰ, ਮਿਤੀ 20 ਮਾਰਚ, 2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

*** 3.46 ਵਜੇ ਬਾਅਦ ਦੁਪਹਿਰ :** (ਇਸ *ਸਮੇਂ ਸਦਨ ਮੰਗਲਵਾਰ, ਮਿਤੀ 20 ਮਾਰਚ, 2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

ਮੰਤਰੀ ਮੰਡਲ

ਲੜੀ ਨੰ.	ਨਾਮ	ਵਿਭਾਗ
	ਮੁੱਖ ਮੰਤਰੀ	
1.	ਸਰਦਾਰ ਪਰਕਾਸ਼ ਸਿੰਘ ਬਾਦਲ	1. ਪ੍ਰਸੋਨਲ
		2. ਬਿਜਲੀ
		3. ਵਿਜੀਲੈਂਸ
		4. ਸਾਇੰਸ ਤਕਨਾਲੋਜੀ
		5. ਵਾਤਾਵਰਣ
		6. ਸਹਿਕਾਰਤਾ
		7. ਆਮ ਪ੍ਰਸ਼ਾਸਨ
		8. ਰੁਜ਼ਗਾਰ ਵਸੀਲੇ
	ਉੱਪ ਮੁੱਖ ਮੰਤਰੀ	
2.	ਸਰਦਾਰ ਸੁਖਬੀਰ ਸਿੰਘ ਬਾਦਲ	1. ਗ੍ਰਹਿ ਮਾਮਲੇ
		2. ਪ੍ਰਸ਼ਾਸਕੀ ਸੁਧਾਰ
		3. ਕਰ ਤੇ ਆਬਕਾਰੀ
		4. ਖੇਡਾਂ ਤੇ ਯੁਵਕ ਸੇਵਾਵਾਂ
		5. ਪੂੰਜੀ ਨਿਵੇਸ਼
		6. ਸ਼ਹਿਰੀ ਹਵਾਬਾਜ਼ੀ
		7. ਮਕਾਨ ਉਸਾਰੀ
	ਕੈਬਨਿਟ ਮੰਤਰੀ	
3.	ਸ਼੍ਰੀ ਚੂਨੀ ਲਾਲ ਭਗਤ	1. ਸਥਾਨਕ ਸਰਕਾਰ
		2. ਡਾਕਟਰੀ ਸਿੱਖਿਆ ਤੇ ਖੋਜ
4.	ਸਰਦਾਰ ਸਰਵਣ ਸਿੰਘ ਫਿਲੌਰ	1. ਜੇਲ੍ਹਾਂ
		2. ਸੈਰ ਸਪਾਟਾ
		3. ਸਭਿਆਚਾਰਕ ਮਾਮਲੇ
		4. ਛਪਾਈ ਤੇ ਲਿਖਣ ਸਮੱਗਰੀ
5.	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	1. ਖੁਰਾਕ ਤੇ ਸਪਲਾਈ
		2. ਸੂਚਨਾ ਤਕਨਾਲੋਜੀ
6.	ਸਰਦਾਰ ਅਜੀਤ ਸਿੰਘ ਕੋਹਾੜ	1. ਟਰਾਂਸਪੋਰਟ
		2. ਕਾਨੂੰਨੀ ਤੇ ਵਿਧਾਨਕ ਮਾਮਲੇ
		3. ਚੋਣਾਂ
7.	ਸਰਦਾਰ ਪਰਮਿੰਦਰ ਸਿੰਘ ਢੀਂਡਸਾ	1. ਵਿੱਤ
		2. ਯੋਜਨਾ

		3.	ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ
8.	ਸ਼੍ਰੀ ਮਦਨ ਮੋਹਨ ਮਿੱਤਲ	1.	ਸਿਹਤ ਤੇ ਪਰਿਵਾਰ ਭਲਾਈ
		2.	ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ
		3.	ਸੰਸਦੀ ਮਾਮਲੇ।
9.	ਸਰਦਾਰ ਤੋਤਾ ਸਿੰਘ		ਖੇਤੀਬਾੜੀ
10.	ਸਰਦਾਰ ਸਿਕੰਦਰ ਸਿੰਘ ਮਲੂਕਾ	1.	ਸਿੱਖਿਆ
		2.	ਉੱਚ ਸਿੱਖਿਆ
		3.	ਭਾਸ਼ਾਵਾਂ
11.	*ਬੀਬੀ ਜਗੀਰ ਕੌਰ	1.	ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ
		2.	ਸੈਨਿਕ ਸੇਵਾਵਾਂ ਭਲਾਈ
		3.	ਸ਼ਿਕਾਇਤ ਨਿਵਾਰਣ
		4.	ਪੈਨਸ਼ਨ ਅਤੇ ਪੈਸ਼ਨਰਾਂ ਦੀ ਭਲਾਈ
12.	ਸ਼੍ਰੀ ਸੁਰਜੀਤ ਕੁਮਾਰ ਜਿਆਨੀ	1.	ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ
		2.	ਕਿਰਤ।
13.	ਸਰਦਾਰ ਬਿਕਰਮ ਸਿੰਘ ਮਜੀਠੀਆ	1.	ਮਾਲ ਤੇ ਮੁੜ ਵਸੇਬਾ
		2.	ਸੂਚਨਾ ਤੇ ਲੋਕ ਸੰਪਰਕ
		3.	ਗੈਰ ਰਵਾਇਤੀ ਊਰਜਾ
		4.	ਐਨ.ਆਰ.ਆਈ. ਮਾਮਲੇ
14.	ਸਰਦਾਰ ਸੁਰਜੀਤ ਸਿੰਘ ਰੱਖੜਾ		ਪੇਂਡੂ ਵਿਕਾਸ ਤੇ ਪੰਚਾਇਤ
15.	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ		ਲੋਕ ਨਿਰਮਾਣ (ਭ. ਤੇ ਮ.)
16.	ਸਰਦਾਰ ਗੁਲਜ਼ਾਰ ਸਿੰਘ ਰਣੀਕੇ	1.	ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ
		2.	ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ
17.	ਸਰਦਾਰ ਜਨਮੇਜਾ ਸਿੰਘ ਸੇਖੋਂ		ਸਿੰਜਾਈ ਮੰਤਰੀ
18.	ਸ਼੍ਰੀ ਅਨਿਲ ਜੋਸ਼ੀ	1.	ਉਦਯੋਗ ਅਤੇ ਵਣਜ
		2.	ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ

* ਬੀਬੀ ਜਗੀਰ ਕੌਰ ਨੇ ਮਿਤੀ 30.3.2012 ਨੂੰ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਅਤੇ ਮਿਤੀ 2.4.2012 ਨੂੰ ਇਹ ਅਸਤੀਫਾ ਪ੍ਰਵਾਨ ਹੋ ਗਿਆ।

ਮੁੱਖ ਸੰਸਦੀ ਸਕੱਤਰ

ਲੜੀ ਨੰ:	ਨਾਂ	ਕੈਬਨਿਟ ਮੰਤਰੀ ਜਿਨ੍ਹਾਂ ਨਾਲ ਮੁੱਖ ਸੰਸਦੀ ਸਕੱਤਰ ਨੂੰ ਅਟੈਚ ਕੀਤਾ	ਮਹਿਕਮੇ ਦਾ ਨਾਂ
1.	ਸਰਦਾਰ ਸੋਹਣ ਸਿੰਘ ਠੰਡਲ	ਸਰਦਾਰ ਜਨਮੇਜਾ ਸਿੰਘ ਸੇਖੋਂ	ਸਿੰਚਾਈ
2.	ਚੌਧਰੀ ਨੰਦ ਲਾਲ	ਸ਼੍ਰੀ ਸੁਰਜੀਤ ਕੁਮਾਰ ਜਿਆਨੀ	1. ਜੰਗਲਾਤ ਅਤੇ ਜੰਗਲੀ ਜੀਵ 2. ਲੇਬਰ
3.	ਸਰਦਾਰ ਬਲਬੀਰ ਸਿੰਘ ਘੁੰਨਸ	ਸਰਦਾਰ ਸਰਵਣ ਸਿੰਘ ਫਿਲੌਰ	1. ਜੇਲ੍ਹ 2. ਸੈਰ ਸਪਾਟਾ, ਸਭਿਆਚਾਰਕ ਮਾਮਲੇ ਪੁਰਾਤੱਤਵ ਅਤੇ ਅਜਾਇਬ ਘਰ
4.	ਸ਼੍ਰੀ ਦੇਸ ਰਾਜ ਧੁੱਗਾ	ਸਰਦਾਰ ਗੁਲਜ਼ਾਰ ਸਿੰਘ ਰਣੀਕੇ	ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ
5.	ਸਰਦਾਰ ਹਰਮੀਤ ਸਿੰਘ ਸੰਧੂ	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	ਲੋਕ ਨਿਰਮਾਣ (ਭ. ਤੇ ਮ.)
6.	ਸਰਦਾਰ ਮਨਤਾਰ ਸਿੰਘ ਬਰਾੜ	ਸਰਦਾਰ ਸੁਰਜੀਤ ਸਿੰਘ ਰੱਖੜਾ	ਪੇਂਡੂ ਵਿਕਾਸ ਅਤੇ ਪੰਚਾਇਤਾਂ
7.	ਬੀਬੀ ਮਹਿੰਦਰ ਕੌਰ ਜੋਸ਼	ਸ਼੍ਰੀ ਚੂਨੀ ਲਾਲ ਭਗਤ	ਮੈਡੀਕਲ ਸਿੱਖਿਆ ਅਤੇ ਖੋਜ
8.	ਸਰਦਾਰ ਅਮਰਜੀਤ ਸਿੰਘ ਸਾਹੀ	ਸਰਦਾਰ ਬਿਕਰਮ ਸਿੰਘ ਮਜੀਠੀਆ	ਮਾਲ ਤੇ ਮੁੜ ਵਸੇਬਾ
9.	ਸ਼੍ਰੀ ਅਵਿਨਾਸ਼ ਚੰਦਰ	ਸਰਦਾਰ ਸਿਕੰਦਰ ਸਿੰਘ ਮਲੂਕਾ	ਉਚੇਰੀ ਸਿੱਖਿਆ
10.	ਸ਼੍ਰੀ ਕੇ.ਡੀ. ਭੰਡਾਰੀ	ਸਰਦਾਰ ਪਰਕਾਸ਼ ਸਿੰਘ ਬਾਦਲ	ਸਹਿਕਾਰਤਾ

11.	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	ਸਰਦਾਰ ਸਿਕੰਦਰ ਸਿੰਘ ਮਲੂਕਾ	ਸਿੱਖਿਆ
12.	ਸਰਦਾਰ ਅਮਰਪਾਲ ਸਿੰਘ ਅਜਨਾਲਾ	ਸ਼੍ਰੀ ਅਨਿਲ ਜੋਸ਼ੀ	1. ਤਕਨੀਕੀ ਸਿੱਖਿਆ 2. ਉਦਯੋਗਿਕ ਸਿਖਲਾਈ ਸੰਸਥਾਵਾਂ
13.	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	ਸਰਦਾਰ ਤੋਤਾ ਸਿੰਘ [redacted]	ਖੇਤੀਬਾੜੀ
14.	ਸਰਦਾਰ ਵਿਰਸਾ ਸਿੰਘ ਵਲਟੋਹਾ	ਸਰਦਾਰ ਪਰਕਾਸ਼ ਸਿੰਘ ਬਾਦਲ	1. ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ 2. ਸੈਨਿਕ ਭਲਾਈ
15.	ਸ਼੍ਰੀ ਐਨ.ਕੇ. ਸ਼ਰਮਾ	ਸ਼੍ਰੀ ਅਨਿਲ ਜੋਸ਼ੀ	ਉਦਯੋਗ ਅਤੇ ਵਣਜ
16.	ਸ਼੍ਰੀਮਤੀ ਐਫ. ਨਿਸਾਰਾ ਖਾਤੂਨ	ਸ਼੍ਰੀ ਮਦਨ ਮੋਹਨ ਮਿੱਤਲ	ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ
17.	ਡਾਕਟਰ ਨਵਜੋਤ ਕੌਰ ਸਿੱਧੂ	ਸ਼੍ਰੀ ਮਦਨ ਮੋਹਨ ਮਿੱਤਲ	ਸਿਹਤ ਅਤੇ ਪਰਿਵਾਰ ਭਲਾਈ
18.	ਸ਼੍ਰੀ ਪਰਕਾਸ਼ ਚੰਦ ਗਰਗ	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	ਖੁਰਾਕ ਤੇ ਸਿਵਲ ਸਪਲਾਈ
19.	ਸ਼੍ਰੀ ਪਵਨ ਕੁਮਾਰ ਟੀਨੂੰ	1. ਸਰਦਾਰ ਸੁਖਬੀਰ ਸਿੰਘ ਬਾਦਲ 2. ਸਰਦਾਰ ਗੁਲਜ਼ਾਰ ਸਿੰਘ ਰਣੀਕੇ	1. ਖੇਡਾਂ ਤੇ ਯੁਵਕ ਸੇਵਾਵਾਂ 2. ਐਸ.ਸੀ.,ਬੀ.ਸੀ. ਦੀ ਭਲਾਈ
20.	ਸ਼੍ਰੀ ਸਰੂਪ ਚੰਦ ਸਿੰਗਲਾ	ਸਰਦਾਰ ਸੁਖਬੀਰ ਸਿੰਘ ਬਾਦਲ	ਆਬਕਾਰੀ ਅਤੇ ਕਰ
21.	ਸ਼੍ਰੀ ਸੋਮ ਪ੍ਰਕਾਸ਼	ਸ਼੍ਰੀ ਚੂਨੀ ਲਾਲ ਭਗਤ	ਸਥਾਨਕ ਸਰਕਾਰ

14ਵੀਂ ਪੰਜਾਬ ਵਿਧਾਨ ਸਭਾ ਦੀ ਪਾਰਟੀਵਾਈਜ਼ ਸੂਚੀ
ਸ਼੍ਰੋਮਣੀ ਅਕਾਲੀ ਦਲ

ਲੜੀ ਨੰ:	ਨਾਮ	ਹਲਕਾ
1.	ਸ਼੍ਰੀ ਐਸ.ਆਰ. ਕਲੇਰ	70-ਜਗਰਾਉਂ ((ਐਸ.ਸੀ.)
2.	ਸਰਦਾਰ ਅਜੀਤ ਸਿੰਘ ਕੋਹਾੜ	32-ਸ਼ਾਹਕੋਟ
3.	ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ	23-ਪੱਟੀ
4.	ਸਰਦਾਰ ਅਮਰਪਾਲ ਸਿੰਘ ਅਜਨਾਲਾ	11-ਅਜਨਾਲਾ
5.	ਸ਼੍ਰੀ ਅਵਿਨਾਸ਼ ਚੰਦਰ	30-ਫਿਲੌਰ (ਐਸ.ਸੀ.)
6.	ਸ਼੍ਰੀ ਐਨ.ਕੇ. ਸ਼ਰਮਾ	102-ਡੇਰਾਬਸੀ
7.	ਸ਼੍ਰੀ ਮਤੀ ਐਫ. ਨਿਸਾਰਾ ਖਾਤੂਨ (ਫਰਜਾਨਾ ਆਲਮ)	105-ਮਲੇਰਕੋਟਲਾ
8.	ਸਰਦਾਰ ਇਕਬਾਲ ਸਿੰਘ ਝੂੰਦਾਂ	106-ਅਮਰਗੜ੍ਹ
9.	ਸਰਦਾਰ ਇੰਦਰਬੀਰ ਸਿੰਘ ਬੁਲਾਰੀਆ	19-ਅੰਮ੍ਰਿਤਸਰ (ਦੱਖਣੀ)
10.	ਸਰਦਾਰ ਸੋਹਣ ਸਿੰਘ ਠੰਡਲ	44-ਚੱਬੇਵਾਲ (ਐਸ.ਸੀ.)
11.	ਸਰਦਾਰ ਸਿਕੰਦਰ ਸਿੰਘ ਮਲੂਕਾ	90-ਰਾਮਪੁਰਾ ਫੂਲ
12.	ਸਰਦਾਰ ਸੁਖਬੀਰ ਸਿੰਘ ਬਾਦਲ	79-ਜਲਾਲਾਬਾਦ
13.	ਸ਼੍ਰੀ ਸਰੂਪ ਚੰਦ ਸਿੰਗਲਾ	92-ਬਠਿੰਡਾ (ਸ਼ਹਿਰੀ)
14.	ਸਰਦਾਰ ਸੁਰਜੀਤ ਸਿੰਘ ਰੱਖੜਾ	116-ਸਮਾਣਾ
15.	ਸਰਦਾਰ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ	45-ਗੜ੍ਹਸ਼ੰਕਰ
16.	ਸਰਦਾਰ ਸ਼ਰਨਜੀਤ ਸਿੰਘ ਢਿੱਲੋਂ	59-ਸਾਹਨੇਵਾਲ
17.	ਸਰਦਾਰ ਸਰਵਣ ਸਿੰਘ ਫਿਲੌਰ	33-ਕਰਤਾਰਪੁਰ (ਐਸ.ਸੀ.)
18.	ਸਰਦਾਰ ਹਰੀ ਸਿੰਘ	75-ਜ਼ੀਰਾ
19.	ਸਰਦਾਰ ਹਰਪ੍ਰੀਤ ਸਿੰਘ	85-ਮਲੋਟ (ਐਸ.ਸੀ.)
20.	ਸ਼੍ਰੀਮਤੀ ਹਰਪ੍ਰੀਤ ਕੌਰ ਮੁਖਮੈਲਪੁਰਾ	113-ਘਨੌਰ
21.	ਸਰਦਾਰ ਹਰਮੀਤ ਸਿੰਘ ਸੰਧੂ	21-ਤਰਨਤਾਰਨ
22.	ਸਰਦਾਰ ਗੁਲਜ਼ਾਰ ਸਿੰਘ ਰਣੀਕੇ	20-ਅਟਾਰੀ (ਐਸ.ਸੀ.)
23.	ਸਰਦਾਰ ਗੁਰਤੇਜ ਸਿੰਘ ਘੁੜਿਆਣਾ	82-ਬੱਲੂਆਣਾ (ਐਸ.ਸੀ.)
24.	ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ	31-ਨਕੋਦਰ
25.	ਸਰਦਾਰ ਗੁਰਬਚਨ ਸਿੰਘ ਬੱਬੇਹਾਲੀ	4-ਗੁਰਦਾਸਪੁਰ
26.	ਸਰਦਾਰ ਚਤਿੰਨ ਸਿੰਘ	98-ਬੁਢਲਾਡਾ (ਐਸ.ਸੀ.)
27.	ਡਾਕਟਰ ਚਰਨਜੀਤ ਸਿੰਘ ਅਟਵਾਲ	67-ਪਾਇਲ (ਐਸ.ਸੀ.)

28.	ਸਰਦਾਰ ਜੋਗਿੰਦਰ ਸਿੰਘ ਜਿੰਦੂ	77-ਫਿਰੋਜ਼ਪੁਰ (ਦਿਹਾਤੀ) (ਐਸ.ਸੀ.)
29.	ਸਰਦਾਰ ਜਨਮੇਜਾ ਸਿੰਘ ਸੇਖੋਂ	95-ਮੌੜ
30.	ਬੀਬੀ ਜਗੀਰ ਕੌਰ	26-ਭੁਲੱਥ
31.	ਸਰਦਾਰ ਤੋਤਾ ਸਿੰਘ	74-ਧਰਮਕੋਟ
32.	ਸ਼੍ਰੀ ਦੇਸ ਰਾਜ ਧੁੱਗਾ	8-ਸ਼੍ਰੀ ਹਰਗੋਬਿੰਦਪੁਰ (ਐਸ.ਸੀ.)
33.	ਸ਼੍ਰੀ ਦੀਪ ਮਲਹੋਤਰਾ	87-ਫਰੀਦਕੋਟ
34.	ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ	66-ਗਿੱਲ (ਐਸ.ਸੀ.)
35.	ਸਰਦਾਰ ਦਰਸ਼ਨ ਸਿੰਘ ਕੋਟਫੱਤਾ	93-ਬਠਿੰਡਾ (ਦਿਹਾਤੀ ਐਸ.ਸੀ.)
36.	ਡਾਕਟਰ ਦਲਜੀਤ ਸਿੰਘ ਚੀਮਾ	50-ਰੂਪਨਗਰ
37.	ਚੌਧਰੀ ਨੰਦ ਲਾਲ	48-ਬਲਾਚੌਰ
38.	ਜਸਟਿਸ ਨਿਰਮਲ ਸਿੰਘ	54-ਬੱਸੀ ਪਠਾਣਾ (ਐਸ.ਸੀ.)
39.	ਸਰਦਾਰ ਪਰਕਾਸ਼ ਸਿੰਘ ਬਾਦਲ	83-ਲੰਬੀ
40.	ਸ਼੍ਰੀ ਪ੍ਰਕਾਸ਼ ਚੰਦ ਗਰਗ	108-ਸੰਗਰੂਰ
41.	ਸਰਦਾਰ ਪ੍ਰਗਟ ਸਿੰਘ	37-ਜਲੰਧਰ ਕੈਂਟ
42.	ਸਰਦਾਰ ਪਰਮਿੰਦਰ ਸਿੰਘ ਢੀਂਡਸਾ	101-ਸੁਨਾਮ
43.	ਸ਼੍ਰੀ ਪ੍ਰੇਮ ਮਿੱਤਲ	96-ਮਾਨਸਾ
44.	ਸ਼੍ਰੀ ਪਵਨ ਕੁਮਾਰ ਟੀਨੂੰ	38-ਆਦਮਪੁਰ (ਐਸ.ਸੀ.)
45.	ਸਰਦਾਰ ਬਿਕਰਮ ਸਿੰਘ ਮਜੀਠੀਆ	13-ਮਜੀਠਾ
46.	ਸਰਦਾਰ ਬਲਜੀਤ ਸਿੰਘ ਜਲਾਲ ਉਸਮਾ	14-ਜੰਡਿਆਲਾ (ਐਸ.ਸੀ.)
47.	ਸਰਦਾਰ ਬਲਬੀਰ ਸਿੰਘ ਘੁੰਨਸ	100-ਦਿੜ੍ਹਬਾ (ਐਸ.ਸੀ.)
48.	ਸਰਦਾਰ ਮਹੇਸ਼ਇੰਦਰ ਸਿੰਘ	72-ਬਾਘਾ ਪੁਰਾਣਾ
49.	ਬੀਬੀ ਮਹਿੰਦਰ ਕੌਰ ਜੋਸ਼	42-ਸ਼ਾਮਚੁਰਾਸ਼ੀ (ਐਸ.ਸੀ.)
50.	ਸਰਦਾਰ ਮਨਜੀਤ ਸਿੰਘ ਮੀਆਂਵਿੰਡ	25-ਬਾਬਾ ਬਕਾਲਾ (ਐਸ.ਸੀ.)
51.	ਸਰਦਾਰ ਮਨਤਾਰ ਸਿੰਘ ਬਰਾੜ	88-ਕੋਟਕਪੂਰਾ
52.	ਸਰਦਾਰ ਮਨਪ੍ਰੀਤ ਸਿੰਘ ਇਯਾਲੀ	68-ਦਾਖਾ
53.	ਸ਼੍ਰੀਮਤੀ ਰਾਜਵਿੰਦਰ ਕੌਰ	71-ਨਿਹਾਲ ਸਿੰਘ ਵਾਲਾ (ਐਸ.ਸੀ.)
54.	ਸਰਦਾਰ ਰਣਜੀਤ ਸਿੰਘ ਢਿੱਲੋਂ	60-ਲੁਧਿਆਣਾ (ਪੂਰਬੀ)
55.	ਸ਼੍ਰੀਮਤੀ ਵਨਿੰਦਰ ਕੌਰ ਲੂੰਬਾ	117-ਸ਼ੁਤਰਾਣਾ (ਐਸ.ਸੀ.)
56.	ਸਰਦਾਰ ਵਿਰਸਾ ਸਿੰਘ ਵਲਟੋਹਾ	22-ਖੇਮਕਰਨ

ਭਾਰਤੀ ਜਨਤਾ ਪਾਰਟੀ

ਲੜੀ ਨੰ:	ਨਾਮ	ਹਲਕਾ
1.	ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ	3-ਪਠਾਨਕੋਟ
2.	ਸਰਦਾਰ ਅਮਰਜੀਤ ਸਿੰਘ ਸਾਹੀ	40-ਦਸੂਹਾ
3.	ਸ਼੍ਰੀ ਅਨਿਲ ਜ਼ੋਸੀ	15-ਅੰਮ੍ਰਿਤਸਰ (ਉੱਤਰੀ)
4.	ਸ਼੍ਰੀਮਤੀ ਸੀਮਾ ਕੁਮਾਰੀ	2-ਭੋਆ (ਐਸ.ਸੀ.)
5.	ਸ਼੍ਰੀ ਸੋਮ ਪ੍ਰਕਾਸ਼	29-ਫਗਵਾੜਾ (ਐਸ.ਸੀ.)
6.	ਸ਼੍ਰੀ ਸੁਰਜੀਤ ਕੁਮਾਰ ਜਿਆਨੀ	80-ਫਾਜ਼ਿਲਕਾ
7.	ਸ਼੍ਰੀ ਕੇ.ਡੀ. ਭੰਡਾਰੀ	36-ਜਲੰਧਰ (ਉੱਤਰੀ)
8.	ਸ਼੍ਰੀ ਚੂਨੀ ਲਾਲ ਭਗਤ	34-ਜਲੰਧਰ (ਪੱਛਮੀ) (ਐਸ.ਸੀ.)
9.	ਸ਼੍ਰੀ ਦਿਨੇਸ਼ ਸਿੰਘ	1-ਸੁਜਾਨਪੁਰ
10.	ਡਾਕਟਰ ਨਵਜੋਤ ਕੌਰ ਸਿੱਧੂ	18-ਅੰਮ੍ਰਿਤਸਰ (ਪੂਰਬੀ)
11.	ਸ਼੍ਰੀ ਮਦਨ ਮੋਹਨ ਮਿੱਤਲ	49-ਅਨੰਦਪੁਰ ਸਾਹਿਬ
12.	ਸ਼੍ਰੀ ਮਨੋਰੰਜਨ ਕਾਲੀਆ	35-ਜਲੰਧਰ (ਕੇਂਦਰੀ)

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ

ਲੜੀ ਨੰ:	ਨਾਮ	ਹਲਕਾ
1.	ਸ਼੍ਰੀ ਓਮ ਪ੍ਰਕਾਸ਼ ਸੋਨੀ	17-ਅੰਮ੍ਰਿਤਸਰ (ਕੇਂਦਰੀ)
2.	ਸ਼੍ਰੀ ਅਸ਼ਵਨੀ ਸੇਖੜੀ	07-ਬਟਾਲਾ
3.	ਸਰਦਾਰ ਅਜਾਇਬ ਸਿੰਘ ਭੱਟੀ	91-ਭੁੱਚੋ ਮੰਡੀ (ਐਸ.ਸੀ.)
4.	ਸਰਦਾਰ ਅਜੀਤ ਇੰਦਰ ਸਿੰਘ ਮੋਫਰ	97-ਸਰਦੂਲਗੜ੍ਹ
5.	ਸਰਦਾਰ ਅਮਰੀਕ ਸਿੰਘ	58-ਸਮਰਾਲਾ
6.	ਕੈਪਟਨ ਅਮਰਿੰਦਰ ਸਿੰਘ	115-ਪਟਿਆਲਾ
7.	ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ	84-ਗਿੱਦੜਬਾਹਾ
8.	ਸ਼੍ਰੀਮਤੀ ਅਰੁਨਾ ਚੌਧਰੀ	05-ਦੀਨਾ ਨਗਰ (ਐਸ.ਸੀ.)
9.	ਸ਼੍ਰੀ ਅਰਵਿੰਦ ਖੰਨਾ	107-ਧੂਰੀ
10.	ਸਰਦਾਰ ਸੰਗਤ ਸਿੰਘ ਗਿਲਜੀਆਂ	41-ਉੜਮੁੜ
11.	ਸਰਦਾਰ ਸੁਖਜਿੰਦਰ ਸਿੰਘ	10-ਡੇਰਾ ਬਾਬਾ ਨਾਨਕ
12.	ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ	12-ਰਾਜਾ ਸਾਂਸੀ
13.	ਸ਼੍ਰੀ ਸੁਨੀਲ ਕੁਮਾਰ ਜਾਖੜ	81-ਅਬੋਹਰ
14.	ਸ਼੍ਰੀ ਸੁੰਦਰ ਸ਼ਾਮ ਅਰੋੜਾ	43-ਹੁਸ਼ਿਆਰਪੁਰ
15.	ਸਰਦਾਰ ਸਾਧੂ ਸਿੰਘ	109-ਨਾਭਾ (ਐਸ.ਸੀ.)
16.	ਸ਼੍ਰੀ ਸੁਰਿੰਦਰ ਕੁਮਾਰ ਡਾਵਰ	63-ਲੁਧਿਆਣਾ (ਕੇਂਦਰੀ)
17.	ਸਰਦਾਰ ਹਰਦਿਆਲ ਸਿੰਘ ਕੰਬੋਜ	111-ਰਾਜਪੁਰਾ
18.	ਸ਼੍ਰੀਮਤੀ ਹਰਚੰਦ ਕੌਰ	104-ਮਹਿਲ ਕਲਾਂ (ਐਸ.ਸੀ.)
19.	ਸਰਦਾਰ ਕੁਲਜੀਤ ਸਿੰਘ ਨਾਗਰਾ	55-ਫਤਿਹਗੜ੍ਹ ਸਾਹਿਬ
20.	ਸ਼੍ਰੀਮਤੀ ਕਰਨ ਕੌਰ	86-ਮੁਕਤਸਰ
21.	ਸਰਦਾਰ ਕੇਵਲ ਸਿੰਘ ਢਿੱਲੋਂ	103-ਬਰਨਾਲਾ
22.	ਸ਼੍ਰੀਮਤੀ ਗੁਰਇਕਬਾਲ ਕੌਰ	47-ਨਵਾਂ ਸ਼ਹਿਰ

23.	ਸਰਦਾਰ ਗੁਰਕੀਰਤ ਸਿੰਘ	57-ਖੰਨਾ
24.	ਸਰਦਾਰ ਗੁਰਚਰਨ ਸਿੰਘ	69-ਰਾਇਕੋਟ (ਐਸ.ਸੀ.)
25.	ਰਾਣਾ ਗੁਰਜੀਤ ਸਿੰਘ	27-ਕਪੂਰਥਲਾ
26.	ਰਾਣਾ ਗੁਰਮੀਤ ਸਿੰਘ ਸੋਢੀ	78-ਗੁਰੂ ਹਰ ਸਹਾਏ
27.	ਸਰਦਾਰ ਚਰਨਜੀਤ ਸਿੰਘ ਚੰਨੀ	51-ਚਮਕੌਰ ਸਾਹਿਬ (ਐਸ.ਸੀ.)
28.	ਸ਼੍ਰੀਮਤੀ ਚਰਨਜੀਤ ਕੌਰ ਬਾਜਵਾ	06-ਕਾਦੀਆਂ
29.	ਸਰਦਾਰ ਜੋਗਿੰਦਰ ਸਿੰਘ	89- ਜੈਤੋ (ਐਸ.ਸੀ.)
30.	ਸ਼੍ਰੀ ਜੋਗਿੰਦਰ ਪਾਲ ਜੈਨ	73-ਮੋਗਾ
31.	ਸਰਦਾਰ ਜਗਮੋਹਨ ਸਿੰਘ ਕੰਗ	52-ਖਰੜ
32.	ਸਰਦਾਰ ਜੀਤ ਮਹਿੰਦਰ ਸਿੰਘ ਸਿੱਧੂ	94-ਤਲਵੰਡੀ ਸਾਬੋ
33.	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ	09-ਫਤਿਹਗੜ੍ਹ ਚੂੜੀਆਂ
34.	ਸ਼੍ਰੀ ਤਰਲੋਚਨ ਸਿੰਘ	46-ਬੰਗਾ (ਐਸ.ਸੀ.)
35.	ਸਰਦਾਰ ਨਵਤੇਜ ਸਿੰਘ	28-ਸੁਲਤਾਨਪੁਰ ਲੋਧੀ
36.	ਸਰਦਾਰ ਪਰਮਿੰਦਰ ਸਿੰਘ ਪਿੰਕੀ	76-ਫਿਰੋਜ਼ਪੁਰ (ਸ਼ਹਿਰੀ)
37.	ਸ਼੍ਰੀ ਬ੍ਰਹਮ ਮਹਿੰਦਰਾ	110-ਪਟਿਆਲਾ (ਦਿਹਾਤੀ)
38.	ਸਰਦਾਰ ਬਲਬੀਰ ਸਿੰਘ ਸਿੱਧੂ	53-ਐਸ.ਏ.ਐਸ. ਨਗਰ
39.	ਸ਼੍ਰੀ ਭਾਰਤ ਭੂਸ਼ਨ ਆਸ਼ੂ	64-ਲੁਧਿਆਣਾ (ਪੱਛਮੀ)
40.	ਸ਼੍ਰੀ ਮੁਹੰਮਦ ਸਦੀਕ	102-ਭਦੌੜ (ਐਸ.ਸੀ.)
41.	ਸ਼੍ਰੀ ਰਾਕੇਸ਼ ਪਾਂਡੇ	65-ਲੁਧਿਆਣਾ (ਉੱਤਰੀ)
42.	ਡਾਕਟਰ ਰਾਜ ਕੁਮਾਰ	16-ਅੰਮ੍ਰਿਤਸਰ (ਪੱਛਮੀ) (ਐਸ.ਸੀ.)
43.	ਸ਼੍ਰੀਮਤੀ ਰਜਿੰਦਰ ਕੌਰ ਭੱਠਲ	99-ਲਹਿਰਾ
44.	ਸਰਦਾਰ ਰਣਦੀਪ ਸਿੰਘ	56-ਅਮਲੋਹ
45.	ਸਰਦਾਰ ਰਮਨਜੀਤ ਸਿੰਘ ਸਿੱਕੀ	24-ਖਡੂਰ ਸਾਹਿਬ
46.	ਸਰਦਾਰ ਲਾਲ ਸਿੰਘ	114-ਸਨੌਰ

ਅਜ਼ਾਦ ਮੈਂਬਰ

ਲੜੀ ਨੰ:	ਨਾਮ	ਹਲਕਾ
1.	ਸ਼੍ਰੀ ਰਜਨੀਸ਼ ਕੁਮਾਰ	39–ਮੁਕੇਰੀਆਂ
2.	ਸਰਦਾਰ ਬਲਵਿੰਦਰ ਸਿੰਘ ਬੈਂਸ	61–ਲੁਧਿਆਣਾ (ਦੱਖਣੀ)
3.	ਸਰਦਾਰ ਸਿਮਰਜੀਤ ਸਿੰਘ ਬੈਂਸ	62–ਆਤਮ ਨਗਰ

ਪਾਰਟੀਵਾਈਜ਼ ਵੰਡ

ਲੜੀ ਨੰ:	ਪਾਰਟੀ ਦਾ ਨਾਮ	ਮੈਂਬਰਾਂ ਦੀ ਗਿਣਤੀ
1.	ਸ਼੍ਰੋਮਣੀ ਅਕਾਲੀ ਦਲ	56
2.	ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ	46
3.	ਭਾਰਤੀ ਜਨਤਾ ਪਾਰਟੀ	12
4.	ਅਜ਼ਾਦ	3
	ਕੁੱਲ ਜੋੜ	117

Published under the authority of the Punjab Vidhan Sabha and printed by the Controller Printing & Stationery, Punjab at Govt. Press, SAS Nagar (Mohali)

7647/05-2012/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

PUNJAB VIDHAN SABHA

DEBATES

Tuesday, the 20th March, 2012

Vol. I – No. 2

OFFICIAL REPORT

CONTENTS

		Page
Election of Speaker	.. (2)	1
Congratulatory Speeches	.. (2)	2
Election of Deputy Speaker	.. (2)	12
Congratulatory Speeches	.. (2)	13

Punjab Vidhan Sabha Secretariat, Chandigarh

Price : Rs.________.

PUNJAB VIDHAN SABHA

Tuesday, the 20th March, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Pro-tem) (Doctor Charnjit Singh Atwal) in the chair.

ELECTION OF SPEAKER

ਮਾਨਯੋਗ ਸਪੀਕਰ (ਪ੍ਰੋ-ਟੈਮ) : ਅੱਜ ਸਦਨ ਬਹੁਤ ਹੀ ਪਵਿੱਤਰ ਕੰਮ ਕਾਰ ਨਿਭਾਉਣ ਜਾ ਰਿਹਾ ਹੈ। ਹਾਊਸ ਆਨਰੇਬਲ ਸਪੀਕਰ ਦੀ ਚੋਣ ਕਰੇਗਾ।

ਹੁਣ ਸਦਨ ਦੇ ਸਪੀਕਰ ਦੀ ਚੋਣ ਹੋਵੇਗੀ ਅਤੇ ਸਭ ਤੋਂ ਪਹਿਲਾਂ ਮੈਂ ਸਦਨ ਦੇ ਨੇਤਾ ਸਰਦਾਰ ਪਰਕਾਸ਼ ਸਿੰਘ ਬਾਦਲ, ਚੀਫ਼ ਮਨਿਸਟਰ, ਪੰਜਾਬ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪ੍ਰਸਤਾਵ ਪੇਸ਼ ਕਰਨ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

'ਕਿ ਡਾਕਟਰ ਚਰਨਜੀਤ ਸਿੰਘ ਅਟਵਾਲ, ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ।' (ਥੰਪਿੰਗ)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ। (ਥੰਪਿੰਗ)

(ਕਿਸੇ ਵੀ ਮਾਨਯੋਗ ਮੈਂਬਰ ਵੱਲੋਂ ਕੋਈ ਹੋਰ ਨਾਮ ਪ੍ਰਸਤਾਵਿਤ ਨਹੀਂ ਕੀਤਾ ਗਿਆ।)

ਮਾਨਯੋਗ ਸਪੀਕਰ (ਪ੍ਰੋ-ਟੈਮ) : ਪ੍ਰਸਤਾਵ ਕੀਤਾ -

'ਕਿ ਡਾਕਟਰ ਚਰਨਜੀਤ ਸਿੰਘ ਅਟਵਾਲ, ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਚੁਣਿਆ ਜਾਵੇ।'

ਕੀ ਹੋਰ ਕੋਈ ਪ੍ਰਸਤਾਵ ਹੈ?

ਸ਼੍ਰੀ ਸੁਨੀਲ ਕੁਮਾਰ ਜਾਖੜ (ਬੈਠੇ-ਬੈਠੇ) : ਯੂਨਾਨੀਮਸਲੀ ਪਾਸ ਕਰ ਦਿਉ ਜੀ। (ਥੰਪਿੰਗ)

ਮਾਨਯੋਗ ਸਪੀਕਰ (ਪ੍ਰੋ-ਟੈਮ) : ਕਿਉਂਕਿ ਕਿਸੇ ਹੋਰ ਮਾਨਯੋਗ ਮੈਂਬਰ ਦੁਆਰਾ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ, ਮੈਂ ਡਾਕਟਰ ਚਰਨਜੀਤ ਸਿੰਘ ਅਟਵਾਲ, ਐਮ.ਐਲ.ਏ. ਨੂੰ ਵਿਧਾਨ ਸਭਾ ਦੇ ਸਪੀਕਰ ਵਜੋਂ ਸਰਬਸੰਮਤੀ ਨਾਲ ਚੁਣੇ ਜਾਣ ਦਾ ਐਲਾਨ ਕਰਦਾ ਹਾਂ। (ਥੰਪਿੰਗ)

(ਇਸ ਸਮੇਂ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ, ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ਼੍ਰੀ ਚੂਨੀ ਲਾਲ ਭਗਤ ਅਤੇ ਵਿਰੋਧੀ ਧਿਰ ਦੇ ਨੇਤਾ ਸ਼੍ਰੀ ਸੁਨੀਲ ਕੁਮਾਰ ਜਾਖੜ ਨੇ ਡਾਕਟਰ ਚਰਨਜੀਤ ਸਿੰਘ ਅਟਵਾਲ ਨੂੰ ਰਸਮੀ ਤੌਰ ਤੇ ਸਪੀਕਰ ਦੀ ਕੁਰਸੀ ਤੇ ਬਿਠਾਇਆ।)

CONGRATULATORY SPEECHES

ਮਾਨਯੋਗ ਸਪੀਕਰ : ਸਭ ਤੋਂ ਪਹਿਲਾਂ ਚੀਫ਼ ਮਨਿਸਟਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਵਧਾਈ ਦੇਣਗੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਮਾਨਯੋਗ ਸਪੀਕਰ ਸਾਹਿਬ, ਮੇਰੇ ਕੋਲ ਇਹੋ ਜਿਹੇ ਲਫਜ਼ ਨਹੀਂ ਹਨ ਜਿਨ੍ਹਾਂ ਨਾਲ ਮੈਂ ਆਪਣੇ ਜ਼ਜ਼ਬਾਤਾਂ ਦਾ ਇਜ਼ਹਾਰ ਕਰ ਸਕਾਂ। ਅੱਜ ਦੇਸ਼ ਦੀ, ਮੈਂ ਇਹ ਵੀ ਕਹਿ ਸਕਦਾ ਹਾਂ ਕਿ ਦੁਨੀਆ ਦੀ ਬਹੁਤ ਵੱਡੀ ਜਾਣੀ-ਪਹਿਚਾਣੀ ਹੈਸੀਅਤ, ਸਾਡੇ ਪੰਜਾਬ ਦੀ ਵਿਧਾਨ ਸਭਾ ਦੇ ਸਪੀਕਰ ਬਣੇ ਹਨ। ਸਭ ਤੋਂ ਪਹਿਲਾਂ ਮੈਂ ਤੁਹਾਨੂੰ ਦਿਲ ਦੀਆਂ ਗਹਿਰਾਈਆਂ ਤੋਂ ਲੱਖ-ਲੱਖ ਵਧਾਈ ਦਿੰਦਾ ਹਾਂ। (ਥੰਪਿੰਗ)

ਮਾਨਯੋਗ ਸਪੀਕਰ : ਧੰਨਵਾਦ ਜੀ।

ਮੁੱਖ ਮੰਤਰੀ : ਮੈਂ ਇਹ ਇਸ ਕਰਕੇ ਕਿਹਾ ਸੀ ਕਿ ਪੰਜਾਬ ਦੇ ਅਤੇ ਦੁਨੀਆ ਦੇ ਲੋਕ, ਪਾਰਲੀਮੈਂਟਰੀਅਨ ਵਜੋਂ ਜੋ ਤੁਸੀਂ ਆਪਣੇ ਫਰਜ਼ ਨਿਭਾਏ ਹਨ, ਉਨ੍ਹਾਂ ਬਾਰੇ ਜਾਣਦੇ ਹੀ ਹਨ। ਤੁਸੀਂ ਤਿੰਨ ਵਾਰ ਪੰਜਾਬ ਅਸੈਂਬਲੀ ਦੇ ਮੈਂਬਰ, ਦੋ ਵਾਰ ਪਾਰਲੀਮੈਂਟ ਦੇ ਮੈਂਬਰ ਅਤੇ ਇੱਕ ਵਾਰੀ ਇਸ ਸਦਨ ਦੇ ਸਪੀਕਰ ਅਤੇ ਸਭ ਤੋਂ ਵੱਡੀ ਗੱਲ ਕਿ ਤੁਸੀਂ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਡਿਪਟੀ ਸਪੀਕਰ ਦਾ ਅਹੁਦਾ ਵੀ ਬੜੀ ਖੂਬਸੂਰਤੀ ਨਾਲ ਨਿਭਾਇਆ ਹੈ। (ਥੰਪਿਗ) ਇਸ ਤੋਂ ਇਲਾਵਾ ਦੁਨੀਆ ਦੀਆਂ ਦੋ ਵੱਡੀਆਂ ਪਾਰਲੀਮੈਂਟਰੀ ਐਸੋਸ਼ੀਏਸ਼ਨਾਂ ਦੇ ਕੇਵਲ ਤੁਸੀਂ ਮੈਂਬਰ ਹੀ ਨਹੀਂ ਰਹੇ, ਸਗੋਂ ਪਾਰਲੀਮੈਂਟ ਕਾਮਨਵੈਲਥ ਐਸੋਸ਼ੀਏਸ਼ਨ ਦੇ ਉਪ-ਪ੍ਰਧਾਨ ਵੀ ਰਹੇ ਹੋ। ਇਹ ਪੰਜਾਬ ਅਤੇ ਦੇਸ਼ ਨੂੰ ਕਿੰਨਾ ਵੱਡਾ ਮਾਣ ਮਿਲਿਆ ਹੈ। ਇਸੇ ਤਰ੍ਹਾਂ ਇੰਟਰਨੈਸ਼ਨਲ ਪਾਰਲੀਮੈਂਟ ਯੂਨੀਅਨ ਦੇ ਵੀ ਤੁਸੀਂ ਉਪ-ਪ੍ਰਧਾਨ ਰਹੇ ਹੋ। ਮੈਂ ਕਹਿ ਸਕਦਾ ਹਾਂ ਕਿ ਜਿੰਨਾ ਤਜਰਬਾ ਤੁਹਾਨੂੰ ਹਾਊਸ ਚਲਾਉਣ ਦਾ ਹੈ, ਉਨਾ ਤਜਰਬਾ ਹਿੰਦੁਸਤਾਨ ਦੇ ਬਹੁਤ ਘੱਟ ਲੋਕਾਂ ਨੂੰ ਹੋਣਾ ਹੈ। ਤੁਸੀਂ ਆਪਣੀਆਂ ਡਿਊਟੀਆਂ

ਭਾਵੇਂ ਦਿੱਲੀ ਵਿਖੇ ਨਿਭਾਈਆਂ ਹਨ ਅਤੇ ਭਾਵੇਂ ਪੰਜਾਬ ਵਿੱਚ ਨਿਭਾਈਆਂ ਹਨ, ਉਹ ਬੜੀ ਖ਼ੂਬਸੂਰਤੀ ਨਾਲ ਨਿਭਾਈਆਂ ਹਨ, ਜਿਸ ਦਾ ਅੱਜ ਸਾਰਾ ਹਿੰਦੁਸਤਾਨ ਜ਼ਿਕਰ ਕਰਦਾ ਹੈ। ਜਿੱਥੇ ਇਸ ਚੀਜ਼ ਦਾ ਸਾਨੂੰ ਫਖ਼ਰ ਹੈ, ਉਥੇ ਮੈਨੂੰ ਇਸ ਚੀਜ਼ ਦਾ ਵੀ ਫ਼ਖ਼ਰ ਹੈ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਤੋਂ ਅਰੰਭ ਹੋ ਕੇ ਲੀਡਰ ਬਣਨ ਤੱਕ ਬਹੁਤ ਵੱਡੇ ਯੋਗਦਾਨ ਪਾਏ ਹਨ। ਜਿੰਨੇ ਵੀ ਮੋਰਚੇ ਲੱਗੇ, ਭਾਵੇਂ ਪੰਜਾਬੀ ਸੂਬੇ ਦਾ ਮੋਰਚਾ, ਧਰਮ ਯੁੱਧ ਮੋਰਚਾ, ਐਮਰਜੰਸੀ ਦੀ ਲੜਾਈ ਲੜਨੀ ਪਈ, ਉਸ ਦੇ ਵਿੱਚ ਵੀ ਤੁਸੀਂ ਬਹੁਤ ਵੱਡਾ ਯੋਗਦਾਨ ਪਾਇਆ। ਤੁਸੀਂ ਜ਼ੇਲ੍ਹਾਂ ਵੀ ਕੱਟੀਆਂ। ਤੁਸੀਂ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਹੋ। ਮੈਂ ਕੋਈ ਇਹੋ ਜਿਹੀ ਗੱਲ ਕਹਾਂ ਕਿ ਇਸ ਹਾਊਸ ਨੂੰ ਕਿਸ ਤਰ੍ਹਾਂ ਚਲਾਉਣਾ ਹੈ, ਇਹ ਇੱਕ ਦੀਵੇ ਨੂੰ ਰੋਸ਼ਨੀ ਦਿਖਾਉਣ ਵਾਲੀ ਗੱਲ ਹੋਵੇਗੀ। ਤੁਸੀਂ ਇਸ ਬਾਰੇ ਬਹੁਤ ਕੁਝ ਜਾਣਦੇ ਹੋ। ਮੈਂ ਸਮਝਦਾ ਹਾਂ ਕਿ ਤੁਸੀਂ ਸਾਰੇ ਮੈਂਬਰ ਸਾਹਿਬਾਨਾਂ ਦਾ, ਖਾਸ ਕਰਕੇ ਆਪੋਜੀਸ਼ਨ ਦੇ ਮੈਂਬਰ ਸਾਹਿਬਾਨਾਂ ਦਾ ਸਾਡੇ ਨਾਲੋਂ ਵੀ ਵੱਧ ਖਿਆਲ ਰੱਖੋਗੇ। ਖਾਸ ਕਰਕੇ ਮੇਰੇ ਨਾਲੋਂ ਵੱਧ ਲੀਡਰ ਆਫ ਦਿ ਆਪੋਜੀਸ਼ਨ, ਜਿਹੜੇ ਕਿ ਹੁਣੇ ਚੁਣੇ ਗਏ ਹਨ, ਉਨ੍ਹਾਂ ਦਾ ਮਾਣ-ਸਤਿਕਾਰ ਕਰਨਾ ਹੈ। (ਥੰਪਿੰਗ) ਇਹ ਸਾਰੀਆਂ ਪਾਰਲੀਮੈਂਟਰੀ ਪ੍ਰੰਪਰਾਵਾਂ ਵੀ ਹਨ ਅਤੇ ਸਾਨੂੰ ਇਹ ਪ੍ਰੰਪਰਾਵਾਂ ਕਾਇਮ ਵੀ ਰੱਖਣੀਆਂ ਚਾਹੀਦੀਆਂ ਹਨ। ਇਸ ਕਰਕੇ ਅੱਜ ਦੇ ਮੌਕੇ ਤੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪੋਜੀਸ਼ਨ ਦਾ ਬਹੁਤ-ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਯੂਨੈਨੀਮਸਲੀ ਇਹ ਚੁਨਾਉ ਕੀਤਾ ਹੈ ਜਿਹੜਾ ਕਿ ਯੂਨੈਨੀਮਸਲੀ ਹੋਣਾ ਵੀ ਚਾਹੀਦਾ ਸੀ। ਇਸ ਕਰਕੇ ਮੈਂ ਜਾਖੜ ਸਾਹਿਬ ਅਤੇ ਉਨ੍ਹਾਂ ਦੀ ਪਾਰਟੀ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਅਤੇ ਇੰਨਾ ਕਹਿੰਦਾ ਹੋਇਆ ਆਪਣਾ ਸਥਾਨ ਲੈਂਦਾ ਹਾਂ। ਧੰਨਵਾਦ ਜੀ। (ਥੰਪਿੰਗ)

ਸ਼੍ਰੀ ਸੁਨੀਲ ਕੁਮਾਰ ਜਾਖੜ (ਅਬੋਹਰ) : ਮਾਨਯੋਗ ਸਪੀਕਰ ਸਾਹਿਬ,ਮੈਨੂੰ ਇਸ ਗੱਲ ਦੀ ਅੱਜ ਬਹੁਤ ਖੁਸ਼ੀ ਹੈ ਕਿ ਮੈਂ ਇੱਕ ਬਹੁਤ ਹੀ ਕਾਬਲ ਇਨਸਾਨ ਅਤੇ ਇਸ ਹਾਊਸ ਦੇ ਮਾਨਯੋਗ ਮੈਂਬਰ ਅਤੇ ਉਹ ਮੈਂਬਰ ਜਿਸਨੇ ਹਿੰਦੁਸਤਾਨ ਦੀ ਸਭ ਤੋਂ ਵੱਡੀ ਪੰਚਾਇਤ ਲੋਕ ਸਭਾ ਦੇ ਵਿੱਚ ਵੀ ਬਤੌਰ ਡਿਪਟੀ ਸਪੀਕਰ ਆਪਣੀ ਜ਼ਿੰਮੇਵਾਰੀ ਨਿਭਾਈ ਹੈ, ਨੂੰ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ। ਇਹ ਵਧਾਈ ਨਾ ਸਿਰਫ਼ ਮੇਰੇ ਵਲੋਂ ਬਲਕਿ ਸਾਰੀ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲੋਂ ਹੈ। ਮੈਂ ਸਮਝਦਾ ਹਾਂ ਕਿ ਅੱਜ ਸਾਰੇ ਪੰਜਾਬ ਦੇ ਲੋਕ ਇਹ ਦੇਖ ਰਹੇ ਹਨ ਕਿਉਂਕਿ ਪਿੱਛੇ ਬੀਤੇ ਸਮੇਂ ਦੌਰਾਨ ਜਿਸ ਤਰ੍ਹਾਂ ਦੀ ਰਵਾਇਤ ਬਣੀ ਹੈ, ਭਾਵੇਂ ਆਪਣੀ ਵਿਧਾਨ ਸਭਾ ਦੇ ਵਿੱਚ, ਭਾਵੇਂ ਹਿੰਦੁਸਤਾਨ ਦੀਆਂ ਹੋਰ ਵਿਧਾਨ ਸਭਾਵਾਂ ਦੇ ਵਿੱਚ ਵੀ ਜਿਸ ਤਰ੍ਹਾਂ ਦੇ ਹਾਲਾਤ ਪੈਦਾ ਹੁੰਦੇ ਜਾ ਰਹੇ ਹਨ ਕਿ ਵਿਧਾਨਕਾਰਾਂ ਵੱਲੋਂ ਵਿਧਾਨ ਬਣਾਉਣ ਦਾ ਕੰਮ ਛੱਡ ਕੇ ਆਪਸ ਵਿੱਚ ਹੱਥੋ ਪਾਈ ਕਰਨ ਦੀ ਨੌਬਤ ਆ ਜਾਂਦੀ ਹੈ, ਉਨ੍ਹਾਂ ਹਾਲਾਤਾਂ ਦੇ ਵਿੱਚ ਤੁਹਾਡੇ ਵਰਗੇ ਕਾਬਲ ਅਤੇ ਐਕਸਪੀਰੀਐਂਸਡ ਵਿਅਕਤੀ ਨੂੰ ਸਪੀਕਰ ਵਜੋਂ ਚੁਣਿਆ ਗਿਆ ਹੈ। ਮੈਨੂੰ ਇਸ ਗੱਲ ਦਾ ਵੀ ਫ਼ਖ਼ਰ ਹੈ ਕਿ ਤੁਸੀਂ ਉਸ ਸਮੇਂ ਵੀ ਇਸੇ ਵਿਧਾਨ ਸਭਾ ਦੇ ਮੈਂਬਰ ਸੀ ਜਦੋਂ ਮੇਰੇ ਪਿਤਾ ਜੀ, ਚੌਧਰੀ

[ਸ਼੍ਰੀ ਸੁਨੀਲ ਕੁਮਾਰ ਜਾਖੜ]

ਬਲਰਾਮ ਜਾਖੜ ਜੀ, ਇਸੇ ਕੁਰਸੀ ਤੇ ਬਤੌਰ ਲੀਡਰ ਆਫ ਦਿ ਆਪੋਜੀਸ਼ਨ ਬਿਰਾਜਮਾਨ ਸਨ। ਉਸ ਤੋਂ ਬਾਅਦ ਤੁਸੀਂ ਲੋਕ ਸਭਾ ਵਿੱਚ ਵੀ ਬਤੌਰ ਡਿਪਟੀ ਸਪੀਕਰ ਸੇਵਾ ਕੀਤੀ ਹੈ ਔਰ ਤੁਸੀਂ ਬਹੁਤ ਸਮਾਂ ਦੇਖਿਆ ਹੈ। ਅੱਜ ਹਾਲਾਤ ਹੋਰ ਕਿਸਮ ਦੇ ਹਨ। ਮੈਨੂੰ ਜਾਖੜ ਸਾਹਿਬ ਦਾ ਨਾਂ ਇਸ ਕਰਕੇ ਲੈਣਾ ਪਿਆ ਕਿਉਂਕਿ ਜਦੋਂ ਉਹ ਸਪੀਕਰ ਬਣੇ ਤਾਂ ਪੱਤਰਕਾਰਾਂ ਵੱਲੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਸਪੀਕਰ ਬਣਕੇ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ? ਉਨ੍ਹਾਂ ਨੇ ਜਵਾਬ ਦਿੱਤਾ ਕਿ ਕਿਉਂਕਿ ਸਾਡੇ ਦਾਦਾ ਜੀ ਦੀ ਡੈੱਥ ਬੜੀ ਅਰਲੀ ਏਜ ਵਿੱਚ ਹੋ ਗਈ ਸੀ, ਇਸ ਕਰਕੇ ਮੈਨੂੰ ਪੜ੍ਹਾਈ ਛੱਡ ਕੇ ਵਾਪਸ ਪਿੰਡ ਆਉਣਾ ਪਿਆ। ਮੇਰੀ ਤਮੰਨਾ ਸੀ ਕਿ ਮੈਂ ਵੱਡਾ ਹੋ ਕੇ ਪ੍ਰੋਫੈਸਰ ਬਣਾਂ ਔਰ ਹੁਣ ਮੈਂ ਲੋਕ ਸਭਾ ਦਾ ਸਪੀਕਰ ਬਣਕੇ ਇਹ ਮਹਿਸੂਸ ਕਰਦਾ ਹਾਂ ਕਿ ਮੈਂ ਪ੍ਰੋਫੈਸਰ ਤਾਂ ਨਹੀ ਬਣ ਸਕਿਆ ਪਰ ਸਕੂਲ ਦਾ ਮਾਸਟਰ ਜ਼ਰੂਰ ਬਣ ਗਿਆ ਹਾਂ ਕਿਉਂਕਿ ਸਾਰਾ ਦਿਨ "ਬਹਿ ਜਾਓ, ਬਹਿ ਜਾਓ" ਕਰਦਾ ਰਹਿੰਦਾ ਹਾਂ। I believe that since that day our standards have deteriorated. ਮੈਂ 1980 ਤੋਂ 1987 ਦੀ ਗੱਲ ਕਰ ਰਿਹਾ ਹਾਂ। ਉਸ ਸਮੇਂ ਜੋ ਸਾਡਾ ਆਚਰਨ ਸੀ, ਸਾਡੇ ਦੇਸ਼ ਦਾ ਕਰੈਕਟਰ ਉਸ ਤੋਂ ਬਾਅਦ ਬਦਲ ਗਿਆ because we are nothing but a reflection of what is going on in our society. ਕੋਈ ਜਿਹੜਾ ਵਿਧਾਨਕਾਰ, ਜਿਸ ਨੂੰ ਲੋਕ ਇੱਥੇ ਚੁਣਕੇ ਭੇਜਦੇ ਹਨ, ਉਹ ਕੋਈ ਸਫੇਦ-ਚਿੱਟੇ ਕੱਪੜੇ ਪਾ ਕੇ ਕੋਈ ਨਵਾਂ ਅਵਤਾਰ ਨਹੀਂ ਬਣ ਜਾਂਦਾ ਬਲਕਿ ਉਹ ਲੋਕਾਂ ਦੇ ਵਿੱਚੋਂ ਹੀ ਹੁੰਦੇ ਹਨ ਅਤੇ ਲੋਕਾਂ ਦੇ ਨੁਮਾਇੰਦੇ ਹੁੰਦੇ ਹਨ। ਲੋਕਾਂ ਦੀਆਂ aspirations, ਲੋਕਾਂ ਦੀਆਂ ਭਾਵਨਾਵਾਂ, ਲੋਕਾਂ ਦੀਆਂ ਖਾਹਿਸ਼ਾਂ ਔਰ ਲੋਕਾਂ ਦੀਆਂ ਦੁੱਖ-ਤਕਲੀਫਾਂ ਲੈ ਕੇ ਅਸੀਂ ਇੱਥੇ ਆਉਂਦੇ ਹਾਂ ਅਤੇ ਉਨ੍ਹਾਂ ਦਾ ਅਸੀਂ ਇਜ਼ਹਾਰ ਕਰਦੇ ਹਾਂ। ਮੈਂ ਇਹ ਇਸ ਕਰਕੇ ਕਹਿ ਰਿਹਾ ਹਾਂ ਕਿ ਤੁਹਾਡਾ ਵੀ ਬੜਾ ਲੰਮਾ ਪੁਲੀਟੀਕਲ ਕੈਰੀਅਰ ਰਿਹਾ ਹੈ। ਭਾਵੇਂ ਤੁਸੀ ਮੋਰਚੇ ਲਾਏ ਹਨ, ਭਾਵੇਂ ਤੁਸੀਂ ਲੋਕ ਸਭਾ ਦੇ ਡਿਪਟੀ ਸਪੀਕਰ ਵਜੋਂ ਸੇਵਾ ਕੀਤੀ ਹੈ, ਬਾਦਲ ਸਾਹਿਬ ਨੇ ਬਿਲਕੁਲ ਸਹੀ ਕਿਹਾ ਕਿ ਮੈਂ ਤੁਹਾਨੂੰ ਇਹ ਦੱਸਾਂ ਕਿ ਹਾਊਸ ਕਿਵੇਂ ਚਲਾਉਣਾ ਹੈ, ਇਹ ਸੂਰਜ ਨੂੰ ਚਿਰਾਗ ਦਿਖਾਉਣ ਵਾਲੀ ਗੱਲ ਹੋਵੇਗੀ। ਤੁਸੀਂ ਬਹੁਤ ਐਕਸਪੀਰੀਐਂਸਡ ਹੋ। ਪਰ ਮੇਰੀ ਇਕੋ-ਇਕ ਗੁਜਾਰਿਸ਼ ਹੈ ਕਿ ਤੁਸੀਂ ਇਸ ਗੱਲ ਤੇ ਜ਼ਰੂਰ ਵਿਚਾਰ ਕਰੋ ਕਿ ਵਿਧਾਨ ਸਭਾ ਦੇ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਕਿਉਂ ਹੁੰਦੀਆਂ ਹਨ? There must be some problem in any area whether it is in administrative field or whether it is something else, ਜਿਹੜੀ ਮੌਕੇ ਦੀ ਪ੍ਰਾਬਲਮ ਹੁੰਦੀ ਹੈ ਅਸੀਂ ਸਿਰਫ਼ ਉਸ ਦਾ ਇਲਾਜ ਕਰ ਦਿੰਦੇ ਹਾਂ, just going by the symptoms ਕਿ ਇਥੇ ਰੌਲਾ ਪਾ ਰਹੇ ਹਨ ਜਾਂ ਤਾਂ ਇਨ੍ਹਾਂ ਨੂੰ ਬਾਹਰ ਕੱਢ ਦਿਉ ਜਾਂ ਅਸੀਂ ਵਾਕ-ਆਊਟ ਕਰ ਜਾਵਾਂਗੇ ਪਰ ਇਸ ਗੱਲ ਵੱਲ ਧਿਆਨ ਨਹੀਂ ਦਿੰਦੇ ਕਿ ਰੂਟ ਕਾਜ਼ ਕੀ ਹੈ? Root cause is that we are not able to fulfill the aspirations of the people ਜਿਸ ਕਰਕੇ ਲੋਕਾਂ ਨੇ ਚੁਣ ਕੇ ਭੇਜਿਆ ਹੈ, ਉਸ ਤੇ ਤੁਸੀਂ ਪਹਿਰਾ ਦੇਣ ਵਾਸਤੇ ਬੈਠੇ ਹੋ। ਇਸ ਲਈ ਯੂਨੈਨੀਮਸਲੀ

ਬਣਾਉਣ ਦੀ ਪ੍ਰਥਾ ਚੱਲੀ ਹੈ। You bring here a very great tradition of this modern democracy. ਮੈਂ ਪੱਤਰਕਾਰ ਸਾਥੀਆਂ ਨਾਲ ਗੱਲ ਕਰਦੇ ਕਿਹਾ ਸੀ ਕਿ ਤੁਹਾਨੂੰ ਦੇਖ ਕੇ ਸਾਨੂੰ ਆਸ ਹੋਈ ਸੀ ਕਿ you had become Deputy Speaker from the side of the Opposition. ਤੁਹਾਨੂੰ ਬਤੌਰ ਆਪੋਜ਼ੀਸ਼ਨ ਦਾ ਮੈਂਬਰ ਹੁੰਦੇ ਹੋਏ ਵੀ ਲੋਕ ਸਭਾ ਦਾ ਡਿਪਟੀ ਸਪੀਕਰ ਬਣਾਇਆ ਸੀ ਔਰ ਇਹ ਇੱਕ ਬਹੁਤ ਵੱਡੀ ਰਵਾਇਤ ਹੈ ਜਿਸ ਉੱਤੇ ਉਸ ਹਾਊਸ ਨੇ ਫੁੱਲ ਚੜ੍ਹਾਏ ਸਨ। ਮੈਂ ਸੋਚਿਆ ਸੀ ਕਿ ਸ਼ਾਇਦ ਸਾਡੀ ਸੱਤਾਧਾਰੀ ਪਾਰਟੀ ਵੀ, they would also take lead or a hint from that. They have their own political compulsions but traditions are very important. ਜਿਹੜੀ ਮਰਿਆਦਾ ਹੈ that is the distilled knowledge ਇਸ ਗੱਲ ਨੂੰ ਵੀ ਤੁਸੀਂ ਧਿਆਨ ਵਿੱਚ ਰੱਖਦੇ ਹੋਏ ਇਥੇ ਭਾਈਚਾਰਾ ਬਣਾ ਕੇ ਰੱਖੋ। You are custodian of the goodwill of this House and the Leader of the House is a custodian of the goodwill of the entire State. ਜਿਹੜੇ ਇਥੇ ਮੁੱਦੇ ਚੁੱਕੇ ਜਾਂਦੇ ਹਨ, I am very sorry to say ਕਿ ਪਿਛਲੀ ਵਿਧਾਨ ਸਭਾ ਵਿੱਚ one of the most demeaning statement which was made in this House, I don't want to name anybody and which really ਮੈਂ ਸਮਝਦਾ ਹਾਂ ਕਿ ਸਾਰੀ ਗੱਲ ਦਾ ਨਿਚੋੜ ਕੱਢ ਕੇ ਰੱਖ ਦਿੱਤਾ। ਮੈਨੂੰ ਕਈ ਵਾਰੀ ਲੋਕ ਅਤੇ ਕਈ ਸਾਥੀ ਪੁੱਛਦੇ ਹਨ ਕਿ ਤੁਸੀਂ ਹਾਊਸ ਵਿੱਚ ਬੋਲ ਕੇ, ਰੌਲਾ ਪਾ ਕੇ ਆ ਜਾਂਦੇ ਹੋ, ਇਸ ਦਾ ਅਰਥ ਕੀ ਹੈ? ਇਸ ਦਾ ਰਿਜ਼ਲਟ ਕੀ ਹੁੰਦਾ ਹੈ? ਮੈਂ ਕਿਹਾ ਕਿ ਗੱਲ ਤਾਂ ਤੇਰੀ ਸਿਆਣੀ ਹੈ। ਜਦੋਂ ਅਸੀਂ ਇੱਧਰ ਬੈਠੇ ਹੁੰਦੇ ਹਾਂ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਇਹ ਗੱਲ ਸਾਡੇ ਤੇ ਛੱਡ ਦਿਉ, ਅਸੀਂ ਕਰ ਲਵਾਂਗੇ, ਅਸੀਂ ਦੇਖ ਲਵਾਂਗੇ but nothing happens, Sir. ਸਪੀਕਰ ਸਾਹਿਬ, ਮੇਰੀ ਤੁਹਾਨੂੰ ਗੁਜਾਰਿਸ਼ ਹੈ ਕਿ not only in words but ਜੋ sacrosanct ਅਲਫਾਜ਼ ਇਥੇ ਕਹੇ ਜਾਂਦੇ ਹਨ, ਜੋ ਕੁਮਿਟਮੈਂਟਾਂ ਦਿੱਤੀਆਂ ਜਾਂਦੀਆਂ ਹਨ, not commitment in the sense ਕਿ ਹਮੇਸ਼ਾਂ ਕਹਿ ਦਿੰਦੇ ਹਨ ਕਿ ਦੇਖ ਲਵਾਂਗੇ, ਮੰਤਰੀ ਸਾਹਿਬ ਨੂੰ ਕੋਈ ਜਵਾਬ ਨਹੀਂ ਆਇਆ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਦੇਖ ਲਵਾਂਗੇ, ਮੇਰੇ ਕਮਰੇ ਵਿੱਚ ਆ ਜਾਇਉ, ਗੱਲ ਕਰ ਲਵਾਂਗੇ ਜੀ, ਜਦੋਂ ਪੈਸੇ ਅਵੇਲੇਬਲ ਹੋਏ, ਪੈਸੇ ਮਨਜ਼ੂਰ ਹੋ ਜਾਣਗੇ, ਇਹ ਕੰਮ ਕਰ ਦੇਵਾਂਗੇ, nothing comes out of that. ਜੋ ਕੁਝ ਵੀ ਹੈ ਉਸ ਨੂੰ ਟਾਈਮ-ਬਾਊਂਡ ਤਰੀਕੇ ਨਾਲ, ਜੋ ਵੀ ਇਥੇ ਕੋਈ ਕੁਮਿੱਟਮੈਂਟ ਹੁੰਦੀ ਹੈ, ਜੋ ਦੁੱਖ ਦਰਦ ਅਸੀਂ ਬਤੌਰ ਵਿਰੋਧੀ ਧਿਰ ਦੇ ਦੱਸਾਂਗੇ, ਅਸੀਂ ਆਪਣੇ ਦੁੱਖੜੇ ਜਿਹੜੇ ਤੁਹਾਡੇ ਸਾਹਮਣੇ ਰੱਖਾਂਗੇ, ਤੁਹਾਨੂੰ ਦੱਸਾਂਗੇ, ਅਸੀਂ ਤੁਹਾਡੇ ਕੋਲੋਂ ਉਮੀਦ ਰੱਖਦੇ ਹਾਂ ਕਿ ਤੁਸੀਂ ਸਾਨੂੰ ਲੋਕਾਂ ਦੀਆਂ ਭਾਵਨਾਂਵਾਂ ਨੂੰ ਇਥੇ ਹਾਊਸ ਵਿੱਚ ਰੱਖਣ ਦਾ ਪੂਰਾ ਟਾਈਮ ਦਿਉਗੇ। C.M.Sahib has been very gracious and kind, ਉਨ੍ਹਾਂ ਨੇ ਕਿਹਾ ਹੈ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਦਾ ਧਿਆਨ ਰੱਖਿਓ। ਕੇਵਲ ਲੀਡਰ ਆਫ਼ ਦੀ ਆਪੋਜ਼ੀਸ਼ਨ ਦਾ ਹੀ ਨਹੀਂ ਬਲਕਿ ਜਿਨ੍ਹਾਂ ਲੋਕਾਂ ਦੇ ਨਾਲ ਧੱਕੇ ਹੋ ਰਹੇ ਹਨ ਉਨ੍ਹਾਂ

[ਸ਼੍ਰੀ ਸੁਨੀਲ ਕੁਮਾਰ ਜਾਖੜ]

ਲੋਕਾਂ ਦੀ ਆਵਾਜ਼ ਅਤੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਅਸੀਂ ਇਥੇ ਹਾਊਸ ਵਿੱਚ ਰੱਖਣਾ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਜੇਕਰ ਅਸੀਂ ਕੋਈ ਗਲਤ ਗੱਲ ਕਹਿੰਦੇ ਹਾਂ ਤਾਂ ਤੁਸੀਂ ਸਾਨੂੰ ਕਹਿ ਸਕਦੇ ਹੋ ਕਿ ਹਾਊਸ ਦਾ ਕੀਮਤੀ ਸਮਾਂ ਬਰਬਾਦ ਨਾ ਕਰੋ ਪਰ ਸਾਨੂੰ ਆਪਣੀ ਵਾਜਬ ਗੱਲ ਕਹਿਣ ਦਾ ਪੂਰਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ। ਅਸੀਂ, ਸਪੀਕਰ ਸਾਹਿਬ, ਤੁਹਾਡੇ ਕੋਲੋਂ ਇਹ ਉਮੀਦ ਰੱਖਾਂਗੇ। ਸਾਨੂੰ ਹਮੇਸ਼ਾ ਇਹ ਹੀ ਨਾ ਕਿਹਾ ਜਾਂਦਾ ਰਹੇ ਕਿ ਹਾਊਸ ਦਾ ਕੀਮਤੀ ਸਮਾਂ ਹੈ, ਹਾਊਸ ਦਾ ਸਮਾਂ ਬਰਬਾਦ ਨਾ ਕਰੋ। But when a member from the Opposition Benches ਆਪਣੀ ਗੱਲ ਕਹਿਣ ਲਈ ਖੜ੍ਹਾ ਹੁੰਦਾ ਹੈ ਤਾਂ ਅਸੀਂ ਤੁਹਾਡੇ ਕੋਲੋਂ ਉਮੀਦ ਰੱਖਾਂਗੇ ਕਿ you will rise above these things. ਤੁਹਾਨੂੰ ਯੂਨੈਨੀਮਸਲੀ ਇਲੈਕਟ ਕਰਕੇ ਭੇਜਿਆ ਗਿਆ ਹੈ। ਜੇਕਰ ਸਹੀ ਮਾਅਨਿਆਂ ਵਿੱਚ ਪਾਰਲੀਮੈਂਟਰੀ traditions ਨੂੰ ਫਾਲੋ ਕਰੀਏ ਤਾਂ Speaker should never be contested ਪਰ ਤੁਹਾਡੀਆਂ ਕੁਝ ਪੁਲੀਟੀਕਲ compulsions ਹਨ ਕਿਉਂਕਿ ਪੰਜ ਸਾਲਾਂ ਬਾਅਦ ਤੁਸੀਂ ਵੀ ਜਾ ਕੇ ਲੋਕਾਂ ਕੋਲੋਂ ਵੋਟਾਂ ਮੰਗਣੀਆਂ ਹਨ। ਜੇ ਇਹੀ ਹੋ ਜਾਵੇ ਕਿ ਜਿਹੜਾ ਵੀ ਕੋਈ ਸਪੀਕਰ ਬਣਾ ਦਿੱਤਾ ਉਸ ਨੂੰ ਯੂਨੈਨੀਮਸਲੀ ਹੀ ਇਲੈਕਟ ਕਰਾਂਗੇ ਪਰ ਆਪਣੀ ਡੈਮੋਕ੍ਰੇਸੀ ਹਾਲੇ ਇੰਨੀ mature ਨਹੀਂ and neither do we expect from you as you have your own issues to look for but ਤੁਸੀਂ non-partisan way ਨਾਲ ਸਾਨੂੰ ਆਪਣੀਆਂ ਗੱਲਾਂ ਕਹਿਣ ਦਾ ਮੌਕਾ ਦਿਉਗੇ। ਨਾ ਕੇਵਲ ਤੁਸੀਂ ਸਾਨੂੰ ਮੌਕਾ ਦਿਉਗੇ ਸਗੋਂ ਸਾਨੂੰ ਸਰਕਾਰ ਤੋਂ ਸਾਡੇ ਵੱਲੋਂ ਕੀਤੀਆਂ ਗਈਆਂ ਗੱਲਾਂ ਦਾ ਸਹੀ ਜਵਾਬ ਵੀ ਦਿਵਾਉਗੇ। ਕੇਵਲ ਇਹੀ ਨਾ ਹੋਵੇ ਕਿ ਅਸੀਂ ਆਪਣੀਆਂ ਗੱਲਾਂ ਹੀ ਕਰਕੇ ਜਾਂਦੇ ਰਹੀਏ। ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦੇਣ ਵਾਸਤੇ ਖੜ੍ਹਾ ਹੋਇਆ ਹਾਂ ਪਰੰਤੂ ਸਾਨੂੰ ਤੁਹਾਡੇ ਕੋਲੋਂ ਬਹੁਤ ਜ਼ਿਆਦਾ ਉਮੀਦਾਂ ਹਨ। We have so many expectations from you.....(ਹਾਸਾ)..... ਸਾਨੂੰ ਇਨ੍ਹਾਂ ਕੋਲੋਂ ਇੰਨੀਆਂ ਉਮੀਦਾਂ ਹਨ, ਇਸ ਕਰਕੇ ਸਾਨੂੰ ਇਨ੍ਹਾਂ ਨੂੰ ਕਹਿਣ ਦਾ ਰਾਹ ਬਣਦਾ ਹੈ। ਸਾਨੂੰ ਇਨ੍ਹਾਂ ਕੋਲੋਂ ਬਹੁਤ ਤਵੱਕੋਂ ਹਨ। ਜਦੋਂ ਤਵੱਕੋ ਹੀ ਉਠ ਗਈ ਤਾਂ ਕਿਸੇ ਨਾਲ ਕੀ ਗਿਲਾ ਕਰਾਂਗੇ? ਸਪੀਕਰ ਸਾਹਿਬ, ਕਿਉਂਕਿ ਤੁਸੀਂ ਉੱਪਰ ਬੈਠੇ ਹੋ ਇਸ ਲਈ ਅਸੀਂ ਤੁਹਾਡੇ ਕੋਲੋਂ ਬਹੁਤ ਉਮੀਦਾਂ ਅਤੇ ਆਸਾਂ ਲਾਈ ਬੈਠੇ ਹਾਂ। ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ, ਸਪੀਕਰ ਸਾਹਿਬ, ਧਿਆਨ ਰੱਖਿਓ। ਇਹ ਮਸਲੇ ਤਾਂ ਕੱਲ੍ਹ ਤੋਂ ਹੀ ਆਉਣੇ ਸ਼ੁਰੂ ਹੋ ਜਾਣੇ ਹਨ ਕਿਉਂਕਿ ਕੱਲ੍ਹ ਨੂੰ ਹੀ ਮਾਨਯੋਗ ਗਵਰਨਰ ਸਾਹਿਬ ਨੇ ਆ ਜਾਣਾ ਹੈ। ਬਾਦਲ ਸਾਹਿਬ ਨੇ ਤਾਂ ਕਹਿ ਦਿੱਤਾ ਹੈ ਕਿ ਅਸੀਂ ਅੱਛੀਆਂ ਰਵਾਇਤਾਂ ਪਾਉਣੀਆਂ ਹਨ ਅਤੇ ਆਪਸ ਵਿੱਚ ਰਲ ਮਿਲ ਕੇ ਹਾਊਸ ਦੀ ਕਾਰਵਾਈ ਨੂੰ ਚਲਾਉਣਾ ਹੈ। ਸਪੀਕਰ ਸਾਹਿਬ, ਮੇਰੇ ਵੱਲੋਂ ਗੁਸਤਾਖੀ ਹੁੰਦੀ ਜੇਕਰ ਮੈਂ ਤੁਹਾਡੀ ਸ਼ਾਨ ਦੇ ਵਿੱਚ ਅਖ਼ਬਾਰ ਲੈ ਕੇ ਆ ਜਾਂਦਾ, ਉਸ ਵਿੱਚ ਲਿਖਿਆ ਹੈ ਕਿ ਸਾਡੇ ਇੱਕ ਬੜੇ ਹੀ ਸੀਨੀਅਰ ਐਮ.ਐਲ.ਏ. ਸੇਖੜੀ ਸਾਹਿਬ ਨੂੰ ਬੜਾ ਪਰੈਸ਼ਰਾਈਜ਼ ਕੀਤਾ ਜਾ ਰਿਹਾ ਹੈ। ਉਸ ਦੇ ਮੈਨੇਜਰ ਨੂੰ ਜਾ ਕੇ ਢਾਹ ਕੇ

ਕੁੱਟ ਦਿੱਤਾ। ਥਾਂ-ਥਾਂ ਪਰਚੇ ਦਰਜ ਹੋ ਰਹੇ ਹਨ। ਬਾਦਲ ਸਾਹਿਬ ਨੇ ਬਾਹਰ ਤਾਂ ਬਿਆਨ ਦੇ ਦਿੱਤੇ ਬਈ ਤੁਸੀਂ ਸਾਨੂੰ ਸ਼ਿਕਾਇਤ ਦੇ ਦਿਉ ਤੇ ਚੈੱਕ ਕਰਵਾ ਦਿਆਂਗੇ। ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹੋਇਆ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿਉਂਕਿ ਮੈਂ ਤੁਹਾਡੀ ਬਹੁਤ ਇੱਜ਼ਤ ਕਰਦਾ ਹਾਂ ਕਿ ਜੋ ਵਾਅਦਾ ਬਾਦਲ ਸਾਹਿਬ ਨੇ ਕੀਤਾ ਹੈ, ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਬਾਦਲ ਸਾਹਿਬ ਨੇ ਲੋਕਾਂ ਨਾਲ ਵਾਅਦੇ ਕੀਤੇ ਹਨ ਤੁਸੀਂ ਉਸ ਉਤੇ ਪਹਿਰਾ ਦਿਉ। ਬਾਦਲ ਸਾਹਿਬ ਉਨ੍ਹਾਂ ਵਾਅਦਿਆਂ ਤੇ ਖੜ੍ਹੇ ਰਹਿਣ and we assure you all cooperation. ਕਿਸੇ ਹਿਸਾਬ ਦੇ ਨਾਲ ਜੋ ਰਾਜਨੀਤਿਕ ਲੋਕਾਂ ਦੀ ਡਿਗਨਿਟੀ, ਜੋ ਰਾਜਨੀਤਿਕ ਲੋਕਾਂ ਨੂੰ ਆਮ ਲੋਕ ਮੰਦੀ ਨਜ਼ਰ ਨਾਲ ਦੇਖਦੇ ਹਨ ਉਸ ਵਿੱਚ ਕੁਝ ਹੱਦ ਤੱਕ ਅਸੀਂ ਆਪ ਜ਼ਿੰਮੇਵਾਰ ਹਾਂ। But I will assure you, Speaker sahib, on my behalf and on behalf of my colleagues that we will do our best provided we are given proper opportunity to raise our issues within the rules..... ਤੁਸੀਂ ਉਸ ਤੇ ਪਹਿਰਾ ਦਿਉਗੇ..... we will help you and cooperate with you in every manner. ਤੁਹਾਨੂੰ ਬਹੁਤ-ਬਹੁਤ ਤੇ ਲੱਖ-ਲੱਖ ਵਧਾਈ ਦਿੰਦਾ ਹਾਂ। Thank you, very much.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸਪੀਕਰ ਸਾਹਿਬ, ਤੁਸੀਂ ਵਿਧਾਨ ਸਭਾ ਦੇ ਸਰਬਸੰਮਤੀ ਨਾਲ ਸਪੀਕਰ ਚੁਣੇ ਗਏ ਹੋ, ਇਸ ਲਈ ਮੈਂ ਤੁਹਾਨੂੰ ਬਹੁਤ-ਬਹੁਤ ਤੇ ਲੱਖ-ਲੱਖ ਵਧਾਈ ਦਿੰਦਾ ਹਾਂ। ਤੁਹਾਡੀ ਕਾਬਲੀਅਤ, ਸ਼ਖਸੀਅਤ ਅਤੇ ਇਮਾਨਦਾਰੀ ਨੂੰ ਵੇਖ ਕੇ ਸਾਰੀ ਵਿਧਾਨ ਸਭਾ ਨੇ ਹੀ ਤੁਹਾਨੂੰ ਸਰਬਸੰਮਤੀ ਨਾਲ ਚੁਣਿਆ ਹੈ। ਮੈਨੂੰ ਯਾਦ ਹੈ ਕਿ ਤੁਸੀਂ ਨੈਸ਼ਨਲ ਲੈਵਲ ਤੇ ਪਾਰਲੀਮੈਂਟ ਵਿਚ ਡਿਪਟੀ ਸਪੀਕਰ ਵਜੋਂ ਕੰਮ ਕੀਤਾ। ਇਸ ਦੇ ਨਾਲ ਹੀ ਤੁਸੀਂ 1997 ਵਿਚ ਵੀ ਪੰਜਾਬ ਦੀ ਵਿਧਾਨ ਸਭਾ ਦੇ ਸਪੀਕਰ ਰਹੇ। ਉਸ ਵੇਲੇ ਮੈਨੂੰ ਵੀ ਤੁਹਾਡੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਮੈਂ ਵੇਖਿਆ ਹੈ ਕਿ ਜਿਥੇ ਤੁਸੀਂ ਨੈਸ਼ਨਲ ਲੈਵਲ ਤੇ ਜਾਂ ਸਟੇਟ ਲੈਵਲ ਤੇ ਕੰਮ ਕੀਤਾ ਹੈ, ਉਥੇ ਤੁਹਾਡੀ ਜ਼ਮੀਨੀ ਪਕੜ ਵੀ ਬਹੁਤ ਹੈ ਕਿਉਂਕਿ ਤੁਸੀਂ ਹਰ ਗਰੀਬ ਦੇ ਨਾਲ ਰਹੇ ਹੋ ਅਤੇ ਜਦੋਂ ਵੀ ਕਿਸੇ ਨੇ ਤੁਹਾਨੂੰ ਬੁਲਾਇਆ ਉਥੇ ਤੁਸੀਂ ਜਾਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਲੋਕਾਂ ਵਿਚ ਤੁਹਾਡੇ ਪ੍ਰਤੀ ਬੜੇ ਹੀ ਸਨੇਹ ਅਤੇ ਪਿਆਰ ਦੀ ਭਾਵਨਾ ਹੈ। ਮੈਨੂੰ ਯਾਦ ਹੈ ਕਿ ਇੱਕ ਵਾਰੀ ਮੇਰੇ ਹਲਕੇ ਵਿਚ ਇੱਕ ਪਿੰਡ ਪੈਂਦਾ ਹੈ, ਉਥੋਂ ਦੇ ਦਲਿਤ ਵੀਰ ਸਨ ਜਿਨ੍ਹਾਂ ਦੇ ਦਿਲ ਵਿਚ ਬੜੀ ਭਾਵਨਾ ਸੀ ਕਿ ਅਸੀਂ ਆਪਣੇ ਸਪੀਕਰ ਸਾਹਿਬ ਨੂੰ ਆਪਣੇ ਪਿੰਡ ਬੁਲਾਉਣਾ ਚਾਹੁੰਦੇ ਹਾਂ ਕਿਉਂਕਿ ਉਨ੍ਹਾਂ ਦਾ ਤੁਹਾਡੇ ਪ੍ਰਤੀ ਬਹੁਤ ਪਿਆਰ ਸੀ। ਉਨ੍ਹਾਂ ਨੇ ਮੈਨੂੰ ਕਿਹਾ ਅਤੇ ਮੈਂ ਤੁਹਾਨੂੰ ਬੇਨਤੀ ਕੀਤੀ। ਤੁਸੀਂ ਇੱਕ ਮਿੰਟ ਵੀ ਨਾ ਲਗਾਇਆ ਅਤੇ ਮੈਨੂੰ ਹਾਂ ਕਰ ਦਿੱਤੀ। ਤੁਹਾਨੂੰ ਉਨ੍ਹਾਂ ਲੋਕਾਂ ਵਿਚ ਜਾ ਕੇ ਬੜਾ ਪਿਆਰ ਅਤੇ ਸਨੇਹ ਮਿਲਿਆ। ਉਨ੍ਹਾਂ ਦਾ ਸੀਨਾ ਚੌੜਾ ਹੋ ਗਿਆ ਕਿ ਸਾਡਾ ਇੱਕ ਭਰਾ ਪੰਜਾਬ ਦੀ ਇੱਕ ਇੰਨੀ ਵੱਡੀ ਕੁਰਸੀ ਉਤੇ ਬੈਠਿਆ ਹੋਇਆ ਹੈ। ਤੁਸੀਂ ਉਦੋਂ ਆਪਣੇ ਭਾਸ਼ਣ ਵਿਚ

[ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ]

ਇਹ ਗੱਲ ਕਹੀ ਸੀ ਕਿ ਵੀਰੋ ! ਤੁਸੀਂ ਵੀ ਆਪਣੇ ਬੱਚਿਆਂ ਨੂੰ ਪੜ੍ਹਾਓ-ਲਿਖਾਓ। ਜੇਕਰ ਮੈਂ ਪੜ੍ਹਿਆ-ਲਿਖਿਆ ਨਾ ਹੁੰਦਾ ਤਾਂ ਮੈਂ ਅੱਜ ਇਸ ਕੁਰਸੀ ਉਤੇ ਨਾ ਬੈਠਿਆ ਹੁੰਦਾ। ਤੁਸੀਂ ਜਿਥੇ ਪੰਜਾਬ ਲੈਵਲ ਦੇ ਅਤੇ ਨੈਸ਼ਨਲ ਲੈਵਲ ਦੇ ਲੀਡਰ ਰਹੇ ਹੋ, ਉਥੇ ਤੁਸੀਂ ਬਾਹਰਲੇ ਮੁਲਕਾਂ ਵਿਚ ਵੀ ਘੁੰਮ ਰਹੇ ਹੋ। ਇਸ ਦੇ ਨਾਲ ਹੀ ਜਿਹੜੇ ਵਿਚਾਰੇ ਦਲਿਤ ਭਰਾ ਹਨ, ਉਨ੍ਹਾਂ ਦੇ ਨਾਲ ਤੁਹਾਡਾ ਬਹੁਤ ਪਿਆਰ ਰਿਹਾ ਹੈ ਜਿਸ ਕਰਕੇ ਤੁਹਾਨੂੰ ਇੰਨਾ ਮਾਣ ਮਿਲਿਆ ਹੈ। ਜਿਸ ਤਰ੍ਹਾਂ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਵਿਚ ਸ਼ੁਰੂ ਤੋਂ ਲੈ ਕੇ ਕੰਮ ਕੀਤਾ ਹੈ ਅਤੇ ਪਾਰਟੀ ਦੇ ਨਾਲ ਜੁੜੇ ਰਹੇ ਹੋ, ਇਸੇ ਕਰਕੇ ਹੀ ਤੁਹਾਨੂੰ ਤੁਹਾਡਾ ਬਣਦਾ ਮਾਣ-ਸਤਿਕਾਰ ਮਿਲਿਆ ਹੈ, ਹੋਰ ਕੋਈ ਗੱਲ ਬਾਅਦ ਵਿਚ ਮਿਲੀ ਹੈ।

ਮੈਂ ਇਸ ਖੁਸ਼ੀ ਦੇ ਮੌਕੇ ਤੁਹਾਨੂੰ ਬਹੁਤ-ਬਹੁਤ ਤੇ ਲੱਖ-ਲੱਖ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਤੁਸੀਂ 1997 ਵਿਚ ਸਾਰੇ ਮੈਂਬਰਾਂ ਨੂੰ, ਚਾਹੇ ਉਹ ਆਪੋਜ਼ੀਸ਼ਨ ਪਾਰਟੀ ਦੇ ਸੀ ਅਤੇ ਚਾਹੇ ਰੂਲਿੰਗ ਪਾਰਟੀ ਦੇ ਸੀ, ਬੋਲਣ ਦਾ ਪੂਰਾ-ਪੂਰਾ ਮੌਕਾ ਦਿੱਤਾ ਸੀ। ਇਸੇ ਤਰ੍ਹਾਂ ਤੁਸੀਂ ਇਸ ਵਾਰ ਸਾਰਿਆਂ ਨੂੰ ਪੂਰਾ ਇਨਸਾਫ਼ ਦੇਣ ਦੀ ਕੋਸ਼ਿਸ਼ ਕਰੋਗੇ। ਜਿਹੜਾ ਕੋਈ ਮੈਂਬਰ ਅੱਛਾ ਬੋਲਦਾ ਸੀ, ਤੁਸੀਂ ਉਸ ਨੂੰ ਪਹਿਲਾਂ ਟਾਈਮ ਦਿੰਦੇ ਹੁੰਦੇ ਸੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਬਹੁਤ-ਬਹੁਤ ਮੁਬਾਰਕ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਤੁਸੀਂ ਦੋਹਾਂ ਪਾਸਿਆਂ ਵਾਲੇ ਮੈਂਬਰਾਂ ਦਾ ਪੂਰਾ ਖਿਆਲ ਰੱਖੋਗੇ ਅਤੇ ਆਪਣੀ ਇਮਾਨਦਾਰੀ ਦਾ ਸਬੂਤ ਦਿਉਗੇ। ਜੈ ਹਿੰਦ।

ਮਾਨਯੋਗ ਸਪੀਕਰ : ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਮੈਂ ਉਸ ਅਕਾਲ ਪੁਰਖ ਦਾ ਧੰਨਵਾਦ ਕਰਦਾ ਹਾਂ ਕਿ ਜਿਸ ਨੇ ਮੈਨੂੰ ਇਸ ਸੰਸਾਰ ਵਿਚ ਪੈਦਾ ਕੀਤਾ। ਮੈਂ ਇੱਕ ਸਧਾਰਨ ਪਰਿਵਾਰ ਵਿਚ ਪੈਦਾ ਹੋ ਕੇ ਗੁਰੂ ਦੀ ਕਿਰਪਾ ਨਾਲ ਪੰਜਾਬ, ਦੇਸ਼ ਅਤੇ ਦੁਨੀਆ ਵਿਚ ਮਾਣ ਤੇ ਸਤਿਕਾਰ ਪਾਇਆ। ਗੁਰਬਾਣੀ ਵਿਚ ਵੀ ਆਉਂਦਾ ਹੈ:

ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੁਛਤਾ।
ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥

ਮੈਂ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਨੂੰ ਹੈਵਾਨੀ ਜ਼ਿੰਦਗੀ ਤੋਂ ਸੁਚੱਜੀ ਜ਼ਿੰਦਗੀ ਅਤੇ ਚੰਗੇ ਸ਼ਹਿਰੀ ਬਣਕੇ ਜਿਉਣ ਲਈ ਸੇਧ ਦਿਤੀ। ਮੈਂ ਸਦਨ ਦੇ ਨੇਤਾ ਅਤੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਅਤੇ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ, ਵਿਰੋਧੀ ਧਿਰ ਦੇ ਨੇਤਾ ਸ਼੍ਰੀ ਸੁਨੀਲ ਕੁਮਾਰ ਜੀ ਜਾਖੜ, ਸ਼੍ਰੀ ਚੂਨੀ ਲਾਲ ਭਗਤ ਜੀ ਅਤੇ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ। ਤੁਹਾਡੇ ਵੱਲੋਂ ਮੇਰੇ ਵਿੱਚ ਪ੍ਰਗਟਾਇਆ ਗਿਆ ਇਹ ਪੂਰਨ ਭਰੋਸਾ ਮੈਨੂੰ ਹੋਰ ਵੀ ਸ਼ਕਤੀ ਪ੍ਰਦਾਨ ਕਰੇਗਾ ਜਿਸ ਨਾਲ ਮੈਂ ਸਦਨ ਨੂੰ ਚੰਗੀਆਂ ਪ੍ਰੰਪਰਾਵਾਂ ਅਤੇ ਰੂਲਜ਼ ਆਫ ਪ੍ਰੋਸੀਜ਼ਰ ਐਂਡ ਕੰਡਕਟ ਆਫ ਬਿਜ਼ਨਸ ਨਾਲ ਚਲਾਉਣ ਵਿੱਚ ਕਾਮਯਾਬ ਹੋਵਾਂਗਾ। ਮੈਂ ਇੱਕ ਵਾਰ ਫਿਰ ਸਾਰੇ

ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ।

ਮੈਂ ਅੱਜ ਇਸ ਮੌਕੇ ਤੇ ਆਪਣੇ ਅਤੇ ਸਦਨ ਵੱਲੋਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ 5 ਵੀਂ ਵਾਰ ਮੁੱਖ ਮੰਤਰੀ ਵਜੋਂ ਕਮਾਨ ਸੰਭਾਲਣ ਤੇ ਦਿਲ ਦੀਆਂ ਗਹਿਰਾਈਆਂ ਵਿਚੋਂ ਹਾਰਦਿਕ ਵਧਾਈ ਦਿੰਦਾ ਹਾਂ। (ਥੰਪਿੰਗ) ਦੇਸ਼ ਵਿਚੋਂ ਉਹ ਪਹਿਲੀ ਮਹਾਨ ਸ਼ਖਸੀਅਤ ਹਨ ਜੋ 5 ਵੀਂ ਵਾਰ ਸੂਬੇ ਦੇ ਮੁੱਖ ਮੰਤਰੀ ਬਣੇ ਹਨ। ਪੰਜਾਬੀਆਂ ਦੀ ਇਹ ਖੁਸ਼- ਕਿਸਮਤੀ ਹੈ ਕਿ ਉਨ੍ਹਾਂ ਨੂੰ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਵਰਗੇ ਯੁੱਗ ਪੁਰਸ਼, ਨਿਰਵੈਰ ਅਤੇ ਦਰਵੇਸ਼ ਸਿਆਸਤਦਾਨ ਦੇ ਨਾਲ-ਨਾਲ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਵਰਗੇ ਨਿਧੜਕ, ਅਣਥੱਕ ਅਤੇ ਦੂਰਅੰਦੇਸ਼ੀ ਸਟੇਟਸਮੈਨ ਦੀ ਰਹਿਨੁਮਾਈ ਵੀ ਪ੍ਰਾਪਤ ਹੋਈ ਹੈ। ਇਨ੍ਹਾਂ ਦੋਹਾਂ ਮਹਾਨ ਵਿਅਕਤੀਆਂ ਦੀਆਂ ਖੂਬੀਆਂ ਦੇ ਸੁਮੇਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਇੱਕ ਇਤਿਹਾਸਕ ਜਿੱਤ ਲਈ ਪ੍ਰੇਰਿਆ ਹੈ। ਇਹ ਹੋਰ ਵੀ ਮਾਣ ਦੀ ਗੱਲ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਦੇਸ਼ ਦੇ ਸਰਵਉੱਤਮ ਲੀਡਰ ਵਜੋਂ ਪ੍ਰਵਾਨ ਕੀਤਾ ਗਿਆ ਹੈ। ਇਨ੍ਹਾਂ ਦੇ ਬਰਾਬਰ ਦਾ ਅਣਮੋਲ ਅਤੇ ਕੀਮਤੀ ਹੀਰਾ ਬਹੁਤ ਹੀ ਸੁਭਾਗ ਨਾਲ ਕੌਮਾਂ ਨੂੰ ਪ੍ਰਾਪਤ ਹੁੰਦਾ ਹੈ। ਇਹ ਸਭ ਕੁਝ ਇਨ੍ਹਾਂ ਦੀ ਨਿਮਰਤਾ, ਹਲੀਮੀ ਅਤੇ ਦ੍ਰਿੜ ਵਿਸ਼ਵਾਸ ਅਤੇ ਪਰਮਾਤਮਾ ਵਿੱਚ ਅਥਾਹ ਸ਼ਰਧਾ ਰੱਖਣ ਵਾਲੀ ਸ਼ਖਸੀਅਤ ਸਦਕਾ ਹੈ।

ਇਸ ਦੇ ਨਾਲ ਹੀ ਮੈਂ ਸ਼੍ਰੀ ਸੁਨੀਲ ਕੁਮਾਰ ਜਾਖੜ ਨੂੰ ਵੀ ਵਧਾਈ ਦਿੰਦਾ ਹਾਂ ਅਤੇ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਸਾਰੇ ਮੈਂਬਰ ਸਹਿਬਾਨ ਤੋਂ ਪੂਰਨ ਸਹਿਯੋਗ ਦੀ ਆਸ ਰੱਖਦਾ ਹਾਂ। ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਸ਼੍ਰੀ ਬਲਰਾਮ ਜਾਖੜ ਜੀ ਦੀ ਮੈਨੂੰ ਯਾਦ ਆਉਂਦੀ ਹੈ, ਜਿਨ੍ਹਾਂ ਦੇ ਨਾਲ ਮੈਨੂੰ ਪੰਜਾਬ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਜਿਨ੍ਹਾਂ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ।

ਲੈਜਿਸਲੇਚਰ ਜਮਹੂਰੀ ਸਿਸਟਮ ਦਾ ਇੱਕ ਪ੍ਰਮੁੱਖ ਅੰਗ ਹੈ। ਸਦਨ ਉਹ ਫੋਰਮ ਹੈ ਜਿੱਥੇ ਤੁਸੀਂ ਲੋਕਾਂ ਦੀਆਂ ਆਸਾਂ, ਉਮੀਦਾਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਉਠਾ ਕੇ ਉਨ੍ਹਾਂ ਦਾ ਕੋਈ ਹੱਲ ਲੱਭ ਸਕਦੇ ਹੋ। ਲੋਕਾਂ ਦੇ ਭਵਿੱਖ ਨੂੰ ਰੋਸ਼ਨ ਕਰਨਾ ਸਾਡਾ ਮਕਸਦ ਹੈ। ਸਾਡੀ ਇਹ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਇਸ ਰੋਲ ਨੂੰ ਬਹੁਤ ਹੀ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਨਿਭਾਈਏ। ਸਦਨ ਦਾ ਮੁੱਖ ਕਾਰਜ ਕਾਨੂੰਨ ਬਣਾਉਣ ਤੋਂ ਇਲਾਵਾ ਸਰਕਾਰ ਦੇ ਕੰਮਾਂ ਕਾਰਾਂ ਨੂੰ ਕੰਟਰੋਲ ਕਰਨਾ ਅਤੇ ਉਸ ਤੇ ਨਜ਼ਰ ਰੱਖਣਾ ਵੀ ਹੈ। ਇਸ ਉਦੇਸ਼ ਲਈ ਸਾਡੇ ਸਦਨ ਦੇ ਰੂਲਜ਼ ਵਿੱਚ ਵੱਖ-ਵੱਖ ਕਿਰਿਆਵਾਂ ਹਨ, ਜਿਨ੍ਹਾਂ ਨਾਲ ਤੁਸੀਂ ਸਰਕਾਰ ਦੇ ਕੰਮ ਕਾਰ ਬਾਰੇ ਜਾਣਕਾਰੀ ਲੈ ਸਕਦੇ ਹੋ। ਤੁਸੀਂ ਨਿਸ਼ਚਿਤ ਕਰੋ ਕਿ ਤੁਹਾਡਾ ਵਿਸ਼ਾ ਵਸਤੂ ਹਮੇਸ਼ਾ ਰੂਲਾਂ ਦੇ ਅਧੀਨ ਹੋਵੇ ਤਾਂ ਕਿ ਤੁਸੀਂ ਵੱਧ ਤੋਂ ਵੱਧ ਜਾਣਕਾਰੀ ਘੱਟ ਤੋਂ ਘੱਟ ਸਮੇਂ ਦੌਰਾਨ ਹਾਸਿਲ ਕਰ ਸਕੋ ਅਤੇ ਹਾਊਸ ਦਾ ਸਮਾਂ ਉਸਾਰੂ ਰੂਪ ਵਿੱਚ ਵਰਤਿਆ ਜਾ ਸਕੇ।

[ਮਾਨਯੋਗ ਸਪੀਕਰ]

ਦੂਸਰਾ ਪ੍ਰਮੁੱਖ ਕੰਮ ਕਮੇਟੀ ਸਿਸਟਮ ਦੁਆਰਾ ਸਰਕਾਰ ਦੀ ਜਵਾਬਦੇਹੀ ਨਿਸ਼ਚਿਤ ਕਰਨਾ ਹੁੰਦਾ ਹੈ। ਕਮੇਟੀ ਵਿੱਚ ਤੁਹਾਨੂੰ ਸਬੰਧਤ ਵਿਸ਼ੇ ਤੇ ਪੂਰੀ ਤਿਆਰੀ ਨਾਲ਼ ਆਉਣਾ ਚਾਹੀਦਾ ਹੈ ਤਾਂ ਕਿ ਤੁਸੀਂ ਅਫਸਰ ਸਾਹਿਬਾਨ ਤੋਂ ਉਨ੍ਹਾਂ ਦੇ ਮਹਿਕਮਿਆਂ ਦੇ ਕੰਮ-ਕਾਜ ਸਬੰਧੀ ਜਾਣਕਾਰੀ ਹਾਸਿਲ ਕਰ ਸਕੋ ਕਿ ਇਹ ਅਵੱਲ ਦਰਜੇ ਦੀ ਹੈ ਜਾਂ ਨਹੀਂ। ਇਹ ਤੁਸੀਂ ਦੇਖਣਾ ਹੈ ਕਿ ਮਹਿਕਮਾ ਆਪਣੇ ਨਿਸ਼ਚਿਤ ਕੀਤੇ ਕੰਮਾਂ-ਕਾਰਾਂ ਨੂੰ ਸਬੰਧਿਤ ਪਾਲਿਸੀ ਮੈਟਰ ਅਤੇ ਕਾਨੂੰਨ ਅਨੁਸਾਰ ਕਰ ਰਿਹਾ ਹੈ ਜਾਂ ਨਹੀਂ।

ਸਪੀਕਰਸ਼ਿਪ ਦਾ ਕੰਮ ਕਾਫੀ ਔਖਾ ਅਤੇ ਚੁਣੌਤੀਆਂ ਭਰਪੂਰ ਹੁੰਦਾ ਹੈ। ਮੈਨੂੰ ਯਕੀਨ ਹੈ ਕਿ ਮੈਂ ਤੁਹਾਡੇ ਸਾਰਿਆਂ ਦੇ ਅਤੇ ਖਾਸ ਕਰਕੇ ਵਿਰੋਧੀ ਧਿਰ ਦੇ ਸਹਿਯੋਗ ਨਾਲ ਸਦਨ ਦੇ ਕੰਮ-ਕਾਰ ਨੂੰ ਰੂਲਾਂ ਮੁਤਾਬਕ ਅਤੇ ਹਾਊਸ ਦੀਆਂ ਚੰਗੀਆਂ ਪ੍ਰੰਪਰਾਵਾਂ ਅਨੁਸਾਰ ਚਲਾਉਣ ਵਿੱਚ ਕਾਮਯਾਬ ਹੋਵਾਂਗਾ। ਮੈਨੂੰ ਉਮੀਦ ਹੈ ਕਿ ਤੁਸੀਂ ਭਰਪੂਰ ਜਾਣਕਾਰੀ ਨਾਲ ਡਿਬੇਟਸ ਵਿੱਚ ਭਾਗ ਲੈ ਕੇ ਲੈਜਿਸਲੇਟਿਵ ਅਤੇ ਜਵਾਬਦੇਹੀ ਦੇ ਪ੍ਰੋਸੈਸ ਨੂੰ ਮਜ਼ਬੂਤ ਕਰਦੇ ਹੋਏ ਲੋਕਾਂ ਦੇ ਹਿਤਾਂ ਵਿੱਚ ਆਪਣਾ ਯੋਗਦਾਨ ਪਾਵੋਗੇ। ਜਿਵੇਂ ਸਰਕਾਰ ਵਿਧਾਨ ਸਭਾ ਪ੍ਰਤੀ ਜਵਾਬਦੇਹ ਹੈ, ਉਸੇ ਤਰ੍ਹਾਂ ਅਸੀਂ ਸਾਰੇ ਵਿਧਾਇਕ ਜਨਤਾ ਨੂੰ ਜਵਾਬਦੇਹ ਹਾਂ ਕਿਉਂਕਿ ਜਮਹੂਰੀ ਪ੍ਰਣਾਲੀ ਵਿੱਚ ਸਾਰੀ ਸੱਤਾ ਦੀ ਅਸਲ ਮਾਲਕ ਜਨਤਾ ਹੀ ਹੈ। ਉਨ੍ਹਾਂ ਲੋਕਾਂ ਨੇ ਆਪਣੀ ਕਿਸਮਤ ਬਣਾਉਣ ਲਈ ਸਾਡੇ ਜ਼ਿੰਮੇ ਬਹੁਤ ਹੀ ਸਖਤ ਡਿਊਟੀ ਲਗਾਈ ਹੈ। ਸਭ ਤੋਂ ਅਹਿਮ ਮੁੱਦਾ ਜੋ ਸਾਡੇ ਸਭ ਦਾ ਧਿਆਨ ਮੰਗੇਗਾ, ਉਹ ਸਦਨ ਦੇ ਸਮੇਂ ਦੀ ਸਦਉਪਯੋਗਤਾ ਹੈ। ਅੱਜ ਕਲ੍ਹ ਹਰ ਵਿਧਾਨ ਸਭਾ ਅਤੇ ਪਾਰਲੀਮੈਂਟ ਦੇ ਸਦਨਾਂ ਦਾ ਬਹੁਤਾ ਸਮਾਂ ਰੌਲੇ-ਰੱਪੇ, ਵਾਕ-ਆਊਟ, ਨਾਅਰੇਬਾਜ਼ੀ ਅਤੇ ਧਰਨਿਆਂ ਵਿਚ ਵਿਅਰਥ ਚਲਾ ਜਾਂਦਾ ਹੈ। ਮੈਨੂੰ ਉਮੀਦ ਹੈ ਕਿ ਵਿਰੋਧੀ ਧਿਰ .ਵੀ ਪਾਰਲੀਮੈਂਟਰੀ ਰਵਾਇਤਾਂ ਦੀ ਸ਼ਾਨ ਅਤੇ ਮਜ਼ਬੂਤੀ ਲਈ ਸਦਨ ਵਿੱਚ ਡਿਬੇਟਸ ਅਤੇ ਡਿਸਕਸ਼ਨ ਵਿੱਚ ਨਿੱਗਰ ਅਤੇ ਨਿਰੋਲ ਤਰੀਕੇ ਨਾਲ ਭਾਗ ਲੈਂਦੀ ਰਹੇਗੀ ਕਿਉਂਕਿ ਵਿਰੋਧੀ ਧਿਰ ਵਜੋਂ ਬਾਈਕਾਟ ਅਤੇ ਰੌਲੇ-ਰੱਪੇ ਕਾਰਨ ਸਦਨ ਦਾ ਕੰਮ-ਕਾਜ ਪ੍ਰਭਾਵਿਤ ਹੁੰਦਾ ਹੈ। ਤੁਸੀਂ ਵਿਧਾਇਕਾਂ ਦੀ ਬਹੁਤ ਹੀ ਜ਼ਰੂਰੀ ਅਤੇ ਮਹੱਤਵਪੂਰਨ ਧਿਰ ਹੋ। ਮੇਰੀ ਬੇਨਤੀ ਨੂੰ ਪ੍ਰਵਾਨ ਕਰਨਾ। ਮੈਂ ਇੱਥੇ ਇਹ ਵੀ ਕਹਿਣਾ ਚਾਹਾਗਾਂ ਕਿ, ਮੈਂ ਡਿਬੇਟਸ ਦੌਰਾਨ ਆਪਣੇ ਵਿਚਾਰ ਪ੍ਰਗਟਾਉਣ ਲਈ ਵੱਧ ਤੋਂ ਵੱਧ ਟਾਈਮ ਦੇਣ ਦੀ ਕੋਸ਼ਿਸ਼ ਕਰਾਂਗਾ ਤਾਂ ਕਿ ਬਹਿਸ ਨੂੰ ਉਸ ਦੀ ਸਾਰਥਿਕਤਾ ਤੱਕ ਪਹੁੰਚਾਇਆ ਜਾ ਸਕੇ। ਮੈਂ ਰੂਲਿੰਗ ਅਤੇ ਆਪੋਜ਼ੀਸ਼ਨ ਪਾਰਟੀਆਂ ਦੋਹਾਂ ਨੂੰ ਅਪੀਲ ਕਰਾਂਗਾ ਕਿ ਇਹ ਮਿੱਤਰਤਾ ਭਰਪੂਰ ਮਾਹੌਲ ਪੈਦਾ ਕਰਨ ਤਾਂ ਕਿ ਗਵਰਨਰ ਭਾਸ਼ਣ ਤੇ ਕਿਸੇ ਕਿਸਮ ਦੇ ਟਕਰਾਓ ਤੋਂ ਬਚਿਆ ਜਾ ਸਕੇ। ਮੈਂ ਖਾਸ ਤੌਰ ਤੇ ਇੱਕ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਕਾਫੀ ਲੰਮੇ ਸਮੇਂ ਤੋਂ ਗਵਰਨਰ ਐਡਰੈਸ ਤੇ ਧੰਨਵਾਦ ਦੇ ਮਤੇ ਤੋਂ ਬਾਅਦ ਉਨ੍ਹਾਂ ਦਾ ਧੰਨਵਾਦ ਕਰਨ ਲਈ ਗਵਰਨਰ ਹਾਊਸ ਜਾਣਾ ਹੁੰਦਾ ਹੈ ਪਰ ਮੈਂ ਵੇਖਿਆ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਆਪੋਜ਼ੀਸ਼ਨ ਬਾਈਕਾਟ ਕਰਦੀ ਆ ਰਹੀ ਹੈ। ਅਜਿਹਾ ਵਤੀਰਾ ਚੰਗਾ ਨਹੀਂ ਲੱਗਦਾ। ਮੁੱਖ ਮੰਤਰੀ ਖਾਣਾ ਦਿੰਦਾ ਹੈ, ਆਪੋਜ਼ੀਸ਼ਨ

ਬਾਈਕਾਟ ਕਰ ਦਿੰਦੀ ਹੈ। ਸਪੀਕਰ ਖਾਣਾ ਦਿੰਦਾ ਹੈ, ਆਪੋਜ਼ੀਸ਼ਨ ਬਾਈਕਾਟ ਕਰ ਦਿੰਦੀ ਹੈ। ਇਹ ਕੋਈ ਚੰਗੀ ਪਾਰਲੀਮੈਂਟਰੀ ਰਵਾਇਤ ਨਹੀਂ ਹੈ। ਬਜਟ ਪਾਸ ਹੋਵੇ, ਫਾਇਨਾਂਸ ਮਨਿਸਟਰ ਸਾਹਿਬ ਖਾਣਾ ਦੇਣ ਔਰ ਆਪੋਜ਼ੀਸ਼ਨ ਬਾਈਕਾਟ ਕਰੇ, ਇਹ ਕੋਈ ਸ਼ਲਾਘਾਯੋਗ ਕਦਮ ਨਹੀਂ। ਕਿਸੇ ਹਸਤੀ ਵੱਲੋਂ ਕਿਸੇ ਵੀ ਫੰਕਸ਼ਨ ਤੇ ਸੱਦਾ ਦਿੱਤਾ ਹੋਵੇ ਤਾਂ ਚੰਗਾ ਇਹੀ ਹੈ ਕਿ ਆਪੋਜ਼ੀਸ਼ਨ ਨੂੰ ਆਉਣਾ ਚਾਹੀਦਾ ਹੈ। ਮੈਂ ਇਹ ਵੀ ਕਹਾਂਗਾ ਕਿ ਸਮਾਜਿਕ ਅਤੇ ਪਰਿਵਾਰਿਕ ਮੌਕਿਆਂ ਤੇ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਆਪਾਂ ਸਾਰਿਆਂ ਨੂੰ ਹਾਜ਼ਰ ਹੋ ਕੇ ਨਵਾਂ ਮਾਹੌਲ ਪੈਦਾ ਕਰਨਾ ਚਾਹੀਦਾ ਹੈ। ਇਹ ਮੇਰੀ ਬੇਨਤੀ ਹੈ ਤੇ ਮੈਂ ਆਸ ਕਰਦਾ ਹਾਂ ਕਿ ਦੋਵੇਂ ਧਿਰਾਂ ਇਸ ਤੇ ਜ਼ਰੂਰ ਵਿਚਾਰ ਕਰਨਗੀਆਂ। ਮੈਂ ਇੱਥੇ ਇਹ ਵੀ ਦੱਸਣਾ ਚਹਾਂਗਾ ਕਿ ਰਾਜਪਾਲ ਜੀ ਦਾ ਭਾਸ਼ਣ ਮਿਤੀ 21 ਮਾਰਚ, 2012 ਨੂੰ ਹੋਣ ਜਾ ਰਿਹਾ ਹੈ ਜਿਸ ਵਿੱਚ ਸਰਕਾਰ ਦੀ ਸੁਮੱਚੀ ਦਿਸ਼ਾ ਅਤੇ ਪਾਲਿਸੀ ਦਾ ਵਰਨਣ ਹੋਵੇਗਾ। ਅਗਲੇ ਇੱਕ ਸਾਲ ਵਿੱਚ ਸਰਕਾਰ ਵੱਖ-ਵੱਖ ਮੁੱਦਿਆਂ ਨੂੰ ਕਿਸ ਤਰ੍ਹਾਂ ਹੱਲ ਕਰਨ ਜਾ ਰਹੀ ਹੈ ਗਵਰਨਰ ਸਪੀਚ ਵਿੱਚ ਇਸ ਦਾ ਵਰਨਣ ਹੋਵੇਗਾ। ਸਿੰਚਾਈ, ਬਿਜਲੀ, ਬੇਰੁਜ਼ਗਾਰੀ, ਸੂਚਨਾ ਤਕਨਾਲੋਜੀ, ਗਰੀਬੀ, ਅਨਪੜ੍ਹਤਾ, ਪਾਣੀ ਦੇ ਮੁੱਦਿਆ ਤੇ, ਸ਼ਡਿਊਲਡ ਕਾਸਟਜ਼, ਬੈਕਵਰਡ ਕਲਾਸਜ਼ ਦੀ ਭਲਾਈ ਆਦਿ ਦੇ ਮੁੱਦਿਆਂ ਤੇ ਸਰਕਾਰ ਦੀ ਪਹੁੰਚ ਦਾ ਪਤਾ ਲੱਗੇਗਾ। ਮੈਂਬਰਾਂ ਕੋਲ ਸੁਨਹਿਰੀ ਮੌਕਾ ਹੋਵੇਗਾ ਕਿ ਉਹ ਆਪਣੇ ਵਿਚਾਰ ਰਾਜਪਾਲ ਦੇ ਭਾਸ਼ਣ ਧੰਨਵਾਦ ਦੇ ਮਤੇ ਤੇ ਬੋਲਣ ਸਮੇਂ ਪ੍ਰਗਟ ਕਰ ਸਕਦੇ ਹਨ। ਇਸ ਸਦਨ ਵਿੱਚ ਲਗਭਗ 48 ਦੇ ਕਰੀਬ ਅਜਿਹੇ ਮੈਂਬਰ ਹਨ ਜੋ ਪਹਿਲੀ ਵਾਰ ਚੁਣ ਕੇ ਆਏ ਹਨ। ਇਨ੍ਹਾਂ ਸਾਰਿਆਂ ਨੂੰ ਮੈਂ ਵਧੀਆ ਅਤੇ ਖੁਸ਼ੀਆਂ ਭਰੇ ਸਿਆਸੀ ਜੀਵਨ ਦੀ ਵਧਾਈ ਦਿੰਦਾ ਹਾਂ ਅਤੇ ਕਾਮਨਾ ਕਰਦਾ ਹਾਂ। ਮੈਂ ਇਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਤੁਸੀਂ ਸਾਡਾ ਸਰਮਾਇਆ ਹੋ ਕਿਉਂਕਿ ਤੁਹਾਡੇ ਵਿਚੋਂ ਜ਼ਿਆਦਾਤਰ ਵਿਧਾਇਕ ਨੌਜਵਾਨ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ। ਤੁਹਾਡੇ ਲਈ ਸਭ ਤੋਂ ਜ਼ਰੂਰੀ ਹੈ ਕਿ ਤੁਸੀਂ ਰੂਲਜ਼ ਆਫ ਪਰੋਸੀਜ਼ਰ ਐਂਡ ਕੰਡੱਕਟ ਆਫ ਬਿਜ਼ਨਿਸ ਨੂੰ ਧਿਆਨ ਨਾਲ ਪੜ੍ਹੋ ਕਿਉਂਕਿ ਇਸ ਅਨੁਸਾਰ ਹੀ ਹਾਊਸ ਨੇ ਕੰਮ-ਕਾਜ ਕਰਨਾ ਹੈ। ਤੁਹਾਡੇ ਲਈ ਪੁਰਾਣੀਆਂ ਡਿਬੇਟਸ ਵੀ ਪੜ੍ਹਨੀਆਂ ਜ਼ਰੂਰੀ ਹਨ ਤਾਂ ਕਿ ਤੁਹਾਨੂੰ ਪਤਾ ਲੱਗ ਸਕੇ ਕਿ ਹਾਊਸ ਵਿੱਚ ਕਿਸ ਤਰ੍ਹਾਂ ਦੀ ਪੇਸ਼ਕਾਰੀ ਹੋਵੇ। ਮੈਂ ਮੀਡੀਆ ਨੂੰ ਅਪੀਲ ਕਰਾਂਗਾ ਕਿ ਉਹ ਉਸਾਰੂ ਸੋਚ ਨੂੰ ਅੱਗੇ ਰੱਖਦੇ ਹੋਏ ਚੰਗੀਆਂ ਡਿਬੇਟਸ ਅਤੇ ਡਿਸਕਸ਼ਨਜ਼ ਨੂੰ ਪ੍ਰਮੁੱਖਤਾ ਨਾਲ ਛਾਪਣ ਦੀ ਕੋਸ਼ਿਸ਼ ਕਰਨ ਤਾਂ ਕਿ ਲੋਕਾਂ ਨੂੰ ਵੀ ਸਹੀ ਪਤਾ ਲੱਗ ਸਕੇ ਕਿ ਕਿਸ ਮੁੱਦੇ ਤੇ ਕਿਹੋ ਜਿਹੀ ਬਹਿਸ ਹੋ ਰਹੀ ਹੈ। ਪਹਿਲੀ ਵਾਰ ਚੁਣ ਕੇ ਆਏ ਵਿਧਾਇਕਾਂ ਨੂੰ ਉਤਸ਼ਾਹ ਦੇਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਪਿਛਲੀ ਵਿਧਾਨ ਸਭਾ ਵੱਲੋਂ ਕਈ ਲੈਂਡ ਮਾਰਕ ਕਾਨੂੰਨ ਬਣਾਏ ਗਏ ਹਨ। ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦੀ ਦੂਰ-ਅੰਦੇਸ਼ੀ ਸੋਚ ਸਦਕਾ ਸਰਕਾਰੀ ਕੰਮ-ਕਾਜ ਨੂੰ ਸਮੇਂ ਸਿਰ ਨਿਪਟਾਉਣ ਅਤੇ ਪਾਰਦਰਸ਼ਤਾ ਨੂੰ ਵਧਾਉਂਦੇ ਹੋਏ ਰਾਈਟ-ਟੂ-ਸਰਵਿਸ-ਐਕਟ, 2011 ਬਣਾਇਆ ਗਿਆ ਹੈ, ਜਿਸ ਰਾਹੀਂ 64 ਲੋਕ ਸੇਵਾਵਾਂ ਨੂੰ ਨਿਸ਼ਚਿਤ ਸਮੇਂ ਦੌਰਾਨ

[ਮਾਨਯੋਗ ਸਪੀਕਰ]

ਜਨਤਾ ਨੂੰ ਪ੍ਰਦਾਨ ਕਰਨਾ ਜ਼ਰੂਰੀ ਕੀਤਾ ਗਿਆ ਹੈ। ਅਜਿਹੇ ਹੀ ਕਈ ਹੋਰ ਲੋਕ ਭਲਾਈ ਦੇ ਕੰਮ ਅਤੇ ਪਾਲਿਸੀ ਮੈਟਰ ਪਿਛਲੀ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਹਨ। ਸੋ, ਅੰਤ ਵਿੱਚ ਮੈਂ ਸਦਨ ਦੇ ਨੇਤਾ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਵਿਰੋਧੀ ਧਿਰ ਦੇ ਨੇਤਾ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ, ਸ਼੍ਰੀ ਚੂਨੀ ਲਾਲ ਭਗਤ ਜੀ ਅਤੇ ਬਾਕੀ ਮੈਂਬਰ ਸਾਹਿਬਾਨ ਅਤੇ ਮੀਡੀਆ ਦਾ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹੋਇਆ ਆਸ ਕਰਦਾ ਹਾਂ ਕਿ ਅਸੀਂ ਸਾਰੇ ਇਸ ਸਦਨ ਦੀ ਮਾਣ-ਮਰਿਆਦਾ, ਪ੍ਰਭੁਸੱਤਾ ਅਤੇ ਪ੍ਰਤਿਸ਼ਠਤਾ ਨੂੰ ਸਮਝਦੇ ਹੋਏ ਆਪਣੇ ਫਰਜ਼ਾਂ ਨੂੰ ਨਿਭਾਵਾਂਗੇ। ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਸਾਡਾ ਇੱਕੋ-ਇੱਕ ਉਦੇਸ਼ ਹੋਵੇਗਾ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

ELECTION OF DEPUTY SPEAKER

ਮਾਨਯੋਗ ਸਪੀਕਰ : ਹੁਣ ਡਿਪਟੀ ਸਪੀਕਰ ਦੀ ਚੋਣ ਹੋਵੇਗੀ। ਮੈਂ ਸਦਨ ਦੇ ਨੇਤਾ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪ੍ਰਸਤਾਵ ਪੇਸ਼ ਕਰਨ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ-

'ਕਿ ਸ਼੍ਰੀ ਦਿਨੇਸ਼ ਸਿੰਘ, ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਜਾਵੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸਪੀਕਰ ਸਾਹਿਬ, ਜੋ ਪ੍ਰਸਤਾਵ ਮੁੱਖ ਮੰਤਰੀ ਜੀ ਵੱਲੋਂ ਆਇਆ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

'ਕਿ ਸ਼੍ਰੀ ਦਿਨੇਸ਼ ਸਿੰਘ, ਜੋ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਹਨ ਅਤੇ ਇਸ ਸਮੇਂ ਸਦਨ ਵਿੱਚ ਹਾਜ਼ਰ ਹਨ, ਨੂੰ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਜਾਵੇ।

ਕੀ ਕੋਈ ਹੋਰ ਪ੍ਰਸਤਾਵ ਹੈ ਜਾਂ ਯੂਨਾਨੀਮਸਲੀ ਚੁਣਾਓ ਕਰਨਾ ਹੈ?

ਸ਼੍ਰੀ ਸੁਨੀਲ ਕੁਮਾਰ ਜਾਖੜ : ਸਪੀਕਰ ਸਾਹਿਬ, ਮੈਂ ਤਾਂ ਗੱਲ ਕਰਦੇ ਹੋਏ ਮੁੱਖ ਮੰਤਰੀ ਸਾਹਿਬ ਨੂੰ ਸੁਜੈਸ਼ਨ ਦਿੱਤਾ ਸੀ ਅਤੇ ਹਾਈ ਟਰੈਡੀਸ਼ਨ, ਹਾਈ ਕਸਟਮਜ਼ ਦੀ ਗੱਲ ਕਹੀ ਸੀ but since he has opted for this, we will second the motion.

MR. SPEAKER : Thank you. ਕਿਉਂਕਿ ਕਿਸੇ ਹੋਰ ਮਾਨਯੋਗ ਮੈਂਬਰ ਦੁਆਰਾ ਕੋਈ ਪ੍ਰਸਤਾਵ ਪੇਸ਼ ਨਹੀਂ ਕੀਤਾ ਗਿਆ, ਇਸ ਲਈ ਮੈਂ ਸ਼੍ਰੀ ਦਿਨੇਸ਼ ਸਿੰਘ, ਐਮ.ਐਲ.ਏ., ਨੂੰ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਸਰਬ ਸੰਮਤੀ ਨਾਲ ਚੁਣੇ ਜਾਣ ਦਾ ਐਲਾਨ ਕਰਦਾ ਹਾਂ। (ਥੰਪਿੰਗ) ਮੈਂ, ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਨੂੰ, ਆਪੋਜ਼ੀਸ਼ਨ ਦੇ ਲੀਡਰ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੂੰ ਅਤੇ ਸ਼੍ਰੀ ਚੂਨੀ ਲਾਲ ਭਗਤ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਡਿਪਟੀ ਸਪੀਕਰ ਦੀ ਕੁਰਸੀ ਤੇ ਬਿਠਾਉਣ।

(ਇਸ ਸਮੇਂ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ, ਸ਼੍ਰੀ ਚੂਨੀ ਲਾਲ ਭਗਤ, ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ, ਸ਼੍ਰੀ ਅਨਿਲ ਜ਼ੋਸ਼ੀ, ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਅਤੇ ਸ਼੍ਰੀ ਕੇ.ਡੀ.ਭੰਡਾਰੀ, ਐਮ.ਐਲ.ਏ. ਵੱਲੋਂ ਸ਼੍ਰੀ ਦਿਨੇਸ਼ ਸਿੰਘ ਨੂੰ ਮਾਨਯੋਗ ਡਿਪਟੀ ਸਪੀਕਰ ਦੀ ਕੁਰਸੀ ਤੇ ਬਿਰਾਜਮਾਨ ਕੀਤਾ ਗਿਆ।)

CONGRATULATORY SPEECHES

ਮਾਨਯੋਗ ਸਪੀਕਰ : ਮੈਂ ਹੁਣ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਆਪਣਾ ਵਧਾਈ ਸੰਦੇਸ਼ ਦੇਣ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਬੜੀ ਖੁਸ਼ੀ ਹੈ ਕਿ ਪਿੰਡਾਂ ਦੇ ਨਾਲ ਤੇ ਆਮ ਲੋਕਾਂ ਦੇ ਨਾਲ ਜੁੜੀ ਇਕ ਨੌਜਵਾਨ ਸ਼ਖਸੀਅਤ, ਸ਼੍ਰੀ ਦਿਨੇਸ਼ ਸਿੰਘ ਜੀ, ਸਰਬਸੰਮਤੀ ਨਾਲ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਚੁਣੇ ਗਏ ਹਨ। ਇਨ੍ਹਾਂ ਦਾ ਮੇਰੇ ਨਾਲ ਪਿਛਲੀ ਟਰਮ ਦਾ ਵਾਸਤਾ ਹੈ ਅਤੇ ਮੈਂ ਵੇਖਿਆ ਹੈ ਕਿ ਇਨ੍ਹਾਂ ਨੇ ਪੰਜ ਸਾਲਾਂ ਦੇ ਵਿਚ ਕੋਈ ਆਪਣਾ ਜ਼ਾਤੀ ਕੰਮ ਨਹੀਂ ਆਖਿਆ, ਇਹ ਹਮੇਸ਼ਾਂ ਲੋਕ ਭਲਾਈ ਦੇ ਕੰਮ ਕਰਦੇ ਹਨ। ਇਨ੍ਹਾਂ ਨੇ ਆਪਣੇ ਹਲਕੇ ਦੇ ਵਿਚ ਵੀ ਬਹੁਤ ਕੰਮ ਕੀਤਾ ਹੈ ਅਤੇ ਲੋਕਾਂ ਨੇ ਇਨ੍ਹਾਂ ਦੇ ਕੰਮ ਦੀ ਕਦਰ ਵੀ ਕੀਤੀ ਹੈ ਔਰ ਇਨ੍ਹਾਂ ਨੂੰ ਮਾਣ ਦਿੱਤਾ ਹੈ। ਮੈਂ ਧੰਨਵਾਦੀ ਹਾਂ ਭਾਰਤੀ ਜਨਤਾ ਪਾਰਟੀ ਦਾ ਕਿ ਉਨ੍ਹਾਂ ਨੇ ਇੱਕ ਬੜੇ ਸੂਝਵਾਨ ਵਰਕਰ ਅਤੇ ਬੜੇ ਸੂਝਵਾਨ ਅਸੈਂਬਲੀ ਦੇ ਮੈਂਬਰ ਨੂੰ ਇਹ ਵੱਡਾ ਅਹੁਦਾ ਬਖਸ਼ਿਆ ਹੈ। ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਇਹ ਤੁਹਾਡੀ ਗਾਈਡੈਂਸ ਦੇ ਨਾਲ ਆਪਣੇ ਅਹੁਦੇ ਤੇ ਪੂਰੀ ਤਰ੍ਹਾਂ ਕਾਮਯਾਬੀ ਨਾਲ ਕੰਮ ਕਰ ਸਕਣਗੇ। ਚੌਧਰੀ ਸਾਹਿਬ, ਆਪੋਜ਼ੀਸ਼ਨ ਦਾ ਮੇਰੇ ਦਿਲ ਵਿੱਚ ਬੇਹੱਦ ਸਤਿਕਾਰ ਹੈ। ਇਨ੍ਹਾਂ ਨੇ ਫੁਰਮਾਇਆ ਸੀ ਕਿ ਪ੍ਰੰਪਰਾਵਾਂ ਕੁਝ ਹੋਰ ਸਨ। ਦੇਖੋ, ਦਿੱਲੀ ਦੀ ਪ੍ਰੰਪਰਾ ਕੁਝ ਹੋਰ ਹੈ ਅਤੇ ਆਪਣੀ ਕੁਝ ਹੋਰ ਹੈ। ਜੇਕਰ ਕਦੇ ਤੁਸੀਂ ਇਹ ਪ੍ਰੰਪਰਾ ਸੈੱਟ ਕਰ ਦਿੰਦੇ ਤਾਂ ਅਸੀਂ ਵੀ ਸੈੱਟ ਕਰ ਦਿੰਦੇ।

[ਮੁੱਖ ਮੰਤਰੀ]

(ਕੁਝ ਅਵਾਜ਼ਾਂ : ਤੁਸੀਂ ਕਿਹਾ ਸੀ ਕਿ ਨਵੀਆਂ ਪਿਰਤਾਂ ਪਾਵਾਂਗੇ।)

ਮੇਰੀ ਗੱਲ ਤਾਂ ਸੁਣ ਲਓ। ਪਹਿਲੀ ਗੱਲ ਤਾਂ ਇਹ ਕਿ ਜੇਕਰ ਕੋਈ ਬੋਲਦਾ ਹੈ ਤਾਂ ਉਸ ਦੀ ਗੱਲ ਠੰਢੇ ਦਿਲ ਨਾਲ ਸੁਣ ਲਓ। ਹਾਲੇ ਤਾਂ ਸ਼ੁਕਰ ਹੈ ਕਿ ਰੌਲਾ ਪਾਉਣ ਵਾਲੇ ਬੰਦੇ ਨਹੀਂ ਆਏ (ਹਾਸਾ) ਪਰ ਹਾਲੇ ਦੋ ਕੁ ਬੈਠੇ ਹਨ। ਚਲੋ, ਕੋਈ ਗੱਲ ਨਹੀਂ ਜੇ ਅਜਿਹੇ ਨਾ ਹੋਣ ਤਾਂ ਸਦਨ ਦੀ ਦਿਲਚਸਪੀ ਘੱਟ ਜਾਂਦੀ ਹੈ। ਜਿਸ ਦਿਨ ਦੀ ਇਹ ਨਵੀਂ ਇਲੈਕਸ਼ਨ ਹੋਈ ਹੈ, ਮੈਂ ਉਨ੍ਹਾਂ ਪ੍ਰੰਪਰਾਵਾਂ ਤੇ ਕਾਇਮ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਕੋਈ ਵੀ ਨਵੀਂ ਗੌਰਮਿੰਟ ਬਣਦੀ ਹੈ ਤਾਂ ਸਭ ਤੋਂ ਪਹਿਲੀ ਪ੍ਰੰਪਰਾ ਇਹ ਹੁੰਦੀ ਹੈ ਕਿ ਜਿਹੜਾ ਹਲਫ਼ ਦਾ ਸਮਾਂ ਹੁੰਦਾ ਹੈ ਇਹ ਕੋਈ ਪੁਲੀਟੀਕਲ ਨਹੀਂ ਮੰਨਿਆ ਜਾਂਦਾ। ਸਰਦਾਰ ਅਮਰਿੰਦਰ ਸਿੰਘ, ਜਿਹੜੇ ਕਿ ਤਕਰੀਬਨ ਸਮਝਦੇ ਸਨ ਕਿ ਮੈਂ ਮੁੱਖ ਮੰਤਰੀ ਬਣ ਜਾਣਾ ਹੈ, ਇਸ ਵਾਸਤੇ ਪਾਰਟੀਆਂ ਵੀ ਹੋ ਗਈਆਂ, ਪਾਰਟੀਆਂ ਦੇਣ ਵਾਲੇ ਵੀ ਇੱਥੇ ਬੈਠੇ ਹਨ (ਹਾਸਾ), ਜਸ਼ਨ ਵੀ ਹੋ ਗਏ, ਤਾਜ਼ਪੋਸ਼ੀਆਂ ਵੀ ਹੋ ਗਈਆਂ, ਬੈਂਡ ਵੀ ਆ ਗਏ, ਵਾਜੇ ਵੀ ਆ ਗਏ, ਉਨ੍ਹਾਂ ਨੂੰ ਵੀ ਮੈਂ ਟੈਲੀਫੋਨ ਕੀਤਾ ਕਿ ਮਹਾਰਾਜ ਜੀ, ਤੁਸੀਂ ਜ਼ਰੂਰ ਹਲਫ਼ ਤੇ ਆਇਓ। ਬੀਬੀ ਭੱਠਲ ਵੀ ਹੈ ਨਹੀਂ, ਥੋੜ੍ਹੇ ਜਿਹੇ ਉਦਾਸ ਹਨ, ਉਨ੍ਹਾਂ ਨੂੰ ਵੀ ਮੈਂ ਹੱਥ ਬੰਨ੍ਹ ਕੇ ਟੈਲੀਫੋਨ ਕੀਤਾ। ਤੁਸੀਂ ਸਾਰੇ ਭਰਾ ਬੈਠੇ ਹੋ, ਸਾਰਿਆਂ ਨੂੰ ਚਿੱਠੀਆਂ ਪਾਈਆਂ ਹਨ..

ਸਰਦਾਰ ਕੁਲਜੀਤ ਸਿੰਘ ਨਾਗਰਾ : ਸਾਨੂੰ ਕਿਸੇ ਨੂੰ ਨਹੀਂ ਮਿਲੀ ਜੀ।

ਮੁੱਖ ਮੰਤਰੀ : ਨਹੀਂ, ਮੈਂ ਸਾਰਿਆਂ ਨੂੰ ਪਾਈ ਹੈ। ਤੁਹਾਨੂੰ ਇਕੱਲਿਆਂ ਨੂੰ ਨਹੀਂ ਮਿਲੀ ਹੋਣੀ, ਤੁਸੀਂ ਬਾਹਰ ਸੈਰ ਨੂੰ ਗਏ ਹੋਵੋਗੇ। ਬਾਕੀ ਬੈਠੇ ਹਨ ਇਨ੍ਹਾਂ ਨੂੰ ਪੁੱਛ ਲਓ। ਮੈਂ ਇਹ ਗੱਲ ਰਿਕਾਰਡ ਤੇ ਕਹਿ ਸਕਦਾ ਹਾਂ....

ਉੱਪ ਮੁੱਖ ਮੰਤਰੀ (ਬੈਠੇ-ਬੈਠੇ) : ਜਿਨ੍ਹਾਂ ਨੂੰ ਨਹੀਂ ਮਿਲੀ, ਅਗਲੀ ਵਾਰ ਭੇਜ ਦੇਵਾਂਗੇ। (ਹਾਸਾ)

ਮੁੱਖ ਮੰਤਰੀ : ਆਪਾਂ ਇਸ ਬਹਿਸ ਵਿੱਚ ਨਹੀਂ ਪੈਣਾ। ਉਦੋਂ ਸਦਮਾ ਹੀ ਅਜਿਹਾ ਸੀ ਕਿ ਚਿੱਠੀ ਕੋਈ ਪੜ੍ਹਦਾ ਹੀ ਨਹੀਂ ਸੀ (ਹਾਸਾ) ਉਹ ਤਾਂ ਰਜਾਈ ਲੈ ਕੇ ਸੌਣ ਦਾ ਮੌਕਾ ਸੀ। ਮੈਂ ਕਦੇ ਸਟੇਜ ਤੇ ਖੜ੍ਹ ਕੇ ਝੂਠ ਨਹੀਂ ਬੋਲਦਾ। ਦੂਜੀ ਪ੍ਰੰਪਰਾ ਇਹ ਕਿ ਮੈਂ ਕੱਲ੍ਹ ਜਾਖੜ ਸਾਹਿਬ ਨੂੰ ਇਨਫਰਮੇਸ਼ਨ ਦਿੱਤੀ ਸੀ, ਰਿਕੁਐਸਟ ਕੀਤੀ ਸੀ ਕਿ ਮੈਂ ਤੁਹਾਡੀ ਸਹਿਮਤੀ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਸੀ ਕਿ ਸਾਡਾ ਇਹ ਹੱਕ ਹੈ। ਮੈਂ ਕਹਾਂਗਾ ਕਿ ਇਹ ਪਹਿਲੀ ਦਫ਼ਾ ਹੈ, ਮੈਂ ਇਸ ਨੂੰ ਕੰਸਲਟੇਸ਼ਨ ਨਹੀਂ ਕਹਿ ਸਕਦਾ, ਇਨਫਰਮੇਸ਼ਨ ਜ਼ਰੂਰ ਕਹਿ ਸਕਦਾ ਹਾਂ ਕਿ ਇਨ੍ਹਾਂ ਨੂੰ ਇਨਫਰਮੇਸ਼ਨ ਦਿੱਤੀ ਸੀ। ਮੈਨੂੰ 4-5 ਸੱਜਣ ਜਿਹੜੇ ਬੜੇ ਸੀਨੀਅਰ ਹਨ, ਇੱਕਠੇ ਹੋ ਕੇ ਕਹਿਣ ਲੱਗੇ ਕਿ, ਬਾਦਲ ਸਾਹਿਬ, ਅਸੀਂ ਤਾਂ ਚਾਹੁੰਦੇ ਸੀ ਕਿ ਐਤਕੀਂ ਤੁਸੀਂ ਇੱਥੇ ਬੈਠੋ। ਮੈਂ ਕਿਹਾ ਮੈਨੂੰ ਕੋਈ ਤਕਲੀਫ਼ ਨਹੀਂ, ਮੈਂ ਹੁਣ ਬੈਠ ਜਾਂਦਾ ਹਾਂ। ਮੈਨੂੰ ਨਾ ਇੱਥੇ ਦਾ ਫਰਕ ਹੈ ਅਤੇ ਨਾ ਉਥੇ ਦਾ ਫਰਕ ਹੈ। ਮੈਂ ਤਾਂ ਜ਼ਿੰਦਗੀ ਵਿੱਚ ਇਥੇ ਵੀ

ਬਹੁਤ ਬੈਠਾ ਹਾਂ ਅਤੇ ਉਥੇ ਵੀ ਬਹੁਤ ਬੈਠਾ ਹਾਂ (ਹਾਸਾ) ਫਰਕ ਬੱਸ ਥੋੜ੍ਹਾ ਜਿਹਾ ਹੈ, ਜਿਹੜਾ ਤੁਸੀਂ ਨਹੀਂ ਮਨਾਉਂਦੇ ਅਸੀਂ ਮਨਾ ਲੈਂਦੇ ਹਾਂ। ਤੁਸੀਂ ਖੂੰਡੇ ਫੜ੍ਹ ਲੈਂਦੇ ਹੋ ਅਤੇ ਅਸੀਂ ਹੱਥ ਬੰਨ੍ਹ ਲੈਂਦੇ ਹਾਂ। ਮੇਰੀ ਗੱਲ ਮੰਨ ਲਓ, ਖੂੰਡੇ ਨਾ ਫੜੋ ਹੱਥ ਬੰਨ੍ਹ ਲਓ। (ਵਿਘਨ) ਬੜਾ ਮੌਕਾ ਹੈ, ਇਸ ਬਾਰੇ ਫੇਰ ਗੱਲ ਕਰ ਲਵਾਂਗੇ। ਮੈਂ, ਡਿਪਟੀ ਸਪੀਕਰ, ਸ਼੍ਰੀ ਦਿਨੇਸ਼ ਸਿੰਘ ਜੀ ਨੂੰ, ਜਿਨ੍ਹਾਂ ਦਾ ਪਿਆਰ ਦਾ ਨਾਂ ਬੱਬੂ ਹੈ, ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ ਬਹੁਤ-ਬਹੁਤ ਮੁਬਾਰਕਾਂ। (ਥੰਪਿੰਗ)

ਸ਼੍ਰੀ ਸੁਨੀਲ ਕੁਮਾਰ ਜਾਖੜ (ਅਬੋਹਰ) : ਸਪੀਕਰ ਸਾਹਿਬ, ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਬਹੁਤ ਹੀ ਨੌਜਵਾਨ, ਲੋਕਾਂ ਦੇ ਚੁਣੇ ਹੋਏ ਵਿਧਾਇਕ ਸ਼੍ਰੀ ਦਿਨੇਸ਼ ਸਿੰਘ ਜੀ ਨੂੰ ਡਿਪਟੀ ਸਪੀਕਰ ਦੇ ਤੌਰ ਤੇ ਵਧਾਈ ਦੇਣ ਵਾਸਤੇ ਖੜ੍ਹਾ ਹੋਇਆ ਹਾਂ। ਇਹ ਵਿਧਾਨ ਸਭਾ ਵਿੱਚ ਦੂਜੀ ਵਾਰ ਚੁਣ ਕੇ ਆਏ ਹਨ। ਲੋਕਾਂ ਦੇ ਨੁਮਾਇੰਦੇ ਹੋਣ ਦੇ ਨਾਤੇ ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੀਆਂ ਦੁੱਖ-ਤਕਲੀਫਾਂ ਅਤੇ ਔਕੜਾਂ ਦਾ ਬਹੁਤ ਤਜਰਬਾ ਹੈ। ਇਹ ਇੱਥੇ ਵਿਧਾਇਕ ਦੇ ਤੌਰ ਤੇ ਬਹੁਤ ਚੰਗੀ ਤਰ੍ਹਾਂ ਇਸ ਗੱਲ ਨੂੰ ਸਮਝਦੇ ਹਨ। ਮੈਂ ਸਮਝਦਾ ਹਾਂ ਕਿ ਆਪਣੇ ਇਸ ਐਕਸਪੀਰੀਐਂਸ ਤੇ ਜੋ ਇਨ੍ਹਾਂ ਦੀ ਯੂਥਫੁੱਲ ਐਨਰਜੀ ਹੈ, ਉਸ ਦਾ ਸਹੀ ਮਾਅਨਿਆਂ ਵਿੱਚ ਵਿਧਾਨ ਸਭਾ ਵਿੱਚ ਸੈਂਸ ਆਫ ਦਿ ਹਾਊਸ ਲੈ ਕੇ ਬੜੇ ਚੰਗੇ ਤਰੀਕੇ ਨਾਲ ਨਿਰਬਾਹ ਕਰਨਗੇ। ਆਪਾਂ ਸਾਰੇ ਇਥੇ ਪੁਲੀਟੀਕਲੀ ਮਚਿਉਰ ਬੰਦੇ ਬੈਠੇ ਹਾਂ। ਸਪੀਕਰ ਸਾਹਿਬ, ਸਾਰੇ ਇਸ ਗੱਲ ਨੂੰ ਸਮਝਦੇ ਹਨ। ਅਸੀਂ ਵੀ ਸਮਝਦੇ ਹਾਂ ਤੁਸੀਂ ਵੀ ਚੰਗੀ ਤਰ੍ਹਾਂ ਸਮਝਦੇ ਹੋ। I am sorry to say, ਨਾਰਮਲੀ ਤਾਂ ਤੁਹਾਡੇ ਵਾਲੀ ਜਿਹੜੀ ਸੀਟ ਹੈ ਇਸ ਨੂੰ ਤਾਂ ਰਾਜਨੀਤਿਕ ਲਾਈਨ ਵਿੱਚ ਖੁੱਡੇ ਲਾਈਨ ਲਗਾਉਣ ਵਾਲੀ ਸੀਟ ਸਮਝਿਆ ਜਾਂਦਾ ਹੈ ਕਿ ਚਲੋ ਮੰਤਰੀ ਨਹੀਂ ਬਣਾਉਣਾ ਤਾਂ ਉਧਰ ਤੋਰ ਦਿਉ। ਪਰ, ਸਪੀਕਰ ਸਾਹਿਬ, ਤੁਸੀਂ ਸਹੀ ਪੁਆਇੰਟ ਆਊਟ ਕੀਤਾ ਹੈ ਕਿ ਜਿਸ ਤਰ੍ਹਾਂ ਦਾ ਆਪਣਾ ਪਾਰਲੀਮੈਂਟਰੀ ਸਿਸਟਮ ਹੈ, ਜਿਸ ਤਰ੍ਹਾਂ ਸਰਕਾਰ ਅਤੇ ਬਿਊਰੋਕਰੇਸੀ ਤੇ ਚੈੱਕ ਰੱਖਣ ਦੀ ਗੱਲ ਹੈ ਮੈਂ ਸਮਝਦਾ ਹਾਂ ਕਿ ਸਹੀ ਮਾਅਨਿਆਂ ਵਿੱਚ ਇਹ ਤੁਹਾਡੇ ਵਾਲੀ ਕੁਰਸੀ ਹੈ। Even though he has been just nominated as Deputy Speaker, but still I think that a man will make the Chair not the Chair will make a man. ਇਹ ਆਪਣੀ ਕਾਬਲੀਅਤ ਦੇ ਤੌਰ ਤੇ ਇਸ ਚੀਜ਼ ਨੂੰ ਦਿਖਾਉਣਗੇ ਕਿ ਕਿਸ ਤਰ੍ਹਾਂ ਸਿਸਟਮ ਚੱਲਣਾ ਚਾਹੀਦਾ ਹੈ। (ਆਪੋਜੀਸ਼ਨ ਵੱਲੋਂ ਥੰਪਿੰਗ) ਇਹ ਸਿਰਫ ਸਾਡੇ ਪਾਸੇ ਵੱਲ ਬੈਠੇ ਹੀ ਨਹੀਂ ਸਨ, ਸਾਨੂੰ ਮੌਕਾ ਜ਼ਰੂਰ ਮਿਲੇਗਾ ਕਿ during the coures of the House ਅਸੀਂ ਆਪਣੀਆਂ ਜੋ ਵੀ ਦੁੱਖ-ਤਕਲੀਫਾਂ ਆਉਣਗੀਆਂ, ਸਾਡੇ ਸਾਥੀਆਂ ਨੂੰ ਜਿਹੜੀਆਂ ਪ੍ਰਾਬਲਮਜ਼ ਆਉਣਗੀਆਂ, ਅਸੀਂ ਇਨ੍ਹਾਂ ਦੇ ਜ਼ਰੀਏ ਜ਼ਰੂਰ ਰੱਖਾਂਗੇ। But I expect him to really stand up and show his energy that he carries as a youth. ਜਿਹੜਾ ਅੱਜ ਲੋਕ ਕਹਿੰਦੇ ਹਨ ਕਿ ਨਵੀਂ ਪੀੜ੍ਹੀ ਅੱਗੇ ਆ ਰਹੀ ਹੈ, ਰਾਜੀਵ ਗਾਂਧੀ ਜੀ ਨੇ ਵੋਟ ਪਾਉਣ ਲਈ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਨਿਰਧਾਰਤ ਕੀਤੀ ਹੈ। ਸਹੀ

[ਸ਼੍ਰੀ ਸੁਨੀਲ ਕੁਮਾਰ ਜਾਖੜ]

ਮਾਅਨਿਆਂ ਵਿੱਚ ਯੂਥ ਇਹ ਹਨ, ਸਾਨੂੰ ਤਾਂ ਇਵੇਂ ਹੀ ਕਹਿ ਦਿੰਦੇ ਹੰਨ ਕਿ ਯੂਥ ਨੂੰ ਕਾਂਗਰਸ ਲੈਜਿਸਲੇਚਰ ਪਾਰਟੀ ਦਾ ਲੀਡਰ ਬਣਾ ਦਿੱਤਾ ਹੈ, ਅਸੀਂ ਤਾਂ ਹੁਣ 57-58 ਸਾਲ ਦੇ ਹੋ ਗਏ ਹਾਂ, ਦੋ ਸਾਲਾਂ ਬਾਅਦ ਤਾਂ ਰਿਟਾਇਰਮੈਂਟ ਹੋ ਜਾਂਦੀ ਹੈ। They are real face of youth of this country. ਲੋਕ ਇਨ੍ਹਾਂ ਵੱਲ ਝਾਕਦੇ ਆਏ ਸ਼ੀ। I think he will make his mark and not confine by the norms. ਉਹ ਤਾਂ ਬੰਦੇ ਤੇ ਡਿਪੈਂਡ ਕਰਦਾ ਹੈ। ਇਹ ਆਪਣੇ ਆਪ ਇਨੀਸ਼ੀਏਟਿਵ ਲੈ ਕੇ ਪੂਰੇ ਹਾਊਸ ਨੂੰ ਨਾਲ ਲੈ ਕੇ ਚੱਲਣਗੇ। He is not only a help to you, he is also a great help in maintaining the hormony in the House. ਪਰ ਇਸ ਦੇ ਨਾਲ-ਨਾਲ ਬਾਦਲ ਸਾਹਿਬ ਨੇ ਜਿਸ ਤਰ੍ਹਾਂ ਕਿਹਾ ਸੀ ਕਿ ਇਨ੍ਹਾਂ ਨੇ ਖੂੰਡਾ ਫੜ੍ਹ ਲਿਆ ਅਤੇ ਅਸੀਂ ਹੱਥ ਜੋੜ ਲੈਂਦੇ ਹਾਂ, ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਗੁਜਾਰਿਸ਼ ਇਹੀ ਹੈ ਕਿ ਹਾਊਸ ਦੀਆਂ ਪ੍ਰੰਪਰਾਵਾਂ.....

ਮਾਨਯੋਗ ਸਪੀਕਰ : ਮਾਹੌਲ ਠੀਕ ਹੋਣਾ ਚਾਹੀਦਾ ਹੈ।

ਸ਼੍ਰੀ ਸੁਨੀਲ ਕੁਮਾਰ ਜਾਖੜ : ਸਰ, ਮੈਂ ਤਾਂ ਕੱਲ੍ਹ ਵਾਲੀ ਗੱਲ ਵਾਸਤੇ ਕਹਿ ਰਿਹਾ ਹਾਂ। ਸਾਡੀ ਮਜਬੂਰੀ ਹੈ। ਇੱਕ ਮਿੰਟ ਵੇਖ ਲਉ, ਕੱਲ੍ਹ ਨੂੰ ਗਵਰਨਰ ਐਡਰੈਸ ਹੋਣਾ ਹੈ, ਗਵਰਨਰ ਐਡਰੈਸ ਉਤੇ, ਅਸੀਂ ਪੁਲੰਦਾ ਅੱਜ ਚੁੱਕੀ ਫਿਰਦੇ ਹਾਂ। ਅਸ਼ਵਨੀ ਸ਼ੇਖੜੀ ਹੋਰੀਂ ਇੱਥੇ ਬੈਠੇ ਹੋਣੇ ਹਨ, ਉਨ੍ਹਾਂ ਦੀ ਕੋਈ ਦੁੱਖ-ਤਕਲੀਫ ਹੈ। Speaker Sahib, I am saying this so that this House functions in a proper manner. ਦੁੱਖ-ਤਕਲੀਫਾਂ ਹੁੰਦੀਆਂ ਹਨ, ਬਾਦਲ ਸਾਹਿਬ ਜਦੋਂ ਇੰਨਾ ਕੁਝ ਕਹਿ ਰਹੇ ਹਨ, ਪੇਪਰ ਦੇ ਵਿੱਚ ਬਿਆਨ ਆਇਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਉਹ ਲਿਸਟ ਦੇ ਦੇਣ, (ਵਿਘਨ) ਇੱਕ ਮਿੰਟ ਜੀ, ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਉ। ਇਹ ਕਹਿੰਦੇ ਕਿ ਮੈਨੂੰ ਉਹ ਲਿਸਟ ਦੇ ਦੇਣ ਅਤੇ ਮੈਂ ਉਸ ਨੂੰ ਦੇਖ ਲਵਾਂਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਲਿਸਟ ਸਾਡੇ ਕੋਲ ਤਿਆਰ ਪਈ ਹੈ। All I expect from him is that he says: 'I will get back to you before I stand in this House.' ਜਿਹੜੀ ਗਵਰਨਰ ਐਡਰੈਸ ਤੇ ਡਿਬੇਟ ਹੋਵੇਗੀ, ਇਹ ਯਕੀਨ ਦਿਵਾ ਦੇਣ ਕਿ ਉਸ ਤੋਂ ਪਹਿਲਾਂ ਜਵਾਬ ਦੇ ਦੇਣਗੇ ਨਹੀਂ ਤਾਂ ਅਸੀਂ ਫਿਰ ਉਹੀ ਵਾਕ-ਆਊਟ, ਉਹੀ ਮੁਜ਼ਾਹਰੇ ਜਿਹੜਾ ਤੁਸੀਂ ਕਿਹਾ ਹੈ ਕਿ ਰੌਲਾ ਪਾਉਣ ਵਾਲੀ ਗੱਲ, don't make us that shouting brigade. ਸਾਨੂੰ ਉਸ ਗੱਲ ਵਾਸਤੇ ਮਜਬੂਰ ਨਾ ਕੀਤਾ ਜਾਵੇ। ਅਸੀਂ ਉਮੀਦ ਕਰਦੇ ਹਾਂ ਕਿ ਸਾਡੀ ਦੁੱਖ-ਤਕਲੀਫ ਨੂੰ ਦੂਰ ਕਰਨਗੇ। This is all I expect from him as an Opposition Leader. Thank you.

ਉੱਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਜਾਖੜ ਸਾਹਿਬ, ਤੁਸੀਂ ਹਾਊਸ ਵਿੱਚ ਲੀਡਰ ਆਫ ਦੀ ਆਪੋਜੀਸ਼ਨ ਬਣੇ ਹੋ, ਮੈਂ ਤੁਹਾਨੂੰ ਵਧਾਈ ਦੇਣੀ ਚਾਹੁੰਦਾ ਹਾਂ। ਜਿਹੜਾ ਤੁਸੀਂ ਜ਼ਿਕਰ ਕੀਤਾ ਸੀ, ਪਿਛਲੀ ਵਾਰ ਵੀ ਮਹਾਰਾਜਾ ਸਾਹਿਬ ਵੇਲੇ ਲਗਾਤਾਰ ਤਿੰਨ-ਚਾਰ ਸਾਲ 40,000 ਕੇਸਾਂ ਦਾ ਜ਼ਿਕਰ ਕੀਤਾ ਗਿਆ। ਅਸੀਂ ਹਰ ਜਗ੍ਹਾ

ਤੇ ਅਖਬਾਰਾਂ ਰਾਹੀਂ ਅਤੇ ਹਾਊਸ ਦੇ ਵਿੱਚ ਵੀ ਬੇਨਤੀ ਕੀਤੀ ਕਿ ਸਾਨੂੰ 40,000 ਕੇਸਾਂ ਦੇ ਨਾਂ ਦਿਉ ਕਿ ਉਹ ਕਿਹੜੇ 40,000 ਕੇਸ ਹਨ ਕਿਉਂਕਿ ਅਸੀਂ ਉਨ੍ਹਾਂ ਤੇ ਤਾਂ ਹੀ ਐਕਸ਼ਨ ਲੈ ਸਕਾਂਗੇ। ਹੁਣ ਵੀ ਮੈਂ ਹਾਊਸ ਨੂੰ ਐਸ਼ਿਉਰ ਕਰਦਾ ਹਾਂ, ਐਜ-ਏ-ਹੋਮ-ਮਨਿਸਟਰ ਮੇਰੀ ਪਹਿਲੀ ਇੰਸਟਰਕਸ਼ਨ ਸੀ ਕਿ ਕਿਸੇ ਨਾਲ ਜ਼ਿਆਦਤੀ ਨਹੀਂ ਹੋਣੀ ਚਾਹੀਦੀ, ਜੇ ਤੁਹਾਡੇ ਕੋਲ ਕੋਈ ਕੇਸ ਹੈ ਤਾਂ ਪਲੀਜ bring it to our notice and we will take action.

ਰਾਣਾ ਗੁਰਮੀਤ ਸਿੰਘ ਸੋਢੀ : ਨਹੀਂ ਜੀ। ਅਸੀਂ ਬਹਿਸ ਤਾਂ ਕਰਾਂਗੇ ਹੀ। ਲੇਕਿਨ, ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਉਸ ਵਿਚ ਕੁਝ ਐਸੀਆਂ ਚੀਜ਼ਾਂ ਹਨ ਜਿਹੜੀਆਂ ਡਿਸਕਸ ਕਰਨ ਤੋਂ ਪਹਿਲਾਂ ਗਵਰਨਰ ਸਾਹਿਬ ਕੋਲੋਂ ਬੋਲੀਆਂ ਗਈਆਂ ਹਨ, ਜੇਕਰ ਉਨ੍ਹਾਂ ਤੇ ਅਮੈਂਡਮੈਂਟ ਲਿਆਵਾਂਗੇ ਤਾਂ ਹੀ ਉਨ੍ਹਾਂ ਤੇ ਡਿਸਕਸ਼ਨ ਹੋ ਸਕੇਗੀ।

ਮਾਨਯੋਗ ਸਪੀਕਰ : ਨਹੀਂ। ਇਸ ਸਟੇਜ ਤੇ ਨਹੀਂ। ਜੇਕਰ ਮੈਂ ਤੁਹਾਨੂੰ ਟਾਈਮ ਨਹੀਂ ਦਿਆਂਗਾ ਤਾਂ ਤੁਸੀਂ ਕਹਿ ਸਕਦੇ ਹੋ।

ਰਾਣਾ ਗੁਰਮੀਤ ਸਿੰਘ ਸੋਢੀ : ਨਹੀਂ। ਸਰ, ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਪਲੀਜ਼ ਇੱਕ ਮਿੰਟ ਪੜ੍ਹ ਤਾਂ ਲਉ।

ਮਾਨਯੋਗ ਸਪੀਕਰ : ਮੈਂ ਵੇਖ ਲਈਆਂ ਹਨ ਜੀ। ਸੈਕਟਰੀ ਸਾਹਿਬ ਨੇ ਉਹ ਮੈਨੂੰ ਦਿੱਤੀਆਂ ਸਨ।

ਰਾਣਾ ਗੁਰਮੀਤ ਸਿੰਘ ਸੋਢੀ : ਉਸ ਦੇ ਉਤੇ ਤੁਸੀਂ ਆਪ ਦੇਖ ਲਉ, ਜੇਕਰ ਕੋਈ ਗਲਤ ਗੱਲ ਹੈ ਤਾਂ ਤੁਸੀਂ ਮੈਨੂੰ ਉਸ ਬਾਰੇ ਪੁਆਇੰਟ ਆਊਟ ਕਰ ਦਿਉ।

ਮਾਨਯੋਗ ਸਪੀਕਰ : ਠੀਕ ਹੈ ਜੀ, ਮੈਂ ਵੇਖ ਲੈਂਦਾ ਹਾਂ। ਜੇਕਰ ਲੋੜ ਹੋਏਗੀ ਤਾਂ ਮੈਂ ਤੁਹਾਨੂੰ ਟਾਈਮ ਦੇ ਦਿਆਂਗਾ।

(ਇਸ ਸਮੇਂ ਸ਼੍ਰੀ ਬ੍ਰਹਮ ਮਹਿੰਦਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਤੁਹਾਡੀ ਅਵਾਜ਼ ਨਹੀਂ ਆ ਰਹੀ। (ਵਿਘਨ)

ਸ਼੍ਰੀ ਬ੍ਰਹਮ ਮਹਿੰਦਰਾ : ਮੇਰਾ ਤਾਂ ਮਾਈਕ ਹੀ ਬੰਦ ਹੈ ਜੀ, ਤੁਹਾਡੇ ਕੋਲ ਅਵਾਜ਼ ਕਿਵੇਂ ਆਵੇਗੀ? (ਵਿਘਨ)

ਮਾਨਯੋਗ ਸਪੀਕਰ : ਸੋਢੀ ਸਾਹਿਬ, ਮੈਂ ਵੇਖ ਲਿਆ ਹੈ ਜੀ, ਉਸ ਵਿਚ ਕੋਈ ਗੱਲ ਹੈ ਨਹੀਂ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਜਦੋਂ ਤੱਕ ਅਸੀਂ ਫੈਕਟਸ ਅੱਗੇ ਨਹੀਂ ਰੱਖਾਂਗੇ ਤਾਂ ਅਸੀਂ ਬਹਿਸ ਕੀ ਕਰਾਂਗੇ ਜੀ? ਅਸੀਂ ਗਲਤ ਪੁਆਇੰਟ ਤੇ ਕੀ ਬਹਿਸ ਕਰ ਲਵਾਂਗੇ ਜੀ?

ਮਾਨਯੋਗ ਸਪੀਕਰ : ਇਹ ਸਟੇਜ ਨਹੀਂ ਹੈ ਜੀ। Please sit down. ਸੀ.ਐਮ. ਸਾਹਿਬ ਨੇ ਤੁਹਾਡੀ ਸਾਰੀ ਬਹਿਸ ਦਾ ਜਵਾਬ ਦੇ ਦੇਣਾ ਹੈ। (ਵਿਘਨ) ਗੱਲ ਸੁਣੋ, ਇਹ ਅਮੈਂਡਮੈਂਟਾਂ ਸਾਰਿਆਂ ਨੂੰ ਸਰਕੂਲੇਟ ਹੋਣਗੀਆਂ। ਤੁਸੀਂ ਉਸ ਤੋਂ ਬਾਅਦ ਜੋ ਕੁਝ ਕਹਿਣਾ ਹੋਵੇ, ਜੋ ਮਰਜ਼ੀ ਕਹਿ ਲੈਣਾ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਜੇਕਰ ਤੁਸੀਂ ਹੁਣ ਹੀ ਦੋ ਮਿੰਟ ਦੇ ਦਿਉ ਤਾਂ ਬੈਟਰ ਹੋਵੇਗਾ।

ਮਾਨਯੋਗ ਸਪੀਕਰ : ਜਦੋਂ ਇਹ ਸਰਕੂਲੇਟ ਹੋਣਗੀਆਂ ਤਾਂ ਸਾਰਿਆਂ ਨੂੰ ਪਤਾ ਲੱਗ ਜਾਵੇਗਾ। ਜੇਕਰ ਅਸੀਂ ਕੁਝ ਲਕੋਂਦੇ ਹੋਈਏ ਤਾਂ ਦੱਸੋ। ਉਨ੍ਹਾਂ ਨੇ ਮਤਾ ਪੇਸ਼ ਕਰ ਦਿੱਤਾ

ਹੈ, ਉਨ੍ਹਾਂ ਨੇ ਤਾਂ ਹੱਕ ਵਿਚ ਹੀ ਕਹਿਣਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਇਸ ਵਿਚ ਸਾਰੀਆਂ ਝੂਠ ਦੇ ਪੁਲੰਦੇ ਵਾਲੀਆਂ ਗੱਲਾਂ ਲੈ ਕੇ ਹੀ ਅਸੀਂ ਸ਼ੁਰੂਆਤ ਕਰ ਰਹੇ ਹਾਂ।

ਮਾਨਯੋਗ ਸਪੀਕਰ : ਜਦੋਂ ਤੁਹਾਡੀ ਵਾਰੀ ਆਵੇਗੀ, ਤੁਹਾਡਾ ਹੱਕ ਹੈ, ਤੁਸੀਂ ਜੋ ਕਹਿਣਾ ਹੋਵੇਗਾ ਕਹਿ ਲੈਣਾ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਹੈ ਹੀ ਝੂਠੀਆਂ ਤਾਂ ਉਨ੍ਹਾਂ ਉੱਤੇ ਅਸੀਂ ਡਿਸਕਸ਼ਨ ਕੀ ਕਰਾਂਗੇ? You can not lead the war with a bunch of lies.

ਮਾਨਯੋਗ ਸਪੀਕਰ : ਅਜੇ ਮੂਵ ਤਾਂ ਹੋਣ ਦਿਉ। ਤੁਸੀਂ ਪਹਿਲਾਂ ਹੀ ਨਾ ਸ਼ੁਰੂ ਹੋਵੋ। ਪਹਿਲਾਂ ਬਹਿਸ ਸ਼ੁਰੂ ਹੋਣ ਲੈਣ ਦਿਉ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਅਜੇ ਬਹਿਸ ਸ਼ੁਰੂ ਤਾਂ ਹੋ ਲੈਣ ਦਿਉ। ਜਦੋਂ ਅਸੀਂ ਬੋਲਾਂਗੇ, ਤੁਹਾਨੂੰ ਜਿਹੜੀ ਗੱਲ ਇਤਰਾਜ਼ਯੋਗ ਲੱਗਦੀ ਹੋਵੇਗੀ ਤੁਸੀਂ ਉਸ ਦਾ ਜਵਾਬ ਦੇ ਦੇਣਾ। ਤੁਹਾਡੀਆਂ ਸਾਰੀਆਂ ਗੱਲਾਂ ਦਾ ਜਵਾਬ ਆਉਣਾ ਹੈ। ਤੁਹਾਨੂੰ ਪੂਰਾ ਟਾਈਮ ਮਿਲੇਗਾ।

ਰਾਣਾ ਗੁਰਮੀਤ ਸਿੰਘ ਸੋਢੀ : ਮੇਰੀ ਬੇਨਤੀ ਸੁਣ ਲਵੋ। ਮੈਂ ਕਹਿਣਾ ਚਾਹੁੰਦਾ ਹਾਂ ਕਿ...

ਮਾਨਯੋਗ ਸਪੀਕਰ : ਪਲੀਜ਼ ਤੁਸੀਂ ਬੈਠੋ।

ਸ਼੍ਰੀ ਸੁਨੀਲ ਕੁਮਾਰ ਜਾਖੜ (ਬੈਠੇ-ਬੈਠੇ) : ਵਲਟੋਹਾ ਸਾਹਿਬ ਨੇ ਸਾਰਾ ਗਲਤ ਹੀ ਬੋਲਣਾ ਹੈ। ਉਨ੍ਹਾਂ ਨੇ ਤਾਂ ਗਲਤ ਗੱਲਾਂ ਹੀ ਕਰਨੀਆਂ ਹਨ। ਜਿਹੜੀ ਗੱਲ ਝੂਠ ਕਹਿਣੀ ਹੋਵੇ ਉਹ ਤੁਸੀਂ ਵਲਟੋਹਾ ਸਾਹਿਬ ਤੋਂ ਸ਼ੁਰੂ ਕਰਵਾ ਦਿੰਦੇ ਹੋ।

ਮਾਨਯੋਗ ਸਪੀਕਰ : ਪਹਿਲਾਂ ਮੈਨੂੰ ਮੂਵ ਕਰਵਾ ਲੈਣ ਦਿਉ। ਫਿਰ ਜੋ ਤੁਸੀਂ ਕਹਿਣਾ ਹੋਵੇ, ਕਹਿ ਲੈਣਾ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ?

ਮਾਨਯੋਗ ਸਪੀਕਰ : ਤੁਹਾਡੀ ਅਵਾਜ਼ ਨਹੀਂ ਆ ਰਹੀ?

ਸ਼੍ਰੀ ਬ੍ਰਹਮ ਮਹਿੰਦਰਾ : ਜੇ ਮਾਈਕ ਆਨ ਹੋਵੇਗਾ ਤਾਂ ਹੀ ਮੇਰੀ ਅਵਾਜ਼ ਆਵੇਗੀ। ਮੈਂ ਬੜੀ ਅਹਿਮ ਗੱਲ ਕਰਨ ਲੱਗਾ ਹਾਂ।

ਮਾਨਯੋਗ ਸਪੀਕਰ : ਪਹਿਲਾਂ ਤੁਸੀਂ ਦੱਸੋ ਕਿ ਤੁਸੀਂ ਕਿਹੜੀ ਪ੍ਰੋਵੀਜ਼ਨ ਥੱਲੇ ਪੁਆਇੰਟ ਆਫ ਆਰਡਰ ਮੰਗ ਰਹੇ ਹੋ?

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਮੈਂ ਇੱਕ ਅਹਿਮ ਗੱਲ ਕਰਨੀ ਹੈ। ਤੁਸੀਂ ਕਿਹਾ ਕਿ there will be no Question Hour. ਮੈਂ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕੁਐਸਚਨ ਆਵਰ ਨਹੀਂ ਹੋਣਾ ਤਾਂ ਜ਼ੀਰੋ-ਆਵਰ ਤਾਂ ਮਿਲਣਾ ਚਾਹੀਦਾ ਹੈ। ਸਾਡੇ ਮੈਂਬਰ ਸਾਹਿਬਾਨ ਨੂੰ ਉਹ ਤਾਂ ਅਲਾਉ ਕਰ ਦਿਉ। ਇਹ ਤਾਂ ਸ਼ਾਡਾ ਹੱਕ ਹੈ।

ਮਾਨਯੋਗ ਸਪੀਕਰ : ਇਸ ਬਾਰੇ ਮੈਂ ਦੇਖ ਲਵਾਂਗਾ। ਪਰ ਤੁਹਾਡੇ ਵੱਲੋਂ ਕੋਈ ਨੋਟਿਸ ਹੀ ਨਹੀਂ ਆਇਆ।

(ਅਵਾਜ਼ਾਂ : ਕੱਲ੍ਹ ਦੇ ਦੇਣਾ)

ਕੱਲ੍ਹ ਕਰ ਲਵਾਂਗੇ। ਜਦੋਂ ਪਰਾਪਰ ਟਾਈਮ ਆਵੇਗਾ ਤਾਂ ਤੁਹਾਨੂੰ ਤੁਹਾਡਾ ਰਾਈਟ ਜ਼ਰੂਰ ਮਿਲੇਗਾ। ਹਾਂ ਜੀ, ਵਲਟੋਹਾ ਸਾਹਿਬ, ਤੁਸੀਂ ਬੋਲੋ।

ਸਰਦਾਰ ਵਿਰਸਾ ਸਿੰਘ ਵਲਟੋਹਾ (ਖੇਮਕਰਨ): ਸਪੀਕਰ ਸਾਹਿਬ, ਮੈਂ ਆਪ ਦਾ ਅਤਿ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਬਹੁਤ ਹੀ ਅਹਿਮ ਮਤੇ ਤੇ ਜੋ ਗਵਰਨਰ ਸਾਹਿਬ ਮਿਤੀ 21 ਮਾਰਚ, 2012 ਨੂੰ ਇਸ ਸਦਨ ਵਿਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਆਉਣ ਵਾਲੀਆਂ ਨੀਤੀਆਂ ਬਾਰੇ ਜ਼ਿਕਰ ਕਰਕੇ ਗਏ ਹਨ, ਉਸ ਉਤੇ ਧੰਨਵਾਦ ਦਾ ਮਤਾ ਪੇਸ਼ ਕਰਨ ਅਤੇ ਉਸ ਤੋਂ ਬਾਅਦ ਬਹਿਸ ਕਰਨ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਜਿਹੜਾ ਗਵਰਨਰ ਐਡਰੈਸ ਹੁੰਦਾ ਹੈ ਉਹ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਸਰਕਾਰ ਦੀਆਂ ਪਹਿਲ ਕਦਮੀਆਂ ਆਉਣ ਵਾਲੇ ਸਮੇਂ ਦੀਆਂ ਹੁੰਦੀਆਂ ਹਨ, ਉਹ ਇੱਕ ਸ਼ੀਸ਼ਾ ਹੁੰਦੀਆਂ ਹਨ ਅਤੇ ਚਾਨਣ-ਮੁਨਾਰਾ ਹੁੰਦੀਆਂ ਹਨ। ਉਹ ਸਦਨ ਦੇ ਸਮੂਹ ਮੈਂਬਰਾਂ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਦਰਸਾਉਂਦੀਆਂ ਹਨ ਕਿ ਪੰਜਾਬ ਸਰਕਾਰ ਕੀ ਕਰਨ ਜਾ ਰਹੀ ਹੈ। ਮੈਂ ਇਸ ਸਦਨ ਦੇ ਅੰਦਰ, ਜਿਹੜੀ ਅੱਜ 14ਵੀਂ ਵਿਧਾਨ ਸਭਾ ਚੁਣ ਕੇ ਆਈ ਹੈ, ਮੈਂ ਬੜੇ ਮਾਣ ਅਤੇ ਫਖਰ ਨਾਲ ਕਹਿੰਦਾ ਹਾਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਾਲ 2007-2012 ਵਿਚ ਜੋ 13ਵੀਂ ਵਿਧਾਨ ਸਭਾ ਦੇ ਵਿਚ ਜਿਹੜੀ ਪਿੱਛੇ ਸਰਕਾਰ ਹੰਢਾਈ ਹੈ, ਉਸ ਸਰਕਾਰ ਦੇ ਦੌਰਾਨ ਜੋ ਕਾਰਜ ਕੀਤੇ ਹਨ, ਜੋ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਪ੍ਰਤੀ ਨੀਤੀਆਂ ਅਪਣਾਈਆਂ ਹਨ ਅਤੇ ਪੰਜਾਬ ਦੇ ਲੋਕਾਂ ਨੂੰ ਵਿਕਾਸ ਦਿੱਤਾ ਹੈ, ਜੋ ਪੰਜਾਬ ਦੇ ਲੋਕਾਂ ਦੀਆਂ ਆਸਾਂ ਤੇ ਪੂਰੀ ਉਤਰੀ ਹੈ, ਇਸ ਦੇ ਸਦਕਾ ਹੀ ਫਿਰ ਦੁਬਾਰਾ ਇਸ ਗੱਠਜੋੜ ਨੂੰ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ, ਪੰਜਾਬ ਦੇ ਲੋਕਾਂ ਨੇ ਇਸ ਪਵਿੱਤਰ ਸਦਨ ਦੇ ਅੰਦਰ ਭਾਰੀ ਬਹੁਮਤ ਦੇ ਕੇ ਦੁਬਾਰਾ ਭੇਜਿਆ ਹੈ ਅਤੇ ਪੰਜਾਬ ਸਰਕਾਰ ਦੀ ਵਾਗਡੋਰ ਫਿਰ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੇ ਹੱਥ ਵਿਚ ਦਿੱਤੀ ਹੈ। ਪਰ, ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜੋ ਵੀ ਕਿਹਾ ਹੈ, ਉਹ ਇੱਕ-ਇੱਕ ਅੱਖਰ ਸੱਚ ਹੈ ਅਤੇ ਮੈਨੂੰ ਹੈਰਾਨੀ ਅਤੇ ਦੁੱਖ ਵੀ ਹੈ ਕਿ ਮੇਰੇ ਵੀਰ ਜਿਨ੍ਹਾਂ ਦਾ ਏਡਾ ਲੰਮਾ ਸਿਆਸੀ ਜੀਵਨ ਹੈ, ਸਾਡੇ ਗਵਰਨਰ ਸਾਹਿਬ ਸ਼੍ਰੀ ਪਾਟਿਲ ਜੀ ਦਾ, ਉਨ੍ਹਾਂ ਵਲੋਂ

ਕਹੇ ਗਏ ਸ਼ਬਦਾਂ ਨੂੰ ਇਨ੍ਹਾਂ ਵਲੋਂ ਝੂਠ ਕਹਿਣਾ, ਝੂਠ ਦਾ ਪੁਲੰਦਾ ਕਹਿਣਾ, ਉਨ੍ਹਾਂ ਦੇ ਸਿਆਸੀ ਜੀਵਨ ਤੇ ਵੀ ਉਂਗਲ ਖੜ੍ਹੀ ਕਰਦਾ ਹੈ।(ਵਿਘਨ)

ਮਾਨਯੋਗ ਸਪੀਕਰ : ਕਿਸੇ ਨੇ ਇਹ ਅਜੇ ਕਿਹਾ ਨਹੀਂ, ਕਿਸੇ ਨੇ ਅਜੇ ਕਿਹਾ ਨਹੀਂ। (ਵਿਘਨ) I agree with you. ਕੀ ਮੈਂ ਕੋਈ ਉਸ ਨੂੰ ਮੰਨ ਲਿਆ ਹੈ, ਅਜੇ ਕਿਸੇ ਨੇ ਕਿਹਾ ਨਹੀਂ।

ਸਰਦਾਰ ਵਿਰਸਾ ਸਿੰਘ ਵਲਟੋਹਾ : ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਇਸ ਭਾਸ਼ਣ ਤੇ ਬਹਿਸ ਸ਼ੁਰੂ ਕਰਨ ਤੋਂ ਪਹਿਲਾਂ, ਇਸ ਸਦਨ ਦੇ ਸਮੁੱਚੇ ਚੁਣੇ ਹੋਏ ਮੈਂਬਰਾਂ ਨੂੰ ਵਧਾਈ ਦਿੰਦਾ ਹਾਂ ਅਤੇ ਖਾਸ ਕਰਕੇ ਉਨ੍ਹਾਂ ਨੂੰ ਜਿਹੜੇ ਪਹਿਲੀ ਵਾਰ ਨਵੇਂ ਚੁਣ ਕੇ ਆਏ ਹੋਏ ਮੈਂਬਰ ਹਨ। ਪੰਜਾਬ ਦੇ ਲੋਕਾਂ ਨੇ ਸਾਨੂੰ ਇਥੇ ਇਸ ਕਰਕੇ ਚੁਣ ਕੇ ਭੇਜਿਆ ਹੈ ਕਿ ਅਸੀਂ ਆਪਣੇ ਹਲਕੇ ਦੀਆਂ, ਆਪਣੇ ਇਲਾਕੇ ਦੀਆਂ ਅਤੇ ਪੰਜਾਬ ਦੇ ਲੋਕਾਂ ਦੀਆਂ ਜਿਹੜੀਆਂ ਮੁਸ਼ਕਲਾਤਾਂ ਹਨ, ਉਨ੍ਹਾਂ ਨੂੰ ਇਸ ਪਵਿੱਤਰ ਸਦਨ ਵਿਚ ਉਠਾਈਏ ਅਤੇ ਉਨ੍ਹਾਂ ਦਾ ਇੱਥੇ ਹੱਲ ਕਰਵਾਈਏ। ਇੱਥੇ ਸਦਨ ਦਾ ਇਕੱਲੇ-ਇਕੱਲੇ ਮੈਂਬਰਾਂ ਦਾ ਜਿਹੜਾ ਯੋਗਦਾਨ ਹੈ, ਉਹ ਬਹੁਤ ਅਹਿਮ ਹੈ। ਮੈਂ ਸਮੁੱਚੇ ਸਦਨ ਦੇ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਅਤੇ ਖਾਸ ਕਰਕੇ ਜਿਹੜੇ ਨਵੇਂ ਚੁਣ ਕੇ ਆਏ ਹੋਏ ਮੈਂਬਰ ਹਨ, ਜੋ ਪੰਜਾਬ ਦੇ ਭਵਿੱਖ ਵਾਸਤੇ, ਉਹ ਪੰਜਾਬ ਨੂੰ ਹੋਰ ਬੁਲੰਦੀਆਂ ਵਾਲੇ ਪਾਸੇ ਲਿਜਾਉਣ ਵਾਸਤੇ ਆਪਣੇ ਇਲਾਕੇ ਦੀਆਂ ਜਿਹੜੀਆਂ ਮੁਸ਼ਕਲਾਤਾਂ ਹਨ, ਉਨ੍ਹਾਂ ਨੂੰ ਇਥੇ ਉਠਾਉਣ ਅਤੇ ਉਨ੍ਹਾਂ ਨੂੰ ਹੱਲ ਕਰਾਉਣ ਵਿਚ ਅਹਿਮ ਯੋਗਦਾਨ ਪਾਉਣ। ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਆਪੋਜੀਸ਼ਨ ਪਾਰਟੀ ਨੇ, ਸਾਹਮਣੇ ਬੈਠੇ ਵੀਰਾਂ ਨੇ ਇੱਕ ਬੜੀ ਯੋਗ ਚੋਣ ਕੀਤੀ ਹੈ। ਸ਼੍ਰੀ ਸੁਨੀਲ ਕੁਮਾਰ ਜਾਖੜ ਜੀ, ਜਿਨ੍ਹਾਂ ਨੇ ਇਸ ਵਿਧਾਨ ਸਭਾ ਦੇ ਅੰਦਰ ਬਹੁਤ ਵਧੀਆ ਪਿਰਤਾਂ ਅਤੇ ਰਵਾਇਤਾਂ ਪਾਈਆਂ ਹਨ ਅਤੇ ਜਿਨ੍ਹਾਂ ਤੇ ਪੰਜਾਬ ਦੇ ਲੋਕ ਅਤੇ ਖਾਸ ਕਰਕੇ ਸੱਤਾਧਾਰੀ ਬੈਂਚ ਵੀ ਆਸ ਕਰਦੇ ਹਨ ਕਿ ਉਹ ਵਧੀਆ ਰੋਲ ਨਿਭਾਉਣਗੇ, ਜਿਹੜਾ ਕਿ ਉਹ ਹਮੇਸ਼ਾ ਨਿਭਾਉਂਦੇ ਰਹੇ ਹਨ, ਉਨ੍ਹਾਂ ਵੱਲੋਂ ਲੋਕ ਮਸਲਿਆਂ ਨੂੰ ਹੱਲ ਕਰਵਾਉਣ, ਪੰਜਾਬ ਦੇ ਜਿਹੜੇ ਮਸਲੇ ਹਨ, ਉਹ ਨਜਿੱਠਣ ਵਾਸਤੇ ਉਨ੍ਹਾਂ ਦਾ ਜਿਹੜਾ ਯੋਗਦਾਨ ਹੈ ਉਹ ਅਹਿਮ ਹੋਵੇਗਾ, ਇਸ ਲਈ ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਜ਼ਿਕਰ ਕੀਤਾ ਕਿ ਪੰਜਾਬ ਦੇ ਲੋਕਾਂ ਨੇ ਇੱਕ ਇਤਿਹਾਸ ਸਿਰਜ ਦਿੱਤਾ ਹੈ। 1966 ਤੋਂ, ਜਦੋਂ ਤੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ ਹੈ, ਪੰਜਾਬ ਦੇ ਲੋਕਾਂ ਨੇ ਪਹਿਲੀ ਵਾਰ ਕਿਸੇ ਸਰਕਾਰ ਨੂੰ ਦੁਬਾਰਾ ਸੱਤਾ ਵਿਚ ਲਿਆਂਦਾ ਹੈ ਔਰ ਇਹ ਵੀ ਪਹਿਲੀ ਵਾਰ ਹੈ ਕਿ 80% ਤੋਂ ਵੱਧ ਪੰਜਾਬ ਦੇ ਲੋਕਾਂ ਨੇ ਵੋਟਿੰਗ ਕੀਤੀ ਹੈ, ਵੋਟਾਂ ਵਿਚ ਹਿੱਸਾ ਲਿਆ ਹੈ ਅਤੇ ਇਨ੍ਹਾਂ ਵੋਟਾਂ ਦੇ ਵਿਚ ਪੁਰ ਅਮਨ-ਸ਼ਾਂਤੀ ਦੇ ਨਾਲ ਵੋਟਾਂ ਦੀ ਕਾਸਟਿੰਗ ਕੀਤੀ ਹੈ। ਸਪੀਕਰ ਸਾਹਿਬ, ਇਸ ਦਾ ਮੈਂ ਸਮਝਦਾ ਹਾਂ ਕਿ ਸਿਹਰਾ ਜਿਹੜਾ ਹੈ, ਉਹ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਸ਼ਖਸੀਅਤ ਨੂੰ ਜਾਂਦਾ ਹੈ। ਸਪੀਕਰ ਸਾਹਿਬ, ਸਾਡੇ ਸਾਹਮਣੇ ਬੈਠੇ ਵੀਰਾਂ ਨੂੰ ਬੜੀਆਂ ਆਸਾਂ ਸਨ ਕਿ ਪੰਜ ਸਾਲ ਬਾਅਦ ਬਦਲਾਅ ਆਉਂਦਾ ਹੈ।

[ਸਰਦਾਰ ਵਿਰਸਾ ਸਿੰਘ ਵਲਟੋਹਾ]

ਇਹ ਆਪ ਮੁਹਾਰੇ ਹੀ ਸੱਤਾ ਦੇ ਸੁਪਨੇ ਲੈ ਕੇ ਬੈਠੇ ਸਨ ਪਰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੇ ਸੁਪਨੇ ਚਕਨਾ-ਚੂਰ ਕਰ ਦਿਤੇ। ਇਨ੍ਹਾਂ ਦੇ ਸੁਪਨੇ ਚਕਨਾ-ਚੂਰ ਕਿਉਂ ਹੋਏ? ਉਹ ਤਾਂ ਹੋਏ ਕਿਉਂਕਿ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਔਰ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਇਹੋ ਜਿਹਾ ਰਾਜ ਦਿੱਤਾ ਕਿ ਇਨ੍ਹਾਂ ਕੋਲ ਇੱਕ ਵੀ ਮੁੱਦਾ ਨਹੀਂ ਸੀ। ਲੋਕਾਂ ਨੂੰ ਵਿਕਾਸ ਦਿੱਤਾ, ਲੋਕਾਂ ਨੂੰ ਸਹੂਲਤਾਂ ਦਿੱਤੀਆਂ ਔਰ ਫਿਰ ਪੰਜਾਬ ਦੇ ਲੋਕਾਂ ਨੇ ਵੱਧ ਚੜ੍ਹ ਕੇ ਇਸ ਗਠਜੋੜ ਨੂੰ ਸੱਤਾ ਵਿਚ ਲਿਆਂਦਾ। ਸਪੀਕਰ ਸਾਹਿਬ, ਸਾਡੇ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਪੰਜਵੀਂ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਇਹੋ ਜਿਹਾ ਮਾਣ ਕਿਸੇ ਵੀ ਹੋਰ ਮੁੱਖ ਮੰਤਰੀ ਨੂੰ, ਕਿਸੇ ਰਾਜਨੀਤਿਕ ਸ਼ਖਸੀਅਤ ਨੂੰ ਹਾਸਲ ਨਹੀਂ ਹੋਇਆ। ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੇ ਸੱਤਾ ਵਿਰੋਧੀ ਰੁਝਾਨ ਨੂੰ ਆਪਣੀਆਂ ਨੀਤੀਆਂ ਦੇ ਅਧਾਰ ਤੇ ਨਕਾਰਿਆ। ਸਪੀਕਰ ਸਾਹਿਬ, ਅੱਜ ਟੀ.ਵੀ. ਚੈਨਲ ਵਾਲੇ ਵੀਰ, ਅਖਬਾਰਾਂ ਵਾਲੇ ਵੀਰ ਤੇ ਪਤਾ ਨਹੀਂ ਹੋਰ ਕਿਹੜੀਆਂ- ਕਿਹੜੀਆਂ ਸਰਵੇ ਰਿਪੋਰਟਾਂ ਦਿੱਤੀਆਂ ਪਰ ਉਨ੍ਹਾਂ ਸਾਰਿਆਂ ਨੂੰ ਪੰਜਾਬ ਦੇ ਲੋਕਾਂ ਨੇ ਰੱਦ ਕਰਕੇ ਰੱਖ ਦਿੱਤਾ। ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਦੁਬਾਰਾ ਸੱਤਾ ਵਿਚ ਲਿਆਂਦਾ। ਸਪੀਕਰ ਸਾਹਿਬ, ਜਿੱਥੇ ਸਾਨੂੰ ਫਖਰ ਹੈ, ਮਾਣ ਹੈ, ਉਥੇ ਨਾਲ ਹੀ ਸਾਨੂੰ ਆਪਣੀਆਂ ਜਿਹੜੀਆਂ ਜ਼ਿੰਮੇਵਾਰੀਆਂ ਹਨ, ਉਨ੍ਹਾਂ ਦਾ ਵੀ ਅਹਿਸਾਸ ਹੈ। ਅਸੀਂ ਪਹਿਲਾਂ ਨਾਲੋਂ ਵੀ ਵੱਧ ਕੇ ਸਰਕਾਰ ਵੱਲੋਂ ਜੋ ਸਹੂਲਤਾਂ ਦਿੱਤੀਆਂ ਗਈਆਂ ਹਨ, ਉਹ ਲੋਕਾਂ ਤੱਕ ਲੈ ਕੇ ਜਾਵਾਂਗੇ, ਲੋਕਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਕੇ ਵਿਕਾਸ ਦੇਵਾਂਗੇ, ਇਹ ਸਾਡਾ ਮੁੱਖ ਏਜੰਡਾ ਰਹੇਗਾ। ਸਪੀਕਰ ਸਾਹਿਬ, ਇਨ੍ਹਾਂ ਚੋਣਾਂ ਨੇ ਪੰਜਾਬ ਦੀ ਅਫਸਰਸ਼ਾਹੀ ਨੂੰ ਵੀ ਸੰਦੇਸ਼ ਦੇ ਦਿੱਤਾ ਹੈ, ਉਸ ਅਫਸਰਸ਼ਾਹੀ ਨੂੰ ਜਿਹੜੀ ਚੋਣਾਂ ਤੋਂ ਸਾਲ ਛੇ ਮਹੀਨੇ ਪਹਿਲਾਂ ਹੀ ਡਾਵਾਂਡੋਲ ਹੋ ਜਾਂਦੀ ਸੀ, ਇਹ ਸਮਝਦੀ ਸੀ ਕਿ ਸੱਤਾ ਪਰਿਵਰਤਨ ਹੋ ਜਾਣਾ ਹੈ ਤੇ ਸੱਤਾ ਪਰਿਵਰਤਨ ਤੋਂ ਬਾਅਦ ਦੂਜੀ ਪਾਰਟੀ ਨੇ ਸੱਤਾ ਤੇ ਕਾਬਜ਼ ਹੋਣਾ ਹੈ। ਇਹ ਜਿਹੜੀਆਂ ਗੱਲਾਂ ਹਨ, ਇਹ ਉਨ੍ਹਾਂ ਦੀਆਂ ਝੂਠੀਆਂ ਸਿੱਧ ਹੋਈਆਂ ਹਨ ਤੇ ਹੁਣ ਪੰਜਾਬ ਦੀ ਅਫਸਰਸ਼ਾਹੀ ਨੂੰ ਇਹ ਸਿੱਧ ਹੋ ਗਿਆ ਹੈ ਕਿ ਜਿਹੜੀਆਂ ਪਾਰਟੀਆਂ, ਜਿਹੜੀਆਂ ਸਰਕਾਰਾਂ ਲੋਕਾਂ ਦੀਆਂ ਆਸਾਂ-ਉਮੀਦਾਂ ਤੇ ਪੂਰਾ ਉਤਰਦੀਆਂ ਹਨ, ਉਨ੍ਹਾਂ ਨੂੰ ਲੋਕ ਸੱਤਾ ਤੇ ਦੁਬਾਰਾ ਬਿਠਾਉਂਦੇ ਹਨ। ਸਪੀਕਰ ਸਾਹਿਬ, ਇਹ ਚੋਣਾਂ ਕੇਵਲ ਰਾਜਨੀਤਿਕ ਚੋਣਾਂ ਨਹੀਂ ਸੀ, ਇਹ ਸੱਚ ਤੇ ਝੂਠ ਦੀ ਲੜਾਈ ਸੀ ਔਰ ਸੱਚ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਥੱਲੇ ਸੀ ਤੇ ਜਿਹੜਾ ਝੂਠ ਸੀ ਜੋ ਪੰਜਾਬ ਵਿਚ ਕੁਫਰ ਤੋਲਿਆ ਗਿਆ, ਕਈ ਤਰ੍ਹਾਂ ਦੀਆਂ ਧਮਕੀਆਂ, ਡਰਾਵੇ, ਕੇਵਲ ਵਿਰੋਧੀਆਂ ਨੂੰ ਨਹੀਂ ਬਲਕਿ ਆਪਣਿਆਂ ਨੂੰ ਵੀ ਨਹੀਂ ਬਖਸ਼ਿਆ, ਉਸ ਰਾਜਨੀਤੀ ਨੂੰ ਲੋਕਾਂ ਨੇ ਲਤਾੜ ਕੇ ਰੱਖ ਦਿੱਤਾ ਔਰ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਨੀਤੀ ਨੂੰ ਲੋਕਾਂ ਨੇ ਸਵੀਕਾਰਦੇ ਹੋਏ ਪੰਜਾਬ ਵਿੱਚ ਫਿਰ ਫਤਵਾ ਦਿੱਤਾ ਤੇ ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਲੋਕਾਂ

ਨੇ ਸੱਤਾ ਦਿੱਤੀ। ਸਪੀਕਰ ਸਾਹਿਬ, ਪਿਛਲੇ ਪੰਜ ਸਾਲਾਂ ਦੇ ਅੰਦਰ ਜੋ ਪੰਜਾਬ ਵਿੱਚ ਵਿਕਾਸ ਹੋਇਆਂ, ਕਿਸੇ ਵੀ ਪਾਸੇ ਚਲੇ ਜਾਉ, ਅੱਜ ਵੀ ਲੋਕ ਗੱਲਾਂ ਕਰਦੇ ਹਨ ਚੋਣਾ ਤੋਂ ਪਹਿਲਾਂ ਤੇ ਚੋਣਾਂ ਦੇ ਦੌਰਾਨ ਲੋਕਾਂ ਦੀ ਜ਼ੁਬਾਨ ਤੇ ਇਹੀ ਸੀ ਕਿ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਤੇ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਅਜਿਹਾ ਵਿਕਾਸ ਦਿੱਤਾ ਹੈ ਕਿ ਉਸ ਨੂੰ ਲੋਕ ਭੁੱਲ ਨਹੀਂ ਸਕਦੇ। ਸਪੀਕਰ ਸਾਹਿਬ, ਲੋਕਾਂ ਨੇ ਤੁਲਨਾ ਕੀਤੀ। 1997 ਤੋਂ ਲੈ ਕੇ 2002 ਤੱਕ ਲੋਕਾਂ ਨੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਸੱਤਾ ਸੌਂਪੀ, ਜਿਸ ਸਰਕਾਰ ਨੇ ਹਰੇਕ ਵਰਗ ਨੂੰ ਸਹੂਲਤਾਂ ਦਿੱਤੀਆਂ, ਵਿਕਾਸ ਦਿੱਤਾ ਔਰ ਫਿਰ ਦੁਬਾਰਾ 2007 ਵਿਚ ਸੱਤਾ ਵਿਚ ਆ ਕੇ ਜੋ ਪੰਜ ਸਾਲ ਰਾਜ ਕੀਤਾ ਹੈ, 2012 ਤੱਕ, ਉਸ ਵਿਚ ਨਿਰੰਤਰ ਸਹੂਲਤਾਂ ਜਾਰੀ ਰੱਖੀਆਂ ਤੇ ਲੋਕਾਂ ਨੂੰ ਉਹ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਜੋ ਲੋਕ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ ਸੀ। ਪੰਜਾਬ ਦਾ ਵਿਕਾਸ ਕੀਤਾ, ਹਰੇਕ ਵਰਗ ਦਾ, ਹਰੇਕ ਖਿੱਤੇ ਦਾ, ਹਰ ਇਲਾਕੇ ਦਾ ਵਿਕਾਸ ਕੀਤਾ। ਇਸੇ ਕਰਕੇ ਹੀ ਲੋਕਾਂ ਨੇ ਇਸ ਗਠਜੋੜ ਨੂੰ ਦੁਬਾਰਾ ਸੱਤਾ ਵਿਚ ਲਿਆਂਦਾ ਹੈ ਔਰ ਦੂਜੇ ਪਾਸੇ ਜਦੋਂ ਲੋਕ 2002 ਤੋਂ ਲੈ ਕੇ 2007 ਦੇ ਰਾਜ ਦੀ ਤੁਲਨਾ ਕਰਦੇ ਸੀ, ਮਾਨਯੋਗ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਦੀ, ਤਾਂ ਆਪ ਮੁਹਾਰੇ ਲੋਕਾਂ ਦਾ ਪਲੜਾ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਹਿੱਤ ਵਿਚ ਭਾਰੂ ਹੋ ਜਾਂਦਾ ਸੀ। ਇਸੇ ਕਰਕੇ ਲੋਕਾਂ ਨੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੂੰ ਦੁਬਾਰਾ ਹੋਂਦ ਵਿਚ ਲਿਆਂਦਾ ਹੈ। ਸਪੀਕਰ ਸਾਹਿਬ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਜੇ ਪੰਜਾਬ ਦੇ ਹਿੱਤਾਂ ਦੀ ਖਾਤਰ ਦਿੱਲੀ ਦੇ ਵਜ਼ੀਰ ਨੂੰ ਮਿਲਣ ਦੀ ਲੋੜ ਪਈ ਹੈ ਤਾਂ ਇਹ ਨਿਰਸੰਕੋਚ ਦਿੱਲੀ ਦੇ ਵਿਚ ਕੇਂਦਰੀ ਵਜ਼ੀਰਾਂ ਨੂੰ ਵੀ ਮਿਲਦੇ ਰਹੇ ਹਨ। ਕੇਂਦਰੀ ਵਜ਼ੀਰਾਂ ਨੂੰ ਪੰਜਾਬ ਦੇ ਹਿੱਤਾਂ ਦੀ ਖਾਤਰ, ਪੰਜਾਬ ਦੀ ਡਿਵੈਲਪਮੈਂਟ ਦੀ ਖਾਤਰ ਤੇ ਉਥੋਂ ਵਿਕਾਸ ਵਾਸਤੇ ਪੈਸਾ ਵੀ ਲੈ ਕੇ ਆਉਂਦੇ ਰਹੇ ਹਨ। ਹੁਣ ਵੀ ਪਿੱਛਲੇ ਦਿਨੀਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦਿੱਲੀ ਗਏ ਸੀ ਔਰ ਉਥੋਂ ਵਜ਼ੀਰਾਂ ਕੋਲੋਂ ਫਿਰ ਪੰਜਾਬ ਦੇ ਵਿਕਾਸ ਵਾਸਤੇ ਗੱਫੇ ਲੈ ਕੇ ਆਏ ਹਨ।

ਸਪੀਕਰ ਸਾਹਿਬ, ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਰਾਈਟ ਟੂ ਸਰਵਿਸ ਐਕਟ ਦਿੱਤਾ ਹੈ। ਲੋਕਾਂ ਨੂੰ ਇਹ ਵੀ ਚਰਚਾ ਕਰਦਿਆਂ ਸੁਣਿਆ ਹੈ ਕਿ ਦੇਸ਼ ਅਜ਼ਾਦ ਹੋਏ ਨੂੰ 64 ਸਾਲ ਹੋ ਗਏ ਹਨ, ਪਹਿਲਾਂ ਕਿਸੇ ਲੀਡਰ ਨੇ, ਕਿਸੇ ਰਾਜਨੀਤਿਕ ਪਾਰਟੀ ਨੇ ਇਹ ਕਿਉਂ ਨਹੀਂ ਸੋਚਿਆ। ਜਿਹੜਾ ਰਾਈਟ ਟੂ ਸਰਵਿਸ ਐਕਟ ਹੈ, ਇਸ ਤਹਿਤ ਲੋਕਾਂ ਨੂੰ ਜੋ ਸਹੂਲਤਾਂ ਮਿਲੀਆਂ ਹਨ, ਲੋਕ ਉਨ੍ਹਾਂ ਦੀਆਂ ਗੱਲਾਂ ਕਰਦੇ ਹਨ। ਇਸ ਅਧੀਨ 67 ਸੇਵਾਵਾਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪ੍ਰਦਾਨ ਕੀਤੀਆਂ ਹਨ ਔਰ ਪੰਜਾਬ ਦੇ ਲੋਕਾਂ ਨੂੰ ਛੇਤੀ ਤੋਂ ਛੇਤੀ ਨਿਆਂ ਮਿਲਣ ਅਤੇ ਦਫਤਰਾਂ ਦੇ ਵਿਚ ਉਨ੍ਹਾਂ ਦੇ ਮਸਲੇ ਹੱਲ ਕਰਨ ਦਾ ਜੋ ਯਤਨ ਕੀਤਾ ਹੈ, ਲੋਕਾਂ ਨੇ ਉਸ ਨੂੰ ਵੀ ਸਰਾਹਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ, ਜੋ ਕਿਸਾਨੀ ਦਾ ਸਭ ਤੋਂ ਵੱਡਾ ਮਸਲਾ ਸੀ ਕਿ ਉਨ੍ਹਾਂ ਦੇ ਰਿਕਾਰਡ ਦੀ ਪਟਵਾਰੀਆਂ ਵੱਲੋਂ ਹੇਰਾਫੇਰੀ

[ਸਰਦਾਰ ਵਿਰਸਾ ਸਿੰਘ ਵਲਟੋਹਾ]

ਕੀਤੀ ਜਾਂਦੀ ਸੀ, ਉਨ੍ਹਾਂ ਨੂੰ ਖਰਾਬ ਕੀਤਾ ਜਾਂਦਾ ਸੀ, ਜ਼ਮੀਨੀ ਰਿਕਾਰਡ ਦਾ ਕੰਪਿਊਟਰੀਕਰਨ ਕੀਤਾ ਹੈ। ਸੁਵਿਧਾ ਸੈਂਟਰ ਖੋਲ੍ਹੇ ਹਨ ਜੋ ਲੋਕ ਪੁਲਿਸ ਥਾਣੇ ਜਾਣ ਤੋਂ ਡਰਦੇ ਸਨ, ਪੁਲਿਸ ਸਾਂਝ ਕੇਂਦਰ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਪ੍ਰਦਾਨ ਕੀਤੇ ਹਨ। ਪ੍ਰਸ਼ਾਸਨ ਨੂੰ ਹੋਰ ਲੋਕ ਪੱਖੀ ਬਣਾਉਣ ਲਈ, ਆਉਣ ਵਾਲੇ ਪੰਜ ਸਾਲਾਂ ਵਿਚ ਸਰਕਾਰ ਵੱਲੋਂ ਹੋਰ ਵੀ ਯਤਨ ਕੀਤੇ ਜਾਣਗੇ। ਸਪੀਕਰ ਸਾਹਿਬ, ਆਪ ਜੀ ਨੇ ਹੁਣੇ ਹੀ ਕਿਹਾ ਹੈ ਕਿ ਸਾਡੀ ਮਾਤ ਭਾਸ਼ਾ ਸਦਨ ਵਿਚ, ਸਰਕਾਰ ਵਿਚ, ਪੰਜਾਬ ਵਿਚ ਇਸ ਨੂੰ ਤਨਦੇਹੀ ਨਾਲ ਲਾਗੂ ਕਰਨਾ ਚਾਹੀਦਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ, ਮਾਣ ਹੈ ਕਿ 13ਵੀਂ ਵਿਧਾਨ ਸਭਾ ਦੇ ਅੰਦਰ ਇਸੇ ਸਰਕਾਰ ਨੇ ਪੰਜਾਬੀ ਮਾਤ ਭਾਸ਼ਾ ਨੂੰ ਦਫਤਰਾਂ ਵਿਚ ਲਾਗੂ ਕਰਨ ਲਈ ਇਸੇ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਹੈ। (ਥੰਪਿੰਗ) ਅੱਜ ਪੂਰੇ ਪੰਜਾਬ ਦੇ ਦਫਤਰਾਂ ਦੇ ਵਿਚ ਸਾਡੀ ਮਾਤ ਭਾਸ਼ਾ ਪੰਜਾਬੀ ਸਹੀ ਅਰਥਾਂ ਵਿਚ ਲਾਗੂ ਹੈ ਔਰ ਪੰਜਾਬ ਜਿਹੜਾ ਪੰਜ ਦਰਿਆਵਾਂ ਦੀ ਧਰਤੀ ਹੈ ਔਰ ਬਾਰਡਰ ਸਟੇਟ ਹੋਣ ਕਰਕੇ ਇਥੇ ਨਸ਼ਿਆਂ ਦੀ ਭਰਮਾਰ ਹੈ...

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਤੁਸੀਂ ਕਿਹੜੇ ਰੂਲ ਥੱਲੇ ਕਰਨਾ ਚਾਹੁੰਦੇ ਹੋ? ਪੁਆਇੰਟ ਆਫ ਆਰਡਰ ਕਿਹੜੇ ਰੂਲ ਥੱਲੇ ਹੈ? ਤੁਸੀਂ ਰੂਲ ਦੱਸ ਦਿਉ, ਮੈਂ ਪਰਮਿਟ ਕਰ ਦੇਵਾਂਗਾ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਪੰਜਾਬੀ ਭਾਸ਼ਾ ਲਾਗੂ ਕਰਨ ਦਾ ਇਨ੍ਹਾਂ ਨੇ ਬਹੁਤ ਵਧੀਆ ਪ੍ਰਚਾਰ ਕੀਤਾ ਹੈ। ਇਹ ਬੜੀ ਚੰਗੀ ਗੱਲ ਹੈ ਪਰ ਸਾਡਾ ਵੀ ਧੰਨਵਾਦ ਕਰ ਦਿਉ, ਸ਼ੁਰੂਆਤ ਤਾਂ ਅਸੀਂ ਕੀਤੀ ਹੈ। ਸਵਾਲ ਤਾਂ ਮੇਰਾ ਆਇਆ ਸੀ ਕਿ ਪੰਜਾਬੀ ਭਾਸ਼ਾ ਲਾਗੂ ਕਰੋਗੇ ਕਿ ਨਹੀਂ ਕਰੋਗੇ। ਚੌਥੀ ਵਾਰ ਪੰਜਾਬ ਸਰਕਾਰ ਆਈ ਹੈ।

ਮਾਨਯੋਗ ਸਪੀਕਰ : ਅੱਜ ਤਾਂ ਪੰਜਾਬ ਵਿਧਾਨ ਸਭਾ ਵਿਚ ਵੀ ਕਰ ਦਿੱਤਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਾਡਾ ਤਾਂ ਧੰਨਵਾਦ ਨਹੀਂ ਕਰਦੇ, ਜਿਹੜੇ ਕੁਐਸਚਨ ਲੈ ਕੇ ਆਏ ਸੀ, ਰੈਜੋਲਿਊਸ਼ਨ ਪਾਸ ਕੀਤਾ, ਸਾਰੇ ਹਾਊਸ ਨੇ ਯੂਨੈਨੀਮਸਲੀ ਪਾਸ ਕੀਤਾ ਹੈ ਔਰ ਇਹ ਆਪਣੀ ਇਕੱਲਿਆਂ ਦੀ ਪ੍ਰਸ਼ੰਸਾ ਕਰੀ ਜਾਂਦੇ ਹਨ। ਸਾਡਾ ਨਾਮ ਵੀ ਲੈ ਦਿਉ।

ਮਾਨਯੋਗ ਸਪੀਕਰ : ਇਹ ਤੁਸੀਂ ਬਹਿਸ ਦੇ ਦੌਰਾਨ ਦੱਸ ਦੇਣਾ।

ਸਰਦਾਰ ਵਿਰਸਾ ਸਿੰਘ ਵਲਟੋਹਾ : ਮੋਫਰ ਸਾਹਿਬ 13ਵੀਂ ਵਿਧਾਨ ਸਭਾ ਦੇ ਵਿਚ ਵੀ ਮੈਂਬਰ ਸੀ।

ਮਾਨਯੋਗ ਸਪੀਕਰ : ਮੇਰੇ ਨਾਲ ਪਹਿਲਾਂ ਵੀ ਮੈਂਬਰ ਰਹੇ ਹਨ।

ਸਰਦਾਰ ਵਿਰਸਾ ਸਿੰਘ ਵਲਟੋਹਾ : ਉਦੋਂ ਇਨ੍ਹਾਂ ਦਾ ਰਾਜ ਸੀ, ਉਸ ਵੇਲੇ ਮਤਾ ਪਾਸ ਕਿਉਂ ਨਾ ਹੋ ਗਿਆ? ਜੇ ਐਪਰੀਸੀਏਸ਼ਨ ਮਿਲਣੀ ਚਾਹੀਦੀ ਹੈ, ਜੇ ਸ਼ਾਬਾਸ਼ ਮਿਲਣੀ ਚਾਹੀਦੀ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਮਿਲਣੀ ਚਾਹੀਦੀ ਹੈ ਔਰ ਇਹ ਮਿਲ ਵੀ ਰਹੀ ਹੈ ਅਤੇ ਲੋਕਾਂ ਨੇ ਦਿੱਤੀ ਵੀ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ (ਬੈਠੇ-ਬੈਠੇ) : ਅਜੇ 10 ਪ੍ਰਤੀਸ਼ਤ ਵੀ ਲਾਗੂ ਨਹੀਂ ਹੋਈ।

ਸਰਦਾਰ ਵਿਰਸਾ ਸਿੰਘ ਵਲਟੋਹਾ : ਸਪੀਕਰ ਸਾਹਿਬ, ਪੰਜਾਬ ਦੇ ਅੰਦਰ 1 ਲੱਖ 20 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ। ਇਹ ਨੌਕਰੀਆਂ ਹੀ ਨਹੀਂ ਦਿੱਤੀਆਂ ਗਈਆਂ, ਜਿਸ ਤਰੀਕੇ ਦੇ ਨਾਲ ਲੋਕਾਂ ਨੂੰ ਰੋਜ਼ਗਾਰ ਦਿੱਤਾ ਗਿਆ, ਪਹਿਲੀ ਵਾਰ ਪਾਰਦਰਸ਼ੀ ਤਰੀਕੇ ਦੇ ਨਾਲ, ਮੈਰਿਟ ਦੇ ਅਧਾਰ ਤੇ ਨੌਜਵਾਨਾਂ ਨੂੰ ਭਰਤੀ ਕੀਤਾ ਗਿਆ। ਪੰਜਾਬ ਦੇ ਅੰਦਰ ਛੇ-ਛੇ ਫੁੱਟ ਜਾਂ ਇਸ ਤੋਂ ਵੀ ਉਚੇ ਨੌਜਵਾਨ ਜੋ ਭਰਤੀ ਹੋਏ ਹਨ ਇਹ ਵੀ ਜਿਹੜੀ ਨੀਤੀ ਹੈ ਇਹ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਵਧੀਆ ਫੋਰਸ ਤਿਆਰ ਕਰਨ ਲਈ ਵਧੀਆ ਨੀਤੀ ਲਿਆਂਦੀ ਹੈ, ਲੋਕਾਂ ਨੇ ਇਸ ਗੱਲ ਨੂੰ ਸਰਾਹਿਆ ਹੈ ਕਿ ਇਹ ਪਹਿਲੀ ਸਰਕਾਰ ਆਈ ਹੈ ਜਿਸ ਨੇ ਭਰਤੀਆਂ ਦੇ ਵਿਚ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਹੈ, ਭਾਈ ਭਤੀਜਾਵਾਦ ਨੂੰ ਖਤਮ ਕੀਤਾ ਹੈ ਔਰ ਉਨ੍ਹਾਂ ਲੋਕਾਂ ਨੂੰ ਮੌਕਾ ਦਿੱਤਾ ਹੈ ਜਿਹੜੇ ਤਨਦੇਹੀ ਦੇ ਨਾਲ ਮਿਹਨਤ ਕਰਦੇ ਹਨ, ਪੜ੍ਹਾਈ ਕਰਦੇ ਹਨ। ਇਸ ਕਰਕੇ ਵੀ ਸਰਕਾਰ ਨੂੰ ਲੋਕਾਂ ਨੇ ਫਤਵਾ ਦੇਣ ਲੱਗਿਆਂ ਇਸ ਗੱਲ ਨੂੰ ਵੀ ਤਰਜੀਹ ਦਿੱਤੀ ਹੈ। ਸਪੀਕਰ ਸਾਹਿਬ, ਪੰਜਾਬ ਜਿਸ ਨੇ ਦੇਸ਼ ਲਈ ਬੜੀਆਂ ਕੁਰਬਾਨੀਆਂ ਦਿੱਤੀਆਂ ਹਨ, ਜਿਸ ਨੇ ਸ਼ਹੀਦ ਭਗਤ ਸਿੰਘ ਵਰਗੇ ਪੈਦਾ ਕੀਤੇ ਹਨ, ਸ਼ਹੀਦ ਊਧਮ ਸਿੰਘ ਵਰਗੇ, ਕਰਤਾਰ ਸਿੰਘ ਸਰਾਭੇ ਵਰਗੇ, ਲਾਲਾ ਲਾਜਪਤ ਰਾਏ ਵਰਗੇ ਪੈਦਾ ਕੀਤੇ ਹਨ, ਪਤਾ ਨਹੀਂ ਕਿੰਨਿਆਂ ਨੇ ਇਥੇ ਫਾਂਸੀ ਦੇ ਰੱਸੇ ਨੂੰ ਆਪਣੇ ਗਲ ਦੇ ਵਿਚ ਪਾ ਕੇ ਦੇਸ਼ ਨੂੰ ਅਜ਼ਾਦ ਕਰਵਾਇਆ ਹੈ, ਆਪਣੀਆਂ ਜਾਇਦਾਦਾਂ ਕੁਰਕ ਕਰਵਾਈਆਂ, ਜੇਲ੍ਹਾਂ ਦੇ ਵਿਚ ਗਏ, ਕਾਲੇ ਪਾਣੀ ਦੇ ਤਸੀਹੇ ਝੱਲੇ, ਉਨ੍ਹਾਂ ਦੀਆਂ ਕੁਰਬਾਨੀਆਂ ਦੇ ਸਦਕਾ ਸਾਡਾ ਦੇਸ਼ ਅਜ਼ਾਦ ਹੋਇਆ ਹੈ। ਇਸ ਦੇ ਨਾਲ ਹੀ ਇਸ ਪੰਜਾਬ ਨੇ ਦੇਸ਼ ਦੇ ਅਨਾਜ ਭੰਡਾਰ ਵਿਚ ਜੋ ਯੋਗਦਾਨ ਪਾਇਆ ਹੈ ਔਰ ਜੋ ਯੋਗਦਾਨ ਪਾ ਰਿਹਾ ਹੈ ਉਸ ਨੂੰ ਸਰਾਹਿਆ ਤਾਂ ਜ਼ਰੂਰ ਜਾ ਰਿਹਾ ਹੈ ਪਰ ਉਸ ਦੇ ਇਵਜ਼ ਵਿਚ ਪੰਜਾਬ ਨੂੰ ਕੇਵਲ ਤੇ ਕੇਵਲ ਪੱਖਪਾਤ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਦਿੱਲੀ ਵਿਚ ਬੈਠੇ ਲੋਕਾਂ ਨੇ ਕਦੇ ਪੰਜਾਬ ਪ੍ਰਤੀ, ਪੰਜਾਬ ਦੇ ਹਿਤ ਪ੍ਰਤੀ ਨੀਤੀਆਂ ਨਹੀਂ ਬਣਾਈਆਂ ਜਿਸ ਦੇ ਨਾਲ ਪੰਜਾਬ ਦੇ ਲੋਕਾਂ ਦਾ ਭਲਾ ਹੋਵੇ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਿਚ ਏਡਾ ਵੱਡਾ ਅਹਿਮ ਯੋਗਦਾਨ ਪਾਇਆ ਹੈ। (ਵਿਘਨ)

ਮਾਨਯੋਗ ਸਪੀਕਰ : ਕੋਈ ਵਿਚੋਂ ਡਿਸਟਰਬ ਨਾ ਕਰੋ। ਸੁਣੋ, ਫਿਰ ਉਸ ਦਾ ਜਵਾਬ ਦੇਣਾ ਹੈ।

ਸਰਦਾਰ ਵਿਰਸਾ ਸਿੰਘ ਵਲਟੋਹਾ : ਸਪੀਕਰ ਸਾਹਿਬ, ਦੇਸ਼ ਦੇ ਅੰਨ ਭੰਡਾਰ ਵਿਚ ਜਿਹੜੇ ਲੋਕਾਂ ਨੇ ਏਡਾ ਵੱਡਾ ਯੋਗਦਾਨ ਪਾਇਆ ਹੈ ਉਸ ਦੇ ਬਾਰੇ ਇਨ੍ਹਾਂ ਨੇ ਉਸ ਨੂੰ ਕਦੇ ਤਰਜੀਹ ਨਹੀਂ ਦਿੱਤੀ। ਮੈਂ ਥੋੜ੍ਹਾ ਜਿਹਾ ਪਾਸਟ ਦੇ ਵਿਚ ਵੀ ਜਾਣਾ ਚਾਹੁੰਦਾ ਹਾਂ। ਜਦੋਂ 1947 ਦੀ ਵੰਡ ਹੋਈ ਤਾਂ ਸਭ ਤੋਂ ਵੱਡਾ ਸੰਤਾਪ ਪੰਜਾਬੀਆਂ ਨੂੰ ਝੱਲਣਾ ਪਿਆ। ਇਸ ਬਾਰੇ ਅਸੀਂ ਸਾਰੇ ਜਾਣਦੇ ਹਾਂ ਔਰ ਸਭ ਤੋਂ ਵੱਧ ਜਿਹੜੇ ਬਾਰਡਰ ਤੇ ਬੈਠੇ ਲੋਕ ਹਨ ਉਨ੍ਹਾਂ ਨੂੰ ਝੱਲਣਾ ਪਿਆ। 550 ਕਿਲੋਮੀਟਰ ਦੇ ਕਰੀਬ ਲੰਮੀ ਪੱਟੀ ਹੈ, ਜਿਹੜੀ ਸਰਹੱਦ ਹੈ ਪੰਜਾਬ ਦੇ ਲੋਕਾਂ ਦੀ ਅਤੇ ਮੇਰਾ ਹਲਕਾ ਜਿਸ ਨੂੰ 100 ਕਿਲੋਮੀਟਰ ਲੰਮੀ ਸਰਹੱਦ ਲੱਗਦੀ ਹੈ। ਸਪੀਕਰ ਸਾਹਿਬ, ਦੇਸ਼ ਤਾਂ ਅਜ਼ਾਦ ਹੋ ਗਿਆ ਪਰ ਸਰਹੱਦ ਤੇ ਬੈਠੇ ਲੋਕ ਅੱਜ ਵੀ ਹਿੰਦੁਸਤਾਨ ਦੀਆਂ ਨੀਤੀਆਂ ਦੇ ਗੁਲਾਮ ਹਨ, ਕਿਸੇ ਨੇ ਧਿਆਨ ਨਹੀਂ ਦਿੱਤਾ। ਇਸ ਪੰਜਾਬੀ ਸੂਬੇ ਨੇ, ਇਸ ਪੰਜਾਬ ਸਟੇਟ ਨੇ ਹਿੰਦੁਸਤਾਨ ਦੀ ਖਾਤਰ 1965 ਤੇ 1971 ਦੀਆਂ ਲੜਾਈਆਂ ਲੜੀਆਂ, ਕਾਲਾ ਦੌਰ ਆਪਣੇ ਆਪ ਤੇ ਝੱਲਿਆ ਪਰ ਦਿੱਲੀ ਵਿਚ ਬੈਠੇ ਲੋਕਾਂ ਨੇ ਕਦੇ ਵੀ ਇਸ ਦੇ ਭਲੇ ਵਾਸਤੇ ਨਹੀਂ ਸੋਚਿਆ ਔਰ ਹਮੇਸ਼ਾਂ ਹੀ ਇਸ ਸੂਬੇ ਨਾਲ ਵਿਤਕਰੇਬਾਜ਼ੀ ਹੁੰਦੀ ਰਹੀ। ਪੰਜਾਬੀ ਬੋਲਦੇ ਇਲਾਕੇ ਖੋਹ ਲਏ, ਚੰਡੀਗੜ੍ਹ ਖੋਹ ਲਿਆ, ਪਾਣੀ ਖੋਹ ਲਿਆ, ਹੁਣ ਪਾਣੀ ਨੂੰ ਹੋਰ ਖੋਹਣ ਵਾਸਤੇ ਦਰਿਆਵਾਂ ਨੂੰ ਜੋੜਨ ਦੀਆਂ ਨੀਤੀਆਂ ਸੁਣਾਈਆਂ ਜਾ ਰਹੀਆਂ ਹਨ, ਘੜੀਆਂ ਜਾ ਰਹੀਆਂ ਹਨ, ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜੁਲਾਈ, 1982 ਦੇ ਵਿਚ ਜਦੋਂ ਸਤਲੁਜ-ਯਮੁਨਾ ਲਿੰਕ ਨਹਿਰ ਕੱਢਣ ਵਾਸਤੇ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਟੱਕ ਲਗਾਇਆ ਸੀ ਤੇ ਪੰਜਾਬ ਦੇ ਸਾਡੇ ਕਾਂਗਰਸੀ ਵੀਰਾਂ ਨੇ ਸੋਨੇ ਦੀ ਕਹੀ ਲਿਆ ਕੇ ਟੱਕ ਲਗਵਾਇਆ ਸੀ, ਉਸ ਸੋਨੇ ਦੀ ਕਹੀ ਦਾ ਟੱਕ ਇਹੋ ਜਿਹਾ ਲੱਗਾ ਕਿ ਕਪੂਰੀ ਮੋਰਚਾ ਤੇ ਧਰਮ ਯੁੱਧ ਮੋਰਚਾ ਪੰਜਾਬ ਦੀ ਧਰਤੀ ਤੇ ਚਲਿਆ ਤੇ ਇਹੋ ਜਿਹੇ ਹਾਲਾਤ ਬਣੇ ਕਿ ਵੀਹ ਸਾਲ ਪੰਜਾਬ ਜਿਹੜਾ ਹੈ ਉਹ ਪੱਛੜ ਕੇ ਰਹਿ ਗਿਆ। ਸਪੀਕਰ ਸਾਹਿਬ, ਮੈਂ ਇਹ ਇਸ ਸਦਨ ਦੇ ਵਿਚ ਕਹਿਣਾ ਚਾਹੁੰਦਾ ਹਾਂ, ਸਾਹਮਣੇ ਬੈਠੇ ਵੀਰਾਂ ਨੂੰ ਜਿਨ੍ਹਾਂ ਦੀ ਦਿੱਲੀ ਦੇ ਵਿਚ ਸਰਕਾਰ ਹੈ, ਇਨ੍ਹਾਂ ਰਾਹੀਂ ਵੀ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਪਾਣੀਆਂ ਨਾਲ ਛੇੜਛਾੜ ਨਾ ਕੀਤੀ ਜਾਵੇ। ਇਹ ਪੰਜਾਬ ਦੇ ਪਾਣੀਆਂ ਨਾਲ ਛੇੜਛਾੜ ਨਹੀਂ, ਪੰਜਾਬ ਦੇ ਲੋਕਾਂ ਦੇ ਜਜ਼ਬਾਤਾਂ ਨਾਲ, ਪੰਜਾਬ ਦੇ ਭਵਿੱਖ ਨਾਲ ਛੇੜਛਾੜ ਕਰੋਗੇ ਅਤੇ ਫੇਰ ਪੰਜਾਬ ਨੂੰ ਉਸ ਬਰਬਾਦੀ ਵੱਲ ਧੱਕਣ ਦੀ ਕੋਸ਼ਿਸ਼ ਕਰੋਗੇ ਜਿਸ ਵਿਚੋਂ ਮਸਾਂ-ਮਸਾਂ ਲੋਕਾਂ ਦੀਆਂ ਅਰਦਾਸਾਂ, ਕੁਰਬਾਨੀਆਂ ਨਾਲ ਖੂਨ ਡੁੱਲਣ ਤੋਂ ਬਾਅਦ ਇੱਥੇ ਸ਼ਾਂਤੀ ਆਈ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਵੀ ਰੰਜ ਹੈ। ਬੜੀਆਂ ਕੋਸ਼ਿਸ਼ਾਂ ਦੇ ਬਾਅਦ ਡਿਪਟੀ ਸੀ.ਐਮ. ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਮੋਹਾਲੀ ਵਿਖੇ ਏਅਰ ਪੋਰਟ ਲਿਆਂਦਾ। ਉਨ੍ਹਾਂ ਦੇ ਯਤਨਾਂ ਸਦਕਾ ਇੱਕ ਏਅਰਪੋਰਟ ਪੰਜਾਬ ਨੂੰ

ਮਿਲਿਆ। ਉਸ ਦੇ ਉਦਘਾਟਨੀ ਸਮਾਰੋਹ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ, ਜੋ ਪੰਜਾਬ ਦੇ ਸੂਬੇ ਨਾਲ ਸਬੰਧਤ ਹਨ, ਉਨ੍ਹਾਂ ਤੋਂ ਸਮਾਂ ਲਿਆ। ਉਨ੍ਹਾਂ ਨੇ ਸਮਾਂ ਦਿੱਤਾ ਪਰ ਐਨ ਮੌਕੇ ਤੇ ਉਹ ਨਾਂਹ ਕਰ ਗਏ। ਇਹ ਨਾਂਹ ਕਿਉਂ ਕੀਤੀ ਉਹ ਇਸ ਕਰਕੇ ਕਿ ਜਿਹੜੇ ਯੂ.ਪੀ.ਏ. ਦੇ ਚੇਅਰਪਰਸਨ ਹਨ ਉਨ੍ਹਾਂ ਨੇ ਪੰਜਾਬ ਦੇ ਕਾਂਗਰਸੀ ਲੀਡਰਾਂ ਦੀ ਦਿੱਲੀ ਵਿਚ ਮੀਟਿੰਗ ਸੱਦੀ ਅਤੇ ਮੀਟਿੰਗ ਵਿਚ ਜਦੋਂ ਯੂ.ਪੀ.ਏ. ਚੇਅਰਪਰਸਨ ਵੱਲੋਂ ਇਹ ਕਿਹਾ ਗਿਆ ਕਿ ਪੰਜਾਬ ਤੋਂ ਇੰਟੈਲੀਜੈਂਸ ਦੀਆਂ ਜਿਹੜੀਆਂ ਰਿਪੋਰਟਾਂ ਆ ਰਹੀਆਂ ਹਨ ਉਹ ਕਾਂਗਰਸ ਦੇ ਹੱਕ ਵਿਚ ਨਹੀਂ ਹਨ ਤਾਂ ਫੇਰ ਸਾਰਾ ਨਜ਼ਲਾ ਕਾਂਗਰਸੀ ਲੀਡਰਾਂ ਵੱਲੋਂ ਪ੍ਰਧਾਨ ਮੰਤਰੀ ਜੀ ਉੱਤੇ ਸੁੱਟ ਦਿੱਤਾ ਗਿਆ, ਉਨ੍ਹਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ। ਫੇਰ ਯੂ.ਪੀ.ਏ. ਚੇਅਰਪਰਸਨ ਅਤੇ ਕਾਂਗਰਸ ਹਾਈ ਕਮਾਂਡ ਵੱਲੋਂ ਪ੍ਰਧਾਨ ਮੰਤਰੀ ਜੀ ਨੂੰ ਮਜ਼ਬੂਰ ਕੀਤਾ ਗਿਆ ਕਿ ਉਹ ਇਥੇ ਆ ਕੇ ਏ ਅਰਪੋਰਟ ਦਾ ਰਸਮੀ ਉਦਘਾਟਨ ਵੀ ਨਾ ਕਰਨ। ਸਪੀਕਰ ਸਾਹਿਬ, ਪੰਜਾਬ ਸਰਕਾਰ ਵੱਲੋਂ ਪ੍ਰੋਪੋਜ਼ਲ ਭੇਜਿਆਂ ਲੰਮਾ ਸਮਾਂ ਹੋ ਗਿਆ ਕਿ ਇਸ ਏਅਰਪੋਰਟ ਦਾ ਨਾਂ ਸ਼ਹੀਦੇ-ਏ -ਆਜ਼ਮ ਸਰਦਾਰ ਭਗਤ ਸਿੰਘ ਦੇ ਨਾਂ ਤੇ ਰੱਖਿਆ ਜਾਵੇ ਜਿਨ੍ਹਾਂ ਦੀ ਬੜੀ ਵੱਡੀ ਕੁਰਬਾਨੀ ਹੈ ਅਤੇ ਜਿਨ੍ਹਾਂ ਦੀ ਅਸੀਂ ਸ਼ਤਾਬਦੀ ਮਨਾ ਕੇ ਹਟੇ ਹਾਂ ਪਰ ਅਜੇ ਤੱਕ ਇਹ ਪ੍ਰੋਪੋਜ਼ਲ ਮਨਜ਼ੂਰ ਨਹੀਂ ਹੋਈ। ਅਜਿਹਾ ਨਾ ਹੋਣ ਦੇ ਪਿੱਛੇ ਕੀ ਕਾਰਨ ਹੈ? ਸਪੀਕਰ ਸਾਹਿਬ, ਆਪਾਂ ਸਾਰੇ ਜਾਣਦੇ ਹਾਂ ਕਿ ਹਿੰਦੁਸਤਾਨ ਦੀਆਂ ਜਿੰਨੀਆਂ ਵੀ ਵੱਡੀਆਂ ਸੰਸਥਾਵਾਂ ਹਨ, ਦਰਜਨਾਂ ਤਾਂ ਏਅਰਪੋਰਟ ਹੀ ਹਨ ਜਿਨ੍ਹਾਂ ਦਾ ਨਾਂ ਗਾਂਧੀ ਪਰਿਵਾਰ ਦੇ ਨਾਂ ਤੇ ਹੈ। ਕੋਈ ਵੀ ਇਹੋ ਜਿਹੀ ਯੋਜਨਾ ਨਹੀਂ ਜਿਹੜੀ ਗਾਂਧੀ ਪਰਿਵਾਰ ਦੇ ਨਾਂ ਤੇ ਨਾ ਹੋਵੇ। ਸ਼ਾਇਦ ਯੂ.ਪੀ.ਏ. ਸਰਕਾਰ ਇਹ ਨਹੀਂ ਚਾਹੁੰਦੀ ਕਿ ਇਸ ਏਅਰਪੋਰਟ ਦਾ ਨਾਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਨਾਂ ਤੇ ਰੱਖਿਆ ਜਾਵੇ। ਉਹ ਇਹ ਚਾਹੁੰਦੇ ਹਨ ਕਿ ਇਸ ਵਿਚ ਵੀ ਗਾਂਧੀ ਪਰਿਵਾਰ ਦਾ ਨਾਂ ਸ਼ਾਮਿਲ ਕੀਤਾ ਜਾਵੇ। ਸਾਨੂੰ ਇਸ ਦਾ ਦੁੱਖ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ, ਸੈਂਟਰ ਗੌਰਮਿੰਟ ਨੇ ਕਦੇ ਨਹੀਂ ਕਿਹਾ ਕਿ ਇਸ ਦਾ ਨਾਂ ਗਾਂਧੀ ਫੈਮਿਲੀ ਵਿਚੋਂ ਕਿਸੇ ਦੇ ਨਾਂ ਤੇ ਰੱਖਿਆ ਜਾਵੇ। ਇਹ ਗਲਤ ਸਟੇਟਮੈਂਟ ਹੈ। ਉਨ੍ਹਾਂ ਨੇ ਕਦੇ ਨਹੀਂ ਕਿਹਾ।

ਮਾਨਯੋਗ ਸਪੀਕਰ : ਉਨ੍ਹਾਂ ਨੇ ਅਜਿਹਾ ਨਹੀਂ ਕਿਹਾ।

ਰਾਣਾ ਗੁਰਮੀਤ ਸਿੰਘ ਸੋਢੀ : ਨਹੀਂ ਜੀ, ਉਹ ਕਹਿ ਰਹੇ ਹਨ।

ਮਾਨਯੋਗ ਸਪੀਕਰ : ਉਹ ਇਹ ਕਹਿ ਰਹੇ ਹਨ ਕਿ ਉਨ੍ਹਾਂ ਦਾ ਖਿਆਲ ਹੈ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਖਿਆਲ ਦਾ ਮਤਲਬ ਕੀ ਹੈ? ਇਹ ਉਸ ਚੀਜ਼ ਨੂੰ ਪ੍ਰੋਜੈਕਟ ਕਰ ਰਹੇ ਹਨ ਜਿਸ ਦੀ ਕੋਈ ਬੁਨਿਆਦ ਹੀ ਨਹੀਂ ਹੈ। ਇਨ੍ਹਾਂ ਨੂੰ ਕਿਸੇ ਦੇ ਖਿਆਲ ਦਾ ਕੀ ਪਤਾ? ਇਸ ਕਰਕੇ ਅਜਿਹਾ ਖਿਆਲ ਐਕਸਪ੍ਰੈਸ ਨਾ ਕੀਤਾ ਜਾਵੇ। ਇਨ੍ਹਾਂ ਦਾ ਖਿਆਲ ਹੈ ਕਿ ਉਸ ਦਾ ਨਾਂ ਨਹਿਰੂ-ਗਾਂਧੀ ਪਰਿਵਾਰ ਤੇ ਹੋਵੇ...

Hon'ble Speaker : Please sit down, ਤੁਸੀਂ ਬੈਠ ਜਾਉ।

ਰਾਣਾ ਗੁਰਮੀਤ ਸਿੰਘ ਸੋਢੀ : ਸਰ, ਅਜਿਹਾ ਖਿਆਲ ਲੋਕਾਂ ਤੱਕ ਨਾ ਜਾਵੇ, ਇਸ ਲਈ ਅਜਿਹੇ ਗਲਤ ਖਿਆਲ ਦਾ ਇਹ ਇਥੇ ਪ੍ਰਗਟਾਵਾ ਨਾ ਕਰਨ।

ਮਾਨਯੋਗ ਸਪੀਕਰ : ਤੁਸੀਂ ਆਪਣੀ ਗੱਲ ਵਿਚ ਕਹਿ ਦੇਣਾ ਕਿ ਇਹ ਗਲਤ ਹੈ ਜਾਂ ਠੀਕ ਹੈ। ਮੇਰੀ ਬੇਨਤੀ ਹੈ, ਮੈਂ ਇਹ ਚਾਹਾਂਗਾ ਜਦੋਂ ਇਹ ਗੱਲ ਕਹਿਣ ਤੁਸੀਂ ਸੁਣੋ, ਜਦੋਂ ਤੁਸੀਂ ਆਪਣੀ ਗੱਲ ਕਹਿਣੀ ਹੈ, ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਵੀ ਸੁਨਣ। ਸੋ, ਗੱਲ ਨੂੰ ਬਰਦਾਸ਼ਤ ਕਰੋ ਅਤੇ ਧਿਆਨ ਨਾਲ ਸੁਣੋ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ** **

Hon'ble Speaker : No Point of Order. ਇਹ ਰੈਲੇਵੈਂਟ ਨਹੀਂ ਹੈ, ਇਰਰੈਲੇਵੈਂਟ ਹੈ।

ਸਰਦਾਰ ਵਿਰਸਾ ਸਿੰਘ ਵਲਟੋਹਾ : ਸਪੀਕਰ ਸਾਹਿਬ, ਪੰਜਾਬ ਦੀ ਬੜੀ ਵੱਡੀ ਵਿਰਾਸਤ ਹੈ। ਉਸ ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਇਕੱਠਾ ਕੀਤਾ। ਸਿੱਖ ਕੌਮ ਦੀ ਖਾਲਸਾ ਵਿਰਾਸਤ ਦੀ ਯਾਦਗਾਰ ਬਣਾਉਣ ਸਬੰਧੀ ਪਤਾ ਨਹੀਂ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕਿੱਥੇ ਸੁਪਨਾ ਲਿਆ, ਉਸ ਨੂੰ ਅੱਜ ਹਕੀਕਤ ਦਾ ਰੂਪ ਦਿੱਤਾ ਔਰ ਅੱਜ ਇੱਕ ਅਜੂਬਾ ਪੰਜਾਬ ਦੀ ਧਰਤੀ ਦੇ ਉਤੇ ਤਿਆਰ ਹੋਇਆ। ਉਸ ਦੇ ਉਦਘਾਟਨੀ ਸਮਾਰੋਹ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਕੋਲੋਂ ਸਮਾਂ ਲਿਆ। ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੀ ਖੁਸ਼ਕਿਸਮਤੀ ਸੀ, ਉਨ੍ਹਾਂ ਦੀ ਵਡਿਆਈ ਸੀ, ਪਰਮਾਤਮਾ ਨੇ ਵਡਿਆਈ ਦੇਣੀ ਸੀ ਜੇ ਉਹ ਇਸ ਮੌਕੇ ਤੇ ਹਾਜ਼ਰ ਹੁੰਦੇ, ਉਨ੍ਹਾਂ ਨੇ ਸਹਿਮਤੀ ਵੀ ਦਿੱਤੀ ਪਰ ਆਖਰੀ ਮੌਕੇ ਤੇ ਇਹ ਸਾਹਮਣੇ ਬੈਠੇ ਆਪੋਜੀਸ਼ਨ ਦੇ ਵੀਰਾਂ ਨੂੰ ਵੀ ਪਤਾ ਹੈ ਕਿ ਪ੍ਰਧਾਨ ਮੰਤਰੀ, ਡਾਕਟਰ ਮਨਮੋਹਨ ਸਿੰਘ ਜੀ ਨੂੰ ਕਿਸ ਨੇ ਮਨ੍ਹਾਂ ਕੀਤਾ, ਕਿਸ ਨੇ ਪ੍ਰੈਸ਼ੇਰਾਈਜ਼ ਕੀਤਾ, ਇਸ ਬਾਰੇ ਅਖਬਾਰਾਂ ਵਿਚ ਆਇਆ, ਟੀ.ਵੀ. ਤੇ ਆਇਆ, ਚੈਨਲਾਂ ਤੇ ਆਇਆ ਕਿ ਪੰਜਾਬ ਦੀ ਕਾਂਗਰਸ ਹਾਈ ਕਮਾਂਡ ਨੇ ਯੂ.ਪੀ.ਏ. ਚੇਅਰਪਰਸਨ ਉਤੇ ਅਜਿਹਾ ਦਬਾਅ ਪਾਇਆ ਕਿ ਡਾਕਟਰ ਮਨਮੋਹਨ ਸਿੰਘ ਜੀ ਨੂੰ ਖਾਲਸਾ ਵਿਰਾਸਤ ਦਾ ਉਦਘਾਟਨ ਕਰਨ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦੇ ਉਤੇ ਨਾ ਜਾਣ ਦਿੱਤਾ ਜਾਵੇ। ਉਹ ਨਹੀਂ ਆਏ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਇਹ ਗੱਲਾਂ ਜਿਹੜੀਆਂ ਹਨ, ਅਸੀਂ ਲੋਕਾਂ ਵਿਚ ਲੈ ਕੇ ਜਾਂਦੇ ਹਾਂ। ਅਸੀਂ ਜਦੋਂ ਲੋਕਾਂ ਵਿਚ ਪ੍ਰਚਾਰ ਕਰਨ ਵਾਸਤੇ ਜਾਂਦੇ ਸੀ, ਪੰਜਾਬ ਦੇ ਲੋਕਾਂ ਨਾਲ ਵਿਤਕਰੇਬਾਜ਼ੀ ਦੀ ਗੱਲ ਕਰਦੇ ਸੀ ਅਤੇ ਲੋਕਾਂ ਨੂੰ ਦੱਸਦੇ ਸੀ ਤਾਂ ਲੋਕ ਹੈਰਾਨ ਹੁੰਦੇ ਸੀ, ਲੋਕ ਕਹਿੰਦੇ ਸੀ ਕਿ ਇਹੋ ਜਿਹੇ ਲੋਕਾਂ ਨੂੰ ਪੰਜਾਬ ਦੀ ਸੱਤਾ ਤੇ ਆਉਣ ਦਾ ਕੋਈ ਅਧਿਕਾਰ ਨਹੀਂ। ਇਸੇ ਕਰਕੇ ਹੀ ਲੋਕਾਂ ਨੇ ਦੁਬਾਰਾ ਸਰਦਾਰ ਪਰਕਾਸ਼ ਸਿੰਘ ਬਾਦਲ

****Expunged as ordered by the Chair.**

ਦੇ ਹੱਕ ਵਿਚ ਫਤਵਾ ਦਿੱਤਾ। (ਥੰਪਿੰਗ)

ਸਪੀਕਰ ਸਾਹਿਬ, ਇਹ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਈਆਂ। ਇਨ੍ਹਾਂ ਨੇ ਇਹੋ ਜਿਹਾ ** ਲਿਆ, ਹਰ ਵਾਰੀ ਇਹ ** ਲੈਂਦੇ ਹਨ, ਕੋਈ ਨਾ ਕੋਈ ਮੋਰਚਾ ਬਣਾ ਕੇ, ਕੋਈ ਨਾ ਕੋਈ ਫਰੰਟ ਬਣਾ ਕੇ...

ਮਾਨਯੋਗ ਸਪੀਕਰ : ਇਹ ** ਲਫਜ਼ ਕੱਟ ਦੇਣਾ। ** ਲਫਜ਼ ਡਿਲੀਟ ਕਰ ਦੇਣਾ।

ਸਰਦਾਰ ਵਿਰਸਾ ਸਿੰਘ ਵਲਟੋਹਾ : ਇਹ ਹਰ ਵਾਰੀ ਕੋਸ਼ਿਸ਼ ਕਰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਆਪਣੀਆਂ ਕਠਪੁਤਲੀਆਂ ਦਾ ਕਬਜ਼ਾ ਕਰਵਾਇਆ ਜਾਵੇ। ਇਨ੍ਹਾਂ ਨੇ ਐਤਕੀਂ ਵੀ ਕੋਸ਼ਿਸ਼ ਕੀਤੀ, ਪੂਰੀ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਨੇ ਪੂਰਾ ਜ਼ੋਰ ਲਗਾਇਆ ਪਰ ਪੰਜਾਬ ਦੇ ਲੋਕਾਂ ਨੇ ਨਕਾਰ ਕੇ ਰੱਖ ਦਿੱਤਾ ਅਤੇ ਜੋ ਤੁਹਾਡੇ ਸਾਹਮਣੇ ਨਤੀਜੇ ਹਨ, ਮੈਂ ਇਸ ਪਵਿੱਤਰ ਸਦਨ ਵਿਚ ਸਾਹਮਣੇ ਬੈਠੇ ਵੀਰਾਂ ਨੂੰ ਔਰ ਸਮੁੱਚੀ ਪੰਜਾਬ ਦੀ ਕਾਂਗਰਸ ਤੇ ਜਿਹੜੀ ਤੁਹਾਡੀ ਸੈਂਟਰ ਦੀ ਕਾਂਗਰਸ ਹੈ, ਉਸ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਖ ਕੌਮ ਦੇ ਮਸਲਿਆਂ ਵਿਚ ਦਖਲ ਦੇਣਾ ਬੰਦ ਕਰ ਦਿਉ। ਇਸ ਗੱਲ ਕਰਕੇ ਬੜੀ ਤਬਾਹੀ ਹੋਈ ਹੈ। ਬਹੁਤ ਕੁਝ ਹੋਇਆ ਹੈ, ਤੁਸੀਂ ਬੜੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਅਜੇ ਵੀ ਨਹੀਂ ਟਲਦੇ। ਹੁਣ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਾਊਸ ਬਣਾਉਣ ਵਾਸਤੇ, ਜਿਹੜਾ ਕਿ ਤੁਰੰਤ ਬਣ ਜਾਣਾ ਚਾਹੀਦਾ ਸੀ, ਉਸ ਨੂੰ ਰੋਕਣ ਵਾਸਤੇ ਕੋਸ਼ਿਸ਼ਾਂ ਹੋ ਰਹੀਆਂ ਹਨ। ਸਰਦਾਰ ਪਰਕਾਸ਼ ਸਿੰਘ ਬਾਦਲ ਵਲੋਂ ਵਾਰ-ਵਾਰ ਦਿੱਲੀ ਦੇ ਗੇੜੇ ਕੱਟਣ ਦੇ ਬਾਵਜੂਦ ਹਿੰਦੁਸਤਾਨ ਦੀ ਸਰਕਾਰ ਦੇ ਵਾਰ-ਵਾਰ ਨੋਟਿਸ ਵਿਚ ਲਿਆਉਣ ਦੇ ਬਾਵਜੂਦ ਕਿ ਇਸ ਸੰਸਥਾ ਦਾ 31 ਮਾਰਚ ਨੂੰ ਬਜਟ ਪਾਸ ਹੋਣਾ ਹੈ, ਇਸ ਦਾ ਕੁਝ ਕੀਤਾ ਜਾਵੇ ਪਰ ਕੰਨ ਤੇ ਜੂੰ ਨਹੀਂ ਸਰਕੀ ਔਰ ਗੱਲ ਉਥੇ ਦੀ ਉਥੇ ਹੀ ਹੈ। ਇਹ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਿੱਖਾਂ ਦੇ ਮਸਲਿਆਂ ਵਿਚ ਦਖ਼ਲ ਅੰਦਾਜ਼ੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਢਾਹ ਲਾਉਣ ਵਾਸਤੇ ਕੇਂਦਰੀ ਕਾਂਗਰਸੀ ਹਾਕਮ ਅਤੇ ਸਾਡੇ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਵਲੋਂ ਹਮੇਸ਼ਾਂ ਕੋਸ਼ਿਸ਼ ਰਹੀ।

ਸਪੀਕਰ ਸਾਹਿਬ, ਸਾਨੂੰ ਲੋਕਾਂ ਨੇ ਫਤਵਾ ਦੇ ਕੇ ਭੇਜਿਆ ਹੈ, ਮੈਂ ਵਾਰ-ਵਾਰ ਇਹ ਗੱਲ ਨਹੀਂ ਕਰਨੀ ਚਾਹੁੰਦਾ ਕਿ ਕੇਵਲ ਤੇ ਕੇਵਲ ਵਿਕਾਸ ਕਰਕੇ, ਕੇਵਲ ਤੇ ਕੇਵਲ ਅਸੀਂ ਜੋ ਲੋਕਾਂ ਨੂੰ ਚੰਗੀਆਂ ਨੀਤੀਆਂ ਦਿੱਤੀਆਂ ਹਨ, ਜੋ ਚੰਗਾ ਮਾਹੌਲ ਦਿੱਤਾ, ਉਸ ਦੇ ਕਰਕੇ ਲੋਕਾਂ ਨੇ ਸਾਨੂੰ ਫਤਵਾ ਦਿੱਤਾ ਹੈ। ਪਰ ਸਾਡੇ ਵਾਰ-ਵਾਰ ਇਹ ਕਹਿਣ ਦੇ ਬਾਵਜੂਦ, ਇਸ ਸਦਨ ਵਿਚ ਇਹ ਗੱਲ ਵਾਰ-ਵਾਰ ਉਠਾਉਣ ਦੇ ਬਾਵਜੂਦ ਕਿ ਕੇਂਦਰੀ ਯੋਜਨਾ ਬੋਰਡ ਦਾ ਜਿਹੜਾ ਪਲਾਨਿੰਗ ਕਮਿਸ਼ਨ ਹੈ ਜਾਂ ਜਿਹੜੀ ਦਿੱਲੀ ਬੈਠੀ ਸੈਂਟਰ ਦੀ ਸਰਕਾਰ ਹੈ, ਉਸ

**Expunged as ordered by the Chair.

[ਸਰਦਾਰ ਵਿਰਸਾ ਸਿੰਘ ਵਲਟੋਹਾ]

ਦੀਆਂ ਯੋਜਨਾਵਾਂ ਸਾਡੇ ਪੰਜਾਬ ਤੇ ਫਿੱਟ ਨਹੀਂ ਬੈਠਦੀਆਂ, ਕੋਈ ਹੱਲ ਨਹੀਂ ਕੀਤਾ ਗਿਆ। ਸਾਡੇ ਪੰਜਾਬ ਨਾਲ ਯੋਜਨਾਵਾਂ ਦੇ ਵਿਚ ਧੱਕਾ ਕੀਤਾ ਜਾਂਦਾ ਹੈ। ਜੋ ਇਥੋਂ ਰੈਵੇਨਿਊ ਦੀ ਕੁਲੈਕਸ਼ਨ ਹੈ, ਜੋ ਇਥੋਂ ਟੈਕਸ ਇਕੱਠਾ ਕਰਕੇ ਲੈ ਕੇ ਜਾਂਦੇ ਹਨ, ਉਨ੍ਹਾਂ ਦੀ ਜਿਹੜੀ ਵਾਪਸੀ ਪੰਜਾਬ ਦੇ ਵਿਕਾਸ ਵਾਸਤੇ ਹੁੰਦੀ ਹੈ, ਉਹ ਵੀ ਕਿਸੇ ਤੋਂ ਲੁਕੀ-ਛਿਪੀ ਨਹੀਂ ਹੈ। ਉਸ ਦੇ ਵਿਚ ਵੀ ਬੜੀ ਵੱਡੀ ਵਿਤਕਰੇ ਬਾਜ਼ੀ, ਬੜਾ ਵੱਡਾ ਪੱਖਪਾਤ ਕੀਤਾ ਜਾਂਦਾ ਹੈ ਅਤੇ ਬੜਾ ਵੱਡਾ ਧੱਕਾ ਕੀਤਾ ਜਾਂਦਾ ਹੈ। ਗਵਰਨਰ ਸਾਹਿਬ ਦਾ ਭਾਸ਼ਣ ਹੋਇਆ, ਉਸ ਦੇ ਵਿਚ ਇਹ ਮੰਗ ਕੀਤੀ ਗਈ ਹੈ ਕਿ ਪੰਜਾਬ ਸੂਬੇ ਤੋਂ ਜਿੰਨਾ ਵੀ ਮਾਲੀਆ ਇਕੱਤਰ ਕੀਤਾ ਜਾਂਦਾ ਹੈ, ਜਿੰਨਾ ਵੀ ਰੈਵੇਨਿਊ ਸੈਂਟਰ ਇਕੱਠਾ ਕਰਦਾ ਹੈ, ਉਸ ਵਿਚੋਂ ਅੱਧਾ, ਭਾਵ 50% ਪੰਜਾਬ ਨੂੰ, ਪੰਜਾਬ ਦੇ ਅੰਦਰ, ਆਪਣੀਆਂ ਯੋਜਨਾਵਾਂ ਬਣਾ ਕੇ ਜੋ ਇੱਥੇ ਚਾਹੀਦੀਆਂ ਹਨ ਜੋ ਇੱਥੋਂ ਦੀਆਂ ਲੋੜਾਂ ਹਨ, ਉਹ ਸਟੇਟ ਨੂੰ ਦਿੱਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੰਜਾਬ ਜਿਹੜਾ ਹੈ ਇਹ ਕਿਸਾਨੀ ਸੂਬਾ ਹੈ। ਪੰਜਾਬ ਦੀ ਆਮਦਨ ਮੁੱਢਲੇ ਰੂਪ ਵਿਚ ਕਿਸਾਨੀ ਤੇ ਨਿਰਭਰ ਹੈ। ਪੰਜਾਬ ਦੇ ਸ਼ਹਿਰਾਂ ਅਤੇ ਬਜ਼ਾਰਾਂ ਦੇ ਵਿਚ ਰੌਣਕ ਵੀ ਜਦੋਂ ਕਣਕ ਵੱਢ ਕੇ ਮੰਡੀ ਵਿਚ ਵਿੱਕ ਜਾਂਦੀ ਹੈ, ਉਸ ਤੋਂ ਬਾਅਦ ਵਧਦੀ ਹੈ, ਜਦੋਂ ਝੋਨਾ ਮੰਡੀ ਵਿਚ ਵਿੱਕ ਜਾਂਦਾ ਹੈ ਉਸ ਤੋਂ ਬਾਅਦ ਰੌਣਕ ਵਧਦੀ ਹੈ। ਪੰਜਾਬ ਦੀ ਆਰਥਿਕਤਾ ਪੰਜਾਬ ਦੀ ਕਿਸਾਨੀ ਦੇ ਉਪਰ ਨਿਰਭਰ ਕਰਦੀ ਹੈ। ਪੰਜਾਬ ਦੀ ਕਿਸਾਨੀ ਕਿਸ ਹਾਲਤ ਵਿਚ ਹੈ, ਯੂ.ਪੀ.ਏ. ਸਰਕਾਰ ਵੱਲੋਂ ਕੇਂਦਰ ਸਰਕਾਰ ਵੱਲੋਂ ਕੀ ਕੁਝ ਕੀਤਾ ਜਾ ਰਿਹਾ ਹੈ, ਉਹ ਦੇਖਣ ਯੋਗ ਹੈ। ਇਹ ਡੀਜ਼ਲ ਦੇ ਰੇਟ ਕਿੱਥੇ ਚਲੇ ਗਏ, ਖਾਦਾਂ ਦੇ ਰੇਟ ਕਿੱਥੇ ਚਲੇ ਗਏ, ਸਬਸਿਡੀ ਇੱਕ ਤਰ੍ਹਾਂ ਖਤਮ ਕਰਨ ਵਾਲੇ ਪਾਸੇ ਜਾ ਰਹੇ ਹਨ ਔਰ ਜਿਹੜੇ ਖੇਤੀ ਦੇ ਸੰਦ ਹਨ, ਉਨ੍ਹਾਂ ਦੀਆਂ ਕੀਮਤਾਂ ਵਿਚ ਵੀ ਇਨ੍ਹਾਂ ਨੇ ਕਿਸ ਰੂਪ ਵਿਚ ਵਾਧਾ ਕੀਤਾ ਹੈ, ਉਹ ਕਿਸੇ ਕੋਲੋਂ ਲੁਕਿਆ ਨਹੀਂ ਹੈ। ਸਪੀਕਰ ਸਾਹਿਬ, ਅੱਜ ਪੰਜਾਬ ਦਾ ਕਿਸਾਨ 35000 ਕਰੋੜ ਰੁਪਏ ਦਾ ਕਰਜ਼ਾਈ ਹੈ। ਉਹ ਕਿਸ ਕਰਕੇ ਕਰਜਾਈ ਹੈ? ਉਹ ਸੈਂਟਰ ਸਰਕਾਰ ਦੀ ਪਾਲੀਸੀਜ਼ ਕਰਕੇ ਹੈ। ਕਿਉਂਕਿ ਜਿਹੜੀ ਕਿਸਾਨ ਦੀ ਜਿਣਸ ਹੈ, ਉਸ ਦਾ ਜਿਹੜਾ ਭਾਅ ਨਿਰਧਾਰਤ ਕੀਤਾ ਜਾਂਦਾ ਹੈ ਉਹ ਸੈਂਟਰ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਉਸ ਨੂੰ ਉਸ ਦਾ ਵਾਜਬ ਮੁੱਲ ਨਹੀਂ ਮਿਲਦਾ। ਅਸੀਂ ਹਰ ਵਾਰ ਹਰ ਸਦਨ ਵਿਚ ਇਸ ਦਾ ਸਦਾ ਹੀ ਜ਼ਿਕਰ ਕਰਦੇ ਹਾਂ। ਬਾਹਰ ਹੋਰ ਕੋਈ ਵੀ ਰਾਜਨੀਤਕ ਸਟੇਜ ਹੋਵੇ ਉਸ ਉੱਤੇ ਵੀ ਇਸ ਬਾਰੇ ਵਾਰ-ਵਾਰ ਜ਼ਿਕਰ ਕਰਦੇ ਹਾਂ। ਹਿੰਦੁਸਤਾਨ ਦੀ ਸਰਕਾਰ ਦੇ ਕੰਨਾਂ ਤੱਕ ਇਹ ਅਵਾਜ ਗੂੰਜ-ਗੂੰਜ ਕੇ ਜਾਂਦੀ ਹੈ ਕਿ ਪੰਜਾਬ ਦੀ ਕਿਸਾਨੀ ਜਿਹੜੀ ਹੈ ਉਹ ਹਿੰਦੁਸਤਾਨ ਦਾ ਪੇਟ ਭਰਦੀ ਹੈ, ਉਸ ਨੂੰ ਉਹ ਕਰਜੇ ਥੱਲੇ ਦਬ ਰਹੇ ਹਨ ਪਰ ਫਿਰ ਵੀ ਉਸ ਦੇ ਕਰਜ਼ੇ ਦੇ ਨਿਵਾਰਣ ਲਈ, ਉਸ ਨੂੰ ਕਰਜ਼ੇ ਤੋਂ ਕੱਢਣ ਲਈ, ਕਿਸਾਨ ਨੂੰ ਸਹੀ ਮੁੱਲ ਦੇਣ ਲਈ ਕਦੇ ਕੋਈ ਯਤਨ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਦੂਸਰੇ ਪਾਸੇ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਹਨ, ਜਿਨ੍ਹਾਂ ਨੇ ਪੰਜਾਬ ਦੀ ਕਿਸਾਨੀ ਨੂੰ ਸਹੂਲਤਾਂ ਦਿੱਤੀਆਂ ਹਨ, 1997 ਤੋਂ 2002 ਤੱਕ, ਜਦੋਂ ਪੰਜ ਸਾਲ ਬਾਦਲ ਸਾਹਿਬ ਦੀ ਸਰਕਾਰ ਸੀ, ਜੋ ਵਾਅਦਾ ਵੋਟਾਂ ਲੈਣ ਤੋਂ ਪਹਿਲਾਂ ਕੀਤਾ ਸੀ ਕਿ

ਕਿਸਾਨਾਂ ਨੂੰ ਬਿਜਲੀ ਮੁਫਤ ਦਿਆਂਗੇ, ਉਹ ਵਾਅਦਾ ਪੂਰਾ ਕੀਤਾ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਪੰਜ ਸਾਲ ਪੂਰੇ ਕਿਸਾਨਾਂ ਨੂੰ ਨਿਰਵਿਘਨ ਮੁਫਤ ਬਿਜਲੀ ਦਿੱਤੀ ਔਰ ਇਸ ਤਰ੍ਹਾਂ 10,000 ਕਰੋੜ ਰੁਪਿਆ ਕਿਸਾਨਾਂ ਦੀ ਜੇਬ ਵਿਚ ਪਾਇਆ। ਸਪੀਕਰ ਸਾਹਿਬ, ਜਦੋਂ ਅਸੀਂ ਲੋਕਾਂ ਵਿਚ ਜਾਂਦੇ ਸੀ, ਇੱਥੇ ਦੂਸਰੇ ਪਾਸੇ ਮੇਰੇ ਵੀਰ ਬੈਠੇ ਹਨ, ਕਿਸਾਨਾਂ ਦੀ ਗੱਲ ਪਤਾ ਹੈ ਕੀ ਹੁੰਦੀ ਸੀ, ਉਹ ਕਹਿੰਦੇ ਦੇਖਿਉ ਕਿਤੇ ਕਹਿਰ ਨਾ ਢਾਹ ਦਿਉ, ਜੇ ਕਿਤੇ ਇਹ ਸਾਹਮਣੇ ਬੈਠੇ ਵੀਰਾਂ ਦੀ ਸਰਕਾਰ ਆ ਗਈ, ਜੇ ਖੁੰਡੇ ਵਾਲਿਆਂ ਦੀ ਸਰਕਾਰ ਆ ਗਈ ਤਾਂ ਸਭ ਤੋਂ ਪਹਿਲਾਂ ਖੁੰਡਾ ਕਿਸਾਨੀ ਤੇ ਵਰ੍ਹੇਗਾ। ਇਨ੍ਹਾਂ ਨੇ ਮੁਫਤ ਬਿਜਲੀ ਬੰਦ ਕਰਨੀ ਹੈ, ਜਿਸ ਤਰ੍ਹਾਂ 2002 ਵਿਚ ਇਨ੍ਹਾਂ ਨੇ ਕਿਸਾਨਾਂ ਤੋਂ ਬਿਜਲੀ ਦੇ ਬਿਲ ਉਗਰਾਹੇ ਸੀ, ਉਸੇ ਤਰ੍ਹਾਂ ਉਗਰਾਹੁਣਗੇ, ਇਹ ਅਸੀਂ ਲੋਕਾਂ ਦੀ ਜ਼ਬਾਨੀ ਸੁਣਦੇ ਆਏ ਹਾਂ, ਇਸੇ ਕਰਕੇ ਲੋਕਾਂ ਨੇ ਫਤਵਾ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਦਿੱਤਾ ਹੈ।

ਸਪੀਕਰ ਸਾਹਿਬ, ਮੈਂ ਬਾਰਡਰ ਦੀ ਗੱਲ ਕੀਤੀ ਸੀ, ਉਸ ਸਰਹੱਦੀ ਪੱਟੀ ਦੀ ਗੱਲ ਕੀਤੀ ਸੀ ਜਿਨ੍ਹਾਂ ਨੇ ਸੰਨ 1947 ਤੋਂ ਲੈ ਕੇ ਹੁਣ ਤੱਕ ਕੇਵਲ ਤੇ ਕੇਵਲ ਮੁਸੀਬਤਾਂ ਝੱਲੀਆਂ ਹਨ ਔਰ ਜਿਹੜਾ ਕਿਸੇ ਸਮੇਂ ਸਾਂਝੇ ਪੰਜਾਬ ਦਾ ਸਭ ਤੋਂ ਵੱਧ ਜਰਖੇਜ਼ ਇਲਾਕਾ ਹੁੰਦਾ ਸੀ, ਉਹ ਲਾਹੌਰ ਤੇ ਕਸੂਰ ਦੇ ਨੇੜੇ ਸੀ, ਅੱਜ ਉਹ ਤਬਾਹੀ ਤੇ ਹੈ। ਜੇਕਰ ਉਸ ਨੂੰ ਮਾੜੀ-ਮੋਟੀ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਗਈ, ਜਦੋਂ ਪੰਜਾਬ ਵਿਚ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ, ਉਪਰ ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਦੀ, ਐਨ.ਡੀ.ਏ. ਦੀ ਸਰਕਾਰ ਬਣੀ, ਔਰ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਹਿੰਦੁਸਤਾਨ ਦੇ ਗ੍ਰਹਿ ਮੰਤਰੀ ਨੂੰ ਕਿਸਾਨਾਂ ਦੀ ਤਾਰਾਂ ਤੋਂ ਬਾਹਰ ਦੀ ਹਾਲਤ ਦਿਖਾਈ ਤਾਂ ਉਹ ਇੰਨਾ ਹੈਰਾਨ ਹੋਏ ਅਤੇ ਕਹਿੰਦੇ ਕਿ ਇੰਨੇ ਦੁਖਾਂ ਦੇ ਵਿਚੋਂ ਸਾਡੇ ਸਰਹੱਦੀ ਕਿਸਾਨ ਲੰਘਦੇ ਹਨ ਤਾਂ ਉਸ ਸਮੇਂ ਜਿਹੜੇ ਸਰਹੱਦੀ ਕਿਸਾਨ ਸੀ ਉਨ੍ਹਾਂ ਨੂੰ 3000/- ਰੁਪਿਆ ਪ੍ਰਤੀ ਏਕੜ ਸਲਾਨਾ ਮੁਆਵਜ਼ਾ ਦੇਣਾ ਸ਼ੁਰੂ ਕੀਤਾ ਗਿਆ। ਜਦੋਂ ਸਾਲ 2004 ਵਿਚ ਯੂ.ਪੀ.ਏ. ਦੀ ਗੌਰਮਿੰਟ ਬਣੀ, ਇਹ ਸਾਹਮਣੇ ਬੈਠੇ ਵੀਰਾਂ ਦੀ ਸਰਕਾਰ ਸੈਂਟਰ ਵਿਚ ਆਈ ਤਾਂ ਸਭ ਤੋਂ ਪਹਿਲਾਂ ਜਿਹੜਾ ਕੁਹਾੜਾ ਸਾਡੇ ਸਰਹੱਦੀ ਲੋਕਾਂ ਤੇ ਚੱਲਿਆ ਉਹ ਇਹ ਸੀ ਕਿ 3000/- ਰੁਪਿਆ ਪ੍ਰਤੀ ਏਕੜ ਜਿਹੜਾ ਮੁਆਵਜ਼ਾ ਐਨ.ਡੀ.ਏ. ਦੀ ਸਰਕਾਰ ਨੇ ਦੇਣਾ ਸ਼ੁਰੂ ਕੀਤਾ ਸੀ ਉਹ ਇਨ੍ਹਾਂ ਨੇ ਬੰਦ ਕਰ ਦਿੱਤਾ। ਪਿਛਲੇ ਪੰਜ ਸਾਲ ਦੀ ਸਰਕਾਰ, ਜਿਹੜੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਲੰਘੀ ਹੈ, ਉਸ ਸਮੇਂ ਵੀ ਸਦਨ ਵਿਚ ਵਾਰ-ਵਾਰ ਅਵਾਜ਼ ਉਠੀ ਹੈ, ਸੈਂਟਰ ਵਿਚ ਜਾ ਕੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਵੀ ਇਸ ਗੱਲ ਦਾ ਜ਼ਿਕਰ ਕੀਤਾ ਕਿ ਸਾਡੇ ਨਾਲ ਬਹੁਤ ਵੱਡਾ ਧੱਕਾ ਹੋਇਆ ਹੈ, ਜਿਹੜੀ ਸਾਡੀ ਸਕੀਮ ਚਾਲੂ ਹੋਈ ਸੀ, ਜਿਹੜੀ ਸਾਡੇ ਲਈ ਸਹੂਲਤ ਸੀ, ਜਿਹੜਾ ਸਾਡਾ ਹੱਕ ਸੀ ਉਸ ਨੂੰ ਬੰਦ ਕੀਤਾ ਹੈ, ਉਸ ਨੂੰ ਖੋਹਿਆ ਹੈ, ਉਸ ਨੂੰ ਲਾਗੂ ਕਰੋ, ਪਰ ਨਹੀਂ ਕੀਤਾ। ਸੈਂਟਰ ਦੀ ਸਰਕਾਰ ਨੇ ਸਾਡੇ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਸਪੀਕਰ ਸਾਹਿਬ, ਮੈਂ ਫਿਰ ਤੁਹਾਡੇ ਰਾਹੀਂ ਇਸ ਸਦਨ ਵਿਚ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਘੱਟੋ-ਘੱਟ

[ਸਰਦਾਰ ਵਿਰਸਾ ਸਿੰਘ ਵਲਟੋਹਾ]

10,000 ਰੁਪਿਆ ਪ੍ਰਤੀ ਏਕੜ ਦਾ ਲੈਣ ਵਾਸਤੇ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਸ਼ਾਇਦ ਇਨ੍ਹਾਂ ਦੇ ਮਨ ਵਿਚ ਰਹਿਮ ਪੈ ਜਾਵੇ।

ਸਪੀਕਰ ਸਾਹਿਬ, ਸਾਨੂੰ ਇੱਕ ਬਹੁਤ ਵੱਡਾ, ਸਾਡੀ ਖੁਸ਼ਕਿਸਮਤੀ ਹੈ ਕਿ ਸਾਨੂੰ ਐਡਵਾਂਟੇਜ ਵੀ ਮਿਲਿਆ ਹੈ ਅਤੇ ਸਾਨੂੰ ਮਾਣ ਵੀ ਹੈ, ਫਖਰ ਵੀ ਹੈ ਕਿ ਸਾਡੀ ਸਰਕਾਰ ਨੂੰ ਇਹ ਮੌਕਾ ਮਿਲਿਆ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਇਹ ਮੌਕਾ ਮਿਲਿਆ ਕਿ ਜੋ ਸਿੱਖ ਕੌਮ ਦੀਆਂ ਵਿਰਾਸਤਾਂ ਸਨ, ਜਿਹੜੀਆਂ ਕਿ ਅੱਜ ਤੱਕ ਅਣਗੌਲੀਆਂ ਪਈਆਂ ਸਨ, ਜਿਨ੍ਹਾਂ ਦੇ ਬਾਰੇ ਕਦੇ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ ਸੀ। ਬਾਬਾ ਬੰਦਾ ਸਿੰਘ ਬਹਾਦਰ, ਜਿਨ੍ਹਾਂ ਨੇ ਹਿੰਦੁਸਤਾਨ ਦੀ ਧਰਤੀ ਤੋਂ ਮੁਗਲ ਸਲਤਨਤ ਨੂੰ ਖਤਮ ਕਰਨ ਵਾਸਤੇ, ਜ਼ੁਲਮ ਦਾ ਬਦਲਾ ਲੈਣ ਵਾਸਤੇ ਲੜਾਈ ਲੜੀ ਅਤੇ ਪਿੰਡ ਕੁੱਪ ਰੋਹੀੜਾ ਦੇ ਅਤੇ ਚੱਪੜਚਿੜੀ ਦੇ ਮੈਦਾਨ ਵਿਚ ਨਵਾਬ ਸਰਹਿੰਦ ਨੂੰ ਕਤਲ ਕੀਤਾ ਅਤੇ ਜਿਹੜੀ ਫਤਹਿਯਾਬੀ ਹੋਈ ਸੀ, ਜਿਸ ਨੇ ਪੰਜਾਬ ਦੀ ਧਰਤੀ ਤੇ ਸਭ ਤੋਂ ਪਹਿਲਾਂ ਖਾਲਸਾ ਰਾਜ ਸਥਾਪਿਤ ਕੀਤਾ ਸੀ ਉਸ ਦੀ ਯਾਦਗਾਰ ਬਣਾਉਣ ਦਾ ਮੌਕਾ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਮਿਲਿਆ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਮੌਕਾ ਮਿਲਿਆ ਹੈ। ਅੱਜ ਉਸ ਅਜੂਬੇ ਨੂੰ ਦੇਖਣ ਵਾਸਤੇ ਲੋਕ ਦੂਰ-ਦੂਰ ਤੋਂ ਆਉਂਦੇ ਹਨ। ਲੋਕ ਇਸ ਗੱਲ ਦੀ ਚਰਚਾ ਕਰਦੇ ਹਨ ਕਿ ਇਸ ਤਰ੍ਹਾਂ ਦੀਆਂ ਵਿਰਾਸਤਾਂ ਪਹਿਲਾਂ ਕਿਉਂ ਨਹੀਂ ਬਣੀਆਂ?

ਸਪੀਕਰ ਸਾਹਿਬ, ਵੱਡਾ ਘੱਲੂਘਾਰਾ। ਸਪੀਕਰ ਸਾਹਿਬ, ਜਦੋਂ ਉਹ ਸੀਨ ਅੱਖਾਂ ਦੇ ਸਾਹਮਣੇ ਲਿਆ ਕੇ ਵੇਖੀਏ ਤਾਂ ਸਾਡੇ ਵੱਡ-ਵਡੇਰਿਆਂ ਨੇ ਕਿੰਨੀ ਵੱਡੀ ਕੁਰਬਾਨੀ ਕੀਤੀ ਕਿ ਉਸ ਸਮੇਂ ਦੀ ਸਲਤਨਤ ਦੇ ਖਿਲਾਫ ਲੜਾਈ ਲੜੀ। ਅਜਿਹਾ ਕਰਨਾ ਕੇਵਲ ਤੇ ਕੇਵਲ ਉਸ ਸਮੇਂ ਸਿੱਖ ਕੌਮ ਦੇ ਹਿੱਸੇ ਆਇਆ ਸੀ, ਬਜ਼ੁਰਗਾਂ ਦੇ ਹਿੱਸੇ ਆਇਆ ਸੀ। ਉਸ ਸਮੇਂ ਦੇ ਕਾਤਲਾਂ ਨੇ ਕਿਵੇਂ ਉਨ੍ਹਾਂ ਦਾ ਖਾਤਮਾ ਕੀਤਾ ਸੀ। ਜੇਕਰ ਉਨ੍ਹਾਂ ਦੀ ਯਾਦ ਪਿੰਡ ਕੁੱਪ ਰੋਹੀੜੇ ਵਿਚ ਕਿਸੇ ਨੇ ਬਣਾਈ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਬਣਾਈ ਹੈ।

ਇਸੇ ਤਰ੍ਹਾਂ ਹੀ ਕਾਹਨੂੰਵਾਨ ਦੇ ਵਿਚ ਛੰਭ ਦੇ ਵਿਚ ਜੇਕਰ ਛੋਟੇ ਘੱਲੂਘਾਰੇ ਦੀ ਯਾਦਗਾਰ ਬਣਾਈ ਤਾਂ ਉਹ ਵੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਬਣਾਈ ਹੈ। ਮੈਂ ਵਿਰਾਸਤ-ਏ-ਖਾਲਸਾ ਦੇ ਬਾਰੇ ਪਹਿਲਾਂ ਹੀ ਜ਼ਿਕਰ ਕਰ ਚੁੱਕਾ ਹਾਂ। ਸਪੀਕਰ ਸਾਹਿਬ, ਜਦੋਂ ਅਸੀਂ ਲੋਕਾਂ ਦੇ ਵਿਚ ਜਾਂਦੇ ਸੀ, ਗੱਲ ਕਰਦੇ ਸੀ ਤਾਂ ਲੋਕਾਂ ਨੇ ਇਸ ਗੱਲ ਦੀ ਤਾਰੀਫ ਕੀਤੀ ਕਿ ਜੋ ਪੰਜਾਬ ਨੇ ਇਹ ਚੀਜ਼ਾਂ ਦਿੱਤੀਆਂ ਹਨ, ਜੋ ਸਾਨੂੰ ਧਾਰਮਿਕ ਵੱਡਮੁੱਲਾ ਖਜ਼ਾਨਾ ਦੇ ਦਿੱਤਾ ਹੈ, ਸਾਡੀ ਵਿਰਾਸਤ ਸਾਨੂੰ ਬਣਾ ਕੇ ਦਿੱਤੀ ਹੈ, ਪੇਸ਼ ਕਰ ਦਿੱਤੀ ਹੈ, ਇਸ ਕਰਕੇ ਇਹੀ ਸਰਕਾਰ ਦੁਬਾਰਾ ਸੱਤਾ ਵਿਚ ਆਉਣੀ ਚਾਹੀਦੀ ਹੈ। ਇਸ ਤਰ੍ਹਾਂ ਲੋਕਾਂ ਨੇ ਇਹ ਸਰਕਾਰ ਲਿਆਂਦੀ ਹੈ।

ਸਪੀਕਰ ਸਾਹਿਬ, ਪੰਜਾਬ ਵਿਚ ਬੜੀਆਂ ਸਮੱਸਿਆਵਾਂ ਹਨ। ਬੁਨਿਆਦੀ ਸਹੂਲਤਾਂ ਹਨ ਜਿਨ੍ਹਾਂ ਵਿਚ ਸਭ ਤੋਂ ਵੱਡੀ ਗੱਲ ਐਜੂਕੇਸ਼ਨ ਦੀ ਹੈ। ਸਕੂਲੀ ਸਿੱਖਿਆ ਬਾਰੇ ਮੈਂ ਕਹਿ ਲਵਾਂ

ਕਿ ਇਹ 2007 ਤੋਂ ਪਹਿਲਾਂ ਚਕਨਾਚੂਰ ਹੋ ਗਈ ਸੀ, ਇਹ ਲੀਹ ਤੋਂ ਲਹਿ ਗਈ ਸੀ, ਇਸ ਨੂੰ ਲੀਹ ਤੇ ਲਿਆਉਣ ਦੀ ਖਾਤਰ ਬਹੁਤ ਵੱਡੀ ਗਿਣਤੀ ਵਿਚ ਇਸ ਮਹਿਕਮੇ ਵਿਚ ਟੀਚਰ ਭਰਤੀ ਕੀਤੇ ਗਏ ਔਰ ਉਹ ਨਿਰੋਲ ਮੈਰਿਟ ਦੇ ਅਧਾਰ ਤੇ ਭਰਤੀ ਕੀਤੇ ਗਏ ਹਨ। ਸਪੀਕਰ ਸਾਹਿਬ, ਮੈਂ ਪਿਛਲੇ ਪੰਜ ਸਾਲਾਂ ਤੋਂ ਹੀ ਵਿਧਾਨ ਸਭਾ ਵਿਚ, ਖਾਸ ਕਰਕੇ ਮੁੱਖ ਮੰਤਰੀ ਸਾਹਿਬ ਕੋਲ ਇਹ ਮਸਲਾ ਉਠਾਉਂਦਾ ਰਿਹਾ ਸੀ ਕਿ ਮੇਰੇ ਇਲਾਕੇ ਦੀ ਬਹੁਤ ਵੱਡੀ ਸਮੱਸਿਆ ਹੈ। ਸਾਡਾ ਸਰਹੱਦੀ ਖੇਤਰ ਹੈ, ਉਥੇ ਸਿੱਖਿਆ ਸਾਡੇ ਬੱਚਿਆਂ ਤੋਂ ਬਹੁਤ ਦੂਰ ਹੈ। ਸਰਕਾਰੀ ਸਕੂਲਾਂ ਦੇ ਵਿਚ ਟੀਚਰ ਨਹੀਂ, ਇੰਫਰਾਸਟਰਕਚਰ ਨਹੀਂ ਹੈ ਤਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਕਿਹਾ ਕਿ ਇਸ ਸਮੱਸਿਆ ਦਾ ਹੱਲ ਕੀ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਸਾਡੇ ਸਰਹੱਦੀ ਖੇਤਰ ਦਾ ਕਾਡਰ ਹੀ ਵੱਖਰਾ ਕਰ ਦਿਉ। ਉਥੇ ਹੀ ਟੀਚਰ ਭਰਤੀ ਹੋਣ, ਉਥੇ ਹੀ ਸਰਵਿਸ ਕਰਨ ਅਤੇ ਜੇਕਰ ਬਦਲੀ ਵੀ ਕਰਵਾਉਣੀ ਹੋਵੇ ਤਾਂ ਵੀ ਉਹ ਉਸੇ ਕਾਡਰ ਵਿਚ ਹੀ ਹੋਵੇ ਅਤੇ ਉਥੇ ਹੀ ਉਹ ਰਿਟਾਇਰ ਹੋਣ। ਇਨ੍ਹਾਂ ਨੇ ਮੇਰੀ ਬੇਨਤੀ ਸਵੀਕਾਰ ਕੀਤੀ ਅਤੇ ਬਾਰਡਰ ਕਾਡਰ ਬਣਨ ਦੇ ਨਾਲ-ਨਾਲ ਜਿਹੜੇ ਹੋਰ ਅਣਗੌਲੇ ਖੇਤਰ ਸਨ, ਜਿਵੇਂ ਕੰਡੀ ਅਤੇ ਬੇਟ ਏਰੀਆ ਸੀ ਉਹ ਏਰੀਏ ਵੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸ਼ਾਮਲ ਕੀਤੇ ਅਤੇ ਉਨ੍ਹਾਂ ਦਾ ਵੱਖਰਾ ਕਾਡਰ ਵੀ ਕੈਬਨਿਟ ਵਿਚ ਪਾਸ ਹੋਣ ਤੋਂ ਬਾਅਦ ਉਸ ਦੀ ਨੋਟੀਫਿਕੇਸ਼ਨ ਹੋ ਗਈ। ਹੁਣ ਕੇਵਲ ਰਿਕਰੂਟਮੈਂਟ ਹੋਣੀ ਹੈ ਅਤੇ ਰਿਕਰੂਟਮੈਂਟ ਤੋਂ ਬਾਅਦ ਉਸ ਕਾਡਰ ਵਿਚ ਟੀਚਰ ਲਗਾਏ ਜਾਣਗੇ। ਇਸ ਨਾਲ ਸਾਡੇ ਬੱਚਿਆਂ ਨੂੰ, ਜਿਹੜੇ ਕਦੇ ਸਿੱਖਿਆ ਤੋਂ ਵਾਂਝੇ ਸਨ, ਉਨ੍ਹਾਂ ਨੂੰ ਅੱਛੀ ਸਿੱਖਿਆ ਮਿਲੇਗੀ। ਖਾਸ ਕਰਕੇ ਸਰਹੱਦੀ ਖੇਤਰ ਦੇ ਲੋਕਾਂ ਨੂੰ ਪਤਾ ਲੱਗ ਗਿਆ ਹੈ ਕਿ ਸਾਡੀ ਸਿੱਖਿਆ ਦੀ ਜਿਹੜੀ ਕਮੀ ਸੀ, ਜਿਹੜੀ ਸਾਡੀ ਪ੍ਰਾਬਲਮ ਸੀ, ਉਸ ਨੂੰ ਦੂਰ ਕਰਨ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਯਤਨ ਕੀਤੇ ਹਨ ਤਾਂ ਉਨ੍ਹਾਂ ਲੋਕਾਂ ਨੇ ਇਸ ਗੱਲ ਨੂੰ ਬਹੁਤ ਸਰਾਹਿਆ ਹੈ। ਉਨ੍ਹਾਂ ਨੇ ਇਸ ਕਰਕੇ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿਚ ਫਤਵਾ ਦਿੱਤਾ ਹੈ। ਸਪੀਕਰ ਸਾਹਿਬ, ਮੇਰੇ ਇਕੱਲੇ ਹਲਕੇ ਵਿਚ ਇੱਕ ਆਦਰਸ਼ ਸਕੂਲ ਦਿੱਤਾ ਹੈ ਜਿਥੇ ਅੱਜ ਐਡਮਿਸ਼ਨ ਵਾਸਤੇ ਲੋਕਾਂ ਦੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ ਕਿਉਂਜੋ ਇਨ੍ਹਾਂ ਸਕੂਲਾਂ ਵਿਚ ਪੜ੍ਹਾਈ ਬਹੁਤ ਵਧੀਆ ਅਤੇ ਉਚ-ਪਾਏ ਦੀ ਮਿਲਦੀ ਹੈ। ਇੱਕ ਉਥੇ ਡਿਗਰੀ ਕਾਲਜ ਖੋਲ੍ਹਿਆ ਹੈ। ਇਹ ਕੋਈ ਆਮ ਡਿਗਰੀ ਕਾਲਜ ਨਹੀਂ ਹੈ, ਸਰਦਾਰ ਬਾਦਲ ਦੀ ਸੋਚ ਸਦਕਾ ਅਜਿਹੇ ਕਾਲਜਾਂ ਨੂੰ ਯੂਨੀਵਰਸਿਟੀਆਂ ਨੇ ਚਲਾਉਣਾ ਹੈ। ਮੇਰੇ ਹਲਕੇ ਵਿਚ ਜਿਹੜਾ ਡਿਗਰੀ ਕਾਲਜ ਖੋਲ੍ਹਿਆ ਹੈ ਉਹ ਇੱਕ ਸਾਲ ਵਿਚ ਬਣ ਕੇ ਤਿਆਰ ਵੀ ਹੋ ਗਿਆ ਹੈ ਅਤੇ ਉਥੇ ਪਿਛਲੇ ਸਾਲ ਤੋਂ ਸੈਸ਼ਨ ਚਲ ਰਿਹਾ ਹੈ, ਪੜ੍ਹਾਈ ਹੋ ਰਹੀ ਹੈ। ਉਸ ਕਾਲਜ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਚਲਾ ਰਹੀ ਹੈ। ਲੋਕਾਂ ਨੇ ਇਸ ਗੱਲ ਦੀ ਇੰਨੀ ਸ਼ਲਾਘਾ ਕੀਤੀ ਕਿ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਲੋਕਾਂ ਨੇ ਇਸ ਗੱਲ ਕਰਕੇ ਵੀ ਸਰਕਾਰ ਦੇ ਹੱਕ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਫਤਵਾ ਦਿੱਤਾ ਹੈ। ਸਪੀਕਰ

[ਸਰਦਾਰ ਵਿਰਸਾ ਸਿੰਘ ਵਲਟੋਹਾ]

ਸਾਹਿਬ, ਜਦੋਂ ਅਸੀਂ ਪੜ੍ਹਦੇ ਹੁੰਦੇ ਸੀ ਤਾਂ ਅਸੀਂ ਸੁਣਦੇ ਹੁੰਦੇ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਇਹ ਚਾਰ ਹੀ ਯੂਨੀਵਰਸਿਟੀਆਂ ਹੁੰਦੀਆਂ ਸਨ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਆਪਣੇ ਪਿਛਲੇ ਪੰਜ ਸਾਲ ਦੇ ਵਿਚ ਪੰਜ ਨਵੀਆਂ ਯੂਨੀਵਰਸਿਟੀਆਂ ਬਣਾਈਆਂ ਹਨ। ਇਹ ਉਨ੍ਹਾਂ ਦਾ ਨੌਜਵਾਨਾਂ ਪ੍ਰਤੀ ਬਹੁਤ ਹੀ ਵੱਡਾ ਯੋਗਦਾਨ ਹੈ। ਉਨ੍ਹਾਂ ਨੂੰ ਵਿੱਦਿਆ ਦੇਣ ਵਾਸਤੇ ਸੈਂਟਰਲ ਯੂਨੀਵਰਸਿਟੀ, ਬਠਿੰਡਾ, ਵਰਲਡ ਯੂਨੀਵਰਸਿਟੀ, ਅੰਮ੍ਰਿਤਸਰ ਜਿਹੜੀ ਬਣਨ ਜਾ ਰਹੀ ਹੈ, ਡੀ.ਏ.ਵੀ. ਯੂਨੀਵਰਸਿਟੀ ਜਲੰਧਰ, ਚਿਤਕਾਰਾ ਯੂਨੀਵਰਸਿਟੀ, ਰਾਜਪੁਰਾ, ਸ੍ਰੀ ਗੁਰੂ ਰਵਿਦਾਸ ਯੂਨੀਵਰਸਿਟੀ, ਹੁਸ਼ਿਆਰਪੁਰ, ਇਹ ਸਾਰੀ ਦੇਣ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਹੈ।

ਸਪੀਕਰ ਸਾਹਿਬ, ਇਸ ਗੱਲ ਨੂੰ ਸਾਡੇ ਆਪੋਜੀਸ਼ਨ ਪਾਰਟੀ ਦੇ ਵੀਰ ਵੀ ਮੰਨਦੇ ਹਨ, ਉਹ ਕਦੀ ਕੁਝ ਕਹਿੰਦੇ ਹਨ ਅਤੇ ਕਦੀ ਕੁਝ ਕਹਿੰਦੇ ਹਨ। ਇਹ ਕਦੀ ਇਹ ਵੀ ਕਹਿੰਦੇ ਹਨ ਕਿ ਸਾਨੂੰ ਆਟਾ-ਦਾਲ ਸਕੀਮ ਲੈ ਬੈਠੀ ਹੈ ਅਤੇ ਕਦੀ ਇਹ ਕਹਿੰਦੇ ਹਨ ਕਿ ਕਣਕ ਤਾਂ ਉਤੋਂ ਸੈਂਟਰ ਹੀ ਭੇਜਦੀ ਹੈ। ਮੇਰਾ ਖਿਆਲ ਹੈ ਕਿ ਇਹ ਕਣਕ ਕੋਈ 2007 ਤੋਂ ਤਾਂ ਭੇਜਣੀ ਸ਼ੁਰੂ ਨਹੀਂ ਹੋਈ। ਇਹ ਉਸ ਤੋਂ ਪਹਿਲਾਂ ਵੀ ਆਉਂਦੀ ਸੀ ਪਰ ਇਹ ਲਿਆਉਣ ਜੋਗੇ ਨਹੀਂ ਸਨ। ਜੇਕਰ ਇਹ ਸਾਨੂੰ ਆਉਂਦੀ ਹੈ ਤਾਂ ਇਹ ਜਾਂਦੀ ਵੀ ਸਾਡੇ ਕੋਲੋਂ ਹੀ ਹੈ। ਇਹ ਆਟਾ-ਦਾਲ ਸਕੀਮ ਤਹਿਤ 16 ਲੱਖ ਪਰਿਵਾਰਾਂ ਨੂੰ ਲਿਆਂਦਾ ਗਿਆ ਹੈ। ਉਨ੍ਹਾਂ ਨੂੰ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਦਿੱਤੀ ਜਾਂਦੀ ਹੈ। ਇਹ ਪੰਜ ਜੀਆਂ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਪੰਜ ਸਾਲ ਲਗਾਤਾਰ ਨਿਰਵਿਘਨ ਦਿੱਤੀ ਹੈ। ਇਸ ਦਾ ਮਤਲਬ ਹੋਇਆ ਕਿ ਜੇਕਰ 80 ਲੱਖ ਲੋਕਾਂ ਦੀ ਰੋਜ਼ੀ-ਰੋਟੀ ਦੀ ਚਿੰਤਾ ਮੁਕਾਈ ਹੈ ਤਾਂ ਕੇਵਲ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਹੀ ਮੁਕਾਈ ਹੈ। ਲੋਕਾਂ ਨੇ ਇਸ ਗੱਲ ਨੂੰ ਬੜਾ ਸਰਾਹਿਆ ਹੈ। ਮੈਂ ਆਪ ਲੋਕਾਂ ਨੂੰ ਗੱਲ ਕਰਦਿਆਂ ਸੁਣਿਆ ਹੈ ਕਿ ਵੇਖਿਓ ਕਿਤੇ ਕਹਿਰ ਨਾ ਢਾਹ ਲਿਓ, ਜੇ ਦੂਜੀ ਸਰਕਾਰ ਆ ਗਈ ਤਾਂ ਆਪਣੀ ਆਟਾ-ਦਾਲ ਸਕੀਮ ਬੰਦ ਹੋ ਜਾਣੀ ਹੈ। ਲੋਕਾਂ ਨੇ ਇਸ ਕਰਕੇ ਵੀ, ਖਾਸ ਕਰਕੇ ਗਰੀਬ ਭਾਈਚਾਰੇ ਨੇ, ਜਿਥੇ ਸਰਦਾਰ ਬਾਦਲ ਨੇ ਉਨ੍ਹਾਂ ਨੂੰ ਹੋਰ ਵੀ ਸਹੂਲਤਾਂ ਦਿੱਤੀਆਂ ਹਨ, ਉਨ੍ਹਾਂ ਨੇ ਇਸ ਗੱਲ ਨੂੰ ਸਰਾਹਿਆ ਹੈ ਅਤੇ ਸਰਦਾਰ ਬਾਦਲ ਦੇ ਹੱਕ ਵਿਚ ਫਤਵਾ ਦਿੱਤਾ ਹੈ। ਪੈਨਸ਼ਨਾਂ ਵੀ ਦਿੱਤੀਆਂ ਹਨ, ਸ਼ਗਨ ਵੀ ਦਿੱਤੇ ਹਨ। ਹੁਣੇ ਹੀ ਉਨ੍ਹਾਂ ਦੀ ਕੈਬਨਿਟ ਨੇ ਫੈਸਲਾ ਕੀਤਾ ਹੈ ਕਿ ਪੈਨਸ਼ਨਾਂ ਸਿੱਧੀਆਂ ਹੱਕਦਾਰਾਂ ਦੇ ਖਾਤਿਆਂ ਵਿਚ ਜਾਣਗੀਆਂ। ਲੋਕਾਂ ਨੇ ਇਸ ਗੱਲ ਨੂੰ ਵੀ ਸਰਾਹਿਆ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਹਰ ਗੱਲ ਨੂੰ ਬੜੀ ਬਰੀਕੀ ਨਾਲ ਸੋਚ ਸਮਝ ਕੇ ਕਦਮ ਚੁੱਕਿਆ ਹੈ।

ਸਪੀਕਰ ਸਾਹਿਬ, ਐਨ.ਆਰ.ਆਈ. ਵੀਰਾਂ ਦੀਆਂ ਮੁਸ਼ਕਲਾਂ ਵੱਖਰੀਆਂ ਹਨ, ਉਨ੍ਹਾਂ ਦੇ ਮਸਲੇ ਵੱਖਰੇ ਹਨ। ਅਸੀਂ ਅਖਬਾਰਾਂ ਵਿਚ ਵੀ ਪੜ੍ਹਦੇ ਹਾਂ। ਜਦੋਂ ਉਨ੍ਹਾਂ ਦੇ ਦੁੱਖੜੇ

ਸੁਣਦੇ ਹਾਂ ਤਾਂ ਉਹ ਸੱਚੇ ਵੀ ਲਗਦੇ ਹਨ। ਉਨ੍ਹਾਂ ਨੂੰ ਹੱਲ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ ਅਤੇ ਅਜੇ ਬਹੁਤ ਕਮੀਆਂ ਬਾਕੀ ਰਹਿੰਦੀਆਂ ਹਨ। ਪਰ ਹੁਣ ਜਿਹੜਾ ਇਹ ਮਹਿਕਮਾ ਮੇਰੇ ਨੌਜਵਾਨ ਵੀਰ ਸਰਦਾਰ ਬਿਕਰਮ ਸਿੰਘ ਮਜੀਠੀਆ ਜੀ ਨੂੰ ਦਿੱਤਾ ਹੈ। ਇਹ ਉਨ੍ਹਾਂ ਦੀ ਨਵੀਂ ਪਹਿਲ-ਕਦਮੀ ਹੈ ਕਿ ਸਰਦਾਰ ਬਿਕਰਮ ਸਿੰਘ ਮਜੀਠੀਆ, ਜਿਹੜਾ ਆਪਣਾ ਇੱਕ ਵੱਖਰਾ ਅਕਸ ਰੱਖਦਾ ਹੈ, ਉਸ ਨੂੰ ਐਨ.ਆਰ.ਆਈ. ਦਾ ਮਹਿਕਮਾ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਦੂਰ ਹੋਣਗੀਆਂ।

ਸਪੀਕਰ ਸਾਹਿਬ, ਸਭ ਤੋਂ ਵੱਧ ਜੇ ਕਿਸੇ ਨੂੰ ਲੋਕਾਂ ਨੇ ਸਰਾਹਿਆ ਹੈ ਤਾਂ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਉਸ ਸੋਚ ਨੂੰ ਸਰਾਹਿਆ ਹੈ ਕਿ ਸਾਡੇ ਇੱਥੇ ਬਿਜਲੀ ਉਤਪਾਦਨ ਸ਼ੁਰੂ ਕੀਤਾ ਜਾਵੇਂ। ਸਾਡੇ ਇਥੇ ਬਿਜਲੀ ਦੀ ਬਹੁਤ ਵੱਡੀ ਘਾਟ ਹੈ। ਸਪੀਕਰ ਸਾਹਿਬ, ਅੱਜ ਛੋਟੀ ਤੋਂ ਛੋਟੀ ਚੀਜ਼ ਵੀ ਬਿਜਲੀ ਨਾਲ ਚਲਦੀ ਹੈ। ਜੇ ਬਿਜਲੀ ਨਾ ਆਵੇ ਤਾਂ ਘਰ ਵਿਚ ਚਾਟੀ ਵਿਚ ਮਧਾਣੀ ਵੀ ਨਹੀਂ ਵੱਜਦੀ। ਬੀਬੀਆਂ ਦੋ-ਦੋ, ਚਾਰ-ਚਾਰ ਦਿਨ ਦਾ ਦੁੱਧ ਇਕੱਠਾ ਹੀ ਰੱਖ ਲੈਂਦੀਆਂ ਹਨ ਕਿ ਬਿਜਲੀ ਆਵੇਗੀ ਤੱਦ ਰਿੜਕਾਂਗੇ। ਬਿਜਲੀ ਉਤਪਾਦਨ ਵਾਸਤੇ ਜੋ ਯਤਨ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੀ ਸਰਕਾਰ ਨੇ ਕੀਤੇ ਹਨ, ਜੋ ਥਰਮਲ ਪਲਾਂਟ ਪੰਜਾਬ ਦੇ ਅੰਦਰ ਬਣ ਰਹੇ ਸਨ ਅਤੇ ਜਿਨ੍ਹਾਂ ਤੇ ਬਿਜਲੀ ਦਾ ਉਤਪਾਦਨ ਛੇਤੀ ਸ਼ੁਰੂ ਹੋ ਜਾਣਾ ਹੈ, ਅਸੀਂ ਜਿੱਥੇ ਵੀ ਗਏ, ਲੋਕਾਂ ਨੇ ਕਿਹਾ ਕਿ ਇਹ ਬਹੁਤ ਵਧੀਆ ਗੱਲ ਹੈ, ਪਹਿਲੀ ਵੇਰ ਕਿਸੇ ਨੇ ਇਹ ਯਤਨ ਕੀਤੇ ਹਨ। ਲੋਕਾਂ ਨੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕੀਤੀ ਹੈ ਅਤੇ ਇਨ੍ਹਾਂ ਯਤਨਾਂ ਕਰਕੇ ਹੀ ਲੋਕਾਂ ਨੇ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਫਤਵਾ ਦਿਤਾ ਹੈ।

ਸਪੀਕਰ ਸਾਹਿਬ, ਬੜੇ ਲੰਮੇ ਸਮੇਂ ਤੋਂ ਹੀ ਹਰੇਕ ਸਟੇਟ ਦੇ ਵਿਚ, ਸਾਡੇ ਪੰਜਾਬ ਦੇ ਵਿਚ ਵੀ ਖੇਡਾਂ ਅਤੇ ਯੁਵਕ ਸੇਵਾਵਾਂ, ਸਪੋਰਟਸ ਮਹਿਕਮਾ ਜਿਹੜਾ ਹੈ, ਉਹ ਬਰਕਰਾਰ ਹੈ ਪਰ ਜਿਸ ਨੂੰ ਚਾਰ ਚੰਨ ਲਗਾਏ, ਜਿਸ ਮਹਿਕਮੇ ਨੇ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ, ਉਹ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਬਦੌਲਤ ਕੀਤਾ। ਲੋਕਾਂ ਨੂੰ ਇਹ ਵੀ ਪਤਾ ਲੱਗਿਆ ਹੈ ਕਿ ਪੰਜਾਬ ਦਾ ਜਿਹੜਾ ਸਪੋਰਟਸ ਡਿਪਾਰਟਮੈਂਟ ਹੈ, ਉਹ ਇਹੋ ਜਿਹੇ ਚਮਤਕਾਰ ਵੀ ਕਰ ਸਕਦਾ ਹੈ ਔਰ ਜਿਹੜੀ ਸਾਡੀ ਕਬੱਡੀ ਖੇਡ ਸੀ, ਜਿਹੜੀ ਸਾਡੀ ਮਾਂ ਖੇਡ ਸੀ, ਜਿਸ ਨੂੰ ਲੋਕ ਭੁੱਲਦੇ ਜਾਂਦੇ ਸਨ ਅਤੇ ਵਿਸਰੀ ਹੋਈ ਸੀ, ਜੇ ਲੋਕਾਂ ਨੂੰ ਉਸ ਦੇ ਨਜ਼ਾਰੇ ਦਿਖਾਏ ਤਾਂ ਉਹ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਦਿਖਾਏ ਹਨ ਅਤੇ ਕਬੱਡੀ ਦੇ ਵਰਲਡ ਕੱਪ ਕਰਾਏ ਹਨ। ਸਪੀਕਰ ਸਾਹਿਬ, ਜਦੋਂ ਵਰਲਡ ਕੱਪ ਹੁੰਦੇ ਸੀ ਤਾਂ ਸਟੇਡੀਅਮ ਲੋਕਾਂ ਨਾਲ ਖਚਾ-ਖਚ ਭਰੇ ਹੁੰਦੇ ਸੀ ਅਤੇ ਪੰਜਾਬ ਦੇ ਪਿੰਡਾਂ ਦੇ ਅੰਦਰ ਸੁੰਨ-ਸਾਨ ਹੋ ਜਾਂਦੀ ਸੀ, ਲੋਕ ਟੀ.ਵੀ. ਦੇ ਸਾਹਮਣੇ ਬੈਠ ਜਾਂਦੇ ਸੀ। ਜੋ ਇਹ ਖੇਡਾਂ ਹੋਈਆਂ, ਲੋਕਾਂ ਨੇ ਇਨ੍ਹਾਂ ਨੂੰ ਚੋਣਾਂ ਦੇ ਦੌਰਾਨ ਸਰਾਹਿਆ। ਲੋਕ ਕਹਿੰਦੇ ਸੀ ਕਿ ਸਰਕਾਰ ਨੇ ਪਹਿਲੀ ਵਾਰ ਨੌਜਵਾਨਾਂ ਨੂੰ ਸਹੀ ਸੇਧ ਦੇਣ ਵਾਸਤੇ ਵਧੀਆ ਕਦਮ ਚੁੱਕਿਆ ਹੈ ਅਤੇ ਜਿਹੜੀ ਸਾਡੀ ਮਾਂ ਖੇਡ ਸੀ, ਉਸ ਨੂੰ ਪ੍ਰਫੁੱਲਤ ਕਰਨ ਵਾਸਤੇ ਵੀ

[ਸਰਦਾਰ ਵਿਰਸਾ ਸਿੰਘ ਵਲਟੋਹਾ]
ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਹੱਕ ਵਿਚ ਫਤਵਾ ਦਿਤਾ।

ਸਪੀਕਰ ਸਾਹਿਬ, ਤੁਸੀਂ ਵੀ ਪਿੰਡਾਂ ਵਿਚੋਂ ਚੁਣ ਕੇ ਆਏ ਹੋ, ਹੋ ਸਕਦਾ ਹੈ ਕਿ ਤੁਹਾਡੇ ਏਰੀਏ ਵਿਚ ਸਿਹਤ ਸੇਵਾਵਾਂ ਦੀ ਪ੍ਰਾਬਲਮ ਘੱਟ ਹੋਵੇ ਪਰ ਸਾਡੇ ਇਹ ਮੁਸ਼ਕਲ ਬਹੁਤ ਵੱਡੀ ਹੈ। ਸਾਡੇ ਸਰਹੱਦੀ ਇਲਾਕੇ ਵਿਚ ਸਿਹਤ ਸੇਵਾਵਾਂ ਬਹੁਤ ਘੱਟ ਹਨ। ਬਹੁਤ ਯਤਨ ਕੀਤੇ ਗਏ ਹਨ ਅਤੇ ਅੱਗੇ ਨਾਲੋਂ ਸੁਧਾਰ ਹੋਇਆ ਹੈ ਪਰ ਫਿਰ ਵੀ ਅਜੇ ਬਹੁਤ ਲੋੜਾਂ ਹਨ। ਸ਼ਹਿਰ ਦੂਰ ਹਨ, ਵਧੀਆ ਹਸਪਤਾਲ ਦੂਰ ਹਨ ਪਰ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਬਦੌਲਤ ਜਿਹੜੀਆਂ ਐਂਬੂਲੈਂਸਾਂ ਆਈਆਂ ਹਨ, ਪੰਜਾਬ ਦੀਆਂ ਸੜਕਾਂ ਤੇ 108 ਨੰਬਰ ਵਾਲੀਆਂ, ਉਨ੍ਹਾਂ ਦੀ ਲੋਕ ਕਿੰਨੀ ਸਿਫਤ ਕਰਦੇ ਹਨ, ਉਸ ਬਾਰੇ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। 5-10 ਮਿੰਟ ਵਿਚ ਹੀ ਐਂਬੂਲੈਂਸ ਲੋਕਾਂ ਦੇ ਘਰ ਦੇ ਮੂਹਰੇ ਹੁੰਦੀ ਹੈ। ਜੇਕਰ ਕਿਸੇ ਕਿਸਮ ਦੀ ਕੋਈ ਦੁਰਘਟਨਾ ਹੋ ਜਾਂਦੀ ਹੈ ਤਾਂ ਐਂਬੂਲੈਂਸ ਤੁਰੰਤ ਪਹੁੰਚਦੀ ਹੈ। ਜੋ ਉਨ੍ਹਾਂ ਨੂੰ ਡਾਕਟਰੀ ਸਹੂਲਤਾਂ ਉਸ ਐਂਬੂਲੈਂਸ ਰਾਹੀਂ ਮਿਲ ਰਹੀਆਂ ਹਨ, ਐਂਬੂਲੈਂਸਾਂ ਦੀ ਗਿਣਤੀ ਦੇ ਵਿਚ ਜੋ ਬਹੁਤ ਵੱਡਾ ਵਾਧਾ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਹੈ ਉਥੇ ਮੈਂ ਸਰਕਾਰ ਨੂੰ ਹੋਰ ਵੀ ਬੇਨਤੀ ਕਰਾਂਗਾ ਕਿ ਇਸ ਦੇ ਵਿਚ ਸਾਨੂੰ ਹੋਰ ਵੀ ਵਾਧਾ ਕਰਨਾ ਚਾਹੀਦਾ ਹੈ ਕਿਉਂਕਿ ਉਹ ਲੋਕਾਂ ਦੀ ਪਹੁੰਚ ਵਿਚ ਹੈ।

ਸਪੀਕਰ ਸਾਹਿਬ, ਆਪਾਂ ਰੋਜ਼ ਹੀ ਸੁਣਦੇ ਹਾਂ, ਘੁਟਾਲੇ, ਕੁਰੱਪਸ਼ਨ। ਅੰਨਾ ਹਜ਼ਾਰੇ ਜੀ ਕੱਲ੍ਹ ਦੇ ਫਿਰ ਬੈਠ ਗਏ ਹਨ, ਉਨ੍ਹਾਂ ਨੇ ਫਿਰ ਭੁੱਖ ਹੜਤਾਲ ਕਰ ਦਿੱਤੀ ਹੈ, ਪਤਾ ਨਹੀਂ ਉਨ੍ਹਾਂ ਨੇ ਕਿਹੜੇ 14 ਮੰਤਰੀਆਂ ਦਾ ਜ਼ਿਕਰ ਕਰ ਦਿੱਤਾ ਹੈ, ਮੈਂ ਤਾਂ ਉਨ੍ਹਾਂ ਦੇ ਨਾਮ ਲੈਣਾ ਮੁਨਾਸਿਬ ਨਹੀਂ ਸਮਝਦਾ। 2 ਜੀ ਸਪੈਕਟਰਮ, ਕਾਲਾ ਧਨ, ਆਦਰਸ਼ ਸੁਸਾਇਟੀ ਘੁਟਾਲਾ, ਕੋਇਲੇ ਦਾ ਘੁਟਾਲਾ, ਪਤਾ ਨਹੀਂ ਕਿਹੜੇ-ਕਿਹੜੇ ਘੁਟਾਲੇ ਹਨ ਜਿਹੜੇ ਸੈਂਟਰ ਵਿਚ ਬੈਠੇ ਹਾਕਮਾਂ ਨੇ ਕੀਤੇ ਹਨ, ਉਸ ਦਾ ਖਮਿਆਜ਼ਾ ਵੀ ਇਨ੍ਹਾਂ ਨੂੰ ਭੁਗਤਣਾ ਪਿਆ ਹੈ। ਮਹਿੰਗਾਈ ਜਿਹੜੀ ਹੈ ਉਹ ਕੇਂਦਰ ਸਰਕਾਰ ਦੀਆਂ ਨੀਤੀਆਂ ਕਰਕੇ, ਬੇਲਗਾਮ ਹੋਈ ਫਿਰਦੀ ਹੈ। ਜਦੋਂ ਅਸੀਂ ਲੋਕਾਂ ਦੇ ਵਿਚ ਜਾਂਦੇ ਸੀ, ਉਨ੍ਹਾਂ ਨੂੰ ਦੱਸੀਦਾ ਸੀ ਕਿ ਜੋ ਤੁਸੀਂ ਔਖੇ ਹੋ ਅਤੇ ਜਿਹੜੀ ਹਰ ਚੀਜ਼ ਤੁਹਾਨੂੰ ਮਹਿੰਗੀ ਮਿਲ ਰਹੀ ਹੈ, ਇਸ ਦੇ ਲਈ ਪੰਜਾਬ ਸਰਕਾਰ ਦੋਸ਼ੀ ਨਹੀਂ ਹੈ, ਇਸ ਦੇ ਲਈ ਸਰਦਾਰ ਪਰਕਾਸ਼ ਸਿੰਘ ਬਾਦਲ ਦੋਸ਼ੀ ਨਹੀਂ, ਇਸ ਦੇ ਵਾਸਤੇ ਜੇ ਦੋਸ਼ੀ ਹੈ ਤਾਂ ਹਿੰਦੁਸਤਾਨ ਦੀ ਸਰਕਾਰ ਦੋਸ਼ੀ ਹੈ ਔਰ ਲੋਕ ਪਹਿਲਾਂ ਹੀ ਜਾਗਰੂਕ ਹਨ। ਲੋਕਾਂ ਨੇ ਇਨ੍ਹਾਂ ਦੀ ਮਹਿੰਗਾਈ ਦੇ ਵਿਰੁੱਧ ਫਤਵਾ ਦਿੱਤਾ ਹੈ। ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਗਵਰਨਰ ਸਾਹਿਬ ਨੂੰ ਇਹ ਪਹਿਲਾਂ ਹੀ ਮਿਲ ਆਏ ਸੀ ਕਿ ਅਸੀਂ ਮਨਿਸਟਰੀ ਬਣਾਉਣੀ ਹੈ। ਪਤਾ ਨਹੀਂ ਨਿਉਂਦਾ ਦੇਣ ਵਾਸਤੇ ਗਏ ਸੀ ਜਾਂ ਪਤਾ ਨਹੀਂ ਉਨ੍ਹਾਂ ਨੂੰ ਤਿਆਰੀ ਕਰਨ ਵਾਸਤੇ ਕਹਿਣ ਗਏ, ਇਸ ਬਾਰੇ ਮੈਨੂੰ ਨਹੀਂ ਪਤਾ, ਪਰ ਮੈਂ ਹੈਰਾਨ ਹਾਂ ਕਿ ਇਨ੍ਹਾਂ ਨੂੰ ਕਿਹੜੀ ਗੱਲ ਦਾ ਭੁਲੇਖਾ ਸੀ। ਕੀ ਇਹ ਲੋਕਾਂ ਦੀ ਨਬਜ਼ ਨਹੀਂ ਪਛਾਣਦੇ ਸੀ? ਕੀ ਇਹ

ਕੇਵਲ ਇਹੀ ਸੋਚਦੇ ਸੀ ਕਿ ਪੰਜ ਸਾਲਾਂ ਬਾਅਦ ਬਦਲਾਅ ਆਉਣਾ ਹੈ। ਸਪੀਕਰ ਸਾਹਿਬ, ਮੈਂ ਅਖਬਾਰਾਂ ਵਿਚ ਪੜ੍ਹਦਾ ਰਿਹਾ ਹਾਂ ਔਰ ਮੇਰੇ ਇਲਾਕੇ ਵਿਚ ਵੀ ਖੁਦ ਵਾਪਰਿਆ ਹੈ ਕਿ ਜਿਹੜੇ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ, ਜਿਹੜੇ ਮੇਨ ਕੰਪੇਨਰ ਸੀ, ਜਿਨ੍ਹਾਂ ਦੇ ਹੱਥ ਵਿਚ ਚੋਣ ਦੀ ਕਮਾਨ ਸੀ, ਉਨ੍ਹਾਂ ਦੀ ਲੋਕਾਂ ਪ੍ਰਤੀ ਚੋਣ ਵਿਚ ਕੀ ਪਹੁੰਚ ਸੀ। ਜੇ ਤਾਂ ਹੈਲੀਕਾਪਟਰ ਆ ਗਿਆ ਤੇ ਫਿਰ ਚੋਣ ਪ੍ਰਚਾਰ ਕਰਨ ਵਾਸਤੇ ਜਾਵਾਂਗੇ, ਨਹੀਂ ਤਾਂ ਪ੍ਰੋਗਰਾਮ ਕੈਂਸਲ, ਭਾਵੇਂ ਕੋਈ ਉਡੀਕਦੇ ਰਹਿਣ। ਜੇ ਮੌਸਮ ਠੀਕ ਹੈ ਤਦ ਕੰਪੇਨ ਤੇ ਜਾਵਾਂਗੇ ਕਿਉਂਕਿ ਉਸ ਸਮੇਂ ਤੇ ਹੈਲੀਕਾਪਟਰ ਨਹੀਂ ਉਡ ਸਕੇਗਾ। ਉਨ੍ਹਾਂ ਨੇ ਲੋਕਾਂ ਨੂੰ ਪਰੇਸ਼ਾਨ ਕੀਤਾ, ਉਹ ਲੋਕਾਂ ਦੀਆਂ ਭਾਵਨਾਵਾਂ ਤੇ ਪੂਰੇ ਨਹੀਂ ਉਤਰੇ। ਕਾਂਗਰਸ ਵਰਕਰਾਂ ਦੀਆਂ ਭਾਵਨਾਵਾਂ ਤੇ ਪੂਰੇ ਨਹੀਂ ਉਤਰੇ। ਮੈਂ ਦੱਸ ਦਿੰਦਾ ਹਾਂ। ਮੇਰੇ ਹਲਕੇ ਵਿਚ ਜਿਹੜੇ ਮੇਰੇ ਵਿਰੁੱਧ ਇਲੈਕਸ਼ਨ ਲੜ ਰਹੇ ਸੀ...

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਇਸ ਤਰ੍ਹਾਂ ਨਾ ਬੋਲਣ। ਸਬੰਧਤ ਮੈਂਬਰ ਹਾਊਸ ਵਿਚ ਹਾਜ਼ਰ ਨਹੀਂ ਹਨ।

ਸਰਦਾਰ ਵਿਰਸਾ ਸਿੰਘ ਵਲਟੋਹਾ : ਸਪੀਕਰ ਸਾਹਿਬ, ਇਹ ਉਨ੍ਹਾਂ ਨੂੰ ਲੈ ਆਉਂਦੇ, ਮੈਂ ਨਿਉਂਦਾ ਦੇ ਕੇ ਥੋੜ੍ਹਾ ਲਿਆਉਣਾ ਸੀ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਰਾਣਾ ਜੀ, ਸਭ ਤੋਂ ਪਹਿਲਾਂ ਐਡਰੈਸ ਚੇਅਰ ਨੂੰ ਕਰੋ। ਪਹਿਲਾਂ ਚੇਅਰ ਤੋਂ ਮਨਜ਼ੂਰੀ ਲਉ ਤੇ ਫਿਰ ਬੋਲਣ ਦੀ ਖੇਚਲ ਕਰੋ। ਇਸ ਤਰ੍ਹਾਂ ਵਿਚ ਕਲੇਸ਼ ਨਹੀਂ ਕਰਨਾ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਇਹ ਹੈਲੀਕਾਪਟਰ ਨੂੰ ਛੱਡਣ ਤੇ ਆਪ ਸੜਕ ਤੇ ਤੁਰਨ।

ਮਾਨਯੋਗ ਸਪੀਕਰ : ਵਲਟੋਹਾ ਜੀ, ਤੁਸੀਂ ਕੰਟੀਨਿਊ ਕਰੋ।

ਸਰਦਾਰ ਵਿਰਸਾ ਸਿੰਘ ਵਲਟੋਹਾ : ਸਪੀਕਰ ਸਾਹਿਬ, ਇਹ ਜਿਨ੍ਹਾਂ ਦਾ ਜ਼ਿਕਰ ਕਰ ਰਹੇ ਹਨ, ਉਹ ਹਾਊਸ ਵਿਚ ਮੌਜੂਦ ਨਹੀਂ ਹਨ। ਇਹ ਪਟਿਆਲੇ ਦੇ ਲੋਕਾਂ ਨਾਲ ਕੀ ਧੋਖਾ ਨਹੀਂ? ਉਨ੍ਹਾਂ ਨੇ ਕੈਪਟਨ ਸਾਹਿਬ ਨੂੰ ਚੁਣ ਕੇ ਭੇਜਿਆ ਹੈ ਕਿ ਤੁਸੀਂ ਹਾਊਸ ਵਿਚ ਜਾਉ। ਹਾਊਸ ਵਿਚ ਸੁਣੋ ਤੇ ਹਾਊਸ ਵਿਚ ਜੋ ਗੱਲ ਹੁੰਦੀ ਹੈ, ਉਸ ਵਿਚ ਪਾਰਟੀਸੀਪੇਟ ਕਰੋ। ਪਟਿਆਲੇ ਤੇ ਪੰਜਾਬ ਦੇ ਲੋਕਾਂ ਵਾਸਤੇ ਕੋਈ ਗੱਲ ਕਰੋ ਪਰ ਉਹ ਇੱਥੇ ਨਹੀਂ ਆਏ। ਮੈਂ ਤਾਂ ਕਹਾਂਗਾ ਕਿ ਉਹ ਆਉਣ ਜੋਗੇ ਰਹੇ ਹੀ ਨਹੀਂ। ਹੁਣ ਨਾ ਦੋ ਨੰਬਰ ਵਾਲੇ ਆਉਣੇ ਹਨ ਤੇ ਨਾ ਤਿੰਨ ਨੰਬਰ ਵਾਲੇ ਆਉਣੇ ਹਨ। ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ। ਇੱਕ ਸੱਜਣ ਗੱਲ ਕਰ ਰਿਹਾ ਸੀ। ਉਹ ਕਹਿਣ ਲੱਗਾ ਕਿ ਕੈਪਟਨ ਸਾਹਿਬ ਨੇ ਕੀ ਕੀਤਾ ਹੈ। ਇਨ੍ਹਾਂ ਨੂੰ ਤਾਂ ਇਹ ਪਤਾ ਨਹੀਂ ਲਗਦਾ ਕਿ ਫਾਰਨ ਮਨਿਸਟਰੀ ਕਿਸ ਨੂੰ ਦੇਣੀ ਹੈ ਤੇ ਹੋਮ ਮਨਿਸਟਰੀ ਕਿਸ ਨੂੰ ਦੇਣੀ ਹੈ। ਉਹ ਕਹਿਣ ਲੱਗਾ ਕਿ ਜਿਸ

[ਸਰਦਾਰ ਵਿਰਸਾ ਸਿੰਘ ਵਲਟੋਹਾ]

ਨੂੰ ਹੋਮ ਮਨਿਸਟਰੀ ਦੇਣੀ ਸੀ, ਉਸ ਨੂੰ ਫਾਰਨ ਮਨਿਸਟਰੀ ਦੇ ਦਿੱਤੀ ਤੇ ਫਾਰਨ ਮਨਿਸਟਰੀ ਵਾਲੇ ਨੂੰ ਹੋਮ ਮਨਿਸਟਰੀ ਦੇ ਦਿੱਤੀ। ਗੱਲ ਮੇਰੀ ਸਮਝੇ ਨਹੀਂ? ਲੱਗਦਾ ਹੈ ਨਹੀਂ ਸਮਝੇ। ਸਮਝਣ ਵਾਲੇ ਸਮਝ ਗਏ। ਜਿਨ੍ਹਾਂ ਨੂੰ ਹੋਮ ਮਨਿਸਟਰੀ ਦੇਣੀ ਸੀ, ਉਨ੍ਹਾਂ ਨੂੰ ਫਾਰਨ ਮਨਿਸਟਰੀ ਦਿਵਾ ਦਿੱਤੀ ਤੇ ਫਾਰਨ ਵਾਲੇ ਨੂੰ ਹੋਮ ਮਨਿਸਟਰੀ ਦੇ ਦਿੱਤੀ ਤੇ ਫਿਰ ਕਿੱਥੋਂ ਚੱਲੂ। (ਥੰਪਿੰਗ) ਇਸ ਨਾਲ ਨਾ ਘਰ ਚੱਲ ਸਕਦਾ ਹੈ ਤੇ ਨਾ ਸਮਾਜ ਚੱਲ ਸਕਦਾ ਹੈ, ਕੀ ਕਰਾਂਗੇ? ਸਪੀਕਰ ਸਾਹਿਬ, ਭਾਸ਼ਣ ਨੂੰ ਤਾਂ ਬਹੁਤ ਗੱਲਾਂ ਹਨ ਪਰ ਜੋ ਗਵਰਨਰ ਸਾਹਿਬ ਕਹਿ ਕੇ ਗਏ ਹਨ, ਸੱਚ ਕਹਿ ਕੇ ਗਏ ਹਨ, ਇੱਕ-ਇੱਕ ਅੱਖਰ ਸੱਚ ਹੈ ਤੇ ਆਉਣ ਵਾਲੇ ਸਮੇਂ ਵਿਚ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਥੱਲੇ ਪੰਜਾਬ ਅੰਦਰ ਪਹਿਲ ਕਦਮੀਆਂ ਹੋਣੀਆਂ ਹਨ, ਵਿਕਾਸ ਹੋਣਾ ਹੈ, ਨੀਤੀਆਂ ਦਿੱਤੀਆਂ ਜਾਣੀਆਂ ਹਨ, ਲੋਕਾਂ ਦੀ ਸਹੂਲਤ ਵਾਸਤੇ ਕਦਮ ਚੁੱਕੇ ਜਾਣੇ ਹਨ। ਇਹ ਸਾਡੇ ਵੀਰ ਜੋ ਸਾਹਮਣੇ ਬੈਠੇ ਹਨ, ਇਹ ਭੁੱਲ ਜਾਣ ਕਿਉਂਕਿ ਸਾਡੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਨੇ ਪੰਜ ਸਾਲ ਪਹਿਲਾਂ ਕਿਹਾ ਸੀ ਕਿ ਅਸੀਂ ਪੰਜਾਬ ਦੀ ਧਰਤੀ ਤੇ ਘੱਟੋ-ਘੱਟ 25 ਸਾਲ ਰਾਜ ਕਰਾਂਗੇ (ਥੰਪਿੰਗ) ਤੇ ਹੁਣ ਇਹ ਵੀ 25 ਸਾਲ ਸਵੀਕਾਰ ਕਰਨ ਲੱਗ ਪਏ ਹਨ। 25 ਸਾਲ ਅਸੀਂ ਪਤਾ ਨਹੀਂ ਰਹਿਣਾ ਹੈ ਜਾਂ ਨਹੀਂ ਪਰ 25 ਸਾਲ ਦਾ ਟੀਚਾ ਮਿਥਿਆ ਗਿਆ ਹੈ। ਸਪੀਕਰ ਸਾਹਿਬ, ਪੰਜ ਸਾਲ ਪਹਿਲਾਂ ਇਨ੍ਹਾਂ ਦੀਆਂ ਗੱਲਾਂ ਸੁਣਦੇ ਸੀ ਤੇ ਪਤਾ ਨਹੀਂ ਸੋਢੀ ਸਾਹਿਬ ਨੇ ਪੰਜ ਸਾਲ ਬਾਅਦ ਆਉਣਾ ਹੈ ਜਾਂ ਨਹੀਂ ਆਉਣਾ ਪਰ ਹੋਣਾ ਇਹੀ ਕੁਝ ਹੈ, ਸਿਚੂਏਸ਼ਨ ਸੇਮ ਹੋਣੀ ਹੈ। ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਬੈਠੇ ਹਨ। ਮੈਂ ਗੱਲ ਕਰ ਰਿਹਾ ਸੀ ਸਰਹੱਦੀ ਲੋਕਾਂ ਦੀ, ਪੰਜਾਬ ਦੇ ਲੋਕਾਂ ਦੀ। ਪਿੱਛੇ ਪੰਜ ਸਾਲ ਮੈਂ ਜ਼ਿਕਰ ਕਰਦਾ ਰਿਹਾ ਹਾਂ ਕਿ ਹਿੰਦੁਸਤਾਨ ਦੀਆਂ ਫੋਰਸਾਂ, ਖਾਸ ਕਰਕੇ ਪੈਰਾ ਮਿਲਟਰੀ ਫੋਰਸਿਜ਼ ਨੇ ਸਰਹੱਦੀ ਕਿਸਾਨਾਂ ਦੀਆਂ ਸੈਂਕੜੇ ਏਕੜ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕੀਤੇ ਹਨ। ਉਸ ਦਾ ਮੁਆਵਜ਼ਾ ਸੈਂਟਰ ਸਰਕਾਰ ਨੇ ਚਵਾਨੀ ਵੀ ਨਹੀਂ ਦਿੱਤਾ। 44 ਫੁੱਟ ਜਿਹੜੀਆਂ ਤਾਰਾਂ ਲੱਗੀਆਂ ਹਨ, ਜ਼ਮੀਨਾਂ ਦੀ ਡੰਡ ਲੱਥ ਗਈ, ਉਸ ਦਾ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿੰਦਾ ਹਾਂ ਕਿ ਇਸ ਦੇ ਬਾਰੇ ਯਤਨ ਕੀਤੇ ਜਾਣ। ਸਭ ਤੋਂ ਵੱਡੀ ਗੱਲ ਕਿ ਅੱਜ ਵੀ ਸਰਹੱਦੀ ਖੇਤਰ ਦੇ ਕਿਸਾਨ ਨਰਕ ਭੋਗਦੇ ਹਨ। ਜਿਹੜੀਆਂ ਡਿਫੈਂਸ ਡਰੇਨਾਂ ਹਨ, ਉਨ੍ਹਾਂ ਤੇ ਪੁਲਾਂ ਦੀ ਘਾਟ ਹੈ। ਕਿਸਾਨ ਨੂੰ 10-10 ਕਿਲੋਮੀਟਰ ਘੁੰਮ ਕੇ ਆਪਣੀ ਜ਼ਮੀਨ ਤੇ ਜਾਣਾ ਪੈਂਦਾ ਹੈ। ਟਰੈਕਟਰ, ਸੰਦ ਜਾਂ ਰੋਟੀ ਪਾਣੀ ਲੈ ਕੇ ਜਾਣਾ ਹੋਵੇ ਤਾਂ ਘੁੰਮ ਕੇ ਜਾਣਾ ਪੈਂਦਾ ਹੈ। ਉਥੇ ਪੁਲਾਂ ਦੀ ਮੰਗ ਕੀਤੀ ਗਈ ਅਤੇ ਪਿਛਲੇ ਪੰਜ ਸਾਲ ਲਗਾਤਾਰ ਸਰਦਾਰ ਪਰਕਾਸ਼ ਸਿੰਘ ਬਾਦਲ ਯਤਨ ਕਰਦੇ ਰਹੇ ਪਰ ਹਿੰਦੁਸਤਾਨ ਦੀ ਸਰਕਾਰ ਨੇ ਉਨ੍ਹਾਂ ਦੀ ਪ੍ਰਵਾਨਗੀ ਨਹੀਂ ਦਿੱਤੀ। ਮੈਂ ਮੰਗ ਕਰਾਂਗਾ ਕਿ ਖਾਸ ਕਰਕੇ ਜਿਹੜੇ ਖੇਮਕਰਨ ਹਲਕੇ ਨਾਲ ਸਬੰਧਤ ਡਿਫੈਂਸ ਡਰੇਨਾਂ ਦੇ ਪੁਲ ਹਨ, ਉਨ੍ਹਾਂ ਦੇ ਬਾਰੇ ਯਤਨ ਕੀਤੇ ਜਾਣ, ਤਾਰਾਂ ਤੋਂ ਪਾਰ ਦੇ ਮੁਆਵਜ਼ੇ ਦੇ ਯਤਨ ਕੀਤੇ ਜਾਣ। ਸਪੀਕਰ ਸਾਹਿਬ, ਕਿਸਾਨੀ ਦੇ ਨਾਲ-ਨਾਲ ਜਿਹੜੇ

ਕਿਸਾਨੀ ਦੇ ਸਹਾਇਕ ਧੰਦੇ ਹਨ, ਉਸ ਪਾਸੇ ਵੀ ਸਾਡੀ ਕਿਸਾਨੀ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ। ਜਿਹੜੇ ਮਿਲਕ ਚਿਲਿੰਗ ਸੈਂਟਰ ਹਨ, ਉਹ ਵੀ ਪੇਂਡੂ ਖੇਤਰਾਂ ਵਿਚ ਖੋਲ੍ਹਣੇ ਚਾਹੀਦੇ ਹਨ। ਮੈਂ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਵੀ ਖੋਲ੍ਹਿਆ ਜਾਵੇ ਕਿਉਂਕਿ ਮੇਰੇ ਇਲਾਕੇ ਦੀ ਸਬ-ਡਿਵੀਜ਼ਨ ਦੂਰ ਹੈ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕਿਹਾ ਸੀ ਕਿ ਸਰਕਾਰ ਦੁਬਾਰਾ ਬਣ ਜਾਣੀ ਹੈ ਅਤੇ ਸਰਕਾਰ ਬਣਨ ਤੋਂ ਬਾਅਦ ਭਿੱਖੀਵਿੰਡ ਨੂੰ ਸਬ-ਡਵੀਜ਼ਨ ਬਣਾਇਆ ਜਾਵੇਗਾ। ਮੈਂ ਉਹ ਵੀ ਮੰਗ ਕਰਦਾ ਹਾਂ।

ਸਪੀਕਰ ਸਾਹਿਬ, ਅੰਤ ਵਿਚ ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਇਸੇ ਤਰ੍ਹਾਂ ਲੋਕਾਂ ਦੀ ਸੇਵਾ ਕਰਨ ਦਾ ਬਲ ਬਖਸ਼ਦਾ ਰਹੇ, ਅਸੀਂ ਲੋਕਾਂ ਦੀਆਂ ਆਸਾਂ-ਉਮੀਦਾਂ ਤੇ ਖਰੇ ਉਤਰਦੇ ਰਹੀਏ ਤਾਂ ਕਿ ਅਸੀਂ ਆਪਣੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਦਾ 25 ਸਾਲ ਰਾਜ ਕਰਨ ਦਾ ਟੀਚਾ ਪੂਰਾ ਕਰ ਸਕੀਏ। ਇਹ ਹਾਊਸ ਪੰਜਾਬ ਦੇ ਲੋਕਾਂ ਦੇ ਮਸਲਿਆਂ ਦੀ ਅਵਾਜ਼ ਉਠਾਉਣ ਅਤੇ ਉਨ੍ਹਾਂ ਦਾ ਹੱਲ ਕਰਨ ਲਈ ਬਣਿਆ ਹੈ। ਆਓ, ਅਸੀਂ ਸਾਰੇ ਯਤਨ ਕਰੀਏ ਕਿ ਅਸੀਂ ਪੰਜਾਬ ਦੇ ਲੋਕਾਂ ਦੀ ਅਵਾਜ਼ ਬਣ ਸਕੀਏ ਅਤੇ ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਇੱਕ ਮੱਤ, ਇੱਕ ਅਵਾਜ਼ ਹੋ ਸਕੀਏ। ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਮੈਂ ਫਿਰ ਦੋਨੋਂ ਪਾਸਿਆਂ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਪ੍ਰਸਤਾਵ, ਕਿਉਂਕਿ ਇਹ ਹਰ ਵਾਰ ਇਸ ਨੂੰ ਝੁਠਲਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਐਤਕੀਂ ਨਾ ਝੁਠਲਾਉਣਾ ਨਹੀਂ ਤਾਂ ਹਰ ਵਾਰੀ ਝੁਠਲਾਉਣ ਦੀ ਆਦਤ ਪੈ ਜਾਣੀ ਹੈ ਅਤੇ ਅਗਲੇ ਪੰਜ ਸਾਲ ਵੀ ਝੁਠਲਾਉਂਦੇ ਹੀ ਰਹੋਗੇ, ਤੁਸੀਂ ਇਸ ਨੂੰ ਸਵੀਕਾਰ ਕਰਨ ਦੀ ਕੋਸ਼ਿਸ਼ ਕਰੋ। ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨ ਦੀ ਕਿਰਪਾਲਤਾ ਕੀਤੀ ਜਾਵੇ। ਧੰਨਵਾਦ। (ਥੰਪਿੰਗ)

ਮਾਨਯੋਗ ਸਪੀਕਰ : ਇਸ ਤੋਂ ਪਹਿਲਾਂ ਕਿ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਲਈ ਸ਼੍ਰੀ ਮਨੋਰੰਜਨ ਕਾਲੀਆ ਜੀ ਨੂੰ ਬੇਨਤੀ ਕਰਾਂ, ਮੈਂ ਇਸ ਵਿਧਾਨ ਸਭਾ ਦੇ ਸੈਸ਼ਨ ਦੇ ਸ਼ੁਰੂ ਵਿਚ ਬੇਨਤੀ ਕੀਤੀ ਸੀ ਕਿ ਅਸੀਂ ਸਾਰੇ ਰਲ ਕੇ ਇੱਕ ਨਵਾਂ ਸਿਰਜਣਾਤਮਕ ਮਾਹੌਲ ਪੈਦਾ ਕਰੀਏ ਅਤੇ ਇੱਕ ਦੂਸਰੇ ਦੇ ਪ੍ਰਤੀ ਕੁੜੱਤਣ ਅਤੇ ਬਦਲਾਖੋਰੀ ਦੀ ਭਾਵਨਾ ਤਿਆਗੀਏ। ਮੇਰੇ ਖੱਬੇ ਪਾਸੇ ਬੈਠੇ ਵਿਰੋਧੀ ਧਿਰ ਦੇ ਮੈਂਬਰ ਸਾਹਿਬਾਨ ਨੇ ਮੇਰੀ ਅਰਜ਼ ਪ੍ਰਵਾਨ ਕਰਦਿਆਂ ਇੱਕ ਦੋਸਤਾਨਾ ਮਾਹੌਲ ਦੀ ਸ਼ੁਰੂਆਤ ਲਈ ਹਾਂ ਪੱਖੀ ਹੁੰਗਾਰਾ ਭਰਿਆ ਹੈ ਜਿਸ ਦੇ ਫਲਸਰੂਪ ਉਨ੍ਹਾਂ ਨੇ ਰਾਜਪਾਲ ਦੇ ਭਾਸ਼ਣ ਨੂੰ ਬੜੀ ਗਹੁ ਨਾਲ ਸੁਣਿਆ। ਮੈਨੂੰ ਆਸ ਹੈ ਕਿ ਉਹ ਆਪਣੀ ਵੱਡਮੁਲੀ, ਉਸਾਰੂ ਜ਼ਿੰਮੇਵਾਰੀ ਨਾਲ ਪੰਜਾਬ ਸੂਬੇ ਦੀ ਤਰੱਕੀ ਦੀ ਰਫਤਾਰ ਨੂੰ ਤੇਜ਼ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਣਗੇ। ਹੁਣ ਸ਼੍ਰੀ ਮਨੋਰੰਜਨ ਕਾਲੀਆ ਜੀ। (ਥੰਪਿੰਗ)

ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ) : ਮਾਨਯੋਗ ਸਪੀਕਰ ਸਾਹਿਬ,

[ਸ਼੍ਰੀ ਮਨੋਰੰਜਨ ਕਾਲੀਆ]

ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਜਿਹੜਾ ਮਾਨਯੋਗ ਮੈਂਬਰ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਲੈ ਕੇ ਆਏ ਹਨ, ਉਸ ਤੇ ਮੈਨੂੰ ਬੋਲਣ ਦਾ ਮੌਕਾ ਦੇ ਰਹੇ ਹੋ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਲਈ ਖੜ੍ਹਾ ਹੋਇਆ ਹਾਂ। ਮਾਨਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ 21 ਮਾਰਚ ਨੂੰ ਜਿਹੜਾ ਭਾਸ਼ਣ ਦਿੱਤਾ ਹੈ, ਉਹ ਇਤਿਹਾਸਕ ਭਾਸ਼ਣ ਹੈ, ਉਹ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ, ਜਿਹੜੀਆਂ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਚੁਣਾਵ ਵਿਚ ਦਰਸਾਈਆਂ ਸਨ। ਮਾਨਯੋਗ ਰਾਜਪਾਲ ਜੀ ਨੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਸ਼ਾਬਾਸ਼ੀ ਦਿੱਤੀ ਹੈ, ਪਿੱਠ ਥਪਥਪਾਈ ਹੈ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਬੰਧਨ ਨੂੰ ਸਰਾਹਿਆ ਹੈ ਕਿ ਤੁਸੀਂ ਜਿਹੜੇ ਪਿਛਲੇ ਪੰਜ ਸਾਲ ਕੰਮ ਕੀਤੇ, ਪੰਜਾਬ ਦੇ ਲੋਕਾਂ ਦੀ ਜਿਹੜੀ ਤਰਜਮਾਨੀ ਕੀਤੀ ਉਸ ਦੀ ਮੈਂ ਸ਼ਾਬਾਸ਼ੀ ਦੇਂਦਾ ਹਾਂ ਕਿ ਤੁਸੀਂ ਸਹੀ ਅਰਥਾਂ ਵਿਚ, ਸਹੀ ਮਾਅਨਿਆਂ ਦੇ ਵਿਚ ਲੋਕਾਂ ਦੇ ਭਲੇ ਲਈ ਪੰਜ ਸਾਲ ਕੰਮ ਕੀਤਾ ਹੈ। ਇਸ ਲਈ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਉਨ੍ਹਾਂ ਸਾਰੀਆਂ ਨੀਤੀਆਂ ਨੂੰ ਸਰਾਹਿਆ ਹੈ। ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਆਉਣ ਵਾਲੇ ਪੰਜ ਸਾਲ ਜਿਹੜੇ ਹਨ, ਉਸ ਵਿਚ ਉਹ ਭਵਿੱਖ ਦੀ ਤਸਵੀਰ ਵੀ ਦਰਸਾਉਂਦੇ ਹਨ, ਯਾਨੀ ਕਿ ਮੈਂ ਕਹਿ ਸਕਦਾ ਹਾਂ ਰਾਜਪਾਲ ਜੀ ਦਾ ਭਾਸ਼ਣ ਯਥਾਰਥ ਦੇ ਧਰਾਤਲ ਤੇ ਖੜ੍ਹਾ ਹੋ ਕੇ ਭਵਿੱਖ ਨੂੰ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਮਾਨਯੋਗ ਸਪੀਕਰ ਸਾਹਿਬ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਔਰ ਪੰਜ ਨੰਬਰ ਦਾ, ਪੰਜ ਦੇ ਅੰਕੜੇ ਦਾ ਇਹ ਇਕ ਅਹਿਮ ਸੰਜੋਗ ਹੈ। ਇੱਕ ਅਹਿਮ ਸੰਜੋਗ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਹਨ। (ਥੰਪਿੰਗ) ਜਦੋਂ ਇਹ ਪਹਿਲੀ ਵਾਰੀ ਮੁੱਖ ਮੰਤਰੀ ਬਣੇ ਤਾਂ ਉਹ ਪੰਜਵੀਂ ਵਿਧਾਨ ਸਭਾ ਸੀ, ਪੰਜਵੀਂ ਵਿਧਾਨ ਸਭਾ ਦੇ ਵਿਚ ਪਹਿਲੀ ਵਾਰੀ ਮੁੱਖ ਮੰਤਰੀ ਬਣੇ, ਹੁਣ ਜਿਹੜੀ ਵਿਧਾਨ ਸਭਾ ਹੈ ਉਹ 14ਵੀਂ ਵਿਧਾਨ ਸਭਾ ਹੈ, 1+4=5, ਠੀਕ ਹੈ ਜੀ। ਸਹੁੰ ਵੀ ਬਾਦਲ ਸਾਹਿਬ ਨੇ 14 ਤਰੀਕ ਨੂੰ ਲਈ ਹੈ, 1+4=5, ਠੀਕ ਹੈ ਜੀ। ਔਰ ਜੇ ਤੁਸੀਂ ਸੰਨ ਵੀ ਕਹੋ 2012 ਤਾਂ 2+0+1+2=5, ਠੀਕ ਹੈ ਜੀ, ਮੈਂ ਕਿਹਾ ਕਿ ਜਿਹੜਾ ਸੰਜੋਗ 5 ਦੇ ਅੰਕੜੇ ਦਾ ਹੈ ਇਹ ਬੜਾ ਅਹਿਮ ਹੈ, ਬਾਦਲ ਸਾਹਿਬ 23ਵੇਂ ਮੁੱਖ ਮੰਤਰੀ ਹਨ ਤਾਂ 2+3=5 ਔਰ ਵੈਸੇ ਬਾਦਲ ਸਾਹਿਬ ਦੀ ਜਿਹੜੀ ਇਸ ਵੇਲੇ ਉਮਰ ਹੈ ਉਹ 86 ਹੈ, 8+6=14 ਤੇ 1+4=5, ਸੋ ਇੱਕ ਅਹਿਮ ਸੰਜੋਗ ਹੈ 5 ਦੇ ਅੰਕੜੇ ਦਾ ਔਰ ਬਾਦਲ ਸਾਹਿਬ ਦਾ...

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ** **

ਮਾਨਯੋਗ ਸਪੀਕਰ : ਇਹ ਰਿਕਾਰਡ ਨਹੀਂ ਕਰਨਾ। ਸਿਰਫ ਮਨੋਰੰਜਨ ਕਾਲੀਆ ਜੀ ਦੀ ਸਟੇਟਮੈਂਟ ਨੂੰ ਛੱਡ ਕੇ, ਹੋਰ ਰਿਕਾਰਡ ਨਹੀਂ ਕਰਨਾ।

**Not recorded as ordered by the Chair.

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਜਿਹੜਾ ਪੰਜਾਬ ਵਿਧਾਨ ਸਭਾ ਦਾ ਚੁਣਾਵ ਹੋਇਆ ਹੈ, ਇਸ ਨੇ ਬਹੁਤ ਸਾਰੀਆਂ ਧਾਰਨਾਵਾਂ ਤੋੜੀਆਂ ਹਨ ਤੇ ਨਵੀਆਂ ਧਾਰਨਾਵਾਂ ਬਣਾਈਆਂ ਹਨ। ਇਹ ਜਿਹੜੀ ਪੰਜਾਬ ਵਿਧਾਨ ਸਭਾ ਦਾ ਚੁਣਾਵ ਹੋਇਆ, ਪੰਜਾਬ ਦਾ ਰਾਜਨੀਤਕ ਇਤਿਹਾਸ ਸਾਕਸ਼ੀ ਹੈ ਕਿ ਸਾਲ 1947 ਤੋਂ ਲੈ ਕੇ 1967 ਤੱਕ ਕਾਂਗਰਸ ਦਾ ਇਕਛਤਰ ਸ਼ਾਸਨ ਹੈ। ਉਸ ਵਕਤ ਕੀ ਹੁੰਦਾ ਸੀ ਕਿ ਰਾਜ ਕਾਂਗਰਸ ਨੇ ਕਰਨਾ ਹੈ, ਕਿਉਂਕਿ ਇਹ ਜੰਮੇ ਹੀ ਰਾਜ ਕਰਨ ਲਈ ਹਨ। ਫਿਰ ਸਮੇਂ ਨੇ ਕਰਵਟ ਲਈ ਅਤੇ 1967 ਵਿਚ ਸਾਂਝੀ ਸਰਕਾਰ ਬਣੀ ਕਿਉਂਕਿ ਟ੍ਰਾਂਜਿਸ਼ਨ ਫੇਜ਼ ਸੀ। ਉਸ ਵੇਲੇ ਇਹ ਧਾਰਨਾ ਬਣੀ ਕਿ ਅਕਾਲੀ ਅਤੇ ਜਨਸੰਘ, ਉਸ ਵੇਲੇ ਭਾਰਤੀ ਜਨਸੰਘ ਇਸ ਦਾ ਨਾਂ ਸੀ, ਇਹ ਰਾਜ ਲੈ ਤਾਂ ਲੈਂਦੇ ਹਨ ਪਰ ਕਰਦੇ ਨਹੀਂ। ਫਿਰ ਸਮੇਂ ਨੇ ਕਰਵਟ ਲਈ, 1977 ਤੋਂ 1980 ਤੱਕ ਢਾਈ ਸਾਲ ਅਕਾਲੀ-ਜਨਤਾ ਪਾਰਟੀ ਦਾ ਸ਼ਾਸਨ ਚੱਲਿਆ। ਉਸ ਵਕਤ ਇਹ ਕਹਾਵਤ ਬਣੀ ਕਿ ਇਹ ਰਾਜ ਲੈ ਲੈਂਦੇ ਹਨ, ਕਰਦੇ ਵੀ ਹਨ ਪਰ ਪੰਜ ਸਾਲ ਨਹੀਂ ਕਰਦੇ। ਫਿਰ ਸਮੇਂ ਨੇ ਕਰਵਟ ਲਈ। 1997 ਤੋਂ ਸਾਲ 2002 ਤੱਕ ਫੇਰ ਕੀ ਹੋਇਆ? ਰਾਜ ਲੈਣਾ ਵੀ ਜਾਣਦੇ ਹਨ, ਕਰਦੇ ਵੀ ਹਨ, ਪੰਜ ਸਾਲ ਵੀ ਕਰਦੇ ਹਨ ਪਰ ਲਗਾਤਾਰ ਨਹੀਂ ਹੁੰਦਾ। ਲੇਕਿਨ ਹੁਣ ਹੋਰ ਕੀ ਹੋਇਆ ਹੈ ਕਿ ਰਾਜ ਲੈਣਾ ਵੀ ਆਉਂਦਾ ਹੈ, ਕਰਨਾ ਵੀ ਆਉਂਦਾ ਹੈ ਅਤੇ ਲਗਾਤਾਰ ਕਰਕੇ ਵੀ ਵਿਖਾਇਆ ਹੈ। (ਥੰਪਿੰਗ) ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਕਿਹਾ ਹੈ ਕਈ ਧਾਰਨਾਵਾਂ ਟੁੱਟੀਆਂ ਅਤੇ ਬਣੀਆਂ ਹਨ। ਕਿਸੀ ਰਾਜਨੀਤਕ ਵਿਸ਼ੇਸ਼ਗ ਨੂੰ ਇਨ੍ਹਾਂ ਚੋਣਾਂ ਤੋਂ ਪਹਿਲਾਂ ਜੇ ਪੁੱਛਦੇ ਤੇ ਆਮ ਧਾਰਨਾ ਸੀ ਕਿ ਡਿਵੈਲਪਮੈਂਟ ਉੱਤੇ ਕਦੇ ਵੋਟ ਨਹੀਂ ਮਿਲਦੀ, ਵਿਕਾਸ ਦੇ ਨਾਂ ਤੇ ਸਰਕਾਰਾਂ ਨਹੀਂ ਬਣਦੀਆਂ ਲੇਕਿਨ ਇਹ ਜਿਹੜੀਆਂ ਚੋਣਾਂ ਹੋਈਆਂ ਹਨ, ਸਾਲ 2012 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇ ਇਹ ਧਾਰਨਾਵਾਂ ਬਦਲ ਦਿੱਤੀਆਂ ਹਨ। ਪੰਜਾਬ ਦੀ ਜਨਤਾ ਨੇ ਬਦਲੀਆਂ ਹਨ ਕਿ ਵਿਕਾਸ ਦੇ ਨਾਂ ਤੇ ਵੋਟ ਮਿਲਦੀ ਹੈ ਅਤੇ ਸਰਕਾਰਾਂ ਵੀ ਬਣਦੀਆਂ ਹਨ। ਅਕਾਲੀ-ਭਾਜਪਾ ਸਰਕਾਰ ਇਸ ਕਰਕੇ ਬਣੀ ਹੈ। ਇਸ ਚੋਣ ਦਾ ਨਤੀਜਾ ਸਾਰੀਆਂ ਅਸੈਸਮੈਂਟਾਂ, ਜਿੰਨੀਆਂ ਵੀ ਮੀਡੀਆ ਦੁਆਰਾ ਐਗਜ਼ਿਟ ਪੋਲਜ਼ ਹੁੰਦੀਆਂ ਸੀ ਇਹ ਹੀ ਆਉਂਦਾ ਸੀ ਕਿ ਜਾਂ ਤਾਂ ਬਰਾਬਰ, ਹੰਗ ਅਸੈਂਬਲੀ ਆਵੇਗੀ ਜਾਂ ਕਾਂਗਰਸ ਬਾਰੇ ਕਹਿੰਦੇ ਸੀ। ਇਸ ਕਰਕੇ ਇਹ ਮੇਰੇ ਸਾਰੇ ਸਾਥੀ ਨਵੇਂ ਸੂਟ ਸੰਵਾ ਕੇ ਬੈਠੇ ਸਨ। ਜਦੋਂ ਨਤੀਜੇ ਆਏ ਤਾਂ ਸਾਰੀਆਂ ਮੀਡੀਆ ਦੀਆਂ ਅਸੈਸਮੈਂਟਸ ਗਲਤ ਸਾਬਤ ਹੋਈਆਂ ਅਤੇ ਪੰਜਾਬ ਦੀ ਜਨਤਾ ਨੇ ਵਿਕਾਸ ਨੂੰ ਮੋਹਰ ਲਾਈ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਪੰਜਵੀਂ ਵਾਰੀ ਮੁੱਖ ਮੰਤਰੀ ਬਣਾਇਆ। ਸਾਲ 2011 ਦੇ ਸ਼ੁਰੂ ਵਿਚ ਭਾਰਤੀ ਜਨਤਾ ਪਾਰਟੀ ਬਾਰੇ ਵੀ ਕਿਹਾ ਜਾਂਦਾ ਸੀ ਕਿ ਇਹ 2-3 ਸੀਟਾਂ ਤੇ ਆਵੇਗੀ ਅਤੇ ਚੋਣਾਂ ਦੌਰਾਨ ਵੀ ਵੱਧ ਤੋਂ ਵੱਧ 7 ਸੀਟਾਂ ਦੀ ਅਸੈਸਮੈਂਟ ਸੀ। ਲੇਕਿਨ ਨੀਲਸਨ ਕੰਪਨੀ ਨੇ ਸਟਾਰ ਨਿਊਜ਼ ਉਤੇ 14 ਸੀਟਾਂ ਦੀ ਅਸੈਸਮੈਂਟ ਕੀਤੀ ਸੀ। ਇਤਿਹਾਸ ਦੀ ਰਚਨਾ ਹੋਈ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਇਸ ਵਾਰ 12 ਸੀਟਾਂ ਜਿੱਤੀਆਂ ਹਨ ਅਤੇ ਸ਼ਹਿਰੀਆਂ ਦੀ ਨੁਮਾਇੰਦਗੀ

[ਸ਼੍ਰੀ ਮਨੋਰੰਜਨ ਕਾਲੀਆ]

ਕੀਤੀ ਹੈ। ਮੈਂ ਖਾਸ ਕਰਕੇ ਜ਼ਿਕਰ ਕਰਨਾ ਚਾਹਾਂਗਾ ਕਿ ਜਲੰਧਰ ਜ਼ਿਲ੍ਹੇ ਨੇ ਨਵਾਂ ਇਤਿਹਾਸ ਰਚਿਆ ਹੈ। ਇਸ ਵਾਰ 9 ਦੀਆਂ 9 ਸੀਟਾਂ ਅਕਾਲੀ-ਭਾਜਪਾ ਨੂੰ ਮਿਲੀਆਂ ਹਨ। (ਥੰਪਿੰਗ) 100% ਰਿਜ਼ਲਟ, ਇਹ ਸਭ ਕੁਝ ਇਸ ਕਰਕੇ ਹੋਇਆ ਹੈ ਕਿਉਂਕਿ ਪਿਛਲੇ ਪੰਜ ਸਾਲ ਇਹ ਵਿਜ਼ੀਬਲ ਸੀ ਕਿ ਜਿਹੜੀ ਡਿਵੈਲਪਮੈਂਟ ਹੋਈ ਹੈ ਉਹ ਆਮ ਲੋਕਾਂ ਨੂੰ ਮਹਿਸੂਸ ਹੋਈ ਹੈ। ਪੇਂਡੂ ਭਰਾ ਵੀ ਮਹਿਸੂਸ ਕਰਦਾ ਸੀ, ਵਪਾਰੀ ਵੀ ਮਹਿਸੂਸ ਕਰਦਾ ਸੀ, ਕਿਸਾਨ ਵੀ ਮਹਿਸੂਸ ਕਰਦਾ ਸੀ ਅਤੇ ਹਰ ਸ਼ਹਿਰੀ ਵੀ ਮਹਿਸੂਸ ਕਰਦਾ ਸੀ। ਸੋ, ਹਰ ਇੱਕ ਪਾਸੇ ਤੁਸੀਂ ਸ਼ਹਿਰ ਵਿਚ ਕਿਸੇ ਪਾਸੇ ਵੀ ਚਲੇ ਜਾਉ, ਫਲਾਈ ਓਵਰ ਜਲੰਧਰ ਦੇ ਵਿਚ ਜਿਹੜਾ ਹੈ, ਉਹ ਜਿਹੜਾ ਬੀ.ਐਮ.ਸੀ. ਚੌਂਕ ਦਾ ਫਲਾਈ ਓਵਰ ਹੈ, ਉਹ ਆਪਣੇ ਆਪ ਵਿਚ 11 ਮਹੀਨੇ ਵਿਚ ਬਣਨਾ ਇੱਕ ਰਿਕਾਰਡ ਹੈ ਔਰ ਤਿੰਨ-ਤਿੰਨ, ਚਾਰ-ਚਾਰ ਫਲਾਈ ਓਵਰ, ਅੰਮ੍ਰਿਤਸਰ ਵਿਚ ਐਲੀਵੇਟਿਡ ਰੋਡ, ਲੁਧਿਆਣਾ ਦੇ ਵਿਚ ਫਲਾਈ ਓਵਰ ਤਿਆਰ ਹੋਇਆ, ਸੋ, ਹਰ ਇੱਕ ਜਗ੍ਹਾ ਲੋਕਾਂ ਨੂੰ ਵਿਕਾਸ ਨਜ਼ਰ ਆਉਂਦਾ ਹੈ। ਇਸ ਲਈ ਅਕਾਲੀ-ਭਾਜਪਾ ਗਠਬੰਧਨ ਨੂੰ ਲੋਕਾਂ ਨੇ ਵਿਕਾਸ ਦੇ ਉਤੇ ਵੋਟ ਪਾਈ ਔਰ ਸਾਥੀਓ ਅਤੇ ਮਾਨਯੋਗ ਸਪੀਕਰ ਸਾਹਿਬ, ਇਸ ਦਾ ਕਾਰਨ ਜਿਹੜਾ ਹੈ ਕਿ ਭਾਜਪਾ ਨੂੰ ਜਿਹੜੀਆਂ ਸੀਟਾਂ ਮਿਲੀਆਂ ਹਨ, ਕਿਉਂਕਿ ਮੈਂ ਸਾਢੇ ਚਾਰ ਸਾਲ ਬਤੌਰ ਪਾਰਟੀ ਲੀਡਰ ਕੰਮ ਕੀਤਾ ਹੈ, ਮੈਨੂੰ ਪਾਰਟੀ ਨੇ ਮੌਕਾ ਦਿੱਤਾ, ਭਾਰਤੀ ਜਨਤਾ ਪਾਰਟੀ ਨੇ ਜਦੋਂ ਵੀ ਕੋਈ ਮੰਗ ਰੱਖੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਵੱਡੇਪਣ ਦਾ ਪ੍ਰਦਰਸ਼ਨ ਕਰਦਿਆਂ ਖੁਲ੍ਹੇ ਦਿਲ ਨਾਲ ਉਨ੍ਹਾਂ ਮੰਗਾਂ ਨੂੰ ਮੰਨਿਆ ਹੈ ਔਰ ਇਸ ਦੇ ਕਾਰਨ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਹੈ। ਸ਼੍ਰੋਮਣੀ ਅਕਾਲੀ ਦਲ ਦੀਆਂ 56 ਸੀਟਾਂ ਔਰ ਭਾਰਤੀ ਜਨਤਾ ਪਾਰਟੀ ਦੀਆਂ 12 ਸੀਟਾਂ, ਇਹ ਕਲੀਅਰ ਕੱਟ ਜਿਹੜਾ ਮੈਨਡੇਟ ਹੈ, ਉਹ ਅਕਾਲੀ-ਭਾਜਪਾ ਨੂੰ ਪੰਜਾਬ ਦੇ ਲੋਕਾਂ ਨੇ ਦਿੱਤਾ ਹੈ। (ਥੰਪਿੰਗ)

ਮਾਨਯੋਗ ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿਚ ਉਨ੍ਹਾਂ ਨੇ ਹੈਰੀਟੇਜ਼ ਕੰਪਲੈਕਸ ਅਤੇ ਯਾਦਗਾਰਾਂ ਬਣਾਉਣ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਪਿੱਠ ਥਪਥਪਾਈ ਹੈ। ਇਨ੍ਹਾਂ ਨੇ ਹੈਰੀਟੇਜ਼ ਕੰਪਲੈਕਸ, ਚੱਪੜਚਿੜੀ, ਛੋਟਾ ਘੱਲੂਘਾਰਾ ਅਤੇ ਵੱਡਾ ਘੱਲੂਘਾਰਾ ਦੀਆਂ ਯਾਦਗਾਰਾਂ ਬਣਾਈਆਂ ਹਨ ਕਿਉਂਕਿ ਜਿਹੜੇ ਸਮਾਜ, ਜਿਹੜੇ ਦੇਸ਼ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੇ ਹਨ ਅਤੇ ਆਪਣੇ ਵਿਰਸੇ ਨੂੰ ਨਹੀਂ ਭੁਲਾਉਂਦੇ, ਉਹ ਕੌਮਾਂ ਕਾਇਮ ਰਹਿੰਦੀਆਂ ਹਨ, ਜ਼ਿੰਦਾ ਰਹਿੰਦੀਆਂ ਹਨ। ਜਿਵੇਂ ਕਿ ਕਿਹਾ ਗਿਆ ਹੈ:

ਯੂਨਾਨ ਰੋਮ ਮਿਸਰ ਸਭ ਮਿਟ ਗਏ,
ਕਯਾ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ।

ਇਹ ਇਸੇ ਵਾਸਤੇ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਨਹੀਂ ਭੁਲਾਇਆ, ਆਪਣੇ ਇਤਿਹਾਸ ਨੂੰ ਨਹੀਂ ਭੁਲਾਇਆ। ਲੇਕਿਨ ਮੈਨੂੰ ਬੜੇ ਦੁੱਖ ਦੀ ਗੱਲ ਕਹਿਣੀ ਪੈ ਰਹੀ ਹੈ ਕਿ ਕਾਂਗਰਸੀ ਭਰਾ ਇਹ ਦੇਸ਼ ਦੀ ਅਜ਼ਾਦੀ ਦਾ ਸ਼ਰੇਅ ਲੈਣ ਦੀ ਕੋਸ਼ਿਸ਼ ਵੀ ਕਰਦੇ ਹਨ,

ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਕੁਰਬਾਨੀ ਦਾ ਵੀ ਪੰਜਾਬ ਦੇ ਵਿਚ ਸ਼ਰੇਅ ਲੈਣ ਦੀ ਕੋਸ਼ਿਸ਼ ਕਰਦੇ ਹਨ ਲੇਕਿਨ 1947 ਤੋਂ ਲੈ ਕੇ 1967 ਤੱਕ ਕਾਂਗਰਸੀ ਭਰਾਵਾਂ ਦਾ ਸਮਾਂ ਰਿਹਾ ਪਰ ਇਸ ਸਮੇਂ ਦੌਰਾਨ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਯਾਦਗਾਰ ਨਹੀਂ ਬਣੀ। ਖਟਕੜ ਕਲਾਂ ਦੀ ਯਾਦਗਾਰ, ਉਸ ਦਾ ਨੀਂਹ ਪੱਥਰ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਪਹਿਲੀ ਵਾਰੀ ਮੁੱਖ ਮੰਤਰੀ ਬਣੇ, ਇਹ ਨੀਂਹ ਪੱਥਰ ਖਟਕੜ ਕਲਾਂ ਵਿਖੇ ਉਦੋਂ ਰੱਖਿਆ ਗਿਆ। (ਥੰਪਿੰਗ) ਇਹ 23 ਮਾਰਚ, 1970 ਦੀ ਗੱਲ ਹੈ ਕਿਉਂਕਿ ਉਦੋਂ ਉਥੇ ਮੈਂ ਵੀ ਮੌਜੂਦ ਸੀ। ਉਸ ਵਕਤ ਮੇਰੇ ਪਿਤਾ ਸਵਰਗੀ ਸ਼੍ਰੀ ਮਨਮੋਹਨ ਕਾਲੀਆ ਜੀ, ਲੋਕਲ ਗੌਰਮਿੰਟ ਮਨਿਸਟਰ ਸੀ। ਉਹ ਬਾਦਲ ਸਾਹਿਬ ਦੀ ਸਰਕਾਰ ਵਿਚ ਸਨ। ਇਹ ਨੀਂਹ ਪੱਥਰ ਉਸ ਵਕਤ ਰੱਖਿਆ ਗਿਆ ਔਰ ਜਦੋਂ ਕਾਂਗਰਸ ਸਰਕਾਰ ਆਈ ਤਾਂ ਗਿਆਨੀ ਜ਼ੈਲ ਸਿੰਘ ਜੀ ਨੇ ਉਦੋਂ ਉਸ ਦਾ ਉਦਘਾਟਨ ਕੀਤਾ ਸੀ। ਸੋ, ਜਿਹੜੇ ਇਹ ਮਗਰਮੱਛ ਦੇ ਹੰਝੂ ਵਹਾਉਂਦੇ ਹਨ, ਇਹ ਜਿਹੜੀਆਂ ਯਾਦਗਾਰਾਂ ਹਨ, ਇਹ ਕਾਂਗਰਸ ਸਰਕਾਰ ਨੇ ਨਹੀਂ ਬਣਾਈਆਂ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਯਾਦਗਾਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਬਣਾਈ।

ਮਾਨਯੋਗ ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿਚ ਇਹ ਗੱਲ ਕਹੀ ਗਈ ਹੈ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਯਾਦਗਾਰ ਔਰ ਗਦਰ ਮੂਵਮੈਂਟ ਦੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦੇਣ ਦੇ ਲਈ ਦੁਆਬੇ ਦੇ ਵਿਚ ਇੱਕ ਵੱਡੀ ਯਾਦਗਾਰ ਬਣਾ ਰਹੇ ਹਾਂ। ਸੋ, ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੁਆਬੇ ਵਿਚ ਇੱਕ ਹੋਰ ਯਾਦਗਾਰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਬਣਾ ਰਹੀ ਹੈ ਜੋ ਕਿ ਬਹੁਤ ਵੱਡਾ ਮੀਲ-ਪੱਥਰ ਹੈ। (ਥੰਪਿੰਗ)

ਮਾਨਯੋਗ ਸਪੀਕਰ ਸਾਹਿਬ, ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਐਨ.ਸੀ.ਟੀ.ਸੀ. ਦਾ ਜ਼ਿਕਰ ਕੀਤਾ ਹੈ। ਯੂ.ਪੀ.ਏ. ਸਰਕਾਰ ਜਿਹੜਾ ਨੈਸ਼ਨਲ ਕਾਊਂਟਰ ਟੈਰੋਰਿਜ਼ਮ ਐਕਟ ਲੈ ਕੇ ਆ ਰਹੀ ਹੈ ਅਸੀਂ ਇਸ ਦਾ ਵਿਰੋਧ ਕਰਦੇ ਹਾਂ। ਸਪੀਕਰ ਸਾਹਿਬ, ਜਿਹੜਾ ਇਹ ਐਨ.ਸੀ.ਟੀ.ਸੀ. ਹੈ, ਇਹ ਅਸੀਂ ਯੂ.ਐਸ.ਏ. ਤੋਂ ਕਾਪੀ ਕੀਤਾ ਹੈ। ਉਹ ਕਾਪੀ ਤਾਂ ਕੀਤਾ ਹੈ ਪਰ ਉਹ ਕਿਸ ਤਰੀਕੇ ਦੀ ਭਾਵਨਾ ਦੇ ਨਾਲ ਬਣਾਇਆ ਗਿਆ ਹੈ, ਉਹ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਅਮਰੀਕਾ ਦੇ ਵਿਚ ਯੂ.ਐਸ ਪੈਟਰੀਆਟਿਕ ਐਕਟ ਹੈ ਔਰ ਸਟੇਟ ਪੁਲਿਸ ਨੂੰ, ਐਫ.ਬੀ.ਆਈ. ਨੂੰ, ਮੈਟਰੋਪੋਲੀਟਨ ਪੁਲਿਸ ਨੂੰ ਉਸ ਐਕਟ ਦੇ ਅਧੀਨ ਆਤੰਕਵਾਦ ਨਾਲ ਲੜਨ ਦੀਆਂ ਪਾਵਰਜ਼ ਦਿੱਤੀਆਂ ਗਈਆਂ ਹਨ, empower ਕੀਤਾ ਹੈ ਕਿ ਤੁਸੀਂ ਆਤੰਕਵਾਦ ਨੂੰ ਇਸ ਐਕਟ ਦੀ ਸਪੈਸ਼ਲ ਪਾਵਰਜ਼ ਦੇ ਅਧੀਨ ਡੀਲ ਕਰ ਸਕਦੇ ਹੋ। ਉਸੇ ਤਰਜ਼ ਤੇ ਤਾਲਮੇਲ ਬਿਠਾਉਣ ਲਈ ਇਹ ਐਨ.ਸੀ.ਟੀ.ਸੀ. ਐਕਟ ਲੈ ਕੇ ਆਏ

[ਸ਼੍ਰੀ ਮਨੋਰੰਜਨ ਕਾਲੀਆ]

ਹਨ। ਯੂ.ਪੀ.ਏ ਸਰਕਾਰ ਨੇ ਕੀ ਕੀਤਾ ਹੈ, ਵਾਜਪਾਈ ਸਰਕਾਰ ਨੇ ਯੂ.ਐਸ. ਪੈਟਰੀਆਟਿਕ ਐਕਟ ਦੀ ਤਰਜ ਤੇ ਪੋਟਾ ਬਣਾਇਆ ਸੀ। ਉਸ ਨੂੰ ਯੂ.ਪੀ.ਏ. ਸਰਕਾਰ ਨੇ ਆਉਂਦੇ ਹੀ ਰਿਪੀਲ ਕਰ ਦਿੱਤਾ। ਉਹ ਰਿਪੀਲ ਹੋ ਗਿਆ। ਉਹ ਤਾਂ ਅਮਰੀਕਾ ਦੇ ਵਿਚ ਸਿਰਫ ਇੱਕ ਸੈਂਟਰ ਹੈ। ਇਹ ਆਤੰਕਵਾਦ ਨਾਲ ਡੀਲ ਕਰਨ ਲਈ ਸਿਰਫ ਸਿਰ ਜੋੜ ਕੇ, ਬੈਠ ਕੇ ਡਿਸਕਸ ਕਰਦੇ ਹਨ ਕਿ ਆਤੰਕਵਾਦ ਨਾਲ ਡੀਲ ਕਿਵੇਂ ਕਰਨਾ ਹੈ, ਇਸ ਲਈ ਸੈਂਟਰ ਬਣਾ ਦਿੱਤਾ। ਲੇਕਿਨ ਇਨ੍ਹਾਂ ਨੇ ਪੋਟਾ ਤਾਂ ਰਿਪੀਲ ਕਰ ਦਿੱਤਾ। ਐਨ.ਸੀ.ਟੀ.ਸੀ. ਐਕਟ ਲੈ ਕੇ ਆ ਗਏ। ਉਸ ਬਾਰੇ ਪ੍ਰਦੇਸ਼ਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਔਰ ਜਦੋਂ ਕੋਈ ਆਤੰਕਵਾਦੀ ਘਟਨਾ ਹੁੰਦੀ ਹੈ ਤਾਂ ਹੋਮ ਮਨਿਸਟਰ ਦਾ ਬਿਆਨ ਹੁੰਦਾ ਹੈ ਕਿ ਇਹ ਤਾਂ ਸਟੇਟ ਸਬਜੈਕਟ ਹੈ। ਲੇਕਿਨ ਹੁਣ ਕੀ ਪੁੱਛਣਾ ਜ਼ਰੂਰੀ ਨਹੀਂ ਸੀ? ਇਸ ਵਿੱਚ ਜਿਹੜੀ ਆਈ.ਬੀ. ਹੈ ਉਸ ਨੂੰ ਅਰੈਸਟ ਕਰਨ ਦੀਆਂ ਪਾਵਰਜ਼ ਹਨ। ਇਨਵੈਸਟੀਗੇਟਿਵ ਏਜੰਸੀਜ਼ ਨੂੰ ਦੁਨੀਆ ਵਿੱਚ ਕਿਤੇ ਵੀ ਅਰੈਸਟ ਕਰਨ ਦੀਆਂ ਪਾਵਰਜ਼ ਨਹੀਂ ਹੁੰਦੀਆਂ, ਸਿਰਫ ਦੋ ਉਦਾਹਰਣਾਂ ਨੂੰ ਛੱਡ ਕੇ, ਇੱਕ ਕੇ.ਜੀ.ਬੀ. ਔਰ ਇੱਕ ਈਸਟ ਜਰਮਨੀ ਵਿੱਚ ਸਟਾਸੀ ਹੈ, ਸਿਰਫ ਉਨ੍ਹਾਂ ਨੂੰ ਪਾਵਰਜ਼ ਦਿੱਤੀਆਂ ਹਨ ਔਰ ਇਨ੍ਹਾਂ ਨਾਲ ਪਾਵਰਜ਼ ਨੂੰ ਦੁਰਵਰਤੋਂ ਕਰਨ ਦਾ ਪੂਰਾ-ਪੂਰਾ ਖਦਸ਼ਾ ਰਹਿੰਦਾ ਹੈ। ਜਦੋਂ ਪ੍ਰਦੇਸ਼ਾਂ ਨੇ, ਬਾਕੀ ਪ੍ਰਦੇਸ਼ਾਂ ਦੇ ਮੁੱਖ ਮੰਤਰੀਆਂ ਨੇ ਰੌਲਾ ਪਾਇਆ ਫਿਰ ਸਪੀਕਰ ਸਾਹਿਬ, ਸਾਡੇ ਪ੍ਰਧਾਨ ਮੰਤਰੀ ਜੀ ਜਾਗੇ, ਕਹਿੰਦੇ ਹੁਣ ਮੈਂ ਸਲਾਹ ਲਵਾਂਗਾ। Is he always wise after the protest? ਪਹਿਲਾਂ ਕਿਉਂ ਨਹੀਂ ਇਹ ਕਰ ਦਿੱਤਾ? ਸੋ, ਰਾਜਪਾਲ ਜੀ ਨੇ ਬਿਲਕੁਲ ਠੀਕ ਫੁਰਮਾਇਆ ਹੈ ਕਿ ਜਿਹੜਾ ਇਹ ਐਨ.ਸੀ.ਟੀ.ਸੀ ਐਕਟ ਹੈ ਇਸ ਦਾ ਅਸੀਂ ਵਿਰੋਧ ਕਰਦੇ ਹਾਂ, ਇਸ ਫੈਡਰਲ ਢਾਂਚੇ ਦੇ ਬੇਸਿਕ ਸਟਰੱਕਚਰ ਦੇ ਖਿਲਾਫ ਹੈ। ਮਾਨਯੋਗ ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿੱਚ, ਜਿਹੜੀ ਗੱਲ ਮੈਂ ਕਹੀ ਹੈ ਕਿ ਰਾਜਪਾਲ ਸਾਹਿਬ ਦੇ ਭਾਸ਼ਣ ਦੇ ਵਿੱਚ, ਉਨ੍ਹਾਂ ਨੇ ਪੰਜ ਸਾਲ ਦੇ ਵਿੱਚ ਭਵਿੱਖ ਨੂੰ ਦੇਖਣ ਦਾ ਉਪਰਾਲਾ ਕੀਤਾ ਹੈ ਕਿ ਕਿਸ ਤਰ੍ਹਾਂ ਪੰਜ ਸਾਲ ਇਹ ਸਰਕਾਰ ਕੰਮ ਕਰੇਗੀ ਕਿਉਂਕਿ ਖੇਤੀ ਜਿਹੜੀ ਹੈ ਉਹ ਸੈਚੂਰੇਸ਼ਨ ਪੁਆਇੰਟ ਤੇ ਆ ਗਈ ਹੈ, ਇਸੇ ਲਈ ਕਿਸਾਨੀ ਦੀ ਬਾਂਹ ਫੜ੍ਹੀ ਹੈ। ਇਸ ਲਈ ਅਸੀਂ ਫੂਡ ਪ੍ਰੋਸੈਸਿੰਗ ਇੱਕ ਡਿਪਾਰਟਮੈਂਟ ਬਣਾਇਆ ਹੈ ਜਿਸ ਨਾਲ ਕਿਸਾਨੀ ਖੇਤਰ ਨੂੰ ਇੱਕ ਫੋਕਸਡ ਅਟੈਂਸ਼ਨ ਦਿੱਤੀ ਜਾਵੇਗੀ ਔਰ ਅਸੀਂ ਫੂਡ ਪ੍ਰੋਸੈਸਿੰਗ ਨਾਲ ਕਿਸਾਨੀ ਖੇਤਰ ਨੂੰ ਲਾਹੇਵੰਦ ਬਣਾਵਾਂਗੇ। ਇਸੇ ਤਰ੍ਹਾਂ, ਜੇਕਰ ਕਿਸੇ ਵੀ ਪ੍ਰਦੇਸ਼ ਵਿੱਚ ਬਾਹਰੋਂ ਇਨਵੈਸਟਮੈਂਟ ਨਹੀਂ ਆਵੇਗੀ, ਇੰਡਸਟ੍ਰਲਾਈਜੇਸ਼ਨ ਨਹੀਂ ਹੋਵੇਗੀ ਤਾਂ ਉਹ ਪ੍ਰਦੇਸ਼ ਤਰੱਕੀ ਨਹੀਂ ਕਰ ਸਕਦਾ। ਇਨਵੈਸਟਮੈਂਟ ਦੀ ਫੋਕਸਡ ਅਟੈਸ਼ਨ ਅਤੇ ਪ੍ਰਮੋਸ਼ਨ ਸਬੰਧੀ ਇੱਕ ਸੈਪਰੇਟ ਡਿਪਾਰਟਮੈਂਟ, ਜਿਹੜੇ ਉਦਯੋਗਪਤੀ ਹਨ ਉਨ੍ਹਾਂ ਨੂੰ ਪ੍ਰੇਰਿਤ ਕਰਕੇ ਬਣਾਇਆ ਜਾਵੇਗਾ ਕਿ ਆਉ, ਪੰਜਾਬ ਬਦਲ ਰਿਹਾ ਹੈ, ਪੰਜਾਬ ਦੀ ਤਸਵੀਰ ਬਦਲ ਰਹੀ ਹੈ, ਤੁਸੀਂ ਵੀ ਆਪਣਾ ਯੋਗਦਾਨ ਪਾਉ, ਤੁਸੀਂ ਇੱਥੇ ਆਪਣਾ ਉਦਯੋਗ ਲਗਾਉ, ਇਥੇ ਇਨਵੈਸਟਮੈਂਟ ਕਰੋ। ਇਹ ਰਾਜਪਾਲ ਜੀ ਦੇ ਭਾਸ਼ਣ ਦੇ ਵਿੱਚ ਭਵਿੱਖ ਦਾ ਝਰੋਖਾ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ

ਫੂਡ ਪ੍ਰਾਸੈਸਿੰਗ ਨੂੰ ਫੋਕਸਡ ਅਟੈਂਸ਼ਨ ਦੇਣੀ ਹੈ ਔਰ ਇਨਵੈਸਟਮੈਂਟ ਨੂੰ ਬੜ੍ਹਾਵਾ ਦੇਣਾ ਹੈ।

ਸਾਡੇ ਪੜ੍ਹੇ ਲਿਖੇ ਨੌਜਵਾਨ ਸਾਥੀਆਂ ਲਈ 10 ਲੱਖ ਨੌਕਰੀਆਂ ਆਉਣ ਵਾਲੇ 5 ਸਾਲਾਂ ਵਿੱਚ ਦਿੱਤੀਆਂ ਜਾਣਗੀਆਂ। ਇਸ ਗੱਲ ਦਾ ਵੀ ਉਨ੍ਹਾਂ ਨੇ ਦੱਸਿਆ ਹੈ ਕਿ 10 ਸਾਲਾਂ ਵਿੱਚ ਇਕ ਨਵੀਂ ਰੂਹ ਪੈਦਾ ਹੋਵੇਗੀ ਜਿਸ ਨਾਲ ਅਸੀਂ 10 ਲੱਖ ਨੌਕਰੀਆਂ ਦੇ ਕੇ ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕਰਨਾ ਹੈ। ਮਾਨਯੋਗ ਸਪੀਕਰ ਸਾਹਿਬ, ਜਿਸ ਢੰਗ ਦੇ ਨਾਲ ਪਿਛਲੇ 5 ਸਾਲਾਂ ਵਿੱਚ ਲਗਭਗ 1 ਲੱਖ ਨੌਕਰੀਆਂ, ਜਿਸ ਦੇ ਵਿਚ ਬਿਲਕੁਲ ਪਾਰਦਰਸ਼ਤਾ ਸੀ, ਬੱਚਿਆਂ ਨੂੰ ਦਿੱਤੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿਚ 10 ਲੱਖ ਨੌਕਰੀਆਂ ਬੱਚਿਆਂ ਨੂੰ ਹੋਰ ਦਿੱਤੀਆਂ ਜਾਣਗੀਆਂ।

ਸਪੀਕਰ ਸਾਹਿਬ, ਕੋਈ ਵੀ ਪ੍ਰਦੇਸ਼ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਬਿਜਲੀ ਦੇ ਖੇਤਰ ਵਿੱਚ ਨਿਰੰਤਰ ਵਾਧਾ ਨਾ ਹੋਵੇ। ਲੇਕਿਨ ਦੁੱਖ ਦੀ ਗੱਲ ਹੈ ਕਿ ਮੇਰੇ ਕਾਂਗਰਸੀ ਭਰਾ ਜਦੋਂ ਇਹ ਸੱਤਾ ਵਿਚ ਸਨ ਤਾਂ ਇਨ੍ਹਾਂ ਨੇ ਆਪਣੇ ਸਮੇਂ ਵਿੱਚ ਕੋਈ ਵੀ ਥਰਮਲ ਪਲਾਂਟ ਨਹੀਂ ਲਿਆਂਦਾ। ਇਨ੍ਹਾਂ ਨੇ ਬਿਜਲੀ ਦੇ ਖੇਤਰ ਵਿਚ ਕੋਈ ਵੀ ਵਾਧਾ ਨਹੀਂ ਕੀਤਾ। ਜੇ ਕੀਤਾ ਹੁੰਦਾ ਤਾਂ ਅੱਜ ਇਹ ਸਥਿਤੀ ਨਾ ਹੁੰਦੀ ਲੇਕਿਨ ਜਿਹੜੇ ਅੱਜ ਪਿਛਲੇ ਕਾਰਜਕਾਲ ਦੇ ਵਿਚ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਥਰਮਲ ਪਾਵਰ ਪਲਾਂਟ ਲਗਾਏ ਹਨ, ਉਹ ਜਦੋਂ 2013-14 ਵਿਚ ਚੱਲਣਗੇ ਤਾਂ ਪੰਜਾਬ ਵਿਚ ਪਾਵਰ ਸਰਪਲੱਸ ਹੋ ਜਾਵੇਗੀ ਔਰ ਪੰਜਾਬ ਦੂਸਰੀਆਂ ਸਟੇਟਾਂ ਨੂੰ ਬਿਜਲੀ ਦੇਵੇਗਾ। ਸਰਕਾਰ ਵੱਲੋਂ ਇਸ ਗੱਲ ਦਾ ਪੂਰਾ ਉਪਰਾਲਾ ਕੀਤਾ ਗਿਆ ਹੈ ਅਤੇ ਕੀਤਾ ਜਾ ਰਿਹਾ ਹੈ। (ਥੰਪਿੰਗ) ਇਸ ਗੱਲ ਨੂੰ ਗਵਰਨਰ ਸਾਹਿਬ ਦੇ ਐਡਰੈਸ ਵਿਚ ਸਰਾਹਿਆ ਗਿਆ ਹੈ। ਅਸੀਂ ਟੀਚਾ ਦਿੱਤਾ ਹੈ।

ਮਾਨਯੋਗ ਸਪੀਕਰ ਸਾਹਿਬ, ਇਹ ਜਿਹੜਾ ਮੈਨਡੇਟ ਮਿਲਿਆ ਹੈ ਉਸ ਦੇ ਪਿੱਛੇ ਇੱਕ ਇਹ ਵੀ ਕਾਰਨ ਹੈ ਕਿ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਨੂੰ ਸਰਾਹਿਆ ਹੈ ਅਤੇ ਕਿਹਾ ਹੈ ਕਿ ਜੇਕਰ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਆ ਗਈ ਤਾਂ ਇਹ ਸਾਰੀਆਂ ਅੱਛੀਆਂ ਨੀਤੀਆਂ ਬੰਦ ਹੋ ਜਾਣਗੀਆਂ। ਇਸ ਲਈ ਉਨ੍ਹਾਂ ਨੇ ਕਿਹਾ ਕਿ it is a mandate for the continuity of the policies and programmes of the Government. ਇਹ ਜਿਹੜੇ ਅਸੀਂ ਪ੍ਰੋਗਰਾਮ ਉਲੀਕੇ ਹਨ ਉਨ੍ਹਾਂ ਨੂੰ ਚਲਾਇਆ ਜਾਵੇ, ਚਾਹੇ ਆਟਾ ਦਾਲ ਸਕੀਮ ਹੈ, ਚਾਹੇ ਪੈਨਸ਼ਨ ਸਕੀਮ ਹੈ, ਚਾਹੇ ਸ਼ਗਨ ਸਕੀਮ ਹੈ, ਚਾਹੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦੀ ਸਕੀਮ ਹੈ। ਮੈਂ ਇਹ ਗੱਲ ਵੀ ਕਹਿਣਾ ਚਾਹਾਂਗਾ ਕਿ ਕਾਂਗਰਸੀ ਭਰਾਵਾਂ ਨੇ ਵੀ ਇਹ ਗੱਲ ਲੋਕਾਂ ਨੂੰ ਚੋਣ ਪ੍ਰਚਾਰ ਸਮੇਂ ਕਹੀ ਕਿ ਅਸੀਂ ਵੀ ਇਹ ਸਾਰੀਆਂ ਸਕੀਮਾਂ, ਸਹੂਲਤਾਂ ਨੂੰ ਲਾਗੂ ਰੱਖਾਂਗੇ, ਅਸੀਂ ਵੀ ਸ਼ਗਨ ਸਕੀਮ ਦੇਵਾਂਗੇ, ਅਸੀਂ ਵੀ ਮੁਫਤ ਬਿਜਲੀ ਦੇਵਾਂਗੇ ਲੇਕਿਨ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਤੇ ਕੋਈ ਭਰੋਸਾ ਨਹੀਂ ਕੀਤਾ। ਮਾਨਯੋਗ ਸਪੀਕਰ ਸਾਹਿਬ, ਲੋਕਾਂ ਨੇ ਇਨ੍ਹਾਂ ਤੇ ਭਰੋਸਾ ਕਿਉਂ ਨਹੀਂ ਕੀਤਾ? ਉਹ ਇਸ ਲਈ ਨਹੀਂ ਕੀਤਾ ਕਿਉਂਕਿ ਇਹ ਗੱਲਾਂ ਇਨ੍ਹਾਂ ਨੇ 2002 ਵਿੱਚ

[ਸ੍ਰੀ ਮਨੋਰੰਜਨ ਕਾਲੀਆ]

ਵੀ ਚੋਣਾਂ ਸਮੇਂ ਲੋਕਾਂ ਨੂੰ ਕਹੀਆਂ ਸਨ ਲੇਕਿਨ ਫਿਰ ਇਹ ਜਦੋਂ ਆ ਗਏ ਤਾਂ ਇਨ੍ਹਾਂ ਨੇ ਬਿਜਲੀ ਵੀ ਰੋਕ ਦਿੱਤੀ, ਚੁੰਗੀ ਵੀ ਲਗਾ ਦਿੱਤੀ, ਸ਼ਗਨ ਸਕੀਮ ਵੀ ਬੰਦ ਕਰ ਦਿੱਤੀ। ਇਸ ਲਈ ਕਾਂਗਰਸ ਲਈ ਇਹ crisis of credibility ਹੈ, ਲੋਕਾਂ ਨੂੰ ਕਾਂਗਰਸ ਦੇ ਉਤੇ ਬਿਲਕੁਲ ਵੀ ਵਿਸ਼ਵਾਸ ਨਹੀਂ ਹੈ। ਹੁਣ ਪੰਜਾਬ ਦੇ ਲੋਕ ਇਨ੍ਹਾਂ ਤੇ ਬਿਲਕੁਲ ਵਿਸ਼ਵਾਸ ਨਹੀਂ ਕਰਦੇ। ਪੰਜਾਬ ਦੇ ਲੋਕ ਅੱਜ ਕਹਿੰਦੇ ਹਨ ਕਿ ਕਾਠ ਦੀ ਹਾਂਡੀ 2002 ਵਿੱਚ ਇੱਕ ਵਾਰ ਚੜ੍ਹ ਗਈ। ਸਪੀਕਰ ਸਾਹਿਬ, ਇਹ ਵਾਰ-ਵਾਰ ਨਹੀਂ ਚੜ੍ਹਨੀ। ਜਿਸ ਤਰ੍ਹਾਂ ਮੈਂ ਕਿਹਾ ਕਿ ਇਹ ਜਿਹੜੇ ਪ੍ਰੋਗਰਾਮ ਅਸੀਂ ਬਣਾਏ, ਉਨ੍ਹਾਂ ਪ੍ਰੋਗਰਾਮਾਂ ਦਾ ਮਾਨਯੋਗ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਹੈ। ਜਿਵੇਂ ਐਨਰਜੀ ਸੇਵਿੰਗ ਦਾ ਪ੍ਰਾਜੈਕਟ ਜਿਹੜਾ ਉਲੀਕਿਆ ਗਿਆ ਹੈ, ਇਹ ਲੋਕਲ ਗੌਰਮਿੰਟ ਵਿਭਾਗ ਵਿੱਚ ਖਾਸ ਤੌਰ ਤੇ ਉਲੀਕਿਆ ਗਿਆ ਹੈ। ਐਨਰਜੀ ਸੇਵਿੰਗ ਵੱਖ-ਵੱਖ ਪ੍ਰਦੇਸ਼ਾਂ ਵਿੱਚ, ਕਿਤੇ ਮਿਉਂਸਿਪੈਲਿਟੀ ਵਿੱਚ, ਕਿਤੇ ਕਾਰਪੋਰੇਸ਼ਨ ਵਿੱਚ ਸੀ, ਲੇਕਿਨ ਇਕ ਪੂਰੇ ਪ੍ਰਦੇਸ਼ ਵਿੱਚ ਇੱਕ ਉਪਰਾਲਾ ਕੀਤਾ ਗਿਆ ਹੈ ਜਿਸ ਨਾਲ ਬੈਟਰ ਕੰਪੀਟੀਸ਼ਨ ਹੋਵੇਗਾ, ਬੈਟਰ ਰੇਟਸ ਮਿਲਣਗੇ। ਉਹ ਸਾਰਾ ਪ੍ਰੋਗਰਾਮ ਉਲੀਕਿਆ ਗਿਆ। ਇਸੇ ਤਰ੍ਹਾਂ ਸੋਲਿਡ ਵੇਸਟ ਮੈਨੇਜਮੈਂਟ - ਇਹ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ ਜਿਸ ਨੇ ਸੋਲਿਡ ਵੇਸਟ ਮੈਨੇਜਮੈਂਟ ਔਰ ਐਨਰਜੀ ਸੇਵਿੰਗ ਪ੍ਰੋਗਰਾਮ ਉਲੀਕਿਆ ਹੈ। ਜਿਹੜਾ ਸਾਡੀ ਸਰਕਾਰ ਦਾ ਪਿਛਲਾ ਕਾਰਜਕਾਲ ਸੀ ਉਸ ਵਿੱਚ ਅਸੀਂ ਪ੍ਰੋਗਰਾਮ ਉਲੀਕਿਆ ਅਤੇ ਹੁਣ ਮਾਣਯੋਗ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜ਼ਿਕਰ ਹੈ ਕਿ ਇਹ ਜਿਹੜਾ ਪ੍ਰੋਗਰਾਮ ਉਲੀਕਿਆ ਹੈ ਇਹ ਲਾਗੂ ਰਹੇਗਾ, ਇਸ ਨੂੰ ਇੰਪਲੀਮੈਂਟ ਕੀਤਾ ਜਾਵੇਗਾ, ਜਿਸ ਨਾਲ ਐਨਰਜੀ ਸੇਵਿੰਗ ਵੀ ਹੋਵੇਗੀ ਅਤੇ ਰੈਵੀਨਿਊ ਵੀ ਬਚੇਗਾ। ਇਸ ਦੇ ਨਾਲ ਰਾਜਪਾਲ ਜੀ ਨੇ ਪੰਜਾਬ ਵਿੱਚ ਸ਼ਹਿਰਾਂ ਦੇ ਵਿੱਚ ਸੋਲਿਡ ਵੇਸਟ ਕਾਰਨ ਸਫਾਈ ਦਾ ਪ੍ਰਬੰਧ ਵੀ ਪੂਰੀ ਤਰ੍ਹਾਂ ਲਾਗੂ ਕਰਨ ਦਾ ਵਿਸ਼ਵਾਸ ਦਿਵਾਇਆ ਹੈ। ਇਸੇ ਤਰ੍ਹਾਂ ਹੀ, ਮਾਨਯੋਗ ਸਪੀਕਰ ਸਾਹਿਬ, ਪਿਛਲੇ ਸਮੇਂ ਸਾਡੀ ਸਰਕਾਰ ਰਾਈਟ ਟੂ ਸਰਵਿਸ ਐਕਟ ਲੈ ਕੇ ਆਈ। ਸਰਕਾਰ ਨੇ ਇਸ ਬਾਰੇ ਸੋਚਿਆ ਕਿ ਸਰਕਾਰ ਨੇ ਜਿਹੜੀ ਲੋਕਾਂ ਨੂੰ ਸਰਵਿਸ ਦੇਣੀ ਹੈ, ਉਹ ਸਮਾਂਬੱਧ ਦੇਈਏ, ਪੰਜਾਬ ਦੇ ਲੋਕਾਂ ਨੂੰ ਡਿਪਾਰਟਮੈਂਟਾਂ ਦੇ ਵਿੱਚ ਧੱਕੇ ਨਾ ਖਾਣੇ ਪੈਣ। ਇਸ ਲਈ ਸਰਕਾਰ ਲੋਕਾਂ ਵਾਸਤੇ ਰਾਈਟ ਟੂ ਸਰਵਿਸ ਐਕਟ ਲੈ ਕੇ ਆਈ ਅਤੇ ਇਸ ਵਾਰ ਇਸ ਨੂੰ ਲਾਗੂ ਕਰਨ ਦਾ ਮਾਨਯੋਗ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਵੈਸੇ ਇੱਕ ਗੱਲ ਮੈਂ ਆਪਣੇ ਸੂਝਵਾਨ ਮਿੱਤਰ, ਲੀਡਰ ਆਫ ਦਿ ਆਪੋਜ਼ੀਸ਼ਨ, ਸ੍ਰੀ ਸੁਨੀਲ ਜਾਖੜ ਜੀ ਨੂੰ ਕਹਿੰਦਾ ਹਾਂ ਕਿ ਜਦੋਂ ਉਹ ਲੀਡਰ ਆਫ ਦਿ ਆਪੋਜ਼ੀਸ਼ਨ ਚੁਣੇ ਗਏ ਹਨ, ਪਹਿਲਾਂ ਆਮ ਤੌਰ ਤੇ ਰਾਜਪਾਲ ਦੇ ਭਾਸ਼ਣ ਨੂੰ ਇੰਟਰੱਪਟ ਕੀਤਾ ਜਾਂਦਾ ਸੀ ਲੇਕਿਨ ਇਸ ਵਾਰ ਪਹਿਲੀ ਵਾਰ ਹੋਇਆ ਹੈ ਕਿ ਉਨ੍ਹਾਂ ਦੇ ਲੀਡਰ ਬਣਨ ਤੇ ਰਾਜਪਾਲ ਜੀ ਦਾ ਭਾਸ਼ਣ ਆਪੋਜ਼ੀਸ਼ਨ ਬੈਂਚਾਂ ਨੇ ਵੀ ਬੜੇ ਅਰਾਮ ਨਾਲ ਸੁਣਿਆ ਹੈ। ਅੱਜ ਜਿਸ ਤਰ੍ਹਾਂ ਹੋ ਚੱਲਿਆ ਸੀ, ਮੈਂ ਸਮਝਿਆ ਕਿ ਫਿਰ ਉਹੀ ਢਾਕ ਕੇ ਤੀਨ ਪਾਤ ਹੋ ਗਏ ਹਨ। ਲੇਕਿਨ ਕਾਂਗਰਸ ਨੇ ਅਤੇ ਮੇਰੇ ਵੀਰ ਸ੍ਰੀ ਸੁਨੀਲ ਜਾਖੜ ਨੇ

ਪਹਿਲਾਂ ਹੀ ਤਹਿ ਕਰ ਲਿਆ ਸੀ ਕਿ ਅਸੀਂ ਆਪੋਜ਼ੀਸ਼ਨ ਵਿਚ ਹੀ ਬੈਠਣਾ ਹੈ। ਕਹਿੰਦੇ ਹਨ ਕਿ ਮਾਂ ਸਰਸਵਤੀ ਕਿਸੇ ਬੰਦੇ ਦੀ ਜ਼ਬਾਨ ਤੇ 24 ਘੰਟਿਆਂ ਵਿਚ ਇੱਕ ਵਾਰ ਬੈਠਦੀ ਹੈ। ਜਦੋਂ ਉਹ ਬੈਠਦੀ ਹੈ ਤਾਂ ਉਸ ਵਕਤ ਉਹ ਵਿਅਕਤੀ ਜਿਹੜੀ ਗੱਲ ਬੋਲਦਾ ਹੈ, ਉਹ ਸੱਚ ਹੋ ਜਾਂਦੀ ਹੈ। ਸਪੀਕਰ ਸਾਹਿਬ, 29 ਨਵੰਬਰ, 2011 ਨੂੰ ਅਬੋਹਰ ਵਿਚ ਇੱਕ ਰੈਲੀ ਵਿਚ ਮੇਰੇ ਸੂਝਵਾਨ ਵੀਰ ਨੇ ਬੋਲਦਿਆਂ ਹੋਇਆਂ ਕਿਹਾ ਸੀ ਕਿ ਦੂਰ-ਦੂਰ ਗਾਵੋਂ ਮੈਂ ਜਬ ਕੋਈ ਅਕਾਲੀਓਂ ਕਾ ਬੱਚਾ ਰੋਤਾ ਹੈ ਤਾਂ ਉਸ ਕੇ ਮਾਂ-ਬਾਪ ਕਹਤੇ ਹੈਂ ਕਿ ਬੱਚਾ ਚੁੱਪ ਹੋ ਜਾ ਨਹੀਂ ਤੋ ਕੈਪਟਨ ਆ ਜਾਏਗਾ। ਕੈਪਟਨ ਨੂੰ ਇਨ੍ਹਾਂ ਨੇ ਗੱਬਰ ਨਾਲ ਤੁਲਨਾ ਦਿੱਤੀ। ਇਨ੍ਹਾਂ ਨੇ ਆਪਣੇ ਲੀਡਰ ਦੀ ਗੱਬਰ ਨਾਲ ਤੁਲਨਾ ਕੀਤੀ ਤੇ ਵਿਲੇਨ ਨਾਲ ਕੰਪੇਅਰ ਕੀਤਾ। ਇਸ ਲਈ ਇਨ੍ਹਾਂ ਨੇ ਪਹਿਲਾਂ ਹੀ ਸੋਚ ਲਿਆ ਸੀ ਕਿ ਅਸੀਂ ਵਿਪਕਸ਼ ਵਿਚ ਬੈਠਣਾ ਹੈ। ਮੈਂ ਆਪਣੇ ਕੋਲੋਂ ਕੁਝ ਨਹੀਂ ਕਹਿ ਰਿਹਾ।

ਸਰਦਾਰ ਅਜਾਇਬ ਸਿੰਘ ਭੱਟੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ** **

ਮਾਨਯੋਗ ਸਪੀਕਰ : ਕਿਰਪਾ ਕਰਕੇ ਪਹਿਲਾਂ ਸਾਰੇ ਮੇਰੀ ਗੱਲ ਸੁਣ ਲਵੋ। ਜਿਹੜੇ ਹਾਊਸ ਦੇ ਮੈਂਬਰ ਹਨ, ਆਪਣੀ ਗੱਲ ਨੂੰ ਹਾਊਸ ਵਿਚ ਕਹਿ ਸਕਦੇ ਹਨ, ਜੇਕਰ ਅੱਜ ਉਹ ਗੈਰਹਾਜ਼ਰ ਹਨ ਤਾਂ ਉਨ੍ਹਾਂ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਇਹ ਠੀਕ ਨਹੀਂ ਹੈ। ਜੇਕਰ ਕੋਈ ਬਾਹਰ ਦਾ ਵਿਅਕਤੀ ਹੋਵੇ, ਜੋ ਇਸ ਹਾਊਸ ਵਿਚ ਆ ਕੇ ਆਪਣੇ ਆਪ ਨੂੰ ਡਿਫੈਂਡ ਨਾ ਕਰ ਸਕਦਾ ਹੋਵੇ, ਆਪਣੀ ਗੱਲ ਨਾ ਕਹਿ ਸਕਦਾ ਹੋਵੇ, ਉਸ ਬਾਰੇ ਤੁਹਾਡੀ ਗੱਲ ਜਾਇਜ਼ ਹੈ। ਪਰ ਕੈਪਟਨ ਸਾਹਿਬ ਇਥੇ ਹਾਊਸ ਵਿਚ ਆ ਕੇ ਆਪਣੀ ਗੱਲ ਕਹਿ ਸਕਦੇ ਹਨ, ਪੇਸ਼ ਕਰ ਸਕਦੇ ਹਨ। ਇਸ ਕਰਕੇ ਇਹ ਨੋ ਪੁਆਇੰਟ ਆਫ ਆਰਡਰ ਹੈ। ਹਾਂ ਜੀ ਕਾਲੀਆ ਜੀ, ਜਾਰੀ ਰੱਖੋ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਲੀਡਰ ਨੂੰ ਗੱਬਰ ਕਿਹਾ ਅਤੇ ਫਿਰ ਵੀਰੂ ਤੇ ਜੈ ਕੌਣ ਬਣੇ, ਉਹ ਅਕਾਲੀ ਅਤੇ ਭਾਜਪਾ ਬਣੇ। ਮੇਰੇ ਵੀਰ ਸ਼੍ਰੀ ਸੁਨੀਲ ਜਾਖੜ ਨੇ ਸ਼ਾਇਦ ਪੂਰੀ ਫਿਲਮ ਨਹੀਂ ਵੇਖੀ, ਉਹ ਅੱਧ ਵਿਚੋਂ ਹੀ ਉਠ ਕੇ ਆ ਗਏ। ਅਖੀਰ ਵਿਚ ਸੰਜੀਵ ਕੁਮਾਰ ਬੋਲਦਾ ਹੈ, ਯੇ ਹਾਥ ਮੁਝ ਕੋ ਦੇ ਦੋ ਗੱਬਰ, ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਕਿਹਾ ਅਤੇ ਲੋਕਾਂ ਨੇ ਇਨ੍ਹਾਂ ਨੂੰ ਤੋੜ ਦਿੱਤਾ।

ਸਪੀਕਰ ਸਾਹਿਬ, ਮੈਂ ਆਪਣੇ ਕੋਲੋਂ ਕੁਝ ਨਹੀਂ ਕਹਿ ਰਿਹਾ। ਇਨ੍ਹਾਂ ਨੇ ਭਾਸ਼ਣ ਦਿੱਤਾ ਹੈ, ਅਖਬਾਰਾਂ ਵਿਚ ਛਪਿਆ ਹੈ, ਸਾਰਿਆਂ ਨੇ ਪੜ੍ਹਿਆ ਹੈ, ਪ੍ਰਿੰਟ ਮੈਟਰ ਹੈ। ਮੈਂ ਕੋਈ ਤਰਜਮਾ ਨਹੀਂ ਕਰ ਰਿਹਾ।

ਮਾਨਯੋਗ ਸਪੀਕਰ : ਤੁਸੀਂ ਕੇਵਲ ਕੋਟ ਹੀ ਕਰ ਸਕਦੇ ਹੋ, ਉਹ ਪੜ੍ਹ ਨਹੀਂ ਸਕਦੇ।

ਸ਼੍ਰੀ ਮਨੋਰੰਜਨ ਕਾਲੀਆ : ਮੈਂ ਕੇਵਲ ਕੋਟ ਹੀ ਕਰ ਰਿਹਾ ਹਾਂ। ਮੈਨੂੰ ਇੱਕ ਦ੍ਰਿਸ਼ਟਾਂਤ ਯਾਦ ਆ ਗਿਆ। ਰਮਾਇਣ ਵਿਚ ਹੈ ਕਿ ਕੁੰਭਕਰਨ ਨੇ ਭਗਵਾਨ ਸ਼ੰਕਰ ਜੀ ਦੀ ਬੜੀ ਭਗਤੀ ਕੀਤੀ। ਉਸ ਨੇ ਮੰਗ ਕੀਤੀ ਕਿ ਉਸ ਨੂੰ ਇੰਦਰ ਦਾ ਆਸਣ ਦਿੱਤਾ ਜਾਵੇ। ਸਾਰੇ ਦੇਵੀ-ਦੇਵਤਿਆਂ ਨੇ ਸੋਚਿਆ ਕਿ ਇਹ ਕੰਮ ਤਾਂ ਗਲਤ ਹੋ ਜਾਵੇਗਾ। ਜਦੋਂ ਭਗਵਾਨ ਸ਼ੰਕਰ ਜੀ ਨੇ ਕਿਹਾ ਕਿ ਤੁਸੀਂ ਵਰ ਮੰਗੋ ਤਾਂ ਉਨ੍ਹਾਂ ਨੇ ਇੰਦਰ ਆਸਣ ਦੀ ਥਾਂ ਨਿੰਦਰ ਆਸਣ ਮੰਗ ਲਿਆ ਜੋ ਕਿ ਦੇ ਦਿੱਤਾ ਗਿਆ ਕਿ ਭਾਈ ਤੂੰ ਸੁੱਤਾ ਹੀ ਰਹਿ। ਇਸ ਲਈ ਇਨ੍ਹਾਂ ਦੀ ਜ਼ਬਾਨ ਤੇ ਉਸ ਵੇਲੇ ਸਰਸਵਤੀ ਬੈਠੀ ਹੋਈ ਸੀ, ਇਸ ਲਈ ਇਹ ਅੱਜ ਅਪੋਜ਼ੀਸ਼ਨ ਵਿਚ ਬੈਠੇ ਹਨ।...(ਵਿਘਨ.)

ਕੁਝ ਅਵਾਜ਼ਾਂ: ਇਨ੍ਹਾਂ ਨੂੰ ਵੀ ਨੀਂਦਰਾਂ ਆਸਣ ਹੀ ਦਿੱਤਾ ਗਿਆ ਹੈ। (ਹਾਸਾ)

ਸਪੀਕਰ ਸਾਹਿਬ, ਕਾਂਗਰਸ ਦੇ ਪ੍ਰਭਾਰੀ ਸ਼੍ਰੀ ਚੜਕ ਨੇ ਆਪਣੇ ਬਿਆਨ ਵਿਚ ਕਿਹਾ ਕਿ ਉਨ੍ਹਾਂ ਲਈ ਹਾਰ blessing in disguise ਹੈ। Blessing in disguise ਇਹ ਹੈ ਕਿ ਸਾਨੂੰ ਇਹ ਹਾਰ ਸੋਚਣ ਦਾ ਮੌਕਾ ਦਿੰਦੀ ਹੈ ਕਿ ਸਾਡੀਆਂ ਕਿੱਥੇ-ਕਿੱਥੇ ਕਮੀਆਂ ਹਨ, ਇਹ ਸਾਨੂੰ ਸੋਚਣ ਦਾ ਮੌਕਾ ਦੇਵੇਗੀ। ਉਨ੍ਹਾਂ ਦੀ ਇਹ ਗੱਲ ਸਹੀ ਹੈ ਕਿ ਦੇਸ਼ ਦੀ ਜਨਤਾ ਇਨ੍ਹਾਂ ਨੂੰ ਸੋਚਣ ਦਾ ਬਹੁਤ ਮੌਕਾ ਦੇ ਰਹੀ ਹੈ। ਬਿਹਾਰ ਦੀ ਜਨਤਾ ਨੇ ਸੋਚਣ ਦਾ ਮੌਕਾ ਦਿੱਤਾ, ਯੂ.ਪੀ. ਦੀ ਜਨਤਾ ਨੇ ਸੋਚਣ ਦਾ ਮੌਕਾ ਦਿਤਾ, ਗੋਆ ਦੀ ਜਨਤਾ ਨੇ ਸੋਚਣ ਦਾ ਮੌਕਾ ਦਿੱਤਾ ਅਤੇ ਇੱਥੇ ਪੰਜਾਬ ਦੀ ਜਨਤਾ ਨੇ ਵੀ ਸੋਚਣ ਦਾ ਮੌਕਾ ਦਿੱਤਾ ਹੈ। ਰੱਬ ਕਰੇ ਕਿ ਸਾਲ 2014 ਵਿੱਚ ਵੀ blessing in disguise ਹੋਵੇ ਅਤੇ ਯੂ.ਪੀ.ਏ. ਸਰਕਾਰ ਜਾਵੇ ਤੇ ਐਨ.ਡੀ.ਏ. ਦੀ ਸਰਕਾਰ ਆਵੇ।

ਮਾਨਯੋਗ ਸਪੀਕਰ : ਤੁਹਾਡਾ ਸਮਾਂ ਹੋ ਗਿਆ ਹੈ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਹੀ ਕਹਾਂਗਾ ਕਿ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਜੋ ਮਤਾ ਲਿਆਂਦਾ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ ਅਤੇ ਤੁਹਾਡਾ ਵੀ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਜੀ।

ਮਾਨਯੋਗ ਸਪੀਕਰ : ਤੁਹਾਡਾ ਧੰਨਵਾਦ। ਹੁਣ ਮੈਂ ਸ੍ਰੀ ਸੁਨੀਲ ਕੁਮਾਰ ਜਾਖੜ ਜੀ, ਲੀਡਰ ਆਫ ਦਿ ਆਪੋਜੀਸ਼ਨ ਨੂੰ ਬੇਨਤੀ ਕਰਾਂਗਾ। (ਆਪੋਜੀਸ਼ਨ ਬੈਂਚਾਂ ਵੱਲੋਂ ਥੰਪਿੰਗ)

ਸ੍ਰੀ ਸੁਨੀਲ ਕੁਮਾਰ ਜਾਖੜ (ਅਬੋਹਰ) : ਆਨਰੇਬਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ। ਗਵਰਨਰ ਐਡਰੈਸ ਤੇ ਬੋਲਣ ਤੋਂ ਪਹਿਲਾਂ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਵਧਾਈ ਦੇਣੀ ਚਾਹਾਂਗਾ, ਜਿੰਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਵਾਹਿਗੁਰੂ ਦੀ ਕਿਰਪਾ ਨਾਲ ਪੰਜਾਬ

ਦੀ ਰਹਿਨੁਮਾਈ 5 ਵੀਂ ਵਾਰ ਸੌਂਪੀ ਹੈ। ਇਹ ਬਹੁਤ ਵੱਡੀ ਨਿਆਮਤ ਹੈ ਅਤੇ ਉਸ ਨਿਆਮਤ ਦੇ ਨਾਲ ਬਹੁਤ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਫ਼ਖਰ ਵੀ ਹੈ ਕਿ ਅੱਜ ਜਿਸ ਕੁਰਸੀ ਤੋਂ ਮੈਂ ਖੜ੍ਹਾ ਹੋ ਕੇ ਬੋਲ ਰਿਹਾ ਹਾਂ, ਇਸ ਤੋਂ 35 ਸਾਲ ਪਹਿਲਾਂ ਮੇਰੇ ਪਿਤਾ ਸ੍ਰੀ ਬਲਰਾਮ ਜਾਖੜ ਜੀ ਲੀਡਰ ਆਫ ਦਾ ਕਾਂਗਰਸ ਲੈਜਿਸਲੇਟਿਵ ਪਾਰਟੀ ਦੇ ਤੌਰ ਤੇ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਮੁਖਾਤਿਬ ਹੋਏ ਸੀ ਪਰ ਉਸ ਸਮੇਂ ਬਾਦਲ ਸਾਹਿਬ, ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ। ਇਨ੍ਹਾਂ ਦਾ ਏਰੀਆ ਸਾਡੇ ਗੁਆਂਢ ਵਿੱਚ ਹੈ। ਬਾਦਲ ਸਾਹਿਬ ਅਜੇ ਵੀ, ਇਨ੍ਹਾਂ ਦਾ ਘਰੇਲੂ ਪਿਛੋਕੜ ਜਿਸ ਤਰ੍ਹਾਂ ਹੈ, ਪਿੰਡਾਂ ਵਿੱਚ, ਸੱਥ ਵਿੱਚ ਬੈਠ ਕੇ ਜਦੋਂ ਆਪਣੇ ਦੋਸਤਾਂ, ਹਾਣੀਆਂ ਨਾਲ ਗੱਲ ਕਰਦੇ ਹਨ ਤਾਂ ਇਹ ਜਦੋਂ ਦੂਸਰੀ ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਪੁਛਿਆ ਸੀ ਕਿ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ, ਕੀ ਚੁਲ-ਬੁਲ ਹੈ ਮੁੱਖ ਮੰਤਰੀ ਪਦ ਦੀ, ਤਾਂ ਇੰਨ੍ਹਾਂ ਨੇ ਕਿਹਾ ਸੀ ਕਿ ਕੰਮ ਤਾਂ ਕੋਈ ਵੀ ਕਰਵਾ ਲਵੇ, ਐਮ.ਐਲ.ਏ. ਵੀ ਕਰਵਾ ਲਵੇ, ਅਫਸਰ ਵੀ ਕਰਵਾ ਲੈਂਦਾ ਹੈ, ਪਰ ਮੁੱਖ ਮੰਤਰੀ ਤਾਂ ਜਿਹੜਾ ਹੈ, ਉਹ ਤਾਂ ਆਪਣੇ ਵਰਕਰਾਂ ਦੇ, ਆਪਣੇ ਰਿਸ਼ਤੇਦਾਰਾਂ ਦੇ, ਨਜ਼ਦੀਕੀਆਂ ਦੇ ਚਾਅ ਪੂਰੇ ਕਰਦਾ ਹੈ। ਸਪੀਕਰ ਸਾਹਿਬ, ਹੁਣ ਜਦੋਂ ਬਾਦਲ ਸਾਹਿਬ, ਪੰਜਵੀਂ ਵਾਰ ਮੁੱਖ ਮੰਤਰੀ ਬਣੇ ਹਨ ਵਾਹਿਗੁਰੂ ਨੇ ਕਿਰਪਾ ਕੀਤੀ ਹੈ ਤਾਂ ਮੈਨੂੰ ਆਸ ਹੈ ਕਿ ਜਿੰਨੇ ਵੀ ਇਨ੍ਹਾਂ ਦੇ ਵਰਕਰ ਸਨ, ਜਿੰਨੇ ਵੀ ਇਨ੍ਹਾਂ ਦੇ ਨਜ਼ਦੀਕੀ ਸਨ ਅਤੇ ਪਰਿਵਾਰਕ ਮੈਂਬਰ ਸਨ, ਉਨ੍ਹਾਂ ਸਾਰਿਆਂ ਦੇ ਚਾਅ ਪੂਰੇ ਹੋ ਗਏ ਹਨ ਅਤੇ ਹੁਣ ਪੰਜਵੀਂ ਵਾਰ ਤਾਂ ਪੰਜਾਬ ਦੇ ਲੋਕਾਂ ਦੇ ਚਾਅ ਪੂਰੇ ਕਰਨ ਦੀ ਹੈ, ਪੰਜਾਬ ਦੇ ਲੋਕਾਂ ਦੀ ਇਹ ਆਸ ਹੈ, ਹੁਣ ਇਹ ਉਸ ਤੇ ਪੂਰੇ ਉਤਰਦੇ ਹਨ ਜਾਂ ਨਹੀ? ਜੇ ਪੰਜਾਬ ਦੇ ਲੋਕਾਂ ਦੇ ਚਾਅ ਪੂਰੇ ਕਰਨਗੇ, ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਪਹਿਲਾਂ ਵੀ ਵਿਸ਼ਵਾਸ ਦਿਵਾਇਆ ਸੀ ਕਿ We are here not for the sake of opposition, We are here for the benefit of people of Punjab. It may be by twist of fate. ਅੱਜ ਕਹਿਣ ਨੂੰ ਬਹੁਤ ਸਾਰੇ ਸਾਥੀਆਂ ਨੇ ਬਹੁਤ ਸਾਰੀਆਂ ਗੱਲਾਂ ਕਹਿ ਦਿੱਤੀਆਂ, but we are still under the leadership of ਜਰਨੈਲ ਜਿਸ ਨੂੰ ਕਹਿੰਦੇ ਹਨ। ਉਨ੍ਹਾਂ ਦੀ able ਲੀਡਰਸ਼ਿਪ ਦੇ ਚਲਦਿਆਂ ਸਾਡੀ Percent of voting ਵਧੀ ਹੈ। Even by polling 41% votes, ਇਹ ਜਨਤਾ ਨੂੰ ਮਨਜ਼ੂਰ ਸੀ ਕਿ ਸਾਨੂੰ 46% ਆਈ ਹੈ ਤੁਹਾਨੂੰ ਜ਼ਿਆਦਾ ਆਈ ਹੈ ਅਤੇ ਤੁਸੀਂ ਮਜ਼ਾਰਿਟੀ ਲੈ ਕੇ ਸਰਕਾਰ ਬਣਾ ਕੇ ਬੈਠੇ ਹੋ, ਤੁਹਾਡੀ ਸਰਕਾਰ ਹੈ ਪਰ Still you are winner and winner takes it. I am not looking for excuses. We accept the verdict of the people. ਇਨ੍ਹਾਂ ਨੇ ਆਪ ਲਿਖਿਆ ਹੈ, ਗੱਲ ਜਿਹੜੀ ਸੱਚੀ ਹੁੰਦੀ ਹੈ, ਸਰਸਵਤੀ ਪਤਾ ਨਹੀਂ ਕਿ ਇਨ੍ਹਾਂ ਦੇ ਮੂੰਹ ਤੋਂ ਬੋਲਦੀ ਹੈ ਜਾਂ ਨਹੀਂ ਪਰ ਗੱਲ ਕਦੇ ਆ ਜਾਂਦੀ ਹੈ On the opening page of the Governor's address they have mentioned that " The Government, comprising the Shiromani Akali Dal and the Bharatiya Janata Party (SAD-BJP), has bucked the traditional anti-incumbency

[ਸ਼੍ਰੀ ਸੁਨੀਲ ਜਾਖੜ]

trend and created history defying the severest odds as well as dooms day predictions, opinion and exit polls.... ਸਪੀਕਰ ਸਾਹਿਬ, ਕੋਈ ਤਾਂ ਕਮੀ ਰਹੀ ਹੋਵੇਗੀ ਕਿ ਕਿਸ ਕਿਸਮ ਦਾ ਮਾਹੌਲ ਸੀ, ਜਿਸ ਕਾਰਨ ਬਦਲਾਅ ਤਾਂ ਆਇਆ।

ਬਿਲਕੁਲ ਸਾਡੇ ਵਿੱਚ ਕਮੀਆਂ ਰਹਿ ਗਈਆਂ ਹੋਣਗੀਆਂ। ਅਸੀਂ ਕੋਈ ਕੰਮ ਨਹੀਂ ਕੀਤੇ ਹੋਣਗੇ ਜਿਸ ਕਰਕੇ ਅੱਜ ਇੱਧਰਲੇ ਪਾਸੇ ਬੈਠੇ ਹਾਂ।

ਕੁਛ ਤੋ ਵਜਹ ਰਹੀ ਹੋਗੀ ਯੂੰ ਹੀ ਤੋ ਕੋਈ ਬੇਵਫਾ ਨਹੀਂ ਹੋਤਾ।

ਕੋਈ ਨਾ ਕੋਈ ਕਮੀ ਰਹਿ ਗਈ ਹੋਵੇਗੀ ਉਹ ਵੇਖਾਂਗੇ but Speaker Sahib, all these things predict to the point that they are here not because of anything. They are here inspite of the blunder they have created, in spite of the massive blunders which have taken place during the five year tenure, ਉਸ ਦਾ ਭੁਗਤਣਾ ਕਿਸ ਨੂੰ ਪਵੇਗਾ? ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪਵੇਗਾ। In anther credit for this victory ਵਲਟੋਹਾ ਸਾਹਿਬ ਨੇ ਵੀ ਕੁਝ ਨਹੀਂ ਕਿਹਾ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਮੇਰੇ ਨਾਲ ਇਨ੍ਹਾਂ ਦਾ ਬੜਾ ਭਾਈਚਾਰਾ ਸੀ। ਅਸੀਂ ਹਾਊਸ ਦੀ ਕਮੇਟੀ ਦੇ ਵੀ ਇੱਕਠੇ ਮੈਂਬਰ ਸੀ। He is a very able legislator also but he has not used those kind words. ਮੈਂ ਸੋਚ ਰਿਹਾ ਸੀ ਕਿ ਅੱਜ ਕਸੀਦੇ ਕੱਸਣਗੇ। ਬਾਦਲ ਸਾਹਿਬ ਨਾਲੋਂ ਵੀ ਜ਼ਿਆਦਾ ਸੁਖਬੀਰ ਸਿੰਘ ਜੀ ਦੇ ਕਸੀਦੇ ਕੱਸਣਗੇ। ਮੈਂ ਸੁਣਨ ਵਾਸਤੇ ਬੈਠਾ ਸੀ ਕਿ ਕੁਝ ਨਾ ਕੁਝ ਕਹਿਣਗੇ। ਬਾਹਰ ਜਿਹੜਾ ਵੀ ਅਕਾਲੀ ਵਰਕਰ ਹੈ, He is saying that all the cerdit for victory, of the unexpected win which has happened, ਇਹ ਮੰਨਣ ਜਾਂ ਨਾ ਮੰਨਣ ਪਰ this credit goes to Sukhbir Singh Ji Badal. Why ? ਉਹ ਕਹਿਣ ਲੱਗੇ ਕਿ ਇਨ੍ਹਾਂ ਦੀ ਮੈਨੇਜੀਰੀਅਲ ਸਕਿਲ ਬਹੁਤ ਵਧੀਆ ਹੈ। He has used all the managerial skill at his command to get Akali Party out of the mess it was in. He has done MBA from California. But ਅੱਜ ਮਜੀਠੀਆ ਸਾਹਿਬ ਨਹੀਂ ਬੈਠੇ। ਉਨ੍ਹਾਂ ਦੀ ਇੱਕ ਕਹਾਵਤ ਹੈ। ਉਹ ਕਹਿੰਦੇ ਹੁੰਦੇ ਹਨ :

ਨਜ਼ਰੀਆ ਬਦਲੋ, ਨਜ਼ਾਰੇ ਬਦਲ ਜਾਏਂਗੇ।

ਸੁਖਬੀਰ ਸਿੰਘ ਜੀ ਦਾ ਉਨ੍ਹਾਂ ਨੇ ਨਜ਼ਰੀਆ ਬਦਲ ਦਿੱਤਾ। ਉਨ੍ਹਾਂ ਨੇ ਕੀ ਕੀਤਾ ? He has not managed politics like a business but he has turned politics into a business and that is the image he will have to fight now. ਅੱਜ ਲੋਕਾਂ ਦੇ ਵਿੱਚ ਗੱਲ ਆਉਂਦੀ ਹੈ। ਕੁਝ ਸਾਥੀ ਬੈਠੇ ਸੀ ਤੇ ਡਿਸਕਸ਼ਨ ਹੋ ਰਹੀ ਸੀ। ਕਹਿਣ ਲੱਗੇ What is 500 crore Rupees? ਜੇ 500 ਕਰੋੜ ਰੁਪਿਆ ਲਗਾ ਕੇ ਪੰਜਾਬ ਦਾ ਰਾਜ ਮਿਲਦਾ ਹੈ ਤਾਂ that could be a better investment. (Shame, shame) ਅਗਰ ਸਰਕਾਰ

ਰਿਟਰਨ ਇਨਵੈਸਮੈਂਟ ਦੀ ਉਮੀਦ ਕਰਦੀ ਹੈ ਤਾਂ ਇਹ ਸਰਕਾਰ ਲਈ ਸ਼ੇਮ ਵਾਲੀ ਗੱਲ ਹੈ। But they have to fight against this image and prove themselves that they are really here, ਲੋਕਾਂ ਦੇ ਚਾਅ ਪੂਰੇ ਕਰਨ ਵਾਸਤੇ ਆਏ ਹਾਂ। ਸਪੀਕਰ ਸਾਹਿਬ, ਲੋਕਾਂ ਦੇ ਚਾਅ ਕਿਵੇਂ ਪੂਰੇ ਕਰਨੇ ਹਨ ? ਚਾਅ ਜੇਕਰ ਪੂਰੇ ਹੋਣਗੇ, ਜੋ ਸੁਪਨੇ ਇਨ੍ਹਾਂ ਨੇ ਦਿਖਾਏ ਹਨ ਜੇਕਰ ਉਹ ਪੂਰੇ ਹੋਣਗੇ। I believe I don't know what was his major subject in managment whether he has done in finance or in marketing. I believe it is in marketing ਕਿਉਂਕਿ ਜੇ ਉਨ੍ਹਾਂ ਨੂੰ ਕੋਈ ਖਿਤਾਬ ਦਿੱਤਾ ਜਾ ਸਕਦਾ ਹੈ ਤਾਂ ਉਹ ਹੈ 'ਸਪਨੋਂ ਕੇ ਸੌਦਾਗਰ'। He has sold dreams to the people of Punjab, especially, the youth of Punjab. ਯੂਥ ਵਾਸਤੇ ਸਾਰਾ ਕੁਝ ਹੀ ਕਰ ਦਿਆਂਗੇ। Going from unemployment. ਬੇਰੁਜਗਾਰਾਂ ਨੂੰ ਹਜ਼ਾਰ ਰੁਪਿਆ ਦਿਆਂਗੇ, ਲੈਪ ਟਾਪ ਦਿਆਂਗੇ। ਪੈਨਸ਼ਨਾਂ ਵਧਾ ਦਿਆਂਗੇ। ਗਰੀਬਾਂ ਦਾ ਕਰਾਂਗੇ। ਇਨ੍ਹਾਂ ਨੇ ਸਭ ਕੁਝ ਮੈਨੀਫੈਸਟੋ ਵਿਚ ਕਿਹਾ ਹੈ। Speaker Sahib, I am here today. Sorry , I do not agree with him. With due respect for Badal Sahib, he is such a senior and able politician, he has such a managerial ability, he is a very nice person but I do not agree with all these things. Why? Because I doubt not only their ability to perform but I also doubt their capabilty and intention to perform. ਫਿਰ ਤੁਸੀਂ ਪੁੱਛੋਗੇ ਕਿ ਕਿਉਂ? ਕਿਹੜਾ ਇਨ੍ਹਾਂ ਨੇ ਮਾੜਾ ਕਰ ਦਿੱਤਾ? All these dreams which have been sold, how are they going to fulfill, forgetting the deficit we are running. ਜਿਹੜਾ 75,000 ਜਾਂ 78,000 ਕਰੋੜ ਰੁਪਏ ਦਾ ਬੋਝ ਪਾ ਰੱਖਿਆ ਹੈ। All these things which have been promised add upto ten thousand crores of rupees every year. ਇਹ ਕਿੱਥੋਂ ਲੈ ਕੇ ਆਉਣਗੇ। ਇਨ੍ਹਾਂ ਨੇ ਇੱਕ ਮੁਹਿੰਮ ਚਲਾਈ ਸੀ, ਲੋਕਾਂ ਵਿੱਚ ਗੱਲ ਕਰਦਿਆਂ ਪਤਾ ਲੱਗਦਾ ਹੈ। Mr. Adesh partap Singh is brilliant. He has the finest brain in the ministry, we should use it, I have no doubt in saying that. How they use, is his prerogative, but, he is very sharp. ਜਦੋਂ ਉਨ੍ਹਾਂ ਨੂੰ ਕਿਹਾ ਕਿ ਤੈਨੂੰ ਫਾਈਨਾਂਸ ਮਨਿਸਟਰੀ ਦੇਣ ਲੱਗੇ ਹਾਂ ਤਾਂ ਉਹ ਕਹਿੰਦੇ ਮੈਨੂੰ ਨਾਲ ਐਕਸਾਈਜ਼ ਵੀ ਦੇ ਦੇਵੋ ਕਿਉਂਕਿ I have to raise 10,000 crore rupees, 10,000 ਕਰੋੜ ਰੁਪਏ ਮੈਂ ਘਰੋਂ ਨਹੀਂ ਲੈ ਕੇ ਆਉਣੇ। I have to raise the revenue. ਢੀਂਡਸਾ ਸਾਹਿਬ ਮੈਨੂੰ ਮਿਲੇ ਸੀ। I congratulated him because of a very august post as F.M of Punjab, as finances of the Punjab are in such a dire straits. ਮੈਂ ਉਨ੍ਹਾਂ ਨੂੰ ਕਿਹਾ, ਢੀਂਡਸਾ ਸਾਹਿਬ, ਮਰਿਆ ਸੱਪ ਤੁਹਾਡੇ ਗਲ ਵਿੱਚ ਪਾ ਦਿੱਤਾ ਹੈ but he laughed and made a statement in the press and ਕਹਿੰਦੇ ਜੀ ਸਾਡੇ ਖਜ਼ਾਨੇ ਵਿੱਚ

[ਸ਼੍ਰੀ ਸੁਨੀਲ ਜਾਖੜ]

ਪੈਸੇ ਦੀ ਕੋਈ ਕਮੀ ਨਹੀਂ ਹੈ, ਸਪੀਕਰ ਸਾਹਿਬ, my point is not that and I don't doubt his contention or with his statement, ਪਰ ਮੇਰਾ ਕਹਿਣਾ ਹੈ ਕਿ ਇਨ੍ਹਾਂ ਦੇ ਖਜ਼ਾਨੇ ਵਿੱਚ ਪੈਸੇ ਹੈ ਨਹੀਂ। ਮੇਰਾ ਕਹਿਣਾ ਹੈ ਕਿ ਇਨ੍ਹਾਂ ਦੇ ਖਜ਼ਾਨੇ ਅਗਰ ਭਰੇ ਪਏ ਹਨ ਤਾਂ ਪਿਛਲੇ ਡੇਢ ਸਾਲ ਤੋਂ ਪੰਜਾਬ ਦੇ ਗਰੀਬ ਹਰੀਜਨਾਂ ਦੀਆਂ ਬੱਚੀਆਂ ਦੇ ਸ਼ਗਨ ਦੇ ਪੈਸੇ ਅੱਜ ਤੱਕ ਕਿਉਂ ਨਹੀਂ ਗਏ? (ਥੰਪਿੰਗ), ਸ਼ੇਮ-ਸ਼ੇਮ ਦੀਆਂ ਅਵਾਜ਼ਾਂ, ਸਪੀਕਰ ਸਾਹਿਬ, ਅਗਰ ਸਰਕਾਰ ਦੇ ਖਜ਼ਾਨੇ ਭਰੇ ਪਏ ਹਨ ਤਾਂ 2000 ਕਰੋੜ ਰੁਪਏ ਦੇ ਆਊਟ ਸਟੈਂਡਿੰਗ ਬਿੱਲ ਟਰੈਜ਼ਰੀ ਦੇ ਵਿੱਚ ਕਿਉਂ ਖੜ੍ਹੇ ਹਨ? ਸਪੀਕਰ ਸਾਹਿਬ, ਅੱਜ ਅਗਰ ਖਜ਼ਾਨੇ ਭਰੇ ਪਏ ਹਨ ਤਾਂ ਟੀਚਰਾਂ ਅਤੇ ਦੂਜੇ ਮੁਲਾਜ਼ਮਾਂ ਦੀਆਂ 6-6 ਮਹੀਨਿਆਂ ਦੀਆਂ ਤਨਖਾਹਾਂ ਕਿਉਂ ਨਹੀਂ ਗਈਆਂ? ਸਪੀਕਰ ਸਾਹਿਬ, that is the question and he has nowhere mentioned this and nowhere has anybody mentioned and they are all talking in terms of ਕਿ ਖਜ਼ਾਨੇ ਭਰੇ ਪਏ ਹਨ ਅਤੇ ਪੈਸੇ ਆ ਜਾਣਗੇ। ਜੇਕਰ ਆ ਜਾਣਗੇ ਤਾਂ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵਾਸਤੇ ਪੰਜਾਬ ਨੂੰ ਗਿਰਵੀ ਰੱਖ ਕੇ ਲੈ ਆਉਗੇ। At what cost? This cost benefit analysis somehow all along the line, may be we could not convey it to the people of Punjab properly and ਇਹ ਛਲ ਵਾਲਾ ਨਾਟਕ ਕਰਕੇ ਲੋਕਾਂ ਦੀਆਂ ਅੱਖਾਂ ਤੇ ਪਰਦਾ ਪਾ ਕੇ ਲੈ ਗਏ but they are in the driving seat whereas this seat is very very hot and it is going to be a very hot plate and you will be answerable and ਤੁਸੀਂ ਸਾਰੇ ਹੌਟ ਪਲੇਟ ਤੇ ਬੈਠੇ ਹੋ, you will be answerable and when I say I doubt their intention and he is such an honourable man but ਪਰ ਕਈ ਵਾਰੀ ਚਲਦੇ-ਚਲਦੇ ਆਦਤਨ ਮਜ਼ਬੂਰ ਹੈ। ਮੈਂ ਅਖਬਾਰ ਲੈ ਕੇ ਆਇਆ ਹਾਂ। ਕਾਲੀਆ ਸਾਹਿਬ ਬੈਠੇ ਨਹੀਂ, ਉਹ ਚਿੜਦੇ ਸੀ ਕਿ ਸੁਨੀਲ ਜਦੋਂ ਆਉਂਦਾ ਹੈ, ਅਖਬਾਰ ਲੈ ਕੇ ਆਉਂਦਾ ਹੈ। ਸਪੀਕਰ ਸਾਹਿਬ, ਮੇਰੇ ਕੋਲ 30 ਜਨਵਰੀ 2012 ਦੀ ਅਖਬਾਰ ਹੈ। ਬਾਦਲ ਸਾਹਿਬ ਦਾ ਇਸ ਵਿੱਚ ਬਿਆਨ ਹੈ- ਗਰੀਬ ਪਰਿਵਾਰਾਂ ਲਈ ਮੁਫਤ ਇਲਾਜ਼, ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ, ਵਿਦਿਆਰਥੀਆਂ ਨੂੰ ਮੁਫਤ ਲੈਪਟੋਪ, ਕਿਸਾਨਾਂ ਨੂੰ ਤੁਰੰਤ ਬਿਜਲੀ ਦੇ ਕੁਨੈਕਸ਼ਨ, ਪ੍ਰਾਵੀਡੈਂਟ ਫੰਡ, ਸ਼ਗਨ ਸਕੀਮ ਨੂੰ 31,000 ਰੁਪਏ ਕਰਨਾ ਆਦਿ ਅਕਾਲੀ ਭਾਜਪਾ ਸਰਕਾਰ ਮਾਰਚ ਮਹੀਨੇ ਵਿੱਚ ਹੋਣ ਵਾਲੀ ਆਪਣੀ ਪਹਿਲੀ ਕੈਬਨਿਟ ਮੀਟਿੰਗ ਦੇ ਵਿੱਚ ਕਰ ਦੇਵੇਗੀ। ਮਾਰਚ ਵਿੱਚ ਕੈਬਨਿਟ ਦੀ ਮੀਟਿੰਗ ਹੋਈ। ਪੰਜਾਬ ਦੇ ਨੌਜਵਾਨਾਂ ਨੂੰ, ਗਰੀਬ ਪਰਿਵਾਰਾਂ ਨੂੰ ਬੜੀ ਆਸ ਸੀ ਕਿ ਸਰਕਾਰ ਨੂੰ ਚੁਣ ਕੇ ਭੇਜਿਆ ਸੀ ਅਤੇ ਹੁਣ ਉਹ ਆਪਣੇ ਸਾਰੇ ਫੈਸਲਿਆਂ ਤੇ ਮੋਹਰ ਲਗਾ ਦੇਵੇਗੀ ਪਰ, ਸਪੀਕਰ ਸਾਹਿਬ, ਮੋਹਰ ਕਿਸ ਤੇ ਲਗਾਈ, ਕਹਿੰਦੇ ਜੀ ਪੰਜਾਬ ਦੀ ਐਕਸਾਈਜ਼ ਪਾਲਿਸੀ ਪਾਸ ਕੀਤੀ ਹੈ। Is that what Punjab was looking for? ਕੀ ਆਪਾਂ ਐਕਸਾਈਜ਼ ਪਾਲਿਸੀ ਕਰਵਾਉਣ ਵਾਸਤੇ ਲੋਕਾਂ ਨੂੰ ਕਿਹਾ ਸੀ? Where is the promise? ਮੈਂ ਅੱਜ ਵੀ ਕਹਿੰਦਾ ਹਾਂ, ਬਾਦਲ ਸਾਹਿਬ ਬੈਠੇ ਹਨ, ਜਦੋਂ ਇਹ ਕੱਲ੍ਹ ਉੱਠ

ਕੇ ਜਵਾਬ ਦੇਣਗੇ, all I want is of course, he has all these promises, these may sound utopian, may be Dhindsa Sahib may pull a rabbit out of the hat and then we are here to support him and we had already assured you, Speaker Sahib, and my party have been kind enough to put me in this chair and because of their cooperation and consent ਮੈਂ ਐਸ਼ੋਰੈਂਸ ਦਿੰਦਾ ਹਾਂ। ਮੇਰੇ ਸਾਥੀ ਕੱਲ੍ਹ ਬੋਲਣਗੇ। ਮੇਰੇ ਕੁਲੀਗਜ਼ ਬੈਠੇ ਹਨ, and what I am going to request them is ਕਿ ਆਪਾਂ ਸਵੇਰ ਤੋਂ ਹੀ ਜਾ ਕੇ ਸਾਡੇ ਯੂਥ ਕਾਂਗਰਸ ਦੇ ਸਾਥੀਆਂ ਨੂੰ ਕਹਿਣਾ ਹੈ ਕਿ ਜਿੰਨੇ ਵੀ ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਹਨ, ਉਨ੍ਹਾਂ ਦੀ ਆਪਾਂ ਰਜਿਸਟ੍ਰੇਸ਼ਨ ਚਾਲੂ ਕਰਵਾਈਏ (ਵਿਰੋਧੀ ਧਿਰ ਵੱਲੋਂ ਥੰਪਿੰਗ), ਜਿਸ ਦਿਨ ਇਹ ਉਨ੍ਹਾਂ ਦਾ ਭੱਤਾ ਦੇਣਾ ਚਾਲੂ ਕਰਨ ਤਾਂ ਇੱਕ ਦਿਨ ਵੀ ਵੇਸਟ ਨਾ ਹੋਵੇ। All I want from Badal Sahib is ਕਿ ਇਹ ਕੱਲ੍ਹ ਨੂੰ ਜਦੋਂ ਉਠ ਕੇ ਬੋਲਣ ਲੱਗਣ ਤਾਂ ਟਾਈਮ ਫਰੇਮ ਦੇ ਦੇਣ ਕਿ ਇਸ ਤਰੀਕ ਨੂੰ ਬੇਰੁਜ਼ਗਾਰਾਂ ਨੂੰ 1000/- ਰੁਪਿਆ ਭੱਤਾ ਦੇਣ ਲੱਗ ਜਾਵਾਂਗੇ, ਇਸ ਤਰੀਕ ਤੋਂ ਪੈਨਸ਼ਨ 500/- ਰੁਪਿਆ ਕਰ ਦੇਵਾਂਗੇ, ਇਸ ਦਿਨ ਤੋਂ ਸ਼ਗਨ ਸਕੀਮ 31,000/- ਰੁਪਏ ਕਰ ਦੇਵਾਂਗੇ। ਇੱਕ ਉਸ ਦੇ ਵਿੱਚ ਇਨ੍ਹਾਂ ਨੇ ਘੁੰਡੀ ਰੱਖ ਲਈ। ਮੇਰੀ ਆਦਤ ਹੈ ਕਿ ਜਿਹੜੇ ਮੈਨੀਫੈਸਟੋ ਹਨ, ਉਨ੍ਹਾਂ ਨੂੰ ਮੈਂ ਬੜੇ ਧਿਆਨ ਨਾਲ ਪੜ੍ਹਦਾ ਹਾਂ। ਮੈਂ ਇਨ੍ਹਾਂ ਦਾ ਜਿਹੜਾ ਮੈਨੀਫੈਸਟੋ ਹੈ ਉਹ ਮੈਂ ਬੜੇ ਹੀ ਧਿਆਨ ਨਾਲ ਪੜ੍ਹਦਾ ਹਾਂ। ਉਸ ਦੇ ਵਿਚ ਇਨ੍ਹਾਂ ਨੇ ਲਿਖਿਆ ਹੈ, We will work towards bringing Atta to Rs. 1 Kg. ਮੈਂ ਆਟੇ ਵਾਲੀ ਗੱਲ ਤੇ ਤਾਂ ਫਿਰ ਆਵਾਂਗਾ but I am saying, Speaker Sahib, I am very serious about this thing. ਬਾਦਲ ਸਾਹਿਬ ਦਾ ਇੱਕ ਬਿਆਨ ਆਇਆ ਸੀ, I Am not carrying that newspaper but I have it on my computer, ਜੇ ਕਹੋ ਤਾਂ ਪ੍ਰਿੰਟ ਆਊਟ ਲਿਆ ਦਿਆਂਗਾ। ਜਦੋਂ ਬਾਦਲ ਸਾਹਿਬ ਮੈਨੀਫੈਸਟੋ ਰਿਲੀਜ਼ ਕਰ ਰਹੇ ਸੀ, ਸਾਰੇ ਰੌਲਾ ਪਿਆ ਹੋਇਆ ਸੀ ਕਿ ਸਾਰੀਆਂ ਜਿਹੜੀਆਂ ਪਾਰਟੀਆਂ ਹਨ all they make false promises, ਉਹ ਪੂਰੇ ਨਹੀਂ ਕਰਦੇ, Being a statesman, Badal Sahib had said that,"I believe that this manifesto is more like a legal document and it should be made as such so that any party person, any common man can take any party to the court, if none of this is fulfilled," ਲੋਕਾਂ ਦੇ ਵਿਚ ਬੜੀ ਉਮੀਦ ਜਾਗਦੀ ਹੈ ਜਦੋਂ ਉਹ ਇੰਨੇ ਵੱਡੇ ਸਿਆਸਤਦਾਨ ਤੋਂ ਗੱਲ ਸੁਣਦੇ ਹਨ ਤੇ ਜੇ ਪਿਛੋਕੜ ਦੇਖੀਏ ਤਾਂ, ਸਪੀਕਰ ਸਾਹਿਬ, ਇਹ ਮੈਂ ਅਜੇ ਵੀ ਪੁਰਾਣੇ ਵਾਲਾ ਮੈਨੀਫੈਸਟੋ ਚੁੱਕੀ ਫਿਰਦਾ ਹਾਂ, I still live in the past ਇਸ ਦੇ ਵਿਚ ਵੀ ਇਨ੍ਹਾਂ ਨੇ ਉਹ ਹੀ ਗੱਲਾਂ, ਜਿਹੜੀਆਂ 2012 ਦੇ ਵਿਚ ਲਿਖੀਆਂ ਹਨ, ਉਹੀ ਗੱਲਾਂ ਇਨ੍ਹਾਂ ਨੇ ਸਾਲ 2007 ਦੇ ਵਿਚ ਕਹੀਆਂ ਸਨ। ਕਹੋ ਤਾਂ ਮੈਂ ਇਸ ਦੀ ਸਾਥੀਆਂ ਨੂੰ ਕਾਪੀ ਕਰਵਾ ਕੇ ਭੇਜ ਦਿੰਦਾ ਹਾਂ। ਮੈਂ, ਮੇਰੇ ਖਿਆਲ ਦੇ ਵਿਚ ਉਸ ਦਿਨ ਸੁਖਬੀਰ ਜੀ ਨੂੰ ਪਹਿਲਾਂ ਵੀ, ਪਿਛਲੇ ਸੈਸ਼ਨ ਦੇ ਦੌਰਾਨ

[ਸ਼੍ਰੀ ਸੁਨੀਲ ਜਾਖੜ]

ਵੀ ਕਿਹਾ ਸੀ ਤਾਂ ਇਹ ਕਹਿਣ ਲੱਗੇ, ਜਾਖੜ ਸਾਹਿਬ, ਤੁਸੀਂ ਇਹ ਕੀ ਚੁੱਕੀ ਫਿਰਦੇ ਹੋ ਇਹ ਸਾਡੇ ਕੋਲ ਤਾਂ ਹੈ ਨਹੀਂ, ਤਾਂ ਮੈਂ ਕਿਹਾ ਸੀ ਕਿ ਅਸੀਂ ਚੁੱਕੀ ਫਿਰਦੇ ਹਾਂ, ਇਸ ਦੇ ਵਿਚ ਵੀ ਇਨ੍ਹਾਂ ਨੇ ਪ੍ਰਾਮਿਸ ਕੀਤਾ ਸੀ। ਕਹਿੰਦੇ ਜੀ ਜਿਹੜੀ ਪੈਨਸ਼ਨ ਹੈ ਉਹ 200/- ਰੁਪਏ ਤੋਂ ਵਧਾ ਕੇ 400/- ਰੁਪਏ ਕਰ ਦਿਆਂਗੇ they don't even know that the pension was already being given at Rs. 250 ਇਨ੍ਹਾਂ ਨੇ ਉਦੋਂ ਇਹ ਵੀ ਕਿਹਾ ਸੀ ਕਿ ਗਰੀਬਾਂ ਨੂੰ 400 ਯੂਨਿਟ ਬਿਜਲੀ ਮੁਫਤ ਮਿਲੇਗੀ ਪਰ ਇਨ੍ਹਾਂ ਨੇ ਯੂਨਿਟ ਬਿਜਲੀ ਵਾਲਾ, ਕੀਤਾ ਕੀ ਹੈ, 400 ਯੂਨਿਟ ਬਿਜਲੀ ਕਾਂਗਰਸ ਨੇ ਦੇਣੀ ਚਾਲੂ ਕਰ ਦਿੱਤੀ ਸੀ Speaker Sahib during their tenure it was reduced to 100 unites and now they are again promising in this manifesto ਕਿ ਅਸੀਂ ਇਸ ਨੂੰ ਵਧਾ ਕੇ 250 ਕਰ ਦਿਆਂਗੇ। ਇਹ ਮੈਨੀਫੈਸਟੋ ਦੇ ਵਿਚ ਕਹਿ ਰਹੇ ਹਨ ਕਿ 250 ਕਰ ਦਿਆਂਗੇ ਇਹ ਤੁਸੀਂ ਆਪ ਚੈਕ ਕਰਕੇ ਵੇਖ ਲਵੋ। ਤੁਹਾਡੇ ਮੈਨੀਫੈਸਟੋ ਦੇ ਵਿਚ 250 ਦੇ ਬਾਰੇ ਲਿਖਿਆ ਹੈ ਪਰ ਗਵਰਨਰ ਸਾਹਿਬ ਤੋਂ ਕੀ ਅਖਵਾ ਰਹੇ ਹਨ? My friend colleague here Mr. Sodhi had very correctly said that this is not really an honest document Whereas ਗਵਰਨਰ ਸਾਹਿਬ ਤੋਂ ਇਨ੍ਹਾਂ ਨੇ ਅਖਵਾਇਆ ਹੈ, ਇਹ ਪੈਰ੍ਹਾ ਨੰ: 129 ਹੈ ਜੀ, "Similarly we shall continue with our policy of providing free power upto 200 units to the weaker sections of the society ਇਸ ਤਰ੍ਹਾਂ ਕਰਕੇ ਇਹ ਲੀਗਲ ਡਾਕੂਮੈਂਟ ਲਬੇੜਿਆ ਪਿਆ ਹੈ for making promises I have both the documents in my hand. On the one hand they are promising 250 ਯੂਨਿਟ ਪਰ ਗਵਰਨਰ ਸਾਹਿਬ ਕਹਿੰਦੇ ਹਨ that we will provide 200 units. Speaker Sahib, is this the way to instill the confidence in the people of Punjab? Aren't we all for that ਕਿ ਲੋਕਾਂ ਦੇ ਵਿਚ ਇਸ ਕਿਸਮ ਦਾ ਵਿਸ਼ਵਾਸ ਬਣ ਜਾਵੇ। ਜਦੋਂ ਆਪਾਂ ਇਸ ਕਿਸਮ ਦੇ ਖੱਦਰ ਪਾ-ਪਾ ਕੇ, ਚਿੱਟੇ ਲੀੜੇ ਪਾ-ਪਾ ਕੇ ਆ ਜਾਂਦੇ ਹਾਂ ਤਾਂ ਲੋਕ ਥੂ-ਥੂ ਕਰਦੇ ਹਨ। We are responsible for that. (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇਸ ਦੇ ਲਈ ਕੌਣ ਜ਼ਿੰਮੇਵਾਰ ਹਨ, ਇਹ ਆਪਦੇ ਵਿਚੋਂ ਹੀ ਲੋਕ ਹਨ। This is all own our doing. Speaker Sahib, things do not finish here, I am not here to talk about ਕਿ ਇਨ੍ਹਾਂ ਦਾ ਕੀ-ਕੀ ਰਹਿ ਗਿਆ, ਕੀ-ਕੀ ਨਹੀਂ ਰਹਿ ਗਿਆ I think they are a party of profession and they have refined themselves out of that double speaking to the extent that anybody can't even question them, Sardar Tota Singh has been entrusted with the charge of Agricuiture and I will come to that too, may be all of them. ਸਰਦਾਰ ਤੋਤਾ ਸਿੰਘ ਜੀ ਬੈਠੇ ਹਨ, ਸਭ ਤੋਂ ਵੱਡਾ ਤੇ ਅਹਿਮ ਮਹਿਕਮਾ ਖੇਤੀਬਾੜੀ ਦਾ ਹੈ। About 6 months back an issue came up in the Central Government regarding Foreign Direct

Investment into retail business and Sukhbir Badal Sahib's statement came that we will support it because this favours our farmers and this cuts out the middle man. ਬਾਦਲ ਸਾਹਿਬ ਨੇ ਵੀ ਹੁੰਗਾਰਾ ਭਰਿਆ ਕਿ ਅਸੀਂ ਇਸ ਦੀ ਸਪੋਰਟ ਕਰਾਂਗੇ, ਅਸੀਂ ਕਦੇ ਵੀ ਕਿਸਾਨ ਦੇ ਹਿੱਤਾਂ ਦੇ ਖਿਲਾਫ ਨਹੀਂ ਜਾਵਾਂਗੇ; ਪਤਾ ਨਹੀਂ ਕੀ ਹੋਇਆ ਜਿਸ ਦਿਨ ਦਿੱਲੀ ਗਏ ਤੇ ਇਨ੍ਹਾਂ ਦੀ ਕੀ ਮੀਟਿੰਗ ਹੋਈ, he may be having political compulsions, as a result of which he forgot the welfare of the farmers of Punjab, ਜਿਸ ਦੇ ਨਾਂ ਤੇ ਇਨ੍ਹਾਂ ਨੇ ਸਾਰੀ ਦੀ ਸਾਰੀ ਸਿਆਸਤ ਕੀਤੀ ਹੈ Speaker Sahib, I seek through you that Badal Sahib may kindly come out with the reply when he will be replying to the debate and he must answer and clarify his stand i.e. whether they are for the farmers or not ਇੱਥੇ ਗੱਲ ਖ਼ਤਮ ਨਹੀਂ ਹੋ ਗਈ ਇਹ ਤੁਹਾਡੇ ਗਲ ਵਿੱਚ ਪੈ ਗਈ। 4-5 ਦਿਨ ਪਹਿਲਾਂ ਸ਼੍ਰੀਮਤੀ ਹਰਸਿਮਰਤ ਕੌਰ ਨੇ ਪਾਰਲੀਮੈਂਟ ਵਿੱਚ ਕਿਹਾ ਕਿ ਐਫ.ਸੀ.ਆਈ. ਦੇ ਥਰੂ ਜਿਹੜਾ ਪੈਸਾ ਆ ਰਿਹਾ ਹੈ ਉਹ ਨਹੀਂ ਆ ਸਕਦਾ। ਇਹ ਪੈਸਾ ਕਿਸਾਨ ਨੂੰ ਸਿੱਧਾ ਨਹੀਂ ਮਿਲਣਾ ਚਾਹੀਦਾ, ਇਹ ਆੜਤੀਏ ਦੇ ਥਰੂ ਮਿਲਣਾ ਚਾਹੀਦਾ ਹੈ। That is their party stand. It is fine. ਇਥੋਂ ਅਵਾਜ਼ ਕੀ ਆਉਂਦੀ ਹੈ? ਚੰਡੀਗੜ੍ਹੋਂ ਬਿਆਨ ਲਗਦਾ ਹੈ, ਸਰਦਾਰ ਤੋਤਾ ਸਿੰਘ ਜੀ ਨੇ ਕਿਹਾ ਕਿ, "ਨਹੀਂ, ਸਾਡੀ ਪਾਰਟੀ ਕਹਿੰਦੀ ਹੈ ਕਿਸਾਨ ਨੂੰ ਪੈਸਾ ਸਿੱਧਾ ਮਿਲਣਾ ਚਾਹੀਦਾ ਹੈ। ਇਸ ਵਿਚੋਂ ਆੜਤੀਏ ਨੂੰ ਕੱਢ ਦੇਣਾ ਚਾਹੀਦਾ ਹੈ।" Whom should we believe? ਤੁਹਾਡੀ ਪਾਰਟੀ ਵੱਲੋਂ ਇਹ ਬਿਆਨ ਆ ਰਿਹਾ ਹੈ। ਜੇਕਰ ਅਜਿਹਾ ਬਿਆਨ ਆਇਆ ਹੈ, Here reply to the Governor's Address should be a very opportune time.

ਮਾਨਯੋਗ ਸਪੀਕਰ : ਅਜਿਹਾ ਬਿਆਨ ਨਹੀਂ ਆਇਆ ਹੈ।

Mr. Sunil Jakhar : Then I withdraw my point, but I have read the statement ਕਿ ਕਿਸਾਨ ਨੂੰ ਸਿੱਧਾ ਪੈਸਾ ਮਿਲਣਾ ਚਾਹੀਦਾ ਹੈ। They should clarify their stand. Where do they stand? ਸਪੀਕਰ ਸਾਹਿਬ, ਮੁੜ-ਘਿੜ ਕੇ ਗੱਲ ਸੈਂਟਰ ਗੌਰਮਿੰਟ ਉੱਤੇ ਸੁੱਟ ਦਿੰਦੇ ਹਨ। ਐਗਰੀਕਲਚਰ ਦੀ ਗੱਲ ਕਰ ਰਹੇ ਸੀ। Sardar Tota is an important man. ਸਰਦਾਰ ਤੋਤਾ ਸਿੰਘ ਜੀ ਦੇ ਗਲ ਵਿਚ ਪੈ ਜਾਵੇਗੀ। I do not want to name anybody in particular. Mr. Speaker, forget about the sector, whether it is primary sector or secondary sector or whichever sector it is, but Punjab farmer is the backbone of this economy. ਸਪੀਕਰ ਸਾਹਿਬ, ਪੰਜਾਬ ਕਿਸਾਨੀ ਦੇ ਦਮ ਤੇ ਖੜ੍ਹਾ ਹੈ। ਇਸ ਨੂੰ ਚਲਾਉਣ ਵਾਸਤੇ, ਸਪੀਕਰ ਸਾਹਿਬ, ਇੱਕ ਮਸਲਾ ਸਾਡੀ ਨਿਗਾਹ ਵਿੱਚ ਇਸ ਸਦਨ ਵਿੱਚ ਆਇਆ ਸੀ and Hon'ble Speaker was kind enough, Hon'ble Chief Minister agreed

[Mr. Sunil Jakhar]

and a Committee was constituted, ਉਸ ਘਪਲੇ ਉੱਤੇ ਤੁਸੀਂ ਡਿਊਟੀ ਲਾ ਦਿੱਤੀ ਸੀ ਕਿ ਇਸ ਵਾਸਤੇ ਪੜਤਾਲ ਕਰੋ। Two officers were indicted, changes were leveled against them. What should be the normal process? ਅੱਜ ਸਾਡੇ ਵਿੱਚ ਲੰਗਾਹ ਸਾਹਿਬ ਬੈਠੇ ਨਹੀਂ ਹਨ। ਉਨ੍ਹਾਂ ਨੇ ਚਿੱਠੀ ਲਿਖੀ, ਸੀ.ਐਮ. ਸਾਹਿਬ ਨੇ ਲਿਖਿਆ ਹੈ ਕਿ ਪੁਲਿਸ ਕੇਸ ਹੋਣਾ ਚਾਹੀਦਾ ਹੈ। ਪਰ ਫਾਈਲ ਹਾਲੇ ਤੱਕ ਸੀ.ਐਮ. ਆਫਿਸ ਅਤੇ ਐਗਰੀਕਲਚਰ ਮਨਿਸਟਰ ਦੇ ਵਿਚਾਲੇ ਚਲਦੀ ਰਹੀ but no action was taken. Then eventually the action was taken just prior to a day or two before the code of conduct came into place. The person who was indicted for corruption in such a basic thing as seed. ਬੀਜ ਵਿੱਚ ਜਿਸ ਨੇ ਘਪਲਾ ਕੀਤਾ ਹੋਵੇ, ਕਿਸਾਨ ਦੇ ਭਵਿੱਖ ਨਾਲ ਜਿਸ ਨੇ ਘਪਲਾ ਕੀਤਾ ਹੋਵੇ, that very person, instead of being arrested, instead of being charged, was put to head the Dapartment of Agriculture. Is this the way to instill confidence in the farmers of Punjab? ਇਹ ਇੱਕ ਇਸ ਗੱਲ ਦਾ ਜਵਾਬ ਦੇ ਦੇਣ। ਸਪੀਕਰ ਸਾਹਿਬ, ਦੂਜੇ ਅਫ਼ਸਰ ਦਾ ਕੀ ਹੋਇਆ ਉਸ ਦਾ ਮੁੱਖ ਮੰਤਰੀ ਸਾਹਿਬ ਆਪਣੇ ਭਾਸ਼ਣ ਵੇਲੇ ਦੱਸ ਦੇਣ।

ਸਪੀਕਰ ਸਾਹਿਬ, ਮੁੱਦੇ ਬਹੁਤ ਸੀ, ਬਹੁਤ ਸਾਰੇ ਨਵੇਂ ਮੈਂਬਰ ਆਏ ਹਨ I am sorry, I am trying to be brief and I hope you will accommodate us. ਸਪੀਕਰ ਸਾਹਿਬ, ਤੁਸੀਂ ਟਾਈਮ ਵਧਾ ਦਿਉ। ਅਸੀਂ ਇਸੇ ਕੰਮ ਨੂੰ ਲੱਗੇ ਹਾਂ। We can sit here as long as you want. ਸਪੀਕਰ ਸਾਹਿਬ, ਕਿਸਾਨ ਦੇ ਨਾਲ ਕੀ ਹੋ ਰਿਹਾ ਹੈ। ਅਸੀਂ ਪਾਣੀਆਂ ਦੀ ਟੇਲ ਉੱਤੇ ਬੈਠੇ ਹਾਂ। ਤੁਹਾਡਾ ਵੀ ਬੇਸੀਕਲੀ ਉਹੀ ਇਲਾਕਾ ਹੈ। ਪਾਣੀ ਨੂੰ ਦੇਖ ਕੇ ਦੁੱਖ ਆਉਂਦਾ ਹੈ। ਉਹ ਪਾਣੀ ਪੀਣਾ ਤਾਂ ਦੂਰ ਉਸ ਨੂੰ ਦੇਖੋਂ ਸੜਾਂਦ ਆਉਂਦੀ ਹੈ। In spite of whatever it is, ਦੇਖਣ ਨੂੰ ਹੀ ਮਾੜਾ ਹੈ, but basically it is harmful, harmful to the soil, harmful to the health of the people, harmful to the environment. ਸੈਕਟਰੀ ਸਾਹਿਬ ਗਏ, ਹਾਈਕੋਰਟ ਨੇ ਆਰਡਰ ਕੀਤਾ, ਸੈਕਟਰੀ ਦੀ ਡਿਊਟੀ ਲਗਾਈ। He also made a Committee. So many things were done but eventually our Hon'ble Chief Minister here, at that time he was in his 4th "Avtar" as the Chief Minister, he approached as they say that, ਵਲਟੋਹਾ ਸਾਹਿਬ ਕਹਿ ਰਹੇ ਸੀ ਕਿ ਸਾਨੂੰ ਕੋਈ ਸੰਗ ਨਹੀਂ, ਅਸੀਂ ਉਥੇ ਜਾ ਕੇ ਸੈਂਟਰ ਤੋਂ ਗੱਫੇ ਲੈਂਦੇ ਹਾਂ and thanks to Badal Sahib that we are using as much money as is required. On the one hand they say ਕਿ ਸੈਂਟਰ ਗੌਰਮਿੰਟ ਸਾਡੇ ਨਾਲ ਵਿਤਕਰਾ ਕਰਦੀ ਹੈ, ਦੂਜੇ ਪਾਸੇ ਕਹਿੰਦੇ ਹਨ ਕਿ they get as much money as they require. ਸਪੀਕਰ ਸਾਹਿਬ, ਮੇਰੇ ਕੋਲ ਇੱਕ ਮਤਾ ਹੈ, it was moved and passed unanimously, moved by the Hon'ble Chief Minister sitting here and passed by this

House on 10 September, 2010. ਸਪੀਕਰ ਸਾਹਿਬ, ਮੈਂ ਅਹਿਮ ਗੱਲ ਭੁੱਲ ਗਿਆ ਸੀ, ਜੋ ਇਹ ਸਕੀਮ ਦੱਸੀ ਗਈ ਹੈ, ਜੋ ਇਹ ਪਾਲਿਸੀ ਹੈ, ਉਹ ਉਦੋਂ ਤੱਕ ਕਾਮਯਾਬ ਨਹੀਂ ਸੀ ਹੋ ਸਕਦੀ ਜਦੋਂ ਤੱਕ ਸੈਂਟਰ ਦੇ ਇਨਵਾਇਰਨਮੈਂਟ ਮੰਤਰੀ, ਸ਼੍ਰੀ ਜੈਰਾਮ ਰਮੇਸ਼ ਜੀ ਖੁਲ੍ਹੇ ਦਿਲ ਨਾਲ ਮਦਦ ਨਾ ਕਰਦੇ। (ਆਪੋਜੀਸ਼ਨ ਪਾਰਟੀ ਵੱਲੋਂ ਥੰਪਿੰਗ) ਮੈਂ ਕਹਾਂਗਾ ਕਿ ਉਨ੍ਹਾਂ ਦਾ ਸਾਰੇ ਹਾਊਸ ਵੱਲੋਂ ਧੰਨਵਾਦ ਕਰੀਏ। ਉਨ੍ਹਾਂ ਨੇ ਪੂਰੇ ਹਿੰਦੁਸਤਾਨ ਵਿੱਚ ਜਿੰਨੇ ਫੰਡਜ਼ ਦਿੱਤੇ ਹਨ, ਉਸ ਦਾ 22 ਫੀਸਦੀ ਇੱਕਲੇ ਪੰਜਾਬ ਨੂੰ ਦਿੱਤਾ। (ਆਪੋਜੀਸ਼ਨ ਪਾਰਟੀ ਵੱਲੋਂ ਥੰਪਿੰਗ) ਜਿਸ ਕਿਸੇ ਨੇ ਮਦਦ ਕੀਤੀ ਹੋਵੇ, ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਹਾਊਸ ਵੱਲੋਂ ਉਨ੍ਹਾਂ ਨੂੰ ਕਨਵੇਅ ਕਰੋ ਕਿ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ ਹੈ ਤਾਂ ਇਹ ਬਹੁਤ ਚੰਗੀ ਗੱਲ ਹੋਵੇਗੀ।

ਸਪੀਕਰ ਸਾਹਿਬ, ਮੇਰੇ ਕੋਲ ਕੁਝ ਪੇਪਰ ਹਨ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਇਸ ਸਾਲ ਵਿੱਚ ਪੰਜਾਬ ਦੀਆਂ ਨਦੀਆਂ ਵਿੱਚ ਕੋਈ ਪ੍ਰਦੂਸ਼ਿਤ ਪਾਣੀ ਨਹੀਂ ਪਵੇਗਾ। Speaker Sahib, that forms a breach of privilege. When he gets up to answer, to reply to this debate, I would like him to tell the status of this. Nothing has been done. ਇਹ ਛੱਡੋ, ਜੋ ਇਨ੍ਹਾਂ ਨੇ ਸਾਲ 2011 ਦੇ ਵਿੱਚ ਕਿਹਾ ਸੀ ਕਿ ਮੈਂ ਤੁਹਾਨੂੰ ਆਸ਼ਵਾਸਨ ਦਿਵਾਉਂਦਾ ਹਾਂ ਕਿ ਗੰਦੇ ਪਾਣੀ ਦਾ ਇੱਕ ਵੀ ਤੁਪਕਾ ਨਾ ਤਾਂ ਸਤਲੁਜ ਦਰਿਆ ਵਿੱਚ ਪੈਣਾ ਹੈ, ਨਾ ਬਿਆਸ ਵਿੱਚ ਪੈਣਾ ਹੈ, ਪੰਜਾਬ ਦੀਆਂ ਸਾਰੀਆਂ ਨਦੀਆਂ ਵਿੱਚ ਇਹ ਗੰਦਾ ਪਾਣੀ ਬੰਦ ਹੋ ਜਾਵੇਗਾ ਪਰ ਕੁਝ ਵੀ ਨਹੀਂ ਕੀਤਾ ਗਿਆ। ਪਰ ਇਸ ਤੋਂ ਵੀ ਹੋਰ ਸ਼ਰਮਨਾਕ ਗੱਲ ਕੀ ਹੋਵੇਗੀ ਕਿ ਅਸੀਂ ਕੈਂਸਰ ਦੀ ਬਿਮਾਰੀ ਦੂਰ ਕਰਨ ਲਈ ਭਾਵੇਂ ਲੜਾਈ ਲੜ ਰਹੇ ਹਾਂ, ਭਾਵੇਂ ਕੈਂਸਰ ਬਾਰੇ ਗੱਲਾਂ ਕਰ ਰਹੇ ਹਾਂ, ਅਸੀਂ ਕੈਂਸਰ ਫੰਡ ਇੱਕਠੇ ਕਰ ਰਹੇ ਹਾਂ ਚੀਫ ਮਨਿਸਟਰਜ਼ ਕੈਂਸਰ ਫੰਡ ਤਿਆਰ ਹੋ ਰਿਹਾ ਹੈ, ਪਰ ਪਹਿਲਾਂ ਆਪਾਂ ਲੋਕਾਂ ਨੂੰ ਕੈਂਸਰ ਦਾ ਭੁਗਤ ਭੋਗੀ ਬਣਾ ਰਹੇ ਹਾਂ। ਉਹ ਗੰਦਾ ਪਾਣੀ ਪੀਣ ਲਈ ਮਜਬੂਰ ਹਨ in spite of the fact that Central Government has been kind enough to give as much money as they want. ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਦਾ ਇਨ੍ਹਾਂ ਨੂੰ ਜਵਾਬ ਦੇਣਾ ਪਵੇਗਾ। ਅੱਜ ਮੇਰੇ ਕਾਬਲ ਦੋਸਤ ਆਦੇਸ਼ ਪ੍ਰਤਾਪ ਸਿੰਘ ਕੈਰੋਂ ਜੀ, ਇਥੇ ਬੈਠੇ ਨਹੀਂ ਹਨ। ਬਹੁਤ ਸਾਰੇ ਐਸੇ ਮੁੱਦੇ ਹੁੰਦੇ ਹਨ, ਕਿਉਂਕਿ ਹਾਊਸ ਬਦਲ ਜਾਂਦਾ ਹੈ, ਕੋਈ ਸਾਥੀ ਆ ਜਾਂਦੇ ਹਨ ਅਤੇ ਕੋਈ ਰਹਿ ਜਾਂਦੇ ਹਨ but issues remain. ਅੱਜ ਵੀ ਪੰਜਾਬ ਵਿੱਚ ਉਹ ਸਵਾਲ ਖੜ੍ਹਾ ਹੈ, ਅੱਜ ਮਾਨਯੋਗ ਡਿਪਟੀ ਚੀਫ ਮਨਿਸਟਰ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਇਥੇ ਬੈਠੇ ਨਹੀਂ ਹਨ, ਉਹ ਉਸ ਦਿਨ ਬੜੇ ਮੰਦ-ਮੰਦ ਮੁਸਕਰਾ ਰਹੇ ਸੀ, ਜਦੋਂ ਮੈਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੱਲ ਗੱਲ ਕੀਤੀ ਸੀ, but Adesh Pratap Singh Kairon was a bit uncomfortable otherwise ਉਹ ਬਹੁਤ ਹੀ ਨਿੱਘੇ ਸੁਭਾਅ ਦੇ ਹਨ ਲੇਕਿਨ ਉਸ ਸਮੇਂ he lost his cool. ਚਾਹੇ ਕੋਈ ਵੀ ਗੱਲ ਹੈ, ਸਪੀਕਰ ਸਾਹਿਬ, ਸਵਾਲ ਅੱਜ ਵੀ ਉਹੀ ਹੈ, 23 ਕਰੋੜ ਲਿਟਰ ਮਿੱਟੀ ਦਾ

[ਸ਼੍ਰੀ ਸੁਨੀਲ ਜਾਖੜ]

ਤੇਲ ਕੇਂਦਰ ਸਰਕਾਰ ਤੋਂ ਅਕਾਲੀ ਭਾਜਪਾ ਸਰਕਾਰ ਹਰ ਸਾਲ ਲੈ ਕੇ ਆ ਰਹੀ ਹੈ ਇਹ ਅਪਰੌਕਸੀਮੇਟਲੀ ਹੈ, ਕਦੇ 23 ਕਰੋੜ ਲਿਟਰ ਤੇਲ ਆ ਜਾਂਦਾ ਹੈ, ਕਦੇ ਸਾਢੇ 23 ਕਰੋੜ ਲਿਟਰ, ਸਾਢੇ 22 ਕਰੋੜ ਲਿਟਰ ਤੇਲ ਆ ਜਾਂਦਾ ਹੈ। ਇਸੇ ਦੀ ਇਨਟਾਈਟਲਮੈਂਟ ਹੈ ਕਿ 10 ਲਿਟਰ ਇੱਕ ਪਰਿਵਾਰ ਨੂੰ ਦੇਣਾ ਹੈ, ਜੇ ਕਿਸੇ ਕੋਲ ਨੀਲਾ ਜਾਂ ਪੀਲਾ ਰਾਸ਼ਨ ਕਾਰਡ ਹੈ, all we require is a ration card but we should not have a gas connection. ਸਪੀਕਰ ਸਾਹਿਬ, 23 ਕਰੋੜ ਲਿਟਰ ਤੇਲ is good enough for 20 lac families. 20 ਲੱਖ ਪਰਿਵਾਰਾਂ ਵਾਸਤੇ 24 ਕਰੋੜ ਲਿਟਰ ਮਿੱਟੀ ਦੇ ਤੇਲ ਦਾ ਕੋਟਾ ਹੈ। ਉਸ ਦਿਨ ਕੈਰੋਂ ਸਾਹਿਬ ਨੇ ਦੱਸਿਆ ਕਿ ਅਸੀਂ ਉਸ ਵਿਚੋਂ ਕੁਝ ਘਟਾ ਕੇ ਕਿਸੇ ਨੂੰ ਤਿੰਨ ਲਿਟਰ ਦਿੰਦੇ ਹਾਂ ਅਤੇ ਕਿਸੇ ਨੇ ਪੰਜ ਲਿਟਰ ਦਿੰਦੇ ਹਾਂ। ਇਸ ਦਾ ਮਤਲਬ ਹੈ ਕਿ ਜਿਹੜਾ 20 ਲੱਖ ਫੈਮਲੀਜ਼ ਦਾ ਡਿਸਟਰੀਬਿਊਸ਼ਨ ਏਰੀਆ ਸੀ, that has been increased, may be the entire population of Punjab is getting. But I am of the very firm opinion. ਸਪੀਕਰ ਸਾਹਿਬ, ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪੰਜਾਬ ਦੇ ਵਿੱਚ ਅੱਜ ਕਿਸੇ ਦੇ ਘਰ ਵਿੱਚ ਉਹ ਪੰਪ ਮਾਰਨ ਵਾਲਾ ਸਟੋਵ ਹੈ ਹੀ ਨਹੀਂ। ਫਿਰ 23 ਕਰੋੜ ਲਿਟਰ ਮਿੱਟੀ ਦਾ ਤੇਲ ਕਿੱਥੇ ਜਾਂਦਾ ਹੈ? ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਤਾਂ ਇਸ ਮੈਨੀਫੈਸਟੋ ਵਿੱਚ ਲਿਖਿਆ ਹੈ ਕਿ ਅਸੀਂ ਬੀ.ਪੀ.ਐਲ. ਪਰਿਵਾਰਾਂ ਨੂੰ, ਗਰੀਬ ਪਰਿਵਾਰਾਂ ਨੂੰ ਗੈਸ ਕੁਨੈਕਸ਼ਨ ਦਿਆਂਗੇ। ਇਹ ਬਿਲਕੁਲ ਨਹੀਂ ਦਿੱਤੇ ਗਏ। However, that is a very forward thinking approach and we would second it and we will go to the Petro Companies, we will also fight for the case. But they should say to Central Government ਕਿ ਤੁਸੀਂ ਇੰਨਾ ਪੈਸਾ ਵਿਅਰਥ ਨਾ ਕਰੋ। ਇਹ ਸਾਰੇ ਦਾ ਸਾਰਾ ਪੈਟਰੋਲ ਪੰਪਾਂ ਤੇ ਤੁਰਿਆ ਜਾਂਦਾ ਹੈ। ਇੱਕ ਤਾਂ ਇਹ ਤੇਲ ਗਰੀਬਾਂ ਨੂੰ ਨਹੀਂ ਮਿਲਦਾ, ਅਤੇ ਨਾਲ ਹੀ ਜਿਹੜੇ ਕਿਸਾਨਾਂ ਦੇ ਟ੍ਰੈਕਟਰ ਹਨ, ਉਨ੍ਹਾਂ ਦਾ ਇਹ ਸਤਿਆਨਾਸ ਕਰੀ ਜਾਂਦਾ ਹੈ, ਕਿਉਂਕਿ ਪੰਪਾਂ ਵਾਲੇ ਡੀਜ਼ਲ ਦੇ ਵਿੱਚ ਮਿੱਟੀ ਦਾ ਤੇਲ ਮਿਲਾ ਕੇ ਦੇ ਰਹੇ ਹਨ। ਸਪੀਕਰ ਸਾਹਿਬ, ਸਵਾਲ ਫਿਰ ਉਥੇ ਹੀ ਖੜ੍ਹਾ ਹੈ। ਉਹ ਤੇਲ ਪੰਜ ਸਾਲ ਕਿੱਥੇ ਗਿਆ? ਇਹ ਕਹਿੰਦੇ ਹਨ ਕਿ ਕਾਂਗਰਸ ਨੂੰ ਆਟਾ-ਦਾਲ ਸਕੀਮ ਨੇ ਹਰਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਟਾ ਕਿੱਥੇ ਹੈ? Where is the Atta which is prefixed on this scheme. ਹੁਣ ਤਾਂ ਦਾਲ ਹੀ ਦਾਲ ਰਹਿ ਗਈ ਹੈ, ਇਨ੍ਹਾਂ ਨੇ ਆਟਾ ਦੇਣਾ ਤਾਂ ਬੰਦ ਕਰ ਦਿੱਤਾ ਹੈ। ਜਦੋਂ ਮੈਂ ਇਥੋਂ ਸਦਨ ਵਿੱਚ ਰੌਲਾ ਪਾਇਆ ਉਸ ਤੋਂ ਬਾਅਦ ਆਟਾ ਮਿਲਣਾ ਬੰਦ ਹੋ ਗਿਆ, my simple question was ਕਿ 6 ਰੁਪਏ ਕਿਲੋ ਸੈਂਟਰ ਵਿੱਚੋਂ ਕਣਕ ਆਉਂਦੀ ਹੈ। ਤੁਸੀਂ 12 ਰੁਪਏ ਕਿਲੋ ਆਟਾ ਦੇ ਰਹੇ ਹੋ। ਤੁਸੀਂ ਗਲਤ ਕਹਿ ਦਿੱਤਾ ਕਿ 4 ਰੁਪਏ ਕਿਲੋ, 4 ਰੁਪਏ ਤਾਂ ਦੇ ਦਿਉ ਪਰ ਆਟਾ ਦਿੰਦੇ ਸੀ 12 ਰੁਪਏ ਕਿਲੋ। A very simple question, 6 ਰੁਪਏ ਦੀ ਕਣਕ 12 ਰੁਪਏ ਦੀ ਕਿਵੇਂ ਹੋ ਗਈ, ਆਟਾ ਪੀਹਣ ਤੇ ਕਿੰਨਾ ਪੈਸਾ ਲੱਗਿਆ? ਇਸ ਦਾ 5 ਸਾਲਾਂ ਦਾ ਹਿਸਾਬ ਜਨਤਾ ਨੂੰ ਦੇਣਾ ਪਵੇਗਾ, may

be we could not take our case to the people in the proper form but we will not leave it to that, we will not leave it. We will get to the bottom. ਮੈਂ ਅੱਜ ਵੀ 12 ਹਜ਼ਾਰ ਐਫੀਡੇਵਿਟ ਸੰਭਾਲ ਕੇ ਬੈਠਾ ਹਾਂ। ਉਦੋਂ ਮੈਨੂੰ ਕੈਰੋਂ ਸਾਹਿਬ ਨੇ ਕਿਹਾ ਸੀ ਕਿ ਇਹ ਮੈਨੂੰ ਦੇ ਦਿਉ। ਮੈਂ ਇਨ੍ਹਾਂ ਦੀ ਤਹਿਕੀਕਾਤ ਕਰਵਾ ਲਵਾਂਗਾ। ਮੈਂ ਕਿਹਾ ਨਹੀਂ ਜੀ। I will take it to some appropriate forum. ਮੈਂ ਕੁਝ ਹੋਰ ਨਾ ਵੀ ਕਰਾਂ, ਭਾਵੇਂ ਉਹ ਸਾਨੂੰ ਮਾੜਾ ਦੱਸਦਾ, ਮੈਂ ਉਸ ਬਾਬੇ ਦੇ ਵੀ ਜਾ ਵੜਨਾਂ ਹੈ, ਅੰਨਾ ਹਜ਼ਾਰੇ ਦੇ ਵੀ ਵੜਨਾ ਹੈ ਕਿ ਆਹ ਲਉ ਇਨ੍ਹਾਂ ਦਾ ਤੁਸੀਂ ਨਿਚੋੜ ਕੱਢ ਲਉ। If Congress is corrupt then you go and enquire into it. ਇਹ ਕਹਿੰਦੇ ਹਨ ਕਿ ਸੀ.ਬੀ.ਆਈ ਵਿੱਚ ਸਾਡਾ ਵਿਸ਼ਵਾਸ ਹੈ ਨਹੀਂ, ਸੀ.ਬੀ.ਆਈ ਤੋਂ ਨਾ ਕਰਾਓ then I will go to this man ਉਹ ਆਦਰਯੋਗ ਹੈ, he is fighting against corruption. ਕੋਈ ਵੀ ਅਜਿਹਾ ਸਾਂਝਾ ਬਾਬਾ, ਸੀਚੇਵਾਲ ਸਾਹਿਬ ਜੇਕਰ ਕੁਝ ਕਰ ਸਕਦੇ ਹਨ I will take it to him but Speaker Sahib, answer must be taken.

ਮੁੱਖ ਮੰਤਰੀ : ਮੈਂ ਬਾਬਾ ਬੈਠਾ ਹਾਂ ਜੀ। (ਹਾਸਾ)

ਸ੍ਰੀ ਸੁਨੀਲ ਜਾਖੜ : ਤੁਹਾਡੇ ਤੇ ਤਾਂ ਸਾਨੂੰ ਯਕੀਨ ਹੈ। ਤੁਸੀਂ ਮਹਿਸੂਸ ਕਰ ਜਾਂਦੇ ਹੋ। ਅਸੀਂ ਜਦੋਂ ਤੁਹਾਨੂੰ ਬਾਬਾ ਕਹਿੰਦੇ ਹਾਂ, ਇਨ੍ਹਾਂ ਨੇ ਕਹਿ ਦਿੱਤਾ ਕਿ ਤੁਸੀਂ ਮੈਨੂੰ ਬਾਬਾ ਨਾ ਕਿਹਾ ਕਰੋ।

(ਆਵਾਜ਼: ਫਿਰ ਸਾਡੇ ਤੇ ਵਿਸ਼ਵਾਸ ਰੱਖੋ।)

ਅਸੀਂ ਵਿਸ਼ਵਾਸ ਕਰਨਾ ਚਾਹੁੰਦੇ ਹਾਂ। ਸਾਨੂੰ ਵਿਸ਼ਵਾਸ ਕਰਵਾਉ। ਤਾੜੀ ਦੋਨਾਂ ਹੱਥਾਂ ਨਾਲ ਵੱਜਦੀ ਹੈ। ਜੇ ਅਸੀਂ ਇੱਕਲੀ ਵਜਾਈ ਜਾਈਏ ਤਾਂ ਨਹੀਂ ਵੱਜਦੀ। ਤਾੜੀ ਦੋਨਾਂ ਹੱਥਾਂ ਨਾਲ ਵੱਜਦੀ ਹੈ। ਸਪੀਕਰ ਸਾਹਿਬ, ਜਦੋਂ ਮੌਕਾ ਆਉਂਦਾ ਹੈ, ਮੈਂ ਤਾਂ ਕਿਹਾ ਸੀ ਕਿ ਤੁਹਾਡੇ ਵਾਲੀ ਦਿੱਲੀ ਵਾਲੀ ਪ੍ਰਥਾ ਕਰ ਦਿਉ। ਸਾਡੇ ਬਜੁਰਗ ਖੜ੍ਹੇ ਹੋ ਕੇ ਕਹਿ ਦਿੰਦੇ ਹਨ ਕਿ ਦਿੱਲੀ ਪ੍ਰਥਾ ਹੋਰ ਹੈ, ਸਾਡੀ ਹੋਰ ਹੈ। ਜਦੋਂ ਮੌਕਾ ਆਇਆ ਇਨ੍ਹਾਂ ਨੇ ਮੌਕੇ ਦੇ ਹਿਸਾਬ ਨਾਲ ਪ੍ਰਥਾ ਬਣਾ ਦੇਣੀ ਹੈ। Speaker Sahib, that is not done. The people of Punjab want an answer and there is also a question begging an answer. ਸਪੀਕਰ ਸਾਹਿਬ, 800 ਕਰੋੜ ਰੁਪਿਆ 2009-10 ਮੌਕੇ ਦੌਰਾਨ ਆਇਆ ਸੀ। ਉਹ ਵਿਚਾਰਾ ਬਲਬੀਰ ਸਿੰਘ ਰਾਜੇਵਾਲ ਧਰਨੇ ਤੇ ਬੈਠਾ ਸੀ, ਉਸ ਨੂੰ ਜੂਸ ਪਿਆ ਕੇ ਤੋਰ ਦਿੱਤਾ, ਮਾਤੜ ਨੂੰ ਜੂਸ ਪਿਆ ਕੇ ਤੋਰ ਦਿੱਤਾ। ਕਹਿੰਦੇ ਕਿ ਅੱਧਾ ਕੁ ਦੇ ਦਿਆਂਗੇ, ਇੱਕ ਕਿਸ਼ਤ ਦੇ ਦਿੱਤੀ। ਬਾਕੀ ਪੈਸਾ ਅੱਜ ਤੱਕ ਬਕਾਇਆ ਪਿਆ ਹੈ। ਇਹ ਕਿਸਾਨ ਦੀ ਗੱਲ ਕਰਦੇ ਹਨ? ਅੱਜ ਤੱਕ ਬਕਾਇਆ ਪਿਆ ਹੈ। ਪੈਸਾ ਕੌਣ ਦੇਵੇਗਾ, ਖਜ਼ਾਨੇ ਭਰੇ ਪਏ ਹਨ ਸਵੇਰੇ ਚੈੱਕ ਕੱਟ ਕੇ ਭੇਜ ਦਿਉ। He has made many promises. ਸਾਡੇ ਵੀ ਗਏ ਸੀ, I do not want to bring it now. ਇਨ੍ਹਾਂ ਨੇ ਆਪ ਤਾਂ ਕਈ ਵਾਰ ਕਹਿ ਲਿਆ ਕਿ ਚੌਧਰੀ ਸਾਹਿਬ ਤਾਂ

[ਸ਼੍ਰੀ ਸੁਨੀਲ ਜਾਖੜ]

ਅਬੋਹਰ ਵਿੱਚ ਉਲਝ ਕੇ ਰਹਿ ਗਏ, ਉਲਝਣ ਨਾ ਤਾਂ ਕੀ ਕਰਨ। ਉਥੇ ਗੰਦੇ ਹਾਲਾਤ ਵਿੱਚ ਲੋਕ ਵੱਸ ਰਹੇ ਹਨ। It is not the story just of Abohar ਹੋਰ ਜਗ੍ਹਾ ਉੱਤੇ ਵੀ ਐਡਾ ਮਾੜਾ ਹਾਲ ਹੋਇਆ ਹੈ। Speaker Sahib, every city, every small-medium city has turned into slum and that brings me to this emotive issue which always rakes up. ਜਦੋਂ ਪੈਸੇ ਦਾ ਇੰਤਜ਼ਾਮ ਨਹੀਂ, how do you deflect the attention? ਇਹ ਤਾਂ ਉਹ ਗੱਲ ਹੈ ਕਿ ਜਦੋਂ ਨਿਊਲਾ ਸੱਪ ਦੇ ਨਾਲ ਲੜਦਾ ਹੈ ਉਸ ਨੂੰ ਪਤਾ ਹੁੰਦਾ ਹੈ ਕਿ ਸੱਪ ਮਾਰੇਗਾ ਤਾਂ ਫਿਰ ਉਹ ਉਸ ਨੂੰ ਡਿਸਟ੍ਰੈਕਟ ਕਰਨ ਲਈ ਕੀ ਕਰਦਾ ਹੈ, ਕਿਉਂਕਿ ਜਿਹੜਾ ਸੱਪ ਫਨੀਅਰ ਖੜ੍ਹਾ ਹੈ it is very focused, its all attention is to jump on. ਫਿਰ ਉਹ ਕੀ ਕਰਦਾ ਹੈ ਕਿ ਮਾੜੀ ਜਿਹੀ ਪੂਛ ਹਿਲਾ ਦਿੰਦਾ ਹੈ, ਜਦੋਂ ਪੂਛ ਹਿਲਦੀ ਹੈ ਤਾਂ ਸੱਪ ਦਾ ਧਿਆਨ ਉਧਰ ਚਲਾ ਜਾਂਦਾ ਹੈ, then he goes and grabs it. ਲੋਕਾਂ ਦਾ ਧਿਆਨ ਪਾਸੇ ਕਰਨ ਵਾਸਤੇ ਅੱਜ ਇੱਥੇ ਆ ਗਿਆ ਕਿ ਚੰਡੀਗੜ੍ਹ ਦਾ ਬੜਾ ਇਸ਼ੂ ਹੈ, ਸਾਡਾ ਚੰਡੀਗੜ੍ਹ ਸਾਡੀ ਰਾਜਧਾਨੀ, ਇਹ ਇਥੇ ਆ ਗਿਆ। ਤੁਸੀਂ ਪੰਜ ਸਾਲਾਂ ਵਿੱਚ ਕੀ ਕੀਤਾ? What have you done in the last five years that we should believe you now? What have you done in the last five year that we should believe you now about Chandigarh. ਇਨ੍ਹਾਂ ਨੇ ਕੀ ਕੀਤਾ ਪਰ ਚਲੋ, ਸਪੀਕਰ ਸਾਹਿਬ, ਇਸ ਨੂੰ ਛੱਡੋ। The basic property rights about who has the right on Chandigarh or not, this is a very emotive and ticklish issue and legal situation but ਸਪੀਕਰ ਸਾਹਿਬ, ਮੇਰਾ ਹੰਬਲ ਸਵਾਲ ਹੈ ਕਿਉਂਕਿ ਇਨ੍ਹਾਂ ਨੇ ਕਿਹਾ ਹੈ 'ਬਾਬਾ', then I have to always learn so much from him. I would say he is a storehouse of wisdom. One should learn so many things from him barring a few. ਇਨ੍ਹਾਂ ਨੂੰ ਪੰਜਾਬ ਦੇ ਦੂਜੇ ਸ਼ਹਿਰਾਂ ਨੂੰ ਚੰਡੀਗੜ੍ਹ ਵਰਗਾ ਬਣਾਉਣ ਲਈ ਕੌਣ ਰੋਕਦਾ ਸੀ? ਚੰਡੀਗੜ੍ਹ ਕੋਈ ਉਤੋਂ ਤਾਂ ਨਹੀਂ ਡਿਗਿਆ। It was just a barren piece of land. ਇਸ ਨੂੰ ਚੰਡੀਗੜ੍ਹ ਬਣਾ ਦਿੱਤਾ, ਸੂਝ ਬੂਝ ਨਾਲ ਬਣਾ ਦਿੱਤਾ, It is still being maintained well. Why can't we change the state of other cities. ਜਦੋਂ ਸੈਂਟਰ ਸਰਕਾਰ ਜਵਾਹਰ ਲਾਲ ਨਹਿਰੂ ਅਰਬਨ ਰਿਨਿਊਅਲ ਮਿਸ਼ਨ ਦੇ ਤਹਿਤ, ਗੱਲ ਦਾ ਸਵਾਦ ਜਾਂਦਾ ਰਹਿੰਦਾ ਹੈ, ਕਾਲੀਆ ਸਾਹਿਬ ਜਾਂਦੇ ਰਹੇ ਉਨ੍ਹਾਂ ਨਾਲ ਮੇਰੀ ਇੱਥੇ ਬੜੀ ਬਹਿਸ ਹੋਈ ਸੀ; I said why was Abohar excluded from the medium and small towns, ਰਿਨਿਊਅਲ ਮਿਸ਼ਨ ਦੇ ਜਿਹੜੇ ਪੈਸੇ ਆਏ ਸੀ, why was Abohar segregated? ਇਸੇ ਤਰ੍ਹਾਂ ਬਟਾਲੇ ਤੋਂ ਸਾਹਨੀ ਸਾਹਿਬ ਮੈਂਬਰ ਹੁੰਦੇ ਸਨ, ਉਹ ਅੱਜ ਸਾਡੇ ਵਿੱਚ ਬੈਠੇ ਨਹੀਂ ਹਨ। He had also gotten up and supported me ਅਤੇ ਉਹ ਕਹਿੰਦੇ ਕਿ ਸੁਨੀਲ ਜੀ ਤੁਹਾਡੀ ਗੱਲ ਸਿਧਾਂਤਿਕ ਤੌਰ ਤੇ ਬਿਲਕੁਲ ਠੀਕ ਹੈ। let there be a criteria on the basis of which these funds are to be allocated. It should not be left to the discretion of any single man's whims and fancies. The

Government runs on policies not on some fellows sitting here who have been lucky enough to get on the mentle of being a Minitser. There have to be policies and policies have to be consistent and followed through and through. There can not be any disparity ਕਿ ਏਥੇ ਕਾਂਗਰਸ ਹੈ ਇਸ ਨੂੰ ਰਗੜੋ, ਕਿਉਂਕਿ ਮੇਰੇ ਨਾਲ ਬਣਦੀ ਨਹੀਂ, ਮੇਰੇ ਆ ਕੇ ਗੋਡੇ ਹੱਥ ਨਹੀਂ ਲਾਉਂਦਾ। Of course, we would have welcomed them. But nowhere in the Governor's Address they have reddressed these issues.

Another issue which they always rake up, ਸਪੀਕਰ ਸਾਹਿਬ, ਕਹਿੰਦੇ ਕਿ ਕੇਂਦਰ ਸਰਕਾਰ ਨੇ ਸਾਨੂੰ ਮਰਵਾ ਦਿੱਤਾ, ਪੰਜਾਬ ਨੂੰ ਮਾਰ ਦਿੱਤਾ। ਹਿਮਾਚਲ ਪ੍ਰਦੇਸ਼ ਨੂੰ ਸਪੈਸ਼ਲ ਕੈਟੇਗਰੀ ਦਾ ਬਣਾ ਕੇ ਉਥੇ ਇੰਡਸਟਰੀਅਲ ਰਿਆਇਤਾਂ ਦੇ ਦਿੱਤੀਆਂ। So, I went into details and found out ਕਿ ਕਿੰਨੀ ਤਰੀਕ ਨੂੰ ਉਹ ਫੈਸਲਾ ਹੋਇਆ। ਇਹ ਫੈਸਲਾ ਬੀ.ਜੇ.ਪੀ. ਦੇ ਰਾਜ ਵਿੱਚ ਹੋਇਆ। ਮੈਂ ਇਨ੍ਹਾਂ ਨੂੰ ਤਰੀਕ ਦੱਸ ਦਿੰਦਾ ਹਾਂ। because they always get confused. File No. is 49/3 dated 10.6.2003. If you want to ask that when this file was moved, it was moved during those 13 months when Dy. C.M. was the Minister of state for Industries in the Centre Govt. The file was moved then and it was approved when Mr.Dhindsa was Minister there at the Centre. That day it was passed in the Parliament under the N.D.A. govt. ਇਸ ਨੂੰ ਐਨ.ਡੀ.ਏ. ਸਰਕਾਰ ਨੇ 2013 ਤੱਕ ਪਾਸ ਕੀਤਾ। ਉਸ ਗੱਲ ਤੇ ਤੁਸੀਂ ਮਿੱਟੀ ਪਾਉ। You stop misleading people of Punjab. What you should do? ਸਪੀਕਰ ਸਾਹਿਬ, ਮੈਂ ਤੁਹਾਨੂੰ ਸੁਝਾਅ ਦੇਣ ਲੱਗਾ ਹਾਂ without any discrimination ਕਿਉਂਕਿ ਤੁਹਾਡੇ ਵੱਲੋਂ ਹੀ ਕਿਹਾ ਜਾਂਦਾ ਹੈ ਕਿ ਆਪੋਜ਼ੀਸ਼ਨ ਵੱਲੋਂ ਅੱਛੇ ਸੁਝਾਅ ਦਿੱਤੇ ਜਾਣੇ ਚਾਹੀਦੇ ਹਨ। This is something which is for the people of Punjab. ਅਗਲੇ ਸਾਲ ਉਥੇ ਦੁਕਾਨਾਂ ਬੰਦ ਹੋ ਜਾਣੀਆਂ ਹਨ। There is no love lost between people sitting in Bombay, Andhra Pradesh, or anywhere in India and they don't want to go. ਕਿ ਇਥੇ ਉਥੇ ਜਾ ਕੇ ਬੱਦੀ ਜਾਉ। ਕਿਤੇ ਜਾਉ all of them are based here in Chandigarh. Everybody passes though and try to make ਕਿ ਸ਼ਾਮ ਨੂੰ ਵਾਪਸ ਵਾਲੀ ਫਲਾਈਟ ਫੜ੍ਹ ਲਉ। ਏਸੇ ਕਰਕੇ ਨਾ ਸ਼ਤਾਬਦੀ ਵਿੱਚ ਜਗ੍ਹਾ ਮਿਲਦੀ ਹੈ, ਨਾ ਜਹਾਜ਼ ਵਿੱਚ ਜਗ੍ਹਾ ਮਿਲਦੀ ਹੈ। Why cannot we think ahead, what are we doing to encourage to bring Industry here? ਕਿਉਂ ਨਹੀਂ, ਹੁਣ ਤਾਂ ਤੁਹਾਡੇ ਕੋਲ ਲਿੰਕ ਬਣ ਗਿਆ। ਹੁਣ ਬੱਦੀ ਤੋਂ ਸਿੱਧੀ ਏਥੇ ਸੜਕ ਪਹੁੰਚੀ ਹੈ। ਇਹ ਠੀਕ ਹੈ ਕਿ ਪਹਿਲਾਂ ਇਸ ਤਰ੍ਹਾਂ ਦੀਆਂ ਸਹੂਲਤਾਂ ਨਹੀਂ ਸਨ। You provide them all facilities here. Put up one of these power

[ਸ਼੍ਰੀ ਸੁਨੀਲ ਜਾਖੜ]

to plants you keep harping about. Why cannot you dedicate that particular plant to this one city. ਕਿ ਇਸ ਸਿਟੀ ਨੂੰ ਜੇ ਪਾਵਰ ਏਥੋਂ ਦਿਆਂਗੇ ਤਾਂ ਜਿਹੜੀ ਉਥੋਂ ਫਾਰਮਾਸਿਊਟੀਕਲ ਇੰਡਸਟਰੀ ਆਵੇਗੀ, ਉਥੋਂ ਜੋ ਕੁਝ ਆਵੇਗਾ, ਏਥੇ ਲਿਆਓ। ਐਵੇਂ ਬਿਨਾਂ ਮਤਲਬ ਦੇ ਆ ਕੇ ਗੱਲ ਨਾ ਕਰੀ ਜਾਓ। ਪਿਛਲੇ ਪੰਜ ਸਾਲਾਂ ਦੀਆਂ ਮੇਰੇ ਕੋਲ ਫਿਗਰਜ਼ ਹਨ। ਇਨ੍ਹਾਂ ਨੇ ਦੱਸਿਆ ਸੀ ਕਿ 60,000 ਕਰੋੜ ਰੁਪਏ ਦੇ ਮੈਗਾ ਪ੍ਰਾਜੈਕਟ ਪਾਸ ਕੀਤੇ ਸਨ। Out of that how many have been realized or are in the process of coming up? ਸਿਰਫ 9,000 ਕਰੋੜ ਰੁਪਏ ਦਾ ਹੀ ਕੰਮ ਹੋ ਰਿਹਾ ਹੈ, because there is no Industrial Policy, there is no industrial climate, there is no skilled manpower and that brings me to our Education Minister. ਸਪੀਕਰ ਸਾਹਿਬ, ਮੈਨੂੰ ਮੌਕਾ ਮਿਲਿਆ। Dy.C.M has engaged a very learned man Mr. promod Kumar ji, to overhaul the administrative system and to suggest some reforms. ਉਨ੍ਹਾਂ ਦੇ ਨਾਲ ਬੈਠ ਕੇ ਮੈਨੂੰ ਕੁਝ ਦੇਰ ਗੱਲ ਕਰਨ ਦਾ ਮੌਕਾ ਮਿਲਿਆ ਹੈ। Here is the crux which I would like to bring to the attention of our Education Minister. ਸਪੀਕਰ ਸਾਹਿਬ, ਹੁਣ ਗੱਲ ਸੁਣ ਲਉ। Punjab has done exceedingly well in terms of physical infrastructure. It ranked at No. three only behind kerala and Haryana good. On accessibility for the Primary Education. Punjab has ranked 16th and on teachers at 13th out of 35 states and U.Ts. ਹੁਣ ਸੁਣਿਉ ਜੀ ਗੱਲ ਜਿਹੜੀ ਹੈ, paradoxically its performance is dismal on educational outcomes as it ranked 29th in comparison to Bihar, Rajasthan, West Bangal and Chhatisgarh. It is not just a matter of shame, it is a matter of concern for the people of punjab. Around 30 percent schools have teacher who don't have Higher Secondary Certificates, Which resulted in deteriorated quality of education and most of the educated youth, particularly rural youth, in Punjab have become unemployable. I am not going after anybody's academic qualification. I am not going after anybody's competency. Each one of them sitting in this House is far more intelligent than me but here is the question. Do they comprehend the challanges, they are going to face? ਜ਼ਿਮੀਦਾਰਾਂ ਦਾ ਪੁੱਤਰ ਆਈ.ਆਈ.ਟੀ. ਤੋਂ ਡਿਗਰੀ ਕਰ ਲੈਂਦਾ ਹੈ, ਕਿਸੇ ਪੋਲੀਟੈਕਨਿਕ ਤੋਂ ਡਿਪਲੋਮਾ ਕਰ ਲੈਂਦਾ ਹੈ, ਵਾਪਸ ਘਰ ਆ ਕੇ ਉਹ ਖੇਤਾਂ ਵਿਚ ਕੰਮ ਨਹੀਂ ਕਰਨਾ ਚਾਹੁੰਦਾ, ਉਹ ਨੌਕਰੀ ਭਾਲਦਾ ਹੈ। ਜਦੋਂ ਉਹ ਨੌਕਰੀ ਲਈ ਜਾਂਦਾ ਹੈ ਤਾਂ ਉਸ ਨੂੰ ਨੌਕਰੀ ਨਹੀਂ ਮਿਲਦੀ because of the kind of education he has been imparted with.

This is your job. You will have to come up to very high expectations. This is what the people of Punjab are looking for. ਤੁਸੀਂ ਵਿਰਸਾ ਤਾਂ ਸੰਭਾਲ ਲਿਆ ਪਰ ਅੱਗਾ ਕੌਣ ਸੰਭਾਲੇਗਾ। ਤੁਸੀਂ ਵਿਰਾਸਤਾਂ ਬਣਾ ਲਈਆਂ, ਉਹ ਵੀ ਤੁਹਾਡਾ ਵਿਰਸਾ ਹਨ, ਮੀਨਾਰਾਂ ਬਣਾ ਲਈਆਂ, ਇਹ ਸਭ ਤੁਸੀਂ ਉਨ੍ਹਾਂ ਜਵਾਨਾਂ ਵਾਸਤੇ ਛੱਡ ਕੇ ਜਾਉਗੇ, ਉਹ ਕੌਣ ਬਣਾ ਕੇ ਦੇਵੇਗਾ? ਉਹ ਤੁਹਾਨੂੰ ਬਣਾਉਣਾ ਪਵੇਗਾ ਕਿਉਂਕਿ ਤੁਸੀਂ ਇਸ ਗੱਦੀ ਤੇ ਬੈਠੇ ਹੋ। ਅੱਗਾ ਦੌੜ ਪਿੱਛਾ ਚੌੜ, ਸਕੂਲ ਖੋਲ੍ਹੀ ਜਾਓ, ਨਾਂ ਬਦਲੀ ਜਾਓ, ਆਦਰਸ਼ ਸਕੂਲ ਖੋਲ੍ਹੀ ਜਾਓ। ਮੈਂ ਤੁਹਾਨੂੰ ਸਪਸ਼ਟ ਦੱਸਾਂ ਕਿ ਮੈਨੂੰ ਕਿਸੇ ਆਈ.ਟੀ.ਆਈ. ਵਾਲੇ ਨੇ ਇਨਆਗੁਰੇਸ਼ਨ ਤੇ ਬੁਲਾ ਲਿਆ। I was ashamed to be there. ਮੈਂ ਉਨ੍ਹਾਂ ਨੂੰ ਪੁਛਿਆ ਕਿ ਪਤਾ ਨਹੀਂ ਤੁਸੀਂ ਮੇਰੇ ਵੋਟਰ ਹੋਣਾ ਹੈ ਪਰ ਰੱਬ ਨੂੰ ਮਾਲਾ ਫੇਰੀਂ ਕਿ ਜੇ ਅਸੀਂ ਜਿੱਤ ਕੇ ਆ ਗਏ ਤਾਂ ਇਕ ਗੱਲ ਪੱਕੀ ਹੈ ਤਾਂ ਮੈਂ ਇਥੇ ਬੁਲਡੋਜ਼ਰ ਚਲਵਾ ਦਿਆਂਗਾ। You are playing with the future of Punjab and I think that is the spirit the people of Punjab want to see in you. ਤੁਸੀਂ ਇਸ ਤਰ੍ਹਾਂ ਦੀ ਸੋਚ ਬਣਾਉ ਤੇ ਕਰਕੇ ਵਿਖਾਉ ਤਾਂ ਅਸੀਂ ਤੁਹਾਡੇ ਨਾਲ ਹਾਂ। ਮੈਂ ਜ਼ਿਆਦਾ ਕੁਝ ਵੀ ਨਹੀਂ ਕਹਿਣਾ ਚਾਹੁੰਦਾ ਹਾਂ ਪਰ ਜੇਕਰ ਮੈਂ ਨਹੀਂ ਬੋਲਾਂਗਾ ਤਾਂ I will be failing in my duty. ਇਹ ਵੀ ਇੱਕ ਸੈਂਸੇਟਿਵ ਇਸ਼ੂ ਹੈ ਪੰਜਾਬ ਦੇ ਨੌਜਵਾਨਾਂ ਵਾਸਤੇ, ਪੰਜਾਬ ਦੇ ਭਵਿੱਖ ਵਾਸਤੇ ਅਤੇ ਪੰਜਾਬ ਦੇ ਉਨ੍ਹਾਂ ਸ਼ਹੀਦਾਂ ਨਾਲ ਰਿਲੇਟਡ ਹੈ। ਮਾਨਯੋਗ ਮੁੱਖ ਮੰਤਰੀ ਜੀ ਨੇ ਇਹ ਹਾਉਸ ਅੱਗੇ ਪੁੱਟ-ਅੱਪ ਕੀਤਾ ਹੈ। ਸਪੀਕਰ ਸਾਹਿਬ, We all, especially in Punjab owe to Sardar Beant Singh today that we are standing here. We contest the elections in Punjab in free and fair manner. ਇਸ ਵਾਰੀ 80% ਵੋਟਾਂ ਪਈਆਂ ਹਨ। ਇੱਕ ਸਮਾਂ ਸੀ ਜਦੋਂ 250-250 ਵੋਟਾਂ ਵਾਲੇ ਵੀ ਇਥੇ ਜਿੱਤ ਕੇ ਆਏ ਸਨ। ਉਸ ਵੇਲੇ ਡਰ ਅਤੇ ਭੈਅ ਦਾ ਮਾਹੌਲ ਸੀ। Nobody could even dare to come out and vote and contest the election. Because of that one great man who sacrificed his life for us and the bigger sacrificed his family has done, who has agreed because Sardar Beant Singh sacrificed his life to bring peace in Punjab, (Thumping) his family has joined hands today and is of the view that peace in Punjab should be maintained. But it is incumbent upon the government of the day. ਸਰਕਾਰ ਦਾ ਕੋਈ ਧਰਮ ਨਹੀਂ ਹੁੰਦਾ। ਸਰਕਾਰ ਉਤੇ ਕਿਸੇ ਕਿਸਮ ਦਾ ਕੋਈ ਦਬਾਅ ਨਹੀਂ ਹੁੰਦਾ। ਪਰ ਇਸ ਸਰਕਾਰ ਦਾ ਇੱਕੋ ਧਰਮ ਹੈ ਰਾਜ ਧਰਮ ਅਤੇ we hope today and are looking forward that Badal Sahib will rise above these considerations and will do what is the best for the future of Punjab. The whole House respects the sacrifice made by Sardar Beant Singh and the spirit shown by the family of Sardar Beant Singh. We pay them the

[ਸ਼੍ਰੀ ਸੁਨੀਲ ਜਾਖੜ]

highest respect but we are looking at the Government for what sort of stand do they take. ਸਪੀਕਰ ਸਾਹਿਬ, ਅੱਜ ਇਸ ਗੱਲ ਦਾ ਅਫਸੋਸ ਹੈ ਕਿ ਸਾਡੇ ਕਈ ਸਾਥੀ ਅਜਿਹੇ ਹਨ ਜੋ ਚੁੱਪ ਕਰੀ ਬੈਠੇ ਹਨ। I would have loved very much if they would have spoken on this issue. They should have made their feelings known today instead of sitting there and talking about filmy dialogues. Today, Speaker Sahib, because I have spoken these words earlier also, at the cost of repeating my words.

ਢਲਤਾ ਸੂਰਜ ਫੈਲਾ ਜੰਗਲ ਰਸਤਾ ਗੰਮ।
ਹਮਸੇ ਪੂਛੋ ਕਿ ਆਲਮ ਕੈਸਾ ਹੋਤਾ ਹੈ।
ਜ਼ਖਮ ਤੋ ਹਮਨੇ ਇਨ ਆਖੋਂ ਸੇ ਦੇਖੇ ਹੈਂ।
ਸੁਣਤੇ ਆਏ ਹੈਂ ਕਿ ਮਲ੍ਹਮ ਹੋਤਾ ਹੈ।

ਅੱਜ ਉਹ ਮੱਲ੍ਹਮ ਲਗਾਉਣ ਦੀ ਜ਼ਰੂਰਤ ਹੈ। I hope somebody in this Government will rise and also apply this Mallaham. 25000 ਪੰਜਾਬੀਆਂ ਨੇ ਇੱਥੇ ਜਾਨਾਂ ਦਿਤੀਆਂ ਸਨ, ਉਨ੍ਹਾਂ ਦੀ ਵੀ ਸੁਧ ਲੈਣ ਵਾਸਤੇ ਕਦੇ ਨਾ ਕਦੇ ਤਾਂ ਬੋਲ ਦਿਆ ਕਰੋ। You should also speak for them. They are part of Punjab. ਪੰਜਾਬ ਵਾਸਤੇ ਗੱਲ ਕਰੋ, ਸਾਰੇ ਪੰਜਾਬ ਦੇ ਭਵਿੱਖ ਵਾਸਤੇ ਗੱਲ ਕਰੋ and people will love you. 25 ਸਾਲ ਕਿਉਂ ਸਾਰੀ ਉਮਰ ਕਰਦੇ ਰਹੀਓ ਪਰ ਕਿਸੇ ਛੋਟੀ ਗੱਲ ਦੇ ਵਿੱਚ ਪੈ ਕੇ ਪੰਜਾਬ ਵਿਚ but today it is your utmost duty to maintain law and order and peace in Punjab. ਅੱਜ ਦਹਿਸ਼ਤ ਦਾ ਮਾਹੌਲ ਹੈ, ਲੋਕਾਂ ਦੇ ਘਰਾਂ ਦੇ ਉਤੇ ਜਾ ਕੇ ਝੰਡੇ ਲਗਾਏ ਜਾ ਰਹੇ ਹਨ, ਲੋਕਾਂ ਦੇ ਘਰਾਂ ਉਤੇ ਜਾ ਕੇ ਖਾਲਿਸਤਾਨ ਦੇ ਨਾਅਰੇ ਲਗਾਏ ਜਾ ਰਹੇ ਹਨ। Is it not the duty of this Government? ਇਸ ਵਿੱਚ ਬਾਦਲ ਸਾਹਿਬ ਨੂੰ ਕਹਾਉਣਾ ਪਿਆ। He has done this time and again. I am sorry, I respect him from my deepest heart. But every time he has to get the Governor to speak his same statements. Here is an opportunity, Speaker Sahib, for him ਕਿ ਸੰਤ ਸਿਆਸਤਦਾਨ ਬਣਨ। ਨਾ ਕਿਸੇ ਗਵਰਨਰ ਸਾਹਿਬ ਨੂੰ ਕਹਿਣ ਦੀ ਲੋੜ ਪਵੇਗੀ, ਬੱਚਾ-ਬੱਚਾ ਪੰਜਾਬ ਦਾ ਕਹੇਗਾ ਕਿ ਵਾਕਿਆ ਹੀ ਸਾਡੇ ਪੰਜਾਬ ਦਾ ਸੰਤ ਆਇਆ ਸੀ। So with this, I do not support these false lies, double speaks, all the false figures which have been given here. Sorry, I do not support this. But I support this Government for maintaining peace in Punjab and doing its Raj Dharma. Thank you so mush, Speaker Sahib.

ਮਾਨਯੋਗ ਸਪੀਕਰ : ਹੁਣ ਮੈਂ ਸਰਦਾਰ ਸੋਹਣ ਸਿੰਘ ਠੰਡਲ ਨੂੰ ਬੇਨਤੀ ਕਰਾਂਗਾ ।

ਸਰਦਾਰ ਸੋਹਣ ਸਿੰਘ ਠੰਡਲ (ਚੱਬੇਵਾਲ, ਐਸ.ਸੀ.) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਬਹੁਤ ਹੀ ਕਾਬਲ ਸਾਥੀ ਸਰਦਾਰ ਵਿਰਸਾ ਸਿੰਘ ਵਲਟੋਹਾ ਸਾਹਿਬ ਨੇ ਗਵਰਨਰ ਸਾਹਿਬ ਦੇ ਭਾਸ਼ਣ ਦਾ ਜੋ ਧੰਨਵਾਦੀ ਮਤਾ ਲਿਆਂਦਾ ਹੈ ਉਸ ਉਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਸਮੁੱਚੇ ਪੰਜਾਬੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ 14ਵੀਂ ਵਿਧਾਨ ਸਭਾ ਵਿੱਚ ਸਾਡੀ ਪਾਰਟੀ, ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਨੂੰ ਦੂਸਰੀ ਵਾਰ ਲਗਾਤਾਰ ਅਤੇ ਪੰਜਾਬ ਦੇ ਇੱਕ ਅਣਥੱਕ ਵਰਕਰ, ਬਜ਼ੁਰਗ ਸਿਆਸਤਦਾਨ ਨੂੰ ਪੰਜਵੀਂ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਵੀ ਗਵਰਨਰ ਸਾਹਿਬ ਦੇ ਐਡਰੈਸ ਨੂੰ ਬੜੀ ਹਲੀਮੀ ਤੇ ਪਿਆਰ ਦੇ ਨਾਲ ਸੁਣਿਆ। ਮੈਂ ਇਸ ਗੱਲ ਲਈ ਵੀ ਗਵਰਨਰ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਜਿਸ ਵੇਲੇ ਉਹ ਐਡਰੈਸ ਇਸ ਹਾਊਸ ਵਿੱਚ ਪੜ੍ਹ ਰਹੇ ਸਨ ਤਾਂ ਮੈਂ ਦੇਖ ਰਿਹਾ

*4.48 ਵਜੇ ਬਾਅਦ ਦੁਪਹਿਰ	(*ਇਸ ਸਮੇਂ ਸਰਦਾਰ ਅਮਰਜੀਤ ਸਿੰਘ ਸਾਹੀ, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸੀ ਕਿ ਉਨ੍ਹਾਂ ਨੇ ਲਗਾਤਾਰ 1 ਘੰਟਾ 50 ਮਿੰਟ ਆਪਣਾ ਐਡਰੈਸ ਪੜ੍ਹਿਆ ਔਰ ਇੱਕਲਾ-ਇੱਕਲਾ ਲਫਜ਼ ਪੜ੍ਹਿਆ ਅਤੇ ਇੱਕਲੀ-ਇੱਕਲੀ ਲਾਈਨ ਪੜ੍ਹੀ। ਕਿਉਂਕਿ ਉਸ ਐਡਰੈਸ ਵਿੱਚ ਉਹ ਸਾਰੀਆਂ ਗੱਲਾਂ ਦਾ ਜ਼ਿਕਰ ਸੀ, ਜਿਹੜੀਆਂ ਗੱਲਾਂ ਪਿਛਲੇ ਪੰਜ ਸਾਲ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਨੇ ਲੋਕਾਂ ਲਈ ਕੀਤੀਆਂ ਅਤੇ ਉਹ ਗੱਲਾਂ ਜਿਹੜੀਆਂ ਆਉਣ ਵਾਲੇ ਪੰਜ ਸਾਲਾਂ ਵਿੱਚ ਪੰਜਾਬ ਦੇ ਲੋਕਾਂ ਲਈ ਕਰਨੀਆਂ ਹਨ, ਉਨ੍ਹਾਂ ਦਾ ਜ਼ਿਕਰ ਸੀ, ਇਸ ਲਈ ਉਨ੍ਹਾਂ ਨੇ ਬੜੀ ਦਿਲਚਸਪੀ ਨਾਲ ਉਸ ਐਡਰੈਸ ਨੂੰ ਪੜ੍ਹਿਆ। ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਮੀਡੀਏ ਨੇ ਵੀ ਗਵਰਨਰ ਸਾਹਿਬ ਦੇ ਐਡਰੈਸ ਨੂੰ ਬੜਾ ਸਰਾਹਿਆ ਅਤੇ ਅਪੋਜੀਸ਼ਨ ਵੱਲੋਂ ਵੀ ਗਵਰਨਰ ਐਡਰੈਸ ਬਾਰੇ ਕੁਮੈਂਟ ਨਹੀਂ ਆਇਆ। ਮੇਰੇ ਤੋਂ ਪਹਿਲਾਂ ਮੇਰੇ ਕਈ ਸਾਥੀਆਂ ਨੇ ਉਸ ਐਡਰੈਸ ਦੇ ਹੱਕ ਵਿੱਚ ਵੀ ਕੁਝ ਗੱਲਾਂ ਕੀਤੀਆਂ ਹਨ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਵਿਰੋਧ ਵਿੱਚ ਵੀ ਕੁਝ ਗੱਲਾਂ ਲੈ ਕੇ ਆਉਂਦੀਆਂ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਨੇ ਜ਼ਿਕਰ ਕਰਦਿਆਂ ਜਿੱਥੇ ਬਾਦਲ ਸਾਹਿਬ ਦੀ ਸਿਫਤ ਕੀਤੀ ਹੈ ਅਤੇ ਸਾਡੇ ਡਿਪਟੀ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਦੀ ਸਿਫਤ ਕੀਤੀ ਹੈ ਪਰ ਥੋੜ੍ਹੀ ਜਿਹੀ ਆਪਣੇ ਵੱਲੋਂ ਸੁਪਨੇ ਲੈਣ ਦੀ ਗੱਲ ਵੀ ਕਹਿ ਗਏ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੋਈ ਵੀ ਪਾਰਟੀ ਜਦੋਂ ਆਪਣਾ ਮੈਨੀਫੈਸਟੋ ਤਿਆਰ ਕਰਦੀ ਹੈ ਜਾਂ ਇਲੈਕਸ਼ਨ ਦੀ ਤਿਆਰੀ ਕਰਦੀ ਹੈ ਤਾਂ ਉਹ ਸੁਪਨੇ ਦੇਖਦੀ ਹੈ। ਸੁਪਨੇ ਨਾਲ ਹੀ ਸਾਰੀਆਂ ਸਕੀਮਾਂ ਬਣਦੀਆਂ ਹਨ ਤੇ ਫਿਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਹੈ। ਚੇਅਰਮੈਨ ਸਾਹਿਬ, ਫਰਕ ਇੰਨਾ ਹੈ ਕਿ ਅਸੀਂ ਸੁਪਨੇ ਦਿਨ ਨੂੰ ਦੇਖਦੇ ਹਾਂ, ਖੁੱਲ੍ਹੀਆਂ ਅੱਖਾਂ ਨਾਲ ਦੇਖਦੇ ਹਾਂ, ਇਹ ਮੇਰੇ ਕਾਂਗਰਸੀ ਵੀਰ ਰਾਤ ਨੂੰ ਸੁਪਨੇ ਦੇਖਦੇ ਹਨ ਤੇ ਸਵੇਰੇ ਭੁੱਲ ਜਾਂਦੇ ਹਨ। ਇਹ ਵੀ ਆਪਣਾ ਮੈਨੀਫੈਸਟੋ

[ਸਰਦਾਰ ਸੋਹਣ ਸਿੰਘ ਠੰਡਲ]

ਲੈ ਕੇ ਆਉਂਦੇ ਰਹੇ ਹਨ, ਗਵਰਨਰ ਸਾਹਿਬ ਦਾ ਐਡਰੈਸ ਵੀ ਲੈ ਕੇ ਆਉਂਦੇ ਰਹੇ ਹਨ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਛੋਟੇ ਹੁੰਦੇ ਸੀ, ਅਸੀਂ ਸੁਣਿਆ ਕਰਦੇ ਸੀ ਕਿ ਅਜ਼ਾਦੀ ਤੋਂ ਬਾਅਦ ਲੰਮਾ ਸਮਾਂ ਦੇਸ਼ ਦੇ ਅੰਦਰ ਜਦੋਂ ਹਕੂਮਤਾਂ ਬਣਦੀਆਂ, ਬਦਲੀਆਂ ਸੀ ਤੇ ਲੰਮਾ ਸਮਾਂ ਇੱਕ ਪਾਰਟੀ ਦਾ ਦੇਸ਼ ਵਿੱਚ ਰਾਜ ਰਿਹਾ, ਉਹ ਕਿਹੜੀ ਪਾਰਟੀ ਸੀ, ਉਹ ਸੀ ਕਾਂਗਰਸ ਪਾਰਟੀ। ਜਿਹੜੀ ਪਾਰਟੀ ਹਰ ਇਲੈਕਸ਼ਨ ਤੋਂ ਪਹਿਲਾਂ ਹਿੰਦੁਸਤਾਨ ਦੇ ਲੋਕਾਂ ਨੂੰ, ਪੰਜਾਬ ਦੇ ਲੋਕਾਂ ਨੂੰ ਸੁਪਨੇ ਦਿਖਾਇਆ ਕਰਦੀ ਸੀ, ਨਾਅਰੇ ਦਿਆ ਕਰਦੀ ਸੀ, ਗਰੀਬੋ, ਗਰੀਬੀ ਦੂਰ ਕਰਨੀ ਹੈ ਤਾਂ ਕਾਂਗਰਸ ਨੂੰ ਵੋਟਾਂ ਪਾ ਦਿਉ। ਮੈਨੂੰ ਯਾਦ ਹੈ ਕਿ ਜਦੋਂ 1997 ਵਿੱਚ ਪਹਿਲੀ ਵਾਰ ਐਮ.ਐਲ.ਏ. ਬਣ ਕੇ ਆਇਆ, ਸਾਡੇ ਸਤਿਕਾਰਯੋਗ ਮੈਂਬਰ ਸਰਦਾਰ ਗੁਰਦੇਵ ਸਿੰਘ ਬਾਦਲ ਇੱਥੇ ਖੇਤੀਬਾੜੀ ਮੰਤਰੀ ਸੀ ਤੇ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਸੀ, ਮੈਨੂੰ ਅੱਜ ਵੀ ਯਾਦ ਹੈ, ਉਹ ਕਹਿੰਦੇ ਸੀ, ਕਾਂਗਰਸ ਵਾਲਿਆਂ ਨੇ ਗਰੀਬਾਂ ਨੂੰ ਬੜੇ ਲਾਰੇ ਲਗਾਏ। ਕਿਹਾ ਕੀ ਕਰਦੇ ਸੀ? ਗਰੀਬੋ, ਤੁਹਾਨੂੰ ਜ਼ਮੀਨਾਂ ਦੇਣੀਆਂ ਹਨ, ਸਾਨੂੰ ਵੋਟਾਂ ਪਾ ਦਿਉ, ਲੋਕ ਵੋਟਾਂ ਪਾ ਦਿੰਦੇ ਸੀ। ਪੰਜ ਸਾਲ ਬਾਅਦ ਇਲੈਕਸ਼ਨ ਆਉਂਦੀ ਸੀ। ਗਰੀਬੋ, ਤੁਹਾਨੂੰ ਕਿੱਲੇ ਦੇਣੇ ਹਨ, ਸਾਨੂੰ ਵੋਟਾਂ ਪਾ ਦਿਉ, ਲੋਕ ਫਿਰ ਵੋਟਾਂ ਪਾ ਦਿੰਦੇ ਸੀ। ਉਹ ਕਹਿਣ ਲੱਗੇ, ਅੱਜ ਅਸੀਂ ਮੰਗ ਕਰਨੀ ਚਾਹੁੰਦੇ ਹਾਂ, ਨਾ ਤਾਂ ਤੁਸੀਂ ਜ਼ਮੀਨਾਂ ਦਿੱਤੀਆਂ, ਨਾ ਕਿੱਲੇ ਦਿੱਤੇ। ਕਾਂਗਰਸ ਵਾਲਿਉ, ਲੱਕੜ ਦੇ ਕਿੱਲੇ ਹੀ ਦੇ ਦਿਉ, ਘੱਟੋ-ਘੱਟ ਪਸ਼ੂ ਤਾਂ ਬੰਨ ਲਿਆ ਕਰਾਂਗੇ। ਇਸ ਕਰਕੇ ਸੁਪਨੇ ਦਿਖਾਏ ਜਾਂਦੇ ਹਨ। ਮੈਂ ਵਧਾਈ ਦੇਣੀ ਚਾਹੁੰਦਾ ਹਾਂ। ਸੁਪਨੇ ਸਾਡੇ ਨੌਜਵਾਨ ਲੀਡਰ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਪੰਜ ਸਾਲ ਪਹਿਲਾਂ ਵੀ ਦੇਖੇ ਸੀ। ਕਿਹੜੇ ਸੁਪਨੇ ਸੀ? ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਇਹ ਰਾਤ ਨੂੰ ਸੁਪਨੇ ਦੇਖਦੇ ਹਨ ਪਰ ਸੁਖਬੀਰ ਜੀ ਨੇ ਦਿਨ ਨੂੰ ਸੁਪਨੇ ਦੇਖੇ ਸੀਂ। ਮੈਨੂੰ ਯਾਦ ਹੈ ਕਿ ਅਸੀਂ ਸਾਰੇ ਹਾਊਸ ਦੇ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਮੈਂਬਰ, ਸਾਡਾ ਸ਼ਿਮਲੇ ਵਿੱਚ ਇੱਕਠ ਕੀਤਾ ਗਿਆ। ਸਾਰੇ ਮੈਂਬਰਾਂ ਨੂੰ ਉਥੇ ਬੁਲਾਇਆ ਗਿਆ, ਦੋ ਦਿਨ ਦੀਆਂ ਉਥੇ ਮੀਟਿੰਗਾਂ ਹੋਈਆਂ। ਚੇਅਰਮੈਨ ਸਾਹਿਬ, ਤੁਸੀਂ ਵੀ ਉਥੇ ਹਾਜਰ ਸੀ। ਉਥੇ ਦੋ ਦਿਨ ਦੀਆਂ ਮੀਟਿੰਗਾਂ ਦੇ ਵਿੱਚ ਇੱਕ ਪੰਜਾਬ ਦਾ ਸੁਨਹਿਰੀ ਭਵਿੱਖ ਬਣਾਉਣ ਲਈ ਸੁਪਨੇ ਦੇਖੇ ਗਏ। ਉਥੇ ਪੁੱਛਿਆ ਗਿਆ ਸੀ, ਵਿਚਾਰਾਂ ਕੀਤੀਆਂ ਗਈਆਂ ਸੀ ਕਿ ਵਧੀਆ ਪੰਜਾਬ ਕਿਵੇਂ ਬਣਾਇਆ ਜਾ ਸਕਦਾ ਹੈ? ਉਨ੍ਹਾਂ ਮੀਟਿੰਗਾਂ ਦਾ ਰਿਜ਼ਲਟ ਨਿਕਲਿਆ ਹੈ ਕਿ ਅਸੀਂ ਲਗਾਤਾਰ ਦੂਜੀ ਵਾਰ ਸਰਕਾਰ ਬਣਾਈ।

ਚੇਅਰਮੈਨ ਸਾਹਿਬ, ਅੱਜ ਪੰਜਾਬ ਦੇ ਅੰਦਰ ਖੇਤੀਬਾੜੀ ਦਾ ਧੰਦਾ ਲਾਹੇਵੰਦ ਨਹੀਂ ਰਿਹਾ। ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ। ਸਾਡਾ ਨੌਜਵਾਨ ਬੇਰੁਜ਼ਗਾਰ ਹੈ। ਉਸ ਕੋਲ ਕੋਈ ਕੰਮ ਨਹੀਂ। ਉਹ ਵਿਦੇਸ਼ਾਂ ਵਿੱਚ ਜਾ ਰਿਹਾ ਹੈ। ਉਹ ਏਜੰਟਾਂ ਦੇ ਧੱਕੇ ਚੜ੍ਹ ਰਿਹਾ ਹੈ। ਇਸ ਲਈ ਪੰਜਾਬ ਲਈ ਲੋੜ ਹੈ ਕਿ ਇੱਥੇ ਇੰਡਸਟਰੀ ਲੈ ਕੇ ਆਉਣੀ ਚਾਹੀਦੀ ਹੈ। ਰੁਜ਼ਗਾਰ ਪੈਦਾ ਕਰਨ ਦੀ ਲੋੜ ਹੈ। ਅੱਜ ਇੰਡਸਟਰੀ ਚਾਹੀਦੀ ਹੈ ਤੇ ਇੰਡਸਟਰੀ ਵਾਸਤੇ ਬਿਜਲੀ ਚਾਹੀਦੀ ਹੈ। ਅੱਜ, ਮੈਂ ਇਸ ਗੱਲ ਤੋਂ ਮੁਨਕਰ ਨਹੀਂ ਕਿ ਜਿੱਥੇ ਸੈਂਟਰ ਦੀਆਂ

ਪਾਲਿਸੀਆਂ ਹੋਰ ਰਾਜਾਂ ਨੂੰ ਵੱਧ ਸਬਸਿਡੀਆਂ ਦੇ ਰਹੀਆਂ ਹਨ, ਸਾਨੂੰ ਘੱਟ ਦੇ ਰਹੀਆਂ ਹਨ, ਇਹ ਵੀ ਕਾਰਨ ਹੈ ਪਰ ਨਾਲ ਇਹ ਵੀ ਕਾਰਨ ਹੈ ਕਿ ਜੇ ਸੂਬੇ ਕੋਲ ਪਾਵਰ ਨਹੀਂ ਤੇ ਇੰਡਸਟਰੀ ਨਹੀਂ ਲੱਗ ਸਕਦੀ। ਮਹਿੰਗਾ ਡੀਜ਼ਲ ਬਾਲ ਕੇ ਕਿਵੇਂ ਇੰਡਸਟਰੀ ਸਰਵਾਈਵ ਕਰ ਸਕਦੀ ਹੈ। ਚੇਅਰਮੈਨ ਸਾਹਿਬ, ਅਸੀਂ ਉਸ ਵੇਲੇ ਫੈਸਲਾ ਕੀਤਾ ਕਿ ਪੰਜਾਬ ਨੂੰ ਬਿਜਲੀ ਵਿੱਚ ਸਰਪਲੱਸ ਸੂਬਾ ਬਣਾਉਣਾ ਹੈ ਤੇ ਉਸ ਸੁਪਨੇ ਦਾ ਰਿਜ਼ਲਟ ਅੱਜ ਮੈਂ ਸਾਹਮਣੇ ਬੈਠੇ ਵੀਰਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਝੂਠ ਹੈ ਕਿ ਪੰਜਾਬ ਵਿੱਚ ਬਿਜਲੀ ਪੈਦਾ ਕਰਨ ਲਈ ਪ੍ਰੋਜੈਕਟ ਲੱਗ ਰਹੇ ਹਨ? ਕੀ ਇਹ ਝੂਠੇ ਸੁਪਨੇ ਸੀ? ਇਸ ਦੇ ਨਾਲ-ਨਾਲ ਇਹ ਵੀ ਦੇਖਿਆ ਹੈ ਕਿ ਪੰਜਾਬ ਦਾ ਜਿਹੜਾ ਧਰਾਤਲ ਹੈ, ਪੰਜਾਬ ਨਾਲ ਕੋਈ ਸਮੁੰਦਰ ਨਹੀਂ ਲੱਗਦਾ, ਵਪਾਰਕ ਆਵਾਜਾਈ ਲਈ ਸਾਡੇ ਸਮੁੰਦਰ ਦਾ ਰਸਤਾ ਨਹੀਂ ਹੈ। ਸਾਡੇ ਇੱਕ ਪਾਸੇ ਗੁਆਂਢੀ ਦੇਸ਼ ਪਾਕਿਸਤਾਨ ਲੱਗਦਾ ਹੈ ਜਿੱਥੋਂ ਲਗਾਤਾਰ ਹਥਿਆਰ ਆ ਰਹੇ ਹਨ, ਸਮੈਕ ਆ ਰਹੀ ਹੈ, ਹੋਰ ਕੀ ਕੁਝ ਆ ਰਿਹਾ ਹੈ, ਦੂਜੇ ਪਾਸੇ ਜੰਮੂ ਅਤੇ ਕਸ਼ਮੀਰ ਹੈ। ਉਥੇ ਅੱਤਵਾਦ ਦੀਆਂ ਗੱਲਾਂ ਹੋ ਰਹੀਆਂ ਹਨ। ਇਹੋ ਜਿਹੇ ਧਰਾਤਲ ਵਿੱਚ ਆਪਣੇ ਸੂਬੇ ਨੂੰ ਅੱਗੇ ਕਿਵੇਂ ਲੈ ਕੇ ਜਾਣਾ ਹੈ ਅੱਜ ਲੋੜ ਸੀ ਸੂਬੇ ਦੀ ਟ੍ਰੈਫਿਕ ਨੂੰ, ਆਵਾਜਾਈ ਨੂੰ ਵਧੀਆ ਬਣਾਇਆ ਜਾਵੇ। ਚੇਅਰਮੈਨ ਸਾਹਿਬ, ਉਹ ਵੀ ਸੁਪਨੇ ਸਾਡੀ ਸਰਕਾਰ ਨੇ, ਸਾਡੇ ਲੀਡਰ ਸਾਹਿਬਾਨ ਨੇ ਦੇਖੇ ਸੀ। ਮੇਰੇ ਵੀਰ ਜਦੋਂ ਜਲੰਧਰ ਜਾਂਦੇ ਹਨ ਜਾਂ ਜਦੋਂ ਤੁਸੀਂ ਜਾਂਦੇ ਹੋ, ਅਸੀਂ ਜਾਂਦੇ ਹਾਂ ਤਾਂ ਕੀ ਸਾਨੂੰ ਉਹ ਸੜਕਾਂ ਨਜ਼ਰ ਨਹੀਂ ਆਉਂਦੀਆਂ, ਕੀ ਸਾਨੂੰ ਫਲਾਈ ਓਵਰ ਨਜ਼ਰ ਨਹੀਂ ਆਉਂਦੇ? ਅੱਜ ਵੀਰੋ, ਪੰਜਾਬ ਦੇ ਅੰਦਰ ਬਹੁਤ ਵਧੀਆ ਸੜਕਾਂ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਨੂੰ ਬਣ ਰਹੀਆਂ ਹਨ, ਵੱਡੇ-ਵੱਡੇ ਪੁਲ ਬਣ ਰਹੇ ਹਨ। ਮੈਨੂੰ ਯਾਦ ਹੈ, ਮੇਰੀਆਂ ਇਲੈਕਸ਼ਨਾਂ ਵਿੱਚ ਵੀ ਅਤੇ ਤੁਹਾਡੀਆਂ ਇਲੈਕਸ਼ਨਾਂ ਵਿੱਚ ਵੀ ਕਈ ਵੀਰ ਬਾਹਰ ਤੋਂ ਆਏ। ਉਹ ਜਦੋਂ ਜਲੰਧਰ ਤੋਂ ਆਏ ਤਾਂ ਮੈਨੂੰ ਕਹਿੰਦੇ ਕਿ ਲੋਕ ਉਥੇ ਐਵੇਂ ਹੀ ਜਾਂਦੇ ਹਨ ਕਿ ਪੰਜਾਬ ਵਿੱਚ ਹੈ ਕੁਝ ਨਹੀਂ। ਪਰ ਪੰਜਾਬ ਦੇ ਨਕਸ਼ੇ ਬਦਲ ਗਏ ਹਨ, ਇੰਨੀਆਂ ਵਧੀਆ ਸੜਕਾਂ ਬਣ ਰਹੀਆਂ ਹਨ, ਇੱਡੇ ਵੱਡੇ-ਵੱਡੇ ਪੁਲ ਬਣ ਰਹੇ ਹਨ, ਵੱਡੇ-ਵੱਡੇ ਮਾਲ ਬਣ ਰਹੇ ਹਨ। ਦੂਜੀਆਂ ਕੰਟਰੀਆਂ ਦੇ ਵੱਡੇ-ਵੱਡੇ ਵਪਾਰਕ ਅਦਾਰੇ ਅੱਜ ਪੰਜਾਬ ਵਿੱਚ ਆ ਰਹੇ ਹਨ। ਅੱਜ ਦੁਨੀਆਂ ਦੇਖ ਰਹੀ ਹੈ। ਜੋ ਸਾਡਾ ਬਿਜ਼ਨਿਸ ਹੋਣਾ ਹੈ, ਜੋ ਵਪਾਰੀ ਬਾਹਰੋਂ ਆਉਣਾ ਹੈ, ਜੋ ਮੁੰਬਈ ਤੋਂ ਆਉਣਾ ਹੈ, ਜੋ ਕਲਕੱਤੇ ਤੋਂ ਆਉਣਾ ਹੈ, ਜੋ ਇੰਡਸਟਰੀ ਖੋਲ੍ਹਣੀ ਹੈ, ਅੱਜ ਜੋ ਮੁੰਬਈ ਦਾ ਵਪਾਰੀ ਹੈ, ਉਹ ਚਾਹੁੰਦਾ ਹੈ ਕਿ ਮੈਂ ਮੁੰਬਈ ਤੋਂ ਸਵੇਰੇ ਫਲਾਈਟ ਲਵਾਂ, ਬਠਿੰਡੇ ਉਤਰਾਂ, ਅੰਮ੍ਰਿਤਸਰ ਉਤਰਾਂ, ਚੰਡੀਗੜ੍ਹ ਉਤਰਾਂ, ਆਪਣਾ ਬਿਜ਼ਨਿਸ ਕਰਾਂ, ਸ਼ਾਮ ਨੂੰ ਆਪਣੇ ਘਰ ਚਲਾ ਜਾਵੇ। ਉਸ ਦੇ ਵਾਸਤੇ ਲੋੜ ਸੀ ਕਿ ਪੰਜਾਬ ਦੇ ਵੱਡੇ ਏਅਰਪੋਰਟ ਬਣਨ ਉਹ ਪੰਜਾਬ ਦੇ ਵਿੱਚ ਵੱਡੇ ਏਅਰਪੋਰਟ ਬਣੇ। ਇਹ ਵੱਖਰੀ ਗੱਲ ਹੈ ਕਿ ਇਸ ਵਿੱਚ ਸਿਆਸਤ ਹੋ ਰਹੀ ਹੈ। ਮੋਹਾਲੀ ਦਾ ਜਿਹੜਾ ਏਅਰਪੋਰਟ ਹੈ, ਉਸ ਨੂੰ ਕੰਪਲੀਟ ਨਹੀਂ ਕੀਤਾ ਜਾ ਰਿਹਾ। ਜਿਹੜਾ ਅੰਮ੍ਰਿਤਸਰ ਦਾ ਏਅਰਪੋਰਟ ਹੈ, ਉਸ ਦੀਆਂ ਫਲਾਈਟਾਂ ਬੰਦ ਕੀਤੀਆਂ ਜਾ ਰਹੀਆਂ ਹਨ। ਇਹ ਵੱਖਰੀ ਗੱਲ ਹੈ। ਪਰ

[ਸਰਦਾਰ ਸੋਹਣ ਸਿੰਘ ਠੰਡਲ]

ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਸ਼ੁਰੂਆਤ ਪੰਜਾਬ ਦੇ ਵਿੱਚ ਨਹੀਂ ਹੋ ਰਹੀ? ਇਸ ਕਰਕੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸੁਪਨੇ ਅਸੀਂ ਦੇਖਦੇ ਹਾਂ, ਉਸ ਤੇ ਅਮਲ ਕਰਦੇ ਹਾਂ। ਮੇਰਾ ਵੀਰ, ਲੀਡਰ ਆਫ ਦਿ ਆਪੋਜ਼ੀਸ਼ਨ, ਮੈਨੀਫੈਸਟੋ ਦੀ ਗੱਲ ਕਰ ਰਿਹਾ ਸੀ। ਅਸੀਂ ਮੈਨੀਫੈਸਟੋ ਬਾਕੀ ਪਾਰਟੀਆਂ ਦੇ ਵੀ ਦੇਖਦੇ ਹਾਂ। ਜਦੋਂ ਮੈਨੀਫੈਸਟੋ ਹੋਇਆ ਕਰਦਾ ਹੈ ਤਾਂ ਸਾਧਨਾਂ ਦੀ ਗੱਲ ਹੋਇਆ ਕਰਦੀ ਹੈ ਕਿ ਸਾਧਨ ਕੀ ਹਨ। ਜਦੋਂ 2007 ਵਿੱਚ ਅਸੀਂ ਆਪਣੀ ਸਰਕਾਰ ਸੰਭਾਲੀ, ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ ਉਸ ਵੇਲੇ 2005-06 ਵਿੱਚ ਸਾਡਾ ਪੰਜਾਬ ਦਾ ਮਾਲੀਆ 8989 ਕਰੋੜ ਰੁਪਏ ਸੀ। ਜਦੋਂ ਅਸੀਂ 2011-12 ਦੇ ਵਿੱਚ ਦੇਖਿਆ ਤਾਂ ਇਹ 16828 ਕਰੋੜ ਹੋ ਗਿਆ। ਇਹ ਅੰਕੜੇ ਹਨ। ਇਹ ਕੋਈ ਮੈਨੀਫੈਸਟੋ ਦੀਆਂ ਝੂਠੀਆਂ ਖਬਰਾਂ ਨਹੀਂ। ਇਹ ਪੰਜਾਬ ਦੇ ਅੰਦਰ ਹੋਇਆ। ਜੇ ਅਸੀਂ ਪੰਜਾਬ ਦੇ ਅੰਦਰ ਤਰੱਕੀ ਦੀ ਗੱਲ ਕੀਤੀ ਤਾਂ 1 ਲੱਖ 20 ਹਜ਼ਾਰ ਲੋਕਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ। (ਥੰਪਿੰਗ) ਕਿੰਨੇ ਟੀਚਰ ਭਰਤੀ ਕੀਤੇ ਗਏ, ਕਿੰਨੇ ਪੁਲਿਸ ਵਿੱਚ ਸਿਪਾਹੀ ਭਰਤੀ ਕੀਤੇ ਗਏ। ਮੈਂ ਪੰਜਾਬ ਸਰਕਾਰ ਨੂੰ, ਮੁੱਖ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਪੰਜ ਸਾਲ ਦੀ ਉਸ ਭਰਤੀ ਦੇ ਖਿਲਾਫ ਇੱਕ ਵੀ ਬੰਦਾ ਹਾਈ ਕੋਰਟ ਵਿੱਚ ਚੈਲੇਂਜ ਕਰਨ ਨਹੀਂ ਗਿਆ ਕਿ ਮੇਰੇ ਨਾਲ ਨਾ ਇਨਸਾਫੀ ਹੋਈ ਹੈ। (ਥੰਪਿੰਗ) ਮੈਂ ਸਭ ਤੋਂ ਵੱਡੀ ਇੱਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਅਸੀਂ ਸਾਰੇ ਚਿੰਤਤ ਹਾਂ। ਅੱਜ ਬਾਦਲ ਸਾਹਿਬ ਨੇ, ਲੀਡਰ ਆਫ ਦਿ ਹਾਊਸ ਨੇ ਇਸ ਹਾਊਸ ਨੂੰ ਆਪਣਾ ਇੱਕ ਬਿਆਨ ਦਿੱਤਾ ਹੈ। ਇੱਕ ਚਿੰਤਾ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਵੀ ਕੀਤੀ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲਾਂ ਦੇ ਅੰਦਰ ਜੋ ਪੰਜਾਬ ਦਾ ਸੂਬਾ ਹੈ, ਇਹ ਹਿੰਦੁਸਤਾਨ ਦਾ ਸਭ ਤੋਂ ਸ਼ਾਂਤਮਈ ਸੂਬਾ ਰਿਹਾ ਹੈ। ਜਦੋਂ ਅਸੀਂ ਬਾਕੀ ਸੂਬਿਆਂ ਦੀ ਗੱਲ ਕਰਦੇ ਹਾਂ ਤਾਂ ਇਟਲੀ ਤੋਂ ਆਏ ਬੰਦੇ ਕਿਡਨੈਪ ਹੋ ਜਾਂਦੇ ਹਨ। ਦਿੱਲੀ ਵਰਗੇ ਸ਼ਹਿਰ ਦੇ ਅੰਦਰ, ਜਿਥੇ ਵੱਡੀਆਂ-ਵੱਡੀਆਂ ਫੋਰਸਾਂ ਬੈਠੀਆਂ ਹਨ, ਉਥੇ ਦਿਨ ਦਿਹਾੜੇ ਬਲਾਤਕਾਰ ਦੇ ਕੇਸ ਅਤੇ ਕਿੰਨੀਆਂ ਹੋਰ ਘਟਨਾਵਾਂ ਹੋ ਰਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਅੱਜ ਪੰਜਾਬ ਦੇ ਅੰਦਰ ਜੇਕਰ ਭਾਈਚਾਰਕ ਸਾਂਝ ਰੱਖਣੀ ਹੈ ਤਾਂ ਸਾਨੂੰ ਪਿਛਲੀਆਂ ਗੱਲਾਂ ਨੂੰ ਭੁੱਲਣਾ ਪਵੇਗਾ। ਮੈਂ ਇਸ ਗੱਲ ਲਈ ਸਰਦਾਰ ਬੇਅੰਤ ਸਿੰਘ ਦੇ ਪਰਿਵਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਬੜੀ ਖੁਲ੍ਹਦਿਲੀ ਨਾਲ ਇਹ ਬਿਆਨ ਦਿੱਤਾ ਹੈ ਕਿ ਅਸੀਂ ਪੰਜਾਬ ਦੇ ਅਮਨ ਲਈ ਹਰ ਗੱਲ ਕਰਨ ਲਈ ਤਿਆਰ ਹਾਂ। ਇਸ ਤੇ ਕਿਸੇ ਨੂੰ ਕਿੰਤੂ ਨਹੀਂ ਕਰਨੀ ਚਾਹੀਦੀ। ਪੰਜਾਬ ਕੋਈ ਇਕੱਲਾ ਪਰਕਾਸ਼ ਸਿੰਘ ਬਾਦਲ ਜਾਂ ਅਕਾਲੀ ਦਲ ਦਾ ਨਹੀਂ। ਇਹ ਪੰਜਾਬ ਸਾਰਿਆਂ ਦਾ ਹੈ। ਸਾਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਸੋਚਣ ਦੀ ਲੋੜ ਹੈ। ਜੇਕਰ ਪੰਜਾਬ ਦੀ ਤਰੱਕੀ ਚਾਹੁੰਦੇ ਹਾਂ ਤਾਂ ਸ਼ਾਂਤੀ ਹੋਣੀ ਬਹੁਤ ਜ਼ਰੂਰੀ ਹੈ। ਅਸੀਂ ਸਭ ਤੋਂ ਵੱਧ ਸੰਤਾਪ ਹੰਢਾਇਆ ਹੈ। ਮੈਂ ਅੱਜ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਨਾ ਚੰਗਾ ਨਹੀਂ ਸਮਝਦਾ ਪਰ ਅਸੀਂ ਉਹ ਗੱਲਾਂ ਭੁਲਾ ਵੀ ਨਹੀਂ ਸਕਦੇ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਦੂਜਿਆਂ ਦਾ ਦੁੱਖ ਦਰਦ ਸਮਝੀਏ, ਜਿਹੜੇ ਦਿੱਲੀ ਦੇ ਵਿੱਚ ਪੰਜਾਬੀ ਸ਼ਹੀਦ ਹੋਏ

ਹਨ, ਜਿਨ੍ਹਾਂ ਨੂੰ ਗਲਾਂ ਦੇ ਵਿੱਚ ਟਾਇਰ ਪਾ ਕੇ ਸਾੜਿਆ ਗਿਆ, ਕੀ ਉਥੇ ਕਿਸੇ ਨੇ ਪੁੱਛਿਆ ਸੀ ਕਿ ਤੂੰ ਕਾਂਗਰਸੀ ਹੈ, ਤੂੰ ਅਕਾਲੀ ਹੈ, ਬੀ.ਜੇ.ਪੀ. ਦਾ ਹੈ, ਜਾਂ ਕਾਮਰੇਡ ਹੈ? ਜੇ ਕਿਸੇ ਟਰੱਕ ਦੇ ਉਤੇ ਗੁਰੂ ਨਾਨਕ ਦੇਵ ਜੀ ਦੀ ਫੋਟੋ ਲੱਗੀ ਤਾਂ ਉਹ ਟਰੱਕ ਸਾੜ ਦਿੱਤਾ ਗਿਆ। ਉਹ ਤਾਂ ਇੱਕ ਮਸ਼ਨੀਰੀ ਹੈ, ਉਸ ਦਾ ਕੀ ਕਸੂਰ ਸੀ, ਕਿਸੇ ਦੇ ਘਰ ਦਾ ਕੀ ਕਸੂਰ ਸੀ। ਸਾਨੂੰ ਕੀ ਮਿਲਿਆ ਇੰਨੇ ਸਾਲਾਂ ਦੇ ਬਾਅਦ? ਸਾਨੂੰ ਮਿਲਿਆ ਕਿ ਜਿਹੜੇ ਦੋਸ਼ੀ ਸੀ, ਜਿਨ੍ਹਾਂ ਦੇ ਖਿਲਾਫ ਐਫੀਡੇਵਿਟ ਆਏ, ਅਦਾਲਤਾਂ ਦੇ ਵਿੱਚ ਗਵਾਹੀਆਂ ਹੋ ਗਈਆਂ, ਅੱਜ ਉਹ ਉੱਚੇ ਅਹੁਦੇ ਮਾਣ ਰਹੇ ਹਨ। ਉਨ੍ਹਾਂ ਨੂੰ ਸਜ਼ਾਵਾਂ ਕਿਉਂ ਨਹੀਂ ਮਿਲੀਆਂ? ਜੇਕਰ ਹਿੰਦੁਸਤਾਨ ਦਾ ਸੰਵਿਧਾਨ ਇੱਕ ਹੈ, ਕਾਨੂੰਨ ਇੱਕ ਹੈ ਤਾਂ ਫਿਰ ਇਹ ਫੈਸਲੇ ਕਿਉਂ ਹਨ? ਇਸ ਦੇ ਵਾਸਤੇ ਆਪਾਂ ਸਾਰਿਆਂ ਨੂੰ ਸੋਚਣਾ ਪਵੇਗਾ। ਜੇਕਰ ਤੁਸੀਂ ਤਵੱਕੋ ਕਰਦੇ ਹੋ ਕਿ ਸ਼੍ਰੋਮਣੀ ਅਕਾਲੀ ਦਲ ਇਸ ਗੱਲ ਦਾ ਸਾਥ ਦੇਵੇ ਤਾਂ ਤੁਹਾਨੂੰ ਵੀ ਸੋਚਣਾ ਪਵੇਗਾ ਅਤੇ ਤੁਹਾਨੂੰ ਵੀ ਇਸ ਗੱਲ ਲਈ ਹਾਅ ਦਾ ਨਾਅਰਾ ਮਾਰਨਾ ਪਵੇਗਾ। ਮੇਰੇ ਵੀਰ ਜ਼ਿਕਰ ਕਰ ਰਹੇ ਸੀ ਕਿ ਸਾਡੇ ਭੈਣ ਜੀ ਪਾਰਲੀਮੈਂਟ ਦੇ ਵਿਚ ਬੋਲੇ ਹਨ। ਚੇਅਰਮੈਨ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਾਂਗਰਸ ਦੇ ਜਿਹੜੇ ਮੈਂਬਰ ਪਾਰਲੀਮੈਂਟ ਵਿੱਚ ਪੰਜਾਬ ਦੇ ਵਿੱਚੋਂ ਚੁਣ ਕੇ ਜਾਂਦੇ ਹਨ ਕੀ ਉਨ੍ਹਾਂ ਦਾ ਇਹ ਫਰਜ਼ ਨਹੀਂ ਬਣਦਾ ਕਿ ਜਿਹੜੀਆਂ ਪੰਜਾਬ ਦੀਆਂ ਜ਼ਰੂਰੀ ਗੱਲਾਂ ਹਨ, ਪੰਜਾਬ ਦੇ ਜ਼ਰੂਰੀ ਮਸਲੇ ਹਨ, ਇਹ ਉਥੇ ਉਠਾਉਣ? ਉਹ ਵੀ ਉਥੇ ਬੋਲਣ? ਕੀ ਇਹ ਜ਼ਰੂਰੀ ਹੈ ਕਿ ਉਥੇ ਸਿਰਫ ਹਰਸਿਮਰਤ ਕੌਰ ਬਾਦਲ ਹੀ ਪੰਜਾਬ ਦੀ ਕਿਸਾਨੀ ਦੀ ਗੱਲ ਕਰੇ ਜਾਂ ਉਥੇ ਡਾਕਟਰ ਰਤਨ ਸਿੰਘ ਅਜਨਾਲਾ ਜੀ ਪੰਜਾਬ ਦੀ ਗੱਲ ਕਰਨ। ਕੀ ਅਸੀਂ ਹਿੰਦੁਸਤਾਨ ਦੀ ਸਰਕਾਰ ਦੇ ਵਿੱਚ ਨਹੀਂ ਹਾਂ ਤੇ ਕੀ ਹੋਰ ਪੰਜਾਬ ਦੇ ਮਸਲੇ ਨਹੀਂ ਹਨ ਤੇ ਉਹ ਜਿਹੜੇ ਮਸਲੇ ਹਨ ਉਹ ਹਿੰਦੁਸਤਾਨ ਦੀ ਪਾਰਲੀਮੈਂਟ ਦੇ ਵਿੱਚ ਨਹੀਂ ਲੈ ਕੇ ਆਉਣੇ ਚਾਹੀਦੇ ਹਨ, ਹਿੰਦੁਸਤਾਨ ਦੀ ਸਦਨ ਵਿੱਚ ਨਹੀਂ ਲੈ ਕੇ ਅਉਣੇ ਚਾਹੀਦੇ। ਪੰਜਾਬ ਦੇ ਕਿਸਾਨ ਨੇ ਵੱਧ ਅਨਾਜ ਪੈਦਾ ਕੀਤਾ ਹੈ ਤੇ ਆਪਣਾ ਸਾਰਾ ਪਾਣੀ ਗਵਾ ਲਿਆ ਹੈ। ਅੱਜ ਜਿਹੜਾ ਪੰਜਾਬ ਦਾ ਕਿਸਾਨ ਹੈ ਉਸ ਨੇ ਸਾਰਾ ਕੁਝ, ਆਪਣੀ ਮਸ਼ੀਨਰੀ ਸਭ ਕੁਝ ਅਨਾਜ ਪੈਦਾ ਕਰਨ ਤੇ ਲਗਾ ਦਿੱਤਾ ਪਰ ਉਹ ਕਿਸਾਨ ਜਿਹੜਾ ਅਨਾਜ ਪੈਦਾ ਕਰਦਾ ਹੈ, ਅੱਜ ਉਹੀ ਕਿਸਾਨ ਸੜਕਾਂ ਤੇ ਰੁਲ ਰਿਹਾ ਹੈ। ਜਿਹੜੇ ਸ਼ੈਲਰ ਹਨ ਉਹ ਅੱਜ ਚਾਵਲਾਂ ਦੇ ਨਾਲ ਭਰੇ ਪਏ ਹਨ। ਕੀ ਉਹ ਪੰਜਾਬ ਦੇ ਵਿਚੋਂ ਮੂਵ ਨਹੀਂ ਹੋਣੇ ਚਾਹੀਦੇ? ਜਾਖੜ ਸਾਹਿਬ, ਲੀਡਰ ਆਫ ਦਿ ਆਪੋਜ਼ੀਸ਼ਨ ਜੀ ਵੱਡੀ ਗੱਲ ਕਰਦੇ ਹਨ ਪਰ ਅੱਜ ਸਮੱਸਿਆ ਇੱਕਲੀ ਕਿਸਾਨ ਦੀ ਇਸ ਗੱਲ ਦੀ ਨਹੀਂ ਹੈ ਕਿ ਉਸ ਨੂੰ ਠੀਕ ਭਾਅ ਨਹੀਂ ਮਿਲਦੇ, ਅੱਜ ਸਮੱਸਿਆ ਇਹ ਵੀ ਹੈ ਕਿ ਜਿਹੜਾ ਅਨਾਜ ਪੰਜਾਬ ਦੇ ਵਿੱਚ ਪੈਦਾ ਹੋ ਰਿਹਾ ਹੈ ਉਸ ਨੂੰ ਕੋਈ ਸੰਭਾਲ ਨਹੀਂ ਰਿਹਾ। ਅਸੀਂ ਕਿੰਨੇ ਕੁ ਗੋਦਾਮ ਬਣਾਵਾਂਗੇ? ਤੁਹਾਨੂੰ ਵੀ ਇਸ ਗੱਲ ਦਾ ਪਤਾ ਹੈ ਕਿ ਜਿਹੜਾ ਅਸੀਂ ਅਨਾਜ ਪ੍ਰੋਕਿਊਰ ਕਰਦੇ ਹਾਂ ਇਹ ਅਸੀਂ ਆਪਣੇ ਲਈ ਨਹੀਂ ਕਰਦੇ। ਇੱਕ ਸਮਾਂ ਹੁੰਦਾ ਸੀ ਕਿ ਜਿਹੜੀ ਐਫ.ਸੀ.ਆਈ. ਹੈ, ਉਹ 50 ਪ੍ਰਤੀਸ਼ਤ ਤੋਂ ਵੱਧ ਕਣਕ ਤੇ ਝੋਨਾ ਪ੍ਰੋਕਿਊਰ ਕਰਦੀ ਸੀ ਪਰ ਅੱਜ ਹੌਲੀ-ਹੌਲੀ

[ਸਰਦਾਰ ਸੋਹਣ ਸਿੰਘ ਠੰਡਲ]

ਸਮਾਂ ਆ ਗਿਆ ਹੈ ਕਿ ਉਹ 20 ਪ੍ਰਤੀਸ਼ਤ ਤੇ ਆ ਗਈ ਹੈ, 20 ਪ੍ਰਤੀਸ਼ਤ ਵੀ ਇਸ ਤਰ੍ਹਾਂ ਕਰਦੇ ਹਨ, ਕਦੇ ਕਹਿੰਦੇ ਹਨ ਆਹ ਮੰਡੀ ਨਹੀਂ ਲੈਣੀ, ਆਹ ਮੰਡੀ ਨਹੀਂ ਲੈਣੀ, ਆਪਣੀ ਮਨ ਮਰਜ਼ੀ ਦੇ ਨਾਲ ਉਥੇ ਉਹ ਖਰੀਦ ਕਰਦੇ ਹਨ ਤੇ ਜਦੋਂ ਉਥੇ ਖਰੀਦ ਨਹੀਂ ਹੁੰਦੀ ਤਾਂ ਆਪਾਂ ਰੌਲਾ ਸਟੇਟ ਗੌਰਮਿੰਟ ਦੇ ਖਿਲਾਫ ਪਾਉਂਦੇ ਹਾਂ, ਕਹਿੰਦੇ ਹਾਂ ਕਿ ਇਹ ਵੇਖੋ ਜੀ ਝੋਨਾ ਨਹੀਂ ਚੁੱਕਿਆ ਜਾ ਰਿਹਾ ਹੈ, ਅੱਜ ਕਣਕ ਨਹੀਂ ਚੁੱਕੀ ਜਾ ਰਹੀ ਹੈ, ਪਰ ਅਸਲ ਗੱਲ ਜਿਹੜੀ ਹੈ ਉਸ ਨੂੰ ਆਪਾਂ ਨੂੰ ਸਮਝਣ ਦੀ ਲੋੜ ਹੈ ਕਿ ਜਿਹੜੀਆਂ ਸੈਂਟਰ ਏਜੰਸੀਆਂ ਹਨ ਉਹ ਆਪ ਖੁਦ ਅਨਾਜ ਨੂੰ ਖਰੀਦਣਾ ਨਹੀਂ ਚਾਹੁੰਦੀਆਂ। ਉਹ ਅਨਾਜ ਪੰਜਾਬ ਦਾ, ਪੰਜਾਬ ਦੇ ਵਿੱਚ ਰੁਲ ਰਿਹਾ ਹੈ, ਉਸ ਦਾ ਜਿਹੜਾ ਪੈਸਾ ਹੈ ਉਹ ਰਿਜ਼ਰਵ ਬੈਂਕ ਤੋਂ ਆਉਂਦਾ ਹੈ ਤੇ ਕੁਝ ਸਟੇਟ ਦੇ ਸਿਰ ਤੇ ਖੜ੍ਹਾ ਰਹਿ ਜਾਂਦਾ ਹੈ ਤੇ ਕੁਝ ਅਸੀਂ ਉਸ ਦਾ ਵਿਆਜ ਉਤਾਰੀ ਜਾਂਦੇ ਹਾਂ। ਇਹ ਸਾਰੀਆਂ ਗੱਲਾਂ ਆਪਾਂ ਨੂੰ ਸਮਝਣੀਆਂ ਪੈਣਗੀਆਂ। ਇਹ ਮਸਲਾ ਇਕੱਲੇ ਕੋਈ ਅਕਾਲੀਆਂ ਜਾਂ ਬੀ.ਜੇ.ਪੀ. ਦਾ ਨਹੀਂ ਹੈ ਬਲਕਿ ਕਿਸਾਨ ਸਾਰੀਆਂ ਪਾਰਟੀਆਂ ਦੇ ਹਨ, ਕਿਸਾਨ ਸਾਰੇ ਪੰਜਾਬੀ ਹਨ, ਜੇ ਪੰਜਾਬ ਦੇ ਕਿਸਾਨ ਦਾ ਮਸਲਾ ਬੀਬੀ ਜੀ ਪਾਰਲੀਮੈਂਟ ਦੇ ਵਿੱਚ ਉਠਾਉਂਦੇ ਹਨ ਤਾਂ ਤੁਸੀਂ ਵੀ ਇਹ ਉਥੇ ਗੱਲਾਂ ਉਠਾਉ। ਇਸ ਗੱਲ ਨਾਲ ਤੁਹਾਡੀਆਂ ਫੀਤੀਆਂ ਨਹੀਂ ਉਤਰਨ ਲੱਗੀਆਂ, ਤੁਸੀਂ ਉਥੇ ਬੈਠੇ ਕਿਉਂ ਡਰਦੇ ਰਹਿੰਦੇ ਹੋ ਕਿ ਜਿਹੜਾ ਉਥੇ ਬੋਲੇਗਾ ਤਾਂ ਸ਼ਾਇਦ ਉਸ ਦੀ ਟਿਕਟ ਕੱਟੀ ਜਾਵੇਗੀ। ਮੇਰੇ ਵੀਰ ਰਾਣਾ ਜੀ ਇਥੇ ਬੈਠੇ ਹਨ, ਇਹ ਪਾਰਲੀਮੈਂਟ ਦੇ ਵਿੱਚ ਵੀ ਰਹੇ ਹਨ, ਇਨ੍ਹਾਂ ਦਾ ਸਮਾਂ ਕਿਤੇ ਕੱਢ ਕੇ ਵੇਖੋ ਜਿਹੜਾ ਸਮਾਂ ਇਹ ਉਥੇ ਰਹੇ ਹਨ ਕਿ ਇਨ੍ਹਾਂ ਨੇ ਉਥੇ ਪਾਰਲੀਮੈਂਟ ਵਿੱਚ ਕਿੰਨੇ ਕੁਐਸਚਨ ਲਗਾਏ ਹਨ, ਇਹ ਕਿੰਨੀ ਵਾਰੀ ਪੰਜਾਬ ਦੇ ਮਸਲਿਆਂ ਦੇ ਬਾਰੇ ਉਥੇ ਬੋਲੇ ਹਨ? ਪੰਜਾਬ ਦੀਆਂ ਮੁਸ਼ਕਲਾਂ ਦੇ ਬਾਰੇ, ਪੰਜਾਬ ਦੀਆਂ ਮੁਸ਼ਕਲਾਂ ਇੱਕਲੀਆਂ-ਅਕਾਲੀਆਂ ਦੀਆਂ ਮੁਸ਼ਕਲਾਂ ਨਹੀਂ ਹਨ..(ਵਿਘਨ)

ਰਾਣਾ ਗੁਰਜੀਤ ਸਿੰਘ : ਚੇਅਰਮੈਨ ਸਾਹਿਬ, ਜੇ ਤੁਸੀਂ ਇਜਾਜ਼ਤ ਦਿਉ ਤਾਂ ਮੈਂ ਇਨ੍ਹਾਂ ਦਾ ਜਵਾਬ ਦੇ ਦੇਵਾਂ ਜੀ। ਇਹ ਅੱਗੇ ਵਾਸਤੇ ਖਿਆਲ ਰੱਖਣ। (ਵਿਘਨ)

ਸ੍ਰੀ ਸਭਾਪਤੀ : ਠੰਡਲ ਜੀ, ਤੁਸੀਂ ਆਪਣੇ ਟਾਪਿਕ ਤੇ ਆ ਜਾਉ।

ਸਰਦਾਰ ਸੋਹਣ ਸਿੰਘ ਠੰਡਲ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਡਿਊਟੀ ਬਣਦੀ ਹੈ ਕਿ ਤੁਸੀਂ ਮੈਂਬਰ ਪਾਰਲੀਮੈਂਟ ਰਹੇ ਹੋ ਤੇ ਅੱਜ ਵੀ ਤੁਹਾਡੇ ਪਾਸੇ ਦੇ ਪਾਰਲੀਮੈਂਟ ਦੇ ਵਿੱਚ ਕਈ ਮੈਂਬਰ ਹਨ ਤਾਂ ਫਿਰ ਕੀ ਅੱਜ ਉਨ੍ਹਾਂ ਦੀ ਇਹ ਡਿਊਟੀ ਨਹੀਂ ਬਣਦੀ ਕਿ ਜਿਹੜੇ ਪੰਜਾਬ ਦੇ ਮਸਲੇ ਹਨ, ਕਿਸਾਨੀ ਦੇ ਮਸਲੇ ਹਨ ਉਨ੍ਹਾਂ ਦੇ ਬਾਰੇ ਉਥੇ ਗੱਲ ਕੀਤੀ ਜਾਵੇ? ਅੱਜ ਵਲਟੋਹਾ ਸਾਹਿਬ ਨੇ ਸਿੱਖ ਧਰਮ ਦੀ ਗੱਲ ਕੀਤੀ ਹੈ ਅਤੇ ਕੀ ਇਹ ਬੇਇਨਸਾਫੀ ਨਹੀਂ ਹੈ ਕਿ ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਕਰ ਦਿੱਤੀ ਤੇ ਉਸ ਦੇ ਮੈਂਬਰ ਚੁਣੇ ਗਏ ਤੇ ਜਿਹੜਾ ਉਨ੍ਹਾਂ ਦਾ ਬਜਟ ਤਿਆਰ ਕਰਨਾ ਹੈ, ਬਾਦਲ ਸਾਹਿਬ ਖੁਦ ਜਾ ਕੇ ਹੋਮ ਮਨਿਸਟਰ ਨੂੰ ਮਿਲ ਕੇ ਆਏ ਹਨ ਤਾਂ ਕਿਉਂ

ਨਹੀਂ ਉਹ ਨੋਟੀਫਿਕੇਸ਼ਨ ਕੀਤੀ ਜਾਂਦੀ? ਕੀ ਇਹ ਪੰਜਾਬ ਦੇ ਲੋਕਾਂ ਦੇ ਨਾਲ ਅਨਜਸਟਿਸ ਨਹੀਂ ਹੈ? ਕੀ ਇਸ ਦੇ ਬਾਰੇ ਆਪਣੇ ਪੰਜਾਬ ਦੇ ਮੈਂਬਰ ਉਥੇ ਬੋਲੇ ਹਨ, ਉਥੇ ਕੋਈ ਇਸ ਦੇ ਬਾਰੇ ਗੱਲ ਕੀਤੀ ਹੈ? ਮੈਂ ਗੱਲ ਕਰ ਰਿਹਾ ਸੀ ਕਿ ਅੱਜ ਪੰਜਾਬ ਦੇ ਜਿੰਨੇ ਬਾਕੀ ਮਸਲੇ ਹਨ, ਇੱਕ ਅਹਿਮ ਮੁੱਦਾ ਹੈ, ਉਹ ਪੰਜਾਬ ਦਾ ਵੀ ਹੈ, ਸਾਰੇ ਦੇਸ਼ ਦਾ ਹੈ, ਅੱਜ ਮਹਿੰਗਾਈ ਜਿਹੜੀ ਹੈ, ਕਿਉਂਕਿ ਮੈਂ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਹਾਂ, ਇਹ ਮੈਂ ਆਪਣੀ ਡਿਊਟੀ ਸਮਝਦਾ ਹਾਂ ਤੇ ਜੇ ਮੈਂ ਗਰੀਬ ਦੇ ਬਾਰੇ ਗੱਲ ਨਾ ਕਰਾਂ ਤਾਂ ਮੇਰੇ ਲਈ ਇਹ ਬਹੁਤ ਵੱਡੀ ਅਵੱਗਿਆ ਹੋਵੇਗੀ। ਅੱਜ ਮਹਿੰਗਾਈ ਨੇ ਹਿੰਦੁਸਤਾਨ ਦੇ ਗਰੀਬ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਅੱਜ ਕਿੰਨੇ ਇਹੋ ਜਿਹੇ ਲੋਕ ਹਨ ਜਿਹੜੇ ਸ਼ਾਮ ਨੂੰ ਰੋਟੀ ਖਾਣ ਤੋਂ ਬਗੈਰ ਸੌਂਦੇ ਹਨ, ਅੱਜ ਕਿੰਨੇ ਇਹੋ ਜਿਹੇ ਲੋਕ ਹਨ ਜਿਨ੍ਹਾਂ ਦੇ ਸਿਰ ਦੇ ਉਤੇ ਛੱਤ ਨਹੀਂ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਤੇ ਮੈਨੂੰ ਅਫਸੋਸ ਹੈ ਕਿ ਹਿੰਦੁਸਤਾਨ ਦੇ ਪਲਾਨਿੰਗ ਬੋਰਡ ਦੇ ਜਿਹੜੇ ਡਿਪਟੀ ਚੇਅਰਮੈਨ ਹਨ ਉਨ੍ਹਾਂ ਦੀ ਇਸ ਸਮੇਂ ਦੇ ਵਿੱਚ ਰਿਪੋਰਟ ਆ ਜਾਵੇ ਕਿ ਸ਼ਹਿਰ ਦਾ 30/- ਰੁਪਏ ਕਮਾਉਣ ਵਾਲਾ ਬੰਦਾ ਗਰੀਬ ਨਹੀਂ ਹੈ ਤੇ ਪਿੰਡ ਦਾ 26/- ਰੁਪਏ ਕਮਾਉਣ ਵਾਲਾ ਗਰੀਬ ਨਹੀਂ, ਕੀ ਇਹ ਗਰੀਬਾਂ ਦੇ ਨਾਲ ਮਜ਼ਾਕ ਨਹੀਂ ਹੈ? ਜੇ ਇਹੋ ਜਿਹੇ ਬੰਦੇ ਜਿਨ੍ਹਾਂ ਨੂੰ ਆਪਣੀ ਧਰਤੀ ਦਾ, ਇਥੋਂ ਦੀ ਸੱਚਾਈ ਦਾ ਹੀ ਪਤਾ ਨਹੀਂ ਕਿ ਗਰੀਬੀ ਕਿਥੇ ਖੜ੍ਹੀ ਹੈ ਤਾਂ ਆਪਾਂ ਦੇਸ਼ ਦੀ ਪਲਾਨਿੰਗ ਕੀ ਬਣਾਵਾਂਗੇ? ਅਜਿਹੇ ਲੋਕ ਦੇਸ਼ ਦੀ ਪਲਾਨਿੰਗ ਕੀ ਬਣਾਉਣਗੇ? ਇਸੇ ਕਰਕੇ ਮੈਂ ਸਮਝਦਾ ਹਾਂ ਕਿ ਸਹੀ ਮਾਅਨਿਆਂ ਵਿੱਚ ਫੈਸਲੇ ਚੰਗੇ ਨਹੀਂ ਹੁੰਦੇ। ਜਿਸ ਨੇ ਪਲਾਨਿੰਗ ਕਰਨੀ ਹੈ ਉਸ ਨੂੰ ਅਸਲੀਅਤ ਦਾ ਪਤਾ ਨਹੀਂ ਹੁੰਦਾ। ਦਿੱਲੀ ਦੀਆਂ ਕੋਠੀਆਂ ਵਿੱਚ ਬੈਠ ਕੇ ਫੈਸਲੇ ਕਰੀ ਜਾਂਦੇ ਹਨ। ਚੇਅਰਮੈਨ ਸਾਹਿਬ, ਮੈਂ ਵੈਲਫੇਅਰ ਕਮੇਟੀ ਦਾ ਚੇਅਰਮੈਨ ਸੀ। ਮੈਨੂੰ ਮੌਕਾ ਮਿਲਿਆ, ਹੋਰ ਮੈਂਬਰ ਵੀ ਨਾਲ ਸਨ। ਅਸੀਂ ਫੈਸਲਾ ਕੀਤਾ ਕਿ ਯੂ.ਪੀ. ਜਾ ਕੇ ਆਈਏ। ਅਸੀਂ ਉਥੇ ਗਏ। ਅਸੀਂ ਬਿਹਾਰ ਵੀ ਗਏ। ਉਥੋਂ ਦੀਆਂ ਕਮੇਟੀਆਂ ਦੇ ਚੇਅਰਮੈਨਾਂ ਨਾਲ ਮੀਟਿੰਗਾਂ ਕੀਤੀਆਂ। ਮੈਨੂੰ ਬਹੁਤ ਦੁੱਖ ਹੋਇਆ ਕਿ ਅੱਜ ਉਥੇ 25% ਇਹੋ ਜਿਹੇ ਲੋਕ ਹਨ, ਅਬਾਦੀਆਂ ਹਨ ਜਿਥੇ ਨਾ ਬਿਜਲੀ ਹੈ, ਨਾ ਪਾਣੀ ਹੈ, ਨਾ ਸੜਕਾਂ ਹਨ ਅਤੇ ਨਾ ਸਕੂਲ ਹਨ। ਜਦੋਂ ਅਸੀਂ ਗਰੀਬੀ ਰੇਖਾ ਦੀ ਗੱਲ ਕਰਦੇ ਹਾਂ ਅਸੀਂ ਕਹਿੰਦੇ ਹਾਂ ਕਿ ਪੰਜਾਬ ਵਿੱਚ ਬੀ.ਪੀ.ਐਲ. ਦਾ ਸਰਵੇ ਕੀਤਾ ਜਾਵੇ। ਸਾਨੂੰ ਸਹੂਲਤਾਂ ਨਹੀਂ ਮਿਲ ਰਹੀਆਂ। ਪਰ ਕੋਈ ਸਰਵੇ ਕਰਵਾਉਣ ਨੂੰ ਤਿਆਰ ਨਹੀਂ। ਜਾਂ ਫੇਰ ਬੀ.ਪੀ.ਐਲ. ਦੀਆਂ ਐਸੀਆਂ ਕੰਡੀਸ਼ਨਾਂ ਰੱਖੀਆਂ ਗਈਆਂ ਹਨ ਤੇ ਸਾਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਸੈਂਟਰ ਦੀਆਂ ਸਕੀਮਾਂ ਦਾ ਪੈਸਾ ਲੋਕਾਂ ਨੂੰ ਨਹੀਂ ਦੇ ਰਹੇ। ਚੇਅਰਮੈਨ ਸਾਹਿਬ, ਗੱਡੇ ਨਾਲ ਕੱਟਾ ਬੰਨਿਆ ਹੋਇਆ ਹੈ। ਕਹਿੰਦੇ ਹਨ ਕਿ ਬੀ.ਪੀ.ਐਲ. ਉਸ ਨੂੰ ਮਿਲਣਾ ਹੈ ਜਿਸ ਦੇ ਘਰ ਪੱਖਾ ਨਾ ਹੋਵੇ, ਜਿਸ ਕੋਲ ਟੀ.ਵੀ. ਨਾ ਹੋਵੇ। ਪੰਜਾਬ ਵਿੱਚ ਕਈ ਝੁੱਗੀ-ਝੌਪੜੀਆਂ ਵਿੱਚ ਟੀ.ਵੀ. ਲੱਗੇ ਹੋਏ ਹਨ। ਉਥੇ ਪੱਖੇ ਵੀ ਲੱਗੇ ਹੋਏ ਹਨ। ਪੰਜਾਬ ਦੇ ਹਾਲਾਤ ਇਹੋ ਜਿਹੇ ਹਨ ਜਿਸ ਕਾਰਨ ਅਸੀਂ ਬੀ.ਪੀ.ਐਲ. ਦਾ ਫਾਇਦਾ ਕਿਸੇ ਨੂੰ ਦੇ ਨਹੀਂ ਸਕਦੇ। ਇਸ ਵਿੱਚ ਸੋਧ ਕਰਕੇ ਦੁਬਾਰਾ

[ਸਰਦਾਰ ਸੋਹਣ ਸਿੰਘ ਠੰਡਲ]

ਸਰਵੇ ਕਰਾਉਣ ਵਾਸਤੇ ਕਹਿੰਦੇ ਹਾਂ ਪਰ ਕੋਈ ਬੰਦਾ ਕਰਨ ਨੂੰ ਤਿਆਰ ਹੀ ਨਹੀਂ। ਮੈਂ ਸਮਝਦਾ ਹਾਂ ਕਿ ਦੇਸ਼ ਅੰਦਰ ਜੋ ਹਾਲਾਤ ਬਣੇ ਹੋਏ ਹਨ, ਦੇਸ਼ ਦਾ ਜਿਹੜਾ ਫੂਡ ਦਾ ਮਨਿਸਟਰ ਹੈ, ਉਹ ਸ਼ਾਮ ਨੂੰ ਬਿਆਨ ਦਿੰਦਾ ਹੈ ਕਿ ਖੰਡ ਸਵੇਰ ਨੂੰ ਹੋਰ ਮਹਿੰਗੀ ਹੋ ਜਾਵੇਗੀ ਅਤੇ ਖੰਡ 15/- ਰੁਪਏ ਮਹਿੰਗੀ ਹੋ ਜਾਂਦੀ ਹੈ। ਹਫ਼ਤੇ ਬਾਅਦ ਉਹ ਫੇਰ ਕਹਿ ਦਿੰਦਾ ਹੈ ਕਿ ਖੰਡ ਮਹਿੰਗੀ ਹੋ ਜਾਵੇਗੀ, ਖੰਡ ਹੋਰ ਮਹਿੰਗੀ ਹੋ ਜਾਂਦੀ ਹੈ...

ਸ੍ਰੀ ਸਭਾਪਤੀ : ਟਾਈਮ ਦਾ ਖਿਆਲ ਰੱਖਿਉ।

ਸਰਦਾਰ ਸੋਹਣ ਸਿੰਘ ਠੰਡਲ : ਚੇਅਰਮੈਨ ਸਾਹਿਬ, ਵੱਖ-ਵੱਖ ਮੰਤਰੀ ਅੱਜ ਵੱਖ-ਵੱਖ ਬਿਆਨ ਦਿੰਦੇ ਹਨ। ਮੈਨੂੰ ਇਸ ਗੱਲ ਦਾ ਦੁੱਖ ਅਤੇ ਅਫ਼ਸੋਸ ਹੈ ਕਿ ਇੱਕ ਮਨਿਸਟਰ ਜਿਹੜਾ ਦਿਨ ਵੇਲੇ ਬਜਟ ਪੜ੍ਹ ਰਿਹਾ ਸੀ, ਰੇਲ ਮੰਤਰੀ ਰੇਲ ਦਾ ਬਜਟ ਪੇਸ਼ ਕਰ ਰਿਹਾ ਸੀ, ਸ਼ਾਮ ਨੂੰ ਖ਼ਬਰ ਮਿਲੀ ਕਿ ਉਸ ਤੋਂ ਅਸਤੀਫ਼ਾ ਮੰਗ ਲਿਆ। ਚੇਅਰਮੈਨ ਸਾਹਿਬ, ਜਿਹੜੇ ਮਨਿਸਟਰ ਹਨ, ਜਿਹੜੀਆਂ ਵੱਖ-ਵੱਖ ਪਾਰਟੀਆਂ ਹਨ, ਉਹ ਇੱਕ ਨਹੀਂ, ਉਹ ਆਪੋ-ਆਪਣੀ ਬੋਲੀ ਬੋਲਦੀਆਂ ਹਨ। ਅੱਜ ਸੈਂਟਰ ਸਰਕਾਰ ਹਰ ਮਸਲੇ ਉੱਤੇ ਫੇਲ੍ਹ ਹੁੰਦੀ ਨਜ਼ਰ ਆ ਰਹੀ ਹੈ। ਇੱਕ ਇਸ਼ੂ ਨੂੰ ਦਬਾਉਣ ਵਾਸਤੇ ਦੂਸਰਾ ਇਸ਼ੂ ਸ਼ੁਰੂ ਕਰ ਲਿਆ ਜਾਂਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਥੋੜ੍ਹੀ ਦੇਰ ਪਹਿਲਾਂ ਅਸੀਂ 2ਜ਼ੀ ਸਕੈਮ ਦੀ ਗੱਲ ਕਰਦੇ ਸੀ ਕਿ ਇਹ ਬਹੁਤ ਵੱਡਾ ਘੁਟਾਲਾ ਹੈ। ਉਸ ਤੋਂ ਬਾਅਦ ਜਿਹੜਾ ਦੂਜਾ ਘੁਟਾਲਾ ਆਇਆ ਉਹ ਸੀ 1 ਲੱਖ 76 ਹਜ਼ਾਰ ਕਰੋੜ ਰੁਪਏ ਦਾ ਘੁਟਾਲਾ। ਚੇਅਰਮੈਨ ਸਾਹਿਬ, ਥੋੜ੍ਹੀ ਦੇਰ ਪਹਿਲਾਂ 10 ਲੱਖ ਕਰੋੜ ਦਾ ਘੁਟਾਲਾ ਆ ਗਿਆ ਹੈ। ਮੈਂ ਖ਼ਬਰਾਂ ਸੁਣ ਰਿਹਾ ਸੀ। ਅੱਜ ਹਿੰਦੁਸਤਾਨ ਵਿੱਚ ਆਰਮੀ ਦੇ ਰਿਟਾਇਰਡ ਚੀਫ਼ ਵੀ.ਕੇ. ਸਿੰਘ ਨੇ ਕਿਹਾ ਹੈ ਕਿ 14 ਕਰੋੜ ਰੁਪਏ ਦੀ ਰਿਸ਼ਵਤ ਗੱਡੀਆਂ ਖਰੀਦਣ ਵਾਸਤੇ ਮੰਗੀ ਗਈ ਸੀ ਜਿਸ ਕਾਰਨ ਦੋਵੇਂ ਹਾਊਸ ਬਿਨਾਂ ਕਿਸੇ ਕੰਮ ਤੋਂ ਉੱਠ ਗਏ ਹਨ, ਉਥੇ ਕੋਈ ਕਾਰਵਾਈ ਨਹੀਂ ਹੋ ਰਹੀ। ਚੇਅਰਮੈਨ ਸਾਹਿਬ, ਇੱਕ ਤੋਂ ਇੱਕ ਘੁਟਾਲਾ। ਮੈਂ ਕਹਿੰਦਾ ਹਾਂ ਕਿ ਇਸ ਕਾਂਗਰਸ ਪਾਰਟੀ ਦਾ ਨਾਂ ਬਦਲ ਕੇ ਘੁਟਾਲਾ ਕੰਪਨੀ ਰੱਖ ਦੇਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਜੇ ਦੇਸ਼ ਨੂੰ ਵਧੀਆ ਬਣਾਉਣਾ ਹੈ ਤਾਂ ਸਾਨੂੰ ਇਹ ਸੋਚਣਾ ਪਵੇਗਾ। ਸਾਡੇ ਪੰਜਾਬ ਦੇ ਮੁੱਖ ਮੰਤਰੀ ਅਤੇ ਬਾਕੀ ਸੂਬਿਆਂ ਦੇ ਮੁੱਖ ਮੰਤਰੀ ਜਦੋਂ ਇਹ ਗੱਲ ਕਰਦੇ ਹਨ ਕਿ ਸਟੇਟਾਂ ਤੋਂ ਵੱਧ ਮਾਲੀਆ ਲੈ ਕੇ ਰਾਜਪਾਠ ਕਰਦੇ ਹੋ, ਸਕੀਮਾਂ ਬਣਾਉਂਦੇ ਹੋ, ਇਨ੍ਹਾਂ ਸਟੇਟਾਂ ਨੂੰ ਵੀ ਕੁਝ ਅਧਿਕਾਰ ਦਿਉ ਤਾਂ ਉਸ ਵੇਲੇ ਜਦੋਂ ਅਸੀਂ ਇਹ ਗੱਲ ਕਰਦੇ ਸੀ ਤਾਂ ਸਾਨੂੰ ਕੀ ਕਿਹਾ ਜਾਂਦਾ ਸੀ ਕਿ ਇਹ ਜਿਹੜੇ ਅਕਾਲੀ ਹਨ ਇਹ ਪਤਾ ਨਹੀਂ ਵੱਖਰਾ ਖਾਲਿਸਤਾਨ ਮੰਗਦੇ ਹਨ। ਹੌਲੀ-ਹੌਲੀ ਹੋਰ ਸੂਬੇ ਸਾਡੇ ਨਾਲ ਸਹਿਮਤ ਹੋ ਗਏ ਹਨ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹੁਣੇ ਐਨ.ਸੀ.ਟੀ.ਸੀ. ਦਾ ਮਸਲਾ ਆਇਆ ਹੈ। ਹਿੰਦੁਸਤਾਨ ਵਿੱਚ ਪੰਜਾਬ ਅਸ਼ਾਂਤ ਸੂਬਾ ਰਿਹਾ ਹੈ। ਵੱਖ-ਵੱਖ ਕੰਪਨੀਆਂ ਇਥੇ ਰਹੀਆਂ ਹਨ। ਹੋਇਆ ਕੀ ਕਿ ਜਦੋਂ ਵੱਖ-ਵੱਖ ਕੰਪਨੀਆਂ ਇੱਥੇ ਆਈਆਂ ਤਾਂ

ਉਨ੍ਹਾਂ ਦਾ ਸਾਰੇ ਦਾ ਸਾਰਾ ਖਰਚਾ ਸਟੇਟ ਗੌਰਮਿੰਟ ਉੱਪਰ ਪਾ ਦਿੱਤਾ ਜਦ ਕਿ ਜੰਮੂ-ਕਸ਼ਮੀਰ ਵਿੱਚ ਕੰਪਨੀਆਂ ਦਾ ਖਰਚਾ ਸੈਂਟਰ ਗੌਰਮਿੰਟ ਚੁੱਕ ਰਹੀ ਹੈ। ਕੀ ਪੰਜਾਬ ਅਤੇ ਜੰਮੂ-ਕਸ਼ਮੀਰ ਹਿੰਦੁਸਤਾਨ ਦੇ ਨਕਸ਼ੇ ਤੇ ਵੱਖ-ਵੱਖ ਹਨ? ਸਾਨੂੰ ਅੱਜ ਵੀ ਖ਼ਤਰਾ ਹੈ ਕਿ ਜਿਹੜਾ ਸੈਂਟਰ ਗੌਰਮਿੰਟ ਐਨ.ਸੀ.ਟੀ.ਸੀ. ਲਿਆਉਣਾ ਚਾਹੁੰਦੀ ਹੈ ਇਹ ਆਪਣੀ ਮਨਮਰਜ਼ੀ ਨਾਲ ਆਪਣੀਆਂ ਏਜੰਸੀਆਂ ਨੂੰ ਸੂਬਿਆਂ ਤੇ ਥੋਪਣਾ ਚਾਹੁੰਦੀ ਹੈ ਅਤੇ ਸਟੇਟਾਂ ਉੱਪਰ ਬੋਝ ਪਾਉਣਾ ਚਾਹੁੰਦੇ ਹਨ।

ਸ਼੍ਰੀ ਸਭਾਪਤੀ : ਟਾਈਮ ਦਾ ਖਿਆਲ ਰੱਖੋ।

ਸਰਦਾਰ ਸੋਹਣ ਸਿੰਘ ਠੰਡਲ : ਸਟੇਟਾਂ ਦੀ ਡਿਵੈਲਪਮੈਂਟ ਵਾਸਤੇ ਸੈਂਟਰ ਵੱਲ ਜਾਂਦੇ ਹਾਂ।ਮੇਰੇ ਵੀਰ ਇਥੇ ਕਹਿ ਦਿੰਦੇ ਹਨ, ਬੀਬੀ ਜੀ ਇੱਥੇ ਬੈਠੇ ਨਹੀਂ ਹਨ, ਕਹਿੰਦੇ ਕਿ ਸੈਂਟਰ ਦੇ ਪੈਸੇ ਨਾਲ ਪੰਜਾਬ ਸਰਕਾਰ ਚਲ ਰਹੀ ਹੈ। ਸਾਲ 2002 ਤੋਂ ਲੈ ਕੇ 2007 ਤੱਕ ਇਨ੍ਹਾਂ ਵੀਰਾਂ ਦੀ ਸਰਕਾਰ ਰਹੀ ਹੈ ਅਤੇ ਸੈਂਟਰ ਦੇ ਵਿੱਚ ਵੀ ਇਨ੍ਹਾਂ ਦੀ ਸਰਕਾਰ ਸੀ, ਫਿਰ ਉਸ ਵੇਲੇ ਦਿੱਲੀ ਤੋਂ ਪੈਸਾ ਕਿਉਂ ਨਹੀਂ ਆਇਆ? ਤੁਸੀਂ ਉਸ ਵਕਤ ਦਿੱਲੀ ਤੋਂ ਪੈਸਾ ਕਿਉਂ ਨਹੀਂ ਲੈ ਕੇ ਆ ਸਕੇ? ਸਾਨੂੰ ਬਾਦਲ ਸਾਹਿਬ ਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ ਕਿ ਇਹ ਪੰਜਾਬ ਦੇ ਹਿੱਤਾਂ ਦੇ ਲਈ ਉਥੇ ਜਾਂਦੇ ਹਨ, ਪੰਜਾਬ ਦੇ ਹਿੱਤਾਂ ਵਾਸਤੇ ਉਥੋਂ ਸਕੀਮਾਂ ਲੈ ਕੇ ਆਉਂਦੇ ਹਨ, ਇਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਨਾ ਕਿ ਕੋਈ ਕਿੰਤੂ-ਪਰੰਤੂ ਕਰਨਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਤੁਸੀਂ ਹੋਰ ਕਿੰਨਾ ਕੁ ਟਾਈਮ ਲਵੋਗੇ?

ਸਰਦਾਰ ਸੋਹਣ ਸਿੰਘ ਠੰਡਲ : ਚੇਅਰਮੈਨ ਸਾਹਿਬ, ਮੈਂ ਬੱਸ ਥੋੜ੍ਹੇ ਸਮੇਂ ਵਿੱਚ ਹੀ ਆਪਣੀ ਗੱਲ ਸਮਾਪਤ ਕਰਨੀ ਹੈ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਸਾਨੂੰ ਸਾਰਿਆਂ ਨੂੰ, ਜਿੰਨੇ ਵੀ ਅਸੀਂ ਪੰਜਾਬ ਨਿਵਾਸੀ ਹਾਂ, ਇਸ ਗੱਲ ਤੇ ਸਾਨੂੰ ਬਹੁਤ ਫਖ਼ਰ ਤੇ ਮਾਣ ਹੈ ਕਿ ਜਿਹੜੇ ਸਾਡੇ ਸਰਦਾਰ ਪਰਕਾਸ਼ ਸਿੰਘ ਬਾਦਲ, ਪੰਜਾਬ ਦੇ ਮੁੱਖ ਮੰਤਰੀ ਬਣੇ ਹਨ, ਇਹ ਉਹ ਮੁੱਖ ਮੰਤਰੀ ਹਨ ਕਿ ਜਦੋਂ ਇਹ ਪਹਿਲੀ ਵਾਰ ਮੁੱਖ ਮੰਤਰੀ ਬਣੇ ਸੀ ਤਾਂ ਇਹ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਬਣੇ ਸੀ ਅਤੇ ਅੱਜ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਹਨ ਤਾਂ ਸਭ ਤੋਂ ਵਡੇਰੀ ਉਮਰ ਦੇ ਮੁੱਖ ਮੰਤਰੀ ਬਣੇ ਹਨ। ਇਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਵੱਡਾ ਇਤਿਹਾਸ ਹੈ। ਇਨ੍ਹਾਂ ਨੇ ਬੜਾ ਸੰਘਰਸ਼ ਕੀਤਾ ਹੈ। ਇਨ੍ਹਾਂ ਨੇ ਜ਼ੇਲ੍ਹਾਂ ਵੀ ਕੱਟੀਆਂ ਹਨ, ਆਪਣੇ ਲਈ ਨਹੀਂ ਸਗੋਂ ਪੰਜਾਬ ਲਈ ਕੱਟੀਆਂ ਹਨ। ਇਨ੍ਹਾਂ ਨੇ ਪੰਜਾਬ ਦੇ ਹਰ ਦੁੱਖ ਨੂੰ ਆਪਣਾ ਦੁੱਖ ਸਮਝਿਆ ਹੈ, ਪੰਜਾਬ ਦੇ ਦਰਦ ਨੂੰ ਆਪਣਾ ਦਰਦ ਸਮਝਿਆ ਹੈ। ਜੇ ਅੱਜ ਵੀ ਆਪਣੀ ਉਮਰ ਦੇ ਪੱਖ ਤੋਂ ਦੇਖੀਏ, ਇਹ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਦਿਨ-ਰਾਤ ਲੋਕਾਂ ਵਿੱਚ ਵਿਚਰਦੇ ਹਨ, ਲੋਕਾਂ ਨੂੰ ਮਿਲਦੇ ਹਨ, ਲੋਕਾਂ ਵਾਸਤੇ ਸਕੀਮਾਂ ਬਣਾਉਂਦੇ ਹਨ ਅਤੇ ਸਕੀਮਾਂ ਤੇ ਅਮਲ ਕਰਦੇ ਹਨ। ਚੇਅਰਮੈਨ ਸਾਹਿਬ, ਇਨ੍ਹਾਂ ਵਾਂਗ ਇਹ ਨਹੀਂ ਕਿ ਹਾਲੇ ਸਰਕਾਰ ਬਣੀ ਨਹੀਂ ਸੀ ਕਿ ਗੁਆਂਢ ਤੋਂ

[ਸਰਦਾਰ ਸੋਹਣ ਸਿੰਘ ਠੰਡਲ]

ਗੈਸਟ ਆਉਣੇ ਸ਼ੁਰੂ ਹੋ ਗਏ। ਭਾਵੇਂ ਸਰਕਾਰ ਬਣੀ ਨਹੀਂ ਪਰ ਉਹ ਆਪਣੀ ਗੱਲ ਜ਼ਰੂਰ ਪੂਰੀ ਕਰ ਲਵੇ, ਦਿੱਲੀ ਵਿੱਚ ਪਾਰਟੀ ਜ਼ਰੂਰ ਰੱਖ ਲਈ। ਸੋ, ਚੇਅਰਮੈਨ ਸਾਹਿਬ, ਇਸ ਕਰਕੇ ਸਾਨੂੰ ਮਾਣ ਹੋਣਾ ਚਾਹੀਦਾ ਹੈ, ਮੈਂ ਇਸ ਗੱਲ ਲਈ ਬਾਦਲ ਸਾਹਿਬ ਨੂੰ ਬਹੁਤ ਵਧਾਈ ਦੇਣੀ ਚਾਹੁੰਦਾ ਹਾਂ। ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਗੱਲਾਂ ਨੂੰ ਪਛਾਣਿਆ ਹੈ, ਉਨ੍ਹਾਂ ਗੱਲਾਂ ਨੂੰ ਦੇਖਿਆ ਹੈ ਕਿ ਕਿਹੜੇ ਲੋਕ ਗੱਲਾਂ-ਬਾਤਾਂ ਨਾਲ ਵੋਟਾਂ ਲੈਣੀਆਂ ਚਾਹੁੰਦੇ ਹਨ ਅਤੇ ਕਿਹੜੇ ਲੋਕ ਕੋਈ ਕੰਮ ਕਰਕੇ ਵੋਟਾਂ ਲੈਣੀਆਂ ਚਾਹੁੰਦੇ ਹਨ। ਅੱਜ ਲੋਕਾਂ ਨੇ ਵਿਕਾਸ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਹੈ ਔਰ ਜਿਹੜਾ ਖੂੰਡਾ ਸੀ, ਉਸ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ।

ਸੋ, ਚੇਅਰਮੈਨ ਸਾਹਿਬ, ਮੈਂ ਅੰਤ ਵਿੱਚ ਜਿਥੇ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ, ਉਥੇ ਹੀ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਮਤਾ ਸਰਦਾਰ ਵਿਰਸਾ ਸਿੰਘ ਵਲਟੋਹਾ ਸਾਹਿਬ ਗਵਰਨਰ ਸਾਹਿਬ ਦੇ ਧੰਨਵਾਦ ਦੇ ਬਾਰੇ ਲੈ ਕੇ ਆਏ ਹਨ, ਉਸ ਨੂੰ ਸਰਬ-ਸੰਮਤੀ ਦੇ ਨਾਲ ਪਾਸ ਕਰਨਾ ਚਾਹੀਦਾ ਹੈ ਔਰ ਗਵਰਨਰ ਸਾਹਿਬ ਦਾ ਧੰਨਵਾਦ ਕਰਨਾ ਚਾਹੀਦਾ ਹੈ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

ਸ਼੍ਰੀ ਸਭਾਪਤੀ : ਸ਼੍ਰੀ ਕੇ.ਡੀ. ਭੰਡਾਰੀ ਜੀ। ਤੁਸੀਂ ਸਮੇਂ ਦਾ ਜ਼ਰੂਰ ਧਿਆਨ ਰੱਖਣਾ ਜੀ।

ਸ਼੍ਰੀ ਕੇ.ਡੀ. ਭੰਡਾਰੀ (ਜਲੰਧਰ ਉੱਤਰੀ) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈੱਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਜਿਹੜਾ ਵਲਟੋਹਾ ਸਾਹਿਬ ਨੇ ਮਤਾ ਰੱਖਿਆ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ। ਅੱਜ ਪੂਰੇ ਪੰਜਾਬ ਦੇ ਵਿੱਚ ਬਹੁਤ ਹੀ ਖੁਸ਼ੀਆਂ ਦਾ ਮਾਹੌਲ ਹੈ। ਲੋਕਾਂ ਨੇ ਬਾਦਲ ਸਾਹਿਬ ਨੂੰ ਪੰਜਵੀਂ ਵਾਰੀ ਮੁੱਖ ਮੰਤਰੀ ਬਣਾਇਆ ਹੈ। ਚੇਅਰਮੈਨ ਸਾਹਿਬ, ਲੋਕਾਂ ਨੇ ਇਸ ਵਾਰੀ ਤੁਲਨਾ ਕੀਤੀ ਹੈ ਕਿ ਸਾਲ 2002 ਤੋਂ 2007 ਤੱਕ ਜਿਹੜੀ ਸਰਕਾਰ ਬਣੀ ਸੀ, ਉਸ ਨੇ ਕੀ ਕੰਮ ਕੀਤੇ ਸੀ ਅਤੇ 2007 ਤੋਂ ਬਾਅਦ ਵਿੱਚ ਬਾਦਲ ਸਾਹਿਬ ਨੇ ਜਿਹੜੇ ਲੋਕਾਂ ਨਾਲ ਵਾਅਦੇ ਕੀਤੇ ਸੀ, ਕੀ ਉਹ ਪੂਰੇ ਕੀਤੇ ਸੀ? ਇਹ ਗੱਲ ਪੁਰਜ਼ੋਰ ਕਰ ਰਿਹਾ ਹਾਂ ਕਿ ਬਾਦਲ ਸਾਹਿਬ ਨੇ ਪੰਜ ਸਾਲ ਇੱਕੋ ਏਜੰਡਾ, ਡਿਵੈਲਪਮੈਂਟ ਦਾ ਅਤੇ ਗੁੱਡ ਗਵਰਨੈਂਸ ਦਾ ਰੱਖਿਆ। ਜਿੰਨਾ ਵਿਕਾਸ ਇਨ੍ਹਾਂ ਸਾਲਾਂ ਦੌਰਾਨ ਹੋਇਆ, ਉਨ੍ਹਾਂ ਮੈਂ ਆਪਣੇ ਇਤਿਹਾਸ ਵਿੱਚ ਨਹੀਂ ਵੇਖਿਆ। ਮੈਂ ਜਲੰਧਰ ਸ਼ਹਿਰ ਵਿੱਚ ਪੰਜ ਸਾਲ ਕੌਂਸਲਰ ਵੀ ਰਿਹਾ ਹਾਂ। ਮੈਨੂੰ ਯਾਦ ਹੈ ਕਿ ਪਿਛਲੀ ਵਾਰੀ ਜਦੋਂ ਕਾਂਗਰਸ ਪਾਰਟੀ ਦਾ ਮੇਅਰ ਹੁੰਦਾ ਸੀ, ਜੇ ਕੋਈ ਵਿਕਾਸ ਦਾ ਕੰਮ ਕਰਵਾਉਣਾ ਹੁੰਦਾ ਸੀ ਤਾਂ ਸਾਨੂੰ ਉਸ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਸਨ ਲੇਕਿਨ ਇਨ੍ਹਾਂ ਪੰਜ ਸਾਲਾਂ ਦੇ ਵਿੱਚ ਜਿੰਨੀ ਵਿਕਾਸ ਦੀ ਝੜੀ ਲੱਗੀ ਹੈ, ਇੱਕ-ਇੱਕ ਵਾਰਡ ਦੇ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਦੇ ਕੰਮ ਹੋਏ ਹਨ, ਉਸ ਕਰਕੇ ਲੋਕਾਂ ਨੇ ਵਿਕਾਸ ਨੂੰ

ਚੁਣਿਆ ਹੈ। ਇਸ ਵਾਰੀ ਲੋਕਾਂ ਨੇ ਫਿਰ ਮਨ ਬਣਾਇਆ ਸੀ ਕਿ ਬਾਦਲ ਸਾਹਿਬ ਨੂੰ ਦੁਬਾਰਾ ਮੁੱਖ ਮੰਤਰੀ ਬਣਾਉਣਾ ਹੈ। ਜੇ ਜਲੰਧਰ ਸ਼ਹਿਰ ਦੀ ਆਪਾਂ ਗੱਲ ਕਰੀਏ, ਜਲੰਧਰ ਸ਼ਹਿਰ ਦੇ ਵਿੱਚ ਪੰਜ ਫਲਾਈ ਓਵਰ ਬਣੇ ਹਨ ਜਿਹੜਾ ਕਿ ਇਤਿਹਾਸ ਹੈ। ਖਾਲਸਾ ਕਾਲਜ ਦਾ ਫਲਾਈ ਓਵਰ, ਡੀ.ਏ.ਵੀ. ਕਾਲਜ ਦਾ ਫਲਾਈ ਓਵਰ, ਮਕਸੂਦਾਂ ਦਾ ਫਲਾਈ ਓਵਰ ਅਤੇ ਬੀ.ਐਮ.ਸੀ. ਚੌਕ ਦਾ ਫਲਾਈ ਓਵਰ। ਚੇਅਰਮੈਨ ਸਾਹਿਬ, 12 ਸਾਲ ਪਹਿਲਾਂ ਜਲੰਧਰ ਸ਼ਹਿਰ ਦੇ ਵਿੱਚ ਦਮੋਰੀਆ ਪੁਲ ਚਾਲੂ ਹੋਇਆ ਸੀ। ਤਿੰਨ ਸਰਕਾਰਾਂ ਬਦਲ ਗਈਆਂ, ਪੰਜ ਸਾਲ ਇਨ੍ਹਾਂ ਦੀ ਸਰਕਾਰ ਵੀ ਰਹੀ, ਲੇਕਿਨ ਉਥੇ ਇੱਕ ਇੱਟ ਵੀ ਨਹੀਂ ਲੱਗੀ। ਬਾਦਲ ਸਾਹਿਬ ਦੀ ਕੋਸ਼ਿਸ਼ ਸਦਕਾ, ਜਿਹੜਾ 12 ਸਾਲਾਂ ਤੋਂ ਕੰਮ ਬੰਦ ਪਿਆ ਸੀ, ਅਸੀਂ ਉਸ ਪੁਲ ਨੂੰ ਚਾਲੂ ਕਰਵਾਇਆ ਅਤੇ ਲੋਕਾਂ ਦੇ ਸਪੁਰਦ ਕੀਤਾ ਲੇਕਿਨ ਇਨ੍ਹਾਂ ਨੂੰ ਉਥੇ ਦੇ ਕਾਂਗਰਸੀ ਲੀਡਰ ਸੀ, ਉਨ੍ਹਾਂ ਨੂੰ ਇਹ ਗਵਾਰਾ ਨਹੀਂ ਹੋਇਆ ਕਿ ਇਹ ਪੁਲ ਕਿਉਂ ਚਲ ਗਿਆ ਔਰ ਉਨ੍ਹਾਂ ਨੇ ਮੇਰੇ ਖਿਲਾਫ ਪਰਚੇ ਕਰਾਉਣ ਦੀ ਕੋਸ਼ਿਸ਼ ਵੀ ਕੀਤੀ। ਕੋਈ ਪੁਲ ਸਿਰਫ ਮੇਰੇ ਵਾਸਤੇ ਨਹੀਂ ਚਲਿਆ ਸੀ, ਪੁਲ ਸਾਰੇ ਆਵਾਮ ਵਾਸਤੇ ਚਲਿਆ ਸੀ, ਸਾਰੇ ਸ਼ਹਿਰ ਵਾਸਤੇ ਚਲਿਆ ਸੀ। ਇਸ ਤਰ੍ਹਾਂ ਦੀ ਇਨ੍ਹਾਂ ਲੋਕਾਂ ਦੀ ਮਨੋ ਸਥਿਤੀ ਹੈ। ਜਲੰਧਰ ਦੇ ਲੋਕਾਂ ਨੇ, ਸ਼ਹਿਰ ਨਿਵਾਸੀਆਂ ਨੇ, ਡਿਸਟ੍ਰਿਕਟ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਜਿਹੜੀ ਪਾਰਟੀ, ਜਿਹੜਾ ਐਮ.ਐਲ.ਏ ਵਿਕਾਸ ਕਰੇਗਾ, ਅਸੀਂ ਉਨ੍ਹਾਂ ਨੂੰ ਜਿਤਾਵਾਂਗੇ। ਜਲੰਧਰ ਦੀਆਂ 9 ਸੀਟਾਂ ਬਾਦਲ ਸਾਹਿਬ ਨੂੰ ਜਾਂ ਬੀ.ਜੇ.ਪੀ ਨੂੰ ਮਿਲੀਆਂ ਹਨ ਤਾਂ ਉਸ ਦੇ ਪਿੱਛੇ ਇਕੋ ਹੀ ਕਾਰਨ ਹੈ ਕਿ ਲੋਕਾਂ ਦੇ ਵਿੱਚ ਵਿਕਾਸ ਦੇ ਕੰਮ ਹੋਏ ਹਨ, ਅੱਛੀ ਗਵਰਨੈਂਸ ਮਿਲੀ ਔਰ ਜਿਹੜਾ ਸਾਡੇ ਸ਼ਹਿਰ ਦਾ ਮਾਹੌਲ ਸੀ ਉਹ ਅੱਛਾ ਰਿਹਾ। ਮੈਂ ਇਸ ਗੱਲ ਨੂੰ ਪੂਰੀ ਤਰ੍ਹਾਂ ਸਾਫ ਕਰ ਦਿਆਂ ਕਿ ਜਦੋਂ ਵੀ ਮੈਂ ਬਾਦਲ ਸਾਹਿਬ ਕੋਲ ਗਿਆ ਹਾਂ ਇਨ੍ਹਾਂ ਨੇ ਸਾਡਾ ਬਹੁਤ ਜ਼ਿਆਦਾ ਸਤਿਕਾਰ ਕੀਤਾ ਔਰ ਅਸੀਂ ਆਪਣੇ ਇਲਾਕੇ ਵਾਸਤੇ ਜਿੰਨੀ ਵੀ ਗਰਾਂਟ ਇਨ੍ਹਾਂ ਤੋਂ ਮੰਗੀ ਹੈ ਉਹ ਇਨ੍ਹਾਂ ਨੇ ਦਿੱਤੀ ਹੈ। ** ਮੇਰੇ ਤੋਂ ਪਹਿਲਾਂ ਜਿਹੜੇ ਐਮ.ਐਲ.ਏ ਸਾਹਿਬ ਸੀ, 15 ਸਾਲ ਉਨ੍ਹਾਂ ਨੇ ਰਾਜ ਕੀਤਾ, ਲੇਕਿਨ ** ਕੀਤੀ, ਕੋਈ ਵਿਕਾਸ ਦਾ ਕੰਮ ਨਹੀਂ ਕੀਤਾ, ਨਾ ਕੋਈ ਸੀਵਰ ਪਿਆ ਸੀ, ਨਾ ਕੋਈ ਸੜਕਾਂ ਬਣੀਆਂ ਸੀ।

(ਆਵਾਜ਼ਾਂ : ** ** ਲਫਜ਼ ਐਕਸਪੰਜ ਕਰਾਉ ਜੀ।

ਸ਼੍ਰੀ ਸਭਾਪਤੀ : ** ਇਹ ਲਫਜ਼ ਐਕਸਪੰਜ ਕਰ ਦਿਉ।

ਸ਼੍ਰੀ ਕੇ.ਡੀ. ਭੰਡਾਰੀ : ਰਾਣਾ ਜੀ ਤੁਹਾਨੂੰ ਪਤਾ ਹੈ ਮੈਂ ਸਚਾਈ ਕਹਿ ਰਿਹਾ ਹਾਂ। ਜੋ ਸਾਡੇ ਸ਼ਹਿਰ ਦੇ ਹਾਲਾਤ ਸਨ ਤੁਹਾਨੂੰ ਪਤਾ ਹੈ। ਮੈਂ ਕੋਈ ਝੂਠ ਨਹੀਂ ਬੋਲ ਰਿਹਾ। ਤੁਹਾਡੇ ਨਾਲ ਵੀ ਬੰਦਾ ਝਗੜਿਆ ਹੈ ਸਾਡੇ ਸ਼ਹਿਰ ਦਾ ਅਵਾਮ ਜਿਹੜਾ ਸੀ, ਮੇਰੇ ਹਲਕੇ ਦੇ ਲੋਕ ਉਸ ਕੋਲੋਂ ਦੁਖੀ ਸਨ। ਜਦੋਂ ਮੈਨੂੰ ਟਿਕਟ ਮਿਲੀ ਸੀ ਤਾਂ ਮੇਰੇ ਬਾਰੇ ਉਸ ਨੇ ਬੜੇ ਬਿਆਨ ਕੱਸੇ ਸਨ ਲੇਕਿਨ ਜਿਹੜਾ ਅਵਾਮ ਹੈ, ਜਿਹੜਾ ਵੋਟਰ ਹੈ ਉਹ ਬਹੁਤ ਸਿਆਣਾ

**Expunged as ordered by the Chair.

[ਸ਼੍ਰੀ ਕੇ.ਡੀ.ਭੰਡਾਰੀ]

ਹੈ। ਲੋਕਾਂ ਨੇ ਦੂਸਰੀ ਵਾਰ ਵੀ ਮੈਨੂੰ ਹੁਣ ਜਿਤਾ ਕੇ ਭੇਜਿਆ ਹੈ। ਜਿਹੜੇ ਹੱਥ ਕੰਡੇ ਉਸ ਨੇ ਇਸ ਵਾਰ ਅਪਣਾਏ ਹਨ, ਰੱਬ ਹੀ ਜਾਣਦਾ ਹੈ। ਲੇਕਿਨ ਲੋਕਾਂ ਨੂੰ ਪਤਾ ਹੈ ਕਿ ਵਿਕਾਸ ਹੋਇਆ ਹੈ, ਇਮਾਨਦਾਰੀ ਨਾਲ ਵਿਕਾਸ ਹੋਇਆ ਹੈ, ਸ਼ਰਾਫਤ ਨਾਲ ਵਿਕਾਸ ਹੋਇਆ ਹੈ, ਇਸ ਵਾਰੀ ਲੋਕਾਂ ਨੇ ਉਸ ਚੀਜ਼ ਦੀ ਕਦਰ ਕੀਤੀ ਹੈ। ਮੈਂ ਲੋਕਾਂ ਨਾਲ ਇਹ ਵਾਇਦਾ ਕਰਦਾ ਹਾਂ ਔਰ ਬਾਦਲ ਸਾਹਿਬ ਇੱਥੇ ਬੈਠੇ ਹਨ...

ਸਰਦਾਰ ਬਲਵਿੰਦਰ ਸਿੰਘ ਬੈਂਸ : ਚੇਅਰਮੈਨ ਸਾਹਿਬ, ਇੱਥੇ ਸਾਰੀ ਮਰਿਆਦਾ ਭੰਗ ਹੋ ਗਈ ਹੈ। ਸੀ.ਐਮ. ਸਾਹਿਬ ਬੈਠੇ ਹਨ, ਪਰ ਅਫਸਰ ਸਾਰੇ ਇੱਥੋਂ ਉਡਾਰੀ ਮਾਰ ਗਏ ਹਨ। ਕਿੱਥੇ ਹੈ ਆਪਣੀ ਅਫਸਰਸ਼ਾਹੀ, ਮੈਨੂੰ ਇਹ ਤਾਂ ਦੱਸੋ? ਹਾਊਸ ਦੀ ਮਰਿਆਦਾ ਹੈ ਕਿ ਜਦੋਂ ਤੱਕ ਸੀ.ਐਮ. ਸਾਹਿਬ ਹਾਊਸ ਵਿੱਚ ਬੈਠਣਗੇ, ਉਦੋਂ ਤੱਕ ਅਫਸਰਸ਼ਾਹੀ ਹਾਊਸ ਵਿੱਚ ਬੈਠੇ ਤੇ ਹਾਊਸ ਦੀ ਕਾਰਵਾਈ ਨੂੰ ਸੁਣੇ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ.....

ਸ਼੍ਰੀ ਸਭਾਪਤੀ : ਠੀਕ ਹੈ ਜੀ, ਬੈਠੋ।

ਸ਼੍ਰੀ ਕੇ.ਡੀ ਭੰਡਾਰੀ : ਚੇਅਰਮੈਨ ਸਾਹਿਬ, ਇਤਿਹਾਸ ਬਣਿਆ ਹੈ ਕਿ 46 ਸਾਲਾਂ ਬਾਅਦ ਪੰਜਾਬ ਦੀ ਵਜ਼ਾਰਤ ਦੁਬਾਰਾ ਤੋਂ ਰਿਪੀਟ ਕੀਤੀ ਹੈ, ਨਹੀਂ ਤਾਂ ਪਹਿਲਾਂ ਇਸ ਤਰ੍ਹਾਂ ਹੀ ਸੀ ਕਿ ਪੰਜ ਸਾਲ ਕਾਂਗਰਸ ਤੇ ਪੰਜ ਸਾਲ ਅਕਾਲੀ-ਬੀ.ਜੇ.ਪੀ। ਲੇਕਿਨ ਇਸ ਵਾਰ ਲੋਕਾਂ ਨੇ ਬਿਹਾਰ ਪੈਟਰਨ, ਗੁਜਰਾਤ ਪੈਟਰਨ, ਦਿੱਲੀ ਪੈਟਰਨ ਉੱਤੇ ਵਿਕਾਸ ਨੂੰ ਵੋਟਾਂ ਦਿੱਤੀਆਂ ਹਨ। ਮੈਂ ਸੀ.ਐਮ. ਸਾਹਿਬ ਨੂੰ ਇਹ ਦਰਖਾਸਤ ਕਰਾਂਗਾ ਕਿ ਸਾਡੇ ਜਿਹੜੇ ਇਲਾਕੇ ਹਨ ਉਨ੍ਹਾਂ ਨੂੰ ਹੋਰ ਫੰਡ ਦਿੱਤੇ ਜਾਣ ਤਾਂ ਜੋ ਅਸੀਂ ਲੋਕਾਂ ਨਾਲ ਜੋ ਵਾਅਦੇ ਕਰਕੇ ਆਏ ਹਾਂ ਅਸੀਂ ਉਨ੍ਹਾਂ ਨੂੰ ਪੂਰਾ ਕਰ ਸਕੀਏ। ਇਨ੍ਹਾਂ 5 ਸਾਲਾਂ ਦੇ ਵਿੱਚ ਬਹੁਤ ਵਿਕਾਸ ਦੇ ਕੰਮ ਹੋਏ ਹਨ। ਜਿੱਥੇ ਸਰਕਾਰੀ ਸਕੂਲਾਂ ਵਿੱਚ ਟੀਚਰ ਨਹੀਂ ਸਨ, ਉਥੇ ਬਾਦਲ ਸਾਹਿਬ ਨੇ 53961 ਟੀਚਰ ਭਰਤੀ ਕਰਕੇ ਇਹ ਗੱਲ ਦਰਸਾਈ ਹੈ ਕਿ ਅਸੀਂ ਵਿੱਦਿਆ ਦਾ ਮਿਆਰ ਉੱਚਾ ਕਰਨਾ ਹੈ। ਐਪੁਆਇੰਟਮੈਂਟਾਂ ਬਿਲਕੁਲ ਟਰਾਂਸਪੇਰੈਂਸੀ ਨਾਲ ਹੋਈਆਂ ਹਨ ਕਿਸੇ ਦੀ ਕੋਈ ਸਿਫਾਰਸ਼ ਨਹੀਂ ਚੱਲੀ। ਆਮ ਤੌਰ ਤੇ ਇਹ ਹੁੰਦਾ ਸੀ ਕਿ ਫਲਾਣਾ ਪੈਸੇ ਦੇ ਆਇਆ ਪਰ ਇਨ੍ਹਾਂ 5 ਸਾਲਾਂ ਦੇ ਵਿੱਚ ਕੋਈ ਵੀ ਜਿਹੜੀ ਐਪੁਆਇੰਟਮੈਂਟ ਹੋਈ ਹੈ, ਕੋਈ ਇਹ ਸਾਬਤ ਨਹੀਂ ਕਰ ਸਕਦਾ ਕਿ ਇੱਕ ਪੈਸਾ ਵੀ ਚਲਿਆ ਹੈ। ਅੱਜ ਲੋਕ ਇਮਾਨਦਾਰੀ ਨੂੰ, ਵਿਕਾਸ ਨੂੰ ਪਸੰਦ ਕਰਦੇ ਹਨ। ਉਸ ਕਾਰਨ ਹੀ ਅਸੀਂ ਜਿੱਤ ਕੇ ਆਏ ਹਾਂ। ਇਹ ਇੱਕ ਉਦਾਹਰਣ ਹੈ। ਅਸੀਂ ਹਾਇਰ ਐਜੂਕੇਸ਼ਨ ਵਿੱਚ ਪੁਲਾਂਘਾ ਪੁੱਟੀਆਂ ਹਨ। ਪੂਰੇ ਪੰਜਾਬ ਵਿੱਚ 15 ਨਵੇਂ ਡਿਗਰੀ ਕਾਲਜ 185 ਕਰੋੜ ਦੀ ਲਾਗਤ ਨਾਲ ਬਾਦਲ ਸਾਹਿਬ ਨੇ ਸ਼ੁਰੂ ਕਰਵਾਏ ਹਨ, ਇਹ ਵੀ ਸਾਡੇ ਨੌਜਵਾਨਾਂ ਲਈ ਬਹੁਤ ਵੱਡਾ ਮਾਈਲ ਸਟੋਨ ਬਣੇਗਾ। ਅੱਜ ਸਾਡੇ ਪੰਜਾਬ ਦਾ ਨੌਜਵਾਨ ਵਿਹਲਾ ਘੁੰਮ ਰਿਹਾ ਹੈ, ਨਸ਼ੇ ਵੱਲ ਜਾ ਰਿਹਾ ਹੈ। ਜੇਕਰ ਅਸੀਂ ਨੌਜਵਾਨਾਂ ਨੂੰ ਚੰਗੀ ਸਿੱਖਿਆ ਦੇਵਾਂਗੇ, ਬੱਚੇ ਪੜ੍ਹਣਗੇ ਉਨ੍ਹਾਂ ਨੂੰ ਰੁਜ਼ਗਾਰ

ਮਿਲੇਗਾ ਔਰ ਉਹ ਆਪਣੇ ਕੰਮ ਵੱਲ ਧਿਆਨ ਦੇਣਗੇ। ਇਸ ਕਰਕੇ ਬਾਦਲ ਸਾਹਿਬ ਦੀ ਜਿਹੜੀ ਇਹ ਸੋਚ ਹੈ ਸਾਨੂੰ ਸਾਰਿਆਂ ਨੂੰ ਇਸ ਉੱਤੇ ਪਹਿਰਾ ਦੇਣਾ ਚਾਹੀਦਾ ਹੈ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਸਾਡੇ ਪੰਜਾਬ ਵਾਸਤੇ ਬਹੁਤ ਹੀ ਵੱਡਾ ਕੰਮ ਕੀਤਾ ਹੈ ਜਿਸ ਵਾਸਤੇ ਅੰਨਾ ਹਜ਼ਾਰੇ ਵੀ ਲੜ ਰਹੇ ਹਨ। ਰਾਈਟ ਟੂ ਸਰਵਿਸ ਐਕਟ ਵਿੱਚ 67 ਆਈਟਮਜ਼ ਇਸ ਤਰ੍ਹਾਂ ਦੀਆਂ ਹਨ ਕਿ ਅਫਸਰਾਂ ਨੂੰ ਸਰਵਿਸ ਪ੍ਰੋਵਾਈਡ ਕਰਨ ਲਈ ਟਾਈਮ ਬਾਊਂਡ ਕੀਤਾ ਹੈ। ਇੱਕ ਨਿਸ਼ਚਿਤ ਕੀਤੇ ਗਏ ਟਾਈਮ ਦੇ ਵਿੱਚ ਉਨ੍ਹਾਂ ਨੇ ਲੋਕਾਂ ਦਾ ਕੰਮ ਕਰਨਾ ਹੈ। ਜੇਕਰ ਕੋਈ ਅਫਸਰ ਉਸ ਨਿਰਧਾਰਿਤ ਸਮੇਂ ਵਿੱਚ ਕੰਮ ਨਹੀਂ ਕਰਦਾ ਤਾਂ ਉਸ ਅਫ਼ਸਰ ਨੂੰ ਪੈਨਲਟੀ ਪਾਈ ਜਾਵੇਗੀ। ਅੱਜ ਨੌਜਵਾਨ ਸਾਥੀ ਇਸ ਚੀਜ਼ ਨੂੰ ਪਸੰਦ ਕਰਦੇ ਹਨ। ਜੇ ਕੋਈ ਨੌਜਵਾਨ ਕਿਸੇ ਮਹਿਕਮੇ ਵਿੱਚ ਜਾਂਦਾ ਹੈ ਅਤੇ ਉਸ ਦਾ ਕੋਈ ਵੀ ਕੰਮ ਤੁਰੰਤ ਹੁੰਦਾ ਹੋਵੇ ਅਤੇ ਬਿਨਾਂ ਕਿਸੇ ਪੈਸੇ ਦੇਣ ਤੋਂ ਹੁੰਦਾ ਹੋਵੇ ਤਾਂ ਨੌਜਵਾਨ ਤੇ ਲੋਕ ਬਹੁਤ ਖੁਸ਼ ਹੁੰਦੇ ਹਨ। ਇਹ ਬਾਦਲ ਸਾਹਿਬ ਦੀ ਅਗਾਂਹਵਧੂ ਸੋਚ ਹੈ ਜਿਸ ਨੂੰ ਨੌਜਵਾਨ ਵਰਗ ਨੇ ਬਹੁਤ ਸਰਾਹਿਆ ਹੈ। ਨੌਜਵਾਨ ਨੇ ਸਾਨੂੰ ਐਵੇਂ ਹੀ ਵੋਟਾਂ ਨਹੀਂ ਪਾਈਆਂ। ਜੇਕਰ ਕਿਸੇ ਨੂੰ ਡਰਾਈਵਿੰਗ ਲਾਇਸੈਂਸ ਮਿਲਿਆ ਹੈ ਤਾਂ ਉਸ ਨੂੰ ਸਮਾਂਬੱਧ ਕਰਕੇ ਮਿਲਿਆ ਹੈ ਅਤੇ ਬਿਨਾਂ ਪੈਸਿਆਂ ਤੋਂ ਮਿਲਿਆ ਹੈ। ਇਸ ਚੀਜ਼ ਦਾ ਆਉਣ ਵਾਲੇ ਸਮੇਂ ਵਿੱਚ ਸਾਡੀ ਪਾਰਟੀ ਨੂੰ, ਸਾਡੇ ਗਠਜੋੜ ਨੂੰ, ਸਾਡੇ ਅਲਾਇੰਸ ਨੂੰ ਬੜਾ ਫਾਇਦਾ ਹੋਣਾ ਹੈ।

ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਸੂਬੇ ਦੀ ਤਰੱਕੀ ਇਸ ਗੱਲ ਤੋਂ ਦੇਖੀ ਜਾਂਦੀ ਹੈ ਕਿ ਉਸ ਸੂਬੇ ਦੇ ਵਿੱਚ ਸਿਹਤ ਸੇਵਾਵਾਂ ਕਿਸ ਤਰ੍ਹਾਂ ਦੀਆਂ ਹਨ। ਚੇਅਰਮੈਨ ਸਾਹਿਬ, ਮੈਨੂੰ ਇਹ ਦੱਸਣ ਵਿੱਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਸੀਂ 346 ਕਰੋੜ ਰੁਪਏ ਦੇ ਨਾਲ 33 ਜਗ੍ਹਾ ਤੇ ਨਵੇਂ ਕਮਿਊਨਟੀ ਹੈਲਥ ਸੈਂਟਰ ਸ਼ੁਰੂ ਕੀਤੇ ਹਨ ਜਿਹੜੇ ਕਿ ਸਲੱਮਜ਼ ਦੇ ਵਿੱਚ, ਗਰੀਬਾਂ ਦੀਆਂ ਬਸਤੀਆਂ ਦੇ ਵਿੱਚ ਅਤੇ ਬੈਕਵਰਡ ਬਸਤੀਆਂ ਵਿੱਚ ਸ਼ੁਰੂ ਕੀਤੇ ਗਏ ਹਨ। 574 ਐਕਸਪਰਟ ਡਾਕਟਰ ਵੀ ਦਿੱਤੇ ਗਏ ਹਨ। ਇਨ੍ਹਾਂ ਡਾਕਟਰਾਂ ਦੀਆਂ ਬਿਨਾਂ ਕਿਸੇ ਵਿਤਕਰੇ ਤੋਂ ਨਿਯੁਕਤੀਆਂ ਹੋਈਆਂ ਹਨ। 602 ਮੈਡੀਕਲ ਅਫਸਰ ਐਪੁਆਇੰਟ ਹੋ ਚੁੱਕੇ ਹਨ, 2463 ਪੈਰਾ ਮੈਡੀਕਲ ਅਫਸਰ ਨਿਯੁਕਤ ਕੀਤੇ ਗਏ ਹਨ ਜਿਹੜੇ ਕਿ ਬਿਲਕੁਲ ਟਰਾਂਸਪੇਰੈਂਟ ਢੰਗ ਦੇ ਨਾਲ ਲਗਾਏ ਗਏ ਹਨ ਅਤੇ ਉਨ੍ਹਾਂ ਨੂੰ ਨਿਯੁਕਤੀਆਂ ਦਿੱਤੀਆਂ ਗਈਆਂ ਹਨ। ਜਦੋਂ ਅਸੀਂ ਕੰਪੇਨ ਵਿੱਚ ਗਏ ਤਾਂ ਲੋਕਾਂ ਨੇ ਸਾਨੂੰ ਬੜੀ ਸ਼ਾਬਾਸ਼ ਦਿੱਤੀ ਅਤੇ ਕਿਹਾ ਕਿ ਸਰਕਾਰ ਨੇ ਸਾਨੂੰ ਨੌਕਰੀ ਦਿੱਤੀ ਹੈ, ਸਾਡਾ ਪੂਰਾ ਪਰਿਵਾਰ ਅਤੇ ਸਾਡੇ ਸਾਰੇ ਰਿਸ਼ਤੇਦਾਰ ਅਸੀਂ ਆਪਣੀਆਂ ਵੋਟਾਂ ਤੁਹਾਨੂੰ ਕਾਸਟ ਕਰਾਂਗੇ। ਇਨ੍ਹਾਂ ਵੇਲੇ ਇਨ੍ਹਾਂ ਦੇ ਪੰਜ ਸਾਲਾਂ ਵਿੱਚ ਨਾ ਕੋਈ ਨੌਕਰੀ ਸੀ, ਨਾ ਕੋਈ ਗੱਲਬਾਤ ਸੀ, ਜਿਸ ਕਰਕੇ ਲੋਕਾਂ ਨੇ ਇਨ੍ਹਾਂ ਨੂੰ ਦੁਰਕਾਰਿਆ। ਸਭ ਤੋਂ ਵੱਡੀ ਜਿਹੜੀ ਗੱਲ ਹੈ, 108 ਨੰਬਰ ਵਾਲੀ ਜਿਹੜੀ ਐਂਬੂਲੈਂਸ ਦੀ ਸੁਵਿਧਾ ਚਾਲੂ ਕੀਤੀ ਗਈ ਹੈ ਉਸ ਦੀਆਂ ਜਿੰਨੀਆਂ ਅਸੀਸਾਂ ਬਾਦਲ ਸਾਹਿਬ ਨੂੰ ਗਰੀਬ ਲੋਕ ਦੇ ਰਹੇ ਹਨ ਉਸ ਨੂੰ ਲਫਜ਼ਾਂ ਵਿੱਚ ਬਿਆਨ ਨਹੀਂ ਕੀਤਾ

[ਸ਼੍ਰੀ ਕੇ.ਡੀ.ਭੰਡਾਰੀ]

ਜਾ ਸਕਦਾ, ਕਿਉਂਕਿ ਹਰ ਜਗ੍ਹਾ ਇਹ ਅਵੇਲੇਬਲ ਸੀ ਅਤੇ ਹਰ ਘਰ ਵਿੱਚ ਜਿੱਥੇ ਐਂਬੂਲੈਂਸ ਦੀ ਜ਼ਰੂਰਤ ਹੁੰਦੀ ਸੀ, ਉਹ ਗੱਡੀ ਟੈਲੀਫੂਨ ਕਰਨ ਤੋਂ ਪੰਜ ਮਿੰਟਾਂ ਦੇ ਅੰਦਰ-ਅੰਦਰ ਪਹੁੰਚ ਜਾਂਦੀ ਸੀ।.....

ਸ਼੍ਰੀ ਸਭਾਪਤੀ : ਭੰਡਾਰੀ ਜੀ, ਟਾਈਮ ਦਾ ਖਿਆਲ ਰੱਖੋ।

ਸ਼੍ਰੀ ਕੇ.ਡੀ. ਭੰਡਾਰੀ : ਹਾਲੇ ਤਾਂ ਕੰਮ ਸ਼ੁਰੂ ਹੋਇਆ ਹੈ ਜੀ। ਥੋੜ੍ਹਾ ਹੋਰ ਬੋਲ ਲੈਣ ਦਿਉ।

ਸ਼੍ਰੀ ਸਭਾਪਤੀ : ਤੁਸੀਂ ਦੋ-ਚਾਰ ਮਿੰਟ ਵਿੱਚ ਕਨਕਲੂਡ ਕਰ ਲਉ।

ਸ਼੍ਰੀ ਕੇ.ਡੀ. ਭੰਡਾਰੀ : 60 ਕਰੋੜ ਰੁਪਏ ਦੇ ਨਾਲ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵਿੱਚ ਕੈਂਸਰ ਵਾਸਤੇ ਕੰਮ ਸ਼ੁਰੂ ਕੀਤਾ ਹੈ ਕਿਉਂਕਿ ਮਾਲਵਾ ਸਾਈਡ ਤੇ ਕੈਂਸਰ ਦੀ ਬਹੁਤ ਵੱਡੀ ਪ੍ਰਾਬਲਮ ਹੈ, ਲੋਕ ਉਸ ਬਿਮਾਰੀ ਤੋਂ, ਉਸ ਤਰਾਸਦੀ ਤੋਂ ਡਰਦੇ ਹਨ, ਲੇਕਿਨ ਬਾਦਲ ਸਾਹਿਬ ਦੀ ਉਚੇਰੀ ਸੋਚ ਜਿਹੜਾ ਇਨ੍ਹਾਂ ਨੇ ਇਹ ਕੰਮ ਸ਼ੁਰੂ ਕੀਤਾ ਹੈ, ਇਸ ਨਾਲ ਸਾਡੀ ਸਰਕਾਰ ਨੂੰ ਬਹੁਤ ਵੱਡਾ ਬਲ ਮਿਲਿਆ ਹੈ।

ਇਸ ਤੋਂ ਬਾਅਦ ਚੇਅਰਮੈਨ ਸਾਹਿਬ, ਮੈਂ ਹੋਮ ਅਫੇਅਰਜ਼ ਦੀ ਗੱਲ ਕਰਨੀ ਹੈ। ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਜਿਵੇਂ ਥਾਣਿਆਂ ਦੀ ਦਸ਼ਾ ਸੁਧਾਰੀ ਹੈ ਔਰ ਜਿਹੜਾ ਪਬਲਿਕ ਅਤੇ ਪੁਲਿਸ ਦਾ ਤਾਲਮੇਲ ਆਪਸ ਵਿੱਚ ਵਧਿਆ ਹੈ, ਇਹ ਸਾਡੇ ਪੰਜਾਬ ਲਈ ਇੱਕ ਬਹੁਤ ਚੰਗੀ ਗੱਲ ਹੈ। ਪੁਲਿਸ ਦੇ ਵਿੱਚ 20,064 ਨਵੇਂ ਮੁਲਾਜ਼ਮ ਭਰਤੀ ਕੀਤੇ ਗਏ ਹਨ। ਇਸ ਦੇ ਨਾਲ ਥਾਣਿਆਂ ਵਿੱਚ ਨਫਰੀ ਵਧੀ ਹੈ। ਇਸ ਨਾਲ ਸ਼ਹਿਰਾਂ ਵਿੱਚ, ਲੋਕਾਂ ਵਿੱਚ ਵਿਸ਼ਵਾਸ ਪੈਦਾ ਹੋਇਆ ਹੈ। ਸ਼ਹਿਰਾਂ ਦੇ ਹੁਣ ਲੋਕਾਂ ਨੂੰ ਸੁਖ ਸ਼ਾਂਤੀ ਅਤੇ ਅਮਨ ਸ਼ਾਂਤੀ ਮਿਲੇਗੀ। ਚੇਅਰਮੈਨ ਸਾਹਿਬ, ਮੈਂ ਸ਼ਹਿਰਾਂ ਨੂੰ ਬਿਲਾਂਗ ਕਰਦਾ ਹਾਂ। ਸ਼ਹਿਰਾਂ ਵਿੱਚ ਇੰਡਸਟਰੀ ਵਾਸਤੇ ਬਾਦਲ ਸਾਹਿਬ ਨੇ ਜਿਹੜੇ ਕੰਮ ਕੀਤੇ ਹਨ, ਸਾਰੇ ਲੋਕ ਇਨ੍ਹਾਂ ਦੀ ਬੜੀ ਸ਼ਲਾਘਾ ਕਰਦੇ ਹਨ। ਲਗਭਗ 200 ਕਰੋੜ ਪਿਛਲੀ ਸਰਕਾਰ ਵਿੱਚ ਸਬਸਿਡੀ ਵੰਡੀ ਗਈ ਸੀ। ਇਹ ਲੋਕ 5 ਸਾਲ (ਵਿਰੋਧੀ ਬੈਂਚਿਜ਼ ਵੱਲ ਇਸ਼ਾਰਾ) ਇਥੇ ਰਹੇ ਹਨ, ਉਸ ਸਮੇਂ ਇੱਕ ਰੁਪਿਆ ਵੀ ਸਬਸਿਡੀ ਵਜੋਂ ਨਹੀਂ ਵੰਡਿਆ ਗਿਆ। ਕੈਪਟਨ ਸਾਹਿਬ ਵੀ ਜਦੋਂ ਸਾਡੇ ਸ਼ਹਿਰ ਵਿੱਚ ਫੋਕਲ ਪੁਆਇੰਟ ਦੇ ਸਬੰਧ ਵਿੱਚ ਆਏ ਸੀ ਤਾਂ ਉਹ ਇੰਡਸਟਰੀਅਲਿਸਟਾਂ ਦੇ ਨਾਲ ਵਾਅਦਾ ਕਰਕੇ ਗਏ ਸਨ ਕਿ ਤੁਹਾਡੀ ਐਨਹਾਂਸਮੈਂਟ ਮੁਆਫ ਹੋ ਜਾਵੇਗੀ, ਤੁਹਾਡੀਆਂ ਸੜਕਾਂ ਬਣ ਜਾਣਗੀਆਂ, ਗਦਈਪੁਰ ਨੂੰ ਇੰਡਸਟਰੀਅਲ ਜ਼ੋਨ ਬਣਾ ਦੇਵਾਂਗੇ ਲੇਕਿਨ ਇਲੈਕਸ਼ਨ ਤੋਂ ਬਾਅਦ ਕੁਝ ਵੀ ਨਹੀਂ ਕੀਤਾ। ਜਦੋਂ ਅਸੀਂ ਬਾਦਲ ਸਾਹਿਬ ਕੋਲ ਆਏ ਤਾਂ ਬਾਦਲ ਸਾਹਿਬ ਨੇ ਗਦਈਪੁਰ ਨੂੰ ਇੰਡਸਟਰੀਅਲ ਜ਼ੋਨ ਡਿਕਲੇਅਰ ਕੀਤਾ ਅਤੇ 24 ਘੰਟੇ ਲਈ ਉਥੇ ਬਿਜਲੀ ਪ੍ਰੋਵਾਈਡ ਕੀਤੀ। ਉਸ ਤੋਂ ਬਾਅਦ ਮੇਰੇ ਹਲਕੇ ਵਾਸਤੇਫੋਕਲ ਪੁਆਇੰਟ ਦੀ ਰੈਨੋਵੇਸ਼ਨ ਵਾਸਤੇ, ਸੜਕਾਂ ਵਾਸਤੇ, ਸੀਵਰੇਜ਼ ਵਾਸਤੇ 8 ਕਰੋੜ ਰੁਪਿਆ

ਬਾਦਲ ਸਾਹਿਬ ਨੇ ਪ੍ਰੋਵਾਈਡ ਕੀਤਾ ਅਤੇ ਫੋਕਲ ਪੁਆਇੰਟ ਦੀ ਅੱਜ ਨੁਹਾਰ ਬਦਲ ਗਈ ਹੈ। ਅੱਜ ਲੋਕ ਬਾਦਲ ਸਾਹਿਬ ਨੂੰ ਬਹੁਤ ਲਾਇਕ ਕਰਦੇ ਹਨ ਅਤੇ ਬਾਦਲ ਸਾਹਿਬ ਅੱਜ ਜਨ-ਜਨ ਦੀ ਅਵਾਜ਼ ਬਣ ਚੁੱਕੇ ਹਨ। ਮੈਂ ਈਸ਼ਵਰ ਅੱਗੇ ਇਹੀ ਪ੍ਰਾਰਥਨਾ ਕਰਾਂਗਾ ਕਿ ਮਹਾਰਾਜ ਬਾਦਲ ਸਾਹਿਬ ਨੂੰ ਤਾਕਤ ਦੇਵੇ ਤਾਂ ਜੋ ਪੰਜ ਸਾਲਾਂ ਅੰਦਰ ਇਹ ਸਰਕਾਰ ਵਧੀਆ ਕੰਮ ਕਰੇ ਅਤੇ 2017 ਵਿੱਚ ਫਿਰ ਸਾਡੀ ਸਰਕਾਰ ਮੁੜ ਕੇ ਬਣੇ। ਮੈਂ ਈਸ਼ਵਰ ਅੱਗੇ ਇਹ ਪ੍ਰਾਰਥਨਾ ਕਰਦਾ ਹਾਂ। ਅੰਤ ਵਿੱਚ, ਚੇਅਰਮੈਨ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਲਈ ਸਮਾਂ ਦਿੱਤਾ ਹੈ।

ਰਾਣਾ ਗੁਰਜੀਤ ਸਿੰਘ (ਕਪੂਰਥਲਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਾਰਿਆਂ ਤੋਂ ਪਹਿਲਾਂ ਬਾਦਲ ਸਾਹਿਬ ਨੂੰ ਪੰਜਵੀਂ ਵਾਰ ਮੁੱਖ ਮੰਤਰੀ ਬਣਨ ਤੇ ਵਧਾਈ ਦਿੰਦਾ ਹਾਂ। ਠੰਡਲ ਸਾਹਿਬ ਚਲੇ ਗਏ ਹਨ, ਉਹ ਵਾਰ-ਵਾਰ ਉਮਰ ਦਾ ਜ਼ਿਕਰ ਕਰਕੇ, ਕਿਤੇ ਬਾਪੂ ਨੂੰ ਨਜ਼ਰ ਨਾ ਲਾਵੇ, ਸਾਨੂੰ ਇਨ੍ਹਾਂ ਦੀ ਬਹੁਤ ਲੋੜ ਹੈ। ਇਨ੍ਹਾਂ ਦੀ ਲੰਮੀ ਉਮਰ ਹੋਵੇ। ਇਹ ਇਸੇ ਤਰ੍ਹਾਂ ਸਾਨੂੰ ਦਿਸ਼ਾ ਨਿਰਦੇਸ਼ ਦਿੰਦੇ ਰਹਿਣ ਤੇ ਸ਼੍ਰੀ ਸੁਨੀਲ ਜਾਖੜ ਜੀ ਸਾਡੇ ਸੀ.ਐਲ.ਪੀ. ਦੇ ਲੀਡਰ ਚੁਣੇ ਗਏ ਹਨ ਅਤੇ ਅੱਜ ਉਨ੍ਹਾਂ ਨੇ ਬੜੀ ਅੱਛੀ ਬਹਿਸ ਕੀਤੀ ਹੈ ਅਤੇ ਕੋਈ ਵੀ ਪੁਆਇੰਟ ਸਾਡੇ ਲਾਇਕ ਬੋਲਣ ਵਾਸਤੇ ਛੱਡਿਆ ਨਹੀਂ ਹੈ। ਜੇਕਰ ਠੰਡਲ ਸਾਹਿਬ ਗੱਲ ਨਾ ਕਰਦੇ ਤਾਂ ਮੈਂ ਅੱਜ ਵੀ ਨਹੀਂ ਸੀ ਬੋਲਣਾ ਕਿਉਂਕਿ ਸਾਰਾ ਕੁਝ ਤਾਂ ਸਾਡੇ ਲੀਡਰ ਪਹਿਲਾਂ ਹੀ ਬੋਲ ਗਏ ਹਨ। ਲੇਕਿਨ ਕੁਝ ਗੱਲਾਂ ਮੈਂ ਜ਼ਰੂਰ ਕਰਨੀਆਂ ਹਨ। ਗਵਰਨਰ ਭਾਸ਼ਣ ਦੇ ਪੈਰ੍ਹਾ ਨੰ: 4 ਵਿਚ ਲਿਖਿਆ ਹੈ ਕਿ ਇਲੈਕਸ਼ਨ ਰੀਮਾਰਕਏਬਲ ਹੋਏ ਅਤੇ 80% ਵੋਟਾਂ ਪਈਆਂ। ਪੈਰਾ ਨੰ: 8 ਵਿਚ ਲਿਖਿਆ ਹੈ: " Perform or Perish." ਇਹ ਇਨ੍ਹਾਂ ਦਾ ਮੋਟਿਵ ਸੀ। ਇਨ੍ਹਾਂ ਦੇ 8 ਵਜ਼ੀਰ ਸਾਫ ਹੋ ਗਏ, ਉਹ ਜਿੱਤ ਕੇ ਨਹੀਂ ਆਏ। ਅਕਾਲੀ ਦਲ ਦੀਆਂ ਸਾਢੇ ਤਿੰਨ ਪ੍ਰਤੀਸ਼ਤ ਵੋਟਾਂ ਘਟੀਆਂ ਹਨ। ਇਹ ਅਰਥਮੈਟਿਕ ਮੇਰੇ ਤੋਂ ਪਹਿਲਾਂ ਸੀ.ਐਲ.ਪੀ. ਦੇ ਲੀਡਰ ਨੇ ਕਿਹਾ। ਇਲੈਕਸ਼ਨਾਂ ਵਿਚ ਸਭ ਕੁਝ ਵਰਤਿਆ ਗਿਆ। ਹਰ ਚੀਜ਼ ਵਰਤੀ ਗਈ। ਲੋਕਾਂ ਨੂੰ ਪੈਸਾ ਤੇ ਸ਼ਰਾਬ ਵੰਡੀ ਗਈ। ਮੈਂ ਕ੍ਰਿਮੀਨਲ ਸ਼ਬਦ ਵਰਤ ਰਿਹਾ ਹਾਂ ਕਿਉਂਕਿ ਇਹ ਵੇਖਣ ਦੀ ਲੋੜ ਹੈ ਕਿ ਕਿੰਨੇ ਕ੍ਰਿਮੀਨਲ ਲੋਕ ਤੁਸੀਂ ਪੈਰੋਲ ਤੇ ਛੁਡਵਾਏ, ਕਿੰਨੇ ਪੀ.ਓ. ਫੜ੍ਹੇ ਵੀ ਗਏ ਅਤੇ ਮੇਰੇ ਤੋਂ ਪਹਿਲਾਂ ਭੰਡਾਰੀ ਸਾਹਿਬ ਬੋਲਦੇ ਹੋਏ ਇੱਕ ਮਾੜਾ ਸ਼ਬਦ ਮੇਰੇ ਭਰਾ ਬਾਰੇ ਕਹਿ ਗਏ ਹਨ। ਦੂਜੇ ਪਾਸੇ ਵੇਖੋ, ਮੇਰੇ ਖਿਲਾਫ ਵੀ ਤਾਂ ਬਾਦਲ ਸਾਹਿਬ ਨੇ ਇੱਕ ਇਹੋ ਜਿਹੇ ਨੂੰ ਹੀ ਲੜਾਇਆ ਸੀ। ਅਸੀਂ ਨਿਹੰਗ ਦੇ ਬਾਟੇ ਵਾਂਗ ਮਾਂਜ ਕੇ ਵਾਪਸ ਭੇਜ ਦਿੱਤਾ। ਦੁਆਬੇ ਦੇ ਲੋਕ ਅਮਨ ਪਸੰਦ ਵਾਲੇ ਹਨ, ਕ੍ਰਿਮੀਨਲ ਨੂੰ ਉਹ ਪਸੰਦ ਨਹੀਂ ਕਰਦੇ। ਜੇਕਰ ਪਿਛਲੀ ਸਰਕਾਰ ਦੀ ਪਰਫਾਰਮੈਂਸ ਵੇਖਣੀ ਹੋਵੇ ਤਾਂ ਪੰਜਾਬ ਵਿਚ ਜਿੰਨੇ ਵੀ ਐਜੀਟੇਸ਼ਨ ਕਰਨ ਵਾਲੇ ਲੋਕ ਸਨ, ਜਿਹੜੇ ਆਪਣੀਆਂ ਮੰਗਾਂ ਮੰਨਵਾਉਣਾ ਚਾਹੁੰਦੇ ਸਨ, ਉਨ੍ਹਾਂ ਨੂੰ ਸਰਕਾਰ

[ਰਾਣਾ ਗੁਰਜੀਤ ਸਿੰਘ]

ਨੇ ਲਾਠੀਆਂ ਨਾਲ ਕੁੱਟਿਆ। ਉਹ ਲੋਕ ਨਹੀਂ ਭੁੱਲੇ। ਅਨਇੰਪਲਾਇਮੈਂਟ ਨੂੰ ਤੁਸੀਂ ਐਡਰੈਸ ਕੀਤਾ। ਹੈਲਥ ਅਤੇ ਐਜੂਕੇਸ਼ਨ ਉਤੇ ਸਾਡੇ ਸੀ.ਐਲ.ਪੀ. ਦੇ ਲੀਡਰ ਬੋਲ ਚੁੱਕੇ ਹਨ, ਫਾਈਨਾਂਸ ਉਤੇ ਵੀ ਬੋਲ ਚੁੱਕੇ ਹਨ ਪਰ ਮੈਂ ਇੰਨਾ ਜ਼ਰੂਰ ਕਹਾਂਗਾ ਕਿ ਸਾਡੇ ਐਸ.ਸੀ. ਦੇ ਲੀਡਰ ਵੀ ਬੈਠੇ ਹਨ। ਇਥੇ ਗੱਲਾਂ ਤਾਂ ਬੜੀਆ ਚੰਗੀਆਂ-ਚੰਗੀਆਂ ਕੀਤੀਆਂ ਗਈਆਂ ਲੇਕਿਨ ਐਸ.ਸੀ. ਵੀਰਾਂ ਬਾਰੇ ਕਿਸੇ ਨੂੰ ਕੋਈ ਚਿੰਤਾ ਨਹੀਂ। ਇਹ ਗੱਲ ਵੱਖਰੀ ਹੈ ਕਿ ਦੁਆਬੇ ਵਿਚ ਸਾਡੀ ਐਸ.ਸੀ. ਲੀਡਰਸ਼ਿਪ ਫੇਲ੍ਹ ਹੋ ਗਈ ਹੈ। ਉਹ ਨਹੀਂ ਜਿੱਤ ਸਕੇ। ਮਿਤੀ 23 ਜੁਲਾਈ, 2011 ਦੀ ਟਾਈਮਜ਼ ਆਫ ਇੰਡੀਆ ਤੇ ਜ਼ਰਾ ਨਜ਼ਰ ਮਾਰ ਕੇ ਵੇਖੋ। ਨੈਸ਼ਨਲ ਐਸ.ਸੀ. ਕਮਿਸ਼ਨ ਦੇ ਡਾ. ਪੀ.ਐਲ.ਪੂਨੀਆ ਨੇ ਡਾਈਵਰਸੀਫਿਕੇਸ਼ਨ ਆਫ ਫੰਡਜ਼ ਬਾਰੇ ਕਿਹਾ ਹੈ ਕਿ ਜਿਹੜੇ ਵੀ ਫੰਡ ਐਸ.ਸੀ. ਲੋਕਾਂ ਵਾਸਤੇ ਆਉਂਦੇ ਹਨ ਉਸ ਵਿਚ 31% ਟੋਟਲ ਬਜਟ ਐਲੋਕੇਸ਼ਨ ਦੀ ਸਬ-ਪਲਾਨ ਦੇ ਵਿਚ ਐਸ.ਸੀ.ਵੀਰਾਂ ਲਈ ਰਾਖਵਾਂ ਹੋਣਾ ਚਾਹੀਦਾ ਹੈ। ਪਰ ਇਨ੍ਹਾਂ 31% ਫੰਡਾਂ ਵਿੱਚੋਂ ਇਸ ਸਰਕਾਰ ਨੇ, ਜਿਹੜੀ ਪਿਛਲੀ ਸਰਕਾਰ ਸੀ, ਢੀਂਡਸਾ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ, ਕੇਵਲ 10.2% ਦਿੱਤਾ। ਤੁਸੀਂ ਹੁਣ ਆਉਣ ਵਾਲੇ ਸਮੇਂ ਵਿਚ ਸਾਡੇ ਨਾਲ ਵਿਤਕਰਾ ਨਹੀਂ ਕਰਨਾ ਕਿਉਂਕਿ ਉਹ ਲੋੜਵੰਦ ਲੋਕ ਹਨ। ਠੀਕ ਹੈ ਇਸ ਵਾਰ ਕਾਂਗਰਸ ਨੂੰ ਵੋਟਾਂ ਨਹੀਂ ਪਈਆਂ, ਅਗਲੀ ਵਾਰ ਪੈ ਜਾਣਗੀਆਂ (ਹਾਸਾ)

(ਅਵਾਜ਼ਾਂ : ਇਹ ਗੁਰ ਤੁਹਾਨੂੰ ਇਨ੍ਹਾਂ ਨੇ ਨਹੀਂ ਦੱਸਣਾ। (ਬਾਦਲ ਸਾਹਿਬ ਵੱਲ ਇਸ਼ਾਰਾ)

ਕੋਈ ਗੱਲ ਨਹੀਂ ਮੈਂ ਇਨ੍ਹਾਂ ਦੇ ਗੋਡੇ ਘੁੱਟ ਕੇ ਇਹ ਨੁਕਤਾ ਇਨ੍ਹਾਂ ਕੋਲੋਂ ਲੈ ਲੈਣਾ ਹੈ। ਸੋ, ਜੇ ਆਪਾਂ ਗੱਲ ਲਿਟਰੇਸੀ ਦੀ ਕਰੀਏ, ਕਮਿਸ਼ਨ ਨੇ ਆਪਣੇ ਕੁਮੈਂਟਸ ਦਿੱਤੇ ਹਨ ਕਿ ਜਨਰਲ ਕੈਟੇਗਰੀ ਵਿਚ 69% ਲਿਟਰੇਸੀ ਹੈ ਜਦੋਂ ਕਿ ਐਸ.ਸੀ. ਦਾ ਲਿਟਰੇਸੀ ਰੇਟ 56% ਹੈ। ਇਹ 13% ਦਾ ਗੈਪ ਕਿਉਂ ਹੈ, ਸਰਕਾਰ ਨੇ ਇਸ ਬਾਰੇ ਆਪਣੇ ਪਿਛਲੇ ਪੰਜ ਸਾਲਾਂ ਵਿਚ ਕੀ ਕੀਤਾ, ਇਸ ਬਾਰੇ ਬਾਦਲ ਸਾਹਿਬ ਆਪਣੇ ਭਾਸ਼ਣ ਵਿਚ ਦੱਸਣ। ਸਾਡੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ। ਜਿਥੋਂ ਤੱਕ ਹੈਲਥ ਦੀ ਗੱਲ ਕਰਦੇ ਹਾਂ, ਉਥੇ ਵੀ ਇਨ੍ਹਾਂ ਨਾਲ ਵਿਤਕਰਾ ਹੋਇਆ ਹੈ। ਮੈਂ ਸਿਰਫ ਜਿਹੜੀ ਰਿਪੋਰਟ ਹੈ, ਉਹ ਪੜ੍ਹ ਰਿਹਾ ਹਾਂ। ਇਨਫੈਂਟ ਮੋਰਟੈਲਿਟੀ ਰੇਟ ਜਿਹੜਾ ਐਸ.ਸੀ. ਦਾ ਹੈ, ਉਹ 16% ਹੈ ਅਤੇ ਜਨਰਲ ਕੈਟੇਗਰੀ ਦਾ 6% ਹੈ। ਇੱਥੇ ਵੀ 10% ਵੱਧ ਮਰ ਰਹੇ ਹਨ। ਮਾਲ ਨਿਊਟਰੀਸ਼ਨ, ਉਨ੍ਹਾਂ ਦੀਆਂ ਦਵਾਈ ਨਾ ਲੈ ਪਾਉਣਾ, ਇਹ ਸਾਰੀਆਂ ਗੱਲਾਂ ਦਾ ਅਸਰ ਹੈ ਅਤੇ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਕਮਿਸ਼ਨ ਨੇ ਇਹ ਵੀ ਕਿਹਾ ਕਿ ਸਰਕਾਰ ਕਮਿਸ਼ਨ ਦੀ ਗਾਈਡ ਲਾਈਨਜ਼ ਦੀ ਰਿਸਪੈਕਟ ਕਰਨੀ ਸਿੱਖੇ, ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸਬ ਕਮੇਟੀ ਮੋਨੀਟਰਿੰਗ ਜਿਹੜੀ ਇਸ ਪਲਾਨ ਦੀ ਹੈ, ਸੀ.ਐਮ. ਉਸ ਦਾ ਚੇਅਰਮੈਨ ਹੁੰਦਾ ਹੈ। ਸਾਲ 2006 ਤੋਂ ਬਾਅਦ ਸ਼ਡਿਊਲਡ ਕਾਸਟ ਵੀਰਾਂ ਲਈ ਇਹ ਜਿਹੜਾ ਸਾਰਾ ਪ੍ਰਬੰਧ ਹੁੰਦਾ ਹੈ, ਉਸਦੀ ਮੀਟਿੰਗ ਨਹੀਂ ਹੋਈ ਅਤੇ ਹੁਣ 2012 ਆ ਗਿਆ

ਹੈ, ਇਸ ਦੀ ਕੋਈ ਮੀਟਿੰਗ ਨਹੀਂ ਹੋਈ, ਇਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਗਰੀਬ ਜਨਤਾ ਪਹਿਲਾਂ ਹੀ ਬਹੁਤ ਦਬੀ ਕੁਚਲੀ ਹੋਈ ਹੈ ਅਤੇ ਮੇਰੇ ਤੋਂ ਪਹਿਲਾਂ ਬੋਲਦੇ ਹੋਏ ਆਪੋਜ਼ੀਸ਼ਨ ਵੱਲੋਂ ਡੀਜ਼ਲ ਦੀ ਪ੍ਰਾਈਸ ਹਾਈਕ ਬਾਰੇ ਗੱਲ ਹੋਈ ਹੈ, ਇਹ ਮਾਰਕੀਟ ਫੋਰਸਿਜ ਹਨ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਮਾਰਕੀਟ ਫੋਰਸਿਜ਼ ਨਾਲ ਵਧ ਰਹੀਆਂ ਹਨ। ਮੇਰੀ ਬੇਨਤੀ ਹੈ ਕਿ ਸਰਕਾਰ ਕੀ ਆਪਣਾ ਵੈਟ ਘਟਾਉਣ ਲਈ ਤਿਆਰ ਹੈ? ਆਪਣੀ ਆਮਦਨ ਜਿੰਨੀ ਪਹਿਲੀ ਸੀ, ਉਨੀ ਰੱਖ ਲਵੋ ਇਸ ਦੇ ਨਾਲ ਕੁਝ ਮੁਨਾਫਾ ਹੀ ਘੱਟ ਹੋ ਜਾਵੇਗਾ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇੱਥੇ ਕਬੱਡੀ ਦਾ ਜ਼ਿਕਰ ਕੀਤਾ ਗਿਆ। ਮੈਂ ਕਹਿੰਦਾ ਹਾਂ ਕਿ ਕਬੱਡੀ ਮਾਂ ਖੇਡ ਹੈ ਅਤੇ ਸਪੋਰਟਸ ਲਈ ਸਰਕਾਰ ਨੇ ਬਹੁਤ ਕੁਝ ਕੀਤਾ, ਮੈਂ ਮੰਨਦਾ ਹਾਂ ਬਹੁਤ ਕੁਝ ਕੀਤਾ। ਲੇਕਿਨ ਕਬੱਡੀ ਜਿਹੜੀ ਸਾਡੀ ਮਾਂ ਖੇਡ ਹੈ, ਇਸ ਨੂੰ ਸਰਕਾਰ ਨੇ ਪ੍ਰਾਈਵੇਟ ਲਿਮਟਿਡ ਕਰ ਦਿੱਤਾ ਹੈ। ਚੇਅਰਮੈਨ ਸਾਹਿਬ, ਮੈਂ ਦੁਆਬੇ ਨਾਲ ਸਬੰਧ ਰੱਖਦਾ ਹਾਂ ਅਤੇ ਤੁਸੀਂ ਵੀ ਦੁਆਬੇ ਤੋਂ ਆਏ ਹੋ। ਲੋਕ ਕਬੱਡੀ ਨੂੰ ਬਹੁਤ ਪਿਆਰ ਕਰਦੇ ਹਨ। ਐਨ.ਆਰ.ਆਈ. ਵੀਰਾਂ ਨੇ ਕਬੱਡੀ ਖੇਡ ਨੂੰ ਪ੍ਰੋਮੋਟ ਕੀਤਾ। 20 ਸਾਲ, 30 ਸਾਲ ਤੋਂ ਆਪਣੇ ਪਿੰਡ ਕੋਈ 20 ਹਜ਼ਾਰ, ਕੋਈ 30 ਹਜ਼ਾਰ, ਕੋਈ 50 ਹਜ਼ਾਰ, ਕੋਈ ਲੱਖ, ਕੋਈ 10 ਲੱਖ ਰੁਪਏ, ਕੋਈ 20 ਲੱਖ ਰੁਪਏ ਪੰਜਾਬ ਵਿੱਚ ਲਗਾਉਂਦਾ ਸੀ ਪਰ ਇਸ ਤੇ ਸਰਕਾਰ ਨੇ ਕਬਜ਼ਾ ਕਰ ਲਿਆ। ਠੀਕ ਹੈ, ਅੱਛੀ ਸ਼ੁਰੂਆਤ ਸੀ, ਮੈਂ ਉਸ ਦਾ ਵੀ ਕੋਈ ਵਿਰੋਧ ਨਹੀਂ ਕਰ ਸਕਦਾ ਪਰ ਉਹ ਐਨ.ਆਰ.ਆਈ. ਪ੍ਰੋਮੋਟਰ ਜਿਨ੍ਹਾਂ ਨੇ ਕਬੱਡੀ ਖੇਡ ਦੀ ਸ਼ੁਰੂਆਤ ਕੀਤੀ, ਉਨ੍ਹਾਂ ਨੂੰ ਇਨ੍ਹਾਂ ਮੇਲਿਆਂ ਵਿੱਚ, ਟੂਰਨਾਮੈਂਟਸ ਵਿੱਚ ਲਾਗੇ ਨਹੀਂ ਲੱਗਣ ਦਿੱਤਾ ਗਿਆ। ਮੈਂ ਸਮਝਦਾ ਹਾਂ ਕਿ ਜਿਹੜੇ ਸਾਡੇ ਐਨ.ਆਰ.ਆਈਜ਼ ਪੁਰਾਣੇ ਪ੍ਰੋਮੋਟਰ ਹਨ, ਉਨ੍ਹਾਂ ਨੂੰ ਯੋਗ ਜਗ੍ਹਾ ਜ਼ਰੂਰ ਦੇਣੀ ਚਾਹੀਦੀ ਹੈ। ਮੁੱਖ ਮੰਤਰੀ ਸਾਹਿਬ, ਡਿਪਟੀ ਸੀ.ਐਮ. ਸਾਹਿਬ ਵੀ ਉਥੇ ਜਾਣ, ਲੇਕਿਨ ਤੁਸੀਂ ਖੇਡ ਤੇ ਕਬਜ਼ਾ ਨਾ ਕਰੋ, ਇਹ ਗੱਲ ਬੜੀ ਮਾੜੀ ਹੈ।

ਜਾਖੜ ਸਾਹਿਬ ਨੇ ਬੋਲਣ ਲਈ ਕੁਝ ਨਹੀਂ ਛੱਡਿਆ। ਮੈਂ ਕਹਿਣਾ ਚਾਹਾਂਗਾ ਕਿ ਇਸ ਗੱਲ ਦੀ ਬੜੀ ਸ਼ਲਾਘਾ ਹੋਈ ਕਿ ਥਰਮਲ ਪਲਾਂਟ ਬਹੁਤ ਲੱਗ ਰਹੇ ਹਨ। ਮੈਂ ਇੱਕ ਗੱਲ ਕਹਿਣੀ ਚਾਹਾਂਗਾ ਕਿ ਥਰਮਲ ਪਲਾਂਟ ਜਿਹੜੇ ਲੱਗ ਰਹੇ ਹਨ, ਇਹ ਡਾਕਟਰ ਮਨਮੋਹਨ ਸਿੰਘ ਜੀ ਦੀ 1995 ਦੀ ਜਿਹੜੀ ਪਾਲਿਸੀ ਹੈ, ਉਨ੍ਹਾਂ ਨੇ ਓਪਨ ਅੱਪ ਕੀਤੀ, (ਵਿਘਨ) ਉਸ ਦੇ ਤਹਿਤ ਪ੍ਰਾਈਵੇਟ ਪਲੇਅਰਜ਼ ਆਏ। ਜਦੋਂ ਪ੍ਰਾਈਵੇਟ ਪਲੇਅਰਜ਼ ਆਏ ਤਾਂ ਇਹ ਪ੍ਰੋਜੈਕਟ ਲੱਗਣੇ ਸ਼ੁਰੂ ਹੋਏ। ਤੁਸੀਂ ਇੱਕੋ ਗੱਲ ਦਾ ਜਵਾਬ ਦੇ ਦੇਵੋ ਤਾਂ ਮੈਂ ਬੈਠ ਜਾਵਾਂਗਾ। ਗੁਰੂ ਨਾਨਕ ਦੇਵ ਥਰਮਲ ਪਲਾਂਟ ਦਾ ਪਲਾਂਟ ਨੰ: 3 ਦਾ ਅੱਜ ਤੋਂ 2 ਸਾਲ ਅਤੇ 3 ਮਹੀਨੇ ਪਹਿਲਾਂ ਮੈਨਟੀਨੈਂਸ ਅਤੇ ਰੈਨੋਵੇਸ਼ਨ ਲਈ ਠੇਕਾ ਦਿੱਤਾ ਗਿਆ। 100 ਮੈਗਾਵਾਟ ਬਿਜਲੀ ਪੈਦਾ ਹੁੰਦੀ ਹੈ ਪਰ ਉਸ ਨੂੰ 9 ਮਹੀਨੇ ਵਿੱਚ ਪੂਰਾ ਹੋ ਜਾਣਾ ਚਾਹੀਦਾ ਸੀ ਪਰ 2 ਸਾਲ 3 ਮਹੀਨੇ ਹੋ ਚੁੱਕੇ ਹਨ, ਹੁਣ ਤੱਕ ਉਸਦੀ ਰੈਨੋਵੇਸ਼ਨ ਨਹੀਂ ਹੋਈ। 100 ਮੈਗਾਵਾਟ 2.25 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਮਿਲਣੀ ਸੀ। ਵਿੱਤ ਮੰਤਰੀ ਜੀ ਤੁਸੀਂ

[ਰਾਣਾ ਗੁਰਜੀਤ ਸਿੰਘ]

ਕੈਲਕੁਲੇਟ ਕਰ ਲੈਣਾ ਕਿ 15 ਮਹੀਨੇ ਵਿੱਚ ਕਿੰਨਾ ਨੁਕਸਾਨ ਹੋਇਆ। ਇਹ ਕੋਈ 2, 4, 6, 10, 20, ਜਾਂ 50 ਲੱਖ ਰੁਪਏ ਦਾ ਨਹੀਂ, ਸਗੋਂ ਕਰੋੜਾਂ ਰੁਪਏ ਦਾ ਨੁਕਸਾਨ ਹੈ। ਉਥੇ ਤਾਂ ਸਰਕਾਰ ਕੁਝ ਨਹੀਂ ਕਰ ਸਕੀ ਪਰ ਇਹ ਕਹਿੰਦੇ ਕਿ ਅਸੀਂ ਪਲਾਂਟ ਲਗਾ ਰਹੇ ਹਾਂ। ਪਲਾਂਟ ਪ੍ਰਾਈਵੇਟ ਪਾਰਟੀਆਂ ਲਗਾ ਰਹੀਆਂ ਹਨ, ਫੈਸਿਲੀਟੇਟਰ ਤੁਸੀਂ ਹੋ, ਤੁਹਾਡਾ ਵੀ ਯੋਗਦਾਨ ਹੈ। ਪਰ ਮੈਂ ਕਹਿੰਦਾ ਹਾਂ ਕਿ ਸਰਕਾਰ ਦੀ ਗਵਰਨੈਂਸ ਵੱਲ ਧਿਆਨ ਦਿੱਤਾ ਜਾਵੇ, ਤਾਂ ਕਿ ਸਰਕਾਰ ਨੂੰ ਘਾਟੇ ਨਾ ਪੈਣ। ਮੈਂ ਇੱਕ ਗੱਲ ਜਰੂਰ ਕਹਾਂਗਾ ਸੀ.ਐਮ. ਸਾਹਿਬ ਮੈਂ ਜਦੋਂ ਇਲੈਕਸ਼ਨ ਲੜਿਆ ਤਾਂ ਮੈਂ ਉਥੇ ਸਿਰਫ 4 ਗੱਲਾਂ ਦਾ ਜ਼ਿਕਰ ਕੀਤਾ। ਇਥੇ ਲਾਅ ਐਂਡ ਆਰਡਰ ਦੀ ਵੀ ਗੱਲ ਆਈ। ਮੈਂ ਇੱਕ ਗੱਲ ਕਹਿੰਦਾ ਸੀ ਕਿ ਇੱਥੇ ਕਪੂਰਥਲੇ ਵਿੱਚ ਮੈਂ ਇੱਕ ਮਹੀਨੇ ਦੇ ਅੰਦਰ-ਅੰਦਰ ਗੁੰਡਾਗਰਦੀ ਵਾਲੇ ਮੁੰਡੇ ਠੀਕ ਨਾ ਕਰ ਦਿੱਤੇ ਤਾਂ ਮੈਂ ਤੁਹਾਡਾ ਐਮ.ਐਲ.ਏ.ਨਹੀਂ, ਮੈਨੂੰ ਵੋਟ ਨਾ ਪਾਇਉ। ਚੇਅਰਮੈਨ ਸਾਹਿਬ, ਪਾਨ ਦੀਆਂ ਦੁਕਾਨਾਂ ਘੱਟ ਹਨ, ਡਰੱਗਜ਼ ਦੀਆਂ ਪੂੜੀਆਂ ਵੰਡਣ ਵਾਲੀਆਂ ਦੁਕਾਨਾਂ ਬਹੁਤ ਹਨ। ਡਰੱਗਜ਼ ਨੂੰ ਕੰਟਰੋਲ ਕਰੋ, ਗੁੰਡਾਗਰਦੀ ਨੂੰ ਕੰਟਰੋਲ ਕਰੋ, ਇਹ ਮੇਰੀ ਤੁਹਾਡੇ ਅੱਗੇ ਬੇਨਤੀ ਹੈ। ਮੈਂ ਇੱਕ ਗੱਲ ਕਹਿਣੀ ਚਾਹਵਾਂਗਾ। ਭੰਡਾਰੀ ਸਾਹਿਬ ਵੀ ਸਾਡੇ ਸ਼ਹਿਰ ਤੋਂ ਚੁਣ ਕੇ ਆਏ ਨੁਮਾਇੰਦੇ ਹਨ। ਲੋਕ ਸ਼ਹਿਰਾਂ ਵਿਚ ਗੰਦਗੀ ਵਿਚ ਰਹਿ ਰਹੇ ਹਨ। ਸੀਵਰੇਜ ਦੇ ਅਸੀਂ ਪ੍ਰੋਜੈਕਟ ਪਾਸ ਕੀਤੇ ਪਰ ਉਹ ਹਾਲੇ ਤੱਕ ਲੱਗੇ ਨਹੀਂ। 2006 ਵਿੱਚ ਚਾਲੂ ਹੋਏ, ਕੰਪਲੀਟ ਨਹੀਂ ਹੋਏ ਤੇ ਸੀ.ਐਮ. ਸਾਹਿਬ ਚੌਥੀ ਵਾਰ ਨੀਂਹ ਪੱਥਰ ਰੱਖ ਰਹੇ ਹਨ। ਪਹਿਲੀ ਵਾਰ ਨੀਹ ਪੱਥਰ ਚੌਧਰੀ ਜਗਜੀਤ ਸਿੰਘ ਨੇ ਰੱਖਿਆ। ਦੁਬਾਰਾ ਉਹ ਕੰਮ ਬੰਦ ਹੋ ਗਿਆ, ਜਦੋਂ ਸਾਡੀ ਸਰਕਾਰ ਗਈ। ਤੁਹਾਡੇ ਵਰਗਾ ਨੀਂਹ ਪੱਥਰ ਨਹੀਂ ਸੀ ਕਿ ਕੰਮ ਚਾਲੂ ਹੀ ਨਹੀਂ ਹੋਇਆ। ਤੁਸੀਂ ਬੰਦ ਕਰਵਾਇਆ। ਅਸੀਂ ਕੋਰਟ ਤੋਂ ਆਰਡਰ ਲਿਆ ਕੇ ਫਿਰ ਕੋਰਟ ਗਏ। ਕੋਰਟ ਨੇ ਕਿਹਾ ਕਿ ਪ੍ਰੋਜੈਕਟ ਬਣਾ ਕੇ ਲਿਆਉ ਤੇ ਪ੍ਰੋਜੈਕਟ 22 ਕਰੋੜ ਰੁਪਏ ਦਾ ਬਣਿਆ। ਉਸ ਦਾ ਨੀਂਹ ਪੱਥਰ ਉਸ ਵੇਲੇ ਦੇ ਹਲਕਾ ਇੰਚਾਰਜ ਸਰਦਾਰ ਰਘਬੀਰ ਸਿੰਘ ਅਤੇ ਨਗਰ ਕੌਂਸਲ ਦੇ ਪ੍ਰਧਾਨ ਨੇ ਰੱਖ ਦਿੱਤਾ। ਫਿਰ, ਕਾਲੀਆ ਸਾਹਿਬ ਚਲੇ ਗਏ, ਹੁਣ ਬੈਠੇ ਨਹੀਂ, ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਇੱਕ ਵਾਰ ਇਨ੍ਹਾਂ ਨੇ ਵੀ ਨੀਂਹ ਪੱਥਰ ਰੱਖਿਆ। ਚੌਥੀ ਵਾਰ ਬਾਦਲ ਸਾਹਿਬ ਨੀਂਹ ਪੱਥਰ ਰੱਖਣ ਆ ਗਏ। ਪ੍ਰੋਜੈਕਟ ਕੰਪਲੀਟ ਨਹੀਂ ਹੋਇਆ । ਪੱਥਰਾਂ ਵਾਲੀ ਸਰਕਾਰ ਬਣ ਗਈ ਹੈ। ਪੱਥਰ ਰੁਲਦੇ ਫਿਰਦੇ ਹਨ। ਤੁਸੀਂ ਜਾ ਕੇ ਵੇਖੋ ਸਹੀ। ਕਈ ਆਪਣੇ ਆਪ ਹੀ ਡਿੱਗ ਪਏ ਤੇ ਕਈ ਲੋਕਾਂ ਨੇ ਡੇਗ ਦਿੱਤੇ। ਇਹ ਹਾਲ ਪੱਥਰਾਂ ਦਾ ਹੋਇਆ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਅੰਕੜੇ ਸੁਨੀਲ ਜਾਖੜ ਸਾਹਿਬ ਬੋਲ ਗਏ ਹਨ। ਵਾਰ-ਵਾਰ ਉਹੀ ਗੱਲ ਰਿਪੀਟ ਕਰਾਂ, ਚੰਗਾ ਨਹੀਂ ਲੱਗੇਗਾ। ਤੁਸੀਂ ਲੋਕਾਂ ਨਾਲ ਬਹੁਤ ਵਾਅਦੇ ਕਰ ਚੁੱਕੇ ਹੋ। ਤੁਹਾਡੇ ਹੱਥੋਂ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ।ਜੋ ਪ੍ਰੋਜੈਕਟ ਬਣਾਉਣ ਦੇ ਵਾਅਦੇ ਤੁਸੀਂ ਕੀਤੇ ਹਨ, ਉਹ 100 ਦਿਨਾਂ ਵਿੱਚ ਡਿਸਾਈਡ ਕਰ ਲਉ। ਇਸ ਨੂੰ ਹਨੀਮੂਨ ਪੀਰੀਅਡ ਕਹਿੰਦੇ ਹਨ। ਇੰਪਲੀਮੈਂਟ ਕਰਨਾ ਚਾਲੂ ਕਰ ਦਿਉ। ਜਿਵੇਂ

ਜਾਖੜ ਸਾਹਿਬ ਕਹਿੰਦੇ ਹਨ ਕਿ ਅਸੀਂ 101ਵੇਂ ਦਿਨ ਰੌਲਾ ਪਾਉਣਾ ਚਾਲੂ ਕਰ ਦਿਆਂਗੇ, ਫਾਇਦਾ ਕੀ ਹੋਵੇਗਾ। ਮੇਰੀ ਬੇਨਤੀ ਹੈ ਕਿ ਜਦੋਂ ਤੁਸੀਂ ਜਾ ਕੇ ਨੀਂਹ ਪੱਥਰ ਰੱਖਦੇ ਹੋ, ਲੁੱਕ ਪਾਉਣੀ ਚਾਲੂ ਕੀਤੀ, ਮੈਂ ਕੰਪਲੇਂਟ ਕੀਤੀ ਤੇ ਤਿੰਨ ਸੜਕਾਂ ਰਿਜੈਕਟ ਹੋ ਗਈਆਂ। ਦਸੰਬਰ ਦੇ ਮਹੀਨੇ ਵਿੱਚ ਤੁਸੀਂ ਪਬਲਿਕ ਮਨੀ ਵੇਸਟ ਕੀਤੀ। ਸੰਗਤ ਦਰਸ਼ਨਾਂ ਰਾਹੀਂ ਵੇਸਟ ਕੀਤੀ। ਜਿਹੜੀਆਂ ਸੜਕਾਂ ਅਕਤੂਬਰ ਮਹੀਨੇ ਵਿੱਚ ਬਣਨੀਆਂ ਚਾਹੀਦੀਆਂ ਸਨ, ਉਹ ਦਸੰਬਰ-ਜਨਵਰੀ ਵਿਚ ਬਣਦੀਆਂ ਰਹੀਆਂ। ਪਬਲਿਕ ਦੇ ਪੈਸੇ ਨਾਲ ਸਾਡਾ ਪੁਲੀਟੀਕਲ ਬੰਦਿਆਂ ਨੂੰ ਖੇਡਣ ਦਾ ਕੋਈ ਅਧਿਕਾਰ ਨਹੀਂ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਪਹਿਲੇ ਦਿਨ ਤੋਂ ਡਿਵੈਲਪਮੈਂਟ ਕਰਨੀ ਚਾਲੂ ਕੀਤੀ ਜਾਵੇ। ਲੋਕ ਸਾਨੂੰ ਪੰਜ ਸਾਲ ਲਈ ਚੁਣਦੇ ਹਨ ਤੇ ਸਰਕਾਰ ਪੰਜ ਸਾਲ ਲਗਾਤਾਰ ਡਿਵੈਲਪਮੈਂਟ ਕਰੇ। ਹੁਣ ਤੁਹਾਡੇ ਕੋਲ ਮੌਕਾ ਹੈ। ਪੈਸੇ ਤੁਹਾਡੇ ਕੋਲ ਬਹੁਤ ਹਨ। (ਵਿਘਨ) ਮੈਂ ਤੁਹਾਨੂੰ ਜਵਾਬ ਨਹੀਂ ਦੇ ਸਕਦਾ। ਤੁਸੀਂ ਵੱਡੀ ਭੈਣ (ਬੀਬੀ ਜਗੀਰ ਕੌਰ ਵੱਲ ਇਸ਼ਾਰਾ) ਹੋ। ਮੇਰੇ ਗੁਆਂਢੀ ਹੋ। ਉਸ ਤਰ੍ਹਾਂ ਵੀ ਸਤਿਕਾਰ ਕਰਦਾ ਹਾਂ।ਇੱਕ ਮੈਂ ਬੇਨਤੀ ਕਰਾਂਗਾ ਕਿ ਇੱਕ ਦੂਜੇ ਤੇ ਟਿੱਪਣੀ ਨਾ ਕੀਤੀ ਜਾਵੇ। ਮੈਂ ਕਦੇ ਨਹੀਂ ਕਰਾਂਗਾ। ਜਾਖੜ ਸਾਹਿਬ ਨੇ ਬੜੀ ਫਰਾਖਦਿਲੀ ਦਿਖਾਈ ਹੈ। 2002 ਵਿੱਚ ਜਦੋਂ ਪਹਿਲੀ ਵਾਰ ਮੈਂ ਚੁਣ ਕੇ ਆਇਆ ਤਾਂ ਮੈਂ ਦੇਖਦਾ ਸੀ ਕਿ ਤੁਸੀਂ ਰੌਲਾ ਬਹੁਤ ਪਾਉਂਦੇ ਸੀ। ਇਹ ਪਹਿਲੀ ਵਾਰ ਪ੍ਰਥਾ ਚਾਲੂ ਕੀਤੀ ਹੈ। ਇਸ ਨੂੰ ਆਨਰ ਕਰਨਾ ਚਾਹੀਦਾ ਹੈ। ਸਾਨੂੰ ਐਡਜਸਟ ਕਰਨਾ ਚਾਹੀਦਾ ਹੈ। ਪੈਸਾ ਸਰਕਾਰ ਦਾ ਜੋ ਹੈ, ਜੋ ਤੁਸੀਂ ਅਖੀਰਲੇ ਦਿਨਾਂ ਵਿੱਚ ਦਿੰਦੇ ਹੋ, ਨਵੀਆਂ ਸੜਕਾਂ ਜਿਹੜੀਆਂ ਦੋ ਸਾਲ ਪਹਿਲਾਂ ਬਣੀਆਂ ਹਨ, ਉਹ ਐਮ.ਸੀ ਪੁਟਵਾ ਦੇਂਦੇ ਹਨ ਪਬਲਿਕ ਮਨੀ ਵੇਸਟ ਹੁੰਦੀ ਹੈ। ਇਸ ਲਈ ਇਸ ਵਿਚ ਉਹ ਐਮ.ਐਲ.ਏ. ਨੂੰ ਜ਼ਰੂਰ ਭਾਗੀਦਾਰ ਬਣਾਉ। ਪੈਸੇ ਤੁਸੀਂ ਦੇਣੇ ਹਨ। ਸਾਈਨ ਤੁਸੀਂ ਕਰਨੇ ਹਨ ਪਰ ਜੇ ਸਾਡੀ ਭਾਗੀਦਾਰੀ ਹੋਵੇਗੀ ਤੇ ਅਸੀਂ ਪਬਲਿਕ ਮਨੀ ਵੇਸਟ ਨਹੀਂ ਹੋਣ ਦਿਆਂਗੇ। ਮੈਂ ਬਹੁਤਾ ਨਾ ਕਹਿੰਦਾ ਹੋਇਆ ਗਵਰਨਰ ਐਡਰੈਸ ਦੇ ਅਗੇਂਸਟ ਬੋਲਦਾ ਹੋਇਆ ਸਥਾਨ ਗ੍ਰਹਿਣ ਕਰਦਾ ਹਾਂ। ਜੈ ਹਿੰਦ।

ਡਾਕਟਰ ਦਲਜੀਤ ਸਿੰਘ ਚੀਮਾ (ਰੂਪਨਗਰ): ਮਾਨਯੋਗ ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜਿਹੜਾ ਮਤਾ ਸਾਡੇ ਮਾਨਯੋਗ ਕਾਬਲ ਮੈਂਬਰ ਸਰਦਾਰ ਵਿਰਸਾ ਸਿੰਘ ਜੀ ਵਲਟੋਹਾ ਨੇ ਹਾਊਸ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਦੇ ਉਤੇ ਉਨ੍ਹਾਂ ਦਾ ਧੰਨਵਾਦ ਕਰਨ ਵਾਸਤੇ ਪੇਸ਼ ਕੀਤਾ ਹੈ, ਉਸ ਦੇ ਉਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਦੇ ਸਮਰਥਨ ਦੇ ਵਿੱਚ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਅੱਜ ਤੋਂ 20 ਦਿਨ ਪਹਿਲਾਂ ਪੰਜਾਬ ਦੀ ਜਨਤਾ ਨੇ ਇੱਕ ਬਹੁਤ ਵੱਡਾ ਇਤਿਹਾਸਕ ਫੈਸਲਾ ਦਿੱਤਾ ਸੀ। ਜਦੋਂ 6 ਮਾਰਚ ਦਾ ਦਿਨ ਆਇਆ, ਉਸ ਤੋਂ ਬਾਅਦ ਦਾ ਜੋ ਘਟਨਾ ਕ੍ਰਮ ਸਾਰੇ ਪੰਜਾਬ ਦੇ ਵਿਚ ਵਾਪਰਿਆ,ਇੱਕ ਪਾਸੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ,ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਪੰਜਵੀਂ ਵਾਰ ਉਸ ਸਰਕਾਰ ਦੇ ਮੁੱਖ ਮੰਤਰੀ ਬਣੇ ਔਰ ਦੂਸਰੇ

[ਡਾਕਟਰ ਦਲਜੀਤ ਸਿੰਘ ਚੀਮਾ]

ਪਾਸੇ ਆਪੋਜੀਸ਼ਨ ਵਾਲੇ ਪਾਸੇ ਜੋ ਘਟਨਾਵਾਂ ਹੋਈਆ , ਉਸ ਨੂੰ ਮੈਂ ਇੱਕ ਦਿਨ ਯਾਦ ਕਰ ਰਿਹਾ ਸੀ ਅਤੇ ਮੈਨੂੰ ਬਾਦਲ ਸਾਹਿਬ ਦਾ ਸੁਣਾਇਆ ਇੱਕ ਟੋਟਕਾ ਯਾਦ ਆ ਗਿਆ। ਕਿਸੇ ਮੁੰਡੇ ਦਾ ਵਿਆਹ ਨਹੀਂ ਹੁੰਦਾ ਸੀ। ਉਸ ਨੂੰ ਕਿਸੇ ਨੇ ਸਲਾਹ ਦਿੱਤੀ ਕਿ ਇੱਕ ਇਥੇ ਲਾਗੇ ਪੀਰ ਹੈ, ਪੀਰ ਮਤੋਈ, ਤੂੰ 40 ਦਿਨ ਉਥੇ ਜਾ ਕੇ ਪਾਣੀ ਦੀ ਗੜਵੀ ਚੜ੍ਹਾਇਆ ਕਰ ਅਤੇ 40 ਦਿਨਾਂ ਬਾਅਦ ਤੇਰਾ ਵਿਆਹ ਹੋ ਜਾਵੇਗਾ। ਉਹ ਲਗਾਤਾਰ 40 ਦਿਨ, ਜਿਸ ਤਰ੍ਹਾਂ ਉਸ ਨੂੰ ਦੱਸਿਆ ਸੀ, ਉਹ 40 ਦਿਨ ਉਥੇ ਜਾਂਦਾ ਅਤੇ ਪਾਣੀ ਦੀ ਗੜਵੀ ਰੋੜ ਕੇ ਆ ਜਾਂਦਾ। ਜਦੋਂ 40ਵੇਂ ਦਿਨ ਉਹ ਜਾ ਰਿਹਾ ਸੀ ਤਾ ਪਿੱਛੋਂ ਉਸ ਨੂੰ ਕਿਸੇ ਨੇ ਅਵਾਜ ਮਾਰੀ ਕਿ ਕਾਕਾ ਰੁਕ ਜਾ, ਘਰ ਨੂੰ ਮੁੜ ਆ। ਉਸ ਨੂੰ ਲੱਗਿਆ ਕਿ ਸ਼ਾਇਦ ਰਿਸ਼ਤੇ ਵਾਲੀ ਗੱਲ ਪਹਿਲਾਂ ਹੀ ਬਣ ਗਈ ਹੈ।ਉਸ ਨੇ ਕਿਹਾ ਕਿ ਕੀ ਗੱਲ ਹੈ। ਉਸ ਨੂੰ ਦੱਸਿਆ ਕਿ ਗੱਲ ਮਾੜੀ ਹੈ, ਤੇਰੀ ਘਰ ਮਾਂ ਮਰ ਗਈ। ਉਸ ਨੇ ਉਸੇ ਵੇਲੇ ਕਿਹਾ ਕਿ ਵਾਹ ਪੀਰ ਮਤੋਈ, ਮੈਨੂੰ ਤਾਂ ਕੀ ਦੇਣੀ ਸੀ ਬਾਪੂ ਵਾਲੀ ਵੀ ਖੋਹੀ (ਹਾਸਾ)। ਜਿਸ ਦਿਨ ਵੋਟਾਂ ਪਈਆਂ, ਉਸ ਦਿਨ ਤੋਂ ਲੈ ਕੇ ਬੜਾ ਕੁਝ ਪੰਜਾਬ ਦੀ ਰਾਜਨੀਤੀ ਵਿੱਚ ਮੀਡੀਏ ਦੇ ਰਾਹੀਂ ਚਲਦਾ ਰਿਹਾ ਸੀ। ਮਹਾਰਾਜਾ ਸਾਹਿਬ ਸਹੁੰ ਚੁੱਕਣ ਦੀਆਂ ਤਿਆਰੀਆਂ ਕਰ ਰਹੇ ਸੀ ਪਰ ਜਦੋਂ ਨਤੀਜਾ ਆਇਆ ਤਾਂ ਉਦੋਂ ਬੇਟੇ ਦੀ ਸੀਟ ਵੀ ਗਵਾ ਬੈਠੇ ਅਤੇ ਮੁੱਖ ਮੰਤਰੀ ਦੀ ਸੀਟ ਤਾਂ ਕੀ ਮਿਲਣੀ ਸੀ। ਮੇਰਾ ਖਿਆਲ ਹੈ ਪ੍ਰਧਾਨਗੀ ਵੀ ਆਉਂਦੇ ਸਮੇਂ ਵਿੱਚ ਜਾਂਦੀ ਰਹਿਣੀ ਹੈ।ਇੱਕ ਸਾਡਾ ਵੀ ਭਰਾ ਸਾਡੇ ਕੋਲੋਂ ਰੁੱਸ ਕੇ ਮੁੱਖ਼ ਮੰਤਰੀ ਬਣਨ ਗਿਆ ਸੀ। ਉਹ ਵੀ ਸ਼ੌਕ-ਸ਼ੌਕ ਦੇ ਵਿੱਚ ਇੱਕ ਨਹੀਂ ਦੋ ਥਾਵਾਂ ਦੇ ਖੜ੍ਹਾ ਹੋ ਗਿਆ। ਪਾਪੂਲੈਰਿਟੀ ਦੇ ਵਿੱਚ ਉਸ ਨੂੰ ਬੜਾ ਭੁਲੇਖਾ ਸੀ ਕਿ ਸਾਰਾ ਦੇਸ਼, ਸਾਰਾ ਪੰਜਾਬ ਇਸ ਵੇਲੇ ਮੇਰੇ ਪਿੱਛੇ ਹੈ। ਉਹ ਵੀ ਮੁੱਖ ਮੰਤਰੀ ਦੇ ਸੁਪਨੇ ਲੈਂਦਾ ਸੀ। ਉਹ ਵੀ ਆਪਣੀ ਐਮ.ਐਲ.ਏ ਸ਼ਿਪ ਗਵਾ ਬੈਠਾ। ਹੁਣ ਮੈਂ ਕਹਿੰਦਾ ਤਾਂ ਨਹੀਂ ਚੰਗਾ ਲਗਦਾ, ਸਾਡੇ ਸਤਿਕਾਰਯੋਗ ਹਨ, ਅਸੀਂ ਤਾਂ ਹਮੇਸ਼ਾ ਇਨ੍ਹਾਂ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਕਰਦੇ ਹਾਂ।ਸਾਡੇ ਸਤਿਕਾਰ ਯੋਗ ਬੀਬੀ ਜੀ ਬੈਠੇ ਹਨ। ਇਨ੍ਹਾਂ ਦੀ ਲੀਡਰ ਆਫ ਆਪੋਜ਼ੀਸ਼ਨ ਦੀ ਕੁਰਸੀ ਵੀ ਜਾਖੜ ਸਾਹਿਬ ਕੋਲ ਇਸ ਰਿਜ਼ਲਟ ਤੋਂ ਬਾਅਦ ਪਹੁੰਚ ਗਈ। ਸੋ, ਸਾਨੂੰ ਇਸ ਗੱਲ ਦਾ ਅਫਸੋਸ ਵੀ ਹੈ (ਹਾਸਾ)

ਸ੍ਰੀਮਤੀ ਰਾਜਿੰਦਰ ਕੌਰ ਭੱਠਲ: ਚੇਅਰਮੈਨ ਸਾਹਿਬ, ਪੁਆਇੰਟ ਆਫ ਕਲੈਰੀਫਿਕੇਸ਼ਨ।

ਡਾਕਟਰ ਦਲਜੀਤ ਸਿੰਘ ਚੀਮਾ: ਮੈਂ ਤਾਂ ਪਹਿਲੀ ਵਾਰੀ ਬੋਲਣ ਲੱਗਿਆ ਹਾਂ,ਗਲਤੀ ਹੋਈ ਤਾਂ ਮੁਆਫ ਕਰ ਦੇਣਾ(ਹਾਸਾ)

ਸ੍ਰੀਮਤੀ ਰਾਜਿੰਦਰ ਕੌਰ ਭੱਠਲ : ਮੈਨੂੰ ਤਾਂ ਅਫਸੋਸ ਨਹੀਂ। ਜੇ ਮੈਨੂੰ ਅਫਸੋਸ ਨਹੀਂ ਤਾਂ ਚੀਮਾ ਸਾਹਿਬ ਨੂੰ ਅਫਸੋਸ ਕਿਸ ਦਾ ਹੈ। ਮੈਂ ਪੰਜ ਸਾਲ ਟਰਮ ਪੂਰੀ ਕੀਤੀ ਹੈ।ਠੋਕ ਵਜਾ ਕੇ ਕੀਤੀ ਹੈ ਅਤੇ ਕਿਸੇ ਨੂੰ ਇਥੇ ਗੱਲ ਨਹੀਂ ਕਰਨ ਦਿੱਤੀ। ਇਸ ਲਈ ਹੁਣ ਮੇਰੀ ਟਰਮ ਪੂਰੀ ਹੋ ਗਈ ਅਤੇ ਨਵਾਂ ਚੁਣਿਆ ਹੈ। ਮੈਂ ਖੁਦ ਆਪਣੇ ਵੱਲੋਂ ਸੋਨੀਆ

ਜੀ ਨੂੰ ਆਫਰ ਕਰਕੇ ਆਈ ਹਾਂ ਕਿ ਮੈਨੂੰ ਵੀ ਬਦਲੋ ਅਤੇ ਹੋਰ ਵੀ ਕਿਸੇ ਨੂੰ ਬਦਲੋ। ਤੁਸੀਂ ਚਿੰਤਾ ਨਾ ਕਰੋ ਅਸੀਂ ਇਥੇ ਹੀ ਹਾਂ।

ਡਾਕਟਰ ਦਲਜੀਤ ਸਿੰਘ ਚੀਮਾ: ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਵਾਸਤੇ ਬਹੁਤ ਵਧੀਆ ਸਮਾਂ ਆਇਆ ਹੈ। ਜਾਖੜ ਸਾਹਿਬ ਨੇ ਜ਼ਿਕਰ ਕੀਤਾ ਸੀ। ਉਨ੍ਹਾਂ ਨੇ ਵਧਾਈ ਵੀ ਦਿੱਤੀ ਹੈ।ਉਨ੍ਹਾਂ ਨੇ ਨਾਲ ਦੀ ਨਾਲ ਇਸ ਗੱਲ ਤੋਂ ਸੁਚੇਤ ਵੀ ਕੀਤਾ ਹੈ ਕਿ ਡਰਾਈਵਿੰਗ ਸੀਟ ਤੇ ਬਹਿ ਤਾਂ ਗਏ ਹੋ ਪਰ ਚਲਾਉਣੀ ਬੜੀ ਔਖੀ ਹੈ ਪਰ ਮੈਂ ਉਨ੍ਹਾਂ ਨੂੰ ਇਸ ਗੱਲ ਤੋਂ ਐਸ਼ੋਅਰ ਵੀ ਕਰਦਾ ਹਾਂ ਕਿ ਜੇਕਰ ਡਰਾਈਵਰ ਚੰਗਾ ਹੋਵੇ, ਸੀਟ ਬੈਲਟ ਪਾ ਕੇ ਚਲਾਉਣ ਵਾਲਾ ਹੋਵੇ, ਦਾਰੂ ਪੀਂਦਾ ਨਾ ਹੋਵੇ ਅਤੇ ਵਿਦੇਸ਼ੀ ਮਹਿਮਾਨ ਗੱਡੀ ਵਿੱਚ ਬੈਠਾ ਨਾ ਹੋਵੇ ਤਾਂ ਖਤਰਾ ਵੀ ਕਿਸੇ ਗੱਲ ਦਾ ਨਹੀਂ (ਥੰਪਿੰਗ) (ਹਾਸਾ) ਪੰਜ ਸਾਲ ਬਹੁਤ ਵਧੀਆ ਤਰੀਕੇ ਦੇ ਨਾਲ ਸਰਕਾਰ ਜਿਹੜੀ ਹੈ, ਉਹ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਚਲਾਈ ਹੈ ਔਰ ਸਾਨੂੰ ਆਪਣੇ ਪ੍ਰਧਾਨ ਤੇ ਵੀ ਨਾਜ਼ ਹੈ ਕਿਉਂਕਿ ਉਨ੍ਹਾਂ ਦਾ ਵੀ ਜ਼ਿਕਰ ਮਾਨਯੋਗ ਲੀਡਰ ਆਫ ਦਿ ਆਪੋਜੀਸ਼ਨ ਨੇ ਕੀਤਾ। ਖੈਰ ਜਿਸ ਨੇ ਜਿੱਤ ਪ੍ਰਾਪਤ ਕੀਤੀ ਹੋਵੇ, ਇੰਨੀ ਵੱਡੀ ਪਾਰਟੀ ਨੂੰ ਅਗਵਾਈ ਦਿੱਤੀ ਹੋਵੇ, ਉਸ ਨੂੰ ਉਨ੍ਹਾਂ ਨੇ ਵਧਾਈ ਦਿੱਤੀ ਹੈ ਮੈਂ ਉਸ ਦਾ ਧੰਨਵਾਦ ਕਰਦਾ ਹਾਂ। ਪਰ ਥੋੜ੍ਹਾ-ਥੋੜ੍ਹਾ ਇਸ਼ਾਰਾ ਦੂਜੇ ਪਾਸੇ ਕਰ ਗਏ, ਪੈਸੇ ਵਾਲੇ ਪਾਸੇ, ਮੈਨੂੰ ਉਸ ਗੱਲ ਦੀ ਸਮਝ ਨਹੀਂ ਆਈ ਕਿਉਂਕਿ ਸਾਨੂੰ ਜਿੱਤਿਆਂ ਨੂੰ ਤੇ ਪ੍ਰਧਾਨ ਤੋਂ ਪਾਰਟੀ ਮੰਗਦਿਆਂ ਨੂੰ ਵੀਹ ਦਿਨ ਹੋ ਗਏ ਹਨ, ਸਾਨੂੰ ਤਾਂ ਪਾਰਟੀ ਹਾਲੇ ਮਿਲੀ ਨਹੀਂ ਹੈ ਤੁਸੀਂ ਪੈਸੇ ਦੀ ਗੱਲ ਕਰਦੇ ਹੋ, ਇਥੇ ਹਾਰ ਕੇ ਵੀ ਪਾਰਟੀਆਂ ਹੋਈ ਜਾਂਦੀਆਂ ਹਨ, ਇਹ ਪਾਰਟੀਆਂ ਇੱਕ ਨਹੀਂ ਹੋਇਆਂ, ਦੋ ਨਹੀ ਹੋਈਆਂ ਹੁਣ ਤਾਂ ਤੁਹਾਡੇ ਮੈਂਬਰਾਂ ਨੂੰ ਵੀ ਇਤਰਾਜ਼ ਹੈ ਕਿ ਹਾਰ ਕੇ ਨੇ ਇੰਨੀਆਂ ਪਾਰਟੀਆਂ ਕਰੀ ਜਾਂਦੇ ਹਨ। ਇਸ ਦਾ ਚੰਗਾ ਸੰਦੇਸ਼ ਲੋਕਾਂ ਦੇ ਵਿਚ ਨਹੀਂ ਜਾ ਰਿਹਾ ਹੈ, ਇਹ ਪਾਰਟੀਆਂ ਬੰਦ ਕਰੋ। ਇਸ ਕਰਕੇ ਮੈਨੂੰ ਤਾਂ ਲਗਦਾ ਹੈ ਪੈਸੇ ਵਾਲੇ ਕੰਮ ਦਾ ਉਧਰ ਫਾਇਦਾ ਵੱਧ ਹੋ ਗਿਆ ਹੈ ਕਿਉਂਕਿ ਜਿੰਨਾ ਭੁਲੇਖਾ ਮੀਡੀਏ ਦੇ ਵਿਚ ਪਾਇਆ ਸੀ ਉਸ ਦੇ ਨਾਲ ਵੋਟਾਂ ਨਹੀਂ ਸੀ ਮਿਲਣੀਆਂ ਲੇਕਿਨ ਪੈਸੇ ਵਾਲਾ ਕੰਮ ਮੈਨੂੰ ਲੱਗਦਾ ਹੈ ਕਿ ਚੰਗਾ ਬਣ ਗਿਆ ਹੈ। ਤੁਹਾਡੇ ਕੁਝ ਸਾਥੀਆਂ ਨੇ ਪਰਦੇ ਨਾਲ ਗੱਲ ਕੀਤੀ ਵੀ ਹੈ ਕਿ ਸਾਡੇ ਪਾਸੇ ਸਰਕਾਰ ਆਪਾਂ ਕਰਨੀ ਕੀ ਸੀ ਪਰ ਜਿਹੜਾ ਅਸਲੀ ਕੰਮ ਸੀ ਉਹ ਇਸ ਇਲੈਕਸ਼ਨ ਨੇ ਚੰਗਾ ਕਰ ਦਿੱਤਾ। ਇਸ ਲਈ ਮਾਨਯੋਗ ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹਾਂਗਾ ਕਿ ਸਹੀ ਮਾਅਨਿਆਂ ਦੇ ਵਿਚ ਜਿਹੜੀ ਡਿਬੇਟ ਪੰਜਾਬ ਦੇ ਵਿਚ, ਹਰ ਸ਼ਹਿਰ ਦੇ ਵਿਚ, ਹਰ ਗਲੀ ਦੇ ਵਿਚ, ਹਰ ਪਿੰਡ ਦੇ ਵਿਚ ਹੋਈ ਉਥੇ ਜਿਥੇ ਸਾਡੇ ਵੱਲੋਂ ਅਮਨ ਸ਼ਾਂਤੀ ਦਾ, ਭਾਈਚਾਰਕ ਸਾਂਝ ਦਾ ਔਰ ਵਿਕਾਸ ਦਾ ਇੱਕ ਏਜੰਡਾ ਪੰਜਾਬ ਦੀ ਜਨਤਾ ਦੇ ਸਾਹਮਣੇ ਰੱਖਣਾ ਪਿਆ, ਉਹ ਅਸੀਂ ਰੱਖਿਆ ਉਥੇ ਦੂਜੇ ਪਾਸੇ ਨਾਂਹ ਪੱਖੀ ਏਜੰਡਾ ਲੋਕਾਂ ਦੇ ਸਾਹਮਣੇ ਰੱਖਿਆ ਗਿਆ ਸੀ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੀ ਸੂਝਵਾਨ ਜਨਤਾ ਨੇ ਉਸ ਨਾਂਹ ਪੱਖੀ ਏਜੰਡੇ ਨੂੰ ਨਕਾਰ ਕੇ ਜਿਹੜਾ ਪਾਜ਼ੇਟਿਵ ਏਜੰਡਾ ਹੈ ਉਸ ਦੇ ਉਤੇ ਮੋਹਰ ਲਗਾਈ ਹੈ, ਇਹ ਸਾਡੀ ਦੇਸ਼ ਦੀ ਰਾਜਨੀਤੀ ਦੇ

[ਡਾਕਟਰ ਦਲਜੀਤ ਸਿੰਘ ਚੀਮਾ]

ਵਾਸਤੇ ਇੱਕ ਬਹੁਤ ਹੀ ਸ਼ੁਭ ਸੰਕੇਤ ਹੈ। ਕਿਉਂਕਿ ਅਕਸਰ ਸੁਣਿਆ ਕਰਦੇ ਸੀ ਕਿ ਜਿੰਨਾ ਮਰਜ਼ੀ ਕੰਮ ਕਰ ਲਵੋ ਬਆਦ ਦੇ ਵਿਚ ਲੋਕੀਂ ਵੋਟ ਨਹੀਂ ਪਾਉਂਦੇ ਪਰ ਇਸ ਨਤੀਜੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇ ਇਮਾਨਦਾਰੀ ਦੇ ਨਾਲ, ਤਨਦੇਹੀ ਦੇ ਨਾਲ ਜਨਤਾ ਦੀ ਸੇਵਾ ਕੀਤੀ ਜਾਵੇ ਤਾਂ ਲੋਕੀਂ ਜਰੂਰ ਸਾਥ ਦਿੰਦੇ ਹਨ, ਮੈਂ ਇਸ ਲਈ ਪੰਜਾਬ ਦੀ ਜਨਤਾ ਦਾ ਧੰਨਵਾਦ ਕਰਦਾ ਹਾਂ। ਹੁਣੇ-ਹੁਣੇ ਵਿਰੋਧੀ ਧਿਰ ਦੇ ਮਾਨਯੋਗ ਆਗੂ ਸਾਹਿਬ ਨੇ ਸਾਡੇ ਇਲੈਕਸ਼ਨ ਮੈਨੀਫੈਸਟੋ ਦਾ ਜ਼ਿਕਰ ਵੀ ਕੀਤਾ ਸੀ, ਮੈਂ ਉਨ੍ਹਾਂ ਹਾਲਤਾਂ ਦਾ ਵਰਣਨ ਕਰਨਾ ਚਾਹਾਂਗਾ। ਉਸ Baseline ਨੂੰ ਪਹਿਲਾਂ ਸਮਝਣਾ ਜ਼ਰੂਰੀ ਹੈ ਕਿ ਜਦੋਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਸੀ, ਕਿਉਂਕਿ ਉਸ ਤੋਂ ਪਹਿਲਾਂ ਪੰਜ ਸਾਲ ਕਾਂਗਰਸ ਪਾਰਟੀ ਦਾ ਰਾਜ ਰਿਹਾ ਔਰ ਕੈਪਟਨ ਅਮਰਿੰਦਰ ਸਿੰਘ ਉਸ ਸਰਕਾਰ ਦੇ ਪੰਜ ਸਾਲ ਮੁੱਖ ਮੰਤਰੀ ਰਹੇ ਉਸ ਵੇਲੇ ਬਹੁਤ ਸਾਰੇ ਵਾਅਦੇ ਸਰਕਾਰ ਬਣਾਉਣ ਵਾਸਤੇ ਉਨ੍ਹਾਂ ਨੇ ਪੰਜਾਬ ਦੀ ਜਨਤਾ ਦੇ ਨਾਲ ਵੀ ਕੀਤੇ ਸਨ। ਇਹ ਜਿਹੜਾ ਮੈਨੀਫੈਸਟੋ ਹੈ, ਉਹ ਵੀ ਲੀਗਲ ਡਾਕੂਮੈਂਟ ਹੈ ਲੇਕਿਨ ਅੱਜ ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹਾਂਗਾ ਕਿ ਕਿਸਾਨਾਂ ਨੂੰ ਫਰੀ ਬਿਜਲੀ ਦੇਣ ਬਾਰੇ ਉਸ ਵੇਲੇ ਕੈਪਟਨ ਸਾਹਿਬ ਨੇ ਵੀ ਗੱਲ ਕੀਤੀ ਸੀ ਪਰ ਸਰਕਾਰ ਬਣਦਿਆਂ ਸਾਰ ਹੀ ਇਹ ਫੈਸਲਾ ਬਦਲ ਲਿਆ ਸੀ ਤੇ ਪੌਣੇ ਚਾਰ ਸਾਲ ਲਗਾਤਾਰ ਲੋਕਾਂ ਨੂੰ ਬਿਜਲੀ ਦੇ ਬਿੱਲ ਦੇਣੇ ਪਏ ਸੀ। ਉਦੋਂ ਵੀ ਕਿਹਾ ਗਿਆ ਸੀ ਕਿ ਜਿਹੜੀਆਂ ਬੁਢਾਪਾ ਪੈਨਸ਼ਨਾਂ ਹਨ ਜਾਂ ਹੋਰ ਪੈਨਸ਼ਨਾਂ ਹਨ ਉਹ ਤਿੰਨ ਗੁਣਾ ਕਰ ਦਿਆਂਗੇ ਲੇਕਿਨ ਮੈਂ ਅੱਜ ਅੰਕੜੇ ਦੇਵਾਂਗਾ ਕਿ ਪੰਜ ਸਾਲ ਦੇ ਰਾਜ ਦੇ ਵਿਚ ਕਿੰਨੀਆਂ ਵਧਾਈਆਂ ਗਈਆਂ ਸੀ। ਮਾਨਯੋਗ ਚੇਅਰਮੈਨ ਸਾਹਿਬ, ਉਸ ਵੇਲੇ ਇਹ ਵੀ ਕਿਹਾ ਗਿਆ ਸੀ ਕਿ ਸ਼ਗਨ ਸਕੀਮ ਦੁੱਗਣੀ ਕਰ ਦਿੱਤੀ ਜਾਵੇਗੀ ਪਰ ਕੀ ਉਹ ਸ਼ਗਨ ਸਕੀਮ ਆਪਣੇ ਵਾਅਦੇ ਦੇ ਮੁਤਾਬਿਕ ਦੁੱਗਣੀ ਕੀਤੀ ਗਈ ਸੀ, ਇਹ ਵੀ ਆਪਣਾ ਰਿਕਾਰਡ ਦੁਬਾਰਾ ਲੈ ਕੇ ਆਉਣ। ਇਸੇ ਤਰ੍ਹਾਂ ਮੁਲਾਜ਼ਮਾਂ ਨੂੰ 4,9,14 ਸਾਲ ਦੀ ਪਰਮੋਸ਼ਨ ਦਾ ਵਾਅਦਾ ਵੀ ਸਰਕਾਰ ਬਣਾਉਣ ਵਾਸਤੇ ਕਾਂਗਰਸ ਪਾਰਟੀ ਨੇ ਉਸ ਵੇਲੇ ਕੀਤਾ ਸੀ ਲੇਕਿਨ ਪੰਜ ਸਾਲ ਨਿਕਲ ਗਏ, ਹੁਣ ਬਾਦਲ ਸਾਹਿਬ ਨੇ ਆ ਕੇ ਮੁਲਾਜ਼ਮਾਂ ਦਾ ਜਿਹੜਾ 4,9,14 ਸਾਲਾਂ ਦਾ ਵਾਅਦਾ ਸੀ ਉਹ ਪੂਰਾ ਕੀਤਾ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਗਰੀਬੀ ਦਰ ਤੋਂ ਥੱਲੇ ਲੋਕਾਂ ਨੂੰ ਇੱਕ ਪਰਿਵਾਰ ਵਿਚ ਇੱਕ ਬੰਦੇ ਨੂੰ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ ਪਰ ਪੰਜ ਸਾਲ ਸਰਕਾਰ ਦੇ ਵਿਚ ਸਾਰੀ ਜਿਹੜੀ ਰਿਕਰੂਟਮੈਂਟ ਹੈ, ਉਹ ਬੰਦ ਰੱਖੀ। ਇਸ ਕਰਕੇ ਵਾਅਦੇ ਤਾਂ ਸਾਰੇ ਹੀ ਕਰਦੇ ਹਨ, ਸ਼ਾਇਦ ਇੱਕ ਦੋ ਵਾਅਦੇ ਰਹਿ ਗਏ ਹੋਣੇ ਹਨ, ਉਹ ਹੁਣ ਪੂਰੇ ਕਰ ਦਿੱਤੇ ਜਾਣਗੇ ਲੇਕਿਨ ਜੋ ਧੱਜੀਆਂ ਉਸ ਵੇਲੇ ਮੈਨੀਫੈਸਟੋ ਦੀਆਂ ਉਡਾਈਆਂ ਗਈਆਂ ਸੀ, ਉਸ ਤਰ੍ਹਾਂ ਦਾ ਇਤਿਹਾਸ ਦੁਬਾਰਾ ਨਹੀਂ ਦੁਹਰਾਇਆ ਜਾਵੇਗਾ। ਕੀਤਾ ਕੀ ਗਿਆ ਸੀ? ਕਿਸਾਨਾਂ ਨੂੰ ਅਤੇ ਵਪਾਰੀਆਂ ਨੂੰ ਚੁੰਗੀ ਮਾਫ ਕਰਨ ਬਾਰੇ ਕਿਹਾ ਸੀ ਪਰ ਨਵਾਂ ਆਰਡਰ ਪੰਜਾਬ ਵਿੱਚ ਫਲੋਟ ਕੀਤਾ ਗਿਆ ਕਿ ਪੰਜਾਬ ਦੀ ਧਰਤੀ ਉੱਤੇ ਕੈਸੀਨੋ ਖੋਲ੍ਹੇ ਜਾਣਗੇ। ਅੱਜ ਤਕ 64 ਸਾਲਾਂ ਵਿੱਚ ਕਿਸੇ ਨੂੰ ਯਾਦ ਨਹੀਂ ਆਇਆ ਸੀ ਕਿ ਪੰਜਾਬ, ਜੋ ਕਿ ਗੁਰੂਆਂ-ਪੀਰਾਂ

ਦੀ ਧਰਤੀ ਹੈ, ਇਸ ਤੇ ਜੂਏ ਖੇਡਣ ਦੀ ਲੋੜ ਹੈ। ਲੇਕਿਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਅਤੇ ਇਨ੍ਹਾਂ ਨੇ ਆ ਕੇ ਕਿਹਾ ਕਿ ਪੰਜਾਬ ਵਿਚ ਕੈਸੀਨੋ ਖੋਲ੍ਹੇ ਜਾਣਗੇ। ਬੜਾ ਚਿਰ ਇਸ ਤੇ ਬਹਿਸ ਹੋਈ ਅਤੇ ਆਖਿਰਕਾਰ ਕਾਂਗਰਸ ਪਾਰਟੀ ਦੀ ਹਾਈ ਕਮਾਂਡ ਨੇ ਇਨ੍ਹਾਂ ਨੂੰ ਮਨ੍ਹਾ ਕਰ ਦਿੱਤਾ ਕਿ ਇਸ ਦਾ ਲੋਕਾਂ ਵਿੱਚ ਬੜਾ ਮਾੜਾ ਅਸਰ ਜਾ ਰਿਹਾ ਹੈ। ਉਨ੍ਹਾਂ ਨੇ ਉਥੇ ਬਿਆਨ ਦੇ ਦਿੱਤਾ ਕਿ ਪੰਜਾਬ ਦੀ ਧਰਤੀ ਤੇ ਕੈਸੀਨੋ ਨਹੀਂ ਖੋਲ੍ਹੇ ਜਾਣਗੇ। ਪੰਜਾਬ ਦੀ ਧਰਤੀ ਤੇ ਜਿਹੜੇ ਜੂਏ ਦੇ ਅੱਡੇ ਖੁਲ੍ਹਣੇ ਸੀ ਉਹ ਇਸ ਕਰਕੇ ਨਹੀਂ ਖੁੱਲ੍ਹ ਸਕੇ। ਇਸ ਤੋਂ ਬਾਅਦ ਕੀ ਕੀਤਾ, ਫੌਜੀ ਵੀਰ ਬੜੇ ਖੁਸ਼ ਸੀ ਕਿ ਸਾਡੇ ਕਪਤਾਨ ਸਾਹਿਬ ਮੁੱਖ ਮੰਤਰੀ ਬਣ ਗਏ ਹਨ। ਲੇਕਿਨ ਉਨ੍ਹਾਂ ਨਾਲ ਜੱਗੋਂ ਤੇਰਵ੍ਹੀਂ ਹੋਈ। ਅੱਜ ਤਕ ਕਿਸੇ ਸਰਕਾਰ ਨੇ ਉਨ੍ਹਾਂ ਦੀ ਜੋ ਸੀ.ਐਸ.ਡੀ. ਦੀ ਫੈਸਿਲਟੀ ਮਿਲਦੀ ਹੈ, ਉਸ ਤੇ ਟੈਕਸ ਨਹੀਂ ਲਾਇਆ ਲੇਕਿਨ ਕਪਤਾਨ ਸਾਹਿਬ ਜਦੋਂ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਉਸ ਤੇ ਟੈਕਸ ਲਾ ਦਿੱਤਾ। ਫੇਰ ਰੌਲਾ ਪਿਆ ਤਾਂ ਉਹ ਵਾਪਸ ਹੋ ਗਿਆ। ਫੇਰ ਚੁੰਗੀ ਦੀ ਥਾਂ ਤੇ ਲੋਕਲ ਏਰੀਆ ਡਿਵੈਲਪਮੈਂਟ ਟੈਕਸ ਲਾਉਣ ਦਾ ਫਾਰਮੂਲਾ ਤਿਆਰ ਕੀਤਾ ਉਸ ਦਾ ਵਪਾਰੀਆਂ ਨੇ ਵਿਰੋਧ ਕੀਤਾ ਅਤੇ ਉਹ ਫੈਸਲਾ ਵੀ ਸਰਕਾਰ ਨੂੰ ਉਸੇ ਵੇਲੇ ਬਦਲਣਾ ਪਿਆ। ਫੇਰ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦਾ ਕੰਮ ਚੱਲ ਪਿਆ। ਉਸ ਦਾ ਆਪੋਜ਼ੀਸ਼ਨ ਨੇ ਭਾਰੀ ਵਿਰੋਧ ਕੀਤਾ। ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਨੇ ਵਿਰੋਧ ਕੀਤਾ, ਪੰਜਾਬ ਦੀ ਜਨਤਾ ਨੇ ਵਿਰੋਧ ਕੀਤਾ ਅਤੇ ਉਹ ਫੈਸਲਾ ਵੀ ਕੈਪਟਨ ਸਾਹਿਬ ਨੂੰ ਬਦਲਣਾ ਪਿਆ। ਫੇਰ ਡਾਕਟਰਾਂ ਦਾ ਐਨ.ਪੀ.ਏ. ਬੰਦ ਕਰ ਦਿੱਤਾ ਗਿਆ। ਉਹ ਵੀ ਸੜਕਾਂ ਤੇ ਆ ਗਏ। ਅਸੀਂ ਵੀ ਵਿਰੋਧ ਕੀਤਾ ਅਤੇ ਇਹ ਫੈਸਲਾ ਵੀ ਕੈਪਟਨ ਸਰਕਾਰ ਨੂੰ ਬਦਲਣਾ ਪਿਆ। ਫੇਰ +1 ਅਤੇ +2 ਦੀਆਂ ਕਲਾਸਾਂ ਕਾਲਜਾਂ ਵਿਚੋਂ ਬੰਦ ਕਰਕੇ ਸਕੂਲਾਂ ਵਿਚ ਸ਼ਿਫਟ ਕਰਨ ਦਾ ਫੈਸਲਾ ਕੀਤਾ ਗਿਆ। ਉਥੇ ਵਿਦਿਆਰਥੀਆਂ ਨੇ ਵਿਰੋਧ ਕੀਤਾ ਅਤੇ ਉਹ ਫੈਸਲਾ ਵੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਮਜਬੂਰ ਹੋ ਕੇ ਬਦਲਣਾ ਪਿਆ। ਇੱਕ ਟੈਗ ਸਰਕਾਰ ਨਾਲ ਜੋੜ ਦਿੱਤਾ ਗਿਆ ਸੀ ਕਿ Roll Back ਗੌਰਮਿੰਟ। ਇੱਕ ਫੈਸਲਾ ਲੈਂਦੀ ਹੈ ਅਤੇ ਦੋ ਮਹੀਨੇ ਬਾਅਦ ਉਹ ਫੈਸਲਾ ਬਦਲ ਦਿੰਦੀ ਹੈ। ਇਸ ਤਰੀਕੇ ਪੰਜ ਸਾਲ ਉਨ੍ਹਾਂ ਨੇ ਸਰਕਾਰ ਚਲਾਈ ਲੇਕਿਨ ਇੱਕ ਜਿਹੜਾ ਉਨ੍ਹਾਂ ਨੇ ਸਭ ਤੋਂ ਮਾੜਾ ਕੀਤਾ ਕਿ ਵੈਨਡੈੱਟਾ ਪਾਲੀਟਿਕਸ, ਜਿਸ ਦੀ ਪੰਜਾਬ ਦੀ ਰਾਜਨੀਤੀ ਵਿੱਚ ਕੋਈ ਥਾਂ ਨਹੀਂ ਸੀ, ਅੱਜ ਵੀ ਸਾਰੇ ਕਹਿੰਦੇ ਹਨ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਅਸੀਂ ਅੱਛਾ ਮਾਹੌਲ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ। ਲਗਾਤਾਰ ਪੰਜ ਸਾਲ ਜਿਸ ਤਰੀਕੇ ਨਾਲ ਉਸ ਵੇਲੇ ਸਰਦਾਰ ਪਰਕਾਸ਼ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਲੀਡਰ ਆਫ ਦਿ ਆਪੋਜ਼ੀਸ਼ਨ ਸਨ, ਇਨ੍ਹਾਂ ਤੇ ਕੇਸ ਦਰਜ ਕੀਤੇ ਗਏ। ਸਰਦਾਰ ਸੁਖਬੀਰ ਸਿੰਘ ਬਾਦਲ ਉੱਤੇ ਕੇਸ ਦਰਜ ਕੀਤੇ ਗਏ। ਬਾਕੀ ਤਾਂ ਛੱਡੋ ਸਾਡੇ ਸਤਿਕਾਰਯੋਗ ਬੀਬੀ ਸੁਰਿੰਦਰ ਕੌਰ ਜੀ, ਜੋ ਅੱਜ ਸਾਡੇ ਵਿਚ ਨਹੀਂ, ਉਨ੍ਹਾਂ ਨੂੰ ਵੀ ਨਹੀਂ ਬਖਸ਼ਿਆ ਗਿਆ, ਉਨ੍ਹਾਂ ਤੇ ਵੀ ਕੇਸ ਦਰਜ ਕੀਤੇ ਗਏ। ਜਿੰਨੇ ਵੀ ਸਾਡੇ ਸਾਬਕਾ ਮੰਤਰੀ ਸਨ, ਉਨ੍ਹਾਂ ਤੇ ਕੇਸ ਦਰਜ ਕੀਤੇ ਗਏ।

[ਡਾਕਟਰ ਦਲਜੀਤ ਸਿੰਘ ਚੀਮਾ]

ਸਾਬਕਾ ਐਮ.ਐਲ.ਏਜ਼ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਸਾਡੇ ਮਾਨਯੋਗ ਬੀਬੀ ਜਗੀਰ ਕੌਰ ਜੀ ਬੈਠੇ ਹਨ, ਇਨ੍ਹਾਂ ਤੇ ਵੀ ਮੋਟਰ ਚੋਰੀ ਦਾ ਕੇਸ ਦਰਜ ਕੀਤਾ ਗਿਆ। ਸਾਡੇ ਵਰਕਰਾਂ ਤੇ ਕੇਸ ਦਰਜ ਕੀਤੇ ਗਏ। ਐਸੇ ਮਾਹੌਲ ਵਿਚ ਉਸ ਟਾਈਮ ਜਦੋਂ 2007 ਵਿਚ ਚੋਣਾਂ ਹੋਈਆਂ ਉਸ ਮਾਹੌਲ ਵਿੱਚ ਪਾਜੇਟਿਵ ਏਜੰਡਾ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਦਿੱਤਾ ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ। ਹੁਣ ਲੋਕਾਂ ਨੂੰ ਡਰ ਸੀ ਕਿ ਸ਼ਾਇਦ ਜੋ ਕੁਝ ਪੰਜ ਸਾਲ ਪਹਿਲਾਂ ਹੁੰਦਾ ਰਿਹਾ ਹੈ, ਉਹ ਸਾਰਾ ਕੁਝ ਅੱਗੇ ਉਸੇ ਤਰ੍ਹਾਂ ਹੀ ਚੱਲੇਗਾ ਕਿ ਸ਼ਾਇਦ ਦੂਜੇ ਪਾਸੇ ਕੇਸ ਦਰਜ ਹੋਣੇ ਸ਼ੁਰੂ ਹੋਣਗੇ ਲੇਕਿਨ ਮੈਂ ਧੰਨਵਾਦ ਕਰਦਾ ਹਾਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਕਿ ਉਨ੍ਹਾਂ ਨੇ ਉਸ ਨੀਤੀ ਨੂੰ ਛੱਡ ਕੇ ਪੰਜਾਬ ਦੀ ਬਿਹਤਰੀ ਵਾਸਤੇ ਕੰਮ ਸ਼ੁਰੂ ਕੀਤਾ ਹੈ। ਉਸ ਵੇਲੇ ਜੋ ਪੰਜਾਬ ਦੀ ਆਰਥਿਕ ਹਾਲਤ ਸੀ ਜਿਹੜਾ ਨੈਸ਼ਨਲ ਗਰੋਥ ਰੇਟ ਸੀ ਉਹ 8.9% ਸੀ, ਉਸ ਤੋਂ ਪੰਜਾਬ 2% ਥੱਲੇ ਸੀ। ਵਿੱਤੀ ਹਾਲਤ ਬਹੁਤ ਮਾੜੀ ਸੀ। ਉਸ ਤੋਂ ਕੰਮ ਸ਼ੁਰੂ ਕਰਕੇ ਸਰਦਾਰ ਪਰਕਾਸ਼ ਸਿੰਘ ਬਦਲ ਨੇ ਪੰਜਾਬ ਨੂੰ ਦੁਬਾਰਾ ਫਿਰ ਵਿਕਾਸ ਅਤੇ ਖੁਸ਼ਹਾਲੀ ਦੇ ਰਸਤੇ ਤੇ ਪਾਇਆ। ਅੱਜ ਜਿਹੜੀ ਜਿੱਤ ਹੋਈ ਹੈ, ਇਹ ਲਗਾਤਾਰ ਉਸ ਤੋਂ ਬਾਅਦ ਪੰਜ ਸਾਲ ਜੋ ਕੁਝ ਸਰਕਾਰ ਨੇ ਕੀਤਾ, ਉਸ ਵਿਕਾਸ ਦੀ, ਉਸ ਖੁਸ਼ਹਾਲੀ ਦੀ, ਉਸ ਅਮਨ ਤੇ ਸ਼ਾਂਤੀ ਦੀ ਜਿੱਤ ਹੋਈ ਹੈ। ਮੇਰੇ ਤੋਂ ਪਹਿਲਾਂ ਜਿਹੜੇ ਸਾਰੇ ਬੁਲਾਰੇ ਬੋਲੇ ਹਨ, ਉਨ੍ਹਾਂ ਨੇ ਮੇਰੇ ਤੋਂ ਪਹਿਲਾਂ ਬਹੁਤ ਸਾਰੀਆਂ ਗੱਲਾਂ ਕਹਿ ਦਿੱਤੀਆਂ ਹਨ, ਇਸ ਕਰਕੇ ਮੈਂ ਉਨ੍ਹਾਂ ਦੀ ਪ੍ਰੋੜਤਾ ਕਰਦਾ ਹਾਂ। ਉਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ, ਲੇਕਿਨ ਇਕ ਗੱਲ ਦੀ ਤਾਰੀਫ ਸਾਰੇ ਦੇਸ਼ ਵਿੱਚ ਹੋਈ ਹੈ ਕਿ ਪੰਜ ਸਾਲ ਭਾਵੇਂ ਬਹੁਤ ਸਾਰੀਆਂ Provocations ਹੋਈਆਂ, ਲੇਕਿਨ ਜਿਸ ਤਰੀਕੇ ਨਾਲ ਅਮਨ-ਸ਼ਾਂਤੀ, ਆਪਸੀ ਪਿਆਰ ਅਤੇ ਆਪਸੀ ਭਾਈਚਾਰਕ ਸਾਂਝ ਪੰਜਾਬ ਦੇ ਵਿੱਚ ਕਾਇਮ ਰਹੀ, ਉਸ ਦੇ ਵਾਸਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਮਾਨਯੋਗ ਗ੍ਰਹਿ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਇਹ ਦੋਵੇਂ ਹੀ ਵਧਾਈ ਦੇ ਪਾਤਰ ਹਨ। ਦੂਸਰੀ ਜਿਹੜੀ ਵੱਡੀ ਗੱਲ ਹੈ, ਜਿਸ ਤਰ੍ਹਾਂ ਦਾ ਇੰਫਰਾਸਟਰਕਚਰ ਇਸ ਸਰਕਾਰ ਨੇ ਦਿੱਤਾ ਹੈ ਉਸ ਨਾਲ ਪੰਜਾਬ ਨੂੰ ਆਉਣ ਵਾਲੇ ਸਮੇਂ ਦੇ ਵਿਚ ਪੱਕੀਆਂ ਲੀਹਾਂ ਦੇ ਉਤੇ ਪਾ ਦਿੱਤਾ ਹੈ, ਉਹ ਚਾਹੇ ਏਅਰ ਕੁਨੈਕਟੀਵਿਟੀ ਦੀ ਗੱਲ ਕਰਾਂ, ਚਾਹੇ ਰੋਡ ਨੈਟੱਵਰਕ ਦੀ ਗੱਲ ਕਰਾਂ, ਇਹ ਚੀਜ਼ਾਂ ਇੰਡਸਟਰੀਅਲ ਡਿਵੈਲਪਮੈਂਟ ਵਾਸਤੇ ਵੀ, ਦੇਸ਼ ਵਾਸਤੇ ਵੀ ਅਤੇ ਆਵਾਜਾਈ ਵਾਸਤੇ ਬਹੁਤ ਜ਼ਰੂਰੀ ਹਨ। ਜਿਹੜਾ ਕਿਸੇ ਮਲਟੀਨੈਸ਼ਨਲ ਕੰਪਨੀ ਨੇ ਕਿਸੇ ਸਟੇਟ ਦੇ ਵਿੱਚ ਜਾ ਕੇ ਕੋਈ ਕਾਰੋਬਾਰ ਕਰਨਾ ਹੈ, ਉਹ ਸਭ ਤੋਂ ਪਹਿਲੀ ਗੱਲ ਇਹ ਦੇਖਦੇ ਹਨ ਕਿ ਉਥੇ ਏਅਰ ਕੁਨੈਕਟੀਵਿਟੀ ਕਿਸ ਤਰ੍ਹਾਂ ਦੀ ਹੈ। ਅੱਜ ਤਿੰਨ ਇੰਟਰਨੈਸ਼ਨਲ ਏਅਰਪੋਰਟ ਪੰਜਾਬ ਦੇ ਵਿੱਚ ਬਣਨ ਜਾ ਰਹੇ ਹਨ। ਇੱਕ ਚੱਲ ਰਿਹਾ ਹੈ, ਦੋ ਉਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ ਅਤੇ ਟੋਟਲ ਪੰਜ ਏਅਰਪੋਰਟ ਪੰਜਾਬ ਦੇ ਵਿਚ ਬਣ ਜਾਣਗੇ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੀ ਬਹੁਤ ਵੱਡੀ ਖੁਸ਼ਕਿਸਮਤੀ ਵਾਲੀ ਗੱਲ ਹੈ। ਇਸੇ ਤਰ੍ਹਾਂ ਥਰਮਲ ਪਲਾਂਟਾਂ ਦਾ ਜ਼ਿਕਰ ਮੇਰੇ ਤੋਂ ਪਹਿਲਾਂ ਆਇਆ ਹੈ। ਦਰਿਆਵਾਂ ਤੇ

ਪੁਲ ਜੋ ਹਨ, ਉਨ੍ਹਾਂ ਦਾ ਜ਼ਿਕਰ ਵੀ ਮੇਰੇ ਤੋਂ ਪਹਿਲਾਂ ਆਇਆ ਹੈ। ਮੈਂ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦੇਣੀ ਚਾਹਾਂਗਾ ਕਿ ਐਜੂਕੇਸ਼ਨ ਦੇ ਮਾਮਲੇ ਵਿੱਚ ਜਿੰਨਾ ਕੰਮ ਇਸ ਸਰਕਾਰ ਦੇ ਵੇਲੇ ਹੋਇਆ, ਇੰਨਾ ਕੰਮ 64 ਸਾਲਾਂ ਵਿਚ ਪੰਜਾਬ ਦੇ ਵਿੱਚ ਕਦੇ ਨਹੀਂ ਹੋਇਆ। ਅਸੀਂ ਵਿੱਦਿਆ ਦੇ ਖੇਤਰ ਵਿਚ ਦੇਸ਼ ਵਿਚੋਂ 14ਵੇਂ ਸਥਾਨ ਤੇ ਪਹੁੰਚ ਗਏ ਸੀ। ਅਸੀਂ 14ਵੇਂ ਨੰਬਰ ਤੋਂ ਘਟਾ ਕੇ ਪੰਜਾਬ ਨੂੰ ਤੀਜੇ ਨੰਬਰ ਤੇ ਖੜ੍ਹਾ ਕੀਤਾ ਹੈ। ਇਹ ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਦੀ ਪੰਜਾਬ ਤੇ ਬਹੁਤ ਵੱਡੀ ਮਿਹਰਬਾਨੀ ਹੈ ਕਿਉਂਕਿ ਵਿੱਦਿਆ ਤੋਂ ਬਿਨਾਂ ਕੋਈ ਸੂਬਾ ਅੱਗੇ ਵੱਧ ਨਹੀਂ ਸਕਦਾ। ਸਕੂਲਾਂ ਨੂੰ ਇੰਫਰਾਸਟਰਕਚਰ ਵੀ ਦਿੱਤਾ ਹੈ ਅਤੇ ਅਧਿਆਪਕ ਵੀ ਦਿੱਤੇ ਹਨ। ਰੂਰਲ ਏਰੀਏ ਦੇ ਵਿੱਚ ਸਾਇੰਸ ਸਬਜੈਕਟ ਬਿਲਕੁਲ ਖਤਮ ਹੋ ਗਏ ਸੀ, ਪਹਿਲੀ ਵਾਰੀ ਅੱਜ ਉਨ੍ਹਾਂ ਨੇ ਇੰਨਾ ਵੱਡਾ ਇਨੀਸ਼ੀਏਟਿਵ ਲੈ ਕੇ ਸਾਇੰਸ ਸਬਜੈਕਟ ਪੰਜਾਬ ਦੇ ਵਿੱਚ ਦੁਬਾਰਾ ਸ਼ੁਰੂ ਕੀਤੇ ਹਨ। ਜਿਸ ਦੇ ਨਾਲ ਪੇਂਡੂ ਬੱਚਿਆਂ ਵਿਚ ਡਾਕਟਰ ਅਤੇ ਇੰਜੀਨੀਅਰ ਬਣਨ ਦੀ ਦੁਬਾਰਾ ਆਸ ਦੀ ਕਿਰਨ ਜਾਗੀ ਹੈ, ਨਹੀਂ ਤਾਂ 70% ਅਬਾਦੀ ਦੇ ਵਿਚੋਂ ਕੋਈ ਸੋਚ ਵੀ ਨਹੀ ਸੀ ਸਕਦਾ ਕਿ ਸਾਡਾ ਕੋਈ ਬੱਚਾ ਡਾਕਟਰ ਜਾਂ ਇੰਜੀਨੀਅਰ ਬਣ ਜਾਵੇਗਾ। ਜੇ ਮੈਂ ਹਾਇਰ ਐਜੂਕੇਸ਼ਨ ਦੀ ਗੱਲ ਕਰਾਂ, ਕਦੀ ਕਿਸੇ ਨੇ ਸੋਚਿਆ ਨਹੀਂ ਸੀ ਕਿ ਆਈ.ਆਈ.ਟੀ.ਵਰਗੀਆਂ ਇੰਸਟੀਚਿਊਟਸ, ਵੀ ਪੰਜਾਬ ਦੇ ਵਿਚ ਆਉਣਗੀਆਂ, ਇਹ ਰੋਪੜ ਦੇ ਵਿੱਚ ਪਿਛਲੇ 4 ਸਾਲਾਂ ਤੋਂ ਕੰਮ ਕਰ ਰਹੀ ਹੈ। ਇੰਡੀਅਨ ਸਕੂਲ ਆਫ ਬਿਜ਼ਨੈਸ, ਮੋਹਾਲੀ ਦੇ ਵਿੱਚ, ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ ਦੇ ਵਿੱਚ,ਇੰਡੀਅਨ ਇੰਸਟੀਚਿਊਟ ਆਫ ਨੈਨੋ ਟੈਕਨਾਲੋਜੀ ਅਤੇ ਇੰਡੀਅਨ ਇਸੰਟੀਚਿਊਟ ਆਫ ਬਾਇਓਟੈਕਨਾਲੋਜੀ ਵੀ ਮੋਹਾਲੀ ਦੇ ਵਿੱਚ ਖੁਲ੍ਹੀ ਹੋਈ ਹੈ। BISA ਇੰਸਟੀਚਿਊਟ ਵਰਗੀਆਂ ਲੁਧਿਆਣਾ ਦੇ ਵਿੱਚ ਵੀ ਆ ਰਹੀਆਂ ਹਨ। ਸੈਂਟਰਲ ਯੂਨੀਵਰਸਿਟੀਆਂ ਅਤੇ ਵਰਲਡ ਯੂਨੀਵਰਸਿਟੀਆਂ ਬਾਰੇ ਜ਼ਿਕਰ ਪਹਿਲਾਂ ਹੋ ਚੁੱਕਿਆ ਹੈ, ਇਹ ਸਾਰੀਆ ਚੀਜ਼ਾਂ ਨਾਲ ਮੈਂ ਕਹਿ ਸਕਦਾ ਹਾਂ ਕਿ ਪੰਜਾਬ ਬਹੁਤ ਹੀ ਖੁਸ਼ਹਾਲੀ ਅਤੇ ਤਰੱਕੀ ਵਾਲੇ ਪਾਸੇ ਵੱਲ ਵੱਧ ਰਿਹਾ ਹੈ। ਜਿਹੜੀ ਵੱਡੀ ਗੱਲ ਹੈ, ਸਾਡੀ ਸਟੇਟ ਦੀ ਪ੍ਰਾਬਲਮ ਵੀ ਸੀ ਅਤੇ ਦੂਜੇ ਪਾਸੇ ਸਾਡੀ ਇੰਡਸਟਰੀ ਦੀ ਸ਼ਿਕਾਇਤ ਵੀ ਸੀ ਕਿ ਸਾਡੇ ਕੋਲ ਉਸ ਲਾਇਕ ਬੱਚੇ ਨਹੀ ਸੀ, ਜਿਹੜੇ ਇਸ ਵਿਚ ਕੰਮ ਕਰ ਸਕਣ। ਸਕਿੱਲ ਡਿਵੈਲਪਮੈਂਟ ਵਾਸਤੇ ਜੋ ਕੰਮ ਇਸ ਸਰਕਾਰ ਨੇ ਕੀਤਾ ਹੈ, ਮੈਂ ਉਸ ਦੀ ਵੀ ਜਿੰਨੀ ਤਾਰੀਫ ਕਰਾਂ,ਉੰਨੀ ਥੋੜ੍ਹੀ ਹੈ। ਇਹ ਸਾਡੇ ਬੱਚਿਆਂ ਵਾਸਤੇ, ਆਉਣ ਵਾਲੇ ਸਮੇਂ ਵਾਸਤੇ ਉਨ੍ਹਾਂ ਦੇ ਚੰਗੇਰੇ ਭਵਿੱਖ ਵਾਸਤੇ ਸਰਕਾਰ ਨੇ ਬਹੁਤ ਹੀ ਚੰਗਾ ਕਦਮ ਚੁੱਕਿਆ ਹੈ।

ਮਾਨਯੋਗ ਚੇਅਰਮੈਨ ਸਾਹਿਬ, ਇਸੇ ਤਰ੍ਹਾ ਹੀ ਜ਼ਿਕਰ ਆਉਂਦਾ ਹੈ ਕਿ ਜਿਹੜੀ ਪੰਜਾਬ ਦੀ ਵਿੱਤੀ ਹਾਲਤ ਹੈ ਉਹ ਬਹੁਤ ਮਾੜੀ ਹੈ। ਇੱਕ ਤਾਂ ਇਹ ਰਿਵਾਜ ਪੈ ਗਿਆ ਹੈ ਕਿ ਜਿਸ ਤਰ੍ਹਾਂ ਕਿਸੇ ਨੂੰ ਭੰਡਣਾ ਹੁੰਦਾ ਹੈ , ਕਿਸੇ ਦਾ ਰਿਸ਼ਤਾ ਨਹੀ ਹੋਣ ਦੇਣਾ ਹੁੰਦਾ, ਉਸ ਦੀ ਬਦਨਾਮੀ ਕਰੀ ਜਾਉ ਉਸ ਤਰੀਕੇ ਦੇ ਨਾਲ ਪੰਜਾਬ ਨੂੰ ਦੇਸ਼ ਦੇ ਵਿੱਚ ਵੀ ਅਤੇ ਬਾਹਰਲੇ

[ਡਾਕਟਰ ਦਲਜੀਤ ਸਿੰਘ ਚੀਮਾ]

ਸੂਬਿਆਂ ਦੇ ਵਿੱਚ ਜਾ ਕੇ ਵੀ ਭੰਡਿਆ ਜਾਂਦਾ ਹੈ ਕਿ ਸਾਡੀ ਵਿੱਤੀ ਹਾਲਤ ਬਹੁਤ ਮਾੜੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਟੇਟ ਦੇ ਉੱਤੇ ਕਰਜ਼ਾ ਹੈ ਔਰ ਇਕੱਲੀ ਪੰਜਾਬ ਸਟੇਟ ਹੀ ਨਹੀਂ ਜਿਸ ਤੇ ਕਰਜ਼ਾ ਹੈ। ਡਿਵੈਲਪਮੈਂਟ ਲਈ ਸਾਰੀਆਂ ਹੀ ਜਿਹੜੀਆਂ ਸਟੇਟਾਂ ਹਨ ਉਹ ਕਰਜ਼ਾ ਲੈਂਦੀਆਂ ਹਨ। ਅੱਜ 77585 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਉੱਤੇ ਹੈ ਜਿਸ ਦਾ ਜ਼ਿਕਰ ਮਾਨਯੋਗ ਰਾਜਪਾਲ ਸਾਹਿਬ ਨੇ ਆਪਣੇ ਭਾਸ਼ਣ ਦੇ ਵਿੱਚ ਵੀ ਕੀਤਾ ਹੈ ਲੇਕਿਨ ਕਰਜ਼ੇ ਦੇ ਮਾਮਲੇ ਵਿਚ ਜਿਹੜੀ ਗੱਲ ਸਭ ਤੋਂ ਵੱਧ ਮੈਟਰ ਕਰਦੀ ਹੈ ਉਹ ਹੈ ਕਰਜ਼ੇ ਅਤੇ ਜੀ.ਐਸ.ਡੀ.ਪੀ. ਦੀ ਰੇਸ਼ੋ। ਇਸ ਸੰਬਧੀ ਜਿਹੜੀ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਉਹ 41.80% ਹੈ ਲੇਕਿਨ ਜਿਹੜੀ ਸਾਡੀ ਕਰਜ਼ੇ ਦੀ ਰੇਸ਼ੋ ਹੈ ਉਹ 29.91% ਹੈ ਕਿਉਂਕਿ ਪੰਜਾਬ ਸਰਕਾਰ ਨੇ ਮਿਹਨਤ ਕਰਕੇ ਆਪਣੇ ਮਾਲੀ ਸਾਧਨ ਵਧਾਏ ਹਨ,ਆਪਣੀ ਆਮਦਨ ਨੂੰ ਵਧਾਇਆ ਹੈ। ਇਹ ਜਿਹੜਾ ਕਹਿੰਦੇ ਹਨ ਕਿ ਸਾਡੇ ਵੇਲੇ ਬਹੁਤ ਅੱਛੀ ਸੀ, 2001-02 ਦੇ ਵਿੱਚ ਜਿਹੜੀ ਇਹ ਰੇਸ਼ੋ ਸੀ ਇਹ 40.82% ਸੀ 2002-03 ਦੇ ਵਿਚ 44.81% ਹੋ ਗਈ ਸੀ, 2003-04 ਦੇ ਵਿੱਚ 45.95% ਹੋ ਗਈ ਸੀ ਔਰ 2004-05 ਦੇ ਵਿਚ 46.55% ਅਤੇ 2005-06 ਵਿਚ 44.95%ਸੀ ਅਤੇ 2006-07 ਵਿੱਚ ਇਹ ਕੁਝ ਘਟੀ ਸੀ ਅਤੇ ਇਹ 39.88% ਹੋ ਗਈ ਸੀ। ਇਹ ਘਟੀ ਇਸ ਕਰਕੇ ਨਹੀਂ ਸੀ ਕਿ ਇਨ੍ਹਾਂ ਨੇ ਕੋਈ ਚੰਗਾ ਕੰਮ ਕੀਤਾ ਸੀ ਪਰ ਉਸ ਵੇਲੇ 12ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਦੇ ਵਿੱਚ ਜਿਹੜਾ ਗੁਜਰਾਲ ਸਾਹਿਬ ਨੇ ਕਰਜ਼ਾ ਮੁਆਫ ਕੀਤਾ ਸੀ, ਉਸ ਦੀ ਕਿਸ਼ਤ ਆਈ ਸੀ, ਉਸ ਕਰਕੇ ਥੋੜ੍ਹੀ ਜਿਹੀ ਥੱਲੇ ਆਈ ਸੀ ਲੇਕਿਨ ਸਾਡੀ ਜਿਹੜੀ ਰੇਸ਼ੋ ਹੈ ਅੱਜ ਦੀ ਉਹ 29.91% ਹੈ ਔਰ ਦੂਜੀਆ ਸਟੇਟਾਂ, ਗੁਜਰਾਤ ਵਰਗੀਆਂ, ਜੇਕਰ ਮੈਂ ਉਨ੍ਹਾਂ ਦੇ ਉੱਤੇ ਕਰਜੇ ਦੀ ਗੱਲ ਕਰਾਂ ਤਾਂ 1,05,000 ਕਰੋੜ ਰੁਪਿਆ ਕਰਜ਼ਾ ਗੁਜਰਾਤ ਤੇ ਵੀ ਹੈ, 2,31,000 ਕਰੋੜ ਰੁਪਏ ਕਰਜ਼ਾ ਯੂ.ਪੀ ਤੇ ਵੀ ਹੈ ਅਤੇ ਮਹਾਂਰਾਸ਼ਟਰ ਤੇ ਵੀ 2,05,000 ਕਰੋੜ ਰੁਪਏ ਦਾ ਕਰਜ਼ਾ ਹੈ, ਇਹ ਸਾਰੀਆਂ ਸਟੇਟਾਂ ਦੇ ਉੱਤੇ ਕਰਜ਼ਾ ਹੈ ਲੇਕਿਨ ਕਰਜ਼ੇ ਦੀ ਜਿਹੜੀ ਰੇਸ਼ੋ ਹੈ ਉਹ ਪੰਜਾਬ ਦੀ ਬਹੁਤ ਹੀ ਥੱਲੇ ਹੈ ਜਿਹੜੀ ਮੈਂ ਸਮਝਦਾ ਹਾਂ ਕਿ ਬਹੁਤ ਹੀ ਚੰਗੀ ਗੱਲ ਹੈ। ਇਸ ਨੂੰ ਹੋਰ ਘਟਾਉਣ ਦੀ ਲੋੜ ਹੈ ਪਰ ਉਸ ਦੇ ਲਈ ਕਈ ਕਾਰਨ ਹਨ। ਇੱਕ ਤਾਂ ਇਹ ਹੈ ਕਿ ਭਾਵੇਂ ਸੂਬੇ ਦੀ ਆਮਦਨ ਵਧਾ ਕੇ 15,028 ਕਰੋੜ ਕੀਤੀ ਹੈ ਪਰ ਜਿਹੜੀਆਂ ਐਕਸਾਈਜ਼ ਕੰਸੈਸ਼ਨਜ਼ ਗੁਆਂਢੀ ਸੂਬਿਆਂ ਨੂੰ ਦਿੱਤੀਆਂ ਗਈਆਂ ਹਨ, ਜਿਸ ਦਾ ਜ਼ਿਕਰ ਸਾਡੇ ਮਾਨਯੋਗ ਵਿਰੋਧੀ ਧਿਰ ਦੇ ਆਗੂ ਸ੍ਰੀ ਸੁਨੀਲ ਜਾਖੜ ਜੀ ਨੇ ਕੀਤਾ ਹੈ ਉਸ ਕਰਕੇ ਸਾਡਾ ਕਾਫੀ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਇਹ ਗੱਲ ਕਹੀ ਹੈ ਔਰ ਇਹ ਸਚਾਈ ਵੀ ਹੈ। ਉਨ੍ਹਾਂ ਕਿਹਾ ਕਿ ਇਹ ਉਸ ਵੇਲੇ ਦੀ ਐਨ.ਡੀ.ਏ. ਗੌਰਮਿੰਟ ਦੇ ਸਮੇਂ ਸ਼ੁਰੂ ਹੋਈ ਸੀ। ਲੇਕਿਨ ਮੈਂ ਇਹ ਬੇਨਤੀ ਕਰਨੀ ਚਾਹਾਂਗਾ ਕਿ ਜੇਕਰ ਕੋਈ ਵੀ ਚੀਜ਼ ਸ਼ੁਰੂ ਹੋ ਗਈ ਹੈ, ਉਸ ਦੇ ਆਫਟਰ ਅਫੈਕਟਸ ਕੀ ਹਨ, ਇਹ ਬਾਅਦ ਵਿੱਚ ਪਤਾ ਲੱਗਦਾ ਹੈ। ਕਈ ਵਾਰ ਕੋਈ ਸਕੀਮ ਬਣੀ ਹੈ, ਤਿੰਨ ਸਟੇਟਾਂ ਦੇ ਵਿੱਚ ਉਨ੍ਹਾਂ ਨੇ ਸਕੀਮ ਚਲਾਈ ਹੈ, ਸ਼ਾਇਦ ਉਸ ਵੇਲੇ ਇਹ ਨਹੀਂ ਸੋਚਿਆ ਗਿਆ ਕਿ ਚੌਥੀ ਸਟੇਟ ਤੇ ਉਸ ਦਾ

ਕੀ ਅਸਰ ਪਵੇਗਾ ਲੇਕਿਨ ਉਸ ਤੋਂ ਬਾਅਦ ਇਹ ਲਾਗਤਾਰ ਵਧਾਈ ਜਾ ਰਹੀ ਹੈ। ਹੁਣ ਪਿਛਲੇ 7-8 ਸਾਲ ਤੋਂ ਤਾਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਹੈ, ਜਦੋਂ ਰਿਜ਼ਲਟ ਸਾਡੇ ਸਾਹਮਣੇ ਆ ਗਏ ਕਿ ਇਸ ਦਾ ਮਾੜਾ ਅਸਰ ਪੈ ਰਿਹਾ ਹੈ ਔਰ ਇਸ ਦਾ ਸਾਡੇ ਕੋਲ ਸਬੂਤ ਹੈ ਕਿ ਪੰਜ ਸਾਲਾਂ ਵਿੱਚ ਪੰਜਾਬ ਵਿੱਚ ਐਕਸਾਈਜ਼ ਦੀ ਕੁਲੈਕਸ਼ਨ 8963 ਕਰੋੜ ਘਟੀ ਹੈ, ਇਸ ਤੋਂ ਵੱਡਾ ਸਬੂਤ ਕੇਂਦਰ ਕੋਲ ਕੀ ਹੋ ਸਕਦਾ ਹੈ ਔਰ ਹੁਣ ਜਦੋ ਰਿਜ਼ਲਟ ਸਾਹਮਣੇ ਆ ਗਿਆ ਕਿ ਪੰਜ ਸਾਲਾਂ ਦੇ ਵਿੱਚ ਪੰਜਾਬ ਵਿੱਚ ਐਕਸਾਈਜ਼ ਕੁਲੈਕਸ਼ਨ ਘਟੀ ਹੈ, ਅਸੀਂ ਇਹ ਤਾਂ ਨਹੀਂ ਕਹਿੰਦੇ ਕਿ ਉਨ੍ਹਾਂ ਨੂੰ ਬੰਦ ਕਰ ਦਿਉ, ਸਾਡੀ ਡਿਮਾਂਡ ਤਾਂ ਇੰਨੀ ਹੈ ਕਿ ਪੰਜਾਬ ਨੂੰ ਉਸ ਵਿੱਚ ਸ਼ਾਮਲ ਕਰ ਲਉ। ਪਰ ਸਾਡੀ ਉਹ ਮੰਗ ਨਹੀਂ ਸੁਣੀ ਜਾ ਰਹੀ। ਇਸੇ ਕਰਕੇ ਅਸੀਂ ਹਮੇਸ਼ਾ ਇਸ ਡਿਸਕ੍ਰਿਮੀਨੇਸ਼ਨ ਦੇ ਅਗੇਂਸਟ ਅਵਾਜ਼ ਉਠਾਉਂਦੇ ਹਾਂ ਕਿ ਸੂਬਿਆਂ ਨਾਲ, ਖਾਸ ਤੌਰ ਤੇ ਪੰਜਾਬ ਦੇ ਨਾਲ ਇਨ੍ਹਾਂ ਗੱਲਾਂ ਵਿੱਚ ਉਚੇਚਾ ਧੱਕਾ ਹੁੰਦਾ ਹੈ। ਨਹੀਂ ਤਾਂ ਇੰਨੀ ਵੱਡੀ ਐਗਜ਼ਾਂਪਲ ਸਾਡੇ ਸਾਹਮਣੇ ਸੀ ਕਿ ਪੰਜਾਬ ਲਾਸ ਵਿੱਚ ਜਾ ਰਿਹਾ ਹੈ। ਇੰਡਸਟਰੀ ਇੱਥੋਂ ਸ਼ਿਫਟ ਹੋ ਰਹੀ ਹੈ ਨਵੀਂ ਇੰਡਸਟਰੀ ਉਪਰਲੇ ਪਾਸੇ ਜਾ ਰਹੀ ਹੈ, ਤੇ ਨਾਲ ਦੀ ਨਾਲ ਕਦਮ ਚੁੱਕਣ ਦੀ ਲੋੜ ਸੀ। ਪੰਜਾਬ ਬਾਰਡਰ ਸਟੇਟ ਵੀ ਹੈ, ਇੱਥੇ ਹੋਰ ਵੀ ਕਈ ਤਰ੍ਹਾਂ ਦੀਆਂ ਪ੍ਰਾਬਲਮਜ਼ ਹਨ, ਇਸ ਨੂੰ ਵੀ ਉਨ੍ਹਾਂ ਤਿੰਨ ਸਟੇਟਾਂ ਵਿੱਚ ਸ਼ਾਮਲ ਕਰ ਲਿਆ ਜਾਵੇ ਲੇਕਿਨ ਇੱਕ ਮਿੱਹਣਾ ਬਣ ਗਿਆ ਕਿ ਇਹ ਐਨ.ਡੀ.ਏ. ਨੇ ਸ਼ੁਰੂ ਕੀਤੀ ਸੀ ਤੇ ਫਿਰ ਸ਼ਾਇਦ ਹੁਣ ਇਹ ਇੰਤਜ਼ਾਰ ਵਿੱਚ ਹਨ ਕਿ ਐਨ.ਡੀ.ਏ. ਦੁਬਾਰਾ ਆਵੇ ਔਰ ਇਸ ਨੂੰ ਖਤਮ ਕਰੇ ਪਰ ਪੰਜਾਬ ਦਾ ਇਹ ਹਮੇਸ਼ਾ ਤੋਂ ਹੀ ਪੁਰਜ਼ੋਰ ਕੇਸ ਬਣਦਾ ਸੀ ਕਿ ਇਹ ਕੰਸੈਸ਼ਨ ਪੰਜਾਬ ਨੂੰ ਵੀ ਮਿਲਣੀ ਚਾਹੀਦੀ ਹੈ।

ਇੱਕ ਦੂਜੀ ਗੱਲ ਹੈ ਕਿ ਇੱਕ ਬੜਾ ਰੌਲਾ ਪੈਂਦਾ ਹੈ ਕਿ ਜੋ ਕੁਝ ਵੀ ਪੰਜਾਬ ਦੇ ਵਿੱਚ ਆ ਰਿਹਾ ਹੈ ਉਹ ਕੇਂਦਰ ਦਾ ਹੈ। ਮੈਂ ਇਹ ਵੀ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜੇਕਰ ਕੇਂਦਰ ਦਾ ਪੈਸਾ ਹੈ ਤਾਂ ਇਹ ਸਾਡੇ ਲੋਕਾਂ ਦਾ ਹੀ ਹੈ। ਕੇਂਦਰ ਕਣਕ ਜਾਂ ਝੋਨਾ ਬੀਜ ਕੇ ਪੰਜਾਬ ਨੂੰ ਕੋਈ ਪੈਸਾ ਨਹੀਂ ਦਿੰਦਾ। ਇਹ ਪਹਿਲੀ ਵਾਰੀ ਹੋਇਆ ਕਿ ਸਾਡੇ ਇਥੇ ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਕੇਂਦਰ ਨੂੰ ਚਿੱਠੀਆਂ ਲਿਖੀਆਂ। ਇਥੇ ਕੋਆਪਰੇਸ਼ਨ ਦੀ ਗੱਲ ਕਰਦੇ ਹਨ, ਬਾਦਲ ਸਾਹਿਬ ਦੀ ਚਿੱਠੀ ਪੜ੍ਹ ਕੇ ਸੁਣਾਈ ਕਿ ਉਨ੍ਹਾਂ ਨੇ ਸ਼੍ਰੀ ਜੈਰਾਮ ਰਮੇਸ਼ ਦਾ ਧੰਨਵਾਦ ਕੀਤਾ। ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਸਟੇਟਮੈਨ ਵਾਲੀ ਗੱਲ ਹੋਰ ਕੀ ਹੋ ਸਕਦੀ ਹੈ? ਜੇਕਰ ਕਿਸੇ ਮੰਤਰੀ ਨੇ ਕੇਂਦਰ ਵਿੱਚ ਸੂਬੇ ਵਾਸਤੇ ਕੋਈ ਚੰਗਾ ਕੰਮ ਕੀਤਾ ਹੈ ਤਾਂ ਪੰਜਾਬ ਦੇ ਮੁੱਖ ਮੰਤਰੀ ਨੇ ਹਾਊਸ ਵਿੱਚ ਖੜ੍ਹੇ ਹੋ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਮੈਂ ਤਾਂ ਇਹ ਵੀ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਵਿਚ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਉਹ ਚਿੱਠੀ ਵੀ ਪੜ੍ਹੀਏ ਜਿਸ ਵਿੱਚ ਪ੍ਰਾਈਮ ਮਨਿਸਟਰ ਸਾਹਿਬ ਨੂੰ ਇਹ ਲਿਖਿਆ ਗਿਆ ਕਿ ਪੰਜਾਬ ਦੇ ਵਿਚ ਕੋਈ ਪੈਸਾ ਨਾ ਦਿੱਤਾ ਜਾਵੇ, ਪੰਜਾਬ ਨੂੰ ਕੋਈ ਪ੍ਰਾਜੈਕਟ ਨਾ ਦਿੱਤਾ ਜਾਵੇ। ਅਗਰ ਅਸੀਂ ਵਿਰੋਧੀ ਧਿਰ ਦੇ ਵਿੱਚ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਪੰਜਾਬ ਦੇ ਦੁਸ਼ਮਣ ਬਣ ਜਾਈਏ। ਜੇ ਇਹ ਗੱਲਾਂ ਹਨ

[ਡਾਕਟਰ ਦਲਜੀਤ ਸਿੰਘ ਚੀਮਾ]

ਤਾਂ ਪੰਜਾਬ ਵਾਸਤੇ ਇਹ ਬਹੁਤ ਘਾਤਕ ਹਨ। ਜੇਕਰ ਇਸ ਤਰ੍ਹਾਂ ਦਾ ਰਵੱਈਆ ਸੂਬੇ ਪ੍ਰਤੀ ਹੈ, ਤਾਂ ਮੈਂ ਸਮਝਦਾ ਹਾਂ ਕਿ ਇਸ ਨੂੰ ਬਦਲਣਾ ਚਾਹੀਦਾ ਹੈ।

ਇਕ ਹੋਰ ਵੱਡੀ ਗੱਲ ਹੈ ਜਿਸ ਦਾ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿੱਚ ਜ਼ਿਕਰ ਕੀਤਾ ਹੈ, ਉਹ ਫੈਡਰੇਲਿਜ਼ਮ ਦੇ ਬਾਰੇ ਹੈ। ਅਸੀਂ ਇਸ ਗੱਲ ਤੇ ਸਾਰੇ ਸਹਿਮਤ ਹਾਂ ਕਿ ਜੇਕਰ ਸੂਬੇ ਮਜ਼ਬੂਤ ਹੋਣਗੇ ਤਾਂ ਕੇਂਦਰ ਮਜ਼ਬੂਤ ਹੋਏਗਾ ਲੇਕਿਨ ਜਿਸ ਤਰ੍ਹਾਂ ਫੈਡਰੇਲਿਜ਼ਮ ਅੱਜ ਆਪਾ ਲਾਗੂ ਕਰ ਰਹੇ ਹਾਂ ਕਿ ਜਿਸ ਤਰ੍ਹਾਂ ਅੱਜ ਸਟੇਟਾਂ ਕੇਂਦਰ ਦੇ ਅੱਗੇ ਜਾ ਕੇ ਭਿਖਾਰੀ ਬਣ ਕੇ ਬਖੜ੍ਹੀਆਂ ਹੁੰਦੀਆਂ ਹਨ, ਸਾਨੂੰ ਉਥੇ ਜਾ ਕੇ ਮੰਗਣਾ ਪੈਂਦਾ ਹੈ, ਹਾਲਾਂ ਕਿ ਉਹ ਸਾਡਾ ਹੱਕ ਹੈ ਅਤੇ ਜੋ ਕੁਲੈਕਸ਼ਨ ਸਟੇਟ ਦੇ ਵਿਚੋਂ ਹੁੰਦੀ ਹੈ ਉਸ ਦਾ 68% ਕੇਂਦਰ ਸਰਕਾਰ ਨੂੰ ਚਲਾ ਜਾਂਦਾ ਹੈ ਅਤੇ 32% ਸਾਨੂੰ ਸਟੇਟਾਂ ਨੂੰ ਵਾਪਸ ਮਿਲਦਾ ਹੈ ਔਰ ਜਦੋਂ 32% ਵਾਪਸ ਆਉਂਦਾ ਹੈ ਤਾਂ ਜਿਵੇਂ ਕਿਹਾ ਜਾਂਦਾ ਹੈ ਕਿ ਮਿੰਗਣਾ ਪਾਉਣਾ, ਫਿਰ ਉਥੇ ਮਾਪਦੰਡ ਇਸ ਤਰ੍ਹਾਂ ਦੇ ਬਣਾਏ ਜਾਂਦੇ ਹਨ ਕਿ ਜੋ ਪੰਜਾਬ ਵਰਗੀ ਸਟੇਟ ਹੈ, ਜੇਕਰ ਇਸ ਨੇ ਸੜਕਾਂ ਵੱਧ ਬਣਾ ਲਈਆਂ ਤਾਂ ਇਸ ਨੂੰ ਨੁਕਸਾਨ, ਜੇਕਰ ਸਕੂਲ ਵੱਧ ਬਣਾ ਲਏ ਤਾਂ ਸਾਨੂੰ ਨੁਕਸਾਨ ਅਤੇ ਇਸੇ ਤਰ੍ਹਾਂ ਹੀ ਜੇਕਰ ਵਧੀਆ ਇੰਫਰਾਸਟਰਕਚਰ ਕਰੀਏਟ ਕਰ ਲਿਆ ਤਾਂ ਇਸ ਦੇ ਬਦਲੇ ਸ਼ਾਬਾਸ਼ ਦੇਣ ਦੀ ਬਜਾਏ ਇਸ ਨੂੰ ਹੌਲੀ-ਹੌਲੀ ਵੱਢ ਕੇ 2% ਤੋਂ ਵੀ ਘੱਟ ਸਾਨੂੰ ਮਿਲਦਾ ਹੈ ਜਿਹੜੀ ਕਿ ਮੈਂ ਸਮਝਦਾ ਹਾਂ ਕਿ ਬਹੁਤ ਮਾੜੀ ਗੱਲ ਹੈ। ਜੇਕਰ ਫਿਸਕਲ ਫੈਡਰੇਲਿਜ਼ਮ ਦੀ ਨੀਤੀ ਦੀ ਗੱਲ ਕਰਾਂ ਤਾਂ 1950-60 ਦੇ ਵਿੱਚ 80% ਜਿਹੜਾ ਸਟੇਟ ਪਲੈਨ ਦਾ ਹਿੱਸਾ ਹੈ ਉਹ ਪਲੈਨ ਅਸਿਸਟੈਂਸ ਦੇ ਤੌਰ ਤੇ ਕੇਂਦਰ ਸਰਕਾਰ ਦਿੰਦੀ ਹੁੰਦੀ ਸੀ। ਪਰ ਅੱਜ ਕੀ ਰਿਵਾਜ ਪੈ ਗਿਆ ਕਿ ਅੱਜ ਆਪਣੀਆਂ ਸਕੀਮਾਂ ਬਣਾ ਕੇ ਉਹ ਸੂਬਿਆਂ ਦੇ ਉਤੇ ਠੋਸੀਆਂ ਜਾਂਦੀਆਂ ਹਨ। ਇੱਕ ਹੀ ਸਕੀਮ ਹੈ ਔਰ ਸਾਰੇ ਦੇਸ਼ ਵਾਸਤੇ ਉਸ ਸਕੀਮ ਨੂੰ ਧੱਕੇ ਨਾਲ ਲਾਗੂ ਕੀਤਾ ਜਾਂਦਾ ਹੈ। ਜਦੋਂ ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੇ ਸੰਵਿਧਾਨ ਬਣਾਇਆ ਸੀ ਤਾਂ ਉਨ੍ਹਾਂ ਨੇ ਸਪੱਸ਼ਟ ਡਿਮਾਰਕੇਸ਼ਨ ਕੀਤੀ ਸੀ ਕਿ ਇਹ ਚੀਜ਼ਾਂ ਸਟੇਟ ਲਿਸਟ ਦੇ ਵਿੱਚ ਹੋਣਗੀਆਂ, ਇਹ ਚੀਜ਼ਾਂ ਯੂਨੀਅਨ ਲਿਸਟ ਦੇ ਵਿਚ ਹੋਣਗੀਆਂ ਅਤੇ ਇਹ ਚੀਜ਼ਾਂ ਕਨਕਰੰਟ ਲਿਸਟ ਦੇ ਵਿੱਚ ਹੋਣਗੀਆਂ। ਹੁਣ ਜੇ ਸੈਂਟਰ ਨੇ ਕੋਈ ਪਾਲਿਸੀ ਬਣਾਉਣੀ ਹੈ, ਕੋਈ ਸਕੀਮ ਬਣਾਉਣੀ ਹੈ ਤਾਂ ਉਹ ਕੇਂਦਰ ਉਥੇ ਬਣਾਵੇ ਜਿੱਥੇ ਯੂਨੀਅਨ ਲਿਸਟ ਹੈ।

ਚੇਅਰਮੈਨ ਸਾਹਿਬ, ਜਾਖੜ ਸਾਹਿਬ ਨੇ ਬੋਲਦਿਆਂ ਹੋਇਆਂ ਐਗਰੀਕਲਚਰ ਦਾ ਜ਼ਿਕਰ ਕੀਤਾ ਸੀ। ਐਗਰੀਕਲਚਰ ਸਟੇਟ ਸਬਜੈਕਟ ਹੈ ਲੇਕਿਲ 51 ਸਕੀਮਾਂ ਸੈਂਟਰ ਨੇ ਆਪਣੀਆਂ ਬਣਾ ਕੇ ਠੋਸੀਆਂ ਹੋਈਆਂ ਹਨ। ਹੁਣ ਪੰਜਾਬ ਨੂੰ ਤੁਸੀਂ ਉਥੇ ਏਅਰ ਕੰਡੀਸ਼ਨਡ ਕਮਰਿਆਂ ਦੇ ਵਿੱਚ ਬੈਠ ਕੇ ਦੱਸੋਗੇ ਕਿ ਹਲ ਕਿਸ ਤਰ੍ਹਾਂ ਵਾਹੁਣਾ ਹੈ, ਕਣਕ ਕਿਸ ਤਰ੍ਹਾਂ ਵੱਢਣੀ ਹੈ। ਜੇ ਇਸ ਤਰ੍ਹਾਂ ਦਾ ਸਿਸਟਮ ਰਹਿਣਾ ਹੈ ਤਾਂ ਇਸ ਤੋਂ ਵੱਧ ਮਾੜੀ ਕੋਈ ਹੋਰ ਗੱਲ ਹੋ ਨਹੀਂ ਸਕਦੀ। ਜੇ ਕੇਂਦਰ ਸਰਕਾਰ ਨੇ ਸਕੀਮਾਂ ਬਣਾਉਣੀਆ ਹਨ ਤਾਂ ਜਿਹੜੀਆਂ ਯੂਨੀਅਨ ਲਿਸਟ ਦੇ ਵਿੱਚ ਆਈਟਮਜ਼ ਹਨ ਉਨ੍ਹਾਂ ਬਾਰੇ ਬਣਾਉਣੀਆਂ ਚਾਹੀਦੀਆਂ ਹਨ ਨਾ ਕਿ

ਸੂਬਿਆਂ ਦੇ ਅਧਿਕਾਰ ਤੇ ਕੋਈ ਕਿਸੇ ਤਰ੍ਹਾਂ ਦਾ ਛਾਪਾ ਮਾਰਨਾ ਚਾਹੀਦਾ।

ਇਸੇ ਤਰ੍ਹਾਂ ਹੁਣ ਐਨ.ਸੀ.ਟੀ.ਸੀ.ਦੀ ਗੱਲ ਚੱਲ ਰਹੀ ਹੈ। ਜਦੋਂ ਪੰਜਾਬ ਵਿੱਚ ਟੈਰੋਰਿਜ਼ਮ ਤਾਂ ਉਸ ਵੇਲੇ 8500 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਦੇ ਸਿਰ ਪਾ ਦਿੱਤਾ ਸੀ। ਇਸ ਗੱਲ ਨੂੰ ਮੁੱਖ ਰੱਖ ਲਿਆ ਗਿਆ ਸੀ ਕਿ ਲਾਅ ਐਂਡ ਆਰਡਰ ਸਟੇਟ ਸਬਜੈਕਟ ਹੈ।ਇਹ ਪੰਜਾਬ ਦੀ ਲੜਾਈ ਹੈ। ਜੇਕਰ ਇਸ ਵਾਸਤੇ ਇੱਕ ਵੀ ਸਿਪਾਹੀ ਬਾਹਰੋਂ ਆਇਆ ਚਾਹੇ ਉਹ ਸੀ.ਆਰ.ਪੀ.ਐਫ. ਦਾ ਆਇਆ, ਚਾਹੇ ਬੀ.ਐਸ.ਐਫ. ਦਾ ਆਇਆ ਅਤੇ ਚਾਹੇ ਆਰਮੀ ਦਾ ਆਇਆ ਤਾਂ ਉਸ ਦਾ ਖਰਚਾ ਪੰਜਾਬ ਤੇ ਪਾ ਦਿੱਤਾ ਗਿਆ ਅਤੇ ਇਹ ਕਿਹਾ ਗਿਆ ਲਾਅ ਐਂਡ ਆਰਡਰ ਸਟੇਟ ਸਬਜੈਕਟ ਹੈ। ਹੁਣ ਐਨ.ਸੀ.ਟੀ.ਸੀ. ਬਣਾਉਣਾ ਹੈ ਤਾਂ ਇਹ ਜਿਹੜਾ ਟੈਰੋਰਿਜ਼ਮ ਹੈ ਇਹ ਨੈਸ਼ਨਲ ਸਮੱਸਿਆ ਹੈ। ਸਾਰਾ ਕੁਝ ਉਥੇ ਹਾਸਿਲ ਕਰਕੇ ਫਿਰ ਸੂਬਿਆਂ ਦੇ ਕੰਮ ਵਿੱਚ ਦਖਲ ਅੰਦਾਜ਼ੀ ਕਰਨੀ, ਉਥੇ ਵਾਰੰਟ ਇਸ਼ੂ ਕਰਨੇ, ਉਥੇ ਅਰੈਸਟ ਕਰਨੇ ਇਹ ਮੈਂ ਸਮਝਦਾ ਹਾਂ ਕਿ ਸੂਬਿਆਂ ਦੇ ਕੰਮ ਵਿੱਚ ਬਹੁਤ ਵੱਡੀ ਦਖਲ ਅੰਦਾਜ਼ੀ ਹੈ। ਪਹਿਲਾਂ ਐਨ.ਆਈ.ਏ. ਬਣਾਈ ਸੀ। ਹੁਣ ਐਨ.ਸੀ.ਟੀ.ਸੀ. ਵਾਲੇ ਪਾਸੇ ਕੰਮ ਤੁਰ ਪਿਆ ਹੈ। ਇਹ ਗੱਲ ਵੈਸੇ ਵੀ ਹਾਸੋਹੀਣੀ ਲੱਗਦੀ ਹੈ ਕਿ ਜਿੰਨੀ ਵਾਰੀ ਕਿਤੇ ਅਟੈਕ ਹੋਏ ਤਾਂ ਹਰ ਵਾਰੀ ਇੱਕ ਨਵੀਂ ਏਜੰਸੀ ਖੜ੍ਹੀ ਕਰ ਦਿਉ। ਇਹ ਟੈਰੋਰਿਜ਼ਮ ਨੂੰ ਰੋਕਣ ਦਾ ਨਵਾਂ ਹੀ ਤਰੀਕਾ ਹੈ।

ਸ਼੍ਰੀ ਸਭਾਪਤੀ: ਚੀਮਾ ਸਾਹਿਬ, ਪੰਜ ਮਿੰਟ ਹੋਰ ਹਨ। ਤੁਸੀਂ ਇਸ ਸਮੇਂ ਵਿੱਚ ਖਤਮ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ: ਬਸ ਜੀ, ਖਤਮ ਹੀ ਕਰਨ ਵਾਲਾ ਹਾਂ।ਇੱਕ ਮੇਰੀ ਬੇਨਤੀ ਹੈ ਕਿ ਜਦੋਂ ਪੰਜਾਬ ਦੇ ਵਿਚ ਹਾਲਾਤ ਮਾੜੇ ਸੀ ਤਾਂ ਇੱਕ ਗੱਲ ਯਾਦ ਹੈ ਕਿ ਉਦੋਂ ਹੁੰਦਾ ਸੀ ਕਿ ਰੈੱਡ ਅਲਰਟ ਜਾਰੀ ਕਰ ਦਿਉ।ਉਸ ਵਿਚ ਕੀ ਕੀਤਾ ਜਾਂਦਾ ਸੀ ਕਿ ਸੜਕਾਂ ਉਤੇ 2-2 ਡਰੰਮ ਅੱਗੇ ਕਰ ਦਿੰਦੇ ਸਨ। ਉਤੋਂ ਆਰਡਰ ਆ ਗਿਆ ਕਿ ਹੋਰ ਸਖਤੀ ਕਰ ਦਿਉ। ਉਨ੍ਹਾਂ ਨੇ ਇਕ ਡਰੰਮ ਹੋਰ ਅੱਗੇ ਕਰ ਦਿੱਤਾ।ਉਸ ਤੋਂ ਬਾਅਦ ਹੋਰ ਮੈਸਜ਼ ਆ ਗਿਆ ਕਿ ਇੱਕ ਘਟਨਾ ਹੋਰ ਹੋ ਗਈ ਹੈ, ਇਕ ਡਰੰਮ ਹੋਰ ਲਗਾ ਦਿਉ। ਉਹ ਕਹਿੰਦੇ ਲਗਾ ਤਾਂ ਦਿੰਦੇ ਹਾਂ ਪ੍ਰੰਤੂ ਸੜਕ ਬੰਦ ਹੋ ਜਾਵੇਗੀ। ਇਸ ਤਰ੍ਹਾਂ ਕਿੰਨੀਆਂ ਕੁ ਏਜੰਸੀਆਂ ਦੇਸ਼ ਨੇ ਬਣਾਉਣੀਆਂ ਹਨ। ਜਦੋਂ ਰੋਜ ਨਵੀਂ ਘਟਨਾ ਹੋਵੇ ਤਾਂ ਰੋਜ ਨਵੀਂ ਏਜੰਸੀ ਬਣਾ ਦਿੰਦੇ ਹਨ। ਇੱਕ ਘਟਨਾ ਵਾਸਤੇ ਕੋਈ ਨਵਾਂ ਫੈਸਲਾ ਲੈਣਾ ਦੇਸ਼ ਵਾਸਤੇ ਸ਼ੋਭਾਜਨਕ ਨਹੀਂ ਹੈ। ਪਰ ਇੱਕ ਜਿਹੜੀ ਵੱਡੀ ਗੱਲ ਹੈ, ਸਕੀਮਾਂ ਵੀ ਬਣਦੀਆਂ ਹਨ ਪ੍ਰੰਤੂ ਉਹ ਅੱਗੇ ਜਾ ਕੇ ਲਾਗੂ ਨਹੀ ਹੁੰਦੀਆਂ।ਸਕੀਮਾਂ ਦੇ ਨਾਂ ਇਹੋ ਜਿਹੀਆਂ ਸ਼ਖਸੀਅਤਾਂ ਤੇ ਨਾਂ ਤੇ ਰੱਖ ਦਿੱਤੇ ਜਾਂਦੇ ਹਨ, ਜਿਹੜੀਆਂ ਅੱਗੇ ਸਟੇਟਾਂ ਦੇ ਲੋਕਾਂ ਨੂੰ ਪ੍ਰਵਾਨ ਨਹੀਂ ਹੁੰਦੀਆਂ। ਜੇਕਰ ਸਕੀਮ ਬਣਾਉਣੀ ਹੈ ਤਾਂ ਨਾਮ ਤਾਂ ਸਟੇਟ ਨੂੰ ਆਪਣਾ ਰੱਖ ਲੈਣ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਵੀ ਕਿਸੇ ਦੇਸ਼ ਭਗਤਾਂ ਦੇ ਨਾਂ ਤੇ ਰੱਖਣੀਆਂ ਹਨ ਤਾਂ ਜਿਹੜਾ ਸਟੇਟ ਦੇ ਲੋਕਾਂ ਨੂੰ

[ਡਾਕਟਰ ਦਲਜੀਤ ਸਿੰਘ ਚੀਮਾ]

ਨਾਂ ਪਸੰਦ ਹੋਵੇ ਉਸ ਨਾਮ ਤੇ ਰੱਖ ਲੈਣ ਲੇਕਿਨ ਇੰਨਾ ਕੁ ਹੱਕ ਵੀ ਸਟੇਟਾਂ ਨੂੰ ਨਹੀਂ ਦਿੱਤਾ ਜਾਂਦਾ ਜਿਹੜੀ ਕਿ ਸਾਡੇ ਵਾਸਤੇ ਬਹੁਤ ਹੀ ਮਾੜੀ ਗੱਲ ਹੈ।ਮੈਂ ਇਕ ਹੋਰ ਗੱਲ ਕਹਿਣਾ ਚਾਹਾਂਗਾ ਜਿਸ ਵਾਸਤੇ ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਅਤੇ ਖਾਸ ਕਰਕੇ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਵਧਾਈ ਵੀ ਦੇਣੀ ਚਾਹਾਂਗਾ ਜਿਨ੍ਹਾਂ ਨੇ ਕਿ ਪੰਜਾਬ ਦੀ ਜਨਤਾ ਨੂੰ ਹੱਕ ਦਿਵਾਉਣ ਵਾਸਤੇ, ਰਿਲੀਫ ਦਿਵਾਉਣ ਵਾਸਤੇ ਪ੍ਰਸ਼ਾਸਕੀ ਸੁਧਾਰ ਕੀਤੇ। ਮੈਂ ਸਮਝਦਾ ਹਾਂ ਕਿ ਇਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਉਨੀ ਹੀ ਥੋੜ੍ਹੀ ਹੈ। ਇਸ ਵਾਸਤੇ ਸੇਵਾ ਅਧਿਕਾਰ ਕਾਨੂੰਨ ਬਣਾਇਆ ਗਿਆ। ਪਹਿਲਾਂ ਇੱਕ ਆਮ ਬੰਦੇ ਨੂੰ ਦਫਤਰਾਂ ਵਿਚ ਜਾ ਕੇ ਤਰਲਾ-ਮਿੰਨਤ ਕਰਨੀ ਪੈਂਦੀ ਸੀ। ਇਸ ਸਰਕਾਰ ਨੇ ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਵਾਸਤੇ ਇਹ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਤੋਂ ਇਲਾਵਾ ਜਿਹੜੇ ਇਸ ਸਰਕਾਰ ਨੇ ਪੰਜਾਬੀ ਮਾਂ ਬੋਲੀ ਵਾਸਤੇ ਦੋ ਬਿੱਲ ਪਾਸ ਕੀਤੇ, ਉਸ ਵਾਸਤੇ ਵੀ ਸਰਕਾਰ ਵਧਾਈ ਦੀ ਪਾਤਰ ਹੈ। ਮੈਂ ਸਮਝਦਾ ਹਾਂ ਕਿ ਯਾਦਗਾਰਾਂ ਬਣਾਉਣੀਆਂ ਅਤੇ ਵਿਰਸੇ ਨੂੰ ਸੰਭਾਲਣਾ, ਕਲਚਰ ਨੂੰ ਸੰਭਾਲਣਾ ਖਾਸ ਕਰਕੇ ਆਉਣ ਵਾਲੀ ਨਵੀਂ ਪੀੜ੍ਹੀ ਦੇ ਜਵਾਨਾਂ ਵਾਸਤੇ, ਇਹ ਕੰਮ ਵੀ ਇਸ ਸਰਕਾਰ ਨੇ ਕੀਤਾ ਹੈ।

ਸ਼੍ਰੀ ਸਭਾਪਤੀ: ਚੀਮਾ ਜੀ, ਤੁਹਾਡਾ ਦੋ ਮਿੰਟ ਦਾ ਸਮਾਂ ਰਹਿ ਗਿਆ ਹੈ।

ਡਾਕਟਰ ਦਲਜੀਤ ਸਿੰਘ ਚੀਮਾ: ਚੇਅਰਮੈਨ ਸਾਹਿਬ, ਮੈਂ ਬੱਸ ਇਕ-ਦੋ ਗੱਲਾਂ ਹੀ ਹੋਰ ਕਰਨੀਆਂ ਹਨ...

ਸਰਦਾਰ ਚਰਨਜੀਤ ਸਿੰਘ ਚੰਨੀ: ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ।ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਰੋਪੜ ਤੋਂ ਜਿੱਤ ਕੇ ਆਏ ਹਨ ਇਹ ਰੋਪੜ ਦੇ ਇੰਚਾਰਜ ਵੀ ਰਹੇ ਹਨ। ਇਹ ਯਾਦਗਾਰਾਂ ਦੀ ਗੱਲ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਆਪਣੇ ਸਮੇਂ ਵਿਚ ਚਮਕੌਰ ਸਾਹਿਬ ਵਿਚ 16 ਏਕੜ ਜਗ੍ਹਾ ਵਿਚ ਥੀਮ ਪਾਰਕ ਸ਼ੁਰੂ ਕੀਤਾ ਸੀ। ਇਸ ਵਾਸਤੇ 16 ਕਰੋੜ ਰੁਪਏ ਵੀ ਦਿੱਤੇ ਗਏ ਸਨ। ਕੀ ਕਾਰਨ ਹੈ ਕਿ ਉਸ ਨੂੰ ਪੰਜ ਸਾਲ ਇਨ੍ਹਾਂ ਦੀ ਸਰਕਾਰ ਨੇ ਸ਼ੁਰੂ ਨਹੀਂ ਹੋਣ ਦਿੱਤਾ? ਮੈਂ ਬੇਨਤੀ ਕਰਦਾ ਹਾਂ ਕਿ ਇਸ ਬਾਰੇ ਵੀ ਇਹ ਚਾਨਣਾ ਪਾਉਣ।

ਡਾਕਟਰ ਦਲਜੀਤ ਸਿੰਘ ਚੀਮਾ: ਜਿਹੜਾ ਇਨ੍ਹਾਂ ਦੀ ਸਰਕਾਰ ਵੇਲੇ ਚਮਕੌਰ ਸਾਹਿਬ ਵਿਚ ਥੀਮ ਪਾਰਕ ਸ਼ੁਰੂ ਕੀਤਾ ਸੀ, ਉਹ ਉਨ੍ਹਾਂ ਨੇ ਚੰਗੀ ਨੀਅਤ ਨਾਲ ਨਹੀਂ ਕੀਤਾ ਸੀ। ਇਲੈਕਸ਼ਨਾਂ ਦੇ ਵੇਲੇ ਅਨਾਊਂਸ ਕੀਤਾ ਸੀ। ਉਸ ਵਿਚ ਫੰਡ ਟਾਈ-ਅੱਪ ਨਹੀਂ ਸੀ ਕੀਤੇ ਗਏ। ਹੁਣ ਅਸੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕੀਤੀ ਹੈ ਅਤੇ ਉਨ੍ਹਾਂ ਨੇ ਸਾਡੇ ਨਾਲ ਵਾਇਦਾ ਕੀਤਾ ਹੈ ਕਿ ਉਹ ਇਹ ਕੰਮ ਵੀ ਕੰਪਲੀਟ ਕਰਵਾ ਦੇਣਗੇ। ਜਿਹੜਾ ਸਪੋਰਟਸ ਨੂੰ ਉੱਚਾ ਚੁੱਕਣ ਵਾਸਤੇ ਕੰਮ ਕੀਤਾ ਗਿਆ ਹੈ, ਮੈਂ ਇਸ ਵਾਸਤੇ ਵੀ ਸਰਕਾਰ ਨੂੰ ਵਧਾਈ ਦੇਣੀ ਚਾਹੁੰਦਾ ਹਾਂ। ਮਾਨਯੋਗ ਚੇਅਰਮੈਨ ਸਾਹਿਬ, ਜਿਹੜਾ ਫਤਵਾ ਇਸ ਸਰਕਾਰ

ਨੇ ਹਾਸਲ ਕੀਤਾ ਹੈ,ਉਹ ਕਰੜੀ ਮਿਹਨਤ ਕਰਕੇ ਅਤੇ ਲੋਕਾਂ ਦਾ ਦਿਲ ਜਿੱਤ ਕੇ ਹਾਸਲ ਕੀਤਾ ਹੈ। ਇਸ ਤੋਂ ਸਾਨੂੰ ਸਾਰਿਆਂ ਨੂੰ ਸੇਧ ਵੀ ਲੈਣੀ ਚਾਹੀਦੀ ਹੈ। ਇਨ੍ਹਾਂ ਲਫਜ਼ਾਂ ਦੇ ਨਾਲ ਜਿਹੜਾ ਮਾਨਯੋਗ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ, ਉਸ ਦੀ ਪ੍ਰਸ਼ੰਸਾ ਕਰਦਾ ਹੋਇਆ ਮੈਂ ਇਸ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ। (ਟਰੈਜ਼ਰੀ ਬੈਂਚਿੰਜ ਵੱਲੋਂ ਥੰਪਿੰਗ)

ਸਰਦਾਰ ਸੁਖਜਿੰਦਰ ਸਿੰਘ (ਡੇਰਾ ਬਾਬਾ ਨਾਨਕ): ਚੇਅਰਮੈਨ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਟਾਈਮ ਦਿੱਤਾ ਹੈ। ਮੇਰੇ ਤੋਂ ਪਹਿਲਾਂ ਬੋਲਦਿਆਂ ਹੋਇਆਂ ਸਾਡੇ ਸੀ.ਐਲ.ਪੀ. ਦੇ ਲੀਡਰ ਜਾਖੜ ਸਾਹਿਬ ਨੇ ਇਸ ਸਰਕਾਰ ਦੇ ਸਭ ਕੁਝ ਬਾਰੇ ਚਾਨਣਾ ਪਾਇਆ ਹੈ ਫਿਰ ਵੀ ਮੈਂ ਆਪਣੇ ਬਾਰਡਰ ਏਰੀਏ ਬਾਰੇ ਅਤੇ ਪੰਜਾਬ ਦੀਆਂ ਕੁਝ ਮੰਗਾਂ ਬਾਰੇ ਬੋਲਾਂਗਾ।ਮੇਰੇ ਤੋਂ ਪਹਿਲਾਂ ਸਰਦਾਰ ਵਲਟੋਹਾ ਸਾਹਿਬ ਨੇ ਬੋਲਦੇ ਹੋਏ ਗੱਲ ਕੀਤੀ ਸੀ ਕਿ ਬਾਰਡਰ ਦੇ ਏਰੀਏ ਵਿਚ ਕੋਈ ਵਿਕਾਸ ਨਹੀਂ ਹੋਇਆ। ਮੈਂ ਉਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ 1971 ਦੀ ਵਾਰ ਤੋਂ ਬਾਅਦ 16 ਕਿਲੋਮੀਟਰ ਦੀ ਪੱਟੀ ਬਾਰਡਰ ਏਰੀਏ ਲਈ ਬਣਾਈ ਸੀ।ਉਸ ਵੇਲੇ ਮੇਰੇ ਪਿਤਾ ਜੀ ਵੀ ਇੱਥੇ ਮਨਿਸਟਰ ਸੀ। ਗਿਆਨੀ ਜ਼ੈਲ ਸਿੰਘ ਜੀ ਨੇ ਉਹ ਬਣਵਾਈ ਸੀ ਅਤੇ 16 ਕਿਲੋਮੀਟਰ ਏਰੀਏ ਵਿੱਚ 24 ਘੰਟੇ ਬਿਜਲੀ ਸਾਨੂੰ ਮਿਲਦੀ ਸੀ ਅਤੇ ਜਿਹੜੇ ਇੰਪਲਾਈਜ਼ ਸੀ ਉਨ੍ਹਾਂ ਨੂੰ ਉਹ ਇੰਸੈਂਟਿਵ ਮਿਲਦਾ ਸੀ ਜੋ ਸ਼ਹਿਰਾਂ ਵਿੱਚ ਮਿਲਦਾ ਸੀ, ਜਦੋਂ 1977 ਵਿੱਚ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਸਭ ਤੋਂ ਪਹਿਲਾਂ ਉਹ ਬਾਰਡਰ ਏਰੀਏ ਦੀ ਪੱਟੀ ਬੰਦ ਕੀਤੀ। ਉਸ ਤੋਂ ਬਾਅਦ ਫਿਰ 1980 ਵਿੱਚ ਕਾਂਗਰਸ ਦੀ ਸਰਕਾਰ ਬਣੀ ਅਤੇ ਸਰਦਾਰ ਦਰਬਾਰਾ ਸਿੰਘ ਜੀ ਨੇ 16 ਕਿਲੋਮੀਟਰ ਏਰੀਏ ਤੋਂ ਘਟਾ ਕੇ 10 ਕਿਲੋਮੀਟਰ ਏਰੀਏ ਦੀ ਉਹੀ ਪੱਟੀ ਫਿਰ ਤਿਆਰ ਕੀਤੀ ਅਤੇ ਉਸਦੇ ਵਿੱਚ ਜਿੰਨੇ ਬਾਰਡਰ ਤੇ ਰਾਵੀ ਦਰਿਆ ਤੋਂ ਪਾਰ ਪਿੰਡ ਸਨ, ਜਿੱਥੇ-ਜਿੱਥੇ ਵੀ ਕੋਈ ਪਿੰਡ ਸੀ,ਉਨ੍ਹਾਂ ਪਿੰਡਾਂ ਵਿਚ ਪਹਿਲ ਦੇ ਅਧਾਰ ਤੇ ਬਿਜਲੀ ਦੇ ਕੁਨੈਕਸ਼ਨ ਦਿੱਤੇ ਗਏ। ਇਸੇ ਤਰਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਕੰਡਿਆਲੀ ਤਾਰ ਤੋਂ ਅੱਗੇ ਸਾਰੇ ਪਿੰਡਾਂ ਵਿੱਚ ਬਿਜਲੀ ਦੇ ਕੁਨੈਕਸ਼ਨ ਪਹਿਲ ਤੇ ਦਿੱਤੇ ਗਏ। ਉਸਦੇ ਵਿੱਚ ਪਿੰਡ ਕਨੀਏ-ਕੇ ਬੇਟ ਜਿਹੜਾ ਹੈ ਉਸ ਦੇ ਵਿਚ 87 ਬਿਜਲੀ ਦੇ ਕੁਨੈਕਸ਼ਨ ਦਿੱਤੇ ਗਏ। ਸੋ, ਇਹ ਜਿਹੜੀਆਂ ਚੀਜ਼ਾਂ ਹਨ ਇਨ੍ਹਾਂ ਸਬੰਧੀ ਸਾਨੂੰ ਬਾਰਡਰ ਤੇ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਉਥੇ ਨਸ਼ੇ ਇੰਨੇ ਹਨ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬਾਰਡਰ ਦਾ ਜਿਹੜਾ ਯੂਥ ਹੈ, ਉਹ ਤਕਰੀਬਨ ਨਸ਼ਈ ਹੋ ਗਿਆ ਹੈ। ਸਾਨੂੰ ਆਪਣੀ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਕੋਈ ਅਕਾਲੀ, ਕੋਈ ਕਾਂਗਰਸੀ ਨਹੀਂ, ਅਸੀਂ ਸਾਰੇ ਰਲ ਕੇ ਆਪਣਾ ਯੂਥ ਬਚਾਈਏ। ਜੇ ਬਾਰਡਰ ਕਮਜ਼ੋਰ ਹੋ ਗਿਆ ਤਾਂ ਇਸ ਦਾ ਮਤਲਬ ਹੈ ਕਿ ਪੰਜਾਬ ਵੀ ਕਮਜ਼ੋਰ ਹੈ ਅਤੇ ਸਾਡਾ ਹਿੰਦੁਸਤਾਨ ਵੀ ਕਮਜੋਰ ਹੈ। ਅੱਜ ਇੱਥੇ ਇਕ ਗੱਲ ਹੋਈ ਅਤੇ ਚੀਮਾ ਸਾਹਿਬ ਨੇ ਕਿਹਾ ਕਿ ਵੈਨਡੈੱਟਾ ਪਾਲਿਟਿਕਸ ਕੋਈ ਨਹੀਂ। ਇਹ ਵੀ ਗੁਰਦਾਸਪੁਰ ਦੇ ਹਨ। ਮੈਂ ਤੁਹਾਨੂੰ ਕਹਿਣਾ ਚਾਹੁੰਦਾ

[ਸਰਦਾਰ ਸੁਖਜਿੰਦਰ ਸਿੰਘ]

ਹਾਂ ਕਿ ਸਾਡੇ ਇਲਾਕੇ ਵਿੱਚ ਚੱਲੋ, ਹੁਣੇ ਤੋਂ ਹੀ ਸਾਡੇ ਇਲਾਕੇ ਦੇ ਵਿੱਚ ਤਾਂ ਵੈਨਡੈੱਟਾ ਸ਼ੁਰੂ ਹੋ ਗਿਆ ਹੈ। ਵਰਕਰਾਂ ਦਾ ਕੀ ਕਸੂਰ ਹੈ, ਵੋਟਰਾਂ ਦਾ ਕੀ ਕਸੂਰ ਹੈ? ਜਿਨ੍ਹਾਂ ਨੇ ਵੋਟਾਂ ਪਾਈਆਂ ਹਨ, ਉਨ੍ਹਾਂ ਤੇ ਕੇਸ ਬਣਾ ਦਿਉ, ਉਨ੍ਹਾਂ ਨੂੰ ਥਾਣੇ ਵਿੱਚ ਬੰਦ ਕਰ ਦਿਉ, ਉਨ੍ਹਾਂ ਦੀਆਂ ਵਿਆਹ ਸ਼ਾਦੀਆਂ ਬੰਦ ਕਰ ਦਿਉ, ਉਨ੍ਹਾਂ ਦੀ ਪੈਨਸ਼ਨ ਬੰਦ ਕਰ ਦਿਉ, ਉਨ੍ਹਾਂ ਦੀ ਸ਼ਗਨ ਸਕੀਮ ਅਤੇ ਆਟਾ-ਦਾਲ ਸਕੀਮ ਬੰਦ ਕਰ ਦਿਉ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਕੀਮਾਂ ਪਿੰਡਾਂ ਵਿਚ ਟੋਟਲੀ ਬੰਦ ਹੋ ਰਹੀਆਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਦਨ ਦੀ ਇੱਕ ਕਮੇਟੀ ਬਣਾਓ, ਜੇ ਅਸੀਂ ਗਲਤ ਹਾਂ ਤਾਂ ਅਸੀਂ ਤੁਹਾਡੀ ਸਜ਼ਾ ਦੇ ਭਾਗੀਦਾਰ ਹੋਵਾਂਗੇ, ਅੱਜ ਹੀ ਅਸੀਂ ਕੋਰਟ ਦੇ ਵਿੱਚ ਉਨ੍ਹਾਂ ਪਿੰਡਾਂ ਦੀਆਂ ਲਿਸਟਾਂ ਲੈ ਕੇ ਕੇਸ ਕੀਤਾ ਹੈ ਕਿ ਸਾਨੂੰ ਪੈਨਸ਼ਨਾਂ ਨਹੀਂ ਮਿਲ ਰਹੀਆਂ ਅਤੇ ਨਾਂ ਹੀ ਆਟਾ-ਦਾਲ ਮਿਲ ਰਿਹਾ ਹੈ। ਜਾਖੜ ਸਾਹਿਬ ਨੇ ਬੜੀ ਵਧੀਆ ਰਵਾਇਤ ਚਲਾਈ ਸੀ, ਆਪਾਂ ਗਵਰਨਰ ਐਡਰੈਸ ਵੀ ਚੰਗੀ ਤਰ੍ਹਾਂ ਸੁਣਿਆ ਅਤੇ ਅਸੀਂ ਸਾਰਾ ਕੁਝ ਕੋਆਪਰੇਟ ਕਰਨ ਲਈ ਤਿਆਰ ਹਾਂ ਪਰ ਤੁਸੀਂ ਵੀ ਇਹ ਚੀਜ਼ ਰੱਖੋ ਕਿ ਜੇ ਵੋਟਰ ਨੇ ਵੋਟ ਅਕਾਲੀ ਦਲ ਨੂੰ ਪਾ ਦਿੱਤੀ ਜਾਂ ਕਾਂਗਰਸ ਨੂੰ ਪਾ ਦਿੱਤੀ ਤਾਂ ਉਨ੍ਹਾਂ ਦਾ ਕੋਈ ਕਸੂਰ ਨਹੀਂ, ਕਸੂਰ ਲੀਡਰਾਂ ਦਾ, ਜਿਹੜੇ ਉਨ੍ਹਾਂ ਨੂੰ ਗਲਤ ਕਰ ਰਹੇ ਹਨ। ਇਸੇ ਤਰ੍ਹਾਂ ਸਾਡੇ ਇਲਾਕੇ ਦੇ ਵਿੱਚ ਇੱਕ ਘੁੰਮਣ ਕਲਾਂ ਪੁਲਿਸ ਸਟੇਸ਼ਨ ਹੈ, ਪੰਜ-ਸੱਤ ਦਿਨ ਪਹਿਲਾਂ ਕੁਝ ਮੁੰਡੇ ਬਾਹਰੋਂ ਦੌੜ ਕੇ,ਗੁੰਡੇ ਉਨ੍ਹਾਂ ਦੇ ਮਗਰ ਸਨ ਥਾਣੇ ਵਿੱਚ ਵੜ੍ਹ ਗਏ ਉਨ੍ਹਾਂ ਨੂੰ ਥਾਣੇ ਵਿੱਚ ਕੁੱਟਿਆ ਅਤੇ ਵੱਢਿਆ ਗਿਆ। ਮੈਂ ਐਸ.ਐਸ.ਪੀ. ਨੂੰ ਟੈਲੀਫੂਨ ਕੀਤਾ ਅਤੇ ਰਾਤ ਨੂੰ ਹੀ ਗੁੰਡੇ ਫੜ੍ਹੇ ਜਿਨ੍ਹਾਂ ਨੇ ਥਾਣੇ ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਰਾਤ ਨੂੰ ਛੱਡ ਦਿੱਤਾ ਗਿਆ। ਫਿਰ ਜੇ ਆਪਾਂ ਕਹੀਏ ਕਿ ਲਾਅ ਐਂਡ ਆਰਡਰ ਬਹੁਤ ਵਧੀਆ ਹੈ ਤਾਂ ਫਿਰ ਮੈਂ ਕਹਿੰਦਾ ਹਾਂ ਕਿ ਆਪਾਂ ਸਾਰੇ ਹੀ ਇੱਥੇ ਬੈਠੇ ਝੂਠ ਬੋਲ ਰਹੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਦਿਨ ਇਲੈਕਸ਼ਨ ਕੋਡ ਰਿਹਾ ਉਨੇ ਦਿਨ ਪੰਜਾਬ ਵਿਚ ਕੋਈ ਇੰਸੀਡੈਂਟ ਨਹੀਂ ਹੋਇਆ, ਜਦੋਂ ਦੀ ਇਹ ਸਰਕਾਰ ਬਣੀ, ਉਹੀ ਪੁਲਿਸ ਵੱਲੋਂ ਉਸੇ ਦਿਨ ਤੋਂ ਵੈਨਡੈੱਟਾ ਸ਼ੁਰੂ ਹੋ ਗਿਆ। ਇਹ ਗੱਲਾਂ ਆਪਾਂ ਨੂੰ ਬੰਦ ਕਰਨੀਆਂ ਪੈਣਗੀਆਂ ਜਿਹੜੀ ਗੱਲ ਆਪਾਂ ਇਥੇ ਕਹਿ ਰਹੇ ਹਾਂ ਕਿ ਇੱਥੇ ਯੂਨੀਵਰਸਿਟੀਆਂ ਬਣੀਆਂ, ਉਸਦੇ ਵਿੱਚ ਆਪਾਂ ਨੂੰ ਦੱਸਣਾ ਪਵੇਗਾ ਕਿ ਇਸ ਦੇ ਵਿੱਚ ਕਿੰਨੀਆਂ ਕੇਂਦਰ ਸਰਕਾਰ ਦੀਆਂ ਹਨ, ਕਿੰਨੀਆਂ ਰਾਜ ਸਰਕਾਰ ਦੀਆਂ ਹਨ, ਕਿੰਨੀਆਂ ਪ੍ਰਾਈਵੇਟ ਹਨ, ਇਸ ਦੇ ਬਾਰੇ ਵੀ ਚਾਨਣਾ ਪਾਇਆ ਜਾਵੇ। ਐਂਬੂਲੈਂਸਾਂ ਦੀ ਗੱਲ ਵੀ ਇਥੇ ਕੀਤੀ ਗਈ ਕਿ ਐਂਬੂਲੈਂਸਾਂ ਆ ਗਈਆਂ, ਐਂਬੂਲੈਂਸ ਤੇ ਬਾਦਲ ਸਾਹਿਬ ਦੇ ਨਾਲ ਪ੍ਰਾਇਮ ਮਨਿਸਟਰ ਸਾਹਿਬ ਦੀ ਵੀ ਕੋਈ ਛੋਟੀ ਜਿਹੀ ਫੋਟੋ ਲਗਾ ਦੇਈਏ ਕਿਉਂਕਿ ਉਸ ਦੇ ਵਿੱਚ ਉਨ੍ਹਾਂ ਦਾ ਵੀ ਯੋਗਦਾਨ ਹੈ। ਲੋਕਾਂ ਲਈ ਜੋ ਇਹ ਬਾਰਡਰ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਸਾਰੀਆਂ ਸਕੀਮਾਂ ਜੋ ਆ ਰਹੀਆਂ ਹਨ, ਉਸ ਦੇ ਵਿੱਚ ਸਾਨੂੰ ਬਹੁਤ ਧਿਆਨ ਦੇਣਾ ਪੈਣਾ ਹੈ, ਉਸ ਦੇ ਵਿੱਚ ਵੀ ਸਾਨੂੰ ਪੈਸੇ ਵਧਾਉਣ ਲਈ ਹਰ ਫਰੰਟ ਉਤੇ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਬਾਰਡਰ ਤੇ ਸਾਡੇ ਕੋਲ ਇੰਫਰਾਸਟਰਕਚਰ ਬਿਲਕੁਲ ਨਹੀਂ ਹੈ, ਸੜਕਾਂ ਹੈ ਨਹੀਂ, ਪਿੰਡਾਂ ਵਿੱਚ ਗਲੀਆਂ ਨਾਲੀਆਂ

ਹੈ ਨਹੀਂ। ਹੋਰ ਸਾਡੀ ਬਦਕਿਸਮਤੀ ਇਹ ਹੈ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਤੋਂ ਬਾਅਦ ਸਾਡੇ ਬਾਰਡਰ ਇਲਾਕੇ ਦੀ ਬਿਲਕੁਲ ਡਿਵੈਲਪਮੈਂਟ ਨਹੀਂ ਹੋਈ। ਜੇ ਕੋਈ ਯੂਨੀਵਰਸਿਟੀ ਆਉਂਦੀ ਹੈ ਤਾਂ ਕਹਿੰਦੇ ਬਠਿੰਡੇ ਲੈ ਜਾਉ, ਜੇ ਕੋਈ ਹੋਰ ਪ੍ਰੋਜੈਕਟ ਆ ਗਿਆ ਤਾਂ ਕਹਿੰਦੇ ਮੋਹਾਲੀ ਲੈ ਜਾਉ, ਜੇ ਤੀਸਰਾ ਆ ਗਿਆ ਤਾਂ ਉਸ ਨੂੰ ਰੋਪੜ ਲੈ ਜਾਉ, ਕੀ ਗੱਲ ਹੈ, ਸਾਡੀਆਂ ਉਥੇ ਕੋਈ ਵੋਟਾਂ ਨਹੀਂ ਹਨ ਜਾਂ ਉਸ ਏਰੀਏ ਦੀਆਂ ਨਹੀਂ ਹਨ? ਬਾਦਲ ਸਾਹਿਬ, ਇਲੈਕਸ਼ਨਾਂ ਤੋਂ ਪਹਿਲਾਂ, ਤੁਹਾਨੂੰ ਯਾਦ ਹੋਵੇਗਾ ਕਿ ਤੁਸੀਂ ਸ਼ਾਹਕੋਟ ਗਏ ਬਿਜਲੀ ਘਰ ਦਾ ਨੀਂਹ ਪੱਥਰ ਰੱਖ ਕੇ ਆਏ ਸੀ ਅਤੇ ਉਸ ਦੇ ਨਾਲ ਸੜਕ ਦਾ ਨੀਂਹ ਪੱਥਰ ਵੀ ਰੱਖ ਕੇ ਆਏ ਸੀ, ਉਸ ਦਿਨ ਤੁਸੀਂ ਉਥੇ ਅਨਾਊਂਸ ਕੀਤਾ ਸੀ ਕਿ ਕਲਾਨੌਰ ਦੇ ਕੋਲ ਜਿਹੜਾ ਡੰਪ ਹੈ, ਉਹ ਉਥੇ ਨਹੀਂ ਲਗਾਵਾਂਗੇ। ਉਸ ਦਾ ਉਥੇ ਦਫਾ 4 ਦਾ ਨੋਟਿਸ ਜਾਰੀ ਹੋ ਗਿਆ ਹੈ ਅਤੇ ਕਿਸਾਨਾਂ ਨੂੰ ਪੈਸੇ ਵੀ ਚਲੇ ਗਏ, ਜਿਹੜੇ ਉਥੇ ਪਟੇਦਾਰ ਸੀ, ਉਨ੍ਹਾਂ ਨੂੰ ਚੈਕ ਚਲੇ ਗਏ। ਉਹ ਬੜੀ ਇਤਿਹਾਸਕ ਥਾਂ ਹੈ, ਉਸ ਦੇ ਸਾਹਮਣੇ ਅਕਬਰ ਨੂੰ ਜਿੱਥੇ ਤਾਜਪੋਸ਼ੀ ਹੋਈ ਹੈ, ਇਹ ਉਹ ਸਥਾਨ ਹੈ, ਜਿੱਥੇ ਤੁਸੀਂ ਡੰਪ ਲਗਾਉਣਾ ਹੈ।ਉਥੇ ਨਾਲ ਹੀ ਬਾਵਾ ਲਾਲ ਜੀ ਦਾ ਇਤਿਹਾਸਿਕ ਮੰਦਰ ਹੈ, ਬਹੁਤ ਵੱਡਾ ਇਤਿਹਾਸਿਕ ਮੰਦਰ ਹੈ।ਅੱਧੇ ਕਿਲੋਮੀਟਰ ਤੇ ਸ਼ਿਵ ਜੀ ਦਾ ਮੰਦਰ ਹੈ। ਚਾਰ ਮੰਦਰ ਕਲਾਨੌਰ ਵਿੱਚ ਹਨ ਅਤੇ ਉਸ ਨਾਲ ਹੀ ਸਭ ਤੋਂ ਮਾੜੀ ਚੀਜ਼ ਜਿਹੜੀ ਹੋਣੀ ਹੈ, ਉਹ ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਅਜਨਾਲਾ ਦੇ ਐਮ.ਐਲ.ਏ ਸਾਹਿਬ ਬੋਨੀ ਜੀ ਬੈਠੇ ਹਨ,ਉਥੋਂ ਸੱਕੀ ਨਾਲਾ ਨਿਕਲਦਾ ਹੈ। ਸੱਕੀ ਨਾਲੇ ਤੋਂ ਸਿਰਫ 500 ਗਜ਼ ਤੇ ਜਿਹੜਾ ਡੰਪ ਹੈ, ਉਹ ਬਣਾਇਆ ਜਾ ਰਿਹਾ ਹੈ। ਸਾਲ- ਦੋ ਸਾਲ ਬਾਅਦ ਜਦੋਂ ਹੜ੍ਹ ਆਉਂਦਾ ਹੈ, ਇਸ ਨਾਲ ਸਾਰੀ ਗੰਦਗੀ ਕਲਾਨੌਰ ਤੋਂ ਲੈ ਕੇ ਅਜਨਾਲੇ ਤੱਕ ਜਾਵੇਗੀ। ਇਹ ਤਕਰੀਬਨ 150 ਕਿਲੋਮੀਟਰ ਬਣ ਜਾਂਦਾ ਹੈ, ਕਿਰਪਾ ਕਰਕੇ ਇਸ ਬਾਰੇ ਵੀ ਧਿਆਨ ਦਿੱਤਾ ਜਾਵੇ। ਉਹ ਜਿਹੜੀ ਚੀਜ਼ ਹੈ, ਉਸ ਨੂੰ ਬੰਦ ਕੀਤਾ ਜਾਵੇ ਤੇ ਉਹ ਚੀਜ਼ ਕਿਤੇ ਹੋਰ ਲੈ ਜਾਉ, ਸਾਨੂੰ ਇਹ ਤੋਹਫਾ ਨਾ ਦਿੱਤਾ ਜਾਵੇ। ਅਸੀਂ ਪਹਿਲਾਂ ਭੁੱਖੇ ਮਰ ਰਹੇ ਹਾਂ, ਕਿਤੇ ਬਿਮਾਰੀ ਨਾਲ ਹੀ ਨਾ ਮਰ ਜਾਈਏ। ਉਥੇ ਐਜੂਕੇਸ਼ਨ ਦਾ ਵੀ ਬਹੁਤ ਮਾੜਾ ਹਾਲ ਹੈ। ਉਥੇ ਸਕੂਲ ਜਿਹੜੇ ਹਨ, ਉਥੇ ਟੀਚਰ ਨਹੀਂ। ਜਦੋਂ ਵੀ ਆਪਾਂ ਉਥੇ ਇੰਪਲਾਇਮੈਂਟ ਦਿੰਦੇ ਹਾਂ ਤੇ ਟੀਚਰ ਲਗਾਉਂਦੇ ਹਾਂ, ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਅਸੀਂ ਟਰਾਂਸਫਰ ਕਰਵਾ ਲਈਏ। ਇਸ ਵਾਸਤੇ ਜਾਂ ਤਾਂ ਟੀਚਰ ਜਿਹੜੇ ਹਨ, ਉਹ ਬਾਰਡਰ ਏਰੀਏ ਵਿੱਚ ਹੀ ਭਰਤੀ ਕਰੀਏ, ਉਨ੍ਹਾਂ ਦਾ ਉਥੇ ਹੀ ਕਾਡਰ ਹੋਣਾ ਚਾਹੀਦਾ ਹੈ ਤਾਂ ਕਿ ਉਹ ਉਥੇ ਹੀ ਭਰਤੀ ਹੋਣ ਤੇ ਉਥੇ ਹੀ ਰਿਟਾਇਰ ਹੋਣ। ਫਿਰ ਸਾਡਾ ਕੁਝ ਬਣੇਗਾ, ਨਹੀਂ ਤਾਂ ਕੁਝ ਨਹੀਂ ਹੋ ਸਕਦਾ। ਸਾਡੇ ਉਥੇ ਕੋਈ ਚੰਗਾ ਕਾਲਜ ਨਹੀਂ ਹੈ। ਹਸਪਤਾਲ ਉਥੇ ਕੋਈ ਚੰਗਾ ਹੈ ਨਹੀਂ। ਗਵਰਨਰ ਐਡਰੈਸ ਤੇ ਤੁਸੀਂ ਕਾਫੀ ਕੁਝ ਦੱਸਿਆ ਹੈ ਪਰ ਬਾਰਡਰ ਏਰੀਏ ਬਾਰੇ ਕੋਈ ਗੱਲ ਨਹੀਂ ਕੀਤੀ। ਤੁਸੀਂ ਮੋਹਾਲੀ ਵਾਲਾ ਹਵਾਈ ਅੱਡਾ ਤਾਂ ਅੱਗੇ ਲਿਜਾ ਰਹੇ ਹੋ ਪਰ ਕੀ ਕਾਰਨ ਹੈ ਕਿ ਅੰਮ੍ਰਿਤਸਰ ਹਵਾਈ ਅੱਡੇ ਦੀ ਸ਼ਾਰ ਨਹੀਂ ਲਈ ਜਾ ਰਹੀ? ਤੁਹਾਡਾ ਚੰਡੀਗੜ੍ਹ ਜਾਂ ਬਠਿੰਡੇ ਵੱਲ ਜ਼ਿਆਦਾ ਧਿਆਨ ਹੈ ਪਰ ਅੰਮ੍ਰਿਤਸਰ ਵੱਲ

[ਸਰਦਾਰ ਸੁਖਜਿੰਦਰ ਸਿੰਘ]

ਕੋਈ ਧਿਆਨ ਨਹੀਂ ਹੈ। ਸਾਡੀ ਤਾਂ ਸਾਰੀ ਇਕਾਨਮੀ ਜੋ ਹੈ, ਉਹ ਖਤਮ ਹੁੰਦੀ ਜਾ ਰਹੀ ਹੈ। ਤੁਹਾਡੇ ਅੱਗੇ ਸਾਡੀ ਬੇਨਤੀ ਹੈ ਕਿ ਤੁਸੀਂ ਇਸ ਬਾਰੇ ਸੋਚੋ ਤੇ ਪਤਾ ਕਰੋ ਕਿ ਅਜਿਹਾ ਕਿਉਂ ਹੋ ਰਿਹਾ ਹੈ, ਬਾਰਡਰ ਦੇ ਲੋਕਾਂ ਨਾਲ ਕਿਉਂ ਵਿਤਕਰਾ ਕੀਤਾ ਜਾ ਰਿਹਾ ਹੈ?

*6.21 ਵਜੇ ਸ਼ਾਮ) **(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

ਸਪੀਕਰ ਸਾਹਿਬ, ਇਸੇ ਤਰ੍ਹਾਂ ਟ੍ਰਾਂਸਪੋਰਟ ਦੀ ਗੱਲ ਕੀਤੀ ਗਈ ਹੈ। ਮੈਂ ਵੇਖ ਰਿਹਾ ਹਾਂ ਕਿ ਪਬਲਿਕ ਟਰਾਂਸਪੋਰਟ ਦਾ ਪੰਜਾਬ ਵਿਚ ਬਹੁਤ ਮਾੜਾ ਹਾਲ ਹੈ। ਗਰੀਬ ਨੇ ਬੱਸ ਤੇ ਚੜ੍ਹ ਕੇ ਜਾਣਾ ਹੁੰਦਾ ਹੈ। ਅੱਗੇ ਹਰਿਆਣਾ, ਹਿਮਾਚਲ ਵਿੱਚ ਦੇਖੋ ਤੇ ਪਬਲਿਕ ਟਰਾਂਸਪੋਰਟ ਇੱਕ ਨੰਬਰ ਤੇ ਜਾ ਰਹੀ ਹੈ। ਕੀ ਗੱਲ ਹੋ ਗਈ ਕਿ ਪੰਜਾਬ ਦੀ ਟਰਾਂਸਪੋਰਟ ਹੇਠਾਂ ਜਾ ਰਹੀ ਹੈ? ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਪ੍ਰਾਈਵੇਟ ਬੱਸਾਂ ਜਾਂ ਆਰਡੇਨਰੀ ਬੱਸਾਂ ਜਿਹੜੀਆਂ ਹਨ ਤੇ ਏ.ਸੀ. ਬੱਸਾਂ ਹਨ, ਉਨ੍ਹਾਂ ਦੇ ਟੈਕਸ ਦਾ ਕਿੰਨਾ ਫਰਕ ਹੈ। ਇਸ ਦਾ ਮਤਲਬ ਹੈ ਕਿ ਗਰੀਬ ਨੂੰ ਬੱਸ ਵਿਚ ਚੜ੍ਹਨ ਨਹੀਂ ਦੇਣਾ। ਸਾਡੀ ਟਰਾਂਸਪੋਰਟ ਘਾਟੇ ਵਿਚ ਜਾ ਰਹੀ ਹੈ, ਇਸ ਬਾਰੇ ਦੇਖਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾਂ ਨੈਸ਼ਨਲ ਹਾਈਵੇਜ਼ ਬਾਰੇ ਕਿਹਾ ਗਿਆ ਕਿ ਸਾਡੇ ਪੁਲ ਬਣ ਰਹੇ ਹਨ ਇਸ ਬਾਰੇ ਕੇਂਦਰ ਸਰਕਾਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਪਰ ਨਾਲ ਹੀ ਸਰਕਾਰ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਰੂਰਲ ਰੋਡਜ਼ ਦਾ ਕੀ ਹਾਲ ਹੈ, ਬਾਰਡਰ ਉਤੇ ਸੜਕਾਂ ਦੀ ਕੀ ਹਾਲਤ ਹੈ? ਕੋਈ ਰੋਡ ਹੈ ਹੀ ਨਹੀਂ। ਜਿਵੇ ਰਾਣਾ ਸਾਹਿਬ ਕਹਿ ਕੇ ਗਏ ਹਨ ਕਿ ਸੜਕਾਂ ਬਹੁਤ ਜਲਦੀ ਟੁੱਟ ਗਈਆਂ ਹਨ। ਮੈਂ ਵੀ ਤੁਹਾਨੂੰ ਚਾਰ ਸੜਕਾਂ ਦਾ ਲਿਖ ਕੇ ਭੇਜਾਂਗਾ। ਅਸੀਂ ਐਕਸੀਅਨ ਨੂੰ ਤਾਂ ਲਿਖ ਕੇ ਭੇਜ ਦਿੱਤਾ ਹੈ। ਚਾਰ ਦੀਆਂ ਚਾਰ ਸੜਕਾਂ ਪੰਦਰਾਂ ਦਿਨਾਂ ਵਿੱਚ ਹੀ ਉਡ ਗਈਆਂ ਹਨ। ਇਹ ਚੀਜ਼ਾਂ ਸਾਰੀਆਂ ਧਿਆਨ ਵਿਚ ਰੱਖ ਕੇ ਡਿਵੈਲਪਮੈਂਟ ਕਰਨੀ ਚਾਹੀਦੀ ਹੈ। ਸਾਡੇ ਸੀ.ਐਲ.ਪੀ. ਲੀਡਰ ਜੋ ਕਹਿ ਕੇ ਗਏ ਹਨ, ਮੈਂ ਉਸ ਦਾ ਸਮਰਥਨ ਕਰਦਾ ਹਾਂ ਪਰ ਜੋ ਗਵਰਨਰ ਐਡਰੈਸ ਹੈ, ਇਸ ਦੀ ਵਿਰੋਧਤਾ ਕਰਦਾ ਹਾਂ। ਇਹ ਲੋਕਾਂ ਦੀਆਂ ਇੱਛਾਵਾਂ ਤੋਂ ਬਹੁਤ ਕੋਹਾਂ ਦੂਰ ਹੈ। ਬਹੁਤ-ਬਹੁਤ ਧੰਨਵਾਦ।

ਮਾਨਯੋਗ ਸਪੀਕਰ: ਸ਼੍ਰੀ ਤਰਲੋਚਨ ਸਿੰਘ ਜੀ, ਕੇਵਲ ਛੇ ਮਿੰਟ ਹਨ।

ਸ਼੍ਰੀ ਤਰਲੋਚਨ ਸਿੰਘ (ਬੰਗਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਦੇ ਧੰਨਵਾਦੀ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, It is a bundle of contradictory statements, ਮੈਂ ਇਸ ਦੇ ਵਿਰੋਧ ਵਿੱਚ ਖੜ੍ਹਾ ਹੋਇਆ ਹਾਂ। ਇਸ ਦੇ ਪੈਰ੍ਹਾ ਨੰ: 2 ਵਿਚ ਬਹੁਤ ਵੱਡੀ ਗੱਲ ਕਹੀ ਗਈ ਹੈ ਕਿ ਜੋ ਮੇਨਡੇਟ ਪੰਜਾਬ ਦੇ ਲੋਕਾਂ ਨੇ ਐਸ.ਏ.ਡੀ. ਤੇ ਬੀ.ਜੇ.ਪੀ. ਦੀ ਸਰਕਾਰ

ਨੂੰ ਦਿੱਤਾ ਹੈ, you have come here after receiving a verdict which was truly a forceful mandate for peace communal harmony, development and constructive politics. ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਵੀ ਪਰਸੋਂ ਗਿੱਦੜਬਾਹੇ ਜਾਣਾ ਹੋਵੇਗਾ। ਮੈਂ ਬੇਨਤੀ ਕਰਾਂਗਾ ਕਿ ਇਹ ਕਾਰ ਰਾਹੀਂ ਜਾਣ। ਇਨਾਂ ਨੂੰ ਪਤਾ ਲੱਗ ਜਾਵੇਗਾ ਕਿ ਪੰਜਾਬ ਵਿੱਚ ਅੱਜ ਕੀ ਹਾਲਤ ਹੈ। ਖਾਲਿਸਤਾਨ ਦੇ ਝੰਡੇ ਲੋਕਾਂ ਦੇ ਘਰਾਂ ਤੇ ਜਬਰਦਸਤੀ ਲਗਾਏ ਜਾ ਰਹੇ ਹਨ। ਜਿੰਨੇ ਬਾਰਡਰ ਡਿਸਟ੍ਰਿਕਟ ਹਨ, ਉਥੇ ਸ਼ਰੇਆਮ ਖਾਲਿਸਤਾਨ ਜਿੰਦਾਬਾਦ ਲਿਖਿਆ ਪਿਆ ਹੈ ਔਰ ਆਪਾਂ ਕਹਿ ਰਹੇ ਹਾਂ ਕਿ ਸ਼ਾਂਤੀ ਹੋ ਗਈ ਹੈ।(ਵਿਘਨ)..... ਤੁਹਾਡੀਆਂ ਏਜੰਸੀਆਂ ਹਨ, ਤੁਸੀਂ ਕਿਸ ਲਈ ਰਾਜ ਕਰਦੇ ਹੋ?

ਸਰਦਾਰ ਤੋਤਾ ਸਿੰਘ (ਖੇਤੀਬਾੜੀ ਮੰਤਰੀ) (ਬੈਠੇ-ਬੈਠੇ): ਉਨ੍ਹਾਂ ਨੇ ਤੁਹਾਨੂੰ ਵੋਟਾਂ ਪਾਈਆਂ ਹਨ।

ਸ਼੍ਰੀ ਤਰਲੋਚਨ ਸਿੰਘ: ਤੁਹਾਨੂੰ ਵੋਟਾਂ ਪਾ ਕੇ ਰਾਜਭਾਗ ਲਈ ਬਿਠਾਇਆ ਹੈ....(ਵਿਘਨ).... ਸਰਦਾਰ ਤੋਤਾ ਸਿੰਘ ਨੂੰ ਕਹੋ ਕਿ ਇੰਟਰਪਟ ਨਾ ਕਰਨ।

ਮਾਨਯੋਗ ਸਪੀਕਰ : ਮੇਰੀ ਇੱਕ ਬੇਨਤੀ ਸੁਣ ਲਉ, address the Chair, ਜਿਹੜੀ ਤੁਸੀਂ ਗੱਲਬਾਤ ਕਰਾਸ ਕਰ ਰਹੇ ਹੋ,ਇਹ ਨਾ ਕਰੋ।

ਡਾਕਟਰ ਦਲਜੀਤ ਸਿੰਘ ਚੀਮਾ :ਸਾਡੇ ਇਲੈਕਸ਼ਨਾਂ ਵੇਲੇ ਦੇ ਕੇਸਰੀ ਝੰਡੇ ਹਨ, ਤੁਸੀਂ ਭੁਲੇਖਾ ਖਾਈ ਜਾ ਰਹੇ ਹੋ।

ਸ਼੍ਰੀ ਤਰਲੋਚਨ ਸਿੰਘ : ਤੁਸੀਂ ਜਾ ਕੇ ਤਾਂ ਦੇਖੋ।

ਮਾਨਯੋਗ ਸਪੀਕਰ: ਤੁਸੀਂ ਕੰਟੀਨਿਊ ਕਰੋ।

ਸ਼੍ਰੀ ਤਰਲੋਚਨ ਸਿੰਘ :ਤੁਸੀਂ ਹਾਲਾਤ ਤਾਂ ਦੇਖੋ। ਸਾਰੇ ਸ਼ਹਿਰਾਂ ਵਿੱਚ ਟਰਾਲੀਆਂ ਤੇ ਜਲੂਸ ਨਿਕਲ ਰਹੇ ਹਨ। ਅੱਤਵਾਦ ਦੀਆਂ ਗੱਲਾਂ ਕਰ ਰਹੇ ਹਨ ਔਰ ਖਾਲਿਸਤਾਨ ਦੇ ਨਾਅਰੇ ਲੱਗ ਰਹੇ ਹਨ।ਇਸ ਚੀਜ਼ ਦਾ ਮੈਨੂੰ ਪਤਾ ਹੈ। ਮੈਨੂੰ ਪਤਾ ਹੈ ਇਥੇ ਕੌਣ ਐਮ.ਐਲ.ਏ. ਸਾਹਿਬਾਨ ਬੈਠੇ ਹਨ, ਜਿਨ੍ਹਾਂ ਨੇ ਪਿੰਡੇ ਦੇ ਉਤੇ ਉਹ ਕਾਲੀਆਂ ਅਤੇ ਬੋਲੀਆਂ ਰਾਤਾਂ ਹੰਢਾਈਆਂ ਹਨ, ਉਨ੍ਹਾਂ ਨੂੰ ਪਤਾ ਹੈ। ਗੱਲਾਂ ਕਰਨੀਆਂ ਢੇਰ ਸੁਖਾਲੀਆਂ ਹਨ, ਇਸ ਗੱਲ ਨੂੰ ਆਪਾਂ ਸਾਰੇ ਹੀ ਜਾਣਦੇ ਹਾਂ। ਯਾਦ ਕਰੋ 1977-1978 ਤੋਂ ਲੈ ਕੇ ਉਹ ਕਾਲੀਆਂ-ਬੋਲੀਆਂ ਰਾਤਾਂ, ਜਿਸ ਵੇਲੇ ਇਸ ਤਰ੍ਹਾਂ ਦਾ ਹੀ ਮਾਹੌਲ ਕਰੀਏਟ ਹੋਇਆ ਸੀ ਔਰ ਅੰਮ੍ਰਿਤਸਰ ਦੇ ਵਿੱਚ ਭਿੰਡਰਾਂਵਾਲੇ ਦੇ ਨਾਲ ਜਦੋਂ ਗੋਲੀ ਕਾਂਡ ਹੋਇਆ ਸੀ ਤਾਂ ਕਿਥੇ ਜਾ ਕੇ ਗੱਲ ਨਿਬੜੀ ਸੀ। ਆਪਾਂ ਸਾਰੇ ਹੀ ਉਨ੍ਹਾਂ ਗੱਲਾਂ ਨੂੰ ਭਲੀ ਭਾਂਤ ਜਾਣਦੇ ਹਾਂ ਜਦੋਂ ਪੰਜਾਬ ਵਿਚ ਕਾਲੀਆਂ-ਬੋਲੀਆਂ ਰਾਤਾਂ ਦੌਰਾਨ ਦਨਦਨਾਉਂਦੇ ਫਿਰਦੇ ਅੱਤਵਾਦੀਆਂ ਦੇ ਵੇਲੇ 26,000 ਪੰਜਾਬੀਆਂ ਨੇ ਕਾਂਗਰਸ ਪਾਰਟੀ ਦੇ ਵੱਡੇ-ਵੱਡੇ ਲੀਡਰਾਂ ਨੇ, ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਅਮਰ ਸ਼ਹੀਦ ਸਰਦਾਰ ਬੇਅੰਤ ਸਿੰਘ ਹੁਰਾਂ ਨੇ ਔਰ ਉਨ੍ਹਾਂ ਦੇ

[ਸ੍ਰੀ ਤਰਲੋਚਨ ਸਿੰਘ]

ਸਾਥੀਆਂ ਨੇ ਕੁਰਬਾਨੀਆਂ ਦੇ ਕੇ ਇੰਨੀ ਵੱਡੀ ਅਮਨ-ਸ਼ਾਂਤੀ ਪੰਜਾਬ ਨੂੰ ਲਿਆ ਕੇ ਦਿੱਤੀ ਹੈ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੇਰੀ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੀਆਂ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ, ਉਹ ਨਾ ਛੇੜਨ ਤਾਂ ਜ਼ਿਆਦਾ ਚੰਗਾ ਹੈ। ਸਾਰਿਆਂ ਨੂੰ ਪਤਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕੌਣ ਲੈ ਕੇ ਆਇਆ ਸੀ। ਸ਼੍ਰੀ ਹਰਿਮੰਦਰ ਸਾਹਿਬ ਕੌਣ ਛੱਡ ਕੇ ਆਇਆ ਔਰ ਕੌਣ ਉਨ੍ਹਾਂ ਨੂੰ ਪ੍ਰੋਟੈਕਟ ਕਰਦਾ ਰਿਹਾ ਹੈ। ਕੱਲ੍ਹ ਹੀ ਸਾਰੇ ਸ਼ਹਿਰਾਂ ਦੇ ਵਿੱਚ ਕਾਂਗਰਸ ਦੇ ਲੀਡਰਾਂ ਨੇ ਅਨਾਊਂਸਮੈਂਟ ਕਰਵਾਈ ਹੈ, ਜਿਹੜੀ ਤੁਸੀ ਫਾਂਸੀ ਦੀ ਗੱਲ ਕਹਿ ਰਹੇ ਹੋ, ਉਸ ਦੇ ਬਾਰੇ ਵੀ ਹੜਤਾਲ ਕੀਤੀ ਜਾ ਰਹੀ ਹੈ ਔਰ ਤੁਸੀਂ ਕਹਿ ਰਹੇ ਹੋ ਕਿ ਅਮਨ ਨੂੰ ਭੰਗ ਕਰ ਰਹੇ ਹਾਂ। ਤੁਸੀਂ ਦਰਅਸਲ ਜਦੋਂ ਪਾਵਰ ਤੋਂ ਬਾਹਰ ਆਉਂਦੇ ਹੋ ਤਾਂ ਪੰਜਾਬ ਦੇ ਵਿੱਚ ਅਮਨ ਨੂੰ ਭੰਗ ਕਰਨ ਦੀਆਂ ਗੱਲਾਂ ਆਪ ਸ਼ੁਰੂ ਕਰਦੇ ਹੋ ਅਤੇ ਫਿਰ ਕਹਿੰਦੇ ਹੋ ਕਿ ਹਾਲਾਤ ਖਰਾਬ ਹੋ ਗਏ ਹਨ। ਇਸ ਲਈ ਬੜੀ ਮੁਸ਼ਕਿਲ ਨਾਲ ਸ਼ਾਂਤੀ ਆਈ ਹੈ ਔਰ ਜਿਨ੍ਹਾਂ ਲੋਕਾਂ ਨੇ ਕੁਰਬਾਨੀ ਕੀਤੀ ਹੈ, ਉਨ੍ਹਾਂ ਦਾ ਸਤਿਕਾਰ ਕਰੀਏ ਔਰ ਪਿਛਲੇ ਜਖ਼ਮ ਨਾ ਛੇੜੋ।

ਸ਼੍ਰੀ ਤਰਲੋਚਨ ਸਿੰਘ : ਜਿਹੜੀਆਂ ਗੱਲਾਂ ਹੋ ਰਹੀਆਂ ਹਨ......(ਵਿਘਨ)..... ਕੁਰਬਾਨੀ ਦਾ ਮੇਰਾ ਖਿਆਲ ਤੁਹਾਨੂੰ ਮੀਨਿੰਗ ਨਹੀਂ ਪਤਾ.....(ਵਿਘਨ).....

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਮੈਨੂੰ ਇਸ ਗੱਲ ਦਾ ਪਤਾ ਹੈ ਕਿ ਇਨ੍ਹਾਂ ਦੇ ਫਾਦਰ ਨਾਲ ਕੀ ਹੋਇਆ।

ਸ਼੍ਰੀ ਤਰਲੋਚਨ ਸਿੰਘ: ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੂੰ ਪਤਾ ਹੈ ਤਾਂ ਇਨ੍ਹਾਂ ਨੂੰ ਮੈਨੂੰ ਇੰਟਰਪਟ ਨਹੀਂ ਕਰਨਾ ਚਾਹੀਦਾ, ਮੈਂ ਇਨ੍ਹਾਂ ਨੂੰ ਇਹੀ ਬੇਨਤੀ ਕਰਦਾ ਹਾਂ।

ਮਾਨਯੋਗ ਸਪੀਕਰ: ਤੁਸੀਂ ਕੰਟੀਨਿਊ ਕਰੋ ।

ਸ਼੍ਰੀ ਤਰਲੋਚਨ ਸਿੰਘ: ਜੋ ਹਾਲਾਤ ਪੰਜਾਬ ਦੇ ਅੱਜ ਖੜ੍ਹੇ ਹਨ, ਆਪਾਂ ਸਾਰਿਆਂ ਨੂੰ ਪਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਕੀ ਹੋਣਾ ਹੈ। ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ ਅੱਜ ਹਾਊਸ ਦੇ ਵਿੱਚ ਸਟੇਟਮੈਂਟ ਦਿੱਤੀ ਹੈ ਔਰ ਉਨ੍ਹਾਂ ਨੇ ਵੀ ਕੋਸ਼ਿਸ਼ ਕੀਤੀ ਹੈ ਕਿ ਇਸ ਸਿਚੂਏਸ਼ਨ ਤੋਂ ਬਚਿਆ ਜਾਵੇ ਔਰ ਇਹ ਸਾਰਾ ਹੀ ਭਾਂਡਾ ਸੈਂਟਰ ਸਰਕਾਰ ਤੇ ਹੌਲੀ-ਹੌਲੀ ਲੈ ਕੇ ਜਾਣਾ ਚਾਹੁੰਦੇ ਹਨ। ਪਹਿਲਾਂ ਇਹ ਰਾਸ਼ਟਰਪਤੀ ਸਾਹਿਬਾ ਨੂੰ ਮਿਲਣਗੇ ਔਰ ਫਿਰ ਇਹ ਕਹਿਣਗੇ ਕਿ ਹੋਮ ਮਨਿਸਟਰ ਸਾਹਿਬ ਇਸ ਗੱਲ ਨੂੰ ਨਹੀਂ ਮੰਨਦੇ। ਸਾਰੀਆਂ ਗੱਲਾਂ ਦਾ, ਅਸੀਂ ਵੀ ਸਿਆਸੀ ਆਦਮੀ ਹਾਂ, ਸਾਨੂੰ ਵੀ ਪਤਾ ਹੈ, ਇਨ੍ਹਾਂ ਨੂੰ ਵੀ ਪਤਾ ਹੈ ਕਿ ਕਿਸ ਤਰ੍ਹਾਂ 1966 ਤੋਂ ਲੈ ਕੇ, ਪੰਜਾਬੀ ਸੂਬੇ ਤੋਂ ਲੈ ਕੇ, ਜੋ ਸਾਰਾ ਕੁਝ ਹੁਣ

ਤਕ ਚਲਦਾ ਆਇਆ ਹੈ। ਆਪਾਂ ਬੜੇ ਫਖਰ ਨਾਲ ਕਹਿੰਦੇ ਹਾਂ ਕਿ ਪੰਜਾਬੀ ਬੋਲੀ ਸਾਰਿਆਂ ਨੂੰ ਬੋਲਣੀ ਚਾਹੀਦੀ ਹੈ ਔਰ ਇਥੇ ਅੱਜ ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸਾਹਿਬ ਬੈਠੇ ਨਹੀਂ ਹਨ। ਜੇਕਰ ਉਹ ਬੈਠੇ ਹੁੰਦੇ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਨ੍ਹਾਂ ਦੇ ਦਾਦਾ ਜੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕਿਹੜੀ ਗੱਲ ਕੀਤੀ ਸੀ।ਉਨ੍ਹਾਂ ਨੇ ਮਹਾਂ ਪੰਜਾਬ ਦੀ ਗੱਲ ਕੀਤੀ ਸੀ ਔਰ ਅਸੀਂ ਇਸ ਗੱਲ ਦੇ ਵਿੱਚ ਫਖਰ ਮਹਿਸੂਸ ਕਰ ਰਹੇ ਹਾਂ ਕਿ ਅਸੀਂ ਛੋਟੀ ਜਿਹੀ ਪੰਜਾਬੀ ਸੂਬੀ ਲੈ ਕੇ ਉਸ ਦੇ ਵਿਚ ਪੰਜਾਬ ਦੀਆਂ ਗੱਲਾਂ ਕਰ ਰਹੇ ਹਾਂ।ਮਹਾਂ ਪੰਜਾਬ ਦੀ ਜਿਹੜੀ ਗੱਲ ਚਲਦੀ ਸੀ, ਆਪਾਂ ਉਹੋ ਜਿਹੀਆਂ ਗੱਲਾਂ ਕਰੀਏ ਤਾਂ ਬਹੁਤ ਵਧੀਆ ਗੱਲ ਰਹਿਣੀ ਸੀ.....

ਮਾਨਯੋਗ ਸਪੀਕਰ: ਜੇਕਰ ਗੱਲ ਕਹਿਣੀ ਹੈ ਤਾਂ ਗਵਰਨਰ ਦੇ ਭਾਸ਼ਣ ਸੰਬਧੀ ਗੱਲ ਕਰੋ।.....(ਵਿਘਨ)....

ਸ਼੍ਰੀ ਤਰਲੋਚਨ ਸਿੰਘ: ਸਪੀਕਰ ਸਾਹਿਬ, ਮੇਰੀ ਗੱਲ ਸੁਣੋ, ਦੋ ਮਹੀਨੇ ਹੋ ਗਏ ਹਨ, ਡੀ.ਐਸ.ਪੀ. ਬਲਰਾਜ ਸਿੰਘ ਦਾ ਕਤਲ ਹੋਇਆ ਹੈ। ਹਾਲੇ ਤੱਕ ਇੱਕ ਆਦਮੀ ਵੀ ਅਰੈਸਟ ਨਹੀਂ ਕੀਤਾ ਗਿਆ। ਕੀ ਇਹ ਲਾਅ ਐਂਡ ਆਰਡਰ ਹੈ? ਮੰਤਰੀ ਸਰਕਾਰੀ ਗੱਡੀਆਂ ਦੇ ਡਰਾਈਵਰਾਂ ਨੂੰ ਕੁੱਟ ਰਹੇ ਹਨ, ਕੀ ਇਹ ਲਾਅ ਐਂਡ ਆਰਡਰ ਦੀ ਗੱਲ ਹੈ? ਆਪਣਾ ਸਾਰੇ ਇਹ ਕਹਿ ਰਹੇ ਹਾਂ ਕਿ ਇਥੇ ਬੜੀ ਸ਼ਾਂਤੀ ਹੈ, ਇਥੇ ਸ਼ਾਂਤੀ ਨਾਮ ਦੀ ਕੋਈ ਚੀਜ਼ ਨਹੀਂ ਹੈ। ਜਿੰਨਾ ਪੈਸਾ ਸੈਂਟਰ ਸਰਕਾਰ ਤੋਂ ਆ ਰਿਹਾ ਹੈ, ਬਾਦਲ ਸਾਹਿਬ ਕਹਿ ਰਹੇ ਹਨ ਕਿ ਮੈਂ ਉਥੋਂ ਪੈਸਾ ਲੈ ਕੇ ਆ ਰਿਹਾ ਹਾਂ।ਸਾਰੀਆਂ ਸਕੀਮਾਂ, ਜਿੰਨਾ ਜੀ.ਟੀ.ਰੋਡ ਬਣ ਰਿਹਾ ਹੈ.......

ਮਾਨਯੋਗ ਸਪੀਕਰ : ਤਰਲੋਚਨ ਸਿੰਘ ਜੀ, ਤੁਸੀਂ ਬੈਠ ਜਾਉ। ਕੱਲ੍ਹ ਤੁਸੀਂ ਆਪਣੀ ਗੱਲ ਦੀ ਸ਼ੁਰੂਆਤ ਕਰ ਲੈਣਾ।

ਹੁਣ, ਸਦਨ ਮੰਗਲਵਾਰ, ਮਿਤੀ 27 ਮਾਰਚ,2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੁੰਦਾ ਹੈ।

***6.30 ਵਜੇ ਸ਼ਾਮ** (*ਇਸ ਸਮੇ ਸਦਨ ਮੰਗਲਵਾਰ, ਮਿਤੀ 27 ਮਾਰਚ,2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈੱਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ।

Punjab Govt. Press, S.A.S. Nagar/7678/05-12(2)

PUNJAB VIDHAN SABHA

DEBATES

Tuesday, the 27th March, 2012

Vol. I No. 5

OFFICIAL REPORT

CONTENTS

	PAGE
Papers Laid on the Table of the House	(5) 1
Motion Reg. Constitution of Elected Committees for the year 2012-13	(5) 2
Matters raised during Zero Hour and Statements by the Chief Minister thereon	(5) 4
Resumption of Discussion on Governor's Address and Vote on the Motion of Thanks	(5) 9
Extension of Time of the Sitting of the House	(5) 93
Discussion on Governor's Address and Vote on the Motion of Thanks *(Resumption)*	(5) 93
Appnedix	(i)

Punjab Vidhan Sabha Secretariat, Chandigarh

Price Rs. ....

PUNJAB VIDHAN SABHA

Tuesday, the 27th March, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ। ਸੰਸਦੀ ਮਾਮਲੇ ਮੰਤਰੀ ਪੇਸ਼ ਕਰਨਗੇ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਵੱਖ ਵੱਖ ਨਿਯਮਾਂ ਅਧੀਨ ਲੋੜੀਂਦੇ ਹਨ :-

1. ਸਾਲ 2010-2011 ਲਈ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 28ਵੀਂ ਸਾਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
2. 1.4.2010 ਤੋਂ 31.3.2011 ਅਤੇ 1.4.2011 ਤੋਂ 30.6.2011 ਤੱਕ ਬਜਟ ਦੇ ਸਬੰਧ ਵਿੱਚ ਪ੍ਰਾਪਤੀਆਂ ਅਤੇ ਖਰਚਿਆਂ ਦਾ ਵਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।
3. ਸਾਲ 2008-09 ਲਈ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਦੀ 14ਵੀਂ ਸਾਲਾਨਾ ਰਿਪੋਰਟ, ਜਿਵੇਂ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
4. ਸਾਲ 2010-11 ਲਈ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਐਕਟ, 1992 ਦੀ ਧਾਰਾ 28 (4) ਅਧੀਨ ਲੋੜੀਂਦਾ ਹੈ।
5. 2008-09 ਲਈ ਪੰਜਾਬ ਸੂਚਨਾ ਅਤੇ ਪ੍ਰਸਾਰਣ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ 33ਵੀਂ ਸਾਲਾਨਾ ਰਿਪੋਰਟ, ਜਿਵੇਂ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

6. ਸਾਲ 2010-2011 ਲਈ ਗਰੇਟਰ ਲੁਧਿਆਣਾ ਖੇਤਰ ਵਿਕਾਸ ਅਥਾਰਟੀ (ਗਲਾਡਾ) ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 ਅਧੀਨ ਲੋੜੀਂਦਾ ਹੈ।

7. ਸਾਲ 2007-08 ਲਈ ਪੰਜਾਬ ਸੈਰ-ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ 29ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

8. ਸਾਲ 2006-07 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੌਲੀਡੇ ਹੋਮ) ਦੀ ਚੌਥੀ ਸਾਲਾਨਾ ਰਿਪੋਰਟ ਅਤੇ ਲੇਖੇ, ਐਕਟ, ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

9. ਸਾਲ 2006-07 ਲਈ ਅੰਮ੍ਰਿਤਸਰ ਹੋਟਲਜ਼ ਲਿਮਟਿਡ ਦੀ ਚੌਥੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

10. ਸਾਲ 2007-08 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ ਪੰਜਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

MOTION REG. CONSTITUTION OF ELECTED COMMITTEES FOR THE YEAR 2012-13

ਮਾਨਯੋਗ ਸਪੀਕਰ : ਸਾਲ 2012-13 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿਉਂਜੋ ਸਾਲ 2012-2013 ਲਈ-

1. ਲੋਕ ਲੇਖਾ ਕਮੇਟੀ :

2. ਅਨੁਮਾਨ ਕਮੇਟੀ :

3. ਸਰਕਾਰੀ ਕਾਰੋਬਾਰ ਕਮੇਟੀ : ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2012 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ।

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2012-13 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

"ਕਿਉਂਜੋ ਸਾਲ 2012-2013 ਲਈ-

1. ਲੋਕ ਲੇਖਾ ਕਮੇਟੀ:

2. ਅਨੁਮਾਨ ਕਮੇਟੀ

3. ਸਰਕਾਰੀ ਕਾਰੋਬਾਰ ਕਮੇਟੀ ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2012 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2012-13 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਮਾਨਯੋਗ ਸਪੀਕਰ : ਪ੍ਰਸ਼ਨ ਹੈ-

"ਕਿਉਂਜੋ ਸਾਲ 2012-2013 ਲਈ-

1. ਲੋਕ ਲੇਖਾ ਕਮੇਟੀ;

2. ਅਨੁਮਾਨ ਕਮੇਟੀ ;

3. ਸਰਕਾਰੀ ਕਾਰੋਬਾਰ ਕਮੇਟੀ ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2012 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ।

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ।

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2012-13 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

MATTERS RAISED DURING ZERO HOUR AND STATEMENTS BY THE CHIEF MINISTER THEREON

ਮਾਨਯੋਗ ਸਪੀਕਰ : ਜ਼ੀਰੋ ਆਵਰ। ਹਾਂ ਜੀ ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ : ਧੰਨਵਾਦ, ਸਪੀਕਰ ਸਾਹਿਬ। ਮੈਂ ਸਦਨ ਦੇ ਧਿਆਨ ਵਿੱਚ ਬਹੁਤ ਹੀ ਅਹਿਮ ਮਸਲਾ ਲਿਆਉਣਾ ਚਾਹਾਂਗਾ ਕਿਉਂਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਮਾਨਯੋਗ ਉਪ ਮੁੱਖ ਮੰਤਰੀ ਸਾਹਿਬ ਨੇ, ਜਦੋਂ ਤੋਂ ਇਲੈਕਸ਼ਨ ਦੇ ਰਿਜ਼ਲਟਸ ਡਿਕਲੇਅਰ ਹੋਏ ਹਨ, ਉਸ ਤੋਂ ਬਾਅਦ ਕਈ ਵਾਰੀ ਸਦਨ ਵਿੱਚ ਬਹਿਸ ਕਰਦੇ ਹੋਏ ਵੀ ਅਤੇ ਬਾਹਰ ਵੀ ਬਿਆਨ ਦਿੱਤਾ ਹੈ ਕਿ ਵੈਨਡੈੱਟਾ ਪਾਲਿਟਿਕਸ ਨਹੀਂ ਕੀਤੀ ਜਾਵੇਗੀ। ਇਨਫੈਕਟ ਉਸ ਦਿਨ ਜਦੋਂ ਮੈਂ ਬੋਲ ਰਿਹਾ ਸੀ ਤਾਂ ਉਪ ਮੁੱਖ ਮੰਤਰੀ ਸਾਹਿਬ ਨੇ ਖੜ੍ਹੇ ਹੋ ਕੇ ਕਿਹਾ ਸੀ ਕਿ ਤੁਸੀਂ

ਸਾਨੂੰ ਅਜਿਹੀ ਕੋਈ ਲਿਸਟ ਨਹੀਂ ਦਿੱਤੀ, ਸਾਨੂੰ ਲਿਸਟ ਦਿਓ, ਅਸੀਂ ਇਸ ਦੀ ਜਾਂਚ ਕਰਵਾ ਲਵਾਂਗੇ। ਮੈਂ ਤੁਹਾਡੇ ਰਾਹੀਂ ਵੀ ਉਸ ਦਿਨ ਮੁੱਖ ਮੰਤਰੀ ਸਾਹਿਬ ਨੂੰ ਰਿਕੁਐਸਟ ਕੀਤੀ ਸੀ ਕਿ ਤੁਸੀਂ ਸਾਡੇ ਤੋਂ ਇਹ ਲਿਸਟ ਲੈ ਲਓ। ਅੱਜ ਜਦੋਂ ਇਹ ਗਵਰਨਰ ਐਡਰੈਸ ਦੀ ਡਿਬੇਟ ਤੇ ਰਿਪਲਾਈ ਦੇਣ ਵਾਸਤੇ ਖੜ੍ਹੇ ਹੋਣ, ਉਸ ਵੇਲੇ ਇਹ ਉਸ ਇਨਕੁਆਇਰੀ ਦੇ ਰਿਜ਼ਲਟਸ ਦੱਸ ਦੇਣ। ਸਪੀਕਰ ਸਾਹਿਬ, ਇਹ ਗੱਲਾਂ ਤਾਂ ਕੋਆਪਰੇਸ਼ਨ ਦੀਆਂ ਕਰਦੇ ਹਨ ਕਿ ਅਸੀਂ ਸੁਹਿਰਦਤਾਪੂਰਨ ਮਾਹੌਲ ਵਿੱਚ ਇਥੇ ਗੱਲਾਂ ਕਰੀਏ। ਜਦੋਂ ਸੈਸ਼ਨ ਵਿੱਚ ਖੜ੍ਹੇ ਹੋ ਕੇ approached alongwith my colleagues to Deputy Chief Minister ਅਤੇ ਅਸੀਂ ਕਿਹਾ ਕਿ ਤੁਸੀਂ ਲਿਸਟ ਲੈ ਲਓ ਤਾਂ his reply was, "ਕਿ ਸਾਡੇ ਕੋਲ ਇਨ੍ਹਾਂ ਗੱਲਾਂ ਵਾਸਤੇ ਟਾਈਮ ਨਹੀਂ ਹੈ। ਸਾਨੂੰ ਪਤਾ ਹੈ ਕਿ ਕਿੰਨੇ ਕੇਸ ਦਰਜ ਹੁੰਦੇ ਹਨ but right now, we do not have time." ਸਪੀਕਰ ਸਾਹਿਬ, ਮੇਰੇ ਕੋਲ ਇੱਕ ਲੰਮੀ ਚੌੜੀ ਲਿਸਟ ਹੈ। ਇਸ ਵਾਸਤੇ ਜੇ ਤੁਸੀਂ ਕਹੋ ਤਾਂ ਮੈਂ ਇਸ ਨੂੰ ਹਾਊਸ ਦੀ ਟੇਬਲ ਤੇ ਰੱਖ ਦਿੰਦਾ ਹਾਂ। ਜੇ ਮੁੱਖ ਮੰਤਰੀ ਸਾਹਿਬ ਇਸ ਗੱਲ ਵਾਸਤੇ ਐਗਰੀ ਕਰਨ ਤਾਂ ਮੈਂ ਇਹ ਲਿਸਟ ਇਨ੍ਹਾਂ ਨੂੰ ਦੇ ਦਿੰਦਾ ਹਾਂ but there have been hordes of false cases in which people have been implicated rather than the fact that ਉਨ੍ਹਾਂ ਨੇ ਕਾਂਗਰਸ ਵਾਸਤੇ ਵੋਟ ਪਾਈ ਜਾਂ ਸਪੋਰਟ ਕੀਤੀ ਹੈ Is this the way the government is going to be run? ਇਸ ਨਾਲ ਤਾਂ ਮਾਹੌਲ ਕੁੜੱਤਣ ਵਾਲਾ ਹੀ ਬਣੇਗਾ। Of course, there is no way ਚੰਗੀਆਂ ਗੱਲਾਂ ਇਨ੍ਹਾਂ ਨੂੰ ਚੰਗੀਆਂ ਨਹੀਂ ਲਗਦੀਆਂ। ਉਸ ਤੋਂ ਬਾਅਦ ਆਪੋਜ਼ੀਸ਼ਨ ਕੋਲ ਰੌਲਾ ਪਾਉਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਰਹੇਗਾ because people are looking towards us..ਜਿਨ੍ਹਾਂ ਨਾਲ ਧੱਕੇ ਹੋ ਰਹੇ ਹਨ, ਉਨ੍ਹਾਂ ਵਾਸਤੇ ਖੜ੍ਹੇ ਹੋਣਾ ਸਾਡਾ ਧਰਮ ਬਣਦਾ ਹੈ। ਕਾਨੂੰਨੀ ਤੌਰ ਤੇ ਇਸ ਵਾਸਤੇ ਕੋਈ ਕਾਰਵਾਈ ਹੋਵੇ, ਇਹ ਇਸ ਬਾਰੇ ਘੋਖ ਕਰਵਾ ਲੈਣ। It was a very simple observation. ਇਹ ਕਹਿੰਦੇ ਹਨ ਕਿ ਕਰਵਾ ਲਵਾਂਗੇ but he has not even shown this grace. ਇਹ ਖੜ੍ਹੇ ਹੋ ਕੇ ਸਾਨੂੰ ਇਸ ਬਾਰੇ ਕੋਈ ਜਵਾਬ ਦੇਣ।

ਮਾਨਯੋਗ ਸਪੀਕਰ : ਤੁਸੀਂ ਇਹ ਲਿਸਟ ਮੁੱਖ ਮੰਤਰੀ ਸਾਹਿਬ ਨੂੰ ਦੇ ਦੇਣਾ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਸਤਿਕਾਰਯੋਗ ਲੀਡਰ ਆਫ਼ ਆਪੋਜ਼ੀਸ਼ਨ ਨੇ ਅਤੇ ਹੋਰ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੇ ਸਵਾਲ ਉਠਾਇਆ ਹੈ ਕਿ ਸਾਡੇ ਨਾਲ ਵੈਨਡੈੱਟਾ ਹੋਇਆ ਹੈ। ਇਹ ਪੰਜ ਸਾਲ ਇਸ ਮਾਮਲੇ ਨੂੰ ਉਠਾਉਂਦੇ ਰਹੇ। ਵੈਨਡੈੱਟਾ ਜਿਹੜਾ ਲਫ਼ਜ਼ ਹੈ ਮੈਂ ਤਾਂ ਆਰੰਭ ਤੋਂ ਹੀ ਇਸ ਦੇ ਬੇਹੱਦ ਖਿਲਾਫ਼ ਹਾਂ। ਜੇਕਰ ਵੈਟਡੈੱਟਾ ਹੋਇਆ ਹੈ ਤਾਂ ਉਹ ਧਰਮ ਨਾਲ ਸਾਡੇ ਨਾਲ ਹੋਇਆ ਹੈ। ਆਖੀ ਜਾਓ ਕਿ ਵੈਟਡੈੱਟਾ ਵੈਨਡੈੱਟਾ। ਜਿਹੜੇ ਇਹ ਸਾਡੇ ਸਾਹਮਣੇ ਬੈਠੇ ਹਨ ਕੀ ਇਹ ਦੱਸ ਸਕਦੇ ਹਨ, ਚੌਧਰੀ ਸਾਹਿਬ, ਜਿਹੜਾ ਮੇਰੇ ਤੇ ਪਰਚਾ ਹੋਇਆ ਜਾਂ ਮੇਰੀ ਵਾਈਫ਼ (wife) ਤੇ ਪਰਚਾ ਹੋਇਆ, ਸੁਖਬੀਰ ਤੇ ਪਰਚਾ ਹੋਇਆ ਜਾਂ 7-8 ਮਨਿਸਟਰਾਂ ਤੇ ਪਰਚਾ ਹੋਇਆ, ਐਮ.

[ਮੁੱਖ ਮੰਤਰੀ]

ਐਲ. ਏਜ਼. ਤੇ ਪਰਚਾ ਹੋਇਆ ਪਰ ਉਹ ਸਾਰੇ ਬਰੀ ਹੋ ਗਏ, ਕੀ ਇਹ ਵੈਨਡੈੱਟਾ ਸੀ ਕਿ ਨਹੀਂ? ਮੈਂ ਤਾਂ ਕਹਿੰਦਾ ਹਾਂ ਕਿ ਜਿਹੜਾ ਵੈਨਡੈੱਟਾ ਆਰੰਭ ਕੀਤਾ ਹੈ, ਉਹ ਤੁਹਾਡੇ ਵਲੋਂ ਹੋਇਆ ਹੈ, ਜਦੋਂ ਤੁਸੀਂ ਇਧਰ ਬੈਠੇ ਸੀ। ਇਹ ਸਾਰਾ ਜਹਾਨ ਜਾਣਦਾ ਹੈ, ਇਕੱਲਾ ਅਸੀਂ ਤੇ ਤੁਸੀਂ ਹੀ ਨਹੀਂ ਜਾਣਦੇ। ਇਸ ਸੰਬੰਧੀ ਫੈਕਟਸ ਵੀ ਸਾਹਮਣੇ ਹਨ। ਅਜਿਹੀ ਕੋਈ ਗੱਲ ਨਹੀਂ ਹੈ। ਮੇਰੇ ਖਿਲਾਫ ਝੂਠੇ ਕੇਸ ਚਲਾਏ ਗਏ, ਮੈਂ ਜਿਸ ਦਿਨ ਬਰੀ ਹੋਇਆ ਹਾਂ ਤਾਂ ਮੈਂ ਸਿੱਧਾ ਪਹਿਲਾਂ ਇਥੇ ਹਾਊਸ ਵਿੱਚ ਆਇਆ। ਉਸ ਦਿਨ ਕੁਦਰਤੀ ਸੈਸ਼ਨ ਸੀ ਅਤੇ ਮੈਂ ਵੈਨੇਡੈੱਟਾ ਨਾ ਕਰਨ ਸਬੰਧੀ ਉਸੇ ਦਿਨ ਕਹਿ ਦਿੱਤਾ ਸੀ। ਮੈਂ ਕਿਹਾ ਸੀ ਕਿ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੇ ਖਿਲਾਫ ਮੇਰੇ ਦੁਆਰਾ ਦਾਇਰ ਕੀਤੇ ਗਏ ਜਿਹੜੇ ਕੇਸ ਹਨ, ਉਹ ਮੈਂ ਅੱਜ ਸਾਰੇ ਵਿਦਡਰਾਅ ਕਰਦਾ ਹਾਂ। (ਥੰਪਿੰਗ) ਇਸ ਲਈ ਅਸੀਂ ਕੋਈ ਵੈਨਡੈੱਟਾ ਦੇ ਹੱਕ ਵਿੱਚ ਨਹੀਂ ਹਾਂ। ਦੂਸਰਾ ਮੈਟਰ, ਮੈਂ ਇਹ ਕੋਈ ਜ਼ਬਾਨੀ ਨਹੀਂ ਕਹਿੰਦਾ, ਮੈਂ ਤਾਂ ਆਪਣੇ ਸਾਰੇ ਸਾਥੀਆਂ ਨੂੰ ਵੀ ਕਹਿੰਦਾ ਹਾਂ ਕਿ ਆਪਾਂ ਹੋਰ ਕੁਝ ਵੀ ਕਰੀਏ ਪਰ ਵੈਨਡੈੱਟਾ ਨਹੀਂ ਕਰਨਾ। ਮੈਂ ਹੋਮ ਮਨਿਸਟਰ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਕਹਾਂਗਾ ਕਿ ਦੋ-ਤਿੰਨ ਅੱਛੇ ਇਮਾਨਦਾਰ ਅਫ਼ਸਰਾਂ ਦਾ ਇੱਕ ਸੈੱਲ ਬਣਾ ਦਿਓ, ਹੋਰ ਜਿਵੇਂ ਯੋਗ ਹੋਵੇ, ਡੀ. ਜੀ. ਪੀ. ਨਾਲ ਰਾਇ ਕਰਕੇ, ਕੋਈ ਵੀ ਵੈਨਡੈੱਟਾ ਦਾ ਕੇਸ ਆਵੇ, ਉਸ ਦੇ ਉਤੇ ਇਨਕੁਆਇਰੀ ਕਰੋ ਅਤੇ ਯੋਗ ਕਾਰਵਾਈ ਕਰੋ। ਲੇਕਿਨ ਜੇ ਕੋਈ ਅਰਜ਼ੀ ਦੇ ਦੇਵੇ, ਵੈਨਡੈੱਟਾ-ਵੈਨਡੈੱਟਾ ਐਵੇਂ ਕਹੀ ਜਾਵੇ ਤਾਂ ਉਸ ਦੇ ਖਿਲਾਫ ਧਾਰਾ 182 ਵੀ ਲਾਗੂ ਹੋਵੇਗੀ। ਜੇ ਕੋਈ ਗਲਤ ਕਹੇ ਕਿ ਮੇਰੇ ਤੇ ਵੈਨਡੈੱਟਾ ਹੋਇਆ ਹੈ ਅਤੇ ਉਸ ਨੇ ਕੋਈ ਜ਼ੁਲਮ ਕੀਤਾ ਹੋਵੇ ਤਾਂ ਉਸਦੇ ਖਿਲਾਫ ਵੀ ਕਾਰਵਾਈ ਹੋਵੇ, ਭਾਵੇਂ ਕੋਈ ਸਾਥੀ ਹੈ ਭਾਵੇਂ ਕਾਂਗਰਸੀ ਹੈ, ਜੇ ਉਹ ਗਲਤ ਕਹੇਗਾ ਕਿ ਮੇਰੇ ਤੇ ਵੈਨਡੈੱਟਾ ਹੋ ਗਿਆ ਤਾਂ ਫਿਰ ਉਸ ਦੇ ਖਿਲਾਫ ਧਾਰਾ 182 ਅਧੀਨ ਕਾਰਵਾਈ ਵੀ ਚੱਲੇਗੀ। ਭਾਵੇਂ ਕੋਈ ਵੱਡਾ ਹੋਵੇ ਅਤੇ ਭਾਵੇਂ ਕੋਈ ਛੋਟਾ ਹੋਏ। ਇਹ ਮੈਂ ਬੜੇ ਸਤਿਕਾਰ ਨਾਲ ਕਹਿੰਦਾ ਹਾਂ ਕਿ ਜਿਹੜੀਆਂ ਤੁਹਾਡੇ ਕੋਲ ਵੈਨਡੈੱਟਾ ਦੀਆਂ ਲਿਸਟਾਂ ਪਈਆਂ ਹਨ, ਇਹ ਮੈਨੂੰ ਦੇ ਦਿਓ, ਮੈਂ ਦੇ ਦੇਵਾਂਗਾ। ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਹੈ। ਜਦੋਂ ਅਸੀਂ ਕੁਝ ਕਰਨਾ ਹੀ ਨਹੀਂ, ਸਿਰਫ ਕਹੀ ਹੀ ਜਾਣਾ ਹੈ ਤਾਂ ਫਿਰ ਕੀ ਹੋ ਸਕਦਾ ਹੈ? ਹੁਣ ਇਥੇ ਇੱਕ ਹੋਰ ਗੱਲ ਕਹੀ ਗਈ ਹੈ ਕਿ ਆਟਾ ਬੰਦ ਹੋ ਗਿਆ ਹੈ, ਨੀਲੇ ਕਾਰਡ ਨਹੀਂ ਬਣ ਰਹੇ। ਵੇਖੋ ਅਜੇ ਹਫ਼ਤਾ ਤਾਂ ਸਰਕਾਰ ਨੂੰ ਚਲਦੀ ਨੂੰ ਹੋਇਆ ਹੈ, ਅਜੇ ਅਫ਼ਸਰ ਲੱਗੇ ਨਹੀਂ ਹਨ, ਰਾਸ਼ਨ ਵੰਡਿਆ ਨਹੀਂ ਗਿਆ, ਅਜੇ ਗਰੀਨ ਕਾਰਡਾਂ ਦਾ ਕੰਮ ਸ਼ੁਰੂ ਨਹੀਂ ਹੋਇਆ। ਇਸ ਤੋਂ ਪਹਿਲਾਂ ਹੀ ਕਹੀ ਜਾਣਾ ਕਿ ਇਹ ਬੰਦ ਹੋ ਗਿਆ। ਇਸ ਕਰਕੇ ਮਿਹਰਬਾਨੀ ਕਰੋ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਬੜੀਆਂ ਚੰਗੀਆਂ ਪ੍ਰੰਪਰਾਵਾਂ ਪਾਈਆਂ ਹਨ, ਉਨ੍ਹਾਂ ਤੇ ਚੱਲਣਾ ਹੈ। ਮੇਰੇ ਵੱਲੋਂ ਜਾਂ ਸਾਡੀ ਪਾਰਟੀ ਵੱਲੋਂ ਕਦੇ ਵੀ ਕੋਈ ਗੱਲ ਵੈਨਡੈੱਟੇ ਵਾਲੀ ਨਹੀਂ ਹੋਵੇਗੀ, ਮੈਂ ਯਕੀਨ ਦਿਵਾਉਂਦਾ ਹਾਂ, I nip this vendetta in the burial ground. ਮੈਂ ਇਸ ਵੈਨਡੈੱਟਾ ਨੂੰ ਜ਼ਮੀਨ ਵਿੱਚ ਦਬਾਉਂਦਾ ਹਾਂ, ਭਾਵੇਂ ਕੋਈ ਵੀ ਹੋਵੇ। ਮੈਂ ਜਿੰਨਾ ਚਿਰ ਮੁੱਖ ਮੰਤਰੀ ਹਾਂ,

ਵੈਨਡੈੱਟਾ ਕਿਸੇ ਨਾਲ ਨਹੀਂ ਹੋਵੇਗਾ, ਨਾ ਹੋਇਆ ਹੈ ਅਤੇ ਨਾ ਹੀ ਹੋਵੇਗਾ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ। (ਥੰਪਿੰਗ) ਚੌਧਰੀ ਸਾਹਿਬ, ਮੈਂ ਤੁਹਾਡੇ ਘਰੇ ਆ ਕੇ ਇਹ ਵੈਨਡੈਟੇ ਵਾਲੇ ਕਾਗਜ਼ ਲੈ ਲਵਾਂਗਾ, ਲੇਕਿਨ ਐਵੇਂ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ। ਇੰਨਾ ਜ਼ਰੂਰ ਖਿਆਲ ਰੱਖੋ। (ਵਿਘਨ)

ਮਾਨਯੋਗ ਸਪੀਕਰ : ਲੀਡਰ ਆਫ਼ ਦਿ ਆਪੋਜ਼ੀਸ਼ਨ ਕੁਝ ਕਹਿਣਾ ਚਾਹੁੰਦੇ ਹਨ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, "ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।" ਬਹੁਤ ਅੱਛੇ ਲਫਜ਼ ਬਾਦਲ ਸਾਹਿਬ ਨੇ ਇਥੇ ਕਹੇ ਹਨ but inharent in that is ਕਿ ਸਾਡੇ ਨਾਲ ਬਹੁਤ ਹੋਏ ਹਨ, ਪੰਜ ਸਾਲ ਪੁਰਾਣੀ ਗੱਲ ਹੈ, ਪੰਜ ਸਾਲ ਉਸ ਗੱਲ ਨੂੰ ਨਿਕਲ ਗਏ, ਤੁਹਾਨੂੰ ਲੋਕਾਂ ਨੇ ਦੁਬਾਰਾ ਹੁੰਗਾਰਾ ਦੇ ਕੇ ਇੱਥੇ ਭੇਜਿਆ ਹੈ। I think now, he should have a large heart to say ਕਿ ਚਲੋ ਪੁਰਾਣੀਆਂ ਤੇ ਮਿੱਟੀ ਪਾਉ ਅਤੇ ਅਗਲੀ ਗੱਲ ਕਰੀਏ। He has been saying this all along ਕਿ ਅਸੀਂ ਵੈਨਡੈੱਟਾ ਖਤਮ ਕਰਾਂਗੇ, ਮਿੱਟੀ ਵਿੱਚ ਪਾਵਾਂਗੇ ਅਤੇ ਇੱਕ ਸੈੱਲ ਬਣਾਵਾਂਗੇ। Sir, the Cell against vendetta can not be made only of police officers. ਪੁਲਿਸ ਅਫ਼ਸਰ ਹੀ ਤਾਂ ਤਸ਼ੱਦਦ ਕਰਨ ਵਾਲੇ ਹਨ, ਉਨ੍ਹਾਂ ਨੂੰ ਕੇਸ ਵਾਪਸ ਭੇਜ ਦਿਆਂਗੇ ਫਿਰ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੈ। ਜੇ ਤੁਸੀਂ ਰੀਅਲੀ ਸੀਰੀਅਸ ਹੋ ਤਾਂ ਕਿਸੇ ਰਿਟਾਇਰਡ ਜੱਜ ਨੂੰ ਜਾਂ ਕੋਈ ਅਜਿਹੀ ਗੱਲ ਕਰੋ ਕਿ there should be an institution which can not be influenced ਉਸ ਦੇ ਵਿੱਚ ਜਾ ਕੇ, ਈਵਨ ਤੁਸੀਂ ਜਿਹੜਾ ਪੁਲਿਸ ਰਿਫਾਰਮਜ਼ ਐਕਟ ਲੈ ਕੇ ਆਏ ਹੋ ਉਸ ਦੇ ਅਧੀਨ ਕਮੇਟੀਆਂ ਹੀ ਗਠਿਤ ਕਰ ਦਿਓ, ਡਿਸਟ੍ਰਿਕਟ ਲੈਵਲ ਤੇ ਉਹ ਕਮੇਟੀਆਂ ਗਠਿਤ ਕਰ ਦਿਓ, ਚਲੋ ਉਹ ਤਾਂ ਲੰਮੀ ਡਿਸਕਸ਼ਨ ਹੈ, right now, my submission is that I am grateful to you ਜਿਹੜਾ ਤੁਸੀਂ ਕਿਹਾ ਹੈ ਕਿ ਇਹ ਲਿਸਟਾਂ ਮੈਨੂੰ ਦੇ ਦਿਓ ਪਰ ਕਮਿਸ਼ਨ ਕਦੋਂ ਬਣਾਉਗੇ? ਇਹ ਤਾਂ ਅੱਗੇ ਦੀ ਗੱਲ ਹੈ। ਮੁੱਖ ਮੰਤਰੀ ਸਾਹਿਬ, ਮੇਰਾ ਕਹਿਣਾ ਹੈ ਕਿ ਜਿਹੜੀਆਂ ਲਿਸਟਾਂ ਸਾਡੇ ਕੋਲ ਹਨ, ਮੈਂ ਇਹ ਤੁਹਾਨੂੰ ਭਿਜਵਾ ਦਿੰਦਾ ਹਾਂ, ਇਨ੍ਹਾਂ ਨੂੰ ਦੇਖ ਲੈਣਾ, I will be very kind of you. ਇਨ੍ਹਾਂ ਨੂੰ ਦੇਖ ਕੇ ਇਸ ਦਾ ਕੋਈ ਨਿਚੋੜ ਕੱਢੋ ਤਾਂ ਕਿ 18 ਜਾਂ 20 ਕੇਸਿਜ਼ ਇਸ ਮੌਕੇ ਜਿਹੜੇ ਮੇਰੇ ਕੋਲ ਹਨ, ਜਿਹੜੇ ਕਿ ਫਾਲਸ ਕੇਸਿਜ਼ ਦੇ ਵਿੱਚ ਬੰਦਿਆਂ ਨੂੰ ਫਸਾਇਆ ਗਿਆ ਹੈ, ਇਨ੍ਹਾਂ ਸਬੰਧੀ ਤੁਸੀਂ ਜ਼ਰੂਰ ਬਣਦੀ ਕਾਰਵਾਈ ਕਰਵਾਉ।

ਮੁੱਖ ਮੰਤਰੀ : ਮੈਂ ਲੀਡਰ ਆਫ਼ ਦਿ ਆਪੋਜ਼ੀਸ਼ਨ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਹੜੇ ਕੇਸ ਇਹ ਮੈਨੂੰ ਦੇਣਗੇ, ਇਨ੍ਹਾਂ ਦੀ ਸਾਰੀ ਇਨਕੁਆਇਰੀ 15-20 ਦਿਨਾਂ ਦੇ ਅੰਦਰ-ਅੰਦਰ ਚੰਗੇ ਤਰੀਕੇ ਨਾਲ ਹੋਵੇਗੀ। ਮੈਨੂੰ ਕੀ ਲੋੜ ਹੈ ਕਿ ਮੈਂ ਐਵੇਂ ਕਹਾਂ, ਤੁਹਾਨੂੰ ਕਿਸੇ ਤੇ ਤਾਂ ਇਤਬਾਰ ਕਰਨਾ ਪਵੇਗਾ। ਇਹ ਤਾਂ ਨਹੀਂ ਕਿ ਸਾਰੀ ਪੁਲਿਸ ਹੀ ਮਾੜੀ ਹੈ ਜਾਂ ਠੀਕ ਇਨਕੁਆਇਰੀ ਨਹੀਂ ਕਰੇਗੀ। ਅਸੀਂ ਇਕੱਲਾ ਇਹ ਲਿਸਟਾਂ ਹੀ ਨਹੀਂ, ਅਸੀਂ ਤਾਂ

[ਮੁੱਖ ਮੰਤਰੀ]

ਇਹ ਵੀ ਆਖਿਆ ਹੈ ਕਿ ਕਿਸੇ ਨਾਲ ਬੇਇਨਸਾਫੀ ਨਾ ਹੋਵੇ। ਜੇ ਕਿਸੇ ਜ਼ਿਲ੍ਹੇ ਵਿੱਚ ਕਿਸੇ ਅਫ਼ਸਰ ਵੱਲੋਂ ਬੇਇਨਸਾਫੀ ਹੋਈ ਤਾਂ ਅਸੀਂ ਉਸ ਅਫ਼ਸਰ ਨੂੰ ਫੜਨਾ ਹੈ। ਤੁਸੀਂ ਵੇਖੋ, ਯਕੀਨ ਰੱਖੋ, let us proceed a little bit. ਅਜੇ ਤਾਂ ਹੋਇਆ ਹੀ ਕੁਝ ਨਹੀਂ ਯਹ ਤੋਂ ਇਬਤਦਾਏ ਇਸ਼ਕ ਹੈ। ਅਜੇ ਤਾਂ ਕੰਮ ਸ਼ੁਰੂ ਹੀ ਹੋਇਆ ਹੈ, ਤੁਸੀਂ ਪਹਿਲੇ ਹੀ ਦਿਨ ਆਖੀ ਜਾਂਦੇ ਹੋ ਵੈਨਡੈੱਟਾ-ਵੈਨਡੈੱਟਾ, ਇਹ ਸਾਰੇ ਬੈਠੇ ਹਨ। ਕੀ ਕਿਸੇ ਨਾਲ ਵੈਨਡੈਟਾ ਹੋਇਆ ਹੈ? (ਵਿਰੋਧੀ ਧਿਰ ਵਲੋਂ ਆਵਾਜ਼ਾਂ: ਬਿਲਕੁਲ ਹੋਇਆ ਹੈ ਜੀ)

ਐਂਵੇਂ ਜੀ, ਨਹੀਂ ਜੀ ਕਿਸੇ ਨਾਲ ਨਹੀਂ ਹੋਇਆ। (ਵਿਘਨ, ਸ਼ੋਰ), ਚਲੋ ਕਹੀ ਜਾਓ ਜੀ, ਮੈਨੂੰ ਪਤਾ ਹੈ ਤੁਸੀਂ ਤਾਂ ਹੁਣ ਆਖੀ ਜਾਣਾ ਹੈ। ਤੁਸੀਂ ਮੈਨੂੰ ਲਿਸਟ ਦੇ ਦਿਓ। ਇਹ ਨਹੀਂ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਸਿਰਫ, ਤੁਸੀਂ ਸਾਰੇ ਮੇਰੇ ਭਰਾ ਹੋ ਆਇਆ ਕਰੋ, ਮੈਨੂੰ ਲਿਸਟ ਦੇ ਜਾਇਆ ਕਰੋ, ਨਾਲੇ ਮੈਂ ਤੁਹਾਨੂੰ ਵਧੀਆ ਚਾਹ ਪਿਆ ਦਿਆ ਕਰਾਂਗਾ, ਰਾਤ ਨੂੰ ਆਓਗੇ ਤਾਂ ਵਧੀਆ ਰੋਟੀ ਖੁਆਉਂਗਾ। ਸ਼ਰਾਬ ਤਾਂ ਨਹੀਂ ਮੈਥੋਂ ਪਿਆਈ ਜਾਣੀ (ਹਾਸਾ) ਹਾਂ ਰੋਟੀ ਵਧੀਆ ਮੁਰਗੇ ਨਾਲ ਖੁਆਵਾਂਗਾ। ਮੁਰਗਾ ਮੈਂ ਤਾਂ ਹੁਣ ਨਹੀਂ ਖਾਂਦਾ ਪਰ ਤੁਹਾਡੀ ਖਾਤਰ ਕਰ ਦਿਆਂਗਾ ਕਿਉਂਕਿ ਤੁਹਾਨੂੰ ਮੁਰਗੇ ਖਾਣ ਦੀ ਆਦਤ ਪਈ ਹੋਈ ਹੈ। ਇਸ ਕਰਕੇ ਮੈਂ ਤੁਹਾਡੀ ਪੂਰੀ ਸੇਵਾ ਵੀ ਕਰਾਂਗਾ। ਤੁਸੀਂ ਇਸ ਘਰ ਨੂੰ ਆਪਣਾ ਘਰ ਸਮਝੋ, ਇਵੇਂ ਕਿਉਂ ਸਮਝਦੇ ਹੋ ਕਿ ਚੀਫ਼ ਮਨਿਸਟਰ ਵੱਖਰਾ ਹੈ (ਥੰਪਿੰਗ) ਜਿਹੋ ਜਿਹਾ ਮੈਂ ਇਨ੍ਹਾਂ ਦਾ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਹਾਂ ਉਹੋ ਜਿਹਾ ਤੁਹਾਡਾ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹਾਂ। ਕਾਹਨੂੰ ਤੁਸੀਂ ਇਹੋ ਜਿਹਾ ਵਖਰੇਵਾਂ ਕਰਦੇ ਹੋ। ਖੁਲ੍ਹੇ ਆਇਆ ਕਰੋ। ਸ਼ਰਮ ਨਾਲ ਨਾ ਆਇਆ ਕਰੋ। ਇਸ ਕਰਕੇ ਖੁਲ੍ਹੇ ਆਇਆ ਕਰੋ, ਦਿਨ ਦਿਹਾੜੇ ਆਇਆ ਕਰੋ, ਕੋਈ ਫਰਕ ਨਹੀਂ ਪੈਂਦਾ।

ਮਾਨਯੋਗ ਸਪੀਕਰ : ਹਾਂ ਜੀ, ਸੋਢੀ ਜੀ, ਜੇ ਤਾਂ ਕੋਈ ਹੋਰ ਮਸਲਾ ਹੈ ਤਾਂ ਠੀਕ ਹੈ ਨਹੀਂ ਤਾਂ ਉਨ੍ਹਾਂ ਨੇ ਐਸ਼ਿਓਰੈਂਸ ਦਿਵਾ ਦਿੱਤੀ ਹੈ।

ਸਰਦਾਰ ਸੁਖਜਿੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਪੈਨਸ਼ਨਜ਼ ਦੀ ਗੱਲ ਕੀਤੀ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪੈਨਸ਼ਨਜ਼ ਹਾਲੇ ਲਗੀਆਂ ਨਹੀਂ ਜਾਂ ਅਜੇ ਨਹੀਂ ਮਿਲਣੀਆਂ ਸ਼ੁਰੂ ਹੋਈਆਂ ਜਾਂ ਆਟਾ-ਦਾਲ ਸਕੀਮ ਸ਼ੁਰੂ ਨਹੀਂ ਹੋਈ। ਤੁਸੀਂ ਅੱਜ ਹੀ ਕਮੇਟੀ ਬਣਾ ਲਓ, ਡੇਰਾ ਬਾਬਾ ਨਾਨਕ ਕਲਾਨੌਰ ਦੇ ਵਿੱਚ ਇਨਕੁਆਇਰੀ ਕਰਵਾ ਲਓ। ਤੁਸੀਂ ਹੁਣੇ ਕਿਹਾ ਹੈ ਕਿ ਧਾਰਾ 182 ਬਣੇਗੀ, ਜੇ ਝੂਠ ਹੋਵੇ ਤਾਂ ਮੈਂ ਆਪਣੇ ਤੇ ਧਾਰਾ 182 ਲਵਾਉਣ ਨੂੰ ਤਿਆਰ ਹਾਂ। ਮਾਨਯੋਗ ਖੁਰਾਕ ਮੰਤਰੀ ਜੀ ਬੈਠੇ ਹਨ, ਅੱਜ ਇਨ੍ਹਾਂ ਤੇ ਹੀ ਤੁਸੀਂ ਗੱਲ ਛੱਡ ਦਿਓ। ਮੈਂ ਤੁਹਾਡੇ ਤੇ ਹੀ ਗੱਲ ਛੱਡ ਦਿੱਤੀ ਹੈ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ

ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਥਰਮਲ ਪਲਾਂਟ ਪਿੰਡ ਨਲਾਸ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਿਖੇ ਸਰਕਾਰ ਵਲੋਂ ਇੱਕ ਪ੍ਰਾਈਵੇਟ ਕੰਪਨੀ ਦੁਆਰਾ ਲਗਵਾਇਆ ਜਾ ਰਿਹਾ ਹੈ ਔਰ ਉਸ ਥਰਮਲ ਪਲਾਂਟ ਨੂੰ ਜਿਹੜਾ ਰੇਲਵੇ ਟਰੈਕ ਜਾਣਾ ਹੈ, ਸਪੀਕਰ ਸਾਹਿਬ, ਉਹ ਰੇਲਵੇ ਟਰੈਕ 6 ਕਿਲੋਮੀਟਰ ਦੀ ਥਾਂ ਤੇ 25 ਕਿਲੋਮੀਟਰ ਲੰਮਾ ਕਰ ਦਿੱਤਾ ਗਿਆ ਹੈ। ਸਾਡੇ ਇੱਕ ਬੜੇ ਮਾਨਯੋਗ ਸਿਆਸੀ ਲੀਡਰ ਦੇ ਪਿੰਡ ਵਿੱਚੋਂ ਦੀ ਉਹ ਟਰੈਕ ਲੰਘਣਾ ਸੀ ਔਰ ਉਸਨੇ ਆਪਣੇ ਪਿੰਡ ਦੀ ਥਾਂ ਤੇ ਉਸ ਟਰੈਕ ਦਾ ਰਸਤਾ ਹੀ ਬਦਲਵਾ ਦਿੱਤਾ। ਹੁਣ ਉਹ ਟਰੈਕ ਲੰਮਾ ਹੋ ਗਿਆ, 6 ਕਿਲੋਮੀਟਰ ਦੀ ਥਾਂ ਤੇ 25 ਕਿਲੋਮੀਟਰ ਹੋ ਗਿਆ ਹੈ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ , ਇਹ ਜੋ ਮਸਲਾ ਉਠਾ ਰਹੇ ਹਨ, ਕੀ ਇਹ ਗਵਰਨਰ ਐਡਰੈਸ ਦੀ ਗੱਲ ਹੈ?

ਮਾਨਯੋਗ ਸਪੀਕਰ : ਮਿੱਤਲ ਜੀ, ਬੈਠੋ।

ਸਰਦਾਰ ਕੁਲਜੀਤ ਸਿੰਘ ਨਾਗਰਾ : ਮੇਰੀ ਗੱਲ ਪੂਰੀ ਹੋਣ ਦਿਓ ਜੀ, ਬੜਾ ਸੀਰੀਅਸ ਇਸ਼ੂ ਹੈ। ਤੁਹਾਡੇ ਲਈ ਵੀ ਸੀਰੀਅਸ ਹੈ, ਔਰ ਉਸ ਦੇ ਖਿਲਾਫ ਚੋਣਾਂ ਤੋਂ ਪਹਿਲਾਂ ਵੀ ਲੋਕਾਂ ਤੇ ਕਿਸਾਨਾਂ ਵੱਲੋਂ ਧਰਨੇ ਪ੍ਰਦਰਸ਼ਨ ਹੋਏ ਹਨ ਅਤੇ ਪਰਚੇ ਦਰਜ ਕੀਤੇ ਗਏ ਹਨ, ਮੇਰੇ ਤੇ ਵੀ ਪਰਚਾ ਦਰਜ ਹੋਇਆ। ਲੋਕਾਂ ਨੇ ਜੀ. ਟੀ. ਰੋਡ ਰੋਕਿਆ। ਉਸ ਤੋਂ ਬਾਅਦ ਫਿਰ ਚੋਣਾਂ ਕਰਕੇ ਇਹ ਮਸਲਾ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ ਔਰ ਚੋਣਾਂ ਤੋਂ ਬਾਅਦ ਕੱਲ੍ਹ ਫਿਰ 10 ਮਹਿਕਮੇ ਦੇ ਅਫਸਰਾਂ ਨੇ ਉਥੇ ਜਾ ਕੇ ਜ਼ਮੀਨ ਐਕਵਾਇਰ ਕਰਨ ਦਾ ਜਿਹੜਾ ਪ੍ਰਾਸੈਸ ਸੀ, ਸ਼ੁਰੂ ਕਰ ਦਿੱਤਾ ਹੈ ਔਰ ਉਨ੍ਹਾਂ ਦਾ ਆਬਜੈਕਸ਼ਨ ਐਸ. ਡੀ. ਐਮ, ਫਤਹਿਗੜ੍ਹ ਸਾਹਿਬ .....

ਮਾਨਯੋਗ ਸਪੀਕਰ : ਇਹ ਰੇਲਵੇ ਦਾ ਮਸਲਾ ਸੈਂਟਰ ਨਾਲ ਕੰਸਰਨਡ ਹੈ, ਬੈਠੋ ਜੀ।

ਸਰਦਾਰ ਕੁਲਜੀਤ ਸਿੰਘ ਨਾਗਰਾ : ਸਰ ਪਲੀਜ਼, ਕੱਲ੍ਹ ਕਿਸਾਨਾਂ ਨੇ ਫਿਰ ਜੀ. ਟੀ. ਰੋਡ ਉੱਤੇ ਪਰਦਰਸ਼ਨ ਕੀਤਾ ਹੈ। ਮੈਂ, ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਮਸਲਾ ਮਾਨਸਾ ਵਰਗਾ ਦੁਬਾਰਾ ਬਣ ਜਾਣਾ ਹੈ ਪਰ ਅਸੀਂ ਨਹੀਂ ਬਣਾਉਣਾ ਚਾਹੁੰਦੇ। ਤੁਸੀਂ ਇਸ ਤੇ ਧਿਆਨ ਦਿਓ, ਕਮੇਟੀ ਬਣਾ ਕੇ ਉਥੇ ਜਿਹੜੇ ਕਿਸਾਨਾਂ ਦੀਆਂ ਜ਼ਮੀਨਾਂ ਉਜੜ ਰਹੀਆਂ ਹਨ, ਉਨ੍ਹਾਂ ਦਾ ਹੱਲ ਜ਼ਰੂਰ ਕਰੋ। ਮੈਂ ਸੀ. ਐਮ ਸਾਹਿਬ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ।

RESUMPTION OF DISCUSSION ON GOVERNOR'S ADDRESS AND VOTE ON THE MOTION OF THANKS.

ਮਾਨਯੋਗ ਸਪੀਕਰ : ਹੁਣ 26 ਮਾਰਚ, 2012 ਨੂੰ ਸਰਦਾਰ ਵਿਰਸਾ ਸਿੰਘ ਵਲਟੋਹਾ,

[ਮਾਨਯੋਗ ਸਪੀਕਰ]

ਐਮ. ਐਲ. ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸ੍ਰੀ ਮਨੋਰੰਜਨ ਕਾਲੀਆ, ਐਮ. ਐਲ. ਏ. ਦੁਆਰਾ ਪ੍ਰੋੜ੍ਹਤਾ ਕੀਤੇ ਗਏ ਨਿਮਨ ਲਿਖਤ ਪ੍ਰਸਤਾਵ ਤੇ ਹੋਰ ਬਹਿਸ:-

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:-

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ, ਜੋ ਉਨ੍ਹਾਂ ਨੇ 21 ਮਾਰਚ, 2012 ਨੂੰ ਸਦਨ ਵਿੱਚ ਦੇਣ ਦੀ ਕਿਰਪਾਲਤਾ ਕੀਤੀ।"

ਮਾਨਯੋਗ ਸਪੀਕਰ : ਰਾਜਪਾਲ ਜੀ ਦੇ ਭਾਸ਼ਣ ਲਈ ਪ੍ਰਸਤਾਵ ਦੀ ਵੋਟ ਤੇ 6 ਸੋਧਨਾਵਾਂ ਕਰਨ ਲਈ ਰਾਣਾ ਗੁਰਮੀਤ ਸਿੰਘ ਸੋਢੀ, ਐਮ. ਐਲ. ਏ. ਵੱਲੋਂ ਨੋਟਿਸ ਪ੍ਰਾਪਤ ਹੋਇਆ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਨੂੰ ਪੜ੍ਹਿਆ ਅਤੇ ਪ੍ਰਸਤਾਵਿਤ ਕੀਤਾ ਗਿਆ ਸਮਝਿਆ ਜਾਵੇ?

(ਅਵਾਜ਼ਾਂ: ਹਾਂ ਜੀ, ਹਾਂ ਜੀ।)

(1) ਪੈਰ੍ਹਾ 17 ਹੇਠ ਲਿਖੇ ਅਨੁਸਾਰ ਬਦਲ ਦਿੱਤਾ ਜਾਵੇ:

"13ਵੇਂ ਵਿੱਤ ਕਮਿਸ਼ਨ ਨੇ ਸਾਫ ਤੌਰ ਤੇ ਦਰਸਾਇਆ ਹੈ ਕਿ ਪੰਜਾਬ, ਕੇਰਲਾ ਅਤੇ ਪੱਛਮੀ ਬੰਗਾਲ ਦੇ ਨਾਲ-ਨਾਲ ਦੇਸ਼ ਵਿੱਚ ਸਭ ਤੋਂ ਵੱਧ ਵਿੱਤੀ ਸੰਕਟ ਨਾਲ ਜੂਝ ਰਹੇ ਰਾਜ ਹਨ। ਇਹ ਕੇਵਲ 2007-12 ਦੇ ਸਮੇਂ ਦੇ ਦੌਰਾਨ ਵਾਪਰਿਆ ਕਿਉਂਕਿ ਅਰਥ ਵਿਵਸਥਾ ਵਿਕਾਸ ਦੀ ਦਰ ਨੂੰ ਜਾਰੀ ਨਹੀਂ ਰੱਖ ਸਕੀ। ਖੇਤੀਬਾੜੀ ਦੀ ਵਿਕਾਸ ਦਰ ਸਥਿਰ ਸੀ, ਨਵਾਂ ਉਦਯੋਗਿਕ ਨਿਵੇਸ਼ ਤੇਜ਼ੀ ਨਾਲ ਘਟਿਆ, ਬੁਨਿਆਦੀ ਢਾਂਚੇ ਵਿੱਚ ਵਿਗਾੜ ਆਇਆ ਅਤੇ ਇਨ੍ਹਾਂ ਕਾਰਨਾਂ ਕਰਕੇ ਵਿਕਾਸ ਦਰ ਘਟੀ ਜਦੋਂ ਕਿ ਇਸ ਦੀ ਤੁਲਨਾ ਔਸਤਨ ਰਾਸ਼ਟਰੀ ਵਿਕਾਸ ਨਾਲ ਕੀਤੀ ਜਾਵੇ ਅਤੇ ਲੋਕਾਂ ਨੇ ਪੰਜਾਬ ਨੂੰ ਭਾਰਤ ਦੇ ਬਿਮਾਰੂ ਰਾਜਾਂ ਵਿੱਚੋਂ ਇਕ ਕਹਿਣਾ ਸ਼ੁਰੂ ਕਰ ਦਿੱਤਾ।

(2) ਪੈਰ੍ਹਾ 18 ਨੂੰ ਨਿਮਨਲਿਖਤ ਨਾਲ ਬਦਲ ਦਿੱਤਾ ਜਾਵੇ:

"2007 ਅਤੇ 2012 ਦੇ ਵਿਚਕਾਰ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਨੂੰ ਉਪਚਾਰਿਆ ਗਿਆ ਜਿਵੇਂ ਕਿ ਇਨ੍ਹਾਂ ਖੇਤਰਾਂ ਵਿੱਚ ਰਾਜ ਵੱਲੋਂ ਫੰਡਾਂ ਦੀ ਵੰਡ ਕਾਫੀ ਹੱਦ ਤੱਕ ਘੱਟ ਗਈ। ਪੰਜਾਬ ਸਰਕਾਰ ਨੂੰ ਐਸ. ਐਸ. ਏ. ਵਜੋਂ ਕੇਂਦਰੀ ਸਕੀਮ ਐਨ. ਆਰ. ਐਚ. ਐਮ. ਤੇ ਨਿਰਭਰ ਹੋਣ ਦੀ ਬਜਾਏ ਇਨ੍ਹਾਂ ਖੇਤਰਾਂ ਵਿੱਚ ਆਪਣੇ ਸਾਧਨ ਲਗਾਉਣ ਵਿੱਚ ਵਿਚਾਰ ਕਰਨਾ ਚਾਹੀਦਾ ਹੈ।"

(3) ਪੈਰ੍ਹਾ 21 ਵਿੱਚ, ਅਖੀਰ ਵਾਕ ਕੱਟ ਦਿੱਤਾ ਜਾਵੇ।

(4) ਪੈਰ੍ਹਾ 26 ਅਤੇ 27 ਆਪਸ ਵਿੱਚ ਉਲਟ ਹਨ ਅਤੇ ਸਦਨ ਚਾਹੁੰਦਾ ਹੈ ਕਿ

ਮਾਨਯੋਗ ਮੁੱਖ ਮੰਤਰੀ ਰਾਜਪਾਲ ਦੇ ਅਭਿਵਾਸ਼ਨ ਤੇ ਬਹਿਸ ਦੇ ਜਵਾਬ ਦਿੰਦਿਆਂ ਹੋਇਆਂ ਅਰਥਚਾਰੇ ਵਿੱਚ ਉਤਪਾਦੀ ਨਿਵੇਸ਼ ਨੂੰ ਵਾਧਾ ਦੇਣ ਲਈ ਨੀਤੀਆਂ ਦਾ ਵਿਸ਼ੇਸ਼ ਕਰਕੇ ਵਰਨਣ ਕਰਨ।

(5) ਪੈਰ੍ਹਾ 108 ਦੇ ਅੰਤ ਵਿੱਚ, ਨਿਮਨਿਖਿਤ ਜੋੜ ਦਿੱਤਾ ਜਾਵੇ:-

"ਪ੍ਰਵੇਗਿਤ ਸਿੰਜਾਈ ਲਾਭਦਾਇਕ ਸਕੀਮ" ਲਈ ਰਾਜ ਸਰਕਾਰ ਤੋਂ 75% ਫੰਡ ਲੋੜੀਂਦੇ ਹਨ। ਸਦਨ ਨੂੰ ਵਾਸਤਵ ਵਿੱਚ ਵਿਸ਼ਵਾਸ ਦਿਵਾਉਣ ਤੋਂ ਪਹਿਲਾਂ ਰਾਜ ਆਪਣੇ ਹਿੱਸੇ ਦੀ ਵਚਨਬੱਧਤਾ ਦੁਹਰਾਏਗਾ ਕਿ ਇਹ ਵਾਅਦਾ ਪੂਰਾ ਕੀਤਾ ਜਾਵੇ ਕਿਉਂਕਿ ਇਸ ਸਬੰਧੀ ਕਈ ਵਾਰ ਬਜਟ ਕਾਗਜ਼ ਪੱਤਰਾਂ ਅਤੇ ਮਾਨਯੋਗ ਗਵਰਨਰ ਦੇ ਭਾਸ਼ਣ ਤੇ ਗੱਲਬਾਤ ਹੋ ਚੁੱਕੀ ਹੈ।"

(6) ਪੈਰ੍ਹਾ 117 ਅਤੇ ਪੈਰ੍ਹਾ 118 ਦੇ ਅੰਤ ਵਿੱਚ ਨਿਮਨਲਿਖਤ ਜੋੜ ਦਿੱਤਾ ਜਾਵੇ:-

"ਪੰਜਾਬ ਸਰਕਾਰ ਆਪਣੇ ਹਿੱਸੇ ਦੀ ਫੰਡਿੰਗ ਪੂਰੀ ਕਰਨ ਲਈ ਫੰਡ ਲੱਭੇਗੀ, ਜੋ ਕਿ ਅਸੰਭਵ ਲੱਗਦਾ ਹੈ ਕਿਉਂਕਿ ਰਾਜ ਦੀ ਵਿੱਤੀ ਹਾਲਤ ਪਹਿਲਾਂ ਹੀ ਨਾਜ਼ੁਕ ਹੈ ਕਿਉਂਕਿ ਰਾਜ ਦੁਆਰਾ, ਕੇਂਦਰੀ ਸਕੀਮ ਦੇ ਪੂਰੇ ਲਾਭ ਚੁੱਕਣ ਲਈ ਬਰਾਬਰ ਦੇ ਫੰਡ ਮੁਹੱਈਆ ਨਹੀਂ ਕੀਤੇ ਜਾ ਸਕਦੇ।"

ਮਾਨਯੋਗ ਸਪੀਕਰ : ਮਿਤੀ 26.3.2012 ਨੂੰ ਸ਼੍ਰੀ ਤਰਲੋਚਨ ਸਿੰਘ, ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬੋਲ ਰਹੇ ਹਨ ਅਤੇ ਉਸ ਸਮੇਂ ਸਦਨ ਦੀ ਕਾਰਵਾਈ ਖਤਮ ਹੋ ਗਈ ਸੀ, ਹੁਣ ਉਹ ਆਪਣਾ ਭਾਸ਼ਣ ਮੁੜ ਆਰੰਭ ਕਰਨ।

ਸ਼੍ਰੀ ਤਰਲੋਚਨ ਸਿੰਘ (ਬੰਗਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ। ਕੱਲ੍ਹ ਕਿਉਂਕਿ ਮੈਂ ਲਾਅ ਐਂਡ ਆਰਡਰ ਤੇ ਬੋਲ ਰਿਹਾ ਸੀ ਜੋ ਸਪੀਕਰ ਸਾਹਿਬ, ਰਾਜਪਾਲ ਜੀ ਤੋਂ ਇਸ ਸਰਕਾਰ ਨੇ ਝੂਠ ਬੁਲਵਾਇਆ ਹੈ, ਆਪਾਂ ਉਸ ਬਾਰੇ ਸਾਰੇ ਹੀ ਜਾਣਦੇ ਹਾਂ। ਇਹ ਜਿਹੜਾ forceful mandate ਲਿਖਿਆ ਹੈ for peace and communal harmony, development and constructive politics ਦੇ ਬਾਰੇ, ਮੈਂ ਇਸ ਦੇ ਬਾਰੇ ਕੱਲ੍ਹ ਵੀ ਗੱਲ ਕੀਤੀ ਸੀ ਕਿ ਜੋ ਹਾਲਾਤ ਪੰਜਾਬ ਦੇ ਇਸ ਵੇਲੇ ਬਣੇ ਹੋਏ ਹਨ ਉਨ੍ਹਾਂ ਬਾਰੇ ਆਪਣੇ ਮੁੱਖ ਮੰਤਰੀ ਸਾਹਿਬ ਸਾਰਿਆਂ ਨਾਲੋਂ ਬਿਹਤਰ ਜਾਣਦੇ ਹਨ ਕਿਉਂਜੋ ਇੰਟੈਲੀਜੈਂਸ ਏਜੰਸੀਆਂ ਨੇ ਇਨ੍ਹਾਂ ਨੂੰ ਸਾਰੇ ਪੰਜਾਬ ਦੇ ਹਾਲਾਤ ਤੋਂ ਜਾਣੂੰ ਕਰਵਾਇਆ ਹੈ। ਇਸ ਦੇ ਬਾਰੇ ਵੱਖ-ਵੱਖ ਅਖਬਾਰਾਂ ਦੇ ਵਿੱਚ ਵੀ ਆਇਆ ਹੈ ਔਰ ਸਾਰਿਆਂ ਨੂੰ ਪਤਾ ਵੀ ਹੈ ਕਿ ਸਾਰੇ ਪੰਜਾਬ ਦੇ ਵਿੱਚ ਰੈਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ ਔਰ ਸਾਰੇ ਪੰਜਾਬ ਵਿੱਚ ਫਲੈਗ ਮਾਰਚ ਹੋ ਰਹੇ ਹਨ। ਕੀ ਇਹ ਸ਼ਾਂਤੀ ਹੈ ਜਾਂ lull before the storm ਹੈ? ਇਸ ਗੱਲ ਨੂੰ ਮੁੱਖ ਮੰਤਰੀ

[ਸ਼੍ਰੀ ਤਰਲੋਚਨ ਸਿੰਘ]

ਸਾਹਿਬ ਜ਼ਰੂਰ ਨੋਟ ਕਰ ਲੈਣ ਕਿਉਂਕਿ ਪੰਜਾਬ ਦੇ ਹਾਲਾਤ ਫਿਰ ਉਹੋ ਜਿਹੇ ਹੀ ਬਣਦੇ ਜਾ ਰਹੇ ਹਨ ਜੋ 1977 ਔਰ 1978 ਵਿੱਚ ਸਨ। ਉਸ ਵਰਗੇ ਹੀ ਹਾਲਾਤ ਬਣਦੇ ਨਜ਼ਰ ਆ ਰਹੇ ਹਨ ਜਿਸ ਦੌਰ ਵਿੱਚੋਂ ਪੰਜਾਬ ਨਿਕਲ ਕੇ ਆਇਆ ਸੀ, ਉਸ ਬਾਰੇ ਆਪਾਂ ਸਾਰਿਆਂ ਨੂੰ ਪਤਾ ਹੈ। ਅਸੀਂ ਕਾਂਗਰਸ ਪਾਰਟੀ ਵਾਲੇ, ਸਾਡੇ ਸੀ. ਐਲ. ਪੀ. ਲੀਡਰ ਸਾਹਿਬ, ਪ੍ਰਧਾਨ ਜੀ, ਅਸੀਂ ਸਾਰੇ ਸਰਦਾਰ ਬੇਅੰਤ ਸਿੰਘ ਹੋਰਾਂ ਦੇ ਪਰਿਵਾਰ ਨਾਲ ਖੜ੍ਹੇ ਹਾਂ ਅਤੇ ਇਸ ਦੇ ਨਾਲ ਹੀ ਅਸੀਂ ਅੱਤਵਾਦ ਦੇ ਵਿਰੁੱਧ ਵੀ ਬੜਾ ਡੱਟ ਕੇ ਖੜ੍ਹੇ ਹਾਂ ਕਿਉਂਕਿ ਬਹੁਤ ਵੱਡੀਆਂ ਵੱਡੀਆਂ ਕੁਰਬਾਨੀਆਂ ਦੇ ਕੇ ਅਸੀਂ ਇਹ ਅਮਨ ਔਰ ਸ਼ਾਂਤੀ ਪੰਜਾਬ ਵਿੱਚ ਲੈ ਕੇ ਆਏ ਸੀ। ਮੈਂ ਰਾਤ ਥੋੜ੍ਹੀ ਜਿਹੀ ਮਿਹਨਤ ਕੀਤੀ ਹੈ ਕਿਉਂਕਿ ਮੇਰੇ ਸਾਥੀ ਮੈਨੂੰ ਕੱਲ੍ਹ ਕਹਿਣ ਲੱਗੇ ਕਿ ਤਰਲੋਚਨ, ਕੱਲ੍ਹ ਤੂੰ ਥੋੜ੍ਹਾ ਜਿਹਾ ਇਮੋਸ਼ਨਲ ਹੋ ਗਿਆ ਸੀ। ਜਿਸ ਬੇਟੇ ਨੇ ਆਪਣੇ ਬਾਪ ਦੇ ਸਿਰ ਵਿੱਚ 12 ਗੋਲੀਆਂ ਲੱਗੀਆਂ ਹੋਈਆਂ ਦੇਖੀਆਂ ਹੋਣ, ਤੁਸੀਂ ਮੈਨੂੰ ਆਪ ਹੀ ਦੱਸੋ ਕਿ ਉਹ ਇਮੋਸ਼ਨਲ ਨਹੀਂ ਹੋਏਗਾ ਤਾਂ ਹੋਰ ਕੀ ਹੋਏਗਾ? ਮੈਂ ਤੁਹਾਡੇ ਰਾਹੀਂ ਹਾਊਸ ਤੋਂ ਇਹ ਜਾਣਨਾ ਚਾਹੁੰਦਾ ਹਾਂ ਅਤੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਤੋਂ ਇਹ ਵੀ ਸਹਿਮਤੀ ਲੈਣਾ ਚਾਹੁੰਦਾ ਹਾਂ ਕਿ ਕੀ ਆਪਾਂ ਸਾਰੇ ਅੱਤਵਾਦ ਦੇ ਖਿਲਾਫ ਹਾਂ ਜਾਂ ਨਹੀਂ? ਬਾਦਲ ਸਾਹਿਬ ਕੀ ਆਪਾਂ ਅੱਤਵਾਦ ਦੇ ਖਿਲਾਫ ਹਾਂ ਜਾਂ ਨਹੀਂ?

ਮਾਨਯੋਗ ਸਪੀਕਰ : ਉਨ੍ਹਾਂ ਨੇ ਇਸ ਸਬੰਧ ਵਿੱਚ, ਜੋ ਕੁਝ ਕਹਿਣਾ ਸੀ, ਉਹ ਕਹਿ ਦਿੱਤਾ ਹੈ। ਉਹ ਇਸ ਸਬੰਧੀ ਆਪਣੀ ਸਟੇਟਮੈਂਟ ਦੇ ਚੁੱਕੇ ਹਨ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਦੇ ਸਾਬਕਾ ਸਪੀਕਰ ਸ਼੍ਰੀ ਬ੍ਰਿਜ ਭੂਸ਼ਣ ਮਹਿਰਾ ਜੀ. .....

ਮਾਨਯੋਗ ਸਪੀਕਰ : ਸੁਣੋ, ਤੁਸੀਂ ਆਪਣੀ ਗੱਲ ਲਈ ਕਿਸੇ ਮਨਿਸਟਰ ਨੂੰ ਕੰਪੈਲ ਨਹੀਂ ਕਰ ਸਕਦੇ ਕਿ ਤੁਹਾਡੀ ਗੱਲ ਦਾ ਜਵਾਬ ਦੇਵੇ।

ਸ਼੍ਰੀ ਤਰਲੋਚਨ ਸਿੰਘ : ਠੀਕ ਹੈ, ਸਪੀਕਰ ਸਾਹਿਬ, ਨੋਟ ਕਰਨ ਲਈ ਤਾਂ ਕਹਿ ਸਕਦੇ ਹਾਂ ਕਿ ਉਹ ਨੋਟ ਕਰ ਲੈਣ।

ਮਾਨਯੋਗ ਸਪੀਕਰ : ਤੁਸੀਂ ਆਪਣੇ ਤੌਰ ਤੇ ਜੋ ਕਹਿਣਾ ਹੈ, ਕਹਿ ਲਵੋ।

ਸ਼੍ਰੀ ਤਰਲੋਚਨ ਸਿੰਘ : ਠੀਕ ਹੈ ਜੀ। ਸ਼੍ਰੀ ਬ੍ਰਿਜ ਭੂਸ਼ਣ ਮਹਿਰਾ ਜੀ, ਜਿਹੜੇ ਕਿ ਇਸ ਪਵਿੱਤਰ ਸਦਨ ਦੇ ਸਪੀਕਰ ਰਹੇ, ਉਹ ਆਪਣੇ ਘਰ ਤੋਂ ਲੋਕਾਂ ਨੂੰ ਮਿਲ ਕੇ ਆਪਣੀ ਫੈਕਟਰੀ ਵੇਰਕਾ ਵਿਖੇ ਜਾਣ ਲਈ ਨਿਕਲੇ ਸਨ। ਉਹ ਆਪਣੇ ਘਰ ਤੋਂ ਹਾਲੇ ਥੋੜ੍ਹੀ ਦੂਰ ਹੀ ਗਏ ਸਨ ਕਿ ਉਨ੍ਹਾਂ ਦੇ ਸਿਰ ਵਿੱਚ ਗੋਲੀਆਂ ਮਾਰ ਕੇ ਉਨ੍ਹਾਂ ਨੂੰ ਮਾਰ ਦਿੱਤਾ। ਇਸ ਪਵਿੱਤਰ ਸਦਨ ਵਿੱਚ ਸਾਬਕਾ ਸਪੀਕਰ, ਡਾ. ਕੇਵਲ ਕ੍ਰਿਸ਼ਨ, ਆਪਾਂ ਉਨ੍ਹਾਂ ਬਾਰੇ ਵੀ ਜਾਣਦੇ ਹਾਂ ਜਿਨ੍ਹਾਂ ਨੂੰ ਜ਼ਿੰਦਾ ਸ਼ਹੀਦ ਦਾ ਖਿਤਾਬ ਦਿੱਤਾ ਗਿਆ ਔਰ ਮੈਨੂੰ, ਸਪੀਕਰ ਸਾਹਿਬ, ਬੜੇ ਅਫਸੋਸ ਨਾਲ

ਕਹਿਣਾ ਪੈ ਰਿਹਾ ਹੈ ਕਿ ਭਾਈ ਸ਼ਮਿੰਦਰ ਸਿੰਘ ਜੀ, ਔਰ ਤੁਸੀਂ ਫਿਰ ਕਹਿਣਾ ਹੈ ਕਿ ਉਨ੍ਹਾਂ ਦਾ ਨਾਂ ਲੈ ਦਿੱਤਾ ਹੈ, ਉਨ੍ਹਾਂ ਨੂੰ ਮੁੱਖ ਮੰਤਰੀ ਸਾਹਿਬ, ਬਾਦਲ ਸਾਹਿਬ ਦੀ ਮੁੱਛ ਦਾ ਵਾਲ ਵੀ ਕਹਿੰਦੇ ਸੀ, ਉਨ੍ਹਾਂ ਨੂੰ ਵੀ ਗੋਲੀਆਂ ਦੇ ਨਾਲ ਭੁੰਨ ਦਿੱਤਾ ਗਿਆ ਸੀ। ਪੰਥ ਰਤਨ ਸਾਡੇ ਮਾਸਟਰ ਤਾਰਾ ਸਿੰਘ ਜੀ ....

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਸਪੀਕਰ ਸਾਹਿਬ, ਪਹਿਲਾਂ ਅੱਗੇ ਇਨ੍ਹਾਂ ਕਰਕੇ ਹੀ ਪੰਜਾਬ ਦੇ ਹਾਲਾਤ ਖਰਾਬ ਹੋਏ ਸਨ। ਜਦੋਂ ਪਹਿਲਾਂ ਇਲੈਕਸ਼ਨ ਹੋਈ ਸੀ ਤਾਂ ਉਸ ਵੇਲੇ ਸਾਡੇ 23 ਉਮੀਦਵਾਰ ਮਾਰੇ ਗਏ ਸੀ ਪਰੰਤੂ ਜਦੋਂ ਇਨ੍ਹਾਂ ਨੇ ਇਲੈਕਸ਼ਨ ਲੜੀ ਸੀ ਤਾਂ ਇਨ੍ਹਾਂ ਦੇ ਇੱਕ ਵੀ ਰੋੜਾ ਨਹੀਂ ਵੱਜਿਆ ਔਰ ਸਾਡੇ 23 ਬੰਦੇ ਮਰੇ ਸਨ ਜਦੋਂ ਅਸੀਂ ਇਲੈਕਸ਼ਨ ਲੜੀ ਸੀ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, I am speaking on facts and figures. There is nothing wrong in my statement.

ਮਾਨਯੋਗ ਸਪੀਕਰ : ਚਲੋ, ਤੁਸੀਂ ਹੁਣ ਆਪਣੀ ਸਪੀਚ ਖਤਮ ਕਰੋ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਖਤਮ ਨਹੀਂ, ਹਾਲੇ ਤਾਂ ਮੈਂ ਸ਼ੁਰੂ ਕੀਤਾ ਹੈ। ਮੈਂ ਤਾਂ ਫੈਕਟਸ ਐਂਡ ਫਿਗਰਜ਼ ਤੇ ਬੋਲ ਰਿਹਾ ਹਾਂ।

ਮਾਨਯੋਗ ਸਪੀਕਰ : ਤੁਸੀਂ ਕੰਟੀਨਿਊ ਕਰੋ ਅਤੇ ਖਤਮ ਕਰੋ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਪਹਿਲਾਂ ਬੋਲਣ ਤਾਂ ਦਿਉ।

ਮਾਨਯੋਗ ਸਪੀਕਰ : ਤੁਸੀਂ ਆਪਣੀ ਪਾਰਟੀ ਦਾ ਟਾਈਮ ਹੀ ਖਰਾਬ ਕਰਨਾ ਹੈ। ਤੁਹਾਡੀ ਪਾਰਟੀ ਦਾ ਟਾਈਮ ਹੈ।

ਸ਼੍ਰੀ ਤਰਲੋਚਨ ਸਿੰਘ : ਸਰਦਾਰ ਦਰਸ਼ਨ ਸਿੰਘ ਕੈਨੇਡੀਅਨ, ਕਾਮਰੇਡ ਸਵਰਨ ਸਿੰਘ ਚੀਮਾ, ਸਾਬਕਾ ਐਮ. ਐਲ. ਏ., ਕਾਮਰੇਡ ਹਰਬੰਤ ਸਿੰਘ ਬੀਕਾ, ਕਾਮਰੇਡ ਚੰਨਣ ਸਿੰਘ ਧੂਤ ਇਸ ਹਾਊਸ ਦੇ ਮੈਂਬਰ ਸਨ। ਇਸੇ ਤਰ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਬਾਰੇ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ ਅਤੇ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਦੀ ਹੋ ਕੇ ਉਨ੍ਹਾਂ ਨੂੰ ਲੱਗੀਆਂ। ਕੀ ਆਪਾਂ ਸਾਰੇ ਹੁਣ ਮੁੜ ਕੇ ਉਹੋ ਜਿਹੇ ਹਾਲਾਤ ਲੈ ਕੇ ਆਉਣਾ ਚਾਹੁੰਦੇ ਹਾਂ, ਬਹੁਤ ਵੱਡੀਆਂ-ਵੱਡੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਹਨ। ਅੱਜ ਹਾਲਾਤ ਫਿਰ ਉਹੋ ਜਿਹੇ ਬਣੇ ਹੋਏ ਹਨ। ਤੁਸੀਂ ਜ਼ਰਾ ਬਾਹਰ ਨਿਕਲ ਕੇ ਵੇਖੋ ਕਿ ਬਾਹਰ ਕਿਸ ਤਰ੍ਹਾਂ ਆਰਡਰ ਆ ਰਹੇ ਹਨ ਕਿ ਬੀਬੀਆਂ, ਭੈਣਾਂ ਤੇ ਸਾਰਿਆਂ ਨੇ ਪੀਲੇ ਪਟਕੇ ਬੰਨ੍ਹ ਕੇ ਬਾਹਰ ਨਿਕਲਣਾ ਹੈ। ਕੱਲ੍ਹ ਨੂੰ ਸਾਰੇ ਪੰਜਾਬ ਵਿੱਚ ਬੰਦ ਦਾ ਸੱਦਾ ਦਿੱਤਾ ਹੋਇਆ ਹੈ। ਇਸ ਦੇ ਨਾਲ ਹੀ ਸਰਦਾਰ ਬਲਵੰਤ ਸਿੰਘ, ਸਾਬਕਾ ਖਜ਼ਾਨਾ ਮੰਤਰੀ ਕਿਸ ਤਰ੍ਹਾਂ ਗੋਲੀਆਂ ਦਾ ਨਿਸ਼ਾਨਾ ਬਣਿਆ। ਇਸੇ ਤਰ੍ਹਾਂ ਸਰਦਾਰ ਬਲਵੰਤ ਸਿੰਘ ਸਰਹਾਲੀ, ਭਾਵੇਂ ਕਿ ਉਹ ਅਕਾਲੀ ਦਲ ਦੇ ਐਮ. ਐਲ. ਏ. ਸਨ, ਉਨ੍ਹਾਂ ਨੂੰ ਵੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ। ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਉਤੇ

[ਸ਼੍ਰੀ ਤਰਲੋਚਨ ਸਿੰਘ]

ਵੀ ਗੋਲੀਆਂ ਚੱਲੀਆਂ। ਉਨ੍ਹਾਂ ਦੇ ਹੱਥ ਉਪਰ ਵੀ ਗੋਲੀ ਲੱਗੀ ਸੀ। ਅਕਾਲ ਤਖਤ ਦੇ ਜੱਥੇਦਾਰ ਗਿਆਨੀ ਪ੍ਰਤਾਪ ਸਿੰਘ ਜੀ, ਜਿਹੜੇ ਕਿ ਸ਼੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਪ੍ਰਕਰਮਾ ਕਰ ਰਹੇ ਸਨ, ਉਨ੍ਹਾਂ ਉਤੇ ਵੀ ਗੋਲੀਆਂ ਚੱਲੀਆਂ। ਆਈ. ਜੀ. ਅਟਵਾਲ ਸਾਹਿਬ ਜਿਹੜੇ ਕਿ ਸ੍ਰੀ ਹਰਿਮੰਦਰ ਸਾਹਿਬ ਵਿਚ ਮੱਥਾ ਟੇਕ ਕੇ ਬਾਹਰ ਆ ਰਹੇ ਸਨ। (ਸ਼ੋਰ, ਵਿਘਨ)

ਮਾਨਯੋਗ ਸਪੀਕਰ : ਮਿੱਤਲ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ। ਤੁਸੀਂ ਬੈਠੋ।

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਤਰਲੋਚਨ ਸਿੰਘ ਅਜੇ ਵੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਜਦੋਂ ਮੈਂ ਉਨ੍ਹਾਂ ਨੂੰ ਅਲਾਓ ਕਰ ਦਿੱਤਾ ਹੈ ਤਾਂ you should please sit down.

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਬੇਨਤੀ ਕੀਤੀ ਸੀ ਕਿ ਆਪਾਂ ਉਨ੍ਹਾਂ ਗੱਲਾਂ ਦੇ ਨਾਲ ਸਦਨ ਦੀ ਕਾਰਵਾਈ ਚਲਾਈਏ ਜਿਨ੍ਹਾਂ ਦੇ ਨਾਲ ਇੱਕ ਚੰਗਾ ਵਾਤਾਵਰਣ ਬਣੇ ਅਤੇ ਪੰਜਾਬ ਦੀ ਜਨਤਾ ਵਿਚ ਇੱਕ ਚੰਗਾ ਸੁਨੇਹਾ ਜਾਵੇ। ਅਗਰ ਫਿਰ ਵੀ ਇਹੋ ਜਿਹੀਆਂ ਗੱਲਾਂ ਦਾ ਜ਼ਿਕਰ ਕਰਨਾ ਹੈ ਤਾਂ ਫਿਰ ਸਾਨੂੰ ਉਥੋਂ ਸ਼ੁਰੂ ਕਰਨਾ ਪਵੇਗਾ ਕਿ ਅੱਤਵਾਦ ਕਿਸ ਨੇ ਸ਼ੁਰੂ ਕੀਤਾ, ਕਿਉਂ ਆਇਆ? ਅਰੋਮਾ ਹੋਟਲ ਵਿਚ ਪਹਿਲੀ ਮੀਟਿੰਗ ਕਿਸ ਨੇ ਕੀਤੀ? ਖਾਲਿਸਤਾਨ ਪ੍ਰੀਜ਼ੀਡੀਅਮ ਦਾ ਬਿੱਲ ਕਾਂਗਰਸ ਦੇ ਕਿਸ ਦਫਤਰ ਨੇ ਪੇਅ ਕੀਤਾ। ਉਸ ਸਮੇਂ ਕਾਂਗਰਸ ਪਾਰਟੀ ਦੇ ਪ੍ਰਧਾਨ ਕੌਣ ਸਨ? ਦਿੱਲੀ ਵਿਚ ਤਿੰਨ-ਚਾਰ ਨੇਤਾ ਬੈਠ ਕੇ ਸਾਰੇ ਆਤੰਕਵਾਦ ਨੂੰ ਫਾਈਨਾਂਸ ਕਰਦੇ ਸਨ ਅਤੇ ਉਹ ਤਿੰਨੋਂ ਹੀ ਨੇਤਾ ਆਤੰਕਵਾਦ ਦੇ ਹੱਥੋਂ ਮਾਰੇ ਗਏ। ਇਸ ਕਰਕੇ ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਇਤਿਹਾਸ ਨੂੰ ਨਾ ਦੁਹਰਾਉਣ। ਅਸੀਂ ਆਪਣੀਆਂ ਅੱਖਾਂ ਦੇ ਸਾਹਮਣੇ ਆਤੰਕਵਾਦ ਦੀਆਂ ਗੋਲੀਆਂ ਚਲਦੀਆਂ ਵੇਖੀਆਂ ਹਨ ਅਤੇ ਅਸੀਂ ਬਚ ਕੇ ਆਏ ਹਾਂ। ਇਸ ਕਰਕੇ ਅਸੀਂ ਇਸ ਇਤਿਹਾਸ ਨੂੰ ਨਾ ਛੇੜੀਏ। ਕੋਈ ਕੰਮ ਦੀ ਗੱਲ ਦੱਸੋ, ਆਪਣੇ ਹਲਕੇ ਦੀ ਗੱਲ ਕਰੋ। ਗਵਰਨਰ ਐਡਰੈਸ ਵਿਚ ਕੋਈ ਕਮੀ ਲਗਦੀ ਹੈ, ਸਾਡੀਆਂ ਪਾਲਿਸੀਆਂ ਵਿਚ ਕੋਈ ਕਮੀ ਲਗਦੀ ਹੈ, ਤੁਸੀਂ ਉਨ੍ਹਾਂ ਬਾਰੇ ਆਪਣੇ ਸੁਝਾਓ ਦਿਉ। ਮੁੱਖ ਮੰਤਰੀ ਸਾਹਿਬ ਨੇ ਬੜੀ ਖੁਲ੍ਹਦਿਲੀ ਨਾਲ ਕਿਹਾ ਹੈ ਕਿ ਮੈਂ ਅਕਾਲੀ ਦਲ ਅਤੇ ਬੀ.ਜੇ.ਪੀ. ਦਾ ਮੁੱਖ ਮੰਤਰੀ ਨਹੀਂ ਹਾਂ ਬਲਕਿ ਸਾਰਿਆਂ ਦਾ ਮੁੱਖ ਮੰਤਰੀ ਹਾਂ। ਤੁਸੀਂ ਰਾਤ ਨੂੰ ਉਨ੍ਹਾਂ ਦੇ ਘਰ ਜਾਓਗੇ ਤਾਂ ਉਹ ਤੁਹਾਨੂੰ ਰੋਟੀ ਵੀ ਖੁਆ ਕੇ ਭੇਜਣਗੇ। ਇਹੋ ਜਿਹੀਆਂ ਗੱਲਾਂ ਕਰਨ ਦਾ ਹੁਣ ਕੋਈ ਫਾਇਦਾ ਨਹੀਂ ਹੋਣਾ, ਅਸੀਂ ਤੁਹਾਡੇ ਨਾਲੋਂ ਜ਼ਿਆਦਾ ਬੋਲ ਸਕਦੇ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਪੁਰਾਣੇ ਇਤਿਹਾਸ ਨੂੰ ਨਾ ਫੋਲਿਆ ਜਾਵੇ ਅਤੇ ਜ਼ਖਮਾਂ ਨੂੰ ਦੁਬਾਰਾ ਗਰਮ ਨਾ ਕਰੀਏ। 1978 ਦਾ ਕਾਰਾ ਵੀ ਇਸੇ ਕਰਕੇ ਹੋਇਆ ਸੀ ਕਿਉਂਕਿ ਉਹ ਵੀ ਤੁਹਾਡਾ ਕਰਵਾਇਆ ਹੋਇਆ ਸੀ।

ਮਾਨਯੋਗ ਸਪੀਕਰ : ਬੈਠ ਜਾਉ।

ਸ੍ਰੀ ਤਰਲੋਚਨ ਸਿੰਘ : ਮੈਂ ਸ਼ਾਇਦ ਇਸ ਇਸ਼ੂ ਉਤੇ ਨਾ ਬੋਲਦਾ ਜੇਕਰ ਗਵਰਨਰ ਦੇ ਭਾਸ਼ਣ ਵਿਚ ਇਹ ਗੱਲ ਨਾ ਲਿਖੀ ਹੁੰਦੀ ਕਿ : "The massacre of innocent Sikhs in November in Delhi and some other parts of the country in 1984 still remains a blot on the conscience of the nation. Those widely perceived to be guilty of organising this outrage against humanity are yet to be punished and many of them have in fact enjoyed positions of political eminence and power. The Government demands exemplary punishment to the guilty and comprehensive relief to families that suffered in this dark period."

ਸਪੀਕਰ ਸਾਹਿਬ, ਕੀ ਇਸ ਸੰਦਰਭ ਦੇ ਵਿੱਚ ਮੈਂ ਉਹ ਗੱਲਾਂ ਜਿਹੜੀਆਂ ਸੱਚ ਹਨ, ਜੋ ਅਜੇ ਇਸ ਹਿਸਟਰੀ ਦਾ ਪਾਰਟ ਨਹੀਂ ਬਣੀਆਂ ਅਤੇ ਅਜੇ ਤਾਂ ਆਪਾਂ ਮੌਜੂਦਾ ਸਮੇਂ ਦੇ ਵਿਚੋਂ ਗੁਜ਼ਰ ਰਹੇ ਹਾਂ, ਕੀ ਉਹ ਕਹੀਆਂ ਨਹੀਂ ਜਾ ਸਕਦੀਆਂ? ਮੈਂ ਤੁਹਾਡੇ ਰਾਹੀਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦੇ ਹਜ਼ਾਰਾਂ ਵੱਡੇ-ਵੱਡੇ ਅਫਸਰ ਸਾਹਿਬਾਨ, ਹਜ਼ਾਰਾਂ ਹੀ ਮੁਲਾਜ਼ਮਾਂ, ਜਿਹੜੇ ਉਸ ਵੇਲੇ ਪੰਜਾਬ ਨੂੰ ਅੱਤਵਾਦ ਤੋਂ ਬਚਾ ਰਹੇ ਸਨ, ਜਿਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਦਿੱਤੀਆਂ, ਕੀ ਉਨ੍ਹਾਂ ਦੀ ਇਸ ਹਾਊਸ ਦੇ ਵਿੱਚ ਮੈਂ ਵਿਆਖਿਆ ਨਹੀਂ ਕਰ ਸਕਦਾ? ਸਪੀਕਰ ਸਾਹਿਬ, ਅਖਬਾਰਾਂ ਦੇ ਮਾਲਕ ਲਾਲਾ ਜਗਤ ਨਰਾਇਣ ਜੀ ਅਤੇ ਰਮੇਸ਼ ਚੰਦਰ ਜੀ, ਅਖਬਾਰਾਂ ਵੇਚਣ ਵਾਲੇ ਹਾਕਰ, ਜਿਹੜੇ ਇੱਕ ਗਰੀਬ ਪਰਿਵਾਰ ਦੇ ਨਾਲ ਸਬੰਧ ਰੱਖਦੇ ਸਨ, ਉਨ੍ਹਾਂ ਦਾ ਕੀ ਕਸੂਰ ਸੀ? ਕੀ ਕਸੂਰ ਸੀ, ਜਿਨ੍ਹਾਂ ਨੂੰ ਨਿਹੱਥਿਆਂ ਨੂੰ ਗੋਲੀਆਂ ਮਾਰ-ਮਾਰ ਕੇ ਮਾਰ ਦਿੱਤਾ ਗਿਆ। ਸਪੀਕਰ ਸਾਹਿਬ, ਸਾਹਿਤਕਾਰ ਨੂੰ, ਮੈਨੂੰ ਉਸ ਸਮੇਂ ਦੀ ਕਹਾਣੀ ਪੜ੍ਹ ਕੇ ਰੋਣਾ ਆ ਰਿਹਾ ਹੈ, ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਪੋਤਾ, ਦੋ ਕਲੀਨਸ਼ੇਵਨ ਸਕੂਟਰ ਤੇ ਜਾ ਰਹੇ ਸੀ ਅਤੇ ਉਸ ਨੇ ਉਨ੍ਹਾਂ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਕਿ ਮੈਂ ਪ੍ਰੀਤਲੜੀ ਦਾ ਪੋਤਾ ਹਾਂ, ਮੈਂ ਇੱਕ ਸਿੱਖ ਫੈਮਲੀ ਦੇ ਨਾਲ ਰੀਲੇਟਿਡ ਹਾਂ, ਉਸ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। (ਵਿਘਨ)

ਮਾਨਯੋਗ ਸਪੀਕਰ : ਸਿੰਗਲਾ ਸਾਹਿਬ ਬੈਠ ਜਾਓ, ਸਿੰਗਲਾ ਸਾਹਿਬ ਬੈਠ ਜਾਓ, ਖਤਮ ਕਰਨ ਦਿਓ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਨਹੀਂ ਸੀ ਬੋਲਣਾ, ਜੇ ਇਹ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ 1984 ਦੀਆਂ ਗੱਲਾਂ ਨਾ ਕਰਦੇ। ਸਪੀਕਰ ਸਾਹਿਬ, ਮੈਂ ਉਹ ਨਾਮ ਲੈਣ ਲੱਗਿਆਂ ਹਾਂ ਜਿਹੜੇ ਇਸੇ ਸਦਨ ਦੇ ਮੈਂਬਰ ਰਹੇ ਅਤੇ ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ। ਸਰਦਾਰ ਬੇਅੰਤ ਸਿੰਘ ਜੀ, ਸਰਦਾਰ ਸਤਨਾਮ ਸਿੰਘ ਬਾਜਵਾ ਜੀ, ਸ਼੍ਰੀ ਦਰਸ਼ਨ ਸਿੰਘ ਕੇ. ਪੀ. ਜੀ, ਲਾਲਾ ਭਗਵਾਨ ਦਾਸ, ਸਾਬਕਾ ਮੰਤਰੀ, ਸ਼੍ਰੀ ਜੋਗਿੰਦਰ ਪਾਲ ਪਾਂਡੇ ਜੀ, ਸ਼੍ਰੀ ਪਿਆਰਾ ਰਾਮ ਢਿੱਲੋਂ ਜੀ, ਡਾ: ਸਾਧੂ ਰਾਮ ਜੀ, ਸ਼੍ਰੀ ਸੱਤ ਪਾਲ ਪ੍ਰਾਸ਼ਰ ਜੀ। ..... (ਵਿਘਨ)

ਮਾਨਯੋਗ ਸਪੀਕਰ : ਤਰਲੋਚਨ ਸਿੰਘ ਜੀ ਤੁਸੀਂ ਬੈਠੋ, ਮੁੱਖ ਮੰਤਰੀ ਸਾਹਿਬ ਬੋਲਣਗੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਸਦਨ ਦੇ ਦੋਵੇਂ ਪਾਸੇ ਦੇ ਮੈਂਬਰਾਂ ਨੂੰ ਅਪੀਲ ਹੈ, ਬੇਨਤੀ ਹੈ ਖਾਸ ਕਰਕੇ ਜਾਖੜ ਸਾਹਿਬ ਨੂੰ ਬੇਨਤੀ ਹੈ ਕਿ ਜਿਹੜੀ ਚੀਜ਼ ਦਾ ਪੰਜਾਬ ਦੀ ਅਮਨ ਸ਼ਾਂਤੀ ਦੇ ਵਾਸਤੇ ਕੋਈ ਫਾਇਦਾ ਨਹੀਂ ਹੋਣਾ, ਨੁਕਸਾਨ ਹੋਣਾ ਹੈ, ਉਹ ਕਿਉਂ ਡਿਸਕਸ ਕਰਦੇ ਹੋ? ਮਿਹਰਬਾਨੀ ਕਰੋ, ਆਪਣੇ ਮੈਂਬਰ ਸਾਹਿਬ ਨੂੰ ਆਖੋ ਕਿ ਉਸਦੇ ਜ਼ਜ਼ਬਾਤ ਆ ਗਏ ਹਨ, ਇੱਕ ਇਸ਼ਾਰਾ ਬੜਾ ਹੁੰਦਾ ਹੈ, ਜੇ ਉਸ ਜ਼ਖਮ ਨੂੰ ਕੁਰੇਦੀ ਜਾਵੋ, ਕੁਰੇਦੀ ਜਾਵੋ ਤਾਂ ਉਹ ਹੋਰ ਹਰਾ ਹੁੰਦਾ ਹੈ। ਇਸ ਲਈ ਮੇਰੀ ਦੋਵੇਂ ਪਾਸੇ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਆਪਾਂ ਗੁਰੇਜ਼ ਕਰੀਏ, ਜਿੰਨਾ ਗੁਰੇਜ਼ ਕਰਾਂਗੇ, ਚੰਗਾ ਹੈ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਬੜੇ ਹੀ ਸਤਿਕਾਰਯੋਗ ਲੀਡਰ ਆਫ ਦਿ ਹਾਊਸ ਨੇ ਗੱਲ ਕੀਤੀ ਹੈ ਤਾਂ ਜੇ ਇਨ੍ਹਾਂ ਦੇ ਵਿੱਚ ਇੰਨਾ ਹੌਸਲਾ ਨਹੀਂ ਹੈ ਕਿ ਇਹ ਸਾਡੀਆਂ ਸੱਚੀਆਂ ਗੱਲਾਂ ਸੁਣ ਸਕਦੇ। ਇਹ ਜਿਹੜਾ ਗਵਰਨਰ ਐਡਰੈਸ ਦੇ ਵਿੱਚ ਪੈਰ੍ਹਾ 46 ਹੈ, ਇਹ ਇਨ੍ਹਾਂ ਨੂੰ ਵਿਦਡਰਾਅ ਕਰ ਲੈਣਾ ਚਾਹੀਦਾ ਹੈ। ਇਸ ਪਵਿੱਤਰ ਸਦਨ ਦੇ ਮੈਂਬਰ ਅਤੇ ਸਾਡੇ ਸਾਬਕਾ ਸਾਥੀ ਸਾਹਿਬਾਨ, ਸਾਬਕਾ ਐਮ. ਐਲ. ਏ. ਸਾਹਿਬਾਨ ਅਤੇ ਉਸ ਸਮੇਂ ਦੇ ਮੌਜੂਦਾ ਮੁੱਖ ਮੰਤਰੀ (ਵਿਘਨ)

ਮਾਨਯੋਗ ਸਪੀਕਰ : ਮਜੀਠੀਆ ਸਾਹਿਬ ਦੀ ਗੱਲ ਸੁਣ ਲਓ। ਮਜੀਠੀਆ ਸਾਹਿਬ ਦੀ ਗੱਲ ਸੁਣ ਲਓ। ਮੈਂ ਤਰਲੋਚਨ ਸਿੰਘ ਜੀ ਤੁਹਾਨੂੰ ਕਿਹਾ ਹੈ ਕਿ ਮਜੀਠੀਆ ਸਾਹਿਬ ਦੀ ਗੱਲ ਸੁਣ ਲਓ। Please sit down.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਬਾਦਲ ਸਾਹਿਬ ਨੂੰ ਇਸ ਕੰਮ ਨੂੰ ਹੰਢਾਉਂਦੇ ਹੋਏ 50-60 ਸਾਲ ਹੋ ਗਏ ਹਨ। ਤੁਹਾਨੂੰ ਵੀ ਉਨ੍ਹਾਂ ਗੱਲਾਂ ਦਾ ਪਤਾ ਹੈ, ਕੋਈ ਫਾਇਦਾ ਨਹੀਂ। ਪੈਰ੍ਹਾ ਵਿਦਡਰਾਅ ਕਰ ਲਓ, ਕੀ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਇਹ ਸਮਝਦੇ ਹਨ? 27 ਸਾਲ ਹੋ ਗਏ ਅੱਜ ਤੱਕ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ। ਪਾਜ਼ੇਟਿਵ ਗੱਲ ਕਰਨ ਦੀ ਲੋੜ ਹੈ। Everybody has lot of hope from you but this debate is leading in the wrong direction which will not benefit the youth of Punjab or anybody. ਮੇਰੀ ਬੇਨਤੀ ਹੈ ਕਿ ਤੁਸੀਂ ਬੜੇ ਪੁਰਾਣੇ ਸਿਆਣੇ ਅਤੇ ਸੁਲਝੇ ਹੋਏ ਇਨਸਾਨ ਹੋ, ਆਪਾਂ ਡਿਬੇਟ ਵੱਲ ਆਈਏ, ਜਿਹੜੀ ਗੱਲ ਕਰਨ ਵਾਲੀ ਹੈ, ਪੰਜਾਬ ਦੇ ਲੋਕਾਂ ਦੇ ਭਲੇ ਵਾਲੀ, ਉਹ ਕਰੀਏ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕੱਲ੍ਹ ਵੀ ਗੱਲ ਕਰਦਿਆਂ ਇਥੇ ਚੀਫ ਮਨਿਸਟਰ ਸਾਹਿਬ ਨੇ, he himself said ਕਿ ਕਾਂਗਰਸ ਨੇ ਜੋ ਸਟੈਂਡ ਲਿਆ, ਇਕੱਲੇ ਕਾਂਗਰਸ ਨੇ ਹੀ ਨਹੀਂ ਸਰਦਾਰ ਬੇਅੰਤ ਸਿੰਘ ਜੀ ਨੇ ਵੀ ਪੰਜਾਬ ਦੇ ਵਿੱਚ ਅਮਨ ਸ਼ਾਂਤੀ ਲਈ ਆਪਣੀ

ਕੁਰਬਾਨੀ ਦਿੱਤੀ। ਉਸੇ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਵਾਸਤੇ ਕੱਲ੍ਹ ਕਾਂਗਰਸ ਪਾਰਟੀ ਦੇ ਪੀ. ਸੀ. ਸੀ. ਪ੍ਰੈਜ਼ੀਡੈਂਟ ਨੇ ਇੱਕ ਬਿਆਨ ਸਪੈਸੀਫਿਕਲੀ ਇਸ ਮਸਲੇ ਬਾਰੇ ਦਿੱਤਾ ਕਿ ਬਾਦਲ ਸਾਹਿਬ, ਪੰਜਾਬ ਦੇ ਵਿੱਚ ਅਮਨ ਸ਼ਾਂਤੀ ਲਈ ਜੋ ਵੀ ਕਦਮ ਉਠਾਉਣਗੇ ਉਸ ਵਿੱਚ ਪੰਜਾਬ ਦੀ ਕਾਂਗਰਸ ਪਾਰਟੀ ਉਸ ਪੱਖ ਤੋਂ ਉਨ੍ਹਾਂ ਦੇ ਨਾਲ ਹੈ। But I think ਇਨ੍ਹਾਂ ਦਾ ਆਪਣਾ ਫਰਜ਼ ਬਣਦਾ ਹੈ। ਮੈਂ ਕੱਲ੍ਹ ਇਨ੍ਹਾਂ ਨੂੰ ਗੱਲ ਕਹੀ ਸੀ ਕਿ ਮਲ੍ਹਮ ਲਗਾਉਣ ਦੀ ਗੱਲ ਕਰੋ। Why is it, ਅੱਜ ਬੜੇ ਸਾਡੇ ਸਤਿਕਾਰਯੋਗ ਮੈਂਬਰ ਮਜੀਠੀਆ ਸਾਹਿਬ ਸਾਨੂੰ ਦੱਸ ਰਹੇ ਹਨ ਕਿ How should we run the House? ਇਹ ਸਿੰਪਲ ਕੁਐਸਚਨ ਹੈ ਕਿ ਮੱਲ੍ਹਮ ਲਗਾਉਣ ਦਾ ਕੰਮ ਹਮੇਸ਼ਾ ਕਾਂਗਰਸ ਪਾਰਟੀ ਹੀ ਕਰਦੀ ਹੈ। ਬਾਦਲ ਸਾਹਿਬ ਤੋਂ ਕੱਲ੍ਹ ਵੀ ਇਹੋ ਤਵੱਕੋ ਕੀਤੀ ਸੀ, ਤੁਸੀਂ ਸਾਰੇ ਪੰਜਾਬ ਦੇ ਕਸਟੋਡੀਅਨ ਹੋ ਤੇ in that spirit, the whole of Punjab including the youth of Punjab is looking towards you. ਮੈਂ ਕੱਲ੍ਹ ਵੀ ਇਹ ਕਿਹਾ ਸੀ ਕਿ ਵਿਰਸੇ ਦੀ ਗੱਲ ਨਾ ਕਰੋ, ਪੰਜਾਬ ਦਾ ਭਵਿੱਖ ਸੰਭਾਲਣ ਦੀ ਗੱਲ ਕਰੋ, people have high hopes and aspriations from us and as opposition we will contribute. ਉਨ੍ਹਾਂ ਤੇ ਪਹਿਰਾ ਦੇਣ ਦੀ ਗੱਲ ਕਰੋ। ਪੰਜਾਬ ਦੇ ਹਰੇਕ ਵਰਗ ਦੀ ਭਾਵਨਾ ਦੀ ਕਦਰ ਕਰਦੇ ਹੋਏ we look towards you ਕਿ ਤੁਸੀਂ ਕੋਈ ਸਟੇਟਸਮੈਨ ਦੀ ਗੱਲ ਕਰੋਗੇ, ਸਾਰੇ ਵਰਗਾਂ ਨੂੰ ਨਾਲ ਲੈ ਕੇ ਤੁਰਨ ਦੀ ਗੱਲ ਕਰੋਗੇ। ਮੇਰੇ ਆਨਰੇਬਲ ਸਾਥੀ ਰਾਜਨੀਤਿਕ ਰੋਟੀਆਂ ਸੇਕਣ ਵਾਸਤੇ ਇੱਥੇ ਕੋਈ ਗੱਲ ਨਾ ਕਰਨ ਜਿਵੇਂ ਉਹ ਕਹਿ ਰਹੇ ਹਨ ਕਿ ਅਸੀਂ ਬੋਲ ਬਹੁਤ ਸਕਦੇ ਹਾਂ। I wish they would open their mouth and make their stand clear. ਆਨਰੇਬਲ ਮੈਂਬਰ ਸਾਹਿਬ ਨੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਤਾਂ ਲੈ ਲਿਆ ਤੇ ਲੈਕਚਰ ਦੇ ਰਹੇ ਹਨ ਕਿ ਅਸੀਂ ਤਾਂ ਬਚ ਕੇ ਆ ਗਏ। ਤੁਸੀਂ ਕਿਸਮਤ ਵਾਲੇ ਹੋ ਕਿ ਬਚ ਕੇ ਆ ਗਏ, ਤਰਲੋਚਨ ਸਿੰਘ ਜੀ ਨੂੰ ਪੁੱਛੋ, ਉਨ੍ਹਾਂ ਨੇ ਆਪਣੇ ਤੇ ਸੰਤਾਪ ਹੰਢਾਇਆ ਹੈ। ਮੈਂ ਲੀਡਰ ਆਫ ਦਿ ਹਾਊਸ ਰਾਹੀਂ ਸਾਰੇ ਹਾਊਸ ਨੂੰ ਅਪੀਲ ਕਰਾਂਗਾ ਕਿ ਸਾਰਿਆਂ ਦੇ ਸੈਂਟੀਮੈਂਟਸ ਨੂੰ ਨਾਲ ਲੈ ਕੇ ਚੱਲਣ। These are signs which do not augur well for the future of Punjab. ਅੱਜ ਕਹਿ ਰਹੇ ਹਨ ਕਿ ਦਸਵੀਂ ਦੇ ਇਗਜ਼ਾਮ ਮੁਲਤਵੀ ਕਰ ਦਿੱਤੇ ਗਏ। ਮੈਂ ਕੱਲ੍ਹ ਵੀ ਰਿਕੁਐਸਟ ਕੀਤੀ ਸੀ ਕਿ You are bound, you are morally bound. ਪੰਜਾਬ ਵਿਚ ਅਮਨ ਸ਼ਾਂਤੀ ਦਾ ਮਾਹੌਲ ਬਣਾ ਰਹੇ ਹੋ and in that Congress Party will cooperate to any extent.

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਸੀਂ ਵੀ ਆਪਣੇ ਬੰਦਿਆਂ ਤੇ ਕੰਟਰੋਲ ਕਰੋ। ਵੇਖ ਲਿਆ ਕਰੋ ਕਿ ਇਹ ਕੀ ਕਹਿ ਰਹੇ ਹਨ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੈਂ ਕੋਈ ਡੈਲੀਬਰੇਟਲੀ ਨਹੀਂ ਕਹਿ ਰਿਹਾ, ਮੈਂ ਕੋਈ ਇਰ-ਰੈਲੇਵੈਂਟ ਨਹੀਂ ਕਹਿ ਰਿਹਾ। ਜੇ ਇਹ ਪੈਰ੍ਹਾ ਨੰਬਰ 46 ਇਸ ਭਾਸ਼ਣ ਵਿੱਚ ਨਾ ਹੁੰਦਾ ਤਾਂ ਮੈਂ ਇੰਨਾ ਕੁੱਝ ਨਾ ਕਹਿੰਦਾ।

Mr. Speaker : Please conclude now.

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਜਿਨ੍ਹਾਂ ਅੱਖਾਂ ਨੇ 22-22 ਸਿਵੇ ਮੋਗੇ ਦੇ ਵਿੱਚ ਬਲਦੇ ਵੇਖੇ ਹੋਣ, ਉਹ ਕਿਸ ਤਰ੍ਹਾਂ ਚੁੱਪ ਰਹਿ ਸਕਦੇ ਹਨ? ਆਰ. ਐਸ. ਐਸ. ਦੇ ਵਰਕਰ ਸਵੇਰ ਵੇਲੇ ਸ਼ਾਖਾ ਲਗਾ ਰਹੇ ਸੀ ਤੇ 22 ਵਰਕਰਾਂ ਨੂੰ ਮਾਰ ਦਿੱਤਾ ਗਿਆ। ਉਸ ਸ਼ਾਮ ਨੂੰ ਮੈਂ ਸਰਦਾਰ ਬੇਅੰਤ ਸਿੰਘ ਜੀ ਹੋਰਾਂ ਦੇ ਨਾਲ ਉਥੇ ਸਸਕਾਰ ਤੇ ਗਿਆ।

ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) (ਬੈਠੇ-ਬੈਠੇ) : 3000-3000 ਸਿਵੇ ਵੀ ਬਲੇ ਹਨ।

ਸ਼੍ਰੀ ਤਰਲੋਚਨ ਸਿੰਘ : ਤੁਸੀਂ ਦੇਖਿਆ ਨਹੀਂ ਹੋਣਾ ਪਰ ਮੈਂ ਦੇਖਿਆ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇੰਟਰਪੱਟ ਕਰਨ ਦੀ ਕੋਸ਼ਿਸ਼ ਨਾ ਕਰਨ। ਪੁਲਿਸ ਮੁਲਾਜ਼ਮਾਂ ਤੇ ਵੀ ਗੋਲੀਆਂ ਚਲਾਈਆਂ ਗਈਆਂ।

ਮਾਨਯੋਗ ਸਪੀਕਰ : ਤੁਸੀਂ ਕਨਕਲੂਡ ਕਰਨ ਦੀ ਕੋਸ਼ਿਸ਼ ਕਰੋ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਡਿਵੈਲਪਮੈਂਟ ਦੀ ਗੱਲ ਸੁਣ ਲਓ। ਇਹ ਕਹਿ ਰਹੇ ਹਨ ਕਿ ਡਿਵੈਲਪਮੈਂਟ ਦੀ ਗੱਲ ਨਹੀਂ ਕਰ ਰਹੇ। ਡਿਵੈਲਪਮੈਂਟ ਕੀ ਬਿਲਡਿੰਗਾਂ ਨਾਲ ਹੁੰਦੀ ਹੈ?

ਜੇ ਅਸੀਂ ਸਕੂਲਾਂ ਦੀਆਂ ਵਧੀਆ ਬਿਲਡਿੰਗਾਂ ਬਣਾ ਦਿੱਤੀਆਂ ਹਨ ਜੇ ਉਨ੍ਹਾਂ ਵਿੱਚ ਪੜ੍ਹਾਉਣ ਲਈ ਟੀਚਰ ਹੀ ਨਹੀਂ ਹਨ ਤਾਂ ਕੀ ਇਹ ਡਿਵੈਲਪਮੈਂਟ ਹੋ ਗਈ? ਸਪੀਕਰ ਸਾਹਿਬ, ਅੱਜ ਮੈਂ ਸਵੇਰੇ ਹੀ ਦੇਖਿਆ ਹੈ ਕਿ ਸਾਡੇ ਪਿੰਡ ਦੇ ਸਕੂਲ ਵਿੱਚ ਜਿੱਥੇ 18 ਟੀਚਰ ਹੋਣੇ ਚਾਹੀਦੇ ਹਨ, ਉਥੇ ਸਿਰਫ 3 ਹਨ। ਸਾਡੇ ਪਿੰਡ ਦੇ ਨਾਲ ਹੀ ਪਿੰਡ ਸਾਲ੍ਹਾ ਹੈ ਜਿੱਥੇ 28 ਟੀਚਰਜ਼ ਦੀ ਸੈਂਕਸ਼ਨਡ ਸਟਰੈਂਥ ਹੈ ਪਰ ਉਥੇ ਸਿਰਫ 10 ਟੀਚਰ ਹਨ। ਇਸੇ ਤਰ੍ਹਾਂ ਘੁਮਣਾ ਪਿੰਡ ਦਾ ਸਕੂਲ ਹੈ, ਉਥੇ 22 ਵਿੱਚੋਂ ਸਿਰਫ 9 ਟੀਚਰ ਹਨ। ਇਹ ਡਿਵੈਲਪਮੈਂਟ ਦੀ ਗੱਲ ਕਰ ਰਹੇ ਹਨ। ਇਹ ਠੀਕ ਹੈ ਕਿ ਹਸਪਤਾਲਾਂ ਦੀਆਂ ਬਹੁਤ ਵਧੀਆ ਬਿਲਡਿੰਗਾਂ ਬਣਾ ਦਿੱਤੀਆਂ ਹਨ। ਬਾਦਲ ਸਾਹਿਬ ਨੂੰ ਸ਼ਾਬਾਸ਼, ਪਰ ਉਥੇ ਡਾਕਟਰ ਨਹੀਂ ਹਨ। ਬੰਗੇ ਸ਼ਹਿਰ ਦਾ ਸਿਵਲ ਹਸਪਤਾਲ, ਉਥੇ ਮਸ਼ੀਨਾਂ ਪਈਆਂ ਹਨ, ਐਕਸਰੇ ਮਸ਼ੀਨਾਂ ਪਈਆਂ ਹਨ, ਸਕੈਨਿੰਗ ਦੀਆਂ ਮਸ਼ੀਨਾਂ ਪਈਆਂ ਹਨ ਪਰ ਉਥੇ ਰੇਡੀਓਗ੍ਰਾਫਰ ਨਹੀਂ ਹਨ। ਕੀ ਇਹ ਡਿਵੈਲਪਮੈਂਟ ਦਾ ਨਾਂ ਹੈ? ਕੀ ਹੋਇਆ ਜੇ ਸੜਕਾਂ ਬਣ ਗਈਆਂ, ਪੁਲ ਬਣ ਗਏ, ਪਰ ਉਥੇ ਜਾਣ ਵਾਲਾ ਕੋਈ ਨਹੀਂ, ਕੋਈ ਨਿਕਲੇਗਾ ਹੀ ਨਹੀਂ, ਕੀ ਉਹ ਡਿਵੈਲਪਮੈਂਟ ਹੋਣੀ ਹੈ? ਕੱਲ੍ਹ ਨੂੰ ਨਿਕਲ ਕੇ ਦੇਖ ਲੈਣਾ, ਪਤਾ ਲੱਗ ਜਾਵੇਗਾ ਕਿ ਕੀ ਭਾਅ ਵਿਕਦੀ ਹੈ। ਸਪੀਕਰ ਸਾਹਿਬ, ਇਹ ਗੌਰਮਿੰਟ ਕਿਸ ਤਰ੍ਹਾਂ ਬਣੀ ਹੈ, ਇਹ ਸਾਰਿਆਂ ਨੂੰ ਪਤਾ ਹੈ। ਕਿਸ ਤਰ੍ਹਾਂ ਸਰਕਾਰ ਬਣੀ ਹੈ, ਮੈਂ ਉਨ੍ਹਾਂ ਗੱਲਾਂ ਵੱਲ ਨਹੀਂ ਜਾਣਾ ਚਾਹੁੰਦਾ। ਕਿੰਨਾ ਪੈਸਿਆਂ ਦਾ, ਕਿੰਨਾ ਸ਼ਰਾਬ ਦਾ, ਕਿੰਨਾ ਡੋਡਿਆਂ ਦਾ, ਕਿੰਨਾ ਸਮੈਕ ਦਾ ਜਾਲ ਫੈਲਿਆ ਹੋਇਆ ਹੈ, ਨੌਜਵਾਨ ਪੀੜ੍ਹੀ ਕਿਸ ਤਰ੍ਹਾਂ ਸਮੈਕ ਮਗਰ

ਲੱਗੀ ਹੋਈ ਹੈ, ਇਹ ਆਪਾਂ ਡਿਵੈਲਪਮੈਂਟ ਕਹਿ ਰਹੇ ਹਾਂ। ਇਹ ਕਹਿੰਦੇ ਹਨ ਕਿ ਇੱਕ ਲੱਖ ਵੀਹ ਹਜ਼ਾਰ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ। ਪਰਸੋਂ-ਚੌਥ ਦੀ ਅਖਬਾਰ ਹੈ। ਇੱਕ ਲੱਖ ਟੀਚਰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਤੋਂ ਬਗੈਰ ਹਨ। ਸਪੀਕਰ ਸਾਹਿਬ, ਸੱਚ ਬੜਾ ਕੌੜਾ ਹੁੰਦਾ ਹੈ (ਵਿਘਨ) (ਸ਼ੋਰ)ਪਰ ਸੱਚ ਵੀ ਹੌਸਲੇ ਨਾਲ ਸੁਣਨਾ ਪੈਂਦਾ ਹੈ। ਸੋ, ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਸੱਚ ਨੂੰ ਸੁਣ ਲੈਣ ਔਰ ਪਰਸੋਂ ਦੀ ਅਖਬਾਰ ਦੇ ਵਿੱਚ ਖਬਰ ਲੱਗੀ ਸੀ ਕਿ 1 ਲੱਖ ਟੀਚਰਜ਼ ਨੂੰ ਤਿੰਨ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਇਹੋ ਜਿਹੀਆਂ ਨੌਕਰੀਆਂ ਦੇਣ ਦਾ ਕੋਈ ਫਾਇਦਾ ਨਹੀਂ। ਪਿਛਲੇ ਇਲੈਕਸ਼ਨਜ਼ ਤੋਂ ਪਹਿਲਾਂ ਇਹ ਗੱਲ ਕਹਿ ਦਿੱਤੀ ਗਈ ਕਿ ਲੜਕੀਆਂ ਨੂੰ 12ਵੀਂ ਤੱਕ ਫਰੀ ਐਜੂਕੇਸ਼ਨ ਹੋਏਗੀ। ਮੈਨੂੰ ਤਿੰਨ-ਚਾਰ ਪ੍ਰਿੰਸੀਪਲਜ਼ ਦੇ ਟੈਲੀਫੋਨ ਆਏ ਹਨ ਕਿ ਲੜਕੀਆਂ ਵਾਸਤੇ ਐਜੂਕੇਸ਼ਨ ਤਾਂ ਫਰੀ ਕਰ ਦਿੱਤੀ ਹੈ ਪਰ ਜਿਹੜੇ ਸਕੂਲਾਂ ਦੇ ਬਿਜਲੀ ਦੇ ਬਿੱਲ ਆ ਰਹੇ ਹਨ, ਉਹ ਦੇਣ ਵਾਸਤੇ ਟੀਚਰ ਆਪਣੀ ਜੇਬ ਦੇ ਵਿਚੋਂ ਪੈਸੇ ਦੇ ਰਹੇ ਹਨ। ਬਾਦਲ ਸਾਹਿਬ ਵੀ ਪਰਸੋਂ-ਚੌਥ ਰਾਜਿੰਦਰਾ ਹਤਪਤਾਲ, ਪਟਿਆਲਾ ਜਾ ਕੇ ਆਏ ਹਨ। ਉਸ ਬਾਰੇ ਵੀ ਇੱਡੀ-ਵੱਡੀ ਕਹਾਣੀ ਆਪਾਂ ਸਾਰਿਆਂ ਨੇ ਪੜ੍ਹ ਲਈ ਹੈ, ਡਾਕਟਰਾਂ ਨੇ ਆਪਣੀ ਜੇਬ ਦੇ ਵਿਚੋਂ ਬਾਦਲ ਸਾਹਿਬ ਨੂੰ ਰਿਸੀਵ ਕਰਨ ਦੇ ਵਾਸਤੇ ਪੈਸੇ ਇਕੱਠੇ ਕੀਤੇ ਔਰ ਉਥੇ ਸਟਾਫ ਦੀ ਬਹੁਤ ਸ਼ਾਰਟੇਜ਼ ਹੈ। ਇਹ ਅਖਬਾਰ ਦੀ ਹੀ ਖਬਰ ਹੈ, ਮੈਂ ਆਪਣੇ ਕੋਲੋਂ ਨਹੀਂ ਕਹਿ ਰਿਹਾ। ਉਨ੍ਹਾਂ ਕੋਲ ਸਫਾਈ ਵਾਸਤੇ ਕਲਾਸ-4 ਨਹੀਂ ਸੀ ਔਰ ਡਾਕਟਰਾਂ ਨੇ ਹਸਪਤਾਲ ਦੀ ਸਫਾਈ ਆਪ ਕੀਤੀ ਹੈ। ਕੀ ਇਹ ਡਿਵੈਲਪਮੈਂਟ ਹੈ? ਸਪੀਕਰ ਸਾਹਿਬ, ਕਹਿਣ ਲਈ ਬਹੁਤ ਗੱਲਾਂ ਹਨ ਔਰ ਇਹ ਕਹੀ ਜਾਂਦੇ ਹਨ ਕਿ ਅਸੀਂ ਡਿਵੈਲਪਮੈਂਟ ਦੇ ਨਾਮ ਤੇ ਜਿੱਤ ਕੇ ਆਏ ਹਾਂ, ਕਮਿਊਨਲ ਹਾਰਮਨੀ ਹੈ। ਆਪਾਂ ਨੂੰ ਪਤਾ ਲੱਗ ਜਾਣਾ ਹੈ, ਥੋੜ੍ਹੇ ਦਿਨਾਂ ਦੀ ਗੱਲ ਹੈ ਕਿ ਕੀ ਭਾਅ ਵਿਕਦੀ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਇਹ ਖਜ਼ਾਨਾ ਖਾਲੀ ਹੈ .... (ਵਿਘਨ) .... ਖਜ਼ਾਨਾ ਖਾਲੀ ਹੈ ...... 2300 ਕਰੋੜ ਰੁਪਏ ਦੇ ਬਿੱਲ ...... (ਵਿਘਨ) .....

Mr. Speaker : Please sit down.

ਸ਼੍ਰੀ ਤਰਲੋਚਨ ਸਿੰਘ : 2300 ਕਰੋੜ ਰੁਪਏ ਦੇ ਬਿੱਲ ਖਜ਼ਾਨੇ ਵਿੱਚ ਪੈਂਡਿੰਗ ਪਏ ਹਨ। .... (ਵਿਘਨ).... ਤੁਹਾਡਾ ਬਹੁਤ-ਬਹੁਤ ਧੰਨਵਾਦ। ਚਿੰਤਾ ਨਾ ਕਰੋ, ਲੱਗ ਜਾਵੇਗਾ ਪਤਾ।

ਮਾਨਯੋਗ ਸਪੀਕਰ : ਤਰਲੋਚਨ ਜੀ Please sit down. ਇੱਕ ਮੇਰੀ ਬੇਨਤੀ ਹੈ। ... (ਵਿਘਨ) ..... ਤੁਹਾਡਾ ਆਪਣਾ ਬੰਦਾ ਹੀ ਟਾਈਮ ਖਰਾਬ ਕਰ ਰਿਹਾ ਹੈ, ਮੈਂ ਕੀ ਕਰ ਸਕਦਾ ਹਾਂ? ਜਾਖੜ ਸਾਹਿਬ, ਤੁਹਾਡੇ ਧਿਆਨ ਵਿੱਚ ਮੈਂ ਇਕ ਗੱਲ ਲਿਆਉਣੀ ਚਾਹੁੰਦਾ ਹਾਂ। ਕੱਲ੍ਹ 26.3.2012 ਨੂੰ ਆਪਣੇ ਮਾਨਯੋਗ ਮੈਂਬਰ ਪਵਨ ਕੁਮਾਰ ਟੀਨੂੰ ਜੀ ਵੱਲੋਂ ਗੱਲ ਆਈ ਹੈ। ਕੱਲ੍ਹ 26.3.2012 ਨੂੰ ਮਾਨਯੋਗ ਵਿਰੋਧੀ ਧਿਰ ਦੇ ਨੇਤਾ ਨੇ ਆਪਣੇ ਭਾਸ਼ਣ ਵਿੱਚ *** ਲਫਜ਼ ਦੀ ਵਰਤੋਂ ਕੀਤੀ ਹੈ, ਜੋ ਪਾਰਲੀਮੈਂਟਰੀ ਸ਼ਬਦ ਨਹੀਂ ਹੈ ਅਤੇ ਇਸ ਸ਼ਬਦ ਨੂੰ ਨਾ

** Expunged as ordered by the Chair.

[ਮਾਨਯੋਗ ਸਪੀਕਰ]

ਵਰਤਣ ਲਈ ਪੰਜਾਬ ਸਰਕਾਰ ਦਾ ਸਰਕੂਲਰ ਵੀ ਜਾਰੀ ਹੋਇਆ ਸੀ। ਇਸ ਸ਼ਬਦ ਦੀ ਜਗ੍ਹਾ ਐਸ. ਸੀ., ਅਨੁਸੂਚਿਤ ਜਾਤੀ, ਦਲਿਤ ਜਾਂ ਦੱਬੇ-ਕੁਚਲੇ ਵਰਤਿਆ ਜਾ ਸਕਦਾ ਹੈ। ਵੈਸੇ ਠੀਕ ਹੈ, ਮੇਰਾ ਖਿਆਲ ਹੈ ਕਿ ਕਾਂਸਟੀਚਿਊਸ਼ਨਲੀ, ਵਿਧਾਨਿਕ ਤੌਰ ਤੇ ਵੀ ਇਹ ਕਿਹਾ ਗਿਆ ਹੈ ਕਿ ਇਹ ਲਫਜ਼ ਨਾ ਵਰਤਿਆ ਜਾਵੇ। ਇਸ ਲਈ ਉਸ ਨੂੰ ਡਿਲੀਟ ਕਰ ਦਿੱਤਾ ਜਾਵੇ।

ਹੁਣ ਮੈਂ ਬੇਨਤੀ ਕਰਾਂਗਾ, ਸ਼੍ਰੀ ਅਸ਼ਵਨੀ ਸੇਖੜੀ ਜੀ, ਤੁਸੀਂ ਪੰਜ ਮਿੰਟ ਲੈਣੇ ਹਨ ਕਿਉਂਕਿ 1.00 ਵਜੇ ਬਾਦਲ ਸਾਹਿਬ ਨੇ ਬੋਲਣਾ ਹੈ।

ਸ਼੍ਰੀ ਅਸ਼ਵਨੀ ਸੇਖੜੀ: 10 ਮਿੰਟ ਦਾ ਟਾਈਮ ਹੈ ਜੀ।

ਮਾਨਯੋਗ ਸਪੀਕਰ : ਲਿਸਟ ਤੁਹਾਡੀ ਬਹੁਤ ਲੰਬੀ ਹੈ, ਜੇਕਰ ਦੋ-ਚਾਰ ਬੰਦਿਆਂ ਨੇ ਬੋਲਣਾ ਹੁੰਦਾ ਤਾਂ ਮੈਂ ਕਰ ਦਿੰਦਾ।

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ। 14ਵੀਂ ਵਿਧਾਨ ਸਭਾ ਦੇ ਸਾਰੇ ਆਨਰੇਬਲ ਮੈਂਬਰਾਂ ਨੂੰ ਮੈਂ ਵਧਾਈ ਵੀ ਦਿੰਦਾ ਹਾਂ ਔਰ ਪੰਜਵੀਂ ਵਾਰ ਬਾਦਲ ਸਾਹਿਬ ਮੁੱਖ ਮੰਤਰੀ ਬਣ ਕੇ ਆਏ ਹਨ, ਮੈਂ ਇਨ੍ਹਾਂ ਨੂੰ ਗੁੱਡ ਵਿਸ਼ਿਜ਼ ਦਿੰਦਾ ਹਾਂ। ਇੱਕ ਨਵਾਂ ਰੋਲ ਸਾਡੀ ਆਪੋਜ਼ੀਸ਼ਨ ਨੇ ਦਿੱਤਾ ਹੈ, ਸਾਡੇ ਲੀਡਰ ਸੁਨੀਲ ਜਾਖੜ ਜੀ ਨੇ ਕੰਸਟਰੱਕਟਿਵ ਪਾਲਿਟਿਕਸ ਲੀਡਰ ਆਫ ਦਿ ਆਪੋਜੀਸ਼ਨ ਵੱਲੋਂ ਕਰਨ ਦੀ ਸ਼ੁਰੂਆਤ ਕੀਤੀ ਹੈ। ਮੈਂ ਜਾਖੜ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਦੇ ਪਿਤਾ ਜੀ ਸ਼੍ਰੀ ਬਲਰਾਮ ਜਾਖੜ ਜੀ ਜਦੋਂ 1972 ਵਿੱਚ ਬਣੇ ਸਨ, ਇਥੇ ਵਿਧਾਨ ਸਭਾ ਵਿੱਚ ਆਏ ਸਨ, ਮੇਰੇ ਪਿਤਾ ਜੀ ਵੀ ਉਸ ਸਮੇਂ ਉਨ੍ਹਾਂ ਦੇ ਨਾਲ ਸਨ। ਉਦੋਂ ਤੋਂ ਮੈਂ ਇਨ੍ਹਾਂ ਨੂੰ ਜਾਣਦਾ ਹਾਂ। ਲੋਕ ਸਭਾ ਤੱਕ ਕੰਸਟ੍ਰਕਟਿਵ ਅਪਰੋਚ ਦਿੱਤੀ ਹੈ। ਇਸੇ ਤਰ੍ਹਾਂ ਸੁਨੀਲ ਜੀ ਨੇ ਵੀ ਇਸ ਵਿਧਾਨ ਸਭਾ ਦੇ ਵਿੱਚ ਇਕ ਨਵੀਂ ਰਵਾਇਤ ਪਾਈ ਹੈ ਕਿ ਅਸੀਂ ਰਲ ਮਿਲ ਕੇ ਇਸ ਪੰਜਾਬ ਨੂੰ ਬਣਾਈਏ, ਪੰਜਾਬ ਨੂੰ ਅੱਗੇ ਲੈ ਕੇ ਜਾਈਏ। ਮੈਂ ਸਮਝਦਾ ਹਾਂ ਕਿ 21ਵੀਂ ਸਦੀ ਦੇ ਨੌਜਵਾਨ ਜਾਂ ਜਿਹੜੇ ਸਾਡੇ ਬੱਚੇ ਹਨ ਜਾਂ ਜਿਹੜੇ ਸਾਡੇ ਪੰਜਾਬੀ ਲੋਕ ਹਨ ਉਹ ਦੋਨਾਂ ਪਾਰਟੀਆਂ ਤੋਂ ਇਹੋ ਹੀ ਤਵੱਕੋ ਕਰਦੇ ਹਨ ਕਿ ਇਹ ਜਿਹੜਾ ਸੂਬਾ ਸਭ ਤੋਂ ਪਛੜ ਗਿਆ ਹੈ ਇਸ ਨੂੰ ਅੱਗੇ ਕਿਸ ਤਰ੍ਹਾਂ ਲੈ ਕੇ ਜਾਈਏ। ਵਿਧਾਨ ਸਭਾ ਦੇ ਵਿਚ ਜਿਹੜਾ ਰੋਲ ਸਾਡੀ ਆਪੋਜ਼ੀਸ਼ਨ ਪਾਰਟੀ ਨੂੰ, ਸਾਨੂੰ, ਪੰਜਾਬ ਦੇ ਲੋਕਾਂ ਨੇ ਬਖਸ਼ਿਆ ਹੈ ਉਹ ਅਸੀਂ ਕੰਸਟ੍ਰਕਟਿਵਲੀ ਨਿਭਾਵਾਂਗੇ। ਇੱਕ ਨਵੀਂ ਦਿਸ਼ਾ ਵਿਚ ਅਸੀਂ ਵਰਕ ਕਰਾਂਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਸਰਕਾਰ ਦੇ ਨਜ਼ਰ ਦੇ ਵਿਚ ਕੁਝ ਇਸ਼ੂਜ ਲੈ ਕੇ ਆਉਣਾ ਚਾਹੁੰਦਾ ਹਾਂ ਕਿਉਂਕਿ ਗਵਰਨਰ ਐਡਰੈਸ ਦੇ ਵਿਚ ਉਨ੍ਹਾਂ ਨੇ ਪੈਰ੍ਹਾ ਨੰ: 37 ਵਿਚ ਰੀਜ਼ਨਲ ਇਸ਼ੂਜ ਬਾਰੇ ਅਤੇ ਪੈਰ੍ਹਾ ਨੰ: 47 ਵਿਚ ਉਨ੍ਹਾਂ ਨੇ ਬੜਾ ਕਲੀਅਰਲੀ ਲਿਖਿਆ ਹੈ ਕਿ, "Punjab being a Border State in the most eligible candidate for receiving

such concessions from the Centre." That means the government is also concerned. ਕਿ ਬਾਰਡਰ ਦੇ ਏਰੀਏ ਨੂੰ ਅੱਗੇ ਚੁੱਕਣਾ ਚਾਹੀਦਾ ਹੈ। ਸਪੀਕਰ ਸਾਹਿਬ, ਪਹਿਲੀ ਵਾਰ ਹੈ ਕਿ ਮੈਂ ਐਸਾ ਇਸ਼ੂ ਲਿਆਉਣਾ ਚਾਹੁੰਦਾ ਹਾਂ ਜਿਹੜਾ ਕਿ ਬਾਰਡਰ ਦੇ ਏਰੀਏ ਅਤੇ ਖਾਸ ਕਰਕੇ ਮਾਝੇ ਦੇ ਲੋਕਾਂ ਦੇ ਨਾਲ ਸਬੰਧ ਰੱਖਦਾ ਹੈ ਜਿਸ ਨੂੰ ਮੈਂ ਇਸ ਸਰਕਾਰ ਤੱਕ ਔਰ ਇਸ ਹਾਊਸ ਤੱਕ ਪਹੁੰਚਾਉਣਾ ਚਾਹੁੰਦਾ ਹਾਂ। ਸਾਲ 1947 ਤੋਂ ਪਹਿਲਾਂ ਜਿਹੜਾ ਅੰਮ੍ਰਿਤਸਰ ਸ਼ਹਿਰ ਹੈ, ਅੰਮ੍ਰਿਤਸਰ ਸਾਡਾ ਮੇਨ ਸਿਟੀ ਹੈ ਜਿਹੜਾ ਕਿ ਸੈਂਟਰਲ ਏਸ਼ੀਆ ਦਾ ਸਭ ਤੋਂ ਇੰਪਾਰਟੈਂਟ ਟਰੇਡ ਸੈਂਟਰ ਹੋਇਆ ਕਰਦਾ ਸੀ ਅਤੇ ਬਟਾਲਾ ਨੂੰ ਮੈਨਚੈਸਟਰ ਆਫ ਇੰਡੀਆ ਕਿਹਾ ਜਾਂਦਾ ਸੀ ਕਿਉਂਕਿ ਉਸ ਵੇਲੇ ਯੂਰਪ ਦੇ ਵਿਚ ਮੈਨਚੈਸਟਰ was the most industrialised city and Batala used to be the most important industrial city of Central Asia. 1880 ਦੇ ਵਿਚ ਜਿਹੜੀ ਬ੍ਰਿਟਿਸ਼ ਸਰਕਾਰ ਸੀ ਉਸ ਨੇ ਸਭ ਤੋਂ ਵੱਡੀ ਜਿਹੜੀ ਵੂਲਨ ਮਿੱਲ ਸੀ, ਉਹ ਧਾਰੀਵਾਲ ਦੇ ਵਿਚ ਲਗਾਈ ਸੀ। ਇਹ ਏਰੀਆ ਬਹੁਤ ਇੰਪਾਰਟੈਂਟ ਹੋਇਆ ਕਰਦਾ ਸੀ ਪਰ ਮੈਨੂੰ ਇਸ ਚੀਜ਼ ਦਾ ਅਫਸੋਸ ਹੈ ਕਿ ਸਾਲ 1947 ਤੋਂ ਬਾਅਦ, ਦੇਸ਼ ਦੀ ਅਜ਼ਾਦੀ ਤੋਂ ਬਾਅਦ, ਬਿਆਸ ਤੋਂ ਪਰਲਾ ਇਲਾਕਾ ਜਿਹੜਾ ਕਿ ਪਾਕਿਸਤਾਨ ਦੇ ਨਾਲ, ਰਾਵੀ ਤੇ ਬਿਆਸ ਦੇ ਵਿਚ ਮਾਝਾ ਏਰੀਆ ਹੈ ਅਤੇ ਉਸ ਦੇ ਵਿੱਚ ਜਿਹੜੇ ਸਾਡੇ ਚਾਰ ਜ਼ਿਲ੍ਹੇ ਹਨ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਤਰਨਤਾਰਨ, ਇਹ ਸਭ ਤੋਂ ਵੱਧ ਇਗਨੋਰਡ ਏਰੀਏ ਹਨ, ਅਲੱਗ-ਅਲੱਗ ਗੌਰਮਿੰਟ, ਚਾਹੇ ਉਹ ਕੇਂਦਰ ਸਰਕਾਰ ਦੀ ਜਾਂ ਪੰਜਾਬ ਸਰਕਾਰ ਸੀ, ਇਹ ਗੱਲ ਮੈਨੂੰ ਐਡਮਿਟ ਕਰਦੇ ਹੋਏ ਕੋਈ ਸ਼ੰਕਾ ਨਹੀਂ ਹੈ ਕਿ ਸਾਰੀਆਂ ਸਰਕਾਰਾਂ ਨੇ ਇਸ ਇਲਾਕੇ ਨੂੰ ਟੋਟਲੀ ਇਗਨੋਰ ਕੀਤਾ ਹੈ। ਸਪੀਕਰ ਸਾਹਿਬ,. ਦੇਸ਼ ਦੇ ਵਿਚ ਅੱਜ ਪਿਛਲੇ ਦਸਾਂ ਸਾਲਾਂ ਤੋਂ ਸਾਡੀ ਯੂ. ਪੀ. ਏ. ਦੀ ਸਰਕਾਰ ਬਣੀ ਹੈ, ਪ੍ਰਧਾਨ ਮੰਤਰੀ, ਡਾਕਟਰ ਮਨਮੋਹਨ ਸਿੰਘ ਜੀ ਬਣੇ ਹਨ ਤਾਂ 9 ਪਰਸੈਂਟ ਦੀ ਗਰੋਥ ਨਾਲ ਦੇਸ਼ ਅੱਗੇ ਵੱਧ ਰਿਹਾ ਹੈ ਪਰ ਜਦੋਂ ਮੈਂ ਸਟੱਡੀ ਕੀਤੀ ਤਾਂ ਜਿਹੜਾ ਇਹ ਮਾਝਾ ਏਰੀਆ ਹੈ, ਇਹ 0.05 ਪਰਸੈਂਟ ਦੀ ਗਰੋਥ ਰੇਟ ਨਾਲ ਅੱਗੇ ਜਾ ਰਿਹਾ ਹੈ। ਦੇਸ਼ ਨੂੰ ਛੱਡੋ, ਜੇ ਪੰਜਾਬ ਦੇ ਅੰਦਰ ਅਸੀਂ ਕੰਸਿਡਰ ਕਰੀਏ ਤਾਂ ਪੰਜਾਬ ਦੇ ਵਿੱਚ ਵੀ ਸਭ ਤੋਂ ਘੱਟ ਜੇ ਸਰਕਾਰਾਂ ਵੱਲੋਂ ਧਿਆਨ ਦਿੱਤਾ ਗਿਆ ਹੈ ਤਾਂ ਉਹ ਮਾਝੇ ਇਲਾਕੇ ਦੇ ਵਿਚ ਦਿੱਤਾ ਗਿਆ ਹੈ। ਸਰ, ਪਾਕਿਸਤਾਨ ਦੇ ਨਾਲ ਜਦੋਂ 1971 ਤੇ 1965 ਦੀਆਂ ਜੰਗਾਂ ਹੋਈਆਂ ਤਾਂ ਉਸ ਦੇ ਵਿੱਚ ਵੀ ਇਸ ਇਲਾਕੇ ਦੇ ਲੋਕਾਂ ਨੇ ਬਹਾਦਰੀ ਨਾਲ ਪਾਕਿਸਤਾਨ ਦਾ ਸਾਹਮਣਾ ਕੀਤਾ। ਮੈਨੂੰ ਯਾਦ ਹੈ ਕਿ ਰੰਧਾਵਾ ਸਾਹਿਬ ਤੇ ਮੇਰੇ ਪਿਤਾ ਜੀ ਜਦੋਂ ਐਮ. ਐਲ. ਏ. ਹੁੰਦੇ ਸੀ ਤੇ ਜਦੋਂ 1971 ਦੀ ਜੰਗ ਲੱਗੀ ਸੀ ਤਾਂ ਮੈਨੂੰ ਪੂਰੀ ਹੋਸ਼ ਸੀ ਤੇ ਲੋਕ ਬਾਰਡਰ ਤੋਂ ਰੋਟੀਆਂ ਲਿਜਾ ਕੇ ਸਾਡੇ ਫੌਜੀਆਂ ਨੂੰ ਉਨ੍ਹਾਂ ਦੀਆਂ ਬੈਰਕਾਂ ਦੇ ਵਿਚ ਦੇ ਆਉਂਦੇ ਸੀ। ਟੈਰੋਰਿਜ਼ਮ ਦੇ ਵੀ ਜਿਹੜੇ 10 ਸਾਲ ਸੀ, ਉਨ੍ਹਾਂ ਦੌਰਾਨ ਵੀ ਇਸ ਇਲਾਕੇ ਨੇ ਕਾਫੀ ਸਫਰ ਕੀਤਾ ਹੈ। ਸਰ, ਮੈਂ ਵੇਖਿਆ ਹੈ, ਮੈਂ ਉਦੋਂ 1985 ਦੇ ਵਿੱਚ ਐਮ. ਐਲ. ਏ. ਬਣ ਗਿਆ ਸੀ ਅਤੇ I was the youngest MLA in the country in this House, ਮੈਂ ਉਸ ਸਾਰੇ ਸਮੇਂ ਨੂੰ ਐਕਸਪੀਰੀਐਂਸ ਕੀਤਾ ਹੈ।

[ਸ਼੍ਰੀ ਅਸ਼ਵਨੀ ਸੇਖੜੀ]

Even banks were shy of investing in the Majha Area. ਸਰ, ਅਗਰ ਹੁਣ ਇਹ ਵੇਖੀਏ ਕਿ ਜਿਹੜੇ ਪੂਰੀ ਦੁਨੀਆਂ ਦੇ ਮੁਲਕ ਹਨ ਉਹ ਹਮੇਸ਼ਾ ਹੀ ਆਪਣੇ ਬਾਰਡਰ ਦੇ ਏਰੀਏ ਨੂੰ ਉਥੋਂ ਦੇ ਲੋਕਾਂ ਨੂੰ, ਹਮੇਸ਼ਾ ਸਟਰੌਂਗ ਰੱਖਦੇ ਹਨ। ਤੁਸੀਂ ਪੂਰੀ ਦੁਨੀਆਂ ਦੇ ਬਾਰਡਰ ਏਰੀਆਜ਼ ਨੂੰ ਵੇਖੋ ਉਥੇ ਸਭ ਤੋਂ ਵੱਧ ਡਿਵੈਲਪਮੈਂਟ ਹੁੰਦੀ ਹੈ, ਲੋਕਾਂ ਨੂੰ ਸਭ ਤੋਂ ਵੱਧ ਫੈਸਲਿਟੀਜ਼ ਦਿੱਤੀਆਂ ਜਾਂਦੀਆਂ ਹਨ ਪਰ ਸਾਡੇ ਇਲਾਕੇ ਵਿਚ ਸਭ ਤੋਂ ਵੱਧ ਇਗਨੋਰ ਕੀਤਾ ਗਿਆ ਹੈ। ਜੇ ਮਾਝੇ ਨੂੰ ਵੇਖੀਏ ਤਾਂ ਅੱਜ ਹਰ ਘਰ ਦੇ ਵਿਚ ਬੱਚੇ ਬੇਰੁਜ਼ਗਾਰ ਬੈਠੇ ਹਨ। ਮੈਂ ਜਦੋਂ ਕਿਸੇ ਵੀ ਪਿੰਡ ਵਿਚ ਜਾਵਾਂ, ਸ਼ਹਿਰ ਦੀ ਕਿਸੇ ਵੀ ਗਲੀ ਦੇ ਵਿਚ ਜਾਵਾਂ ਤਾਂ ਬਹੁਤ ਸਾਰੇ ਲੜਕੇ-ਲੜਕੀਆਂ, ਨੌਜਵਾਨ ਬੱਚੇ ਮੇਰੇ ਆਸੇ-ਪਾਸੇ ਇਕੱਠੇ ਹੋ ਜਾਂਦੇ ਹਨ, ਉਹ ਕਹਿੰਦੇ ਹਨ ਕਿ ਸਾਨੂੰ ਨੌਕਰੀ ਦਿਵਾ ਦਿਉ।

ਮੈਨੂੰ ਕਹਿੰਦੇ ਹਨ ਕਿ ਅੰਕਲ ਜੀ, ਸਾਨੂੰ ਨੌਕਰੀ ਦਿਵਾ ਦਿਓ, ਅਸੀਂ ਵਿਹਲੇ ਹਾਂ। ਮਾਝੇ ਦੇ ਹਰ ਘਰ ਵਿੱਚ ਅੱਜ ਬੇਰੁਜ਼ਗਾਰੀ ਹੈ। ਸਭ ਤੋਂ ਵੱਡੀ ਜਿਹੜੀ ਨਵੀਂ ਪ੍ਰਾਬਲਮ ਆਈ ਹੈ ਉਹ ਹੈ ਡਰੱਗਜ਼ ਦਾ ਜਿਹੜਾ ਪ੍ਰਚਲਨ ਸ਼ੁਰੂ ਹੋ ਗਿਆ ਹੈ। ਘਰ-ਘਰ ਵਿੱਚ ਅੱਜ ਡਰੱਗਜ਼ ਭੇਜੀਆਂ ਜਾ ਰਹੀਆਂ ਹਨ। ਪਤਾ ਨਹੀਂ ਇਹ ਇੰਟਰਨੈਸ਼ਨਲ ਸਾਜ਼ਿਸ਼ ਹੈ ਜਾਂ ਕੁਝ ਲੋਕ ਆਪਣੀਆਂ ਜੇਬਾਂ ਭਰਨ ਲਈ ਇਹ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋਂ ਕੁਝ ਪਾਲੀਟੀਸ਼ਨਜ਼ ਹਨ, ਕੁਝ ਅਫ਼ਸਰ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਮੁੱਖ ਮੰਤਰੀ ਸਾਹਿਬ ਨੂੰ ਰਿਕੂਐਸਟ ਕਰਾਂਗਾ ਕਿ ਘੱਟੋ ਘੱਟ ਇਸ ਡਰੱਗਜ਼ ਦੀ ਪ੍ਰਾਬਲਮ ਨੂੰ ਖ਼ਤਮ ਕਰਵਾਈਏ ਤਾਂ ਕਿ ਮਾਝੇ ਦੇ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ। ਸਪੀਕਰ ਸਾਹਿਬ, ਸਾਡੇ ਮਾਝੇ ਵਿੱਚੋਂ 25 ਐਮ. ਐਲ. ਏ. ਚੁਣ ਕੇ ਆਉਂਦੇ ਹਨ ਜਿਸ ਵਿਚੋਂ ਇਸ ਵਾਰੀ ਕਾਂਗਰਸ ਪਾਰਟੀ ਤੋਂ 9 ਮੈਂਬਰ ਚੁਣ ਕੇ ਆਏ ਹਨ। ਬੀ. ਜੇ. ਪੀ.-ਅਕਾਲੀ ਪਾਰਟੀ ਤੋਂ 16 ਚੁਣ ਕੇ ਆਏ ਹਨ। ਅਸੀਂ ਸਾਰੇ ਐਮ. ਐਲ. ਏ. ਸਾਹਿਬਾਨ ਕਿਸੇ ਵੀ ਇਲਾਕੇ ਵਿੱਚ ਚਲੇ ਜਾਈਏ ਇਨ੍ਹਾਂ ਨੂੰ ਇਹੀ ਸਮੱਸਿਆ ਨਜ਼ਰ ਆਉਂਦੀ ਹੈ : ਬੇਰੁਜ਼ਗਾਰੀ ਅਤੇ ਡਰੱਗਜ਼। ਉਹ ਇਲਾਕਾ ਅੰਡਰ-ਡਿਵੈਲਪਡ ਤਾਂ ਹੈ ਹੀ ਕਿਉਂਕਿ ਉਧਰਲੇ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਸੋ, ਅੱਜ ਮਾਝੇ ਦੀ ਜਿਹੜੀ ਸਿਚੂਏਸ਼ਨ ਹੈ we are sitting on fire. ਲੋਕ ਗੁੱਸੇ ਨਾਲ ਭਰੇ ਹੋਏ ਹਨ। ਮਾਝੇ ਦੇ ਨੌਜਵਾਨ, ਉਥੋਂ ਦੇ ਬੱਚੇ, ਉਥੋਂ ਦੇ ਲੋਕ, ਜਿਹੜਾ ਉਨ੍ਹਾਂ ਨਾਲ ਧੱਕਾ ਹੋਇਆ ਹੈ, ਬੇਇਨਸਾਫ਼ੀ ਹੋਈ ਹੈ ਉਸ ਲਈ ਗੁੱਸੇ ਨਾਲ ਭਰੇ ਹੋਏ ਹਨ। ਸੋ, ਮੈਂ ਇਹ ਤੁਹਾਡੇ ਨੋਟਿਸ ਵਿੱਚ ਲਿਆਉਣਾ ਚਾਹਾਂਗਾ ਕਿ ਇਸ ਦਾ ਕਾਰਨ ਕੀ ਹੈ? ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਜੋ ਵੀ ਡਿਵੈਲਪਮੈਂਟ ਹੋਈ ਹੈ, ਜੋ ਵੀ ਤਰੱਕੀ ਹੋਈ ਹੈ, ਜੋ ਵੀ ਕੰਮ ਹੋਏ ਹਨ, ਉਹ ਸਾਰੇ ਹੀ ਖਾਸ ਕਰਕੇ ਮਾਲਵਾ ਵਿੱਚ ਹੋਏ ਹਨ। ਮੈਨੂੰ ਇਸ ਚੀਜ਼ ਨੂੰ ਐਡਮਿਟ ਕਰਦਿਆਂ ਕੋਈ ਸ਼ਰਮ ਨਹੀਂ ਹੈ ਕਿ ਸਾਡੇ ਮਾਲਵੇ ਦੇ ਪਾਲੀਟਿਸ਼ਨਜ਼, ਚਾਹੇ ਉਹ ਅਕਾਲੀ-ਬੀ. ਜੇ. ਪੀ. ਵਿਚੋਂ ਜਾਂ ਸਾਡੀ ਪਾਰਟੀ ਵਿਚੋਂ ਹਨ, ਉਨ੍ਹਾਂ ਨੂੰ ਸਿਰਫ਼ ਆਪਣੇ ਇਲਾਕੇ ਦੇ ਲੋਕ ਹੀ ਨਜ਼ਰ ਆਉਂਦੇ ਹਨ, ਸਾਡੇ ਲੋਕ ਨਜ਼ਰ ਨਹੀਂ ਆਉਂਦੇ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹਾਂਗਾ ਕਿ ਪਿਛਲੇ

30 ਸਾਲਾਂ ਵਿੱਚ ਮੇਜਰ ਇਨਵੈਸਟਮੈਂਟ, ਜਿਹੜੀ ਕਿ ਲਗਭਗ 2 ਲੱਖ ਕਰੋੜ ਦੀ ਪ੍ਰੋਜੈਕਟਸ ਵਿੱਚ ਹੋਈ ਹੈ, ਉਹ ਸਿਰਫ਼ ਮਾਲਵੇ ਵਿੱਚ ਹੋਈ ਹੈ (ਵਿਘਨ) ਸਰ, ਮੇਰੀ ਗੱਲ ਤਾਂ ਸੁਣ ਲਓ।

ਮਾਨਯੋਗ ਸਪੀਕਰ : ਤੁਸੀਂ ਆਪਣੇ ਮੈਂਬਰ ਨੂੰ ਬੋਲਦੇ ਨੂੰ ਹੀ ਡਿਸਟਰਬ ਕਰ ਰਹੇ ਹੋ।

ਸ਼੍ਰੀ ਅਸ਼ਵਨੀ ਸੇਖੜੀ : ਸਰ, ਮੈਂ ਤੁਹਾਡੀ ਨਾਲਿਜ ਵਿੱਚ ਲਿਆਉਣਾ ਚਾਹੁੰਦਾ ਹਾਂ। ਇਹ ਮੈਂ ਮਾਲਵਾ, ਦੁਆਬਾ, ਮਾਝਾ ਰੀਜ਼ਨ ਦੀ ਪਿਛਲੇ 30 ਸਾਲਾਂ ਵਿੱਚ ਹੋਈ ਇਨਵੈਸਟਮੈਂਟ ਬਾਰੇ ਸਾਰੀ ਸਟੱਡੀ ਕਰਕੇ ਚਾਰਟ ਬਣਾਇਆ ਹੈ। ਇੰਟਰਨੈਸ਼ਨਲ ਏਅਰਪੋਰਟ ਮੋਹਾਲੀ ਅਤੇ ਮਾਛੀਵਾੜਾ ਇਹ ਲੈ ਕੇ ਆ ਰਹੇ ਹਨ, ਨੈਸ਼ਨਲ ਫਰਟੀਲਾਈਜ਼ਰ, ਬਠਿੰਡਾ, ਨੈਸ਼ਨਲ ਫਰਟੀਲਾਈਜ਼ਰ ਪਲਾਂਟ, ਨੰਗਲ, ਹਿੰਦੁਸਤਾਨ ਇਨਸੈਕਟੀਸਾਈਡਜ਼, ਬਠਿੰਡਾ, ਚੰਡੀਗੜ੍ਹ-ਲੁਧਿਆਣਾ ਰੇਲ ਲਾਈਨ, ਆਈ. ਟੀ. ਪਾਰਕ, ਮੋਹਾਲੀ, ਐਲ. ਪੀ. ਜੀ. ਬਾਟਲਿੰਗ ਪਲਾਂਟ, ਲਾਲੜੂ (ਵਿਘਨ) ਇਹ ਮੈਂ ਸਰਕਾਰੀ ਅੰਕੜੇ ਦੇ ਰਿਹਾ ਹਾਂ। ਇਸ ਵਿੱਚ ਮੈਂ ਪ੍ਰਾਈਵੇਟ ਅਦਾਰਿਆਂ ਨੂੰ ਨਹੀਂ ਗਿਣ ਰਿਹਾ। ਪੰਜਾਬ ਐਲਕਲੀਜ਼, ਨੰਗਲ, ਪੰਜਾਬ ਟਰੈਕਟਰਜ਼, ਮੋਹਾਲੀ ਅਤੇ ਰੋਪੜ, ਗੁਰੂ ਗੋਬਿੰਦ ਸਿੰਘ ਰਿਫਾਈਨਰੀ, ਜਿਸ ਬਾਰੇ ਗਵਰਨਰ ਐਡਰੈਸ ਵਿੱਚ ਦੱਸਿਆ ਗਿਆ ਹੈ ਕਿ 19000 ਕਰੋੜ ਰੁਪਿਆ ਲੱਗਣਾ ਹੈ, ਇਹ ਵੀ ਬਠਿੰਡੇ ਵਿੱਚ ਹੈ। ਜੇਕਰ ਅਸੀਂ ਪਾਵਰ ਸੈਕਟਰ ਵਿੱਚ ਜਾਈਏ ਤਾਂ ਗੁਰੂ ਨਾਨਕ ਦੇਵ ਥਰਮਲ ਪਾਵਰ ਸਟੇਸ਼ਨ, ਬਠਿੰਡਾ ਜਿਹੜਾ ਕਿ 450 ਮੈਗਾਵਾਟ ਦਾ ਹੈ, ਥਰਮਲ ਪਾਵਰ ਸਟੇਸ਼ਨ, ਰੋਪੜ 1260 ਮੈਗਾਵਾਟ, ਥਰਮਲ ਪਾਵਰ ਪਲਾਂਟ, ਲਹਿਰਾ ਮੁਹੱਬਤ 420 ਮੈਗਾਵਾਟ, ਥਰਮਲ ਪਾਵਰ ਪਲਾਂਟ, ਲਹਿਰਾ ਮੁਹੱਬਤ ਸਟੇਜ II, 500 ਮੈਗਵਾਟ, ਤਲਵੰਡੀ ਸਾਬੋ ਪਾਵਰ ਪਲਾਂਟ, 1980 ਮੈਗਾਵਾਟ, ਰਾਜਪੁਰਾ ਪਾਵਰ ਪਲਾਂਟ, 1400 ਮੈਗਾਵਾਟ। ਇਹ ਤਾਂ ਮੈਂ ਇੰਡਸਟਰੀ ਬਾਰੇ ਦੱਸਿਆ ਹੈ। ਇਸ ਤੋਂ ਬਾਅਦ ਜੇਕਰ ਐਜੂਕੇਸ਼ਨ ਸੈਕਟਰ ਵਿੱਚ ਦੇਖੀਏ ਜਿਸ ਨਾਲ ਸਾਡੇ ਬੱਚਿਆਂ ਦਾ ਫਿਊਚਰ ਬਣਨਾ ਹੈ, (ਵਿਘਨ) ਇਹ ਮੈਂ ਹਾਲੇ ਦੁਆਬੇ ਦਾ ਦੱਸ ਰਿਹਾ ਹਾਂ, ਮਾਝੇ ਦਾ ਵੱਖਰਾ ਦੱਸਾਂਗਾ। ਮੈਂ ਇਹ ਕੰਪੇਅਰ ਕਰਕੇ ਦੱਸਣਾ ਚਾਹੁੰਦਾ ਹਾਂ ਕਿ ਮਾਲਵੇ ਅਤੇ ਮਾਝੇ ਵਿੱਚ ਕੀ ਫਰਕ ਰੱਖਿਆ ਗਿਆ ਹੈ। ਧੁੱਗਾ ਸਾਹਿਬ ਇਸ ਤੋਂ ਤੁਹਾਨੂੰ ਵੀ ਪਤਾ ਲੱਗ ਜਾਵੇਗਾ। ਸਪੀਕਰ ਸਾਹਿਬ, ਐਜੂਕੇਸ਼ਨ ਵਿੱਚ ਸੰਤ ਲੌਂਗੋਵਾਲ ਇੰਸਟੀਚਿਊਟ ਜਿਹੜਾ ਕਿ ਲੌਂਗੋਵਾਲ ਵਿਖੇ ਬਣਾਇਆ ਗਿਆ ਹੈ। ਇਹ ਇੱਕ ਡੀਮਡ ਯੂਨੀਵਰਸਿਟੀ ਹੈ। ਨਾਈਪਰ, ਜਿਹੜਾ ਕਿ ਗੌਰਮਿੰਟ ਆਫ਼ ਇੰਡੀਆ ਤੋਂ ਲੈ ਕੇ ਆਏ ਹਨ, ਇੰਸਟੀਚਿਊਟ ਆਫ਼ ਫਾਰਮੇਸੀ, ਇਹ ਮੋਹਾਲੀ ਵਿਖੇ ਬਣਾਇਆ ਗਿਆ ਹੈ। ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਇਹ ਲੁਧਿਆਣਾ ਵਿਚ ਲਗਾਈ ਗਈ ਹੈ। ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼, ਫਰੀਦਕੋਟ ਬਣਾਈ ਗਈ ਹੈ। ਸੈਂਟਰਲ ਯੂਨੀਵਰਸਿਟੀ, ਜਿਹੜੀ ਕਿ ਕੇਂਦਰ ਤੋਂ ਆਈ ਸੀ, ਉਹ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਬਠਿੰਡਾ ਲੈ ਗਏ ਹਨ। ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ, ਪਟਿਆਲੇ ਲੈ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਜਿਹੜੀਆਂ ਕਿ ਪੂਰੇ ਇੰਡੀਆ ਵਿੱਚ ਸਿਰਫ਼

[ਸ਼੍ਰੀ ਅਸ਼ਵਨੀ ਸੇਖੜੀ]

7-8 ਸਟੇਟਸ ਨੂੰ ਮਿਲੀਆਂ ਹਨ, ਇਹ ਸਾਡੀ ਸਟੇਟ ਨੂੰ ਵੀ ਮਿਲੀ ਹੈ, ਇਸ ਵਿੱਚ ਆਈ. ਆਈ. ਟੀ. ਵਾਸਤੇ 1000 ਕਰੋੜ ਰੁਪਿਆ ਲੱਗਣਾ ਹੈ। ਪਹਿਲਾਂ ਇਸ ਵਾਸਤੇ ਸਾਡੇ ਏਰੀਏ ਬਿਆਸ ਨੂੰ ਚੁਣਿਆ ਗਿਆ ਸੀ ਪਰ ਉਸ ਨੂੰ ਵੀ ਚੁੱਕ ਕੇ ਰੋਪੜ ਲੈ ਗਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬੀ ਯੂਨੀਵਰਸਿਟੀ ਰੀਜ਼ਨਲ ਕੈਂਪਸ, ਤਲਵੰਡੀ ਸਾਬੋ, ਪੰਜਾਬੀ ਯੂਨੀਵਰਸਿਟੀ ਰੀਜ਼ਨਲ ਕੈਂਪਸ, ਬਠਿੰਡਾ, ਪੰਜਾਬੀ ਯੂਨੀਵਰਸਿਟੀ ਰੀਜ਼ਨਲ ਕੈਂਪਸ, ਮੋਹਾਲੀ। ਉਸ ਤੋਂ ਬਾਅਦ ਟੈਕਨੀਕਲ ਯੂਨੀਵਰਸਿਟੀ ਦਾ ਰੀਜ਼ਨਲ ਕੈਂਪਸ, ਪੀ. ਟੀ. ਯੂ. ਰੀਜ਼ਨਲ ਕੈਂਪਸ, ਬਠਿੰਡਾ, ਪੀ. ਟੀ. ਯੂ. ਰੀਜ਼ਨਲ ਕੈਂਪਸ, ਮੁਕਤਸਰ। ਪਹਿਲਾ ਸਪੋਰਟਸ ਸਕੂਲ, ਕਪੂਰਥਲਾ ਵਿਖੇ ਸੀ, ਹੁਣ ਦੂਸਰਾ ਸਪੋਰਟਸ ਸਕੂਲ ਬਠਿੰਡਾ ਬਣਨ ਲੱਗਾ ਹੈ। ਥਾਪਰ ਇੰਸਟੀਚਿਊਟ ਆਫ਼ ਟੈਕਨਾਲੋਜੀ, ਪਟਿਆਲਾ ਜਿਹੜੀ ਕਿ ਡੀਮਡ ਯੂਨੀਵਰਸਿਟੀ ਹੈ। ਡਿਫੈਂਸ ਅਕੈਡਮੀ ਰੋਪੜ ਲੈ ਗਏ ਹਨ ਜਿਹੜੀ ਕਿ ਕੇਂਦਰ ਤੋਂ ਆਈ ਸੀ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣੇ ਵਿੱਚ ਹੈ। ਇੰਡੀਅਨ ਸਕੂਲ ਆਫ ਬਿਜ਼ਨੈਸ, ਜਿਹੜੀ ਕਿ ਬੜੀ ਪ੍ਰੈਸਟੀਜੀਅਸ ਇੰਸਟੀਚਿਊਟ ਬਣਨ ਵਾਲੀ ਹੈ, ਉਹ ਵੀ ਮੋਹਾਲੀ ਵਿੱਚ ਹੈ। ਰਿਮਟ ਨੂੰ ਮਲੋਟ ਵਿਖੇ ਆਪਣੇ ਇਲਾਕੇ ਵਿੱਚ ਲੈ ਕੇ ਗਏ ਹਨ। ਪੁਲਿਸ ਟ੍ਰੇਨਿੰਗ ਕਾਲਜ, ਇੰਡੀਅਨ ਇੰਸਟੀਚਿਊਟ ਆਫ਼ ਹੋਟਲ ਮੈਨੇਜਮੈਂਟ, ਬਠਿੰਡਾ ਵਿੱਚ ਹੈ, ਮੈਂ ਇਨ੍ਹਾਂ ਦੀ ਸਪੀਚ ਸੁਣੀ ਸੀ, ਇੰਡੀਅਨ ਇੰਸਟੀਚਿਊਟ ਆਫ ਨੈਨੋ ਟੈਕਨਾਲੋਜੀ ਅਤੇ ਇੰਡੀਅਨ ਇੰਸਟੀਚਿਊਟ ਆਫ਼ ਬਾਇਓਟੈਕਨਾਲੋਜੀ ਮੋਹਾਲੀ ਵਿਖੇ ਬਣ ਗਿਆ। ਜੋ ਦੁਨੀਆਂ ਭਰ ਦੇ ਸਪੋਰਟਸ ਕੰਪਲੈਕਸਿਜ਼ ਹਨ, ਉਹ ਚਾਹੇ ਬਠਿੰਡਾ ਲੱਗੇ ਹਨ ਜਾਂ ਮੋਹਾਲੀ ਲੱਗੇ ਹਨ। ਸੋ, ਇਹ ਜਿਹੜਾ ਦੋ ਲੱਖ ਕਰੋੜ ਰੁਪਿਆ ਹੈ, ਇਹ ਗੌਰਮਿੰਟ ਦਾ ਲੱਗਿਆ ਹੈ ਪਰ ਜੇ ਆਪਣਾ ਦੁਆਬਾ ਰੀਜ਼ਨ ਲਈਏ, ਉਸ ਦੇ ਵਿੱਚ ਬਹੁਤ ਥੋੜ੍ਹੇ ਜਿਹੇ ਇੰਸਟੀਚਿਊਟ ਆਉਂਦੇ ਹਨ। ਸਵਰਾਜ ਮਾਜ਼ਦਾ, ਬਲਾਚੌਰ ਵਿਖੇ ਹੈ। ਐਲ. ਪੀ. ਜੀ. ਬੋਟਲਿੰਗ ਪਲਾਂਟ, ਹੁਸ਼ਿਆਰਪੁਰ ਹੈ। ਰੇਲ ਕੋਚ ਫੈਕਟਰੀ, ਕਪੂਰਥਲਾ ਵਿਖੇ ਹੈ। ਇਹ ਰਾਜੀਵ ਗਾਂਧੀ ਜੀ ਨੇ ਦਿੱਤੀ ਸੀ। ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਹੈ। ਗੁਰੂ ਰਵੀਦਾਸ ਆਯੂਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ ਵਿਖੇ ਹੈ। ਡਾਕਟਰ ਅੰਬੇਦਕਰ ਇੰਸਟੀਚਿਊਟ ਆਫ਼ ਟੈਕਨਾਲੋਜੀ, ਜਲੰਧਰ ਵਿਖੇ ਹੈ। ਇਹ ਡੀਮਡ ਯੂਨੀਵਰਸਿਟੀ ਹੈ। ਇੰਡੀਅਨ ਇੰਸਟੀਚਿਊਟ ਆਫ਼ ਇਨਫਰਮੇਸ਼ਨ ਐਂਡ ਟੈਕਨਾਲੋਜੀ, ਕਪੂਰਥਲਾ ਵਿਖੇ ਹੈ। ਫੂਡ ਐਂਡ ਕਰਾਫਟ ਇੰਸਟੀਚਿਊਟ ਹੁਸ਼ਿਆਰਪੁਰ ਵਿਖੇ ਹੈ। ਇਹ ਦੁਆਬੇ ਵਿੱਚ ਲੱਗੇ ਹਨ। ਸਾਇੰਸ ਸਿਟੀ, ਕਪੂਰਥਲਾ ਵਿਖੇ ਹੈ ਪਰ ਜਦੋਂ ਮਾਝੇ ਏਰੀਏ ਵੱਲ ਜਾਂਦੇ ਹਾਂ, ਮੈਨੂੰ ਇਸ ਚੀਜ਼ ਦਾ ਬਹੁਤ ਵੱਡਾ ਅਫ਼ਸੋਸ ਹੈ ਕਿ ਉਥੇ ਬਹੁਤ ਘੱਟ ਇੰਸਟੀਚਿਊਸਨਜ਼ ਹਨ। But when we go towards Majha, I find only one University, Guru Nannk Dev University, ਜਿਹੜੀ ਕਿ ਸਭ ਤੋਂ ਪਹਿਲਾਂ ਇਥੇ ਬਣੀ। ਇਹ ਸਿਰਫ ਇਕੱਲੀ ਹੀ ਯੂਨੀਵਰਸਿਟੀ ਹੈ, ਇਹ ਮਜੀਠੀਆ ਸਾਹਿਬ ਦੀ ਨਾਲਿਜ ਵਿੱਚ ਹੋਣਾ ਚਾਹੀਦਾ ਹੈ। ਜਿਹੜਾ

ਥਰਮਲ ਪਾਵਰ ਪਲਾਂਟ, ਗੋਇੰਦਵਾਲ ਸਾਹਿਬ ਵਿਖੇ ਹੈ, ਮੈਨੂੰ ਨਹੀਂ ਲੱਗਦਾ ਕਿ ਇਹ ਚਲਣਾ ਹੈ ਕਿ ਨਹੀਂ ਚੱਲਣਾ, ਮੈਨੂੰ ਇਸ ਚੀਜ਼ ਦਾ ਨਹੀਂ ਪਤਾ। Except these two, there is nothing there. ਸਪੀਕਰ ਸਾਹਿਬ, ਮੈਂ ਇੱਕ ਛੋਟਾ ਜਿਹਾ ਡਾਟਾ ਇਕੱਠਾ ਕੀਤਾ ਹੈ। ਲਾਰਜ ਸਕੇਲ ਇੰਡਸਟਰੀ ਦੇ ਸਬੰਧ ਵਿੱਚ, ਕਿਉਂਕਿ ਜਿਹੜੇ ਨੌਜਵਾਨ ਬੱਚੇ ਹਨ, ਉਨ੍ਹਾਂ ਨੇ ਇੰਡਸਟਰੀ ਵਿੱਚ ਜਾਣਾ ਹੈ। ਲਾਰਜ ਸਕੇਲ ਇੰਡਸਟਰੀ ਦਾ ਡਾਟਾ ਮੇਰੇ ਕੋਲ ਹੈ। (ਵਿਘਨ)

(ਇੱਕ ਅਵਾਜ਼ : ਥੀਨ ਡੈਮ ਦੀ ਗੱਲ ਛੱਡ ਗਏ, ਅੰਮ੍ਰਿਤਸਰ ਏਅਰਪੋਰਟ ਦੀ ਗੱਲ ਛੱਡ ਦਿੱਤੀ।)

ਸਰ, ਮੈਂ ਦੱਸਣ ਲੱਗਾ ਹਾਂ ਜੀ। ਜਿਹੜੀਆਂ ਲਾਰਜ ਸਕੇਲ ਪ੍ਰਾਈਵੇਟ ਇੰਡਸਟਰੀਜ਼ ਹਨ, ਪਿਛਲੇ 30 ਸਾਲਾਂ ਵਿੱਚ 630 ਵੱਡੇ ਇੰਡਸਟਰੀਅਲ ਯੂਨਿਟਸ ਮਾਲਵੇ ਵਿੱਚ ਲੱਗੇ, ਲੱਗਭੱਗ 150 ਯੂਨਿਟ ਦੁਆਬੇ ਵਿੱਚ ਲੱਗੇ ਹਨ, ਸਾਡੇ ਮਾਝੇ ਵਿੱਚ ਤਕਰੀਬਨ 90 ਲੱਗੇ ਹਨ। ਸਰ, ਇਹ ਇੰਨੀ ਇਨਡਿਸਕਰੀਪੈਂਸੀ ਜਿਹੜੀ ਹੈ, ਇਹ ਬਹੁਤ ਵੱਡੀ ਹਾਰਟ ਬਰਨਿੰਗ ਹੈ ਔਰ ਲੋਕਾਂ ਵਿੱਚ ਬਹੁਤ ਵੱਡਾ ਆਕ੍ਰੋਸ਼ ਹੈ। ਲੋਕ ਪਰੇਸ਼ਾਨ ਹਨ ਕਿ ਇਥੇ ਲੀਡਰ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਨ ਪਰ ਜਿਹੜੇ ਲੋਕ ਬਾਰਡਰ ਤੇ ਬੈਠੇ ਹਨ, ਜਿਨ੍ਹਾਂ ਲੋਕਾਂ ਨੂੰ ਕੋਈ ਨਹੀਂ ਪੁੱਛਦਾ, ਉਨ੍ਹਾਂ ਦੇ ਵੱਲ ਸਰਕਾਰ ਦੀ ਅਤੇ ਪੂਰੇ ਹਾਊਸ ਦੀ ਨਜ਼ਰ ਕਦੋਂ ਜਾਵੇਗੀ? ਸਰ, ਮੈਂ ਇਹ ਜਿਹੜੀਆਂ ਗੱਲਾਂ ਤੁਹਾਨੂੰ ਦੱਸੀਆਂ ਹਨ, ਇਹ ਬਹੁਤ ਇੰਪਾਰਟੈਂਟ ਹਨ। ਸਾਰੇ ਹਾਊਸ ਨੂੰ ਬਾਰਡਰ ਏਰੀਏ ਦੀ ਡਿਵੈਲਪਮੈਂਟ ਦੇ ਵਾਸਤੇ ਕੋਈ ਨਾ ਕੋਈ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ। ਸਰ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੈਂ ਪਿਛਲੀ ਵਾਰ ਆਇਆ ਸੀ, ਉਦੋਂ ਵੀ ਹਾਲਾਤ ਇਹੋ ਜਿਹੇ ਹੀ ਸੀ। ਉਦੋਂ ਵੀ ਘਰ-ਘਰ ਵਿੱਚ ਬੱਚੇ ਬੇਕਾਰ ਬੈਠੇ ਸਨ। ਅੱਜ ਉਥੋਂ ਕੋਈ ਵੱਡੀ ਪ੍ਰਾਬਲਮ ਖੜ੍ਹੀ ਨਾ ਹੋਵੇ, ਇਸ ਲਈ ਜ਼ਰੂਰੀ ਹੈ ਕਿ ਉਥੇ ਰੁਜ਼ਗਾਰ ਦੀਆਂ ਔਪਰਚੂਨਿਟੀਜ਼ ਅਤੇ ਜਾਬਜ਼ ਦੀਆਂ ਔਪਰਚੂਨਿਟੀਜ਼ ਉਸ ਖੇਤਰ ਵਿੱਚ ਵਧਾਈਆਂ ਜਾਣ। ਸਰ, ਅੱਜ ਜਦੋਂ ਸਾਡੇ ਇਲਾਕੇ, ਖਾਸ ਤੌਰ ਤੇ ਦੁਆਬਾ ਅਤੇ ਮਾਝਾ ਦੇ ਲੋਕਾਂ ਦੇ ਨੌਜਵਾਨ ਬੱਚੇ ਜਦੋਂ ਬਾਹਰ ਜਾਂਦੇ ਹਨ, ਇੱਕ ਨਵੀਂ ਪ੍ਰਾਬਲਮ ਆ ਗਈ ਕਿ ਜਿਹੜੇ ਬਜ਼ੁਰਗ ਹਨ, ਉਹ ਪਿੰਡਾਂ ਤੇ ਸ਼ਹਿਰਾਂ ਵਿੱਚ ਇਕੱਲੇ ਘਰਾਂ ਵਿੱਚ ਬੈਠੇ ਹਨ। ਬੱਚੇ ਬਾਹਰ ਚਲੇ ਜਾਂਦੇ ਹਨ। ਉਨ੍ਹਾਂ ਬਜ਼ੁਰਗਾਂ ਦੀ ਦੇਖਭਾਲ ਕਰਨ ਲਈ ਕੋਈ ਬੰਦਾ ਨਹੀਂ ਹੈ। ਉਨ੍ਹਾਂ ਨੂੰ ਨਮੋਸ਼ੀ ਹੈ, ਉਨ੍ਹਾਂ ਦਾ ਰਹਿਣ-ਸਹਿਣ ਬਦਲ ਗਿਆ ਹੈ ਕਿਉਂਕਿ ਜਿਹੜੀ ਸਾਡੀ ਪੁਰਾਣੀ ਰਿਵਾਇਤ ਸੀ, ਸਾਡੇ ਪਹਿਲਾਂ ਸਿੰਧੂ ਘਾਟੀ ਸਭਿਅਤਾ ਤੋਂ ਲੈ ਕੇ ਪੰਜਾਬ ਵਿੱਚ ਸਾਰੇ ਕਿਧਰੇ ਜੁਆਇੰਟ ਫੈਮਲੀਜ਼ ਦਾ ਰਿਵਾਜ ਸੀ, ਉਹ ਅਸੀਂ ਬਰੇਕ ਕਰ ਦਿੱਤਾ ਹੈ। ਨਿਊਕਲੀਅਰ ਫੈਮਲੀਜ਼ ਦੇ ਵਿੱਚ ਬੱਚੇ ਬਾਹਰ ਚਲੇ ਜਾਂਦੇ ਹਨ, ਮਾਂ-ਬਾਪ ਇਕੱਲੇ ਘਰਾਂ ਵਿੱਚ ਰਹਿ ਜਾਂਦੇ ਹਨ। ਇਸ ਦਾ ਕਾਰਨ ਇਕੋ ਹੀ ਹੈ ਕਿ ਬੱਚੇ ਬਾਹਰ ਇਸ ਵਾਸਤੇ ਜਾਂਦੇ ਹਨ ਕਿ ਉਥੇ ਬੈਟਰ ਜਾਬ ਔਪਰਚਨਿਟੀਜ਼ ਹਨ। ਅਗਰ ਉਨੀ ਹੀ ਕਮਾਈ ਪੰਜਾਬ ਵਿੱਚ ਹੋਵੇ, ਆਪਣੇ ਇਲਾਕੇ ਵਿੱਚ ਹੋਵੇ ਤਾਂ ਕੋਈ ਘਰੋਂ ਬਾਹਰ ਜਾਣ ਨੂੰ ਤਿਆਰ ਨਹੀਂ ਹੋਵੇਗਾ। ਮੈਂ ਸਮਝਦਾ ਹਾਂ ਕਿ ਅੱਜ ਇਸ ਚੀਜ਼ ਦੀ ਸਖ਼ਤ ਜ਼ਰੂਰਤ ਹੈ ਕਿ ਅਸੀਂ ਖਾਸ ਤੌਰ ਤੇ ਬਾਰਡਰ ਏਰੀਏ ਦੀ ਡਿਵੈਲਪਮੈਂਟ

[ਸ੍ਰੀ ਅਸ਼ਵਨੀ ਸੇਖੜੀ]

ਕਰਨ ਵਾਸਤੇ ਕੋਈ ਨਾ ਕੋਈ ਵੱਡਾ ਕਦਮ ਚੁੱਕੀਏ। ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਸਰਕਾਰ ਨੂੰ ਅਤੇ ਮੁੱਖ ਮੰਤਰੀ ਸਾਹਿਬ ਨੂੰ ਇਹ ਸੁਜੈਸਟ ਕਰਨਾ ਚਾਹਵਾਂਗਾ ਕਿ ਇੱਕ ਮਾਝਾ ਡਿਵੈਲਪਮੈਂਟ ਕੌਂਸਲ ਬਣਾਈ ਜਾਵੇ, ਜਿਸ ਦੇ ਵਿੱਚ ਸਾਰੀਆਂ ਪਾਰਟੀਆਂ ਦੇ ਸਿਟਿੰਗ ਐਮ. ਐਲ. ਏਜ਼ ਨੂੰ ਨਾਲ ਲਉ, ਉਨ੍ਹਾਂ ਦੇ ਵਿਚਾਰ ਸੁਣ ਕੇ ਉਸ ਇਲਾਕੇ ਨੂੰ ਜਿੰਨਾ ਆਪਾਂ ਪਿਛਲੇ 30 ਸਾਲਾਂ ਵਿੱਚ ਪਿਛੇ ਛੱਡ ਦਿੱਤਾ ਹੈ, ਉਨਾ ਹੀ ਅੱਗੇ ਵਧਾਇਆ ਜਾਵੇ। ਮੈਂ ਇਹ ਜਿਹੜੀ ਲਿਸਟ ਹੈ, ਇਹ ਸਦਨ ਦੇ ਵਿੱਚ, ਹਾਊਸ ਵਿੱਚ ਵੀ ਰੱਖਣਾ ਚਾਹੁੰਦਾ ਹਾਂ। ਘੱਟੋ-ਘੱਟ ਕਿਤੇ ਨੇੜੇ-ਤੇੜੇ ਤਾਂ ਜਾਈਏ, ਕਿਤੇ 19-21 ਦਾ ਫਰਕ ਹੀ ਹੋਵੇ, ਇਹ ਤਾਂ ਸਾਡੇ ਮਾਝੇ ਏਰੀਏ ਨਾਲ ਬਹੁਤ ਜ਼ਿਆਦਾ ਧੱਕਾ ਹੋਇਆ ਹੈ। ਮੈਂ ਹਾਊਸ ਦਾ ਜ਼ਿਆਦਾ ਸਮਾਂ ਨਹੀਂ ਲੈਂਦਾ, ਤੁਸੀਂ ਮੈਨੂੰ ਪੰਜ ਮਿੰਟ ਦਿੱਤੇ ਸੀ। ਇਸ ਗਵਰਨਰ ਐਡਰੈਸ ਨੂੰ, ਜਿਸ ਵਿੱਚ ਕਿ ਸਰਕਾਰ ਵਲੋਂ ਬੜੀਆਂ ਲੰਬੀਆਂ-ਲੰਬੀਆਂ ਗੱਲਾਂ ਕੀਤੀਆਂ ਗਈਆਂ ਹਨ ਪਰ ਇਸ ਗਵਰਨਰ ਐਡਰੈਸ ਵਿੱਚ ਮਾਝੇ ਇਲਾਕੇ ਦੀ ਡਿਵੈਲਪਮੈਂਟ ਲਈ ਕੋਈ ਇੱਕ ਗੱਲ ਵੀ ਨਹੀਂ ਕਹੀ ਗਈ, ਨੰਬਰ ਦੋ ਇਸ ਵਿੱਚ ਮਾਝੇ ਦੇ ਲੋਕਾਂ ਵੱਲ ਕੋਈ ਰੈਫਰੈਂਸ ਵੀ ਨਹੀਂ ਦਿੱਤਾ ਗਿਆ, ਇਸ ਲਈ ਮੈਂ ਇਸ ਐਡਰੈਸ ਦਾ ਪੁਰਜ਼ੋਰ ਵਿਰੋਧ ਕਰਦਾ ਹਾਂ ਅਤੇ ਪੂਰੇ ਜ਼ੋਰ ਨਾਲ ਇਸ ਨੂੰ ਨਕਾਰਦਾ ਹਾਂ। ਸ਼ੁਕਰੀਆ, ਸਰ।

ਮਾਨਯੋਗ ਸਪੀਕਰ : ਥੈਂਕ ਯੂ। ਗੁਆਂਢੀਆਂ ਨੂੰ ਵੀ ਦੱਸ ਦਿਓ ਕਿ ਇਸ ਤਰ੍ਹਾਂ ਬੋਲਣਾ ਹੈ। ਹਾਂ ਜੀ, ਅਸ਼ਵਨੀ ਕੁਮਾਰ ਸ਼ਰਮਾ ਜੀ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਰਾਜਪਾਲ ਦੇ ਭਾਸ਼ਣ ਤੇ ਪੇਸ਼ ਕੀਤੇ ਗਏ ਧੰਨਵਾਦ ਪ੍ਰਸਤਾਵ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਉਸ ਇਲਾਕੇ ਤੋਂ ਹਾਂ ਜਿਸ ਨੂੰ ਪੰਜਾਬ ਦਾ ਹਿੱਸਾ ਵੀ ਨਹੀਂ ਸਮਝਿਆ ਜਾਂਦਾ ਸੀ, ਮੇਰੀ ਮੁਰਾਦ ਪਠਾਨਕੋਟ ਜ਼ਿਲ੍ਹੇ ਤੋਂ ਹੈ, ਲੇਕਿਨ ਅੱਜ ਮੈਨੂੰ ਇਸ ਗੱਲ ਦਾ ਮਾਣ ਹੈ, ਅਗਰ ਅੱਜ ਮੈਂ ਪਠਾਨਕੋਟ ਨੂੰ ਜ਼ਿਲ੍ਹਾ ਬੋਲ ਸਕਦਾ ਹਾਂ ਤਾਂ ਇਹ ਇਸ ਸਰਕਾਰ ਦੇ ਸਦਕਾ ਹੈ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਦੇ ਸਦਕਾ ਹੈ। (ਥੰਪਿੰਗ) ਇਕੱਲਾ ਜ਼ਿਲ੍ਹਾ ਹੀ ਨਹੀਂ ਬਣਾਇਆ, ਬੜੀ ਦੇਰ ਤੋਂ ਮੰਗ ਚੱਲੀ ਆ ਰਹੀ ਸੀ ਕਿ ਉਥੇ ਗਰੋਟਾ ਬਲਾਕ ਬਣਨਾ ਚਾਹੀਦਾ ਹੈ, ਮਾਝੇ ਦੇ ਵਿਕਾਸ ਦੀ ਗੱਲ ਮੇਰੇ ਸਾਥੀ ਕਰ ਰਹੇ ਸੀ, ਲੇਕਿਨ ਮੇਰੇ ਖਿਆਲ ਨਾਲ ਇਨ੍ਹਾਂ ਨੂੰ ਜ਼ਿਆਦਾ ਜਾਣਕਾਰੀ ਨਹੀਂ ਹੈ ਕਿ ਜਿਹੜਾ ਬਾਰਡਰ ਦੇ ਨਾਲ ਸਟਿਆ ਏਰੀਆ ਹੈ, ਜਿਸ ਨੂੰ ਅਸੀਂ ਨਰੋਟ ਜੈਮਲ ਸਿੰਘ ਕਹਿੰਦੇ ਹਾਂ ਉਥੇ ਸਰਕਾਰੀ ਕਾਲਜ ਵੀ ਬਾਦਲ ਸਾਹਿਬ ਨੇ ਦਿੱਤਾ ਹੈ ਜਿਹੜੇ ਉਸਾਰੀ ਦੇ ਕੰਮ ਉਥੇ ਹੋਏ ਹੜ ਉਨ੍ਹਾਂ ਦੇ ਸਦਕਾ ਹੀ ਅੱਜ ਪਠਾਨਕੋਟ ਜ਼ਿਲ੍ਹੇ ਦੀਆਂ ਤਿੰਨ ਦੀਆ ਤਿੰਨ ਸੀਟਾਂ ਇਹ ਗਠਬੰਧਨ ਹੀ ਜਿੱਤਣ ਵਿੱਚ ਕਾਮਯਾਬ ਹੋਇਆ ਹੈ। ਇਹ ਸਰਕਾਰ ਦੇ ਕੀਤੇ ਕੰਮਾਂ ਸਦਕਾ ਹੈ ਔਰ ਇਹ ਹੀ ਜਿੱਤ ਦਾ ਕਾਰਨ ਹੈ (ਥੰਪਿੰਗ) ਭਾਵੇ ਕਿੰਨੇ ਕਾਰਨ ਹਨ ਪਰ ਇਹ ਕੋਈ ਅਚੰਭਾ ਨਹੀਂ

ਹੋਇਆ। ਬਹੁਤ ਸਾਰੇ ਮੇਰੇ ਵਿਪਕਸ਼ ਦੇ ਸਾਥੀ, ਜਿਨ੍ਹਾਂ ਦੀ ਸੂਝ-ਬੂਝ ਉੱਤੇ ਬਹੁਤ ਸਾਰੇ ਕਸੀਦੇ ਵੀ ਕੱਸੇ ਗਏ। ਮੈਂ ਹੈਰਾਨ ਹੋ ਰਿਹਾ ਸੀ ਕਿ ਨਾਕਾਰਾਤਮਕ ਰਾਜਨੀਤੀ ਕਾਂਗਰਸ ਅੱਜ ਵੀ ਨਹੀਂ ਛੱਡ ਰਹੀ। ਆਪਣੀ ਹਾਰ ਨੂੰ ਸਵੀਕਾਰ ਕਰਨਾ ਹੀ ਨਹੀਂ ਚਾਹ ਰਹੀ ਔਰ ਉਸ ਦੇ ਲਈ ਅਲੱਗ-ਅਲੱਗ ਪ੍ਰਕਾਰ ਦੇ ਬਹਾਨੇ ਢੂੰਡੇ ਜਾ ਰਹੇ ਹਨ। ਹੁਣੇ ਇੱਕ ਵਕਤਾ ਬੋਲ ਰਹੇ ਸੀ ਕਿ ਪੈਸੇ ਦਾ ਦੁਰਉਪਯੋਗ ਹੋਇਆ। ਮੈਂ ਇਸ ਸਦਨ ਵਿੱਚ ਪਹਿਲੀ ਵਾਰ ਆਇਆ ਹਾਂ, ਕਹਿੰਦੇ ਡੋਡੇ ਦਾ ਇਸਤੇਮਾਲ ਹੋਇਆ। ਕੀ ਅਸੀਂ ਇਹ ਕਹਿ ਕੇ ਪੰਜਾਬੀਆਂ ਦਾ ਅਪਮਾਨ ਨਹੀਂ ਕਰ ਰਹੇ ਹਾਂ? ਕੀ ਪੰਜਾਬ ਦਾ ਵੋਟਰ ਇੰਨਾ ਹੌਲਾ ਹੈ ਕਿ ਉਹ ਪੈਸੇ, ਡੋਡੇ ਤੇ ਪੋਸਤ ਤੇ ਡਿੱਗ ਗਿਆ? ਇਸੇ ਨਕਾਰਾਤਮਕ ਸੋਚ ਦੇ ਕਾਰਨ ਇਨ੍ਹਾਂ ਨੂੰ ਉਥੇ ਬੈਠਣਾ ਪਿਆ। (ਥੰਪਿੰਗ) ਪੰਜਾਬ ਵਿੱਚ ਵਿਕਾਸ ਦੀ ਲਹਿਰ ਚੱਲੀ। ਪੰਜਾਬ ਦੀ ਸਰਕਾਰ ਨੇ ਆਮ ਆਦਮੀ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਉਹ ਆਮ ਆਦਮੀ ਦਾ ਹਿੱਸਾ ਹੈ, ਚਾਹੇ ਉਹ ਗਰੀਬ ਸੀ ਜਾਂ ਅਮੀਰ ਸੀ। ਇਨ੍ਹਾਂ ਦਾ (ਕਾਂਗਰਸ ਪਾਰਟੀ ਵਲ ਇਸ਼ਾਰਾ) ਤਾਂ ਸਟਾਈਲ ਹੀ ਇਹ ਰਿਹਾ ਹੈ। ਸਾਲ 2002 ਵਿੱਚ ਸ਼ਹਿਰੀ ਤੇ ਪੇਂਡੂ ਦਾ ਵਕਫਾ ਪਾ ਕੇ ਇਨ੍ਹਾਂ ਨੇ ਰਾਜ ਲਿਆ ਪਰ ਇਸ ਵਾਰ ਤਾਂ ਇਨ੍ਹਾਂ ਦਾ ਕੋਈ ਬਹਾਨਾ ਹੀ ਨਹੀਂ ਚੱਲਿਆ। ਪਰ ਜਦੋਂ ਸਦਨ ਦੇ ਸਾਲਪਕਸ਼ ਦੇ ਨੇਤਾ ਨੇ ਕਿਹਾ ਕਿ 500 ਕਰੋੜ ਦੀ ਮੈਨੇਜਮੈਂਟ ਨਾਲ ਸਰਕਾਰ ਆਈ ਹੈ, ਇਸ ਸਦਨ ਵਿੱਚ ਮੇਰੇ ਹੀ ਇਲਾਕੇ ਤੋਂ ਇੱਕ ਸੀਮਾ ਦੇਵੀ ਬੈਠੀ ਹੈ ਜੋ ਆਪਣੀ ਟੋਟਲ ਆਮਦਨ 2 ਲੱਖ ਰੁਪਏ ਵੀ ਸ਼ੋਅ ਨਹੀਂ ਕਰ ਸਕੀ। ਇਹ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕਾਂ ਨੇ ਸਰਕਾਰ ਵਲੋਂ ਕੀਤੇ ਹੋਏ ਵਿਕਾਸ ਦੇ ਕੰਮਾਂ ਤੇ ਵੋਟ ਦੀ ਮੋਹਰ ਲਾਈ ਹੈ। (ਥੰਪਿੰਗ) ਇਹ ਸਰਕਾਰ ਇੱਦਾਂ ਹੀ ਨਹੀਂ ਆ ਗਈ। ਲੋਕ ਤਾਂ ਕਹਿੰਦੇ ਪਾਵਰ ਦੇ ਖੇਤਰ ਦੀ ਬੜੀ ਗੱਲ ਹੋ ਰਹੀ ਸੀ। ਪਾਵਰ ਦੇ ਖੇਤਰ ਵਿੱਚ ਇਹ ਸਰਕਾਰ ਆਤਮ ਨਿਰਭਰਤਾ ਵੱਲ ਵਧ ਰਹੀ ਹੈ। ਇਹ ਇਵੇਂ ਹੀ ਨਹੀਂ ਹੋ ਗਿਆ। ਲੋਕਾਂ ਨੂੰ ਯਾਦ ਹੈ ਅਮਰਿੰਦਰ ਦਾ ਉਹ ਸਮਾਂ ਜਦੋਂ ਫੁਰਮਾਨ ਜਾਰੀ ਹੋ ਗਿਆ ਸੀ ਕਿ 7 ਵਜੇ ਦੁਕਾਨਾਂ ਬੰਦ ਕਰ ਦਿਉ, ਸਰਕਾਰੀ ਦਫਤਰ ਵਿੱਚ ਏ. ਸੀ ਨਹੀਂ ਚਲ ਸਕਦਾ। ਇਸ ਸਰਕਾਰ ਨੇ ਪੰਜ ਸਾਲ ਬਿਨਾਂ ਕੱਟ ਦੇ ਬਿਜਲੀ ਦਿੱਤੀ ਹੈ। ਇਹ ਉਸਦਾ ਨਤੀਜਾ ਹੈ ਕਿ ਅਸੀਂ ਅੱਜ ਇੱਥੇ ਬੈਠੇ ਹਾਂ। (ਥੰਪਿੰਗ) ਇਹ ਸਰਕਾਰ ਕਿਸੇ ਦੀ ਦਯਾ ਕਾਰਨ ਨਹੀਂ ਆਈ। ਇਹ ਸਰਕਾਰ ਕਿਸੇ ਦੇ ਰਹਿਮੋ-ਕਰਮ ਕਾਰਨ ਨਹੀਂ ਇੱਥੇ ਬੈਠੀ। ਇਹ ਸਰਕਾਰ ਇਸ ਕਰਕੇ ਬੈਠੀ ਹੈ ਕਿ ਸਿਹਤ ਦੇ ਮਾਮਲੇ ਵਿੱਚ ਤੁਹਾਨੂੰ 108 ਨੰਬਰ ਇੱਕ ਵੈਨ ਦਿੱਸਦੀ ਹੋਵੇਗੀ, ਇਹ ਐਂਬੂਲੈਂਸ ਹੈ। ਮੈਂ 4 ਦਿਨ ਪਹਿਲਾਂ ਆਪਣੀ ਅੱਖੀਂ ਦੇਖਿਆ ਇੰਸੀਡੈਂਟ ਸੁਣਾਉਂਦਾ ਹਾਂ। ਮੈਂ ਅੰਮ੍ਰਿਤਸਰ ਕਿਸੇ ਸ਼ਾਦੀ ਵਿੱਚ ਗਿਆ ਸੀ ਅਤੇ ਪਠਾਨਕੋਟ ਵਾਪਸ ਆ ਰਿਹਾ ਸੀ।

ਗੁਰਦਾਸਪੁਰ ਕਲਾਨੌਰ ਚੌਕ ਤੇ ਮੇਰੇ ਵੇਖਦੇ-ਵੇਖਦੇ ਇੱਕ ਐਕਸੀਡੈਂਟ ਹੋਇਆ। ਕਾਰ ਪੂਰੀ ਤਰ੍ਹਾਂ ਨਾਲ ਜਾ ਕੇ ਟਰੱਕ ਦੇ ਅੰਦਰ ਫਸ ਗਈ। ਮੈਂ ਉਹ ਸਾਰਾ ਸੀਨ ਵੇਖਿਆ। ਕੋਈ ਉਸ ਐਕਸੀਡੈਂਟ ਨੂੰ ਦੇਖ ਕੇ ਕਹਿ ਨਹੀਂ ਸਕਦਾ ਸੀ ਕਿ ਇਹ ਬਚੇ ਹੋਣਗੇ। ਲੇਕਿਨ ਇੱਕ ਫੋਨ ਕੀਤਾ 108 ਤੇ ਅਤੇ ਪੰਜ ਮਿੰਟਾਂ ਦੇ ਅੰਦਰ ਉਥੇ ਐਂਬੂਲੈਂਸ ਆ ਗਈ ਔਰ ਉਸੇ ਸਮੇਂ ਇਨ੍ਹਾਂ ਬੱਚਿਆਂ ਨੂੰ ਫਸਟ ਏਡ ਮਿਲ ਗਈ। ਉਹ ਬੱਚੇ ਆਪਣੀ ਆਪਣੀ ਜਗ੍ਹਾ ਤੇ

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਪਹੁੰਚ ਗਏ ਅਤੇ ਤੁਹਾਨੂੰ ਇਹ ਜਾਣਕਾਰੀ ਦਿੰਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਉਹ ਤਿੰਨੇ ਦੇ ਤਿੰਨੇ ਬੱਚੇ ਅੱਜ ਬਿਲਕੁਲ ਤੰਦਰੁਸਤ ਹਨ। ਇਹ ਐਂਬੂਲੈਂਸ ਨਹੀਂ ਹੈ। ਬਾਦਲ ਸਾਹਿਬ ਆਪਾਂ ਨੂੰ ਇਸ ਦਾ ਨਾਂ ਬਦਲ ਦੇਣਾ ਚਾਹੀਦਾ ਹੈ। ਇਸ ਦਾ ਨਾਂ ਬਦਲ ਕੇ ਸੰਜੀਵਨੀ ਵਾਹਨ ਰੱਖਣਾ ਚਾਹੀਦਾ ਹੈ। ਇਹ ਜੀਵਨ-ਵਾਹਨੀ ਹੈ। ਉਹ ਪਰਵਾਰ ਕਿਸ ਤਰ੍ਹਾਂ ਇਸ ਗੱਲ ਨੂੰ ਭੁੱਲਣਗੇ। ਇਸ ਤਰ੍ਹਾਂ ਦੀਆਂ ਅਨੇਕਾਂ ਉਦਾਹਰਣਾਂ ਹਨ।

ਸਪੀਕਰ ਸਾਹਿਬ, ਆਟਾ-ਦਾਲ ਸਕੀਮ ਨੂੰ ਬੜਾ ਹਲਕੇ ਕਰਕੇ ਦੇਖਿਆ ਗਿਆ। ਮੈਂ ਕਈ ਵਾਰੀ ਹੈਰਾਨ ਹੁੰਦਾ ਹਾਂ। ਵਿਰੋਧੀ ਧਿਰ ਵਾਲਿਓ ਯਾਦ ਕਰੋ। ਕੇਂਦਰ ਵਿੱਚ ਮਹਿੰਗਾਈ ਦੇ ਨਾਲ ਤ੍ਰਸਤ-ਗ੍ਰਸਤ ਉਨ੍ਹਾਂ ਪਰਿਵਾਰਾਂ ਨੂੰ ਦੇਖੋ। ਪੰਜਾਬ ਵਿੱਚ ਕਿਹਾ ਜਾਂਦਾ ਸੀ, ਦਾਲ ਰੋਟੀ ਖਾਓ, ਪ੍ਰਭੂ ਦੇ ਗੁਣ ਗਾਓ। ਕੇਂਦਰ ਦੀ ਸਰਕਾਰ ਨੇ ਆਮ ਆਦਮੀ ਦੀ ਥਾਲੀ ਵਿੱਚੋਂ ਦਾਲ ਖਿੱਚ ਲਈ, ਜਿਸ ਗਰੀਬ ਦੇ ਘਰ 4 ਜਵਾਕ ਸੀ ਜੇਕਰ ਚਾਰ ਪ੍ਰਾਹੁਣੇ ਘਰ ਆ ਜਾਣ ਤਾਂ ਘਰ ਦੀ ਜਨਾਨੀ ਦੇ ਮੱਥੇ ਤੇ ਤਿਉੜੀਆਂ ਪੈ ਜਾਂਦੀਆਂ ਸਨ ਪਰ ਇਹ ਉਹ ਪੰਜਾਬ ਹੈ ਜਿਸ ਬਾਰੇ ਕਿਹਾ ਜਾਦਾ ਹੈ ਕਿ ਅਤਿਥੀ ਦੇਵੋ ਭਵ। ਉਹ ਪਹਿਲਾਂ ਅਤਿਥੀ ਵੱਲ ਵੇਖਦੀ ਸੀ, ਫੇਰ ਆਪਣੇ ਬੱਚਿਆਂ ਵੱਲ ਦੇਖਦੀ ਸੀ। ਉਹ ਸੋਚਦੀ ਸੀ ਕਿ ਜੇਕਰ ਮੈਂ ਇਨ੍ਹਾਂ ਅਤਿਥੀਆਂ ਨੂੰ ਚਾਹ ਪਿਲਾ ਦਿੱਤੀ ਤਾਂ ਮੇਰੇ ਆਪਣੇ ਬੱਚੇ ਰਾਤ ਨੂੰ ਭੁੱਖੇ ਸੌਣਗੇ। ਇਸ ਕਰਕੇ ਤੁਸੀਂ ਓਧਰ ਬੈਠੋ ਹੋ ਅਸੀਂ ਇਧਰ ਬੈਠੇ ਹਾਂ। ਉਸ ਵੇਲੇ ਦਾਲ-ਰੋਟੀ ਸਕੀਮ ਬਾਰੇ ਲੋਕਾਂ ਨੂੰ ਸਮਝ ਆਉਂਦੀ ਸੀ। ਉਸ ਵੇਲੇ ਸਮਝਿਆ ਜਾਂਦਾ ਸੀ ਕਿ ਦਾਲ-ਰੋਟੀ ਕੀ ਕਰ ਰਹੀ ਹੈ।

ਸਪੀਕਰ ਸਾਹਿਬ, ਅੱਜ ਸ਼ਹਿਰੀ ਵਿਕਾਸ, ਪੇਂਡੂ ਵਿਕਾਸ, ਸੁਰੱਖਿਆ, ਅਮਨ ਔਰ ਸ਼ਾਂਤੀ ਦੀ ਗੱਲ ਕੀਤੀ ਜਾ ਰਹੀ ਹੈ। ਸਪੀਕਰ ਸਾਹਿਬ, ਅੱਜ ਮੈਨੂੰ ਬੜੀ ਹੈਰਾਨੀ ਹੋਈ ਜਦੋਂ "ਰਾਸ਼ਟਰੀ ਸਵੈਮ ਸੇਵਕ" ਦਾ ਨਾਂ ਉਧਰੋਂ ਬੋਲਿਆ ਗਿਆ। ਸ਼ੁਕਰ ਹੈ ਤੁਹਾਨੂੰ ਵੀ ਪਤਾ ਲੱਗਾ ਕਿ ਉਹ ਦੇਸ਼ ਭਗਤਾਂ ਦੀ ਜਮਾਤ ਹੈ। ਮੈਨੂੰ ਤਾਂ ਬੜੀ ਖੁਸ਼ੀ ਹੋਈ। ਇਸ ਮੌਕੇ ਤੇ ਹੀ ਬੋਲਿਆ ਸਹੀ। ਅਸੀਂ ਉਹ ਸ਼ਹੀਦੀਆਂ ਪੰਜਾਬ ਨੂੰ ਬਿਖਰਾਉਣ ਲਈ ਨਹੀਂ ਦਿੱਤੀਆਂ। ਉਹ ਪੰਜਾਬ ਦੀ ਏਕਤਾ ਅਤੇ ਅਖੰਡਤਾ ਲਈ ਦਿੱਤੀਆਂ ਗਈਆਂ ਸ਼ਹੀਦੀਆਂ ਹਨ। ਪੰਜਾਬ ਦੇ ਅਮਨ ਲਈ ਦਿੱਤੀਆਂ ਹੋਈਆਂ ਸ਼ਹੀਦੀਆਂ ਹਨ। ਉਹ ਦੁਕਾਨਦਾਰੀ ਕਰਨ ਲਈ ਦਿੱਤੀਆਂ ਗਈਆਂ। ਮਿੱਤਰੋ ਹੌਲੀ ਹੌਲੀ ਪੰਜਾਬ ਦੇ ਲੋਕਾਂ ਨੇ ਪੰਜ ਸਾਲ ਲਈ ਨਹੀਂ, ਸਰਦਾਰ ਸੁਖਬੀਰ ਸਿੰਘ ਬਾਦਲ ਹੋਰਾਂ ਨੇ ਕਿਹਾ ਹੈ ਕਿ ਅਸੀਂ 25 ਸਾਲ ਰਾਜ ਕਰਾਂਗੇ। ਮੈਂ ਕਹਿੰਦਾ ਹਾਂ ਕਿ 25 ਸਾਲ ਨਹੀਂ, ਇਹ ਵਿਰੋਧੀ ਧਿਰ ਵਾਲੇ ਮੁੜ ਕੇ ਆ ਹੀ ਨਹੀਂ ਸਕਦੇ। ਇਹ ਕਿਉਂ ਨਹੀਂ ਆ ਸਕਦੇ ਕਿਉਂਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ। ਤੁਸੀਂ ਸੂਬਿਆਂ ਤੇ ਨਜ਼ਰ ਮਾਰੋ..... (ਵਿਘਨ) .... ਮੈਂ ਪਹਿਲੀ ਵਾਰੀ ਹਾਊਸ ਵਿੱਚ ਬੋਲ ਰਿਹਾ ਹਾਂ। ਮੈਨੂੰ ਟੋਕੋ ਨਾ, ਜੇਕਰ ਟੋਕੋਗੇ ਤਾਂ ਮੈਨੂੰ ਕੋਈ ਇਤਰਾਜ਼ ਵੀ ਨਹੀਂ ਹੈ। ਸੂਬਿਆਂ ਵੱਲ ਨਜ਼ਰ ਮਾਰੋ, ਤੁਹਾਨੂੰ ਵਿਰੋਧੀ ਧਿਰ ਵਿੱਚ ਬੈਠਣ ਦੀ ਆਦਤ ਨਹੀਂ ਹੈ। ਸਪੀਕਰ ਸਾਹਿਬ, ਇਹ ਸਕਾਰਤਮਕ ਰਾਜਨੀਤੀ ਵਿੱਚ

ਨਹੀਂ ਆ ਸਕਦੇ। ਇਹ ਨਾਕਾਰਤਮਕ ਵੋਟਾਂ ਦਾ ਇੰਤਜ਼ਾਰ ਕਰਦੇ ਹਨ। ਏ. ਸੀ. ਕਮਰਿਆਂ ਵਿੱਚ ਬੈਠ ਕੇ ਇਹ ਵਿਰੋਧੀ ਧਿਰ ਦੀ ਭੂਮਿਕਾ ਅਦਾ ਕਰਦੇ ਹਨ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਯਾਦ ਕਰੋ ਗੁਜਰਾਤ। ਪੰਜ ਸਾਲ ਤੁਸੀਂ ਬਾਹਰ ਬੈਠੇ ਸੀ ਲੇਕਿਨ ਮੁੜ ਕੇ ਕਦੇ ਉਥੇ ਤੁਸੀਂ ਨਹੀਂ ਆਏ। ਯਾਦ ਕਰੋ, ਮੱਧਿਆ ਪ੍ਰਦੇਸ਼, ਤੁਹਾਡਾ ਸੁਭਾਅ ਨਹੀਂ ਹੈ, ਲੋਕਾਂ ਵਾਸਤੇ ਲੜਨ ਦਾ ਤੁਹਾਡਾ ਸੁਭਾਅ ਨਹੀਂ ਹੈ। ਛੱਤੀਸਗੜ੍ਹ, ਯੂ. ਪੀ. ਤੁਸੀਂ ਕਿਤੇ ਵੀ ਨਹੀਂ ਆ ਸਕੇ। ਬਿਹਾਰ, ਅਨੇਕਾਂ ਉਦਾਹਰਣ ਅਜਿਹੇ ਹਨ ਜਿਥੇ ਤੁਸੀਂ ਮੁੜ ਕੇ ਵਾਪਸੀ ਨਹੀਂ ਕਰ ਸਕੇ। ਪੰਜਾਬ ਵਿਚ ਵੀ ਤੁਸੀਂ ਮੁੜ ਕੇ ਵਾਪਸ ਨਹੀਂ ਆ ਸਕਦੇ। ਕਦੇ ਨਹੀਂ ਆ ਸਕਦੇ ਕਿਉਂਕਿ ਤੁਸੀਂ ਅੱਜ ਵੀ ਹਾਰ ਬਾਰੇ ਵਿਸ਼ਲੇਸ਼ਣ ਨਹੀਂ ਕਰ ਰਹੇ। ਤੁਸੀਂ ਇਹ ਕਹਿ ਰਹੇ ਹੋ ਕਿ ਸਾਡੀ ਹਾਰ ਇਸ ਕਰਕੇ ਹੋ ਗਈ ਕਿਉਂਕਿ ਇਹ ਪੈਸੇ ਦੇ ਜ਼ੋਰ ਨਾਲ ਜਿੱਤ ਗਏ, ਇਹ ਫਲਾਣੇ ਕੰਮ ਨਾਲ ਜਿੱਤ ਗਏ। ਇਹ ਇਨ੍ਹਾਂ ਚੀਜ਼ਾਂ ਨਾਲ ਨਹੀਂ ਜਿੱਤੇ। ਇਹ ਬਾਦਲ ਸਰਕਾਰ ਦੀ ਵਿਸ਼ਵਾਸਨੀਅਤਾ ਨੂੰ ਵੋਟ ਪਿਆ ਹੈ। ਤੁਹਾਨੂੰ ਪਤਾ ਹੈ ਕਿ ਪੰਜਾਬੀ ਬਦਲੇ ਦੀ ਪ੍ਰਵਿਰਤੀ ਦਾ ਵਿਅਕਤੀ ਹੈ ਅਤੇ ਇਹ ਜ਼ੁਲਮ ਦੇ ਖਿਲਾਫ ਲੜਨ ਵਾਲਾ ਜੁਝਾਰੂ ਹੈ। ਇਹ ਸ਼ਹੀਦਾਂ ਦੀ ਭੂਮੀ ਹੈ, ਲੇਕਿਨ ਉਨ੍ਹਾਂ ਸ਼ਹੀਦਾਂ ਦੀ ਭੂਮੀ ਵਿੱਚ ਅਗਰ ਵੋਟਰਾਂ ਨੇ ਇਸ ਸਰਕਾਰ ਤੇ ਦੁਬਾਰਾ ਮੋਹਰ ਲਗਾਈ ਹੈ ਤਾਂ ਉਨ੍ਹਾਂ ਨੇ ਇਹ ਪ੍ਰਮਾਣ ਦਿੱਤਾ ਹੈ ਅਸੀਂ ਇਸ ਸਰਕਾਰ ਦੁਆਰਾ ਕੀਤੇ ਗਏ ਕੰਮਾਂ ਤੇ ਮੋਹਰ ਲਗਾਉਂਦੇ ਹਾਂ। (ਥੰਪਿੰਗ) ਇਹ ਮੰਨਣਾ ਪੈਣਾ ਹੈ। ਅੱਜ ਨਹੀਂ ਮੰਨੋਗੇ, ਕੱਲ੍ਹ ਨੂੰ ਮੰਨ ਜਾਓਗੇ। ਸਾਕਾਰਾਤਮਕ ਭੂਮਿਕਾ ਅਦਾ ਕਰੋ, ਲੋਕਾਂ ਵਿੱਚ ਜਾਓ। ਸਪੀਕਰ ਸਹਿਬ, ਮੈਂ ਕੱਲ੍ਹ ਦੇਖ ਰਿਹਾ ਸੀ ਕਿ ਇੱਥੇ ਚੋਣ ਮਨੋਰਥ ਪੱਤਰ ਲਹਿਰਾਇਆ ਜਾ ਰਿਹਾ ਸੀ। ਚੋਣ ਮਨੋਰਥ ਪੱਤਰ ਕਿਸੇ ਸਰਕਾਰ ਦੀ ਆਪਣੇ ਆਪ ਨਾਲ ਪ੍ਰਤੀਬੱਧਤਾ ਹੁੰਦੀ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਤਾਂ ਆਪਣੇ ਸਮੇਂ, ਪਿਛਲੇ ਪੰਜ ਸਾਲਾਂ ਵਿਚ ਲੋਕਾਂ ਦਾ ਬੁਰਾ ਹਾਲ ਕਰ ਦਿੱਤਾ ਸੀ ਪਰ ਸਾਡੀ ਸਰਕਾਰ ਸਮੇਂ ਜੇਕਰ ਆਪਣਾ ਚੋਣ ਮਨੋਰਥ-ਪੱਤਰ ਪੂਰਾ ਕਰਦੇ ਕਰਦੇ ਕੁਝ ਗੱਲਾਂ ਰਹਿ ਵੀ ਗਈਆਂ ਹੋਣਗੀਆਂ ਤਾਂ ਲੋਕਾਂ ਨੇ ਇੰਨਾ ਵਿਸ਼ਵਾਸ ਕੀਤਾ ਕਿ ਜੇਕਰ ਸਰਕਾਰ ਨੇ ਇੰਨੀਆਂ ਗੱਲਾਂ ਪੂਰੀਆਂ ਕਰ ਦਿੱਤੀਆਂ ਹਨ ਤੇ ਬਾਕੀ ਰਹਿੰਦੀਆਂ ਇਸ ਵਾਰ ਪੂਰੀਆਂ ਹੋ ਜਾਣਗੀਆਂ। ਤੁਹਾਡੇ ਕੋਲੋਂ ਨਹੀਂ ਹੋ ਸਕਦਾ। ਅਨੇਕ ਉਦਾਹਰਣਾਂ ਹਨ। ਸਾਡੇ ਕੋਲ ਸੰਤ ਸਮਾਨ ਬਾਦਲ ਸਾਹਿਬ ਬੈਠੇ ਹਨ। ਇਹ ਯੁੱਗ ਪੁਰਸ਼ ਹਨ ਅਤੇ ਹਿੰਦੁਸਤਾਨ ਦੇ ਅੰਦਰ ਕਦਰਾਂ-ਕੀਮਤਾਂ ਤੇ ਆਧਾਰਿਤ ਰਾਜਨੀਤੀ ਕਰਨ ਵਾਲੇ ਹਨ। ਅਗਰ ਪੰਜਾਬ ਵਿੱਚ ਭਾਈਚਾਰਕ ਸਾਂਝ ਅਤੇ ਅਮਨ ਤੇ ਸ਼ਾਂਤੀ ਕਾਇਮ ਹੈ ਤਾਂ ਇਨ੍ਹਾਂ ਵਰਗੇ ਨੇਤਾਵਾਂ ਕਰਕੇ ਹੀ ਪੰਜਾਬ ਸੁਰੱਖਿਅਤ ਹੈ। (ਥੰਪਿੰਗ) ਮੈਂ ਬੋਲਣ ਕੁਝ ਹੋਰ ਖੜ੍ਹਾ ਹੋਇਆ ਸੀ ਪਰ ਤੁਸੀਂ ਬੁਲਵਾ ਕੁਝ ਹੋਰ ਹੀ ਦਿੱਤਾ ਹੈ। ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਦੇਸ਼ ਮੇਂ ਜਿਸ ਆਦਮੀ ਕੀ ਸ਼ਾਨ ਹੈ, ਇਸ ਅੰਧੇਰੀ ਕੋਠੜੀ ਮੇਂ ਇੱਕ ਰੋਸ਼ਨਦਾਨ ਹੈ ਅਤੇ ਇਸ ਰੋਸ਼ਨਦਾਨ ਦੀ ਹਸਤੀ ਕਾਇਮ ਰੱਖਣ ਲਈ ਪੰਜਾਬ ਵਿਚ ਅਮਨ-ਸ਼ਾਂਤੀ ਅਤੇ ਤਰੱਕੀ ਅਤਿਅੰਤ ਜ਼ਰੂਰੀ ਹੈ। ਪੰਜਾਬ ਇਨ੍ਹਾਂ ਦੀ ਸਰਪ੍ਰਸਤੀ ਚਾਹੁੰਦਾ ਹੈ। ਪੰਜਾਬ ਵਿਕਾਸ ਚਾਹੁੰਦਾ ਹੈ। ਪੰਜਾਬ ਗੋਡੇ ਤੋੜਨ ਵਾਲਿਆਂ ਨੂੰ ਨਹੀਂ ਚਾਹੁੰਦਾ। ਖੂੰਡੇ ਖੜਕਾਉਣ ਵਾਲਿਆਂ ਨੂੰ ਨਹੀਂ ਚਾਹੁੰਦਾ।

[ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ]

ਪੰਜਾਬ ਗਲਤ ਬਿਆਨਬਾਜ਼ੀਆਂ ਨਹੀਂ ਚਾਹੁੰਦਾ। ਪੰਜਾਬ ਅਲੋਕਤੰਤਰਿਕ ਭਾਸ਼ਾ ਨਹੀਂ ਚਾਹੁੰਦਾ। ਤੁਸੀਂ ਇਸ ਦਾ ਆਤਮ-ਅਵਲੋਕਨ ਨਹੀਂ ਕਰਨਾ। ਤੁਹਾਨੂੰ ਇਸ ਸਰਕਾਰ ਦੀਆਂ ਉਪਲਬਧੀਆਂ ਕਾਰਨ ਉਥੇ ਬੈਠਣਾ ਪਿਆ ਹੈ। ਜਿਸ ਵੇਲੇ ਚੋਣਾਂ ਹੋ ਰਹੀਆਂ ਸਨ, ਉਸ ਵੇਲੇ ਦੇਸ਼ ਵਿਚ ਵਾਤਾਵਰਣ ਕਿਹੋ ਜਿਹਾ ਸੀ? ਚਾਰੇ ਪਾਸੇ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਕਾਲੇ ਧਨ ਕਾਰਨ ਦੇਸ਼ ਦੇ ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ। ਇਸ ਭ੍ਰਿਸ਼ਟਾਚਾਰ ਦੇ ਕਾਰਨ ਹੀ ਤੁਹਾਡੀ ਅੱਧੀ ਕੈਬਨਿਟ ਉਸ ਵੇਲੇ ਤਿਹਾੜ ਜੇਲ੍ਹ ਵਿਚ ਬੈਠੀ ਸੀ। (ਥੰਪਿੰਗ) ਤੁਸੀਂ ਉਸ ਵੇਲੇ ਭ੍ਰਿਸ਼ਟਾਚਾਰ ਉਤੇ ਅੰਕੁਸ਼ ਲਗਾਉਣ ਦੀ ਬਜਾਏ ਭ੍ਰਿਸ਼ਟਾਚਾਰ ਦੇ ਵਿਰੋਧ ਵਿਚ ਖੜ੍ਹੇ ਹੋਏ ਲੋਕਾਂ ਦਾ ਦਮਨ ਕਰ ਰਹੇ ਸਨ। ਕੀ ਮਾੜਾ ਕਰ ਰਿਹਾ ਸੀ ਬਾਬਾ ਰਾਮਦੇਵ? ਉਹ ਕੀ ਮੰਗ ਰਿਹਾ ਸੀ? ਬਾਬਾ ਰਾਮਦੇਵ ਯੋਗੀ ਇਸ ਦੇਸ਼ ਵਿਚੋਂ ਭ੍ਰਿਸ਼ਟਾਚਾਰ ਖਤਮ ਕਰਵਾਉਣਾ ਚਾਹੁੰਦਾ ਸੀ ਅਤੇ ਇਸ ਦੇਸ਼ ਦੇ ਕਾਲੇ ਧਨ ਨੂੰ ਵਾਪਸ ਦੇਸ਼ ਵਿਚ ਲਿਆਉਣਾ ਚਾਹੁੰਦਾ ਸੀ। ਸਪੀਕਰ ਸਾਹਿਬ, ਜਦੋਂ ਅਸੀਂ ਬੱਚੇ ਸੀ ਤਾਂ ਸੁਣਦੇ ਹੁੰਦੇ ਸੀ: "ਜਹਾਂ ਡਾਲ-ਡਾਲ ਪਰ ਸੋਨੇ ਕੀ ਚਿੜੀਆ ਕਰਤੀ ਹੈ ਬਸੇਰਾ, ਵੋ ਭਾਰਤ ਦੇਸ਼ ਹੈ ਮੇਰਾ।" ਉਹ ਯੋਗੀ ਇਸ ਦੇਸ਼ ਨੂੰ ਮੁੜ ਕੇ ਸੋਨੇ ਦੀ ਚਿੜੀਆ ਬਣਾਉਣਾ ਚਾਹੁੰਦਾ ਸੀ ਪ੍ਰੰਤੂ ਰਾਤ ਦੇ ਹਨੇਰੇ ਅੰਦਰ ਨਾ ਬੁੱਢਾ ਵੇਖਿਆ ਗਿਆ, ਨਾ ਬੱਚਾ ਵੇਖਿਆ ਗਿਆ, ਨਾ ਜਵਾਨ ਵੇਖਿਆ ਗਿਆ ਨਾ ਇਸਤਰੀ ਵੇਖੀ ਗਈ, ਰਾਤ ਨੂੰ ਉਨ੍ਹਾਂ ਉਤੇ ਲਾਠੀਆਂ ਵਰ੍ਹਾਈਆਂ ਗਈਆਂ, ਪਾਣੀ ਦੀਆਂ ਬੁਛਾਰਾਂ ਛੱਡੀਆਂ ਗਈਆਂ, ਗੋਲੀਆਂ ਚਲਾਈਆਂ ਗਈਆਂ। ਕੀ ਉਸ ਘਟਨਾ ਦੀ ਹਵਾ ਇਸ ਪੰਜਾਬ ਵਿੱਚ ਨਹੀਂ ਸੀ ਪਹੁੰਚਣੀ? ਅੰਨਾ ਹਜ਼ਾਰੇ ਕੀ ਕਹਿ ਰਿਹਾ ਸੀ। ਉਹ ਦੇਸ਼ ਵਿੱਚ ਇੱਕ ਸਖਤ ਲੋਕਪਾਲ ਲਿਆਉਣਾ ਚਾਹੁੰਦਾ ਸੀ, ਮਜ਼ਬੂਤ ਲੋਕਪਾਲ ਲਿਆਉਣਾ ਚਾਹੁੰਦਾ ਸੀ ਤਾਂ ਜੋ ਇਸ ਦੇਸ਼ ਵਿਚੋਂ ਭ੍ਰਿਸ਼ਟਾਚਾਰ ਦਾ ਬੀਜ ਨਾਸ਼ ਹੋ ਸਕੇ ਲੇਕਿਨ ਮਜ਼ਬੂਤ ਲੋਕਪਾਲ ਨਹੀਂ ਆ ਸਕਦਾ ਕਿਉਂਕਿ ਅਗਰ ਦੇਸ਼ ਵਿਚ ਕਾਲਾ ਧਨ ਵਾਪਸ ਆ ਗਿਆ ਤਾਂ ਸਾਰੀ ਦੀ ਸਾਰੀ ਕਾਂਗਰਸ ਦਾ ਚਿਹਰਾ ਬਦਲ ਜਾਵੇਗਾ। ਇਹ ਬੰਦ ਕਰਨੀ ਪਵੇਗੀ ਕਿਉਂਕਿ ਇਹ ਕਾਂਗਰਸ ਹੁਣ ਗਾਂਧੀ ਦੀ ਕਾਂਗਰਸ ਨਹੀਂ ਹੈ ਅਤੇ ਨਾ ਹੀ ਇਹ ਪਟੇਲ ਦੀ ਕਾਂਗਰਸ ਹੈ। ਮੈਂ ਤਾਂ ਇਹ ਕਹਾਂਗਾ ਕਿ ਇਹ ਨਹਿਰੂ ਦੀ ਕਾਂਗਰਸ ਵੀ ਨਹੀਂ ਰਹੀ, ਹੁਣ ਤਾਂ ਇਹ ਇਟਲੀ ਤੋਂ ਚੱਲਣ ਵਾਲੀ ਕਾਂਗਰਸ ਹੈ ਜਿਸ ਦਾ ਰਿਮੋਟ ਕੰਟਰੋਲ ਇਟਲੀ ਵਿੱਚ ਹੈ। ਇਟਲੀ ਤੋਂ ਚਲਾਉਣ ਵਾਲੀ ਸਰਕਾਰ ਦਾ ਇਸ ਮਿੱਟੀ ਨਾਲ ਕੋਈ ਮੋਹ ਨਹੀਂ ਹੈ। ਜਿਸ ਦਾ ਦੇਸ਼ ਦੀ ਮਿੱਟੀ ਨਾਲ ਮੋਹ ਨਹੀਂ ਹੁੰਦਾ, ਉਹ ਕਦੀ ਵੀ ਦੇਸ਼ ਦਾ ਭਲਾ ਨਹੀਂ ਕਰ ਸਕਦਾ ਅਤੇ ਨਾ ਹੀ ਉਸ ਦਾ ਆਪਣਾ ਭਲਾ ਹੋ ਸਕਦਾ ਹੈ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਪੰਜਾਬ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਾ ਬਣਿਆ ਹੋਇਆ ਹੈ, ਉਸ ਨੂੰ ਮੁੜ ਕੇ ਅੱਗ ਨਾ ਲਗਾਈਏ। ਪੰਜਾਬ ਇੱਕ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਿਹਾ ਹੈ, ਇਹ ਗੱਲ ਤੁਸੀਂ ਠੀਕ ਕਹੀ ਹੈ। ਤੁਸੀਂ ਸਰਕਾਰ ਨੂੰ ਸਹਿਯੋਗ ਦਿਉ ਤਾਂ ਕਿ ਸਰਕਾਰ ਅਮਨ ਤੇ ਸ਼ਾਂਤੀ ਬਣਾ ਸਕੇ। ਇੱਕ ਦੂਜੇ ਤੇ ਕਟਾਖਸ਼ ਕਰਾਂਗੇ ਅਤੇ ਪੁਰਾਣੇ ਲਫੜੇ ਫਰੋਲਾਂਗੇ ਤਾਂ ਗੜਬੜ੍ਹ ਹੋ ਜਾਵੇਗੀ। (ਵਿਘਨ).... ਸ਼ੁਰੂਆਤ ਤਾਂ ਤੁਸੀਂ ਕੀਤੀ ਸੀ।

ਮਾਨਯੋਗ ਸਪੀਕਰ : Sit down. Not to be recorded. ਇਹ ਰਿਕਾਰਡ ਨਹੀਂ ਕਰਨਾ। ਸਿਰਫ ਅਸ਼ਵਨੀ ਕੁਮਾਰ ਜੀ ਦੀ ਹੀ ਸਪੀਚ ਰਿਕਾਰਡ ਕੀਤੀ ਜਾਵੇ। ਹੋਰ ਨਾ ਰਿਕਾਰਡ ਕੀਤਾ ਜਾਵੇ। ਬੈਠ ਜਾਓ, ਬੈਠ ਜਾਓ।

ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ: ਸਪੀਕਰ ਸਾਹਿਬ, ਸੰਸਕ੍ਰਿਤ ਦੇ ਅੰਦਰ ਇੱਕ ਲਾਈਨ ਆਉਂਦੀ ਹੈ "ਅੰਨ-ਦਾਤਾ, ਭੈਅ ਪਰਾਤਾ, ਪਿਤਰ ਸਮਰਤੇ।" ਕਿ ਜਿਹੜਾ ਅੰਨ ਦੇਣ ਵਾਲਾ, ਭੈਅ ਤੋਂ ਮੁਕਤ ਰਾਜ ਦੇਣ ਵਾਲਾ ਹੈ, ਬਾਦਲ ਸਾਹਿਬ ਨੇ ਆਟਾ-ਦਾਲ ਸਕੀਮ ਦੁਆਰਾ ਅੰਨਦਾਤਾ ਦਾ ਰੂਪ ਧਾਰਿਆ। ਭੈਅ ਮੁਕਤ ਸ਼ਾਸਨ ਦੇਣ ਵਾਲਾ, ਉਹ ਪਿਤਾ ਦੇ ਸਮਾਨ ਹੈ, ਔਰ ਇਸ ਪਿਤਾ ਦਾ ਸਾਇਆ ਪੰਜਾਬ ਵਿੱਚ ਬਣਿਆ ਰਹੇ, ਇਸਦੇ ਲਈ ਮੈਂ ਵਾਹਿਗੁਰੂ ਦੇ ਅੱਗੇ ਕਾਮਨਾ ਕਰਦਾ ਹਾਂ। ਮੈਂ ਲੰਬਾ ਨਹੀਂ ਬੋਲਣਾ, ਮੇਰੀ ਇਹ ਆਦਤ ਹੈ, ਜਿੰਨਾ ਸਮਾਂ ਮਿਲਿਆ ਉਸਦੇ ਵਿੱਚ ਹੀ ਸਮਾਪਤ ਕਰਾਂਗਾ। ਮੈਂ ਇਸ ਸਦਨ ਦੇ ਅੰਦਰ ਪਹਿਲੀ ਵਾਰੀ ਖੜ੍ਹਾ ਹੋਇਆ ਹਾਂ, ਪਹਿਲੀ ਵਾਰੀ ਮੈਨੂੰ ਬੋਲਣ ਦਾ ਮੌਕਾ ਮਿਲਿਆ ਹੈ। ਪੰਜਾਬ ਦੇ ਅੰਦਰ, ਸਪੀਕਰ ਸਾਹਿਬ, ਇੱਕ ਗੱਲ ਕਹੀ ਸੀ ਕਿ ਨਵੀਂ ਰਵਾਇਤ ਪਵੇਗੀ ਅਤੇ ਜਾਖੜ ਸਾਹਿਬ ਤੋਂ ਬੜੀ ਉਮੀਦ ਵੀ ਹੈ ਅਤੇ ਦੋਵੇਂ ਪਾਰਟੀਆਂ ਇੱਕ-ਦੂਜੇ ਦੇ ਖਾਣ-ਪੀਣ ਦੇ ਕਾਰਿਆ-ਕਰਮਾਂ ਤੇ ਆਉਂਦੇ ਜਾਂਦੇ ਰਹਿਣਗੇ, ਉਸਦੇ ਬਾਰੇ ਕਿਸੇ ਸ਼ਾਇਰ ਨੇ ਕਿਹਾ ਹੈ ਕਿ:

"ਦੁਸ਼ਮਣੀ ਲਾਖ ਸਹੀ, ਪਰ ਖਤਮ ਨਾ ਕੀਜੀਏ ਰਿਸ਼ਤਾ
ਦਿਲ ਸੇ ਦਿਲ ਮਿਲੇ ਨਾ ਮਿਲੇ, ਪਰ ਹਾਥ ਮਿਲਾਤੇ ਰਹੀਏ।"

ਸਪੀਕਰ ਸਾਹਿਬ, ਇਸ ਕਰਕੇ ਆਪਾਂ ਸਾਕਾਰਾਤਮਕ ਭੂਮਿਕਾ ਦੇ ਅੰਦਰ ਆਈਏ ਅਤੇ ਮੈਨੂੰ ਲਗਦਾ ਹੈ ਕਿ ਪੰਜਾਬ ਅੱਗੇ ਵਧੇਗਾ ਅਤੇ ਪੰਜਾਬ ਹਿੰਦੁਸਤਾਨ ਦਾ ਸਿਰਮੌਰ ਬਣੇਗਾ। ਪੰਜਾਬ ਅਮਨ, ਸ਼ਾਂਤੀ, ਤਰੱਕੀ, ਖੁਸ਼ਹਾਲੀ ਦੀ ਮਿਸਾਲ ਬਣੇਗਾ ਅਤੇ ਅਮਨ ਕਵੀ ਦੁਸ਼ਿਅੰਤ ਦੀਆਂ ਇਹ ਸਤਰਾਂ ਜ਼ਰੂਰ ਸਾਰਥਿਕ ਹੋਣਗੀਆਂ:

"ਹੋ ਗਈ ਹੈ ਪੀਰ ਪਰਬਤ ਕੀ ਪਿੰਘਲਣੀ ਚਾਹੀਏ,
ਅਬ ਹਿਮਾਲਿਆ ਸੇ ਕੋਈ ਗੰਗਾ ਨਿਕਲਣੀ ਚਾਹੀਏ।
ਆਜ ਯਹ ਦੀਵਾਰ ਪਰਿੰਦੋਂ ਕੀ ਤਰਹ ਹਿਲਣੇ ਲਗੀ,
ਸ਼ਰਤ ਲੇਕਿਨ ਯਹ ਥੀ ਕਿ ਗੁਨਾਹ ਨਾ ਹੋਣੀ ਚਾਹੀਏ।
ਸਿਰਫ ਹੰਗਾਮਾ ਖੜਾ ਕਰਨਾ ਮੇਰਾ ਮਕਸਦ ਨਹੀਂ,
ਸਾਰੀ ਕੋਸ਼ਿਸ਼ ਹੈ ਕਿ ਇਹ ਸੂਰਤ ਬਦਲਣੀ ਚਾਹੀਏ।
ਮੇਰੇ ਸੀਨੇ ਸੇ ਨਹੀਂ, ਤੇਰੇ ਸੀਨੇ ਸੇ ਹੀ ਸਹੀ,
ਹੋ ਕਹੀਂ ਭੀ ਆਗ, ਯਹ ਆਗ ਜਲਨੀ ਚਾਹੀਏ।"

ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। (ਥੰਪਿੰਗ)

ਸ਼੍ਰੀ ਪਵਨ ਕੁਮਾਰ ਟੀਨੂੰ (ਆਦਮਪੁਰ, ਐਸ. ਸੀ.) : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਅਤਿ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਹਾਊਸ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਅੱਜ ਮੈਂ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਤੇ ਜੋ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਧੰਨਵਾਦ ਦਾ ਮਤਾ ਰੱਖਿਆ ਸੀ, ਉਸਦੇ ਸਬੰਧ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮੈਂ ਇਹ ਦੱਸਣਾ ਚਾਹੁੰਦਾ ਹਾਂ, ਵੈਸੇ ਤਾਂ ਸੱਤਾ ਪਕਸ਼ ਵਲੋਂ ਬਹੁਤ ਸਾਰੀਆਂ ਗੱਲਾ ਕਹੀਆਂ ਗਈਆਂ ਹਨ। ਪੰਜਾਬ ਸਰਕਾਰ ਨੇ ਵਿਕਾਸ ਦੇ ਕੰਮ ਕੀਤੇ ਪਰ ਨਾਲ ਹੀ ਆਪੋਜੀਸ਼ਨ ਵਲੋਂ ਵੀ ਜੋ ਵਿਦਿਆ ਦੇ ਕੰਮ, ਜੋ ਸਪੋਰਟਸ ਦੇ ਕੰਮ ਕੀਤੇ ਗਏ, ਉਨ੍ਹਾਂ ਵਲੋਂ ਵੀ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਬਹੁਤ ਸਾਰੇ ਅੱਛੇ ਕੰਮ ਕੀਤੇ ਗਏ ਹਨ। ਪੰਜਾਬ ਵਿੱਚ ਮੈਂ ਬਾਦਲ ਸਾਹਿਬ ਦੀ ਸਭ ਤੋਂ ਵੱਡੀ ਪ੍ਰਾਪਤੀ ਜੋ ਸਮਝਦਾ ਹਾਂ, ਉਹ ਇਹ ਹੈ ਕਿ ਉਨ੍ਹਾਂ ਨੇ ਪੰਜਾਬ ਵਿੱਚ ਸਾਂਝੀਵਾਲਤਾ, ਭਾਈਚਾਰਾ, ਏਕਤਾ-ਅਮਨ ਕਾਇਮ ਰੱਖਿਆ। ਪੰਜ ਸਾਲ ਦੀ ਸਰਕਾਰ ਵਿੱਚ ਕੋਈ ਐਸੀ ਕਾਰਵਾਈ, ਕੋਈ ਐਸੀ ਘਟਨਾ ਨਹੀਂ ਹੋਈ ਕਿ ਕੋਈ ਵਰਗ ਉਠ ਕੇ ਇਹ ਕਹਿ ਸਕੇ ਕਿ ਸਾਡੇ ਨਾਲ ਬੇਨਿਸਾਫੀ ਹੋਈ ਹੈ। ਗੁਰੂਆਂ ਦਾ ਫ਼ਰਮਾਨ ਹੈ, ਸਰਬਤ ਦਾ ਭਲਾ। ਇਸ ਸਰਕਾਰ ਨੇ ਸਰਬਤ ਦੇ ਭਲੇ ਲਈ ਕੰਮ ਕੀਤਾ। ਜਿੱਥੇ ਕਿਸਾਨਾਂ ਲਈ ਕੰਮ ਕੀਤਾ, ਇੰਡਸਟੀਲਿਸਟਾਂ ਲਈ ਕੰਮ ਕੀਤਾ, ਵਪਾਰੀਆਂ ਲਈ ਕੰਮ ਕੀਤਾ, ਉਥੇ ਗਰੀਬ ਵਰਗ ਲਈ ਵੀ ਅਨੇਕਾਂ ਸਕੀਮਾਂ ਚਲਾਈਆਂ। ਸਿਰਫ ਸਕੀਮਾਂ ਹੀ ਨਹੀਂ, ਦੂਜਿਆਂ ਵਾਗੂੰ ਸਿਰਫ ਨਾਅਰੇ ਹੀ ਨਹੀਂ ਦਿੱਤੇ ਕਿ ਅਸੀਂ ਆਵਾਂਗੇ ਅਤੇ ਗਰੀਬੀ ਦੂਰ ਕਰ ਦਿਆਂਗੇ, ਅਸੀਂ ਬੇਰੁਜ਼ਗਾਰੀ ਦੂਰ ਕਰ ਦੇਵਾਂਗੇ। ਅਸੀਂ ਭ੍ਰਿਸ਼ਟਾਚਾਰ ਦੂਰ ਕਰ ਦੇਵਾਂਗੇ ਬਲਕਿ ਮਾਨਯੋਗ ਬਾਦਲ ਸਾਹਿਬ ਦੀ ਸਰਕਾਰ ਨੇ ਇਹ ਕਰਕੇ ਦਿਖਾਇਆ। ਐਜੂਕੇਸ਼ਨ ਦੇ ਪੱਧਰ ਤੇ ਵੀ ਉਪਰਾਲੇ ਕੀਤੇ ਗਏ। ਸਾਡੇ ਵਿਰੋਧੀ ਧਿਰ ਦੇ ਇੱਕ ਮੈਂਬਰ ਸਾਹਿਬ ਨੇ ਐਜੂਕੇਸ਼ਨ ਤੇ ਕਿਹਾ ਸੀ ਕਿ ਬਿਲਡਿੰਗਾਂ ਬਣਨ ਨਾਲ ਪੜ੍ਹਾਈ ਨਹੀਂ ਹੁੰਦੀ। ਚਲੋ, ਪੰਜਾਹ ਸਾਲ ਕਾਂਗਰਸ ਪਾਰਟੀ ਨੇ ਰਾਜ ਕੀਤਾ ਤੇ ਇਸ ਦਾ ਮਤਲਬ ਇਹ ਪੰਜਾਹ ਸਾਲ ਵਿੱਚ ਬਿਲਡਿੰਗਾਂ ਵੀ ਨਹੀਂ ਬਣਾ ਸਕੇ। ਇਹ, ਇੰਨਾ ਤਾਂ ਮੰਨ ਗਏ ਹਨ ਕਿ ਬਿਲਡਿੰਗਾਂ ਤਾਂ ਬਣ ਗਈਆਂ ਹਨ। (ਥੰਪਿੰਗ) ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਟੀਚਰਾਂ ਦੀ ਭਰਤੀ ਸਕੂਲਾਂ ਵਿੱਚ ਕੀਤੀ ਗਈ ਹੈ। ਸਕੂਲਾਂ ਵਿੱਚ ਲੈਬਾਰਟਰੀਆਂ, ਸਕੂਲਾਂ ਵਿੱਚ ਲਾਇਬਰੇਰੀਆਂ ਲਈ ਲੱਖਾਂ ਰੁਪਏ ਦੇ ਫੰਡਜ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ 14,000 ਟੀਚਿੰਗ ਫੈਲੋਜ਼ ਨੂੰ ਰੈਗੂਲੇਰਾਈਜ਼ ਕੀਤਾ ਗਿਆ, ਪੱਕਾ ਕਰ ਦਿੱਤਾ ਗਿਆ। ਉਹ 14,000 ਪਰਿਵਾਰ ਕਿਸ ਤਰ੍ਹਾਂ ਭੁੱਲ ਜਾਣਗੇ ਕਿ ਉਨ੍ਹਾਂ ਦੇ ਬੱਚਿਆਂ ਨੂੰ ਰੁਜ਼ਗਾਰ ਮਿਲ ਗਿਆ। ਜੇ ਇੱਕ ਨਾਲ ਪਰਿਵਾਰ ਦੇ ਦਸ ਮੈਂਬਰ ਵੀ ਲਗਾ ਲਓ ਤੇ ਲੱਖਾਂ ਦੀ ਗਿਣਤੀ ਵਿੱਚ ਬਾਦਲ ਸਾਹਿਬ ਨੇ ਲੋਕਾਂ ਦੇ ਦਿਲਾਂ ਨੂੰ ਜਿੱਤ ਲਿਆ। ਉਨ੍ਹਾਂ ਨੂੰ ਇੱਕ ਰੁਜ਼ਗਾਰ ਮਿਲਿਆ। ਉਨ੍ਹਾਂ ਦੇ ਪਰਿਵਾਰ ਨੂੰ, ਉਨ੍ਹਾਂ ਦੇ ਬੱਚਿਆਂ ਨੂੰ ਚੰਗੀ ਰੋਟੀ, ਚੰਗਾ ਪੜ੍ਹਨ ਦਾ ਮੌਕਾ ਦਿੱਤਾ। ਟੀਚਰਾਂ ਦੀ ਟ੍ਰੇਨਿੰਗ ਅੰਗਰੇਜ਼ੀ ਵਿੱਚ ਕਰਵਾਈ ਕਿਉਂਕਿ ਦੁਨੀਆ ਵਿੱਚ ਵਿਚਰਨ ਲਈ ਅੰਗਰੇਜ਼ੀ ਜ਼ਰੂਰੀ ਹੈ ਤੇ ਬ੍ਰਿਟਿਸ਼ ਕੌਂਸਲ ਵੱਲੋਂ ਟੀਚਰਾਂ ਨੂੰ ਟ੍ਰੇਨਿੰਗ ਦਿਵਾਈ ਗਈ। ਮੈਥੇਮੈਟਿਕਸ ਲਈ

ਮਾਡਰਨ ਤਕਨੀਕ ਤੇ ਟ੍ਰੇਨਿੰਗ ਦਿਵਾਈ ਗਈ ਤਾਂ ਕਿ ਸਾਡੇ ਜੋ ਬੱਚੇ ਹਨ, ਵਿਦਿਆਰਥੀ ਹਨ, ਉਹ ਚੰਗੀ ਸਿੱਖਿਆ ਗ੍ਰਹਿਣ ਕਰ ਸਕਣ ਤੇ ਪੰਜਾਬ ਤੇ ਦੇਸ਼ ਦੀ ਸੇਵਾ ਕਰ ਸਕਣ। ਕਿਉਂਕਿ ਸਾਡੀ ਆਬਾਦੀ ਦਾ ਜ਼ਿਆਦਾ ਹਿੱਸਾ ਪਿੰਡਾਂ ਵਿੱਚ ਰਹਿੰਦਾ ਹੈ ਤੇ ਸ਼ਹਿਰਾਂ ਵਿੱਚ ਚੰਗੇ ਆਮਦਨ ਵਾਲੇ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਜਾਂ ਵੱਡੇ ਸਕੂਲਾਂ ਵਿੱਚੋਂ ਵਿਦਿਆ ਦਿਵਾ ਦਿੰਦੇ ਹਨ, ਉਨ੍ਹਾਂ ਨੂੰ ਕੋਈ ਪਰਾਬਲਮ ਨਹੀਂ ਪਰ, ਮਾਨਯੋਗ ਸਪੀਕਰ ਸਾਹਿਬ, ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਆਮ ਬੱਚਿਆਂ ਨੂੰ, ਗਰੀਬ ਦੇ ਬੱਚਿਆਂ ਨੂੰ ਕੁਆਲਟੀ ਐਜੂਕੇਸ਼ਨ ਦੇਣ ਲਈ ਆਦਰਸ਼ ਸਕੂਲਾਂ ਦਾ ਕੰਸੈਪਟ ਲਿਆਂਦਾ ਜਿਸ ਅੰਦਰ ਵਿਸ਼ਵ ਪੱਧਰੀ, ਵਿਸ਼ਵ ਮਿਆਰੀ ਪੜ੍ਹਾਈ ਆਮ ਬੱਚਿਆਂ ਨੂੰ ਦਿੱਤੀ ਜਾਵੇਗੀ। ਸਰਕਾਰ ਨੇ ਬਹੁਤ ਸਾਰੇ ਨਵੇਂ ਸਕੂਲ, ਨਵੇਂ ਕਾਲਜ, ਨਵੀਆਂ ਯੂਨੀਵਰਸਿਟੀਆਂ ਖੋਲ੍ਹੀਆਂ। ਪਹਿਲਾਂ ਤਾਂ ਆਮ ਬੱਚਿਆਂ ਨੂੰ ਐਡਮਿਸ਼ਨ ਹੀ ਨਹੀਂ ਮਿਲਦੀ ਸੀ। ਉਹ +2 ਜਾਂ ਦਸਵੀਂ ਤੋਂ ਬਾਅਦ ਪੜ੍ਹਾਈ ਛੱਡ ਜਾਂਦੇ ਸੀ। ਉਨ੍ਹਾਂ ਨੂੰ ਪੁੱਛਿਆ ਜਾਂਦਾ ਸੀ ਕਿ ਕੀ ਗੱਲ ਹੋਈ ਤੇ ਕਹਿੰਦੇ ਸੀ ਕਿ ਐਡਮਿਸ਼ਨ ਨਹੀਂ ਮਿਲੀ। ਅੱਜ ਪੰਜਾਬ ਵਿੱਚ ਅਨੇਕਾਂ ਯੂਨੀਵਰਸਿਟੀਆਂ ਹਨ, ਕਾਲਜ ਹਨ, ਕੋਈ ਬੱਚਾ ਪੜ੍ਹਾਈ ਤੋਂ ਵਾਂਝਾ ਨਹੀਂ ਰਹਿ ਸਕਦਾ। ਵਿਸ਼ੇਸ਼ ਧੰਨਵਾਦ ਸਰਕਾਰ ਦਾ ਕਿ ਗੁਰੂ ਰਵਿਦਾਸ ਜੀ ਦੇ ਨਾਂ ਤੇ ਆਯੁਰਵੈਦਿਕ ਯੂਨੀਵਰਸਿਟੀ ਦੀ ਹੁਸ਼ਿਆਰਪੁਰ ਵਿੱਚ ਸਥਾਪਨਾ ਕੀਤੀ ਜਿਸ ਦਾ ਬਹੁਤ ਵੱਡਾ ਭਾਈਚਾਰਕ ਮੈਸੇਜ ਸਾਰੇ ਪੰਜਾਬ ਵਿੱਚ ਗਿਆ। ਵੈਸੇ ਤਾਂ ਸਰਕਾਰ ਨੇ ਬਹੁਤ ਕੰਮ ਕੀਤੇ ਹਨ, ਚਾਹੇ ਆਟਾ-ਦਾਲ ਸਕੀਮ ਹੈ, ਚਾਹੇ ਸ਼ਗਨ ਸਕੀਮ ਹੈ, ਚਾਹੇ ਪੈਨਸ਼ਨ ਹੈ, ਚਾਹੇ ਬੱਚਿਆਂ ਨੂੰ ਵਜ਼ੀਫੇ ਹਨ, ਬੱਚਿਆਂ ਨੂੰ ਕਿਤਾਬਾਂ ਹਨ, ਚਾਹੇ ਕੁੜੀਆਂ ਨੂੰ ਬਾਰ੍ਹਵੀਂ ਤੱਕ ਦੀ ਮੁਫ਼ਤ ਪੜ੍ਹਾਈ ਦਾ ਮਾਮਲਾ ਹੈ। ਇਨ੍ਹਾਂ ਚੋਣਾਂ ਅੰਦਰ ਜੋ ਲੋਕਾਂ ਨੇ ਪਸੰਦ ਕੀਤਾ ਤਾਂ ਮੈਂ ਸਮਝਦਾ ਹਾਂ ਕਿ, ਸਪੀਕਰ ਸਾਹਿਬ, ਉਹ ਇਹ ਹੈ ਕਿ +2 ਤੱਕ ਜੋ ਪੰਜਾਬ ਵਿੱਚ ਕੁੜੀਆਂ ਦੀ ਪੜ੍ਹਾਈ ਮੁਫਤ ਕੀਤੀ ਹੈ, ਉਸ ਦੀ ਬਹੁਤ ਵੱਡੀ ਸ਼ਾਬਾਸ਼ੀ ਪੰਜਾਬ ਦੇ ਵੋਟਰਾਂ ਨੇ ਦਿੱਤੀ ਹੈ ਕਿਉਂਕਿ ਇਸ ਦੇਸ਼ ਵਿੱਚ ਆਪਾਂ ਸਮਝਦੇ ਸੀ ਕਿ ਕੁੜੀਆਂ ਰਹਿਣ ਦਿਓ ਤੇ ਮੁੰਡੇ ਪੜ੍ਹਾ ਲਓ ਤੇ ਆਮ ਪਰਿਵਾਰ ਵੀ ਕਈ ਵਾਰ ਕੁੜੀਆਂ ਨੂੰ ਬੋਝ ਸਮਝ ਲੈਂਦੇ ਸੀ। ਇਹ ਬੋਝ ਚੁੱਕਿਆ ਮਾਨਯੋਗ ਬਾਦਲ ਸਾਹਿਬ ਨੇ ਕਿਉਂਕਿ ਜੇ ਕੁੜੀ ਪੜ੍ਹਦੀ ਹੈ ਤਾਂ ਦੋ ਪਰਿਵਾਰ ਪੜ੍ਹਦੇ ਹਨ ਪਰ ਜੇ ਮੁੰਡਾ ਪੜ੍ਹਦਾ ਹੈ ਤਾਂ ਇੱਕ ਪਰਿਵਾਰ ਪੜ੍ਹਦਾ ਹੈ। ਉਹ ਇਕੱਲਾ ਪੜ੍ਹਦਾ ਹੈ। ਸੋ, ਕੁੜੀਆਂ ਦੀ ਪੜ੍ਹਾਈ +2 ਤੱਕ ਮੁਫ਼ਤ ਕੀਤੀ ਗਈ ਹੈ, ਉਸ ਦਾ ਬਹੁਤ ਵੱਡਾ ਫਾਇਦਾ, ਉਸ ਦਾ ਬਹੁਤ ਵੱਡਾ ਅਸਰ ਪੰਜਾਬ ਦੇ ਲੋਕਾਂ ਵਿੱਚ ਗਿਆ।

ਇਸ ਤੋਂ ਪਹਿਲਾਂ ਇੱਕ ਗੱਲ ਪੰਜਾਬ ਵਿੱਚ ਵਿਰੋਧੀ ਧਿਰ ਵੱਲੋਂ ਆਮ ਕਹੀ ਗਈ ਹੈ ਕਿ ਪੰਜਾਬ ਵਿੱਚ ਨਸ਼ੇ ਨੌਜਵਾਨਾਂ ਨੂੰ ਖਾ ਰਹੇ ਹਨ, ਸਾਡੇ ਪੰਜਾਬ ਦਾ ਨੁਕਸਾਨ ਕਰ ਰਹੇ ਹਨ। ਮਾਨਯੋਗ ਸਪੀਕਰ ਸਾਹਿਬ, ਜਦੋਂ ਪੜ੍ਹੇ-ਲਿਖੇ ਨੌਜਵਾਨ ਨੂੰ ਕੰਮ ਨਾ ਮਿਲੇ, ਉਸ ਨੂੰ ਕਿੱਤਾ ਨਾ ਮਿਲੇ, ਰੁਜ਼ਗਾਰ ਨਾ ਮਿਲੇ ਤਾਂ ਉਹ ਫਰੱਸਟਰੇਸ਼ਨ ਵਿੱਚ ਕੋਈ ਨਾ ਕੋਈ ਗਲਤ ਕੰਮ ਕਰਦਾ ਹੈ। ਉਸ ਨੂੰ ਚੰਗਾ ਮਾਹੌਲ ਨਾ ਮਿਲੇ, ਉਸ ਨੂੰ ਚੰਗੀ ਸੁਸਾਇਟੀ ਨਾ ਮਿਲੇ, ਉਸ ਨੂੰ ਕੋਈ ਗਾਈਡ ਕਰਨ ਵਾਲਾ ਨਾ ਮਿਲੇ ਤਾਂ ਉਹ ਗਲਤ ਸੰਗਤ ਵਿੱਚ ਪੈ ਜਾਂਦਾ ਹੈ, ਨਸ਼ੇ ਵੱਲ

[ਸ਼੍ਰੀ ਪਵਨ ਕੁਮਾਰ ਟੀਨੂੰ]

ਚਲਿਆ ਜਾਂਦਾ ਹੈ। ਪਹਿਲੀ ਵਾਰ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਨੌਜਵਾਨਾਂ ਨੂੰ ਮਾਹੌਲ ਦਿੱਤਾ, ਨੌਕਰੀਆਂ ਵੀ ਦਿੱਤੀਆਂ। 1,20,000 ਨੌਕਰੀਆਂ ਪੰਜਾਬ ਦੇ ਅੰਦਰ ਦਿੱਤੀਆਂ ਗਈਆਂ। ਪਿਛਲੇ ਸਮਿਆਂ ਵਿੱਚ ਸੁਣਦੇ ਰਹੇ ਹਾਂ ਕਿ ਨੌਕਰੀਆਂ ਤੇ ਬੈਨ ਲੱਗਿਆ ਹੈ। ਨੌਕਰੀਆਂ ਤੇ ਬੈਨ ਲਗਾ ਦਿੱਤਾ ਜਾਂਦਾ ਸੀ। ਬਾਦਲ ਸਾਹਿਬ ਨੇ ਉਸ ਬੈਨ ਨੂੰ ਖੋਲ੍ਹਿਆ ਅਤੇ 1,20,000 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਔਰ ਪੰਜਾਬ ਦੇ ਅੰਦਰ ਨੌਜਵਾਨਾਂ ਨੂੰ ਸਹੀ ਸੇਧ ਦੇਣ ਲਈ ਖੇਡਾਂ ਦਾ ਮਾਹੌਲ ਤਿਆਰ ਕੀਤਾ ਕਿਉਂਕਿ ਆਪਾਂ ਸਿਰਫ ਬੱਚੇ ਨੂੰ ਭਾਸ਼ਣ ਦੇਈ ਜਾਈਏ, ਸਿਰਫ ਟੈਲੀਵੀਜ਼ਨ ਤੇ ਬੋਲੀ ਜਾਈਏ, ਅਖਬਾਰਾਂ ਵਿੱਚ ਦੇਈ ਜਾਈਏ ਕਿ ਨਸ਼ਾ ਨਾ ਕਰੋ, ਉਸ ਦਾ ਕੋਈ ਫਾਇਦਾ ਹੋਣ ਵਾਲਾ ਨਹੀਂ। ਉਸ ਵਾਸਤੇ ਮਾਹੌਲ ਦੇਣਾ ਪਵੇਗਾ ਅਤੇ ਬਾਦਲ ਸਾਹਿਬ ਦੀ ਸਰਕਾਰ ਨੇ ਪੰਜਾਬ ਵਿੱਚ ਖੇਡਾਂ ਦਾ ਚੰਗਾ ਮਾਹੌਲ ਬਣਾਇਆ ਤਾਂ ਕਿ ਸਕੂਲ-ਕਾਲਜ ਤੋਂ ਬਾਅਦ ਨੌਜਵਾਨ ਆਪਣਾ ਵਾਧੂ ਸਮਾਂ ਜਿੰਮ ਵਿੱਚ ਬਿਤਾਵੇ। ਪੰਜਾਬ ਦੇ ਪਿੰਡਾਂ ਵਿੱਚ ਜਿੰਮ ਦਿੱਤੇ ਗਏ। ਇਸ ਬਾਰੇ ਕੁਝ ਸਾਲ ਪਹਿਲਾਂ ਸੋਚਿਆ ਨਹੀਂ ਸੀ ਕਿਉਂਕਿ ਇਹ ਵਿਦੇਸ਼ਾਂ ਵਿੱਚ ਹੁੰਦੇ ਸੀ ਜਿੰਮ ਬਣੇ ਹਨ ਲੇਕਿਨ, ਮਾਨਯੋਗ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਥੋੜ੍ਹੇ ਜਿਹੇ ਸਮੇਂ ਵਿੱਚ ਜਿੰਮ ਦੇ ਦਿੱਤੇ, ਸਟੇਡੀਅਮ, ਗਰਾਉਂਡਾਂ ਵੱਲ ਧਿਆਨ ਦਿੱਤਾ ਗਿਆ। ਫੁੱਟਬਾਲ ਦੇ, ਕਬੱਡੀ ਦੇ ਟੂਰਨਾਮੈਂਟ ਕਰਵਾਏ ਗਏ। ਪੰਜਾਬ ਗੇਮਜ਼ ਕਰਵਾ ਦਿੱਤੀਆਂ ਔਰ ਸਕੂਲਾਂ ਵਿੱਚ ਜ਼ਰੂਰੀ ਕਰਵਾ ਦਿੱਤਾ ਕਿ ਸਾਲਾਨਾ ਟੂਰਨਾਮੈਂਟ ਕਰਵਾ ਕੇ ਬੱਚਿਆਂ ਦਾ ਧਿਆਨ ਖੇਡਾਂ ਵੱਲ ਪਾਇਆ ਜਾਵੇ। ਮੁਕਾਬਲੇ ਕਰਵਾਏ ਜਾਣ। ਉਸ ਦੇ ਕਾਰਨ ਅੱਜ ਪੰਜਾਬ ਦੇ ਅੰਦਰ ਚੰਗੇ ਸਿੱਟੇ ਮਿਲ ਰਹੇ ਹਨ। ਕਬੱਡੀ ਦਾ ਵਰਲਡ ਕੱਪ ਕਰਵਾਇਆ ਗਿਆ। ਸੁਣਿਆ ਸੀ, ਕਿਸੇ ਨੇ ਕਿਹਾ ਕਿ ਭਾਰਤ ਵਿੱਚ ਕ੍ਰਿਕਟ ਗੇਮ ਨਹੀਂ, ਇੱਕ ਰਿਲੀਜ਼ਨ ਹੈ ਪਰ ਮਾਨਯੋਗ ਸੁਖਬੀਰ ਸਿੰਘ ਬਾਦਲ ਜੀ ਨੇ ਕਬੱਡੀ ਨੂੰ ਵੀ ਪੰਜਾਬ ਦਾ ਇੱਕ ਰਿਲੀਜ਼ਨ ਬਣਾ ਦਿੱਤਾ। (ਥੰਪਿੰਗ) ਜਦੋਂ ਕਬੱਡੀ ਦਾ ਵਰਲਡ ਕੱਪ ਹੋਇਆ ਤਾਂ ਪਿੰਡਾਂ ਵਿੱਚ ਹੀ ਨਹੀਂ ਬਲਕਿ ਸ਼ਹਿਰਾਂ ਦੇ ਅੰਦਰ ਵੀ ਲੋਕਾਂ ਨੇ, ਨੌਜਵਾਨਾਂ ਨੇ ਕਬੱਡੀ ਨੂੰ ਦੇਖਿਆ, ਘਰਾਂ ਵਿੱਚ ਕਬੱਡੀ ਨੂੰ ਦੇਖਿਆ ਗਿਆ ਔਰ ਬੱਚਿਆਂ ਦੇ ਅੰਦਰ ਖੇਡਣ ਦੀ ਲਾਲਸਾ, ਖੇਡਣ ਦਾ ਸ਼ੌਕ ਪੈਦਾ ਹੋਇਆ। ਇਹ ਸਰਕਾਰ ਦੀ ਤੰਦਰੁਸਤ ਪੰਜਾਬ ਬਣਾਉਣ ਵਾਸਤੇ ਬਹੁਤ ਵੱਡੀ ਪ੍ਰਾਪਤੀ ਹੈ। ਸਪੋਰਟਸ ਨੀਤੀ ਲਿਆਂਦੀ। ਪਿਛਲੀਆਂ ਸਰਕਾਰਾਂ ਨੇ, ਪਾਰਟੀਆਂ ਨੇ ਕਦੇ ਸੋਚਿਆ ਹੀ ਨਹੀਂ ਸੀ ਕਿ ਖੇਡਾਂ ਪ੍ਰਤੀ ਵੀ ਨੀਤੀ ਬਣਾਉਣ ਦੀ ਲੋੜ ਹੈ। ਕੋਈ ਗੱਲ ਨਹੀਂ, ਨਿਆਣੇ ਜਦੋਂ ਵਿਹਲੇ ਹੁੰਦੇ ਹਨ ਤਾਂ ਆਪੇ ਹੀ ਖੇਡ ਆਉਂਦੇ ਹਨ। ਸਰਕਾਰ ਨੇ ਸਪੋਰਟਸ ਨੀਤੀ ਬਣਾਈ। ਜਿਹੜੇ ਖਿਡਾਰੀ ਖੇਡਦੇ ਹਨ, ਚੰਗੀ ਪਰਫਾਰਮੈਂਸ ਦਿੰਦੇ ਹਨ, ਮੱਲਾਂ ਮਾਰਦੇ ਹਨ, ਉਨ੍ਹਾਂ ਨੂੰ ਨੌਕਰੀਆਂ ਵੀ ਦਿੱਤੀਆਂ। ਕਬੱਡੀ ਨੂੰ, ਜਿਸ ਨੂੰ ਕੌਡੀਆਂ ਦੀ ਕਬੱਡੀ ਕਹਿੰਦੇ ਸਨ, ਉਸ ਨੂੰ ਕਰੋੜਾਂ ਦੀ ਕਬੱਡੀ ਬਣਾ ਦਿੱਤਾ। ਅੱਜ ਪਿੰਡਾਂ ਦੇ ਜਿਹੜੇ ਨੌਜਵਾਨ ਹਨ, ਉਹ ਇਸ ਦੇਸ਼ ਵਿੱਚ ਹੀ ਨਹੀਂ, ਪੰਜਾਬ ਵਿੱਚ ਹੀ ਨਹੀਂ, ਵਿਦੇਸ਼ਾਂ ਵਿੱਚ ਜਾ ਕੇ ਵੀ ਕਬੱਡੀ ਖੇਡਦੇ ਹਨ। ਉਹ ਉਥੋਂ

ਨਾਮਣਾ ਵੀ ਖੱਟਦੇ ਹਨ ਅਤੇ ਉਨ੍ਹਾਂ ਨੂੰ ਪੈਸਾ ਵੀ ਖੂਬ ਪ੍ਰਾਪਤ ਹੁੰਦਾ ਹੈ।

ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਟਾਈਮ ਦਿੱਤਾ ਹੈ। ਜਿਥੇ ਸਿਟੀ ਬੱਸ ਸਰਵਿਸ ਚਲਾਈ, ਰੇਡੀਓ ਟੈਕਸੀ ਚਲਾਈ, 108 ਐਂਬੂਲੈਂਸਾਂ ਚਲਾਈਆਂ, ਖਾਸ ਕਰਕੇ ਕੈਂਸਰ ਦੇ ਮਰੀਜ਼ਾਂ ਲਈ ਜੋ ਬਾਦਲ ਸਾਹਿਬ ਨੇ ਆਰਥਿਕ ਮਦਦ ਦਾ ਐਲਾਨ ਕੀਤਾ ਔਰ ਮਦਦ ਦੇਣੀ ਸ਼ੁਰੂ ਕੀਤੀ, ਉਸ ਨਾਲ ਵੀ ਗਰੀਬ ਪਰਿਵਾਰਾਂ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ। ਪੁਲਿਸ ਕਮਿਸ਼ਨਰੇਟ ਸਿਸਟਮ ਬਣਾਇਆ, ਜਿਸ ਨਾਲ ਪੁਲਿਸ ਮੁਲਾਜ਼ਮ ਵੀ ਭਰਤੀ ਹੋਏ। ਤੁਸੀਂ ਦੇਖ ਲਓ, ਕੁਝ ਸਾਲ ਪਹਿਲਾਂ ਥਾਣੇ ਵਿੱਚ ਕੋਈ ਐਪਲੀਕੇਸ਼ਨ ਦੇਣੀ ਤਾਂ ਐਸ. ਐਚ. ਓ ਨੇ ਕਹਿਣਾ ਕਿ ਸਾਡੇ ਕੋਲ ਬੰਦੇ ਹੈ ਨਹੀਂ, ਕਿੱਥੇ ਭੇਜੀਏ। ਉਧਰ ਚੋਰੀ ਹੋ ਜਾਣੀ ਅਤੇ ਐਸ. ਐਚ. ਓ. ਨੇ ਕਹਿਣਾ ਕਿ ਸਾਡੇ ਕੋਲ ਨਫਰੀ ਘੱਟ ਹੈ, ਕਿੱਥੇ ਭੇਜੀਏ। ਜਿਥੇ ਪੰਜਾਬ ਸਰਕਾਰ ਨੇ ਵੱਡੇ ਪੱਧਰ ਤੇ ਪੁਲਿਸ ਵਿੱਚ ਭਰਤੀ ਕਰਕੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ, ਉਥੇ ਕਰਾਈਮ ਨੂੰ ਠੱਲ ਪਾਉਣ ਲਈ ਵੀ ਬੜਾ ਵੱਡਾ ਕਦਮ ਚੁੱਕਿਆ ਹੈ।

Mr. Spaker : Thank you.

ਸ਼੍ਰੀ ਪਵਨ ਕੁਮਾਰ ਟੀਨੂੰ : ਸਪੀਕਰ ਸਾਹਿਬ, ਅੱਧਾ ਮਿੰਟ।

ਸਪੀਕਰ ਸਾਹਿਬ, ਬਿਸਤ ਦੁਆਬ ਨਹਿਰ, ਜਿਹੜੀ ਕਿ ਜਲੰਧਰ-ਹੁਸ਼ਿਆਰਪੁਰ ਦੇ ਵਿਚੋਂ ਦੀ ਲੰਘਦੀ ਹੈ, ਆਦਮਪੁਰ ਦੇ ਵਿਚੋਂ ਦੀ ਲੰਘਦੀ ਹੈ, ਉਥੇ ਵੀ ਉਸ ਦੀ ਸਾਈਡ ਲਾਇਨਿੰਗ ਦਾ ਕੰਮ ਸਾਲ 2012-13 ਦੇ ਵਿਚ ਸ਼ੁਰੂ ਹੋ ਜਾਣਾ ਹੈ, ਉਸ ਦੇ ਵਾਸਤੇ ਮੈਂ ਸਰਕਾਰ ਦਾ ਬਹੁਤ ਧੰਨਵਾਦ ਵੀ ਕਰਦਾ ਹਾਂ। ਸਰਕਾਰ ਨੇ ਪੂਰੇ ਪੰਜਾਬ ਵਿਚ ਸੀਵਰੇਜ ਦਾ ਅਤੇ ਪੀਣ ਵਾਲੇ ਪਾਣੀ ਦੀਆਂ ਟੈਂਕੀਆਂ ਦਾ ਜਾਲ ਵਿਛਾ ਦਿੱਤਾ ਹੈ। ਮੈਨੂੰ ਉਮੀਦ ਹੈ ਕਿ ਜਿਥੋਂ ਮੈਂ ਚੁਣ ਕੇ ਆਇਆ ਹਾਂ, ਆਦਮਪੁਰ, ਭੋਗਪੁਰ, ਅਲਾਵਲਪੁਰ ਇਲਾਕੇ ਦੇ ਵਿਚ ਪਾਣੀ ਦਾ ਤਾਂ ਬਹੁਤ ਸੁਹਣਾ ਪ੍ਰਬੰਧ ਹੋ ਗਿਆ ਹੈ ਪਰ, ਮਾਨਯੋਗ ਸਪੀਕਰ ਸਾਹਿਬ, ਉਥੇ ਸੀਵਰੇਜ ਦੀ ਬਹੁਤ ਵੱਡੀ ਕਮੀ ਹੈ। ਮੈਂ ਉਮੀਦ ਕਰਦਾ ਹਾਂ ਕਿ ਉਹ ਵੀ ਬਹੁਤ ਜਲਦੀ ਸਾਡੀ ਸਰਕਾਰ ਪੂਰੀ ਕਰ ਦੇਵੇਗੀ, ਕਿਉਂਕਿ ਹਾਲੇ ਤਾਂ ਟਰੇਲਰ ਹੈ, ਜਿਹੜੇ ਪਿਛੇ ਜਿਹੇ ਕੰਮ ਹੋਏ ਹਨ ਉਹ ਟਰੇਲਰ ਹਨ। ਬਹੁਤ ਸਾਰੇ ਕੰਮ ਹੁਣ ਸਰਕਾਰ ਨੇ ਕਰਨੇ ਹਨ ਕਿਉਂਕਿ ਵਿਦੇਸ਼ਾਂ ਵਿਚੋਂ ਵੀ, ਆਲੇ-ਦੁਆਲੇ ਚਾਹੇ ਹਿਮਾਚਲ, ਹਰਿਆਣਾ, ਉਧਰ ਵੀ ਲੋਕਾਂ ਵਿੱਚ ਬੜਾ ਵੱਡਾ ਉਤਸ਼ਾਹ ਹੈ ਕਿ ਜਦੋਂ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਪੰਜਾਬ ਵਿੱਚ ਬਣਦੀ ਹੈ ਤਾਂ ਨਾਲ ਦੀਆਂ ਸਟੇਟਾਂ ਵਿੱਚ ਵੀ ਆਟੋਮੈਟੀਕਲੀ ਸਫਾਈ ਹੋ ਜਾਂਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿਉਂਕਿ ਆਦਮਪੁਰ ਤੇ ਭੋਗਪੁਰ ਦੇ ਜਿਹੜੇ ਨੌਜਵਾਨ ਹਨ, ਉਨ੍ਹਾਂ ਨੂੰ ਪੜ੍ਹਨ ਲਈ ਹੁਸ਼ਿਆਰਪੁਰ ਕਾਲਜ ਵਿੱਚ ਜਾਣਾ ਪੈਂਦਾ ਹੈ ਜਾਂ ਉਨ੍ਹਾਂ ਨੂੰ ਜਲੰਧਰ ਆਉਣਾ ਪੈਂਦਾ ਹੈ, ਇਸ ਤਰ੍ਹਾਂ ਉਨ੍ਹਾਂ ਨੂੰ 25-30 ਕਿਲੋਮੀਟਰ ਦੀ ਦੂਰੀ ਤੇ ਆਉਣਾ ਪੈਂਦਾ ਹੈ, ਖਾਸ ਕਰਕੇ ਲੜਕੀਆਂ ਨੂੰ ਬਹੁਤ ਮੁਸ਼ਕਲ ਹੁੰਦੀ ਹੈ। ਸਪੀਕਰ ਸਾਹਿਬ, ਉਥੇ ਇੱਕ ਡਿਗਰੀ ਕਾਲਜ ਤੇ ਆਈ. ਟੀ. ਆਈ. ਦਾ ਵੀ ਜ਼ਰੂਰ ਪ੍ਰਬੰਧ ਕੀਤਾ ਜਾਵੇ। ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ

[ਸ਼੍ਰੀ ਪਵਨ ਕੁਮਾਰ ਟੀਨੂੰ]

ਕਰਦਾ ਹਾਂ ਤੇ ਜਿਹੜਾ ਮਤਾ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਨੇ ਲਿਆਂਦਾ ਹੈ, ਉਸ ਦਾ ਸਮਰਥਨ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ।

ਮਾਨਯੋਗ ਸਪੀਕਰ : ਰਾਣਾ ਗੁਰਮੀਤ ਸਿੰਘ ਸੋਢੀ, ਐਬਸੈਂਟ। ਹਾਂ ਜੀ, ਬਲਬੀਰ ਸਿੰਘ ਸਿੱਧੂ।

ਸਰਦਾਰ ਬਲਬੀਰ ਸਿੰਘ ਸਿੱਧੂ (ਮੁਹਾਲੀ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਬੋਲਣ ਦਾ ਮੌਕਾ ਦਿੱਤਾ ਹੈ। ਵੈਸੇ ਤਾਂ ਸਾਡੇ ਸੀ. ਐਲ. ਪੀ. ਲੀਡਰ ਸ਼੍ਰੀ ਸੁਨੀਲ ਕੁਮਾਰ ਜਾਖੜ ਜੀ ਨੇ ਕੱਲ੍ਹ ਸਾਰੇ ਹੀ ਮਸਲਿਆਂ ਦੇ ਉਤੇ ਬਹੁਤ ਹੀ ਵਧੀਆ, ਜ਼ੋਰਦਾਰ ਬਹਿਸ ਕੀਤੀ ਹੈ ਅਤੇ ਜੋ ਜੋ ਸਰਕਾਰ ਦੀਆਂ ਨਾਕਾਮੀਆਂ ਸਨ, ਉਨ੍ਹਾਂ ਨੂੰ ਸਾਰਿਆਂ ਦੇ ਸਾਹਮਣੇ ਰੱਖਿਆ ਹੈ। ਉਨ੍ਹਾਂ ਸਾਰੀਆਂ ਗੱਲਾਂ ਦੀ ਤਾਈਦ ਕਰਦਾ ਹੋਇਆ, ਮੈਂ ਵੀ ਕੁੱਝ ਗੱਲਾਂ ਕਰਨੀਆਂ ਚਾਹੁੰਦਾ ਹਾਂ, ਕੁਝ ਮੁੱਦੇ ਉਠਾ ਰਿਹਾ ਹਾਂ। ਸਰਕਾਰ ਨੇ ਰਾਜਪਾਲ ਜੀ ਦੇ ਭਾਸ਼ਣ ਵਿੱਚ ਯੂਨੀਵਰਸਿਟੀਆਂ ਦੇ ਬਾਰੇ ਇੱਕ ਪੈਰ੍ਹਾ ਲਿਖਿਆ ਹੈ, ਮੈਂ ਇਸ ਗੱਲ ਲਈ ਸਰਕਾਰ ਦਾ ਧੰਨਵਾਦ ਵੀ ਕਰਦਾ ਹਾਂ ਕਿਉਂਕਿ ਐਜੂਕੇਸ਼ਨ ਵਾਲੇ ਪਾਸੇ ਧਿਆਨ ਦਿੱਤਾ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਕਾਲਜ ਜਾਂ ਯੂਨੀਵਰਸਿਟੀਆਂ ਬਣੀਆਂ ਹਨ ਜਾਂ ਆਲਰੇਡੀ ਪੰਜਾਬ ਵਿੱਚ ਐਗਜ਼ਿਸਟ ਕਰ ਰਹੇ ਹਨ, ਉਨ੍ਹਾਂ ਸਾਰਿਆਂ ਵਿੱਚ, ਦੋ-ਚਾਰ ਨੂੰ ਛੱਡ ਕੇ ਕਿਤੇ ਵੀ ਮਿਆਰੀ ਪੜ੍ਹਾਈ ਨਹੀਂ ਹੋ ਰਹੀ। ਕੱਲ੍ਹ ਜਾਖੜ ਸਾਹਿਬ ਨੇ ਵੀ ਇਹੀ ਗੱਲ ਕਹੀ ਸੀ ਕਿ ਜਦੋਂ ਸਾਡੇ ਘੱਟ ਮੈਰਿਟ ਵਾਲੇ ਬੱਚੇ ਪੈਸੇ ਦੇ ਕੇ ਡਿਪਲੋਮੇ ਜਾਂ ਡਿਗਰੀਆਂ ਲੈ ਕੇ ਆਉਂਦੇ ਹਨ, ਜੇ ਉਨ੍ਹਾਂ ਦਾ ਪ੍ਰੈਕਟੀਕਲ ਐਕਸਪੀਰੀਐਂਸ ਵੇਖਿਆ ਜਾਂਦਾ ਹੈ ਜਾਂ ਕੋਈ ਟੈਸਟ ਲਿਆ ਜਾਂਦਾ ਹੈ ਤਾਂ ਉਹ ਉਸ ਵਿੱਚ ਫੇਲ੍ਹ ਹੋ ਜਾਂਦੇ ਹਨ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਦੁਕਾਨਦਾਰੀਆਂ ਹਨ, ਉਨ੍ਹਾਂ ਉਤੇ ਨਕੇਲ ਕੱਸਣ ਦੀ ਜ਼ਰੂਰਤ ਹੈ ਔਰ ਖਾਸ ਕਰਕੇ ਸਾਡੇ ਬਹੁਤ ਸਾਰੇ ਗਰੀਬ ਜਾਂ ਲੋੜਵੰਦ ਬੱਚੇ ਜਿਹੜੇ ਹਨ, ਉਨ੍ਹਾਂ ਦੇ ਪਾਸ ਪੈਸਾ ਨਾ ਹੋਣ ਕਰਕੇ ਉਨ੍ਹਾਂ ਨੂੰ ਉਥੇ ਐਡਮਿਸ਼ਨ ਨਹੀਂ ਮਿਲਦੀ, ਉਹ ਵਿਚਾਰੇ ਫਿਰ ਫਰੱਸਟ੍ਰੇਟ ਹੋ ਕੇ ਆਰਟਸ ਲੈਂਦੇ ਹਨ ਜਾਂ ਹੋਰ ਸਬਜੈਕਟਸ ਲੈਂਦੇ ਹਨ ਤੇ ਉਨ੍ਹਾਂ ਵਿੱਚੋਂ ਜਿਹੜਾ ਸਹੀ ਮਾਅਨਿਆਂ ਵਿੱਚ ਹੱਕਦਾਰ ਹੁੰਦਾ ਹੈ ਉਹ ਆਪਣੇ ਹੱਕ ਤੋਂ ਵਾਂਝਾ ਹੋ ਜਾਂਦਾ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੋਈ ਇਸ ਤਰ੍ਹਾਂ ਦੀ ਸੰਸਥਾ ਕਾਇਮ ਕਰਨੀ ਚਾਹੀਦੀ ਹੈ ਜਿਹੜੀ ਇਨ੍ਹਾਂ ਸਾਰਿਆਂ ਕਾਲਜਾਂ, ਯੂਨੀਵਰਸਿਟੀਆਂ ਵਿੱਚ ਸੀਟਾਂ ਸਬੰਧੀ ਸਰਕਾਰ ਦੀ ਪਾਲਿਸੀ ਮੁਤਾਬਿਕ ਫਿਲ ਕਰਨ ਲਈ ਧਿਆਨ ਰੱਖੇ। ਇਹ ਨਾ ਹੋਵੇ ਕਿ ਉਹ ਆਪਣੀਆਂ ਸੀਟਾਂ ਅੰਦਰਖਾਤੇ ਵੇਚ ਦੇਵੇ ਅਤੇ ਜਿਹੜੇ ਹੋਣਹਾਰ ਬੱਚੇ ਹਨ, ਉਹ ਹੱਕ ਤੋਂ ਵਾਂਝੇ ਰਹਿ ਜਾਣ।

ਦੂਸਰੀ ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਰਾਜਪਾਲ ਜੀ ਦੇ ਭਾਸ਼ਣ ਵਿੱਚ ਰੋਡਜ਼ ਤੇ ਬਰਿੱਜਾਂ ਦੇ ਬਾਰੇ ਬਹੁਤ ਗੱਲ ਕੀਤੀ ਗਈ ਹੈ ਕਿ ਐਲੀਵੇਟੀਡ ਬਰਿੱਜ ਬਣਿਆ ਹੈ ਜਾਂ

ਜਲੰਧਰ ਵਿੱਚ ਬਰਿੱਜ ਬਣੇ ਹਨ ਜਾਂ ਨੈਸ਼ਨਲ ਹਾਈਵੇਅ ਬਣੇ ਹਨ। ਇਸ ਦੇ ਬਾਰੇ ਸਰਕਾਰ ਨੇ ਆਪਣੀਆਂ ਬੜੀਆਂ ਪ੍ਰਾਪਤੀਆਂ ਗਿਣਾਈਆਂ ਹਨ। ਜੇਕਰ ਇਨ੍ਹਾਂ ਪ੍ਰਾਪਤੀਆਂ ਨੂੰ ਵੇਖੀਏ ਤਾਂ ਇਹ ਸੈਂਟਰ ਗੌਰਮਿੰਟ ਦੀਆਂ ਹਨ ਪਰ ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਜੇਕਰ ਸਰਕਾਰ ਇਨਟੀਰੀਅਰ ਵਿੱਚ ਜਾਵੇ, ਇਥੋਂ ਮੇਰਾ ਹਲਕਾ ਸਿਰਫ ਪੰਜ ਕਿਲੋਮੀਟਰ ਤੇ ਪੈਂਦਾ ਹੈ, ਜੇ ਮੈਂ ਸਾਰੀਆਂ ਲਿੰਕ ਸੜਕਾਂ ਦੀ ਹਾਲਤ ਵਿਖਾਵਾਂ ਤਾਂ ਤੁਸੀਂ ਖ਼ੁਦ ਮਹਿਸੂਸ ਕਰੋਗੇ ਕਿ ਉਨ੍ਹਾਂ ਸੜਕਾਂ ਤੇ ਚਲਣਾ ਤਾਂ ਬਹੁਤ ਦੂਰ ਦੀ ਗੱਲ ਹੈ, ਬੰਦਾ ਖੜ੍ਹ ਵੀ ਨਹੀਂ ਸਕਦਾ। ਸੜਕ ਨਾਂ ਦੀ ਕੋਈ ਚੀਜ਼ ਉਥੇ ਨਹੀਂ ਰਹੀ। ਮੰਡੀਕਰਨ ਬੋਰਡ ਦੀਆਂ ਕਈ ਸੜਕਾਂ ਅਜਿਹੀਆਂ ਹਨ, ਇਸ ਵੇਰ ਮੇਰੇ ਹਲਕੇ ਵਿੱਚ ਝਾਮਪੁਰ ਵਗੈਰਾ ਕਈ ਨਵੇਂ ਪਿੰਡ ਆਏ ਹਨ, ਉਥੇ ਖਰੜ ਤੋਂ ਸਿੱਧੀ ਸੜਕ ਆਉਂਦੀ ਹੈ। ਬਾਦਲ ਸਾਹਿਬ ਆਪ ਕਿਸਾਨ ਹਨ, ਉਹ ਸਾਰਾ ਹਲਕਾ ਸਬਜ਼ੀਆਂ ਦੀ ਕਾਸ਼ਤ ਕਰਦਾ ਹੈ। ਉਸ ਸੜਕ ਨੂੰ ਬਣਿਆ 15-20 ਸਾਲ ਹੋ ਗਏ ਹਨ। ਉਸ ਤੋਂ ਬਾਅਦ ਉਸ ਸੜਕ ਤੇ ਨਾ ਕਦੇ ਪੀ. ਸੀ. ਪਈ ਹੈ, ਨਾ ਕਦੇ ਕਿਸੇ ਨੇ ਉਸ ਵੱਲ ਧਿਆਨ ਦਿੱਤਾ ਹੈ। ਈਵਨ ਜਿਹੜਾ ਪਿਛਲੀ ਵਾਰ ਉਥੇ ਹਲਕੇ ਦਾ ਐਮ. ਐਲ. ਏ. ਸੀ, ਜਦੋਂ ਲੋਕ ਉਨ੍ਹਾਂ ਕੋਲ ਗਏ ਤਾਂ ਉਸ ਦਾ ਜਵਾਬ ਸੀ ਕਿ ਇਹ ਹਲਕਾ ਮੇਰੇ ਕੋਲੋਂ ਨਿਕਲ ਗਿਆ ਹੈ। ਇਸ ਲਈ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਆਪਣੇ ਗੁਣਗਾਣ ਤਾਂ ਜ਼ਰੂਰ ਕਰੇ ਪਰ ਇੰਟੀਰੀਅਰ ਦੀਆਂ ਜਿਹੜੀਆਂ ਰੋਡਜ਼ ਹਨ, ਇਨ੍ਹਾਂ ਵੱਲ ਝਾਤੀ ਜ਼ਰੂਰ ਮਾਰੀ ਜਾਵੇ। ਜਿਹੜੀ ਇਹ ਕਿਸਾਨੀ ਦੀ ਗੱਲ ਕਰਦੇ ਹਨ ਜਾਂ ਗਰੀਬ ਲੋਕਾਂ ਦੀ ਗੱਲ ਕਰਦੇ ਹਨ, ਅੱਜ ਸਮੁੱਚੇ ਪੰਜਾਬ ਦੀਆਂ ਲਿੰਕ ਰੋਡਜ਼ ਵੱਲ ਧਿਆਨ ਦੇਣ ਦੀ ਲੋੜ ਹੈ। ਅੱਜ ਸਮੇਂ ਦੀ ਇਹ ਜ਼ਰੂਰਤ ਹੈ।

ਬਾਦਲ ਸਾਹਿਬ ਨੇ ਕਿਹਾ ਹੈ ਕਿ ਦੋ ਵੱਡੇ ਕੈਂਸਰ ਦੇ ਹਸਪਤਾਲ ਮੈਕਸ ਰਾਹੀਂ ਪੰਜਾਬ ਵਿੱਚ ਲਗਾਏ ਜਾ ਰਹੇ ਹਨ। ਮੁਹਾਲੀ ਵਿੱਚ ਅਰਬਾਂ ਰੁਪਏ ਦੀ ਪ੍ਰਾਪਰਟੀ ਉਸ ਨੂੰ ਦਿੱਤੀ ਗਈ ਹੈ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਇਨ੍ਹਾਂ ਹਸਪਤਾਲਾਂ ਵਿੱਚ ਗਰੀਬਾਂ ਵਾਸਤੇ ਕੋਈ ਰਿਲੈਕਸੇਸ਼ਨ ਰੱਖੀ ਹੈ, ਬੀ. ਪੀ. ਐਲ. ਵਾਲਿਆਂ ਵਾਸਤੇ ਕੋਈ ਸਕੀਮ ਹੈ ਕਿ ਉਨ੍ਹਾਂ ਲੋਕਾਂ ਦਾ ਉਥੇ ਇਲਾਜ ਫਰੀ ਕੀਤਾ ਜਾਵੇਗਾ ਜਾਂ ਫੇਰ ਕਿੰਨੇ ਪਰਸੈਂਟ ਲੋਕਾਂ ਦਾ ਇਲਾਜ ਫਰੀ ਕੀਤਾ ਜਾਵੇਗਾ ਜਾਂ ਫੇਰ ਕਿੰਨੇ ਪਰਸੈਂਟ ਲੋਕਾਂ ਨੂੰ ਉਥੇ ਗਿਆਂ ਨੂੰ ਪ੍ਰਾਇਰਟੀ ਮਿਲੇਗੀ? ਕੀ ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਰੱਖੀ ਗਈ ਹੈ ਜਦ ਕਿ ਅਸੀਂ ਉਨ੍ਹਾਂ ਨੂੰ ਆਪਣੀ ਸਾਰੀ ਜ਼ਮੀਨ ਫਰੀ ਦਿੱਤੀ ਹੈ?

ਇਸ ਤੋਂ ਬਾਅਦ ਮੈਂ ਸ਼ਗਨ ਸਕੀਮ ਦੀ ਗੱਲ ਕਰਦਾ ਹਾਂ। ਸਰਕਾਰ ਵੱਲੋਂ ਕਿਹਾ ਜਾਂਦਾ ਹੈ ਕਿ ਅਸੀਂ ਸ਼ਗਨ ਸਕੀਮ ਵਿੱਚ ਬਹੁਤ ਸਾਰੇ ਲੋਕਾਂ ਨੂੰ ਲਾਭ ਦਿੱਤਾ ਹੈ। ਇੱਕ ਬੜੀ ਮੰਦਭਾਗੀ ਗੱਲ ਹੈ। ਬਾਦਲ ਸਾਹਿਬ ਬੜੇ ਤਜਰਬੇਕਾਰ ਹਨ। ਨਵੰਬਰ, 2007 ਵਿੱਚ ਚੋਣ ਜ਼ਾਬਤਾ ਲੱਗ ਗਿਆ ਸੀ ਅਤੇ 31.3.07 ਤੱਕ ਉਹ ਚੋਣ ਜ਼ਾਬਤਾ ਰਿਹਾ। ਉਨ੍ਹਾਂ ਪੰਜ ਮਹੀਨਿਆਂ ਦੇ ਜਿਹੜੇ ਸ਼ਗਨ ਸਕੀਮ ਦੇ ਪੈਸੇ ਹਨ ਅੱਜ ਤੱਕ ਉਸ ਵਾਸਤੇ ਗਰੀਬ ਲੋਕ

[ਸਰਦਾਰ ਬਲਬੀਰ ਸਿੰਘ ਸਿੱਧੂ]

ਭਟਕਦੇ ਫਿਰਦੇ ਹਨ ਪਰ ਉਨ੍ਹਾਂ ਨੂੰ ਇਸ ਸਕੀਮ ਦਾ ਇੱਕ ਪੈਸਾ ਨਹੀਂ ਮਿਲਿਆ, (ਵਿਘਨ) ਬਿਲਕੁਲ ਨਹੀਂ ਮਿਲਿਆ, ਮੇਰੇ ਕੋਲ ਇਸ ਗੱਲ ਦਾ ਰਿਕਾਰਡ ਹੈ। ਜੇਕਰ ਤੁਸੀਂ ਦਿੱਤੇ ਹਨ ਤਾਂ ਇਸ ਗੱਲ ਨੂੰ ਪਰੂਵ ਕਰ ਦਿਓ? ਤੁਸੀਂ ਦੱਸ ਦਿਓ, ਜੇਕਰ ਦਿੱਤੇ ਹਨ।

ਇਸ ਤੋਂ ਅੱਗੇ ਇੰਡਸਟਰੀ ਦੀ ਗੱਲ ਕਰਦੇ ਹਾਂ। ਮੁਹਾਲੀ ਦੀ ਇੰਡਸਟਰੀ ਦੀ ਗੱਲ ਲੈ ਲਓ। ਪਿਛਲੀ ਸਰਕਾਰ ਵਿੱਚ ਸਾਡੇ ਸਾਥੀ (ਸ੍ਰੀ ਮਨੋਰੰਜਨ ਕਾਲੀਆ ਵੱਲ ਇਸ਼ਾਰਾ) ਜਿਹੜੇ ਪਹਿਲਾਂ ਥੱਲੇ ਬੈਠਦੇ ਸੀ ਹੁਣ ਉੱਪਰ ਜਾ ਕੇ ਬੈਠ ਗਏ ਹਨ, ਇਹ ਇੰਡਸਟਰੀ ਦੇ ਮਨਿਸਟਰ ਸਨ। ਇਨ੍ਹਾਂ ਵੱਲੋਂ ਇੰਡਸਟਰੀ ਦੇ ਪਲਾਟ ਅਲਾਟ ਕੀਤੇ ਗਏ ਜਿਸ ਵਿੱਚ ਇਨ੍ਹਾਂ ਦਾ ਡਿਸਕ੍ਰੀਸ਼ਨਰੀ ਕੋਟਾ ਸਿਰਫ 30% ਬਣਦਾ ਸੀ ਪਰ 100% ਇਹ ਪਲਾਟ ਆਊਟ-ਆਫ਼-ਵੇਅ ਜਾ ਕੇ ਅਲਾਟ ਕੀਤੇ ਗਏ। ਜਿਹੜੇ ਨੀਡੀ (Needy) ਸੀ ਜਾਂ ਇੰਡਸਟਰੀ ਚਲਾਉਣ ਵਾਲਾ ਬੰਦਾ ਸੀ ਉਸ ਨੂੰ ਇਹ ਪਲਾਟ ਨਹੀਂ ਦਿੱਤੇ ਗਏ। ਉਹ ਕਿਸ ਨੂੰ ਦਿੱਤੇ ਗਏ? ਆਪਣੇ ਚਹੇਤਿਆਂ ਨੂੰ ਦਿੱਤੇ ਗਏ। ਕੋਈ ਦਿੱਲੀ ਦਾ ਹੈ, ਕੋਈ ਮੁੰਬਈ ਦਾ ਹੈ, ਕੋਈ ਅੰਮ੍ਰਿਤਸਰ ਦਾ ਹੈ, ਕੋਈ ਜਲੰਧਰ ਦਾ ਹੈ, ਕੋਈ ਲੁਧਿਆਣੇ ਦਾ ਹੈ। ਕਿਸੇ ਨੇ ਉਸ ਵਿੱਚ ਇੰਡਸਟਰੀ ਨਹੀਂ ਲਗਾਈ ਸਗੋਂ ਉਹ ਪਲਾਟ ਮਾਰਕੀਟ ਵਿੱਚ ਰੀਸੇਲ ਵਾਸਤੇ ਆਏ ਅਤੇ ਵਿਕੇ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਇੰਡਸਟਰੀਅਲ ਪ੍ਰੋਮੋਸ਼ਨ ਦੀ ਗੱਲ ਕਰਦੇ ਹਾਂ, ਰੁਜ਼ਗਾਰ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਅਜਿਹੀਆਂ ਗੱਲਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦੂਸਰੀ ਗੱਲ, ਮੁਹਾਲੀ ਵਿੱਚ ਕਈ ਅਜਿਹੇ ਇੰਡਸਟ੍ਰੀਲਿਸਟ ਹਨ ਜਿਹੜੇ ਕਿਰਾਏ ਤੇ ਇੰਡਸਟਰੀ ਚਲਾ ਰਹੇ ਹਨ। ਅੱਜ ਉਨ੍ਹਾਂ ਲੋਕਾਂ ਨੂੰ ਕਿਰਾਏ ਦੀ ਥਾਂ ਤੋਂ ਇੰਡਸਟਰੀ ਚਲਾਉਂਦਿਆਂ ਨੂੰ ਲੰਬਾ ਸਮਾਂ ਹੋ ਗਿਆ ਹੈ। ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇੰਡਸਟਰੀ ਲਾਉਣ ਲਈ ਆਪਣੀ ਜਗ੍ਹਾ ਮਿਲੇ ਪਰ ਜਗ੍ਹਾ ਇੰਨੀ ਜ਼ਿਆਦਾ ਮਹਿੰਗੀ ਹੋ ਗਈ ਹੈ ਕਿ ਉਹ ਆਪਣੀ ਜਗ੍ਹਾ ਖਰੀਦਣ ਤੋਂ ਅਸਮਰਥ ਹਨ। ਮੈਂ ਚਾਹੁੰਦਾ ਹਾਂ ਕਿ ਭਾਵੇਂ ਤੁਸੀਂ 250 ਗਜ਼ ਦੇ ਪਲਾਟ ਦਿਓ, ਇਸ ਵਾਸਤੇ ਤੁਸੀਂ ਸਰਵੇਖਣ ਕਰਵਾ ਲਓ, ਉਨ੍ਹਾਂ ਯੂਨਿਟਸ ਨੂੰ ਇੰਡਸਟਰੀ ਲਗਾਉਣ ਦਿਓ। ਮੈਂ ਕਹਿੰਦਾ ਹਾਂ ਕਿ ਘੱਟੋ-ਘੱਟ ਸਾਡੇ ਦੋ ਜਾਂ ਤਿੰਨ ਹਜ਼ਾਰ ਬੱਚਿਆਂ ਨੂੰ ਇਸ ਨਾਲ ਰੁਜ਼ਗਾਰ ਮਿਲੇਗਾ। ਇਸ ਤੋਂ ਅਗਲੀ ਗੱਲ ਸਾਡੀ ਸਰਕਾਰ ਵੇਲੇ ਮੁਹਾਲੀ ਵਿਖੇ ਇੰਡਸਟ੍ਰੀਅਲ ਫੇਜ਼-8 ਵਸਾਇਆ ਗਿਆ ਸੀ। ਇਹ ਬੜੀ ਵਿਉਂਤ ਨਾਲ ਵਸਾਇਆ ਗਿਆ ਸੀ ਅਤੇ ਇਹ ਬੜਾ ਕਾਮਯਾਬ ਰਿਹਾ ਸੀ। ਉਸੇ ਪੈਟਰਨ ਤੇ ਮੁਹਾਲੀ ਵਿਖੇ ਸਰਦਾਰ ਬੇਅੰਤ ਸਿੰਘ ਨੇ ਇੰਡਸਟ੍ਰੀਅਲ ਫੇਜ਼-9 ਵਸਾਇਆ ਸੀ। ਉਸ ਫੇਜ਼ ਵਿੱਚ ਅਸੀਂ ਚਾਹੁੰਦੇ ਹਾਂ ਕਿ ਫੇਜ਼-8 ਵਾਂਗ ਪ੍ਰੋਵੀਜ਼ਨ ਰੱਖੀ ਜਾਵੇ ਕਿ ਲੋਕ ਆਪਣਾ 30% ਏਰੀਆ ਰਹਿਣ ਵਾਸਤੇ ਰੱਖ ਸਕਦੇ ਹਨ ਜਿਸ ਨਾਲ ਸਮਾਲ ਸਕੇਲ ਇੰਡਸਟਰੀ ਵਾਲੇ ਰਹਿਣ ਵਾਸਤੇ ਜਗ੍ਹਾ ਬਣਾ ਕੇ ਆਪਣਾ ਕੰਮ ਉਥੋਂ ਚਲਾ ਸਕਣ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਬਾਦਲ ਸਾਹਿਬ

ਵੀ ਉਥੋਂ ਲੰਘਦੇ ਹਨ। ਪਹਿਲੇ ਸਪੀਕਰ ਸਾਹਿਬ ਨੇ ਤਾਂ ਮੇਰੀ ਗੱਲ ਮੰਨੀ ਨਹੀਂ ਸੀ ਪਰ ਤੁਸੀਂ ਵੀ ਉਥੋਂ ਰੋਜ਼ ਲੰਘ ਕੇ ਜਾਂਦੇ ਹੋਵੋਗੇ ਕਿ ਜਿਹੜਾ ਖਰੜ ਦਾ ਬ੍ਰਿਜ ਹੈ, ਕੋਈ ਬੰਦਾ ਚੰਡੀਗੜ੍ਹ ਤੋਂ ਚੱਲ ਕੇ ਕੁਰਾਲੀ ਕਰਾਸ ਕਰਕੇ ਅੱਗੇ ਤਾਂ ਥੋੜ੍ਹੇ ਸਮੇਂ ਵਿਚ ਆਪਣੇ ਡੈਸਟੀਨੇਸ਼ਨ ਤੇ ਪੁੱਜ ਸਕਦਾ ਹੈ ਪਰ ਖਰੜ ਕਰਾਸ ਕਰਨ ਵਿਚ ਬਹੁਤ ਸਮਾਂ ਲਗਦਾ ਹੈ ਕਿਉਂਕਿ ਬ੍ਰਿਜ ਬਹੁਤ ਤੰਗ ਹੈ। ਮੈਂ ਕਹਿੰਦਾ ਹਾਂ ਕਿ ਡਾਇਵਰਜ਼ਨ ਬਣਾ ਕੇ ਦੋਵੇਂ ਪਾਸੇ ਰਸਤਾ ਬਣਾ ਦਿੱਤਾ ਜਾਵੇ ਤਾਂ ਕਿ ਟ੍ਰੈਫਿਕ ਜਾਮ ਰੁਕ ਸਕੇ। ਇਸ ਦੇ ਨਾਲ ਆਰਜ਼ੀ ਤੌਰ ਤੇ ਸਾਨੂੰ ਸਹੂਲਤ ਮਿਲ ਸਕੇ। ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਬਾਦਲ ਸਾਹਿਬ ਦੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ, ਲਾਂਡਰਾ ਚੌਂਕ ਵੀ ਅੱਜ ਬਹੁਤ ਵੱਡਾ ਟ੍ਰੈਫਿਕ ਜਾਮ ਦਾ ਕਾਰਨ ਬਣਿਆ ਹੋਇਆ ਹੈ। ਉਸ ਚੌਂਕ ਦੀ ਟ੍ਰੈਫਿਕ ਨੂੰ ਵੀ ਕਿਸੇ ਤਰੀਕੇ ਨਾਲ ਡਾਈਵਰਟ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਸਹੂਲਤ ਮਿਲ ਸਕੇ। ਕਈ ਵਾਰੀ ਐਸੇ ਮਰੀਜ਼ ਆਉਂਦੇ ਹਨ ਜਾਂ ਐਸੇ ਜ਼ਰੂਰਤਮੰਦ ਲੋਕ ਉਥੋਂ ਲੰਘਦੇ ਹਨ ਜਿਨ੍ਹਾਂ ਨੂੰ ਕਈ-ਕਈ ਘੰਟੇ ਲੰਘਣ ਲਈ ਵੇਟ ਕਰਨੀ ਪੈਂਦੀ ਹੈ। ਐਂਬੂਲੈਂਸ ਵੀ ਹੂਟਰ ਮਾਰਦੀ ਰਹਿੰਦੀ ਹੈ ਪਰ ਜਾਮ ਨਹੀਂ ਖੁੱਲ੍ਹਦਾ। ਮੈਂ ਬਾਦਲ ਸਾਹਿਬ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਦੋ ਚੌਂਕ ਹਨ, ਇਨ੍ਹਾਂ ਵੱਲ ਜ਼ਰੂਰ ਤਵੱਜੋ ਦੇਣ।

ਦੂਸਰੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ 76 ਤੋਂ 80 ਸੈਕਟਰ ਦੇ ਵਿੱਚ ਤਕਰੀਬਨ 4,000 ਪਲਾਟ ਅਲਾਟੀ ਸੀ। 4,000 ਵਿਚੋਂ 3,000 ਬੰਦਿਆਂ ਨੂੰ ਉਨ੍ਹਾਂ ਦੇ ਪਲਾਟਾਂ ਦਾ ਪੋਜੈਸ਼ਨ ਮਿਲ ਗਿਆ ਹੈ, ਸਿਰਫ 1,000 ਬੰਦੇ ਬਚਦੇ ਹਨ। ਉਹ ਡਿਸਪਿਊਟਡ ਲੈਂਡ ਹੈ ਕਿਉਂਕਿ ਕੋਰਟ ਦੇ ਵਿੱਚ ਇਸ ਦਾ ਕੇਸ ਚਲਦਾ ਹੈ। ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਉਸ ਕੇਸ ਵੱਲ ਤਵੱਜੋ ਦੇ ਕੇ ਉਨ੍ਹਾਂ ਜ਼ਿੰਮੀਦਾਰਾਂ ਨਾਲ, ਜਿਹੜੇ ਫਾਰਮਰਜ਼ ਹਨ, ਉਨ੍ਹਾਂ ਨਾਲ ਕੋਈ ਗੱਲ ਕਰਕੇ ਕਿਸੇ ਤਰੀਕੇ ਨਾਲ ਉਨ੍ਹਾਂ ਪਲਾਟ ਅਲਾਟੀਆਂ ਦਾ ਇਹ ਮਸਲਾ ਜ਼ਰੂਰ ਹੱਲ ਕੀਤਾ ਜਾਵੇ। ਮੈਂ ਬੇਨਤੀ ਕਰਾਂਗਾ ਕਿ ਬਾਦਲ ਸਾਹਿਬ ਬਹੁਤ ਪੁਰਾਣੇ ਕਿਸਾਨ ਹਨ। ਇਹ ਬੜਾ ਵੱਡਾ ਤਜਰਬਾ ਰੱਖਦੇ ਹਨ। ਜਦੋਂ ਸਾਡੀ ਜ਼ਮੀਨ ਐਕਵਾਇਰ ਹੁੰਦੀ ਹੈ, ਅਸੀਂ ਆਪਣੀ ਜ਼ਮੀਨ ਦੇ ਪੈਸੇ ਲੈਣ ਜਾਂਦੇ ਹਾਂ। ਜਦੋਂ ਅਸੀਂ ਪੈਸੇ ਲੈਣ ਜਾਂਦੇ ਹਾਂ ਤਾਂ ਸਾਨੂੰ ਲੱਖਾਂ ਰੁਪਏ ਰਿਸ਼ਵਤ ਵਜੋਂ ਦੇਣੇ ਪੈਂਦੇ ਹਨ। ਮੇਰੇ ਕੋਲ ਇਸ ਤਰ੍ਹਾਂ ਦੇ ਕਈ ਪਰੂਫ ਹਨ। ਰਿਕਾਰਡ ਦੇ ਵਿੱਚ ਕਿਸੇ ਤਰੀਕੇ ਨਾਲ ਹੇਰਾਫੇਰੀ ਕਰਕੇ ਉਨ੍ਹਾਂ ਨੂੰ ਉਲਝਾ ਲਿਆ ਜਾਂਦਾ ਹੈ ਤੇ ਜਦੋਂ ਉਹ ਬੰਦੇ ਪੈਸੇ ਦੇ ਦਿੰਦੇ ਹਨ, ਉਸ ਤੋਂ ਬਾਅਦ ਹੀ ਉਨ੍ਹਾਂ ਨੂੰ ਚੈੱਕ ਦਿੱਤਾ ਜਾਦਾ ਹੈ। ਬਾਦਲ ਸਾਹਿਬ ਇਸ ਗੱਲ ਵੱਲ ਜ਼ਰੂਰ ਧਿਆਨ ਦੇਣ।

ਹੁਣ ਮੈਂ ਵਾਟਰ ਸਪਲਾਈ ਦੀ ਗੱਲ ਕਰਦਾ ਹਾਂ। ਮੇਰੇ ਸਮੁੱਚੇ ਹਲਕੇ ਵਿੱਚ ਪਾਣੀ ਬਹੁਤ ਡੂੰਘਾ ਹੈ ਔਰ ਜ਼ਮੀਨ ਵਿੱਚ ਬਹੁਤ ਸਾਰੀਆਂ ਨਦੀਆਂ ਤੇ ਨਾਲੇ ਆਉਂਦੇ ਹਨ। ਜਿਹੜਾ ਸਤਹ ਦਾ ਪਾਣੀ ਹੈ, ਉਹ ਪੂਰੀ ਤਰ੍ਹਾਂ ਪੋਲਿਊਟ ਹੋ ਚੁੱਕਿਆ ਹੈ। ਉਸ ਕਰਕੇ ਜਦੋਂ ਨਲਕਾ ਲਗਾਉਂਦੇ ਹਾਂ ਤਾਂ ਪੀਲੇ ਰੰਗ ਦਾ ਪਾਣੀ ਆਉਂਦਾ ਹੈ। ਮੈਂ ਮਨੌਲੀ ਪਿੰਡ ਦੀ ਗੱਲ ਕਰਨ ਲੱਗਿਆ ਹਾਂ ਕਿ ਪਿਛਲੇ ਚੌਹਾਂ ਮਹੀਨਿਆਂ ਤੋਂ ਉਥੇ ਦੇ ਲੋਕ ਗੰਦਾ ਪਾਣੀ ਪੀਣ ਲਈ

[ਸਰਦਾਰ ਬਲਬੀਰ ਸਿੰਘ ਸਿੱਧੂ]

ਮਜ਼ਬੂਰ ਹਨ। ਸਰਕਾਰੀ ਅਫ਼ਸਰਾਂ ਨੂੰ ਕਈ ਵਾਰੀ ਮੈਂ ਆਪਣੇ ਤੌਰ ਤੇ ਵੀ ਕਿਹਾ ਹੈ ਪਰ ਕਿਸੇ ਨੇ ਕਦੇ ਤਵੱਜੋਂ ਨਹੀਂ ਦਿੱਤੀ। ਕਿਰਪਾ ਕਰਕੇ ਇਸ ਦਾ ਹੱਲ ਕੀਤਾ ਜਾਵੇ। ਮੇਰੇ ਵੀਰ ਟੀਨੂੰ ਜੀ ਨੇ ਹੁਣੇ ਹੀ ਕਿਹਾ ਹੈ ਕਿ ਵਾਟਰ ਸਪਲਾਈ ਦੇ ਬਹੁਤ ਕੰਮ ਹੋਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਮੁੱਚੇ ਮੁਹਾਲੀ ਹਲਕੇ ਦਾ ਸਰਵੇਖਣ ਕੀਤਾ ਜਾਵੇ ਤਾਂ ਪਤਾ ਲੱਗੇਗਾ ਕਿ ਬਹੁਤ ਸਾਰੇ ਲੋਕ ਅੱਜ ਵੀ ਗੰਦਾ ਪਾਣੀ ਪੀਣ ਲਈ ਮਜ਼ਬੂਰ ਹਨ। ਦੂਸਰੀ ਗੱਲ, ਸਾਡੇ ਪਿੰਡਾਂ ਦੇ ਵਿੱਚ ਸਰਕਾਰ ਵਲੋਂ ਪਿਛੇ ਜਿਹੇ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ, ਤਕਰੀਬਨ ਤਿੰਨ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ, ਸਾਡੇ ਇਥੇ ਮੇਰੇ ਸਾਥੀ ਸ਼ਰਮਾ ਜੀ ਬੈਠੇ ਹਨ, ਇਹ ਮੁਹਾਲੀ ਹਲਕੇ ਦੇ ਪਲਾਨਿੰਗ ਬੋਰਡ ਦੇ ਚੇਅਰਮੈਨ ਰਹੇ ਹਨ, ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਸੀਵਰੇਜ ਵਾਸਤੇ ਉਸੇ ਤਰ੍ਹਾਂ ਹੀ ਖੱਡੇ ਪੁੱਟੇ ਹੋਏ ਹਨ। ਕੋਈ ਕੰਮ ਤੇਜ਼ੀ ਨਾਲ ਨਹੀਂ ਚੱਲ ਰਿਹਾ। ਹੁੰਦਾ ਕੀ ਹੈ ਕਿ ਉਥੇ ਕਈ ਵਾਰੀ ਮੋਟਰਸਾਈਕਲਾਂ ਵਾਲੇ ਜਾਂ ਬਰਸਾਤ ਦੇ ਦਿਨਾਂ ਵਿੱਚ ਲੋਕ ਇਨ੍ਹਾਂ ਖੱਡਿਆਂ ਵਿੱਚ ਗਿਰ ਜਾਂਦੇ ਹਨ। ਕਈ ਲੋਕ ਆਪਣੇ ਵਹੀਕਲ ਆਪਣੇ ਘਰ ਤੋਂ 200 ਜਾਂ 400 ਮੀਟਰ ਦੂਰ ਖੜ੍ਹੇ ਕਰ ਦਿੰਦੇ ਹਨ ਅਤੇ ਗਰੀਬ ਵਿਅਕਤੀਆਂ ਵਾਸਤੇ ਬਾਥਰੂਮ ਜਾਣ ਵਾਸਤੇ ਵੀ ਮੁਸ਼ਕਿਲ ਬਣੀ ਹੋਈ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਇਹ ਕੰਮ ਜਲਦੀ ਕਰਵਾਇਆ ਜਾਵੇ ਔਰ, ਸਪੀਕਰ ਸਾਹਿਬ, ਇਹ ਗੱਲ ਬੜੀ ਜ਼ਰੂਰੀ ਹੈ ਕਿ ਮੁਹਾਲੀ ਵਿੱਚ ਇਕਨਾਮਿਕਲੀ ਵੀਕਰ ਸੈਕਸ਼ਨਜ ਵਾਸਤੇ ਕੁਝ ਮਕਾਨ ਬਣਾਏ ਗਏ ਸੀ, ਜਦੋਂ ਮੁਹਾਲੀ ਵਿੱਚ ਇੰਡਸਟਰੀਲਿਸਟਾਂ ਨੂੰ ਵਸਾਇਆ ਗਿਆ ਸੀ। ਉਹ ਮਕਾਨ ਬਕਾਇਦਾ ਵਰਕਰਾਂ ਨੂੰ ਅਲਾਟ ਕੀਤੇ ਗਏ ਸੀ। ਉਹ ਵਰਕਰ 40 ਸਾਲਾਂ ਤੋਂ ਰਹਿ ਰਹੇ ਹਨ, ਉਨ੍ਹਾਂ ਦੇ ਬੱਚੇ ਵੱਡੇ ਹੋ ਗਏ, ਉਹ ਆਪਣਾ ਕੋਈ ਮਕਾਨ ਬਣਾ ਨਹੀਂ ਸਕੇ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਰਿਜਨੇਬਲ ਪ੍ਰਾਈਸ ਉਤੇ ਉਹ ਮਕਾਨ ਉਨ੍ਹਾਂ ਵਰਕਰਾਂ ਨੂੰ ਦੇ ਦੇਵੇ।

ਮਾਨਯੋਗ ਸਪੀਕਰ : ਬਹੁਤ ਧੰਨਵਾਦ ਜੀ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਸਿਰਫ ਇੱਕ ਮਿੰਟ ਹੋਰ ਲਵਾਂਗਾ ਜੀ। ਉਹ ਮਕਾਨ ਉਨ੍ਹਾਂ ਨੂੰ ਦਿੱਤੇ ਜਾਣ ਤਾਂ ਕਿ ਉਹ ਵਿਚਾਰੇ ਲੋਕ ਇਸ ਸ਼ਹਿਰ ਦੇ ਵਾਸੀ ਬਣ ਸਕਣ। ਦੂਸਰੀ ਗੱਲ ਕਹਿਣੀ ਚਾਂਹਵਾਗਾ ਕਿ ਮੁਹਾਲੀ ਵਿੱਚ ਬਹੁਤ ਸਾਰੇ ਐਚ. ਐਮ. ਹਾਊਸ, ਐਲ. ਆਈ. ਜੀ., ਐਮ. ਆਈ. ਜੀ. ਹਾਊਸ ਬਣੇ ਹੋਏ ਹਨ ਔਰ ਇਨ੍ਹਾਂ ਸਾਰੇ ਮਕਾਨਾਂ ਵਿੱਚ ਪਰਿਵਾਰ ਬੜੇ ਪੁਰਾਣੇ ਸਮੇ ਤੋਂ ਰਹਿੰਦੇ ਹਨ। ਉਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਵਿੱਚ ਬਹੁਤ ਵਾਧਾ ਹੋ ਚੁੱਕਿਆ ਹੈ, ਉਨ੍ਹਾਂ ਵਿਚਾਰਿਆਂ ਨੇ ਕਈ ਜਗ੍ਹਾ ਤੇ ਐਡੀਸ਼ਨਲ ਰੂਮਜ਼ ਬਣਾਏ ਹੋਏ ਹਨ ਜਾਂ ਕੋਈ ਹੋਰ ਥੋੜ੍ਹੀ ਬਹੁਤ ਜਗ੍ਹਾ ਵਿੱਚ ਕਮਰਾ ਜਾਂ ਰਸੋਈ ਬਣਾਈ ਹੋਈ ਹੈ। ਕਈਆਂ ਨੇ ਫਸਟ ਫਲੋਰ ਬਣਾਉਣ ਦੀ ਪਰਮਿਸ਼ਨ ਮੰਗੀ ਹੋਈ ਹੈ। ਉਸ ਸਾਰੇ ਵਾਸਤੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅੱਜ ਦੇ ਮਹਿੰਗੇ ਭਾਅ ਦੇ ਦਿਨਾਂ ਵਿੱਚ ਉਨ੍ਹਾਂ ਦੀ ਇਸ ਮੰਗ

ਨੂੰ ਮੰਨਦੇ ਹੋਏ ਉਨ੍ਹਾਂ ਨੂੰ ਅਜਿਹਾ ਕਰਨ ਵਾਸਤੇ ਅਲਾਓ ਕੀਤਾ ਜਾਵੇ। ਦੂਸਰਾ, ਆਪਾਂ ਸਾਲ 1984 ਦੀ ਗੱਲ ਬਹੁਤ ਵਾਰੀ ਕਰਦੇ ਹਾਂ ਕਿ 1984 ਦੇ ਜਿਹੜੇ ਦੰਗਾਂ ਪੀੜਤ ਲੋਕ ਹਨ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਮਕਾਨ ਅਲਾਟ ਹੋ ਚੁੱਕੇ ਹਨ ਪਰ ਕੁਝ ਐਸੇ ਪਰਿਵਾਰ ਹਨ ਕਿ ਉਹ ਭਾਵੇਂ ਸਾਲ 1984 ਵਿੱਚ ਹੀ ਇਥੇ ਆਏ ਹਨ ਪਰ ਉਨ੍ਹਾਂ ਕੋਲ ਕੋਈ ਪਰੂਫ ਨਾ ਹੋਣ ਕਾਰਨ ਉਹ ਆਪਣਾ ਹੱਕ ਨਹੀਂ ਜਤਾ ਸਕੇ। ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਰਕਾਰਾਂ ਰਿਹੈਬਲੀਟੇਸ਼ਨ ਦਾ ਕੰਮ ਕਰਦੀਆਂ ਹਨ, ਜਦੋਂ ਇਨ੍ਹਾਂ ਵਿਅਕਤੀਆਂ ਕੋਲ ਪਿਛਲੇ 30-30 ਸਾਲਾਂ ਤੋਂ ਪੋਜੈਸ਼ਨ ਹੈ, ਉਨ੍ਹਾਂ ਨੂੰ ਉਨ੍ਹਾਂ ਦੇ ਮਾਲਕੀ ਦੇ ਹੱਕ ਦਿੱਤੇ ਜਾਣ, ਉਨ੍ਹਾਂ ਤੋਂ ਰਿਜ਼ਨੇਬਲ ਪ੍ਰਾਈਸ ਲਈ ਜਾਵੇ ਅਤੇ ਉਨ੍ਹਾਂ ਨੂੰ ਇਸ ਸ਼ਹਿਰ ਦੇ ਵਾਸੀ ਬਣਾਇਆ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਧੰਨਵਾਦ ਕਰਦਾ ਹਾਂ ਔਰ ਜੋ ਰਾਜਪਾਲ ਸਾਹਿਬ ਦਾ ਭਾਸ਼ਣ ਹੈ, ਮੈਂ ਉਸ ਨੂੰ ਰੱਦ ਵੀ ਕਰਦਾ ਹਾਂ। ਇੱਥੇ ਬੀ.ਜੇ.ਪੀ. ਦੇ ਪ੍ਰਧਾਨ ਜੀ ਬੋਲ ਕੇ ਗਏ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ 4 ਮੰਤਰੀ ਪਿਛਲੀ ਸਰਕਾਰ ਵੇਲੇ ਆਪ ਕੱਢੇ ਸੀ, ਇਹ ਦੁੱਧ ਧੋਤੇ ਨਹੀਂ ਹਨ। ਕੋਈ ਪਿੱਛੇ ਬੈਠਾ ਹੈ, ਕੋਈ ਕਿਤੇ ਬੈਠਾ ਹੈ, ਸਾਨੂੰ ਇਸ ਗੱਲ ਦਾ ਪਤਾ ਹੈ ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਆਪਣੇ ਮੰਜੇ ਥੱਲੇ ਸੋਟਾ ਫੇਰਨਾ ਚਾਹੀਦਾ ਹੈ। ਜਿਹੜੇ ਤਿਹਾੜ ਵਿੱਚ ਬੰਦ ਹਨ ਉਨ੍ਹਾਂ ਵਿਚ ਸਾਡੀ ਕਾਂਗਰਸ ਪਾਰਟੀ ਦਾ ਕੋਈ ਮੰਤਰੀ ਨਹੀਂ। ਧੰਨਵਾਦ।

ਸਰਦਾਰ ਇੰਦਰਬੀਰ ਸਿੰਘ ਬੁਲਾਰੀਆ (ਅੰਮ੍ਰਿਤਸਰ ਦੱਖਣੀ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਜੋ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੋਂ ਬਾਅਦ ਜੋ ਧੰਨਵਾਦੀ ਮਤਾ ਮੇਰੇ ਕਾਬਲ ਦੋਸਤ ਔਰ ਵਿਧਾਇਕ ਸਰਦਾਰ ਵਿਰਸਾ ਸਿੰਘ ਵਲਟੋਹਾ ਜੀ ਲੈ ਕੇ ਆਏ ਹਨ, ਉਸ ਉੱਪਰ ਆਪਣੇ ਵਿਚਾਰ ਰੱਖਣ ਦਾ ਸਮਾਂ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ, ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੂੰ ਔਰ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਨੂੰ ਮੁੜ ਸੱਤਾ ਵਿੱਚ ਆਉਣ ਦੀ ਵਧਾਈ ਦਿੰਦਾ ਹਾਂ। ਸਪੀਕਰ ਸਾਹਿਬ, ਇੱਕ ਇਤਿਹਾਸ ਰਚਿਆ ਗਿਆ, ਇੱਕ ਇਤਿਹਾਸ ਜੋ ਮਾਨਯੋਗ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਔਰ ਜੋ ਮਾਨਯੋਗ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਦੀ ਯੋਗ ਅਗਵਾਈ ਹੇਠ ਰਚਿਆ ਗਿਆ ਹੈ। Speaker Sahib, people of Punjab have voted for peace, harmony and the transparent, responsive goverance, the overall unprecedented development in Punjab (Thumping). ਸਪੀਕਰ ਸਾਹਿਬ, ਮੈਂ ਸੱਚੇ ਪਾਤਸ਼ਾਹ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਬਲ ਬਖਸ਼ਿਸ਼ ਕਰੇ, ਤਾਕਤ ਬਖਸ਼ਿਸ਼ ਕਰੇ ਕਿ ਅਸੀਂ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰ ਸਕੀਏ ਔਰ ਪੰਜਾਬ ਨੂੰ ਬਣਦਾ ਹੱਕ ਦਿਵਾ ਸਕੀਏ। Spaker Sahib, this mandate has scripted a new history in Punjab and sent a clear signal of governance to the elected representatives to either perform or people of Punjab will throw you out to perish. ਸਪੀਕਰ ਸਾਹਿਬ, ਜਦੋਂ ਕੋਈ ਵੀ ਸਿਆਸੀ ਮਾਹਰ, ਕੋਈ ਵੀ ਸਿਆਸੀ ਪੰਡਿਤ

[ਸਰਦਾਰ ਇੰਦਰਬੀਰ ਸਿੰਘ ਬੁਲਾਰੀਆ]

ਜਾਂ ਕੋਈ ਵੀ ਟੀ.ਵੀ. ਚੈਨਲ ਜਾਂ ਅਖਬਾਰ ਵਾਲੇ ਇਹ ਭਵਿੱਖਬਾਣੀ ਨਹੀਂ ਸੀ ਕਰਦੇ ਕਿ ਅਕਾਲੀ ਦਲ ਔਰ ਭਾਰਤੀ ਜਨਤਾ ਪਾਰਟੀ ਦੀ ਮੁੜ ਸਰਕਾਰ ਆਵੇਗੀ। ਉਸ ਵੇਲੇ ਵੀ ਸਾਡੀ ਲੀਡਰਸ਼ਿਪ ਨੂੰ ਪੂਰਾ ਸੈਂਟ ਪਰਸੈਂਟ ਆਪਣੇ ਤੇ ਯਕੀਨ ਸੀ ਕਿ ਅਸੀਂ ਪੰਜਾਬ ਦੀ ਜਨਤਾ ਦੀ ਕਸੌਟੀ ਉੱਤੇ ਖਰਾ ਉਤਰਾਂਗੇ। (ਥੰਪਿੰਗ) ਸਪੀਕਰ ਸਾਹਿਬ, Sardar Parkash Singh Badal, Chief Minister Punjab is a visionary and a statesman. People have voted us again and given us this responsibility. Our agenda is positive and for development. The negative agenda ਕਿ ਮਾਰ ਦਿਆਂਗੇ, ਵੱਢ ਦਿਆਂਗੇ has totally been rejected. ਸਪੀਕਰ ਸਾਹਿਬ, ਇਹ ਮਾਰਨ-ਕੁੱਟਣ ਦੇ ਏਜੰਡੇ ਵਿੱਚ ਹੀ ਮੇਰੇ ਹਲਕੇ ਵਿੱਚ ਵੀ ਇਨ੍ਹਾਂ ਨੇ ਆਪਣੇ ਵਲੋਂ ਇੱਕ Don ਜਾਂ ਜਿਵੇਂ ਯੂ.ਪੀ., ਬਿਹਾਰ ਵਿੱਚ ਕਹਿੰਦੇ ਹਨ ਬਾਹੂਬਲੀ, ਆਪਣੇ ਵਲੋਂ ਖੁੰਡਾ ਸੋਟਾ ਚਲਾਉਣ ਲਈ ਖੜਾਇਆ ਸੀ ਪਰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲੋਕਾਂ ਨੇ ਉਸ ਨੂੰ ਐਨ ਮਾਂਜ ਕੇ, ਲਿਸ਼ਕਾ ਕੇ ਭਜਾਇਆ ਕਿ ਮੁੜ ਸ਼ਹਿਰ ਵੱਲ ਕਦੇ ਧਿਆਨ ਨਹੀਂ ਕਰੇਗਾ। (ਥੰਪਿੰਗ) ਸਪੀਕਰ ਸਾਹਿਬ, ਇਹ ਕਹਾਵਤ ਤਾਂ ਸਾਰਿਆਂ ਨੂੰ ਪਤਾ ਹੀ ਹੈ ਕਿ --- ਜਦੋਂ ਮੌਤ ਆਉਂਦੀ ਹੈ ਤਾਂ --- ਕਿੱਧਰ ਜਾਂਦਾ ਹੈ। ਸਪੀਕਰ ਸਾਹਿਬ, ਇਸ ਪਾਵਨ ਪਵਿੱਤਰ ਸਦਨ ਵਿੱਚ ਮੈਂ ਉਹ ਗੱਲਾਂ ਨਹੀਂ ਕਰਨੀਆਂ ਚਾਹੁੰਦਾ, ਜੋ ਹਾਲਾਤ ਇਨ੍ਹਾਂ ਨੇ ਉਥੇ ਆ ਕੇ ਗੁਰੂ ਨਗਰੀ ਵਿੱਚ ਪੈਦਾ ਕੀਤੇ। ਸਪੀਕਰ ਸਾਹਿਬ, ਅੱਜ ਅਸੀਂ ਸਾਰੇ ਇੱਥੇ ਬੈਠੇ ਹਾਂ। ਸਾਡੇ ਸਾਥੀ ਵਿਧਾਇਕ, ਮਾਨਯੋਗ ਸੇਖੜੀ ਸਾਹਿਬ ਨੇ ਮਾਝੇ ਦੀ ਗੱਲ ਬਹੁਤ ਚੰਗੇ ਤਰੀਕੇ ਦੇ ਨਾਲ ਰੱਖੀ। ਸਾਨੂੰ ਮਾਣ ਹੈ, ਫ਼ਖ਼ਰ ਹੈ ਕਿ ਮਾਝੇ ਦੀ ਗੱਲ ਚੁੱਕਣ ਲਈ ਸਾਡੇ ਦੋਸਤ ਨੇ ਅੱਜ ਆਪਣੀ ਅਵਾਜ਼ ਬੁਲੰਦ ਕੀਤੀ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਹੀ ਰਿਸ਼ਤੇਦਾਰ, so called ਸਹੁਰਾ ਸਾਹਿਬ,**** ਤਕਰੀਬਨ 7 ਵਾਰੀ ਮੈਂਬਰ ਪਾਰਲੀਮੈਂਟ ਚੁਣੇ ਗਏ, ਉਨ੍ਹਾਂ ਨੂੰ ਲੋਕ ਸਭਾ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਮਿਲਿਆ।

ਮਾਨਯੋਗ ਸਪੀਕਰ : ਦੇਖੋ ਨਾਂ ਨਹੀਂ ਲੈਣਾ ਕਿਉਂਕਿ ਉਹ ਹਾਊਸ ਵਿੱਚ ਹਾਜ਼ਰ ਨਹੀਂ ਹਨ, ਇਸ ਕਰਕੇ ਉਨ੍ਹਾਂ ਦਾ ਨਾਂ ਨਹੀਂ ਲੈ ਸਕਦੇ। ਹੋਰ ਕਿਸੇ ਤਰੀਕੇ ਨਾਲ ਮੈਂਸ਼ਨ ਕਰ ਦਿਓ।

ਸਰਦਾਰ ਇੰਦਰਬੀਰ ਸਿੰਘ ਬੁਲਾਰੀਆ : ਉਨ੍ਹਾਂ ਨੂੰ ਸੈਂਟਰ ਦੇ ਵਿੱਚ ਰਿਪਰੈਜ਼ੈਂਟ ਕਰਨ ਦਾ ਮੌਕਾ ਮਿਲਿਆ। ਅੱਜ ਵੀ ਕੇਂਦਰ ਵਿੱਚ ......

ਮਾਨਯੋਗ ਸਪੀਕਰ : ਨਾਂ ਲਏ ਬਗੈਰ ਜ਼ਿਕਰ ਕਰ ਲਓ। ਨਾਂ ਡਲੀਟ ਕਰ ਦਿਉ।

ਸਰਦਾਰ ਇੰਦਰਬੀਰ ਸਿੰਘ ਬੁਲਾਰੀਆ : ਚਲੋਂ ਮੁਆਫੀ ਚਾਹੁੰਦਾ ਹਾਂ, ਸਪੀਕਰ ਸਾਹਿਬ, ਪਰ ਕਾਂਗਰਸ ਨੂੰ ਕੇਂਦਰ ਦੇ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਦਾ ਬਹੁਤ ਵੱਡਾ

** Expunged as ordered by the Chair.

ਮੌਕਾ ਮਿਲਿਆ। ਅੱਜ ਵੀ ਕੇਂਦਰ ਵਿੱਚ ਪੰਜਾਬ ਵਿੱਚੋਂ ਦੋ ਵਜ਼ੀਰ ਹਨ। ਪੰਜਾਬ ਵਿੱਚੋਂ ਵੀ, ਮਾਝੇ ਵਿੱਚੋਂ ਵੀ ਮੈਂਬਰ ਪਾਰਲੀਮੈਂਟ ਹਨ। ਸਪੀਕਰ ਸਾਹਿਬ, ਮੈਂ ਤਾਂ ਕਹਾਂਗਾ ਕਿ ਇਨ੍ਹਾਂ ਸਾਰਿਆਂ ਨੂੰ ਅੱਗੇ ਲਗਣਾ ਚਾਹੀਦਾ ਹੈ। ਅਸੀਂ ਵੀ ਨਾਲ ਚੱਲਾਂਗੇ। ਮਾਨਯੋਗ ਮੁੱਖ ਮੰਤਰੀ, ਪੰਜਾਬ, ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਹਮੇਸ਼ਾ ਤਤਪਰ ਰਹਿੰਦੇ ਹਨ। ਕਦੇ ਵੀ ਪੰਜਾਬ ਦੇ ਮਸਲਿਆਂ ਦੀ ਗੱਲ ਆਵੇ, ਅਸੀਂ ਸਾਰੇ ਇਕੱਠੇ ਹੋ ਕੇ ਇੱਕ ਹੋ ਕੇ ਕੇਂਦਰ ਵਿੱਚ ਜਾਣ ਲਈ ਤਿਆਰ ਹਾਂ, ਇਨ੍ਹਾਂ ਨੂੰ ਕਹੋ, ਇਹ ਸਰਦਾਰ ਮਨਮੋਹਨ ਸਿੰਘ ਜੀ, ਮਾਨਯੋਗ ਪ੍ਰਧਾਨ ਮੰਤਰੀ ਜੀ ਤੋਂ ਟਾਈਮ ਲੈਣ, ਅਸੀਂ ਸਾਰੇ ਜਾਣ ਲਈ ਤਿਆਰ ਹਾਂ। ਗੱਲ ਅਸਲ ਵਿੱਚ ਇਥੇ ਕੁਝ ਹੋਰ ਹੈ। ਮਾਝੇ ਦੀ ਗੱਲ ਕੀਤੀ ਗਈ ਹੈ ਕਿਉਂਕਿ ਇਨ੍ਹਾਂ ਵਿੱਚ ਹੀ ਉਥੇ ਬੜਾ ਪੰਗਾ ਪਿਆ ਹੋਇਆ ਹੈ। ਇਹ ਆਪਣੀ ਲੀਡਰਸ਼ਿਪ ਨੂੰ ਚਮਕਾਉਣਾ ਚਾਹੁੰਦੇ ਹਨ। ਮਾਝੇ ਦੀ ਗੱਲ ਤਾਂ ਕਰਨੀ ਹੈ ਕਿਉਂਕਿ ਇਹ ਆਪਣੀ ਲੜਾਈ ਦੀ ਗੱਲ ਕਰਨਾ ਚਾਹੁੰਦੇ ਹਨ। ਸਪੀਕਰ ਸਾਹਿਬ, ਮੈਂ ਤਾਂ ਇੱਕ ਹੀ ਗੱਲ ਕਹਾਂਗਾ ਕਿ ਜੋ ਕਿਹਾ ਉਹ ਕਰਕੇ ਦਿਖਾਇਆ ਹੈ ਅਤੇ ਜੋ ਕਹਾਂਗੇ, ਉਹ ਕਰਕੇ ਦਿਆਂਗੇ।

ਵਾਅਦੇ ਜੋ ਕਰਾਂਗੇ ਨਾਲ ਤੁਸਾਂ ਦੇ, ਜਾਨ ਵਾਰ ਕੇ ਵੀ ਉਸ ਨੂੰ ਨਿਭਾ ਦਿਆਂਗੇ। ਸਾਥ ਦਿੰਦੇ ਰਹੋ ਇੰਝ ਹੀ ਤੁਸੀਂ ਸਾਡਾ, ਸਾਹਮਣੇ ਬੈਠੇ ਵੀਰੋ ਅਸੀਂ ਪੰਜਾਬ ਨੂੰ ਫਿਰ ਤੋਂ ਨੰਬਰ ਵੰਨ ਬਣਾ ਦਿਆਂਗੇ। (ਥੰਪਿੰਗ) ਸਾਹਮਣੇ ਬੈਠ ਕੇ ਤੁਸੀਂ ਇੰਝ ਹੀ ਸਾਥ ਦੇਣਾ। ਸਪੀਕਰ ਸਾਹਿਬ, ਪੰਜਾਬ ਨੂੰ ਹੋਰ ਅੱਗੇ ਲਿਜਾਣ ਲਈ, ਤਰੱਕੀ ਦੇ ਉਸ ਮੀਨਾਰ ਤੇ ਲਿਜਾਣ ਲਈ ਜਿੱਥੇ ਅਸੀਂ ਇਸ ਪੰਜਾਬ ਨੂੰ ਲੈ ਕੇ ਜਾਣਾ ਚਾਹੁੰਦੇ ਹਾਂ, ਉਸ ਵਾਸਤੇ ਫੰਡਜ਼ ਦੀ ਲੋੜ ਹੈ, ਫਾਇਨਾਂਸ ਦੀ ਜ਼ਰੂਰਤ ਹੈ ਪਰ ਬੜੀ ਸ਼ਰਮ ਵਾਲੀ ਗੱਲ ਹੈ ਕਿ ਕੇਂਦਰ ਸਟੇਟਾਂ ਨੂੰ ਉਨ੍ਹਾਂ ਦੇ ਹੱਕ ਤੋਂ ਮਰਹੂਮ ਰੱਖਦੀ ਹੈ। ਸਪੀਕਰ ਸਾਹਿਬ, ਪੰਜਾਬ ਦੇ ਨਾਲ ਤਾਂ ਹਮੇਸ਼ਾ ਹੀ ਸੈਂਟਰ ਨੇ ਮਤਰੇਈ ਮਾਂ ਵਾਲਾ, ਮਤਰੇਏ ਪੁੱਤਰ ਵਾਲਾ ਸਲੂਕ ਕੀਤਾ ਹੈ। ਇਸ ਦੇ ਬਾਵਜੂਦ ਪੰਜਾਬ ਬਹੁਤ ਵੱਡਾ ਯੋਗਦਾਨ ਕੇਂਦਰ ਦੇ ਫੰਡਾਂ ਵਿੱਚ ਟੈਕਸਾਂ ਦੇ ਰੂਪ ਵਿੱਚ ਪਾਉਂਦਾ ਹੈ। ਸਪੀਕਰ ਸਾਹਿਬ, ਪੰਜਾਬ ਅੰਨਦਾਤਾ ਹੋਣ ਦੇ ਰੂਪ ਵਿੱਚ ਆਪਣਾ ਹਿੱਸਾ ਪਾਉਂਦਾ ਹੈ। ਇਸ ਤੋਂ ਇਲਾਵਾ, ਸਾਡਾ ਪੰਜਾਬੀਆਂ ਦਾ ਅਰਬਾਂ ਰੁਪਿਆ ਕੇਂਦਰ ਵਿੱਚ ਪਿਆ ਹੋਇਆ ਹੈ। ਪਰ ਇੰਨੇ ਵੱਡੇ ਯੋਗਦਾਨ ਦੇ ਬਾਵਜੂਦ ਵੀ ਪੰਜਾਬ ਨੂੰ ਕੇਂਦਰ ਵੱਲ ਦੇਖਣਾ ਪੈਂਦਾ ਹੈ, ਕੇਂਦਰ ਅੱਗੇ ਹੱਥ ਅੱਡਣੇ ਪੈਂਦੇ ਹਨ, ਇਸ ਤੋਂ ਵੱਡੀ ਸ਼ਰਮ ਵਾਲੀ ਹੋਰ ਕੋਈ ਗੱਲ ਨਹੀਂ ਹੋ ਸਕਦੀ। ਸਪੀਕਰ ਸਾਹਿਬ, ਜਿੰਨਾ ਟੈਕਸ ਕੇਂਦਰ ਦੀ ਸਰਕਾਰ ਪੰਜਾਬ ਕੋਲੋਂ ਵਸੂਲਦੀ ਹੈ, ਉਸ ਦਾ ਘੱਟੋ-ਘੱਟ 50% ਕੇਂਦਰ ਨੂੰ ਪੰਜਾਬ ਨੂੰ ਵਾਪਸ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ। ਸਪੀਕਰ ਸਾਹਿਬ, there is a big distortion done by the Central Govt. while distributing funds to the State Goverment. ਜੁੱਤੀ ਪਾਉਣ ਵਾਲੇ ਨੂੰ ਪਤਾ ਲਗਦਾ ਹੈ ਕਿ ਜੁੱਤੀ ਕਿੱਥੇ ਲਗਦੀ ਹੈ, ਚੁੱਭਦੀ ਕਿੱਥੇ ਹੈ। ਹਰ ਸੂਬੇ ਦੀਆਂ ਵੱਖਰੀਆਂ ਲੋੜਾਂ ਹਨ। ਪੰਜਾਬ ਦੀਆਂ ਆਪਣੀਆਂ ਲੋੜਾਂ ਹਨ, ਬਿਹਾਰ ਦੀਆਂ ਆਪਣੀਆਂ ਲੋੜਾਂ ਹੋਣਗੀਆਂ। ਇਸੇ ਤਰ੍ਹਾਂ ਪੂਰਬੀ ਰਾਜਾਂ ਦੀਆਂ ਆਪਣੀਆਂ ਲੋੜਾਂ ਹੋਣਗੀਆਂ। ਸੂਬਾ ਸਰਕਾਰਾਂ ਨੂੰ ਖੁੱਲ੍ਹੀ ਛੁੱਟੀ

[ਸਰਦਾਰ ਇੰਦਰਬੀਰ ਸਿੰਘ ਬੁਲਾਰੀਆ]

ਮਿਲਣੀ ਚਾਹੀਦੀ ਹੈ ਤਾਂ ਜੋ ਉਹ ਕੇਂਦਰ ਵੱਲੋਂ ਆਏ ਫੰਡਾਂ ਦੀ ਮੈਕਸੀਮਮ ਯੂਟੇਲਾਈਜ਼ੇਸ਼ਨ ਕਰ ਸਕਣ ਅਤੇ ਲੋੜ ਅਨੁਸਾਰ ਉਨ੍ਹਾਂ ਫੰਡਜ਼ ਨੂੰ ਵਰਤੋਂ ਵਿੱਚ ਲਿਆ ਸਕਣ। ਜ਼ਰਾ ਸੋਚ ਕੇ ਦੇਖੀਏ ਕਿ ਹਸਪਤਾਲ ਦੇ ਵਿੱਚ ਅਲੱਗ-ਅਲੱਗ ਬਿਮਾਰੀਆਂ ਦੇ ਨਾਲ ਜੂਝ ਰਹੇ ਰੋਗੀਆਂ ਦਾ ਕੀ ਕਦੇ ਇੱਕ ਦਵਾਈ ਦੇ ਨਾਲ ਇਲਾਜ ਕੀਤਾ ਜਾ ਸਕਦਾ ਹੈ। ਜੇਕਰ ਸਾਰਿਆਂ ਨੂੰ ਹੀ ਢਿੱਡ ਪੀੜ ਦੀ ਦਵਾਈ ਦਿੱਤੀ ਜਾ ਰਹੀ ਹੋਵੇ ਤਾਂ ਇਸ ਨਾਲ ਹਸਪਤਾਲ ਦੇ ਅੰਦਰ ਕਿਸ ਤਰ੍ਹਾਂ ਦਾ ਮਾਹੌਲ ਹੋਵੇਗਾ। ਅੱਜ ਪੰਜਾਬ ਨਾਲ ਵੀ ਕੁਝ ਅਜਿਹਾ ਹੀ ਕੇਂਦਰ ਵੱਲੋਂ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਇਨ੍ਹਾਂ ਵਿਤਕਰਿਆਂ ਦੇ ਬਾਵਜੂਦ ਪੰਜਾਬ ਸਰਕਾਰ ਨੇ ਇਸ ਸੂਬੇ ਨੂੰ ਉਸ ਮੰਦਹਾਲੀ ਵਿੱਚੋਂ ਬਾਹਰ ਕੱਢਿਆ ਹੈ ਜਿਸ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਪਾ ਕੇ ਗਈ ਸੀ। ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਉੱਚੀ ਸੋਚ ਅਤੇ ਯੋਗ ਅਗਵਾਈ ਸਦਕਾ ਅੱਜ ਪੰਜਾਬ ਨੇ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕੀਤੀ ਹੈ। The State's revenue has gone up from 8989 Crores annually in 2005-06 to 16828 Crores in 2011-12 and is estimated to touch 20408 Crores in 2012-13; ਸਪੀਕਰ ਸਾਹਿਬ, ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਉੱਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਜੀ ਬਾਦਲ ਵੱਲੋਂ ਪੰਜਾਂ ਸਾਲਾਂ ਵਿੱਚ ਪੰਜਾਬ ਨੂੰ ਆਰਥਿਕ ਪੱਖੋਂ ਖੁਸ਼ਹਾਲ ਬਣਾਉਣ ਲਈ ਸੂਬੇ ਨੂੰ ਤਰੱਕੀ ਦੀਆਂ ਬੁਲੰਦੀਆਂ ਤੇ ਲੈ ਕੇ ਜਾਣ ਲਈ ਬਹੁਤ ਵੱਡੇ ਉਪਰਾਲੇ ਕੀਤੇ ਗਏ ਹਨ। ਇਨ੍ਹਾਂ ਉਪਲਬਧੀਆਂ ਅਤੇ ਪ੍ਰਾਪਤੀਆਂ ਦੀ ਲਿਸਟ ਬਹੁਤ ਲੰਮੀ ਹੈ, ਇਸ ਲਈ ਮੈਂ ਕੁਝ ਹੀ ਗੱਲਾਂ ਨੂੰ ਮੁੱਖ ਰੱਖਦਿਆਂ ਆਪ.ਜੀ ਅੱਗੇ ਰੱਖਾਂਗਾ।

ਸਪੀਕਰ ਸਾਹਿਬ, ਅੱਜ ਆਪਾਂ ਐਗਰੀਕਲਚਰ ਦੀ ਗੱਲ ਕਰੀਏ ਤਾਂ ਸਾਰੀ ਦੁਨੀਆ ਜਾਣਦੀ ਹੈ ਕਿ ਪੰਜਾਬ ਇੱਕ ਖੇਤੀਬਾੜੀ ਪ੍ਰਮੁੱਖ ਸੂਬਾ ਹੈ ਅਤੇ ਪੰਜਾਬ ਦੇ ਆਰਥਿਕ ਹਾਲਾਤ ਵੀ ਮੁੱਖ ਤੌਰ ਤੇ ਖੇਤੀਬਾੜੀ ਤੇ ਹੀ ਨਿਰਧਾਰਤ ਕਰਦੇ ਹਨ। ਸਾਡੀ ਸਰਕਾਰ ਨੇ ਬਿਜਲੀ ਮੁਆਫ ਕੀਤੀ, ਪਾਣੀ ਮੁਆਫ ਕੀਤਾ ਅਤੇ ਇਹ ਇੱਕ ਬਹੁਤ ਵੱਡਾ ਯੋਗਦਾਨ ਪਾਇਆ ਹੈ ਅਤੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਦੀ ਕਿਰਸਾਨੀ ਨੂੰ ਦੁਬਾਰਾ ਮੁੜ ਲੀਹਾਂ ਤੇ ਲਿਆਂਦਾ ਜਾ ਸਕੇ। ਇਥੇ ਵੀ ਕੇਂਦਰ ਸਰਕਾਰ ਸਾਡੇ ਨਾਲ ਬਹੁਤ ਵੱਡਾ ਵਿਤਕਰਾ ਕਰਦੀ ਹੈ। ਜਿਹੜੇ ਡੀਜ਼ਲ ਉਤਪਾਦਨ ਹਨ ਜਾਂ ਹੋਰ ਰਸਾਇਣ ਹਨ, ਉਨ੍ਹਾਂ ਦੇ ਰੇਟ ਕੇਂਦਰ ਸਰਕਾਰ ਨਿਰਧਾਰਤ ਕਰਦੀ ਹੈ। ਰੇਟ ਨਿਰਧਾਰਤ ਕਰਨ ਲੱਗਿਆਂ ਉਹ ਪੰਜਾਬ ਦੀ ਕਿਰਸਾਨੀ ਨੂੰ ਇੱਕ ਨੁੱਕਰੇ ਰੱਖ ਕੇ ਦਿੱਲੀ ਵਿਚ ਬੈਠ ਕੇ ਆਪਣੇ ਫੈਸਲੇ ਲੈਂਦੇ ਹਨ। ਸਾਡੀਆਂ ਜਿਣਸਾਂ ਦੇ ਭਾਅ ਵੀ ਉਹ ਆਪਣੀ ਮਨਮਰਜ਼ੀ ਨਾਲ ਅਤੇ ਬਗੈਰ ਸੋਚੇ-ਸਮਝੇ ਨਿਰਧਾਰਤ ਕਰਦੇ ਹਨ। ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਪੰਜਾਬ ਦਾ ਕਿਸਾਨ ਘਾਟੇ ਵਿਚ ਜਾ ਰਿਹਾ ਹੈ ਜਾਂ ਫਾਇਦੇ ਵਿਚ ਜਾ ਰਿਹਾ ਹੈ?

ਸਪੀਕਰ ਸਾਹਿਬ, ਮੈਂ ਅੱਗੇ ਵਧਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅਮੀਰ ਵਿਰਸੇ ਨੂੰ ਜੇਕਰ ਕਿਸੇ ਨੇ ਸੰਭਾਲਿਆ ਹੈ ਤਾਂ ਉਹ ਮਾਨਯੋਗ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸੰਭਾਲਿਆ ਹੈ। ਸਪੀਕਰ ਸਾਹਿਬ, ਅਜ਼ਾਦੀ ਤੋਂ ਬਾਅਦ ਕਈ ਸਰਕਾਰਾਂ ਆਈਆਂ ਪਰ ਕਦੀ ਵੀ ਕਿਸੇ ਸਰਕਾਰ ਨੇ ਪੰਜਾਬ ਦੇ ਅਮੀਰ ਵਿਰਸੇ ਨੂੰ ਸੰਭਾਲਣ ਲਈ ਇੰਨੀ ਡੂੰਘਾਈ ਨਾਲ ਨਹੀਂ ਸੋਚਿਆ ਜਿੰਨਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਨੇ ਸੋਚਿਆ ਹੈ। ਵਿਸ਼ਵ ਪੱਧਰੀ ਖਾਲਸਾ ਵਿਰਾਸਤ ਕੰਪਲੈਕਸ ਤਿਆਰ ਕਰਵਾਇਆ, ਛੋਟਾ ਘੱਲੂਘਾਰਾ ਯਾਦਗਾਰ ਬਣਵਾਈ, ਵੱਡਾ ਘੱਲੂਘਾਰਾ ਯਾਦਗਾਰ ਬਣਵਾਈ ਅਤੇ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਬਣਵਾਈ।

ਸਪੀਕਰ ਸਾਹਿਬ, ਅੱਗੇ ਮੈਂ ਕਰ ਤੇ ਆਬਕਾਰੀ ਦੀ ਗੱਲ ਕਰਦਾ ਹੋਇਆ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਇਹ ਕੋਸ਼ਿਸ਼ ਰਹੀ ਹੈ ਕਿ ਅਸੀਂ ਇਸ ਨੂੰ ਹੋਰ ਬਿਹਤਰ ਕਰ ਸਕੀਏ ਜਿਸ ਕਾਰਨ ਅੱਜ ਪਿਛਲੇ 5 ਸਾਲਾਂ ਦੌਰਾਨ ਵੱਡੀਆਂ ਪੁਲਾਘਾਂ ਪੁੱਟੀਆਂ ਗਈਆਂ। ਈ.ਫਾਈਲਿੰਗ, ਈ.ਪਰਮਿਟ, ਈ.ਪਾਸ, ਈ.ਬਿੱਲ ਨਾਲ ਸ਼ਹਿਰਾਂ ਦੇ ਉਦਯੋਗਪਤੀਆਂ ਅਤੇ ਵਪਾਰੀਆਂ ਅਤੇ ਆਮ ਸ਼ਹਿਰੀਆਂ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ ਅਤੇ ਰਾਹਤ ਮਿਲੀ ਹੈ। ਸਪੀਕਰ ਸਾਹਿਬ, ਜੇਕਰ ਮੈਂ ਠੇਕਿਆਂ ਦੀ ਗੱਲ ਕਰਾਂ ਤਾਂ ਸਾਡੀ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਤੋਂ ਇਸ ਸਾਲ 3600 ਕਰੋੜ ਰੁਪਏ ਕਮਾ ਸਕੀਏ। ਮੈਂ ਤਾਂ ਇਹ ਟਿੱਪਣੀ ਵੀ ਕਰਨੀ ਚਾਹਾਂਗਾ ਕਿ ਸਾਡੇ ਦਰਵੇਸ਼ ਸਿਆਸਤਦਾਨ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਸੋਚ ਹੈ ਕਿ ਅਸੀਂ ਵੱਧ ਤੋਂ ਵੱਧ ਪੈਸਾ ਕਮਾ ਕੇ ਲੋਕਾਂ ਦੀ ਭਲਾਈ ਵਿੱਚ ਲਗਾਈਏ। ਦੂਜੇ ਪਾਸੇ, ਜਦੋਂ ਇਲੈਕਸ਼ਨਾਂ ਤੋਂ ਬਾਅਦ ਤਕਰੀਬਨ ਇੱਕ ਮਹੀਨੇ ਦਾ ਸਮਾਂ ਰਿਜ਼ਲਟ ਆਉਣ ਵਿੱਚ ਸੀ ਤਾਂ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਨੇ ਐਕਸਾਈਜ਼ ਅਤੇ ਟੈਕਸੇਸ਼ਨ ਵਿਚ ਪਹਿਲਾਂ ਹੀ ਪੰਜਾਬ ਦਾ ਸੌਦਾ ਕਰ ਲਿਆ ਸੀ। ਠੇਕਿਆਂ ਦੀ ਨਿਲਾਮੀ ਵਾਸਤੇ ਕੋਈ ਯੂ.ਪੀ. ਦਾ ਲਿਕੁਅਰ ਬੈਰਨ ਪਤਾ ਨਹੀਂ ਕੀ ਕਹਿੰਦੇ ਹਨ, ਉਸ ਦੇ ਨਾਲ ਪਹਿਲਾਂ ਹੀ ਸੈਟਿੰਗ ਹੋ ਗਈ ਸੀ ਪਰ ਜਦੋਂ ਸਰਕਾਰ ਆਈ ਤਾਂ ਉਹ ਬੰਦਾ ਸਾਡੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਜੀ ਕੋਲ ਆਇਆ ਅਤੇ ਉਨ੍ਹਾਂ ਨੇ ਦਰਵਾਜ਼ਾ ਵਿਖਾ ਦਿੱਤਾ ਅਤੇ ਕਿਹਾ ਤੂੰ ਵਾਪਸ ਭੱਜ ਜਾ, ਤੇਰਾ ਇਥੇ ਕੋਈ ਕੰਮ ਨਹੀਂ ਹੈ। ਅਸੀਂ ਇਥੇ ਕਮਾਈ ਕਰਨ ਲਈ ਨਹੀਂ ਬਲਕਿ ਪੰਜਾਬ ਨਾਲ ਇਨਸਾਫ਼ ਕਰਨ ਆਏ ਹਾਂ। ਅਸੀਂ ਆਪਣੀਆਂ ਜੇਬਾਂ ਭਰਨ ਨਹੀਂ ਆਏ।

ਸਪੀਕਰ ਸਾਹਿਬ, ਜੇਕਰ ਮੈਂ ਗੱਲ ਗ੍ਰਹਿ ਮੰਤਰਾਲੇ ਦੀ ਕਰਾਂ ਤਾਂ ਇਸ ਬਾਰੇ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਵੱਡਾ ਸ਼੍ਰੇਅ ਜਾਂਦਾ ਹੈ ਜਿਨ੍ਹਾਂ ਨੇ ਕਿ ਇੱਕ ਨਵੇਂ ਤਰੀਕੇ ਨਾਲ, ਨਵੀਂ ਪ੍ਰਣਾਲੀ ਨਾਲ ਪੰਜਾਬ ਵਿਚ ਅਮਨ-ਅਮਾਨ, ਸ਼ਾਂਤੀ ਕਾਇਮ ਰੱਖਣ ਲਈ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਕਮਿਸ਼ਨਰੇਟ ਪ੍ਰਣਾਲੀ ਚਾਲੂ ਕੀਤੀ ਹੈ। ਅੱਜ ਉਸ ਪ੍ਰਣਾਲੀ ਨਾਲ ਆਮ ਸ਼ਹਿਰੀਆਂ ਨੂੰ ਵੱਡਾ ਫਾਇਦਾ ਹੋਇਆ ਹੈ ਅਤੇ ਰਾਹਤ ਮਿਲੀ ਹੈ। ਮੈਂ ਤਾਂ ਕਹਿਣਾ ਚਾਹਾਂਗਾ ਕਿ ਵੱਡੇ-ਵੱਡੇ ਡਰੱਗ ਮਾਫੀਆ ਨੂੰ ਨੱਥ ਪਾਉਣ ਦੀ ਕੋਸ਼ਿਸ਼ ਦਿਨ-ਬ-ਦਿਨ ਕਾਮਯਾਬ ਹੋ

[ਸਰਦਾਰ ਇੰਦਰਬੀਰ ਸਿੰਘ ਬੁਲਾਰੀਆ]

ਰਹੀ ਹੈ। ਸਪੀਕਰ ਸਾਹਿਬ, 20064 ਪੁਲਿਸ ਮੁਲਾਜ਼ਮ ਭਰਤੀ ਕੀਤੇ ਗਏ ਹਨ। ਇਹ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਵਿਚੋਂ 485 ਮਹਿਲਾਵਾਂ ਵੀ ਹਨ। ਪੁਲਿਸ ਅਤੇ ਲੋਕਾਂ ਵਿਚ ਚੰਗੇ ਸਬੰਧ ਸਥਾਪਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪੱਧਰ ਤੇ 25 ਕਮਿਊਨਿਟੀ ਪੁਲਿਸ ਸੈਂਟਰ ਅਤੇ ਬਲਾਕ ਪੱਧਰ ਤੇ 95 ਸਾਂਝ ਸੁਵਿਧਾ ਕੇਂਦਰਾਂ ਤੋਂ ਇਲਾਵਾ 83 ਬਾਹਰੀ ਪਹੁੰਚ ਕੇਂਦਰ ਵੀ ਸਥਾਪਤ ਕੀਤੇ ਗਏ ਹਨ।

ਸਪੀਕਰ ਸਾਹਿਬ, ਅਸੀਂ ਤਾਂ ਅਮਨ-ਅਮਾਨ ਕਾਇਮ ਕਰਨਾ ਚਾਹੁੰਦੇ ਹਾਂ ਪਰ ਅੱਜ ਇੱਥੇ ਸਾਡੇ ਵੀਰ ਸ਼੍ਰੀ ਤਰਲੋਚਨ ਸਿੰਘ ਨੇ ਬੜੀ ਹੀ ਛੋਟੀ ਸਿਆਸਤ ਦੀ ਆਪਣੀ ਸੋਚ ਪੇਸ਼ ਕੀਤੀ ਹੈ। ਅੱਜ ਦਾ ਜਿਹੜਾ ਨੌਜਵਾਨ ਹੈ, ਸਪੀਕਰ ਸਾਹਿਬ, ਨੌਜਵਾਨ ਦੀ ਗੱਲ ਕਰਾਂ ਤਾਂ ਮੇਰੀ ਉਮਰ ਇਸ ਵੇਲੇ 31 ਸਾਲ ਹੈ, ਮੈਂ ਕਰੀਬੀ ਹੋ ਕੇ ਸਮਝ ਸਕਦਾਂ ਹਾਂ ਕਿ ਅੱਜ ਸਾਡਾ ਨੌਜਵਾਨ ਕੀ ਚਾਹੁੰਦਾ ਹੈ। ਮੈਂ ਸੋਚਦਾ ਹਾਂ ਕਿ ਬਾਕੀ ਮੇਰੇ ਤੋਂ ਕਾਫੀ ਵੱਡੇ ਹਨ ਅਤੇ ਉਹ ਉਸ ਲੈਵਲ ਤੇ ਨਹੀਂ ਸਮਝ ਸਕਦੇ। ਅੱਜ ਦਾ ਨੌਜਵਾਨ ਅਮਨ ਚਾਹੁੰਦਾ ਹੈ, ਅੱਜ ਦਾ ਨੌਜਵਾਨ ਆਉਣ ਵਾਲੇ ਭਵਿੱਖ ਵੱਲ ਦੇਖਦਾ ਹੈ, ਜੋ ਬੀਤ ਗਿਆ ਉਸ ਨੂੰ ਜਾਣਨਾ ਚਾਹੁੰਦਾ ਹੈ ਪਰ ਉਸ ਨੂੰ ਉਭਾਰਨਾ ਨਹੀਂ ਚਾਹੁੰਦਾ, ਖਰੋਦਣਾ ਨਹੀਂ ਚਾਹੁੰਦਾ, ਆਪਣੇ ਭਵਿੱਖ ਦਾ ਉਸਨੂੰ ਜ਼ਿਆਦਾ ਫ਼ਿਕਰ ਹੈ।

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਨੂੰ ਸਾਰਿਆਂ ਨੂੰ ਪਾਜੇਟਿਵ ਸੋਚ ਲੈ ਕੇ ਅੱਗੇ ਵਧਣਾ ਚਾਹੀਦਾ ਹੈ ਅਤੇ ਪਾਜੇਟਿਵ ਸੋਚ ਦੇ ਨਾਲ ਇਕ ਨਵਾਂ ਪੰਜਾਬ ਸਿਰਜਣਾ ਚਾਹੀਦਾ ਹੈ। ਜੋ ਬੀਤ ਗਿਆ, ਬੀਤ ਗਿਆ। ਸੋ, ਇਸ ਨੂੰ ਠੰਡੇ ਦਿਮਾਗ ਨਾਲ ਸਾਨੂੰ ਦੇਖਣਾ ਚਾਹੀਦਾ ਹੈ।

ਮਾਨਯੋਗ ਸਪੀਕਰ : ਹੁਣ ਤੁਸੀਂ ਸਮਾਪਤ ਕਰੋ, ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ।

ਸਰਦਾਰ ਇੰਦਰਬੀਰ ਸਿੰਘ ਬੁਲਾਰੀਆ : ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਸਮਾਂ ਹੋਰ ਲਵਾਂਗਾ। ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਬਾਰੇ ਗੱਲ ਕਰਨੀ ਹੈ, ਜਿਹੜੀ ਬਹੁਤ ਹੀ ਇੰਪਾਰਟੈਂਟ ਹੈ। ਮੇਰੀ ਬੇਨਤੀ ਹੈ ਕਿ ਉਸਨੂੰ ਜ਼ਰੂਰ ਸੁਣਿਆ ਜਾਵੇ। ਸਪੀਕਰ ਸਾਹਿਬ, ਗੱਲਾਂ ਤਾਂ ਬਹੁਤ ਸਨ ਅਤੇ ਇੰਨਫਰਾਸਟਰਕਚਰ ਬਾਰੇ ਵੀ ਬੜੀ ਲੰਮੀ-ਚੌੜੀ ਗੱਲ ਸੀ ਪਰ ਹੁਣ ਤੁਸੀਂ ਸਮਾਂ ਘੱਟ ਦੇ ਰਹੇ ਹੋ। ਮੈਂ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਗੱਲ ਕਰਾਂਗਾ, ਜਿੱਥੇਂ ਦਾਸ ਨੂੰ ਵਿਧਾਇਕ ਹੋਣ ਦਾ ਮਾਣ ਪ੍ਰਾਪਤ ਹੈ। ਮੈਂ ਤਾਂ ਉਸ ਮਹਾਨ ਸ਼ਹਿਰ ਬਾਰੇ ਕੁਝ ਗੱਲਾਂ ਤੁਹਾਡੇ ਅੱਗੇ ਰੱਖਣੀਆਂ ਚਾਹਾਂਗਾ। ਸਪੀਕਰ ਸਾਹਿਬ, ਇਹ ਉਹ ਸ਼ਹਿਰ ਹੈ, ਜਿੱਥੇ ਕਾਇਨਾਤ ਵੀ ਸਿਰ ਝੁਕਾ ਕੇ ਸੱਜਦਾ ਕਰਦੀ ਹੈ। ਸਪੀਕਰ ਸਾਹਿਬ, ਇਸ ਪਾਵਨ ਪਵਿੱਤਰ ਸ਼ਹਿਰ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ਼੍ਰੀ ਦੁਰਗਿਆਨਾ ਮੰਦਰ ਅਤੇ ਰਾਮ ਤੀਰਥ ਵਰਗੇ ਪਵਿੱਤਰ ਅਸਥਾਨ ਹਨ। ਇਥੇ ਜੰਗੇ-ਆਜ਼ਾਦੀ ਦੀ ਮਹਾਨ ਯਾਦਗਾਰ ਜਲ੍ਹਿਆਂ ਵਾਲਾ ਬਾਗ ਵੀ ਸਥਾਪਤ ਹੈ। ਸਪੀਕਰ ਸਾਹਿਬ, ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਨੂੰ ਅਤੇ ਸਰਦਾਰ

ਸੁਖਬੀਰ ਸਿੰਘ ਬਾਦਲ ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਦੀ ਖਾਹਿਸ਼ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਕਰਨ ਦੀ ਸੀ, ਉਸ ਨੂੰ ਬਦਲਣ ਦੀ ਸੀ, ਉਸ ਨੂੰ ਇੱਕ ਨਵਾਂ ਰੂਪ ਅਤੇ ਰੰਗ ਦੇਣ ਦੀ ਸੀ ਅਤੇ ਅੱਜ ਉਨ੍ਹਾਂ ਦੀ ਇਹ ਖਾਹਿਸ਼ ਪੂਰੀ ਹੁੰਦੀ ਨਜ਼ਰ ਆ ਰਹੀ ਹੈ, ਪੰਜਾਬ ਸਰਕਾਰ ਨੇ ਪਿਛਲੇ ਸਮੇਂ ਵਿੱਚ 1500 ਕਰੋੜ ਰੁਪਏ ਦੇ ਕਰੀਬ ਖਰਚ ਕਰਕੇ ਗੁਰੂ ਨਗਰੀ ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ, ਇੱਕ ਸੁੰਦਰ ਨਗਰੀ ਦੀ ਦਿੱਖ ਦੇਣ ਦੀ ਕੋਸ਼ਿਸ਼ ਕੀਤੀ ਹੈ। ਹਿਥਰੋ ਏਅਰਪੋਰਟ, ਲੰਦਨ ਦੀ ਤਰਜੀਹ ਤੇ ਰੈਪਿਡ ਟਰਾਂਸਪੋਰਟ ਸਿਸਟਮ ਦੇ ਰੂਪ ਵਿੱਚ ਮੁਸਾਫਰਾਂ ਨੂੰ ਬੱਸ ਸਟੈਂਡ ਅਤੇ ਰੇਲਵੇ ਸਟੇਸ਼ਨ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਲਿਜਾਉਣ ਲਈ ਲਗਾਈ ਜਾ ਰਹੀ ਹੈ। ਇਸ ਦਾ ਸਾਰਾ ਸਿਹਰਾ ਮਾਨਯੋਗ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਸਾਹਿਬ ਨੂੰ ਜਾਂਦਾ ਹੈ, ਉਨ੍ਹਾਂ ਦੀ ਸੋਚ ਨੂੰ ਜਾਂਦਾ ਹੈ। Speaker Sahib, I thank the Government for planning a Super-speciality Cancer Hospital at Guru Nanak Dev Hospital, Amritsar at subsidized rates. Also C.T.Scan have been installed at Government College, Amritsar. These medical facilities will tremendously benefit the people of Amritsar and the adjoining areas. ਸਪੀਕਰ ਸਾਹਿਬ, ਨੈਸ਼ਨਲ ਹਾਈਵੇਅ-1, ਢਿੱਲਵਾਂ ਤੋਂ ਲੈ ਕੇ ਅੰਮ੍ਰਿਤਸਰ ਤੱਕ ਦੀ ਫੋਰ ਲੇਨਿੰਗ ਹੋ ਚੁੱਕੀ ਹੈ ਪਰ ਕਰਤਾਰਪੁਰ ਤੋਂ ਢਿੱਲਵਾਂ ਤੱਕ ਸੜਕ ਨੂੰ ਚੌੜਾ ਕਰਨ ਦਾ ਕੰਮ ਅਜੇ ਵੀ ਬਾਕੀ ਹੈ ਜਿਸ ਕਾਰਨ ਇਹ ਸਟਰੈਚ ਬੋਟਲ-ਨੇਕ ਬਣ ਜਾਂਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਸਬੰਧ ਵਿੱਚ ਸਰਕਾਰ ਵੱਲੋਂ ਪਹਿਲ ਦੇ ਆਧਾਰ ਤੇ ਸਬੰਧਤ ਅਦਾਰੇ ਨਾਲ ਗੱਲ ਕਰਕੇ ਤੁਰੰਤ ਹੱਲ ਕੱਢਿਆ ਜਾਵੇ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਮੇਰੇ ਹਲਕੇ ਵਿੱਚ ਸੁਲਤਾਨਵਿੰਡ ਦਾ ਇਲਾਕਾ ਪੈਂਦਾ ਹੈ, ਜਿਸ ਨੂੰ ਬੁਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਬੈਂਕ ਆਫ ਜਪਾਨ ਵਲੋਂ ਜੋ ਪੂਰੇ ਸ਼ਹਿਰ ਵਿੱਚ ਸੀਵਰੇਜ ਪਾਇਆ ਜਾਣਾ ਸੀ, ਉਸਦੀ ਪ੍ਰਣਾਲੀ ਇੰਟਰੋਡਿਊਸ ਕੀਤੀ ਗਈ ਸੀ, ਉਸ ਵਿਚੋਂ ਇਸ ਇਲਾਕੇ ਨੂੰ ਬਾਹਰ ਕੱਢ ਦਿਤਾ ਗਿਆ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਗੱਲ ਵੱਲ ਤੁਰੰਤ ਧਿਆਨ ਦਿੱਤਾ ਜਾਵੇ। ਸਪੀਕਰ ਸਾਹਿਬ, ਗੁਰੂ ਨਗਰੀ ਦਾ ਇੱਕ ਹੋਰ ਬਹੁਤ ਅਹਿਮ ਮੁੱਦਾ ਮੈਂ ਤੁਹਾਡੇ ਰਾਹੀਂ ਸਰਕਾਰ ਅੱਗੇ ਰੱਖਣਾ ਚਾਹੁੰਦਾ ਹਾਂ, ਉਹ ਹੈ ਸਾਲਿਡ ਵੇਸਟ ਮੈਨੇਜਮੈਂਟ। ਮੈਂ ਬੇਨਤੀ ਕਰਦਾ ਹਾਂ ਕਿ ਇਸ ਪ੍ਰੋਜੈਕਟ ਦਾ ਜੋ ਪਲਾਂਟ ਲੱਗਣਾ ਹੈ, ਉਹ ਸ਼ਹਿਰ ਤੋਂ ਬਾਹਰ ਲਗਾਇਆ ਜਾਵੇ ਕਿਉਂਕਿ ਜਦੋਂ ਸ਼ਹਿਰ ਵਾਸੀਆਂ ਨੂੰ ਇਸ ਗੱਲ ਦਾ ਪਤਾ ਚੱਲਿਆ ਕਿ ਆਲੇ-ਦੁਆਲੇ ਦੇ ਕਸਬਿਆਂ ਦਾ ਵੀ ਕੂੜਾ ਕਰਕਟ ਇਸ ਸ਼ਹਿਰ ਵਿੱਚ ਲਿਆਂਦਾ ਜਾਵੇਗਾ ਤਾਂ ਉਨ੍ਹਾਂ ਵਿੱਚ ਇੱਕ ਬਹੁਤ ਵੱਡਾ ਰੋਸ ਉਭਰ ਕੇ ਬਾਹਰ ਆਇਆ ਹੈ ਮੇਰੀ ਬੇਨਤੀ ਹੈ ਕਿ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਇਸ ਪਲਾਂਟ ਨੂੰ ਸ਼ਹਿਰ ਤੋਂ ਬਾਹਰ ਲਗਾਇਆ ਜਾਵੇ ਤਾਂ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਪਲਿਊਸ਼ਨ ਤੋਂ ਬਚਾਇਆ ਜਾ ਸਕੇ। ਇਸ ਦੀ ਦੂਰੀ ਸ੍ਰੀ ਹਰਿਮੰਦਰ ਸਾਹਿਬ ਤੋਂ ਢਾਈ ਤੋਂ ਤਿੰਨ ਕਿਲੋਮੀਟਰ ਹੈ। ਆਮ ਸ਼ਹਿਰ ਵਾਸੀਆਂ ਦਾ ਇਹ ਵੀ ਮੰਨਣਾ ਹੈ ਕਿ ਇੱਥੋਂ ਪਲਿਊਸ਼ਨ ਸੱਚਖੰਡ ਸ੍ਰੀ ਹਰਿਮੰਦਰ

[ਸਰਦਾਰ ਇੰਦਰਬੀਰ ਸਿੰਘ ਬੁਲਾਰੀਆ]

ਸਾਹਿਬ ਜੀ ਦੇ ਗੋਲਡ ਨੂੰ ਵੀ ਪ੍ਰਭਾਵਿਤ ਕਰੇਗਾ। ਸਪੀਕਰ ਸਾਹਿਬ, at last I would conclude my speech with these lines from "Stopping by words on a snowy evening" by Robert Frost.

The woods are lovely, dark and deep,
But I have promises to keep,
and miles to go before I sleep,
and miles to go before I sleep,

ਸਪੀਕਰ ਸਾਹਿਬ, ਮੈਂ ਇਸ ਧੰਨਵਾਦੀ ਮਤੇ ਦੀ ਪੁਰਜ਼ੋਰ ਸ਼ਬਦਾਂ ਵਿੱਚ ਪ੍ਰੋੜ੍ਹਤਾ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ। ਸੱਤਾ ਪਕਸ਼ ਵਾਲੇ ਮੈਂਬਰ ਤਾਂ ਸਾਰੀ ਗੱਲ ਰੱਖ ਦੇਣਗੇ। Please try to accomodate. ਸਾਡੇ ਕਾਫੀ ਮੈਂਬਰ ਬੋਲਣ ਵਾਲੇ ਹਨ ਤੇ ਸਾਰੇ ਬੁਲਾਰੇ ਤਿਆਰੀ ਕਰ ਕੇ ਆਏ ਹਨ। Please try to accomodate all of them.

ਮਾਨਯੋਗ ਸਪੀਕਰ : ਸਾਰੇ ਤਾਂ ਨਹੀਂ ਹੋਣੇ ਪਰ ਕੋਸ਼ਿਸ਼ ਕਰਾਂਗੇ ਕਿ ਜਿੰਨੇ ਵੱਧ ਤੋਂ ਵੱਧ ਹੋ ਸਕਣ। ਸਰਦਾਰ ਬਲਵਿੰਦਰ ਸਿੰਘ ਜੀ ਬੈਂਸ। ਤੁਹਾਡੇ ਸਿਰਫ ਪੰਜ ਮਿੰਟ ਹੀ ਹਨ।

ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਦਾਸ ਨੂੰ ਬੋਲਣ ਦਾ ਸਮਾਂ ਦਿੱਤਾ। ਮੁਬਾਰਕਬਾਦ ਦਿੰਦਾ ਹਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ, ਜਿਨ੍ਹਾਂ ਨੂੰ ਸੰਗਤਾਂ ਨੇ ਬਹੁਤ ਵੱਡੀ ਬਖਸ਼ਿਸ਼ ਕੀਤੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੱਲ੍ਹ ਸਤਿਕਾਰਯੋਗ ਵੀਰ ਵਲਟੋਹਾ ਸਾਹਿਬ ਨੇ ਧੰਨਵਾਦੀ ਮਤਾ ਪੜ੍ਹਿਆ ਹੈ। ਮੈਂ ਬੇਨਤੀ ਕਰਾਂ ਕਿ ਪੰਜਾਬ ਦਾ ਵੱਡਾ ਹਿੱਸਾ ਖੇਤੀਬਾੜੀ ਤੇ ਨਿਰਭਰ ਕਰਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਵਪਾਰੀਆਂ ਵਿੱਚੋਂ ਜੇ ਕੋਈ ਕੱਪੜੇ ਵਾਲਾ ਹੈ ਤਾਂ ਕੱਪੜੇ ਵਾਲੇ ਦਾ ਕੱਪੜਾ ਵਿਕਦਾ ਹੈ, ਸੋਨੇ ਵਾਲੇ ਦਾ ਸੋਨਾ ਵਿਕਦਾ ਹੈ, ਸਾਈਕਲਾਂ ਵਾਲੇ ਦੇ ਸਾਈਕਲ ਵਿਕਦੇ ਹਨ ਪਰ ਬੇਨਤੀ ਕਰਾਂ ਕਿ ਜਦੋਂ ਕਿਸਾਨ ਤੇ ਝਾਤ ਮਾਰ ਕੇ ਵੇਖਦਾ ਹਾਂ ਤਾਂ ਕਿਸਾਨ ਦੁਖੀ ਹੈ। ਇਹ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਕਿਸਾਨ ਜਿਹੜਾ ਅਨਾਜ ਪੈਦਾ ਕਰਦਾ ਹੈ ਅੱਜ ਉਹ ਵੀ ਦੁਖੀ ਹੈ ਤੇ ਜਿਹੜਾ ਅਨਾਜ ਖਾਂਦਾ ਹੈ ਉਹ ਵੀ ਦੁਖੀ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਹੁਤ ਹੀ ਸੋਚਣ ਤੇ ਵਿਚਾਰਨ ਵਾਲੀ ਗੱਲ ਹੈ। ਮੇਰੇ ਇਲਾਕੇ ਵਿੱਚ ਕੁਝ ਸਾਲ ਪਹਿਲਾਂ ਸਤਿਕਾਰਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਗਏ। ਸਟੇਜ ਤੇ ਆਖਣਾ ਕੀਤਾ ਕਿ ਮੈਂ ਜਿਣਸਾਂ ਦੇ ਮੁੱਲ ਵਧਾਉਣ ਲਈ ਸਰਕਾਰ ਨੂੰ

ਸਿਫਾਰਸ਼ ਕਰਾਂਗਾ ਪਰ ਜਦੋਂ ਸਟੇਜ਼ ਖਤਮ ਹੋਈ ਅਸੀਂ ਵਾਪਸ ਆ ਰਹੇ ਸੀ ਤਾਂ ਸਾਡੇ ਇੱਕ ਮੁਹੱਲੇ ਵਿੱਚ ਰਿਕਸ਼ਾ ਚਲਾਉਣ ਵਾਲੇ ਦੀ ਬਿਰਧ ਮਾਤਾ, ਰਸਤੇ ਵਿੱਚ ਹੱਥ ਕਰਕੇ ਖੜ੍ਹੀ ਹੋ ਗਈ ਤੇ ਮੈਨੂੰ ਆਖਣ ਲੱਗੀ, ਅੱਜ ਬਾਦਲ ਸਾਹਿਬ, ਮੁੱਖ ਮੰਤਰੀ ਸਾਹਿਬ ਆਏ ਹਨ, ਬੜਾ ਵਧੀਆ ਬੋਲ ਕੇ ਗਏ ਹਨ। ਮੈਂ ਬੜਾ ਖੁਸ਼ ਹੋਇਆ ਕਿ ਸ਼ਾਇਦ ਮਾਂ ਕੋਈ ਅਸੀਸ ਦੇਣ ਲੱਗੀ ਹੈ ਤੇ, ਸਪੀਕਰ ਸਾਹਿਬ, ਉਸ ਮਾਂ ਨੇ ਆਖਿਆ ਕਿ ਬਾਦਲ ਸਾਹਿਬ, ਕਣਕ ਦਾ ਮੁੱਲ ਹੋਰ ਵਧਾਉਗੇ ਤੇ ਗਰੀਬ ਨੂੰ ਕਿਹੜੇ ਖੂਹ ਵਿੱਚ ਸੁੱਟੋਗੇ? ਅੱਜ ਮੈਂ ਬੇਨਤੀ ਕਰਾਂ, ਮੇਰੇ ਵੀਰ ਨੇ ਕੱਲ੍ਹ ਬੋਲਦਿਆਂ ਆਖਿਆ ਕਿ ਕਣਕ ਛੇ ਮਹੀਨੇ ਵਿੱਚ ਹੀ ਮਹਿੰਗੀ ਹੋ ਜਾਂਦੀ ਹੈ ਪਰ ਮੇਰੇ ਵੀਰ ਨੂੰ ਸ਼ਾਇਦ ਜਾਂ ਤਾਂ ਇਹ ਪਤਾ ਨਹੀਂ ਤੇ ਜਾਂ ਉਸ ਨੇ ਇਸ ਗੱਲ ਨੂੰ ਦੱਸਣਾ ਤੇ ਸਮਝਣਾ ਮੁਨਾਸਬ ਨਹੀਂ ਸਮਝਿਆ ਕਿ ਵਧਦੇ ਹੋਏ ਮੁੱਲ ਨੂੰ ਰੋਕਣਾ ਵੀ ਪੰਜਾਬ ਸਰਕਾਰ ਦੀ ਡਿਊਟੀ ਹੈ। ਜੇ ਆਟਾ ਮਹਿੰਗਾ ਹੈ ਤੇ ਸੈਂਟਰ ਸਰਕਾਰ ਨੇ ਨਹੀਂ ਰੋਕਣਾ, ਉਹ ਪੰਜਾਬ ਸਰਕਾਰ ਨੇ ਰੋਕਣਾ ਹੈ।

| 12:05 ਵਜੇ ਬਾਅਦ ਦੁਪਹਿਰ |

(*ਇਸ ਸਮੇਂ ਸਰਦਾਰ ਸੋਹਣ ਸਿੰਘ ਠੰਡਲ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਬੇਨਤੀ ਕਰਦਾ ਹਾਂ ਕਿ ਜਿੰਨੇ ਮਹਿਕਮੇ ਸਾਡੇ ਕੋਲ ਹਨ, ਮੈਂ ਦੋਵੇਂ ਧਿਰਾਂ ਨੂੰ ਬੇਨਤੀ ਕਰਦਾ ਹਾਂ ਕਿ ਮਿਲ-ਬੈਠ ਕੇ ਵਿਚਾਰਨ ਦੀ ਲੋੜ ਹੈ। ਜੇ ਸਾਡੇ ਕੋਲ ਹੈਲਥ ਦਾ ਮਹਿਕਮਾ ਹੈ, ਗੁੱਸਾ ਨਾ ਕਰਿਓ, ਫੇਲ੍ਹ ਹੈ। ਜੇ ਸਾਡੇ ਕੋਲ ਐਜੂਕੇਸ਼ਨ ਦਾ ਮਹਿਕਮਾ ਹੈ, ਜੇ ਸਰਕਾਰ ਕੋਲ ਹੈ, ਗੁੱਸਾ ਨਾ ਕਰਿਓ, ਉਹ ਫੇਲ੍ਹ ਹੈ। ਜੇ ਸਾਡੇ ਕੋਲ ਟਰਾਂਸਪੋਰਟ ਦਾ ਮਹਿਕਮਾ ਹੈ, ਗੁੱਸਾ ਨਾ ਕਰਿਓ, ਉਹ ਫੇਲ੍ਹ ਹੈ, ਜੇ ਇਹ ਹੀ ਮਹਿਕਮੇ ਪ੍ਰਾਈਵੇਟ ਕਰ ਦੇਈਏ ਤੇ ਜਿਹੜੇ ਪ੍ਰਾਈਵੇਟ ਚਲਾਉਂਦੇ ਹਨ, ਉਹ ਕਹਿੰਦੇ ਹਨ ਕਿ ਇਸ ਤੋਂ ਵੱਡਾ ਪ੍ਰਾਫਿਟ ਹੋਰ ਕਿਤੇ ਨਹੀਂ। ਅੱਜ ਸਮਾਂ ਮੰਗ ਕਰਦਾ ਹੈ ਕਿ ਆਪਾਂ ਨੂੰ ਲੋਕਾਂ ਨੇ ਚੁਣ ਕੇ ਭੇਜਿਆ ਹੈ ਤੇ ਆਪਾਂ ਉਨ੍ਹਾਂ ਦੀ ਵੋਟਾਂ ਨਾਲ ਪਾਰਟੀ ਪੱਧਰ ਤੇ ਵਪਾਰ ਨਾ ਕਰੀਏ। ਆਪਾਂ ਮਿਲ ਬੈਠ ਕੇ, ਜਿਹੜੇ ਦੁੱਖ-ਦਰਦਾਂ ਨੂੰ ਦੂਰ ਕਰਨ ਲਈ ਲੋਕਾਂ ਦੇ ਵੋਟਾਂ ਪਾਈਆਂ ਹਨ ਕਿ ਇਹ ਚੁਣ ਕੇ ਜਾਣਗੇ ਤੇ ਸਾਡੇ ਦੁੱਖ-ਦਰਦਾਂ ਦਾ ਨਿਵਾਰਨ ਕਰਨਗੇ, ਪਰ ਸਪੀਕਰ ਸਾਹਿਬ ਪੰਜਾਬ ਦੀ ਕਹਾਵਤ ਹੈ:

"ਮਰਜ਼ ਬੜ੍ਹਤੀ ਗਈ ਜਿਉਂ-ਜਿਉਂ ਦਵਾ ਕੀ"

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਇਸ ਆਸ ਨਾਲ ਵੋਟ ਪਾਉਂਦੇ ਹਨ ਕਿ ਸ਼ਾਇਦ ਮਹਿੰਗਾਈ ਘਟੇਗੀ ਪਰ ਮੈਨੂੰ ਇਸ ਗੱਲ ਦਾ ਦੁੱਖ ਤੇ ਅਫ਼ਸੋਸ ਹੈ ਕਿ ਜੇ ਕਣਕ ਦਾ ਮੁੱਲ 11.00 ਰੁਪਏ ਮਿਲਦਾ ਹੈ ਤਾਂ ਆਟੇ ਦਾ ਮੁੱਲ 18.00 ਰੁਪਏ। ਇਹ ਸਾਨੂੰ ਰੋਕਣਾ ਬਣਦਾ ਹੈ। ਜੇ ਡੀ.ਸੀ. ਰੇਟ ਇੱਕ ਮਜ਼ਦੂਰ ਨੂੰ 200 ਰੁਪਏ ਮਿਲਦਾ ਹੈ ਤਾਂ ਡਾਕਟਰ ਕਨਸਲਟੇਸ਼ਨ ਫੀਸ 700 ਰੁਪਏ ਮੰਗਦਾ ਹੈ। ਆਹ ਦਿੱਲੀ ਸਰਕਾਰ ਨੇ ਨਹੀਂ ਰੋਕਣਾ, ਅਸਲ ਵਿੱਚ ਇਸ ਹਾਊਸ ਨੇ ਹੀ ਕਰਨਾ ਹੈ। ਮੈਂ ਵਿਰੋਧੀ ਧਿਰ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਆਓ ਯੂਨੈਨੀਮਸਲੀ ਫੈਸਲਾ ਕਰੀਏ ਕਿ ਚਾਹੇ ਕੋਈ ਡਾਕਟਰ ਹੈ, ਕਿੰਨਾ ਵੱਡਾ ਡਾਕਟਰ ਹੈ, ਉਸ ਦੀ ਫੀਸ ਮੈਂ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਕਹਿਣਾ ਚਾਹੁੰਦਾ ਹਾਂ ਕਿ ਜੋ ਸਰਕਾਰ ਦਾ ਮਜ਼ਦੂਰੀ ਦਾ ਡੀ.ਸੀ. ਰੇਟ ਹੈ, ਉਸ ਰੇਟ ਤੋਂ ਕਦੇ ਵੱਧ ਨਹੀਂ ਹੋਣੀ ਚਾਹੀਦੀ। ਬੰਦਾ ਇੱਕ ਦਿਨ ਮਜ਼ਦੂਰੀ ਕਰੇ ਤਾਂ ਘੱਟੋ-ਘੱਟ ਡਾਕਟਰ ਦੀ ਸਲਾਹ ਤਾਂ ਲੈ ਲਵੇ, ਦਵਾਈ ਤਾਂ ਪਾਸੇ ਦੀ ਗੱਲ ਰਹਿ ਗਈ। (ਵਿਰੋਧੀ ਧਿਰ ਵੱਲੋਂ ਥੰਪਿੰਗ)

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਐਜੂਕੇਸ਼ਨ ਦੇ ਸਬੰਧ ਵਿੱਚ। ਸਕੂਲ ਬਣੇ, ਇਮਾਰਤਾਂ ਬਣੀਆਂ ਪਰ ਇਹ ਅਨੈਲਸਿਜ਼ ਮੰਗਦੇ ਹਨ। ਬਹੁਤ ਸਾਰੇ ਸਕੂਲ ਐਸੇ ਹਨ ਜਿਥੇ ਟੀਚਰ 4 ਅਤੇ ਬੱਚੇ 40, ਜਦੋਂ ਮੈਂ ਅਨੈਲਸਿਜ਼ ਕਰਕੇ ਦੇਖਦਾ ਹਾਂ ਚਾਰ ਟੀਚਰਾਂ ਦੀ ਤਨਖਾਹ ਤਕਰੀਬਨ ਲੱਖ ਰੁਪਿਆ ਟੱਪ ਜਾਂਦੀ ਹੈ। ਜਦੋਂ ਉਸ ਲੱਖ ਰੁਪਏ ਨੂੰ 40 ਬੱਚਿਆਂ ਤੇ ਡਿਵਾਈਡ ਕਰਕੇ ਦੇਖਦਾ ਹਾਂ ਤਾਂ 2500 ਰੁਪਿਆ ਇੱਕ ਬੱਚੇ ਦੇ ਹਿੱਸੇ ਚਲਿਆ ਜਾਂਦਾ ਹੈ। ਜਦੋਂ ਐਜੂਕੇਸ਼ਨ ਦੇਖਦਾ ਹਾਂ ਤਾਂ ਮਨ ਵਿੱਚ ਰੋਸ ਆਉਂਦਾ ਹੈ ਕਿ ਸਾਡੇ ਸਿਸਟਮ ਵਿੱਚ ਬਹੁਤ ਵੱਡੀ ਕਮੀ ਤੇ ਕਮਜ਼ੋਰੀ ਹੈ। ਅੱਜ ਸਮਾਂ ਮੰਗ ਕਰਦਾ ਹੈ। ਆਪਾਂ ਇਹ ਨਾ ਕਹੀ ਜਾਈਏ ਕਿ ਆਪਾਂ ਇਮਾਰਤਾਂ ਬਣਾ ਦਿੱਤੀਆਂ, ਅਸੀਂ ਟੀਚਰ ਭਰਤੀ ਕਰ ਦਿੱਤੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਬੱਚੇ ਉਨ੍ਹਾਂ ਸਕੂਲਾਂ ਵਿੱਚ ਕਿਉਂ ਨਹੀਂ ਪੜ੍ਹਨ ਜਾਂਦੇ? ਇਮਾਰਤਾਂ ਵਧੀਆ ਬਣਾ ਦਿੱਤੀਆਂ, ਅਸੀਂ ਟੀਚਰ ਵਧੀਆ ਰੱਖ ਦਿੱਤੇ, ਕੀ ਉਹ ਸਕੂਲ ਕਾਮਯਾਬ ਹਨ? ਮੈਨੂੰ ਇਹ ਗੱਲ ਕਹਿਣ ਵਿੱਚ ਕੋਈ ਗੁਰੇਜ਼ ਨਹੀਂ ਕਿ ਜਿਹੜੇ ਪ੍ਰਾਈਵੇਟ ਸਕੂਲ ਹਨ, ਜਦੋਂ ਉਨ੍ਹਾਂ ਨੂੰ ਮਾਨਤਾ ਦਿੱਤੀ ਜਾਵੇ ਤਾਂ ਉਨ੍ਹਾਂ ਕੋਲੋਂ ਇਹ ਗੱਲ ਲਿਖਤੀ ਤੌਰ ਤੇ ਲਈ ਜਾਵੇ ਕਿ ਵੀਕਰ ਸੈਕਸ਼ਨ ਦੀਆਂ ਹਰ ਕਲਾਸ ਵਿੱਚ ਕਿੰਨੀਆਂ ਸੀਟਾਂ ਹੋਣਗੀਆਂ ਤਾਂ ਕਿ ਗਰੀਬ ਦਾ ਬੱਚਾ ਵੀ ਉਸ ਸਕੂਲ ਵਿੱਚ ਪੜ੍ਹ ਸਕੇ। ਉਨ੍ਹਾਂ ਤੋਂ ਇਹ ਗੱਲ ਲਿਖਤੀ ਤੌਰ ਤੇ ਲਈ ਜਾਵੇ ਕਿ ਜਿਹੜੀਆਂ ਤੁਹਾਡੀਆਂ ਬੱਸਾਂ ਅਮੀਰਾਂ ਦੇ ਬੱਚੇ ਲੈ ਕੇ ਜਾਂਦੀਆਂ ਹਨ, ਵੀਕਰ ਸੈਕਸ਼ਨ ਦੇ ਕਿੰਨੇ ਬੱਚੇ ਉਹ ਬੱਸ ਫਰੀ ਲੈ ਕੇ ਜਾਵੇਗੀ। ਮੈਂ ਸਮਝਦਾ ਹਾਂ ਕਿ ਆਪਾਂ ਗਰੀਬ ਦੀਆਂ ਵੋਟਾਂ ਜ਼ਰੂਰ ਲੈਂਦੇ ਹਾਂ। ਅਮੀਰ ਕਦੇ ਵੋਟ ਪਾਉਣ ਨਹੀਂ ਆਉਂਦਾ। ਇਸ ਵਾਰ ਜ਼ਰੂਰ ਅਮੀਰ ਵੀ ਵੋਟ ਪਾਉਣ ਲਈ ਆਏ ਹਨ। ਮੈਂ ਬੇਨਤੀ ਕਰਾਂ ਕਿ ਜਿਨ੍ਹਾਂ ਦੀਆਂ ਵੋਟਾਂ ਲਈਆਂ ਹਨ, ਉਹ ਸਾਡੇ ਮੂੰਹ ਵੱਲ ਵੇਖਦੇ ਹਨ। ਜੋ ਕੁਝ ਮੈਂ ਕੱਲ੍ਹ ਦਾ ਸੁਣਿਆ ਹੈ, ਮੈਨੂੰ ਤਾਂ ਕੋਈ ਬਹੁਤਾ ਵਧੀਆ ਉਸਾਰੂ ਲੱਗਿਆ ਨਹੀਂ। ਗੱਲ ਅਸਲ ਵਿੱਚ ਉਸਾਰੂ ਕਰਨੀ ਚਾਹੀਦੀ ਹੈ। ਮੇਰੇ ਸਤਿਕਾਰਯੋਗ ਵੀਰ ਬੋਲ ਕੇ ਗਏ ਹਨ। ਕਹਿੰਦੇ 46 ਨੰਬਰ ਮੱਦ ਜੇ ਨਾ ਹੁੰਦੀ ਤਾਂ ਮੈਂ ਬੋਲਣਾ ਹੀ ਨਹੀਂ ਸੀ। ਮੈਨੂੰ ਇੰਜ ਲੱਗਦਾ ਹੈ ਕਿ ਸ਼ਾਇਦ ਉਨ੍ਹਾਂ ਨੂੰ 46 ਨੰਬਰ ਮੱਦ ਦੇ ਮਾਇਨੇ ਸਮਝ ਨਹੀਂ ਲੱਗੇ। 46 ਨੰਬਰ ਮੱਦ ਕੀ ਹੈ-ਮੈਸੇਕਰ, ਦੰਗੇ ਨਹੀਂ ਕਤਲੇਆਮ। ਸੁੱਤੀ ਪਈ ਸਿੱਖ ਸੰਗਤ, ਬਹੁਤ ਸਾਰੇ ਸੱਜਣਾਂ ਨੇ ਵਾਲ ਵੀ ਕਟਾ ਲਏ ਪਰ ਪੱਗ ਦੇ ਨਿਸ਼ਾਨ ਰਹਿ ਗਏ, ਉਨ੍ਹਾਂ ਦਾ ਕਤਲੇਆਮ ਕੀਤਾ ਗਿਆ। ਉਨ੍ਹਾਂ ਘਰਾਂ ਦੀ ਸਾਰ ਕੌਣ ਲਵੇਗਾ ਜਿੱਥੇ ਮਾਂ ਵੀ ਵਿਧਵਾ ਹੈ, ਜਿੱਥੇ ਧੀ ਵੀ ਵਿਧਵਾ ਹੈ ਜਿੱਥੇ ਨੂੰਹ ਵੀ ਵਿਧਵਾ ਹੈ, ਇੰਨੇ ਸਾਲ ਬੀਤ ਜਾਣ ਤੋਂ ਬਾਅਦ ਵੀ ਅੱਜ ਇਨਸਾਫ ਲਈ ਗੁਹਾਰ ਲਗਾਈ ਜਾ ਰਹੀ ਹੈ ਅਤੇ ਅਫ਼ਸੋਸ ਹੈ ਕਿ ਅੱਜ ਵੀ ਆਹ ਸੱਜਣ, ਮੈਂ ਕਹਿੰਦਾ ਹਾਂ ਕਿ ਜਾਂ ਤਾਂ ਕਲੀਅਰ ਕਰੋ ਕਿ ਦਿੱਲੀ ਜਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ

ਵਿੱਚ ਜੋ ਕਤਲੇਆਮ ਹੋਇਆ, ਤੁਸੀਂ ਉਸ ਗੱਲ ਨੂੰ ਟੇਡੇ ਅੱਖਰਾਂ ਵਿੱਚ ਜਸਟੀਫਾਈ ਕਰਨਾ ਚਾਹੁੰਦੇ ਹੋ, ਤੁਸੀਂ ਸਿੱਧੇ ਅੱਖਰਾਂ ਵਿੱਚ ਕਰੋ। ਜੇ ਆਪਾਂ ਜਸਟੀਫਾਈ ਕਰਨਾ ਹੈ ਤਾਂ ਫਿਰ ਸਿੱਧਾ ਕਰੀਏ। ਜੇ ਜਸਟੀਫਾਈ ਨਹੀਂ ਕਰਨਾ, ਫਿਰ ਉਸ ਮੱਦ ਦੇ ਨਾਲ ਤੁਹਾਨੂੰ ਪੰਜਾਬ ਦੇ ਬਹਾਦਰ ਲੋਕਾਂ ਨੇ ਵੋਟਾਂ ਪਾ ਕੇ ਭੇਜਿਆ ਹੈ ਅਤੇ ਉਥੇ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਛੱਡ ਕੇ, ਪੰਜਾਬ ਦੇ ਮੋਹ ਲਈ ਉਹ ਲੋਕ ਵਾਪਸ ਪੰਜਾਬ ਵਿੱਚ ਪਰਤ ਆਏ ਹਨ।

ਸ਼੍ਰੀ ਸਭਾਪਤੀ : ਤੁਹਾਡਾ ਟਾਈਮ ਖ਼ਤਮ ਹੋ ਗਿਆ, ਤੁਸੀਂ ਕਨਕਲੂਡ ਕਰੋ।

ਸਰਦਾਰ ਬਲਵਿੰਦਰ ਸਿੰਘ ਬੈਂਸ : ਮੈਂ ਇੱਕ ਮਿੰਟ ਹੋਰ ਲਵਾਂਗਾ ਜੀ। ਚੇਅਰਮੈਨ ਸਾਹਿਬ, ਬੇਨਤੀ ਕਰਾਂ ਕਿ ਅੱਜ ਪੰਜਾਬ ਵਿੱਚ ਹਾਲਤ ਬਹੁਤ ਵਧੀਆ ਨਹੀਂ ਹਨ..

ਸ਼੍ਰੀ ਸਭਾਪਤੀ : ਬੈਂਸ ਸਾਹਿਬ, ਤੁਸੀਂ ਚੇਅਰ ਨੂੰ ਸੰਬੋਧਨ ਕਰੋ।

ਸਰਦਾਰ ਬਲਵਿੰਦਰ ਸਿੰਘ ਬੈਂਸ : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾਂ ਹਾਂ ਕਿ ਇਥੇ ਗੱਲਾਂ ਹੋਈਆਂ, ਆਹ ਮਾਫੀਆ ਹੈ, ਉਹ ਮਾਫੀਆ ਹੈ। ਇਹ ਗੱਲਾਂ ਕੀਤੀਆਂ ਗਈਆਂ ਕਿ ਦਿੱਲੀ ਦਰਬਾਰ ਨੇ ਹਮੇਸ਼ਾ ਮਹਿੰਗਾਈ ਕੀਤੀ ਹੈ ਪਰ ਮੈਂ ਕਹਿੰਦਾ ਹਾਂ ਕਿ ਆਪਾਂ ਵੀ ਸਵੈ-ਪੜਚੋਲ ਕਰੀਏ। ਆਪਣੇ ਇਸ ਰਾਜ ਵਿਚ 8000/- ਰੁਪਏ ਦਾ ਰੇਤੇ ਦਾ ਟਰੱਕ ਵਿਕ ਗਿਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗਰੀਬ ਅੱਜ ਕੁੱਲੀ, ਗੁੱਲੀ ਤੇ ਜੁੱਲੀ, ਤਿੰਨੇ ਚੀਜ਼ਾਂ ਤੋਂ ਮੈਂ ਸਮਝਦਾ ਹਾਂ ਕਿ ਮੁਥਾਜ ਹੈ ਅਤੇ ਆਪਾਂ ਜਿਹੜੀਆਂ ਬਾਕੀ ਦੀਆਂ ਗੱਲਾਂ ਕਰਦੇ ਹਾਂ ਉਹ ਸੈਕੰਡਰੀ ਹਨ, ਉਨ੍ਹਾਂ ਦੀ ਵੀ ਲੋੜ ਹੈ ਪਰ ਅੱਜ ਸਮਾਂ ਮੰਗ ਕਰਦਾ ਹੈ ਕਿ ਗਰੀਬ ਦੇ ਬੱਚੇ ਦੀ ਐਜੂਕੇਸ਼ਨ, ਗਰੀਬ ਦੇ ਰਹਿਣ ਦੀ ਵਿਵਸਥਾ ਤੇ ਗਰੀਬ ਨੂੰ ਰੁਜ਼ਗਾਰ, ਅੱਜ ਬਹੁਤੀ ਜਨਤਾ ਪੰਜ ਤੋਂ ਅੱਠ ਹਜ਼ਾਰ ਦਰਮਿਆਨ ਤਨਖਾਹ ਲੈਣ ਵਾਲੀ ਹੈ ਤੇ ਇਸ ਤਰ੍ਹਾਂ ਪੰਜ ਤੋਂ ਅੱਠ ਹਜ਼ਾਰ ਰੁਪਏ ਵਾਲਾ ਸੱਜਣ ਨਾ ਆਪਣੇ ਬੱਚੇ ਨੂੰ ਚੰਗੀ ਐਜੂਕੇਸ਼ਨ ਦੇ ਸਕਦਾ ਹੈ ਤੇ ਨਾ ਚੰਗਾ ਖਾ ਸਕਦਾ ਹੈ, ਨਾ ਪਹਿਨ ਸਕਦਾ ਹੈ ਤੇ ਨਾ ਚੰਗੇ ਰਹਿਣ ਦੀ ਵਿਵਸਥਾ ਕਰ ਸਕਦਾ ਹੈ। ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਉ ਕੌੜਾ ਘੁੱਟ ਭਰ ਕੇ ਕੁਝ ਫੈਸਲੇ ਲਈਏ ਜਿਨ੍ਹਾਂ ਨਾਲ ਪੰਜਾਬ ਦੀ ਜਨਤਾ, ਜਿਨ੍ਹਾਂ ਨੇ ਵੋਟਾਂ ਪਾਈਆਂ ਹਨ, ਸਾਨੂੰ ਸਾਰਿਆਂ ਨੂੰ ਇਹ ਗੱਲ ਆਖ ਸਕੇ ਕਿ ਹਾਊਸ ਵਿੱਚ ਇਕੱਠੇ ਹੋ ਕੇ ਸਾਡੇ ਲਈ ਸੋਚਿਆ ਹੈ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਚੇਅਰਮੈਨ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਔਰ ਜਿਹੜਾ ਮਤਾ, ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਪੜ੍ਹਿਆ ਹੈ, ਮੈਂ ਉਸ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਔਰ ਮੈਂ ਧੰਨਵਾਦ ਕਰਦਾ ਹਾਂ ਕਿ ਜਿਹੜਾ ਭਾਸ਼ਣ ਪੜ੍ਹਿਆ ਹੈ ਜੀ ਉਸ ਦੇ ਨਾਲ ਮੇਰੀ ਸਹਿਮਤੀ ਹੈ ਪਰ ਮੈ ਤੁਹਾਨੂੰ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਗੁੱਸਾ ਨਾ ਕਰਿਉ, ਤੁਸੀਂ ਪਿਛੋਕੜ ਵਿਚ ਚੰਗੇ ਵਿਰੋਧੀ ਧਿਰ ਵਾਲਾ ਰੋਲ ਨਹੀਂ ਨਿਭਾਇਆ, ਇਸੇ ਕਰਕੇ ਫਿਰ ਅੱਜ ਵਿਰੋਧੀ ਧਿਰ ਦੇ ਵਿਚ ਆਉਣਾ ਪਿਆ ਹੈ। ਚੰਗੀ ਸਰਕਾਰ ਚਲਾਉਣ ਲਈ ਚੰਗੀ ਵਿਰੋਧੀ ਧਿਰ ਦਾ ਹੋਣਾ ਬਹੁਤ ਜ਼ਰੂਰੀ ਹੈ। ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ

[ਸਰਦਾਰ ਬਲਵਿੰਦਰ ਸਿੰਘ ਬੈਂਸ]

ਜਿੱਥੇ ਚੰਗਾ ਕਰੋਗੇ ਉਥੇ ਬੈਂਸ ਉਨ੍ਹਾਂ ਦੇ ਨਾਲ ਖੜ੍ਹੇਗਾ, ਜਿਥੇ ਚੰਗਾ ਨਹੀਂ ਕਰੋਗੇ ਉਥੇ ਉਨ੍ਹਾਂ ਦਾ ਵਿਰੋਧ ਵੀ ਕਰਾਂਗਾ। ਮੈਂ ਵਿਰੋਧ ਦੀਆਂ ਗੱਲਾਂ ਵੀ ਕੀਤੀਆਂ ਹਨ ਪਰ ਉਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਕਿ ਪੰਜਾਬ ਦੀ ਧਰਤੀ ਤੇ ਜੰਮਪਲ ਸਰਦਾਰ ਬਲਵੰਤ ਸਿੰਘ ਰਾਜੋਆਣਾ ਦਾ ਮੁੱਖ ਮੰਤਰੀ, ਪੰਜਾਬ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਮਤਾ ਲਿਆਂਦਾ ਹੈ, ਮੈਂ ਵੀ ਉਸ ਮਤੇ ਨਾਲ ਸਹਿਮਤ ਹਾਂ। ਜਿਥੇ ਪੰਜਾਬ ਦੀ ਗੱਲ ਹੋਵੇਗੀ, ਜਿਥੇ ਪੰਜਾਬ ਦੀ ਜਨਤਾ ਦੀ ਗੱਲ ਹੋਵੇਗੀ, ਜਿਥੇ ਗਰੀਬ ਦੀ ਗੱਲ ਹੋਵੇਗੀ, ਉਥੇ ਮੈਂ ਉਨ੍ਹਾਂ ਦੇ ਨਾਲ ਜ਼ਰੂਰ ਸਹਿਮਤ ਹੋਵਾਂਗਾ। ਇੰਨੀਆਂ ਬੇਨਤੀਆਂ ਕਰਦਾ ਹੋਇਆ, ਚੇਅਰਮੈਨ ਸਾਹਿਬ, ਇਕ ਵਾਰੀ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ।

ਸ਼੍ਰੀ ਸਭਾਪਤੀ : ਹੁਣ ਸਰਦਾਰ ਗੁਰਕੀਰਤ ਸਿੰਘ ਕੋਟਲੀ, ਬੈਠੇ ਨਹੀਂ। ਇਸ ਤੋਂ ਅੱਗੇ ਰਾਣਾ ਗੁਰਮੀਤ ਸਿੰਘ ਸੋਢੀ ਜੀ ਬੋਲਣਗੇ।

ਰਾਣਾ ਗੁਰਮੀਤ ਸਿੰਘ ਸੋਢੀ (ਗੁਰੂ ਹਰ ਸਹਾਏ) : ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ let me thank you deeply for providing me this opportunity to speak on the Governor's Address in this August House. ਮੈਂ ਕੱਲ੍ਹ ਵੀ ਇੱਕ ਅਮੈਂਡਮੈਂਟ ਨੋਟ ਭੇਜਿਆ ਸੀ ਜਿਸ ਦੀ ਸਰਕੂਲੇਸ਼ਨ ਸਾਰੇ ਮੈਂਬਰ ਸਾਹਿਬਾਨ ਨੂੰ ਹੋਈ ਹੈ। ਉਸ ਦੀ ਕੋਈ ਵਜ੍ਹਾ ਸੀ ਕਿ ਜੋ ਗਵਰਨਰ ਸਾਹਿਬ ਦਾ ਐਡਰੈਸ ਹੈ...

ਸ਼੍ਰੀ ਸਭਾਪਤੀ : ਜਿਹੜੀ ਤੁਸੀਂ ਕੱਲ੍ਹ ਅਮੈਂਡਮੈਂਟ ਭੇਜੀ ਸੀ ਉਹ ਮੂਵ ਹੋ ਚੁੱਕੀ ਹੈ, ਤੁਸੀਂ ਆਪਣਾ ਜੋ ਕਹਿਣਾ ਚਾਹੁੰਦੇ ਹੋ ਕਹੋ।

ਰਾਣਾ ਗੁਰਮੀਤ ਸਿੰਘ ਸੋਢੀ : ਮੈਂ ਉਸੇ ਦੀ ਗੱਲ ਕਰ ਰਿਹਾ ਹਾਂ। ਉਸ ਵਿਖੇ ਪੈਰ੍ਹਾ 17 ਜਿਹੜਾ ਹੈ, ਮੈਂ ਉਸ ਦੀ ਰਿਪਲੇਸਮੈਂਟ ਮੰਗੀ ਸੀ। ਉਹ ਕੀ ਕਹਿ ਰਿਹਾ ਹੈ ਕਿ ਜਿਹੜਾ 13ਵਾਂ ਫਾਈਨਾਂਸ ਕਮਿਸ਼ਨ ਹੈ, ਉਸ ਨੇ ਕਲੀਅਰਲੀ ਇੰਡੀਕੇਟ ਕੀਤਾ ਹੈ ਕਿ ਹਿੰਦੁਸਤਾਨ ਦੀਆਂ ਤਿੰਨ ਸਟੇਟਾਂ ਫਾਈਨਾਂਸ਼ੀਅਲ ਤੌਰ ਤੇ ਇੰਨੀਆਂ ਜਿਆਦਾ ਬਰਡਨਡ ਹਨ, ਉਨ੍ਹਾਂ ਦੇ ਨਾਂ ਹਨ : ਕੇਰਲ, ਵੈਸਟ ਬੰਗਾਲ ਅਤੇ ਪੰਜਾਬ। ਅਸੀਂ ਕਹਿ ਰਹੇ ਹਾਂ ਕਿ ਬੜਾ ਟਰਨ ਅਰਾਉਂਡ ਹੋ ਰਿਹਾ ਹੈ। ਇਹ ਗੱਲਾਂ ਕਰਕੇ ਅਸੀਂ ਗਵਰਨਰ ਸਾਹਿਬ ਰਾਹੀਂ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਗੱਲ ਕਰ ਰਹੇ ਹਾਂ। ਸਾਡੇ ਤੇ ਅੱਜ 78 ਹਜ਼ਾਰ ਕਰੋੜ ਰੁਪਏ ਦਾ ਕਰਜਾ ਹੈ। ਇੰਡਸਟਰੀ ਸਾਡੇ ਕੋਲ ਇੱਥੇ ਬਿਲਕੁਲ ਨਹੀਂ ਆਈ ਕਿਉਂਕਿ ਸਾਡੇ ਇੱਥੇ ਕੋਈ ਕੰਜ਼ੀਨਿਅਲ ਐਟਮਾਸਫੀਅਰ ਨਹੀਂ ਹੈ। ਅਸੀਂ ਕਹਿ ਰਹੇ ਹਾਂ ਕਿ ਬੜੀਆਂ ਇਨਵੈਸਟਮੈਂਟਸ ਆ ਰਹੀਆਂ ਹਨ। ਇਸ ਵੇਲੇ ਪੰਜਾਬ ਨੂੰ ਬਿਮਾਰ ਸਟੇਟ ਦਾ ਦਰਜਾ ਦਿੱਤਾ ਜਾ ਚੁੱਕਾ ਹੈ। ਸੈਂਟਰਲ ਗੌਰਮਿੰਟ ਦੇ ਕਮਿਸ਼ਨ ਰਾਹੀਂ ਇਹ ਸਾਰੀ ਪੜਤਾਲ ਹੋ ਕੇ ਇਹ ਸਾਰੇ ਫਿਗਰਜ਼ ਮੈਂ ਤੁਹਾਡੇ ਸਾਹਮਣੇ ਰੱਖੇ ਹਨ। ਇਸ ਦੇ ਨਾਲ-ਨਾਲ ਇਹ ਕਹਿ ਰਹੇ ਹਨ ਕਿ ਨੈਸ਼ਨਲ ਗ੍ਰੋਥ ਇਨਕ੍ਰੀਜ਼ ਹੋ ਰਹੀ ਹੈ। ਨੈਸ਼ਨਲ ਗ੍ਰੋਥ 4.1% ਹੈ ਅਤੇ ਪੰਜਾਬ ਦੀ 3.1% ਹੈ, ਅਸੀਂ ਨੈਸ਼ਨਲ ਗ੍ਰੋਥ ਤੋਂ ਵੀ ਥੱਲੇ ਹਾਂ। ਇਸੇ ਕਰਕੇ ਮੈਂ ਅਮੈਂਡਮੈਂਟ ਮੂਵ ਕੀਤੀ ਸੀ।

ਅਗਲੀ ਗੱਲ ਮੈਂ ਹੈਲਥ ਅਤੇ ਐਜੂਕੇਸ਼ਨ ਬਾਰੇ ਕਹਿਣੀ ਚਾਹੁੰਦਾ ਹਾਂ। ਬੜੇ ਟਾਲ ਕਲੇਮਜ਼ ਕੀਤੇ ਜਾ ਰਹੇ ਹਨ ਕਿ ਹੈਲਥ ਵਾਸਤੇ ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਸਰਕਾਰ ਨੇ ਬਹੁਤ ਕੁਝ ਕੀਤਾ ਹੈ। ਹੁਣੇ ਹੀ ਮੇਰੇ ਦੋਸਤ ਫਰਮਾ ਰਹੇ ਸੀ ਅਤੇ 108 ਐਂਬੂਲੈਂਸ ਵੈਨਾਂ ਬਾਰੇ ਗੱਲ ਕੀਤੀ ਗਈ ਸੀ। ਸਭ ਤੋਂ ਪਹਿਲਾਂ ਮੈਂ ਇਸ ਵਿੱਚ ਦਰੁੱਸਤੀ ਕਰਨੀ ਚਾਹੁੰਦਾ ਹਾਂ ਕਿ ਇਸ ਵਾਸਤੇ ਯੂ.ਪੀ.ਏ. ਗੌਰਮਿੰਟ ਦਾ ਥੈਂਕਸ ਕਰਨਾ ਚਾਹੁੰਦਾ ਹੈ ਜਿਨ੍ਹਾਂ ਨੇ ਇਹ ਸਕੀਮ ਨਾ ਸਿਰਫ਼ ਪੰਜਾਬ ਵਿੱਚ ਬਲਕਿ ਆਲ ਓਵਰ ਇੰਡੀਆ ਵਿੱਚ ਸਪਾਂਸਰ ਕੀਤੀ ਹੈ। Ambulance vans have been provided, sponsered and financed by the Government. ਦੂਸਰਾ, ਕੈਂਸਰ ਬਾਰੇ ਗੱਲ ਹੋਈ ਹੈ। ਮਾਲਵੇ ਵਿੱਚ ਕੈਂਸਰ ਇੱਕ ਬਹੁਤ ਵੱਡੀ ਬਿਮਾਰੀ ਹੈ। ਚੇਅਰਮੈਨ ਸਾਹਿਬ, ਸ਼ਾਇਦ ਤੁਹਾਨੂੰ ਪਤਾ ਹੋਵੇ ਕਿ ਇਸ ਕੈਂਸਰ ਦੇ ਇਲਾਜ ਵਾਸਤੇ ਬੀਕਾਨੇਰ ਤੋਂ ਇੱਕ ਟ੍ਰੇਨ ਚਲਦੀ ਹੈ, ਜਿਸ ਦਾ ਨਾਂ ਹੀ ਕੈਂਸਰ ਟ੍ਰੇਨ ਹੈ। ਚੀਫ਼ ਮਨਿਸਟਰ ਸਾਹਿਬ ਨੇ ਇਸ ਕੈਂਸਰ ਦੀ ਬਿਮਾਰੀ ਵਾਸਤੇ 20 ਕਰੋੜ ਰੁਪਏ ਦਾ ਫੰਡ ਮੁਹੱਈਆ ਕੀਤਾ ਹੈ ਲੇਕਿਨ ਉਸ ਵਿੱਚ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਤਕਰੀਬਨ 1850 ਬੰਦਿਆਂ ਦਾ ਇਲਾਜ ਹੋਇਆ ਅਤੇ ਜਿਹੜੀ ਐਵਰੇਜ਼ ਬਣਦੀ ਹੈ ਉਹ 1 ਲੱਖ 9 ਹਜ਼ਾਰ ਰੁਪਏ ਪਰ ਪੇਸ਼ੈਂਟ ਬਣਦੀ ਹੈ। ਕੀ ਇਹ ਮਹਿਸੂਸ ਕਰਦੇ ਹਨ ਕਿ ਇੱਕ ਲੱਖ ਰੁਪਏ ਨਾਲ ਕੈਂਸਰ ਦਾ ਇਲਾਜ ਕੀਤਾ ਜਾ ਸਕਦਾ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਇਹ mere ਆਈ ਵਾਸ਼ ਸੀ ਅਤੇ ਇਹ 1 ਲੱਖ 9 ਹਜ਼ਾਰ ਰੁਪਏ ਬਾਰੇ ਵੀ ਮੈਂ ਦੱਸਣਾ ਚਾਹਾਂਗਾ ਕਿ ਉਹ ਪੇਸ਼ੈਂਟ ਮੇਰੇ ਕਾਂਟੇਕਟ ਵਿੱਚ ਹਨ, ਉਹ ਜ਼ਿਲ੍ਹਾ ਫਿਰੋਜ਼ਪੁਰ, ਫਰੀਦਕੋਟ ਅਤੇ ਬਠਿੰਡੇ ਤੋਂ ਹਨ। ਉਨ੍ਹਾਂ ਦੀਆਂ ਜੁੱਤੀਆਂ ਟੁੱਟ ਜਾਂਦੀਆਂ ਹਨ ਜਦੋਂ ਉਹ ਇਹ ਪੈਸਾ ਲੈਣ ਵਾਸਤੇ ਦਫ਼ਤਰਾਂ ਵਿੱਚ ਥਾਂ-ਥਾਂ ਭਟਕਦੇ ਹਨ। ਮੇਰਾ ਖਿਆਲ ਹੈ ਕਿ ਜੇਕਰ ਉਨ੍ਹਾਂ ਨੂੰ 1 ਲੱਖ 9 ਹਜ਼ਾਰ ਰੁਪਿਆ ਮਿਲਦਾ ਹੈ ਤਾਂ ਇਸ ਵਿਚੋਂ 20 ਜਾਂ 25 ਹਜ਼ਾਰ ਰੁਪਿਆ ਤਾਂ ਉਨ੍ਹਾਂ ਦਾ ਲੱਗ ਜਾਂਦਾ ਹੈ ਤਾਂ ਕਿਤੇ ਜਾ ਕੇ ਉਨ੍ਹਾਂ ਨੂੰ ਇਹ ਪੈਸੇ ਮਿਲਦੇ ਹਨ। ਇਸੇ ਤਰ੍ਹਾਂ ਹੀ, ਚੇਅਰਮੈਨ ਸਾਹਿਬ, ਮੈਂ ਤੁਹਾਡੀ ਨਜ਼ਰ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਬਠਿੰਡੇ ਜ਼ਿਲ੍ਹੇ ਦੇ ਦੋ ਪਿੰਡ : ਗਿਆਨਾ ਅਤੇ ਝੱਜਲਵਿਲ ਹਨ। ਉਨ੍ਹਾਂ ਪਿੰਡਾਂ ਦਾ ਕੋਈ ਘਰ ਅਜਿਹਾ ਨਹੀਂ ਹੈ ਜਿੱਥੇ ਕੈਂਸਰ ਦਾ ਪੇਸ਼ੈਂਟ ਨਾ ਹੋਵੇ। ਇਹ ਜ਼ਿਲ੍ਹਾ ਮੁੱਖ ਮੰਤਰੀ ਸਾਹਿਬ ਦੇ ਪਰਿਵਾਰ ਦਾ ਆਪਣਾ ਜ਼ਿਲ੍ਹਾ ਹੈ, ਉਥੋਂ ਇਨ੍ਹਾਂ ਦੀ ਰੀਪ੍ਰੈਜ਼ੈਂਟੇਟਿਵ ਮੈਂਬਰ ਪਾਰਲੀਮੈਂਟ ਵੀ ਹੈ ਅਤੇ ਉਸ ਜ਼ਿਲ੍ਹੇ ਵਿੱਚ ਜੇਕਰ ਅਜਿਹੀ ਪਿਟੀਏਬਲ ਸਿਚੁਏਸ਼ਨ ਕ੍ਰੀਏਟ ਹੋ ਸਕਦੀ ਹੈ ਤਾਂ ਬਾਕੀ ਪੰਜਾਬ ਦਾ ਕੀ ਹਾਲ ਹੁੰਦਾ ਹੋਵੇਗਾ? ਇਸੇ ਤਰ੍ਹਾਂ ਹੀ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਾਲਵੇ ਵਿੱਚ ਅਤੇ ਖਾਸ ਕਰਕੇ ਬਾਰਡਰ ਏਰੀਏ ਵਿੱਚ ਡਰੱਗਜ਼ ਜਾਂ ਨਸ਼ਿਆਂ ਦਾ ਐਸਾ ਧੰਦਾ ਜਾਂ ਵਪਾਰ ਸ਼ੁਰੂ ਹੋਇਆ ਹੈ ਕਿ ਜੇ ਇੱਕ ਆਮ ਆਦਮੀ, ਰਿਕਸ਼ਾ ਵਾਲੇ ਨੂੰ ਪਤਾ ਹੈ ਜਾਂ ਦੁਕਾਨਦਾਰ ਨੂੰ ਪਤਾ ਹੈ ਕਿ ਫਲਾਣੇ ਮੋੜ ਤੇ ਡਰੱਗ ਮਿਲਦੀ ਹੈ ਜਾਂ ਨਸ਼ੇ ਦੀ ਦਵਾਈ ਮਿਲਦੀ ਹੈ ਤਾਂ ਕੀ ਪੁਲਿਸ ਵਾਲੇ ਨੂੰ ਜਾਂ ਉਥੋਂ ਦੇ ਵਿਧਾਇਕ ਜਾਂ ਲੋਕਲ ਮੌਜੂਦਾ ਸਰਕਾਰ ਦੇ ਅਫ਼ਸਰ ਜਾਂ ਸਿਆਸਤਦਾਨ ਨੂੰ ਇਸ ਚੀਜ਼ ਦਾ ਨਹੀਂ ਪਤਾ? ਮੈਂ ਪੁਰਜ਼ੋਰ ਤਰੀਕੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰਾ

[ਰਾਣਾ ਗੁਰਮੀਤ ਸਿੰਘ ਸੋਢੀ]

ਖਿਆਲ ਹੈ ਕਿ ਇਹ ਇੱਕ ਬਹੁਤ ਵੱਡਾ ਨੈਕਸਸ ਹੈ between the local politician, police officers and drug mafia, ਇਸ ਦੇ ਉਤੇ ਗੌਰ ਕੀਤਾ ਜਾਵੇ, ਨਹੀਂ ਤਾਂ ਸਾਡੇ ਪੰਜਾਬ ਦੀ ਜਿਹੜੀ ਨੌਜਵਾਨੀ ਹੈ, ਇਹ ਕੁੱਝ ਕੁ ਸਾਲਾਂ ਦੀ ਮਹਿਮਾਨ ਹੈ। ਉਹੀ ਮਾਝਾ ਜਿਥੋਂ ਦੇ ਨੌਜਵਾਨਾਂ ਨੂੰ ਜਦੋਂ ਆਰਮੀ ਵਿੱਚ ਭਰਤੀ ਕਰਨ ਵਾਸਤੇ ਜਾਈਦਾ ਸੀ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਇਹ ਗੱਲ ਚਲੀ ਆ ਰਹੀ ਹੈ ਕਿ ਜੋ ਮਾਝੇ ਦੇ ਲੋਕ ਸੀ, ਉਨ੍ਹਾਂ ਨੇ ਜਦੋਂ ਆਰਮੀ ਵਿੱਚ ਭਰਤੀ ਹੋਣਾ ਤਾਂ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਭਰਤੀ ਕੀਤਾ ਜਾਂਦਾ ਸੀ, ਲੇਕਿਨ ਅੱਜ ਉਸੇ ਥਾਂ ਤੇ ਹੀ ਡਰੱਗਜ਼ ਅਤੇ ਨਸ਼ਿਆਂ ਦੀ ਵਜ੍ਹਾ ਕਰਕੇ ਫਿਜੀਕਲ ਟੈਸਟ ਵਿੱਚ ਨੌਜਵਾਨ ਪਾਸ ਨਹੀਂ ਹੁੰਦੇ। ਜਿਹੜੇ ਆਰਮੀ ਕਮਾਂਡਰ ਜਾਂ ਅਫਸਰ ਹਨ, ਉਨ੍ਹਾਂ ਵਾਸਤੇ ਬੜਾ ਮੁਸ਼ਕਿਲ ਹੋਇਆ ਪਿਆ ਹੈ ਕਿ ਉਨ੍ਹਾਂ ਦੀ ਭਰਤੀ ਘੱਟ ਹੈ।

ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਹੀ ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਤੁਹਾਡਾ ਮੌਜੂਦਾ ਮੈਨੀਫੈਸਟੋ ਹੈ, ਉਸ ਵਿੱਚ ਹੈਲਥ ਦੇ ਹੈਡਿੰਗ ਦੇ ਥੱਲੇ ਮੈਨਸ਼ਨ ਕੀਤਾ ਹੈ ਕਿ ਅਸੀਂ 16 ਲੱਖ ਬਲਿਊ ਕਾਰਡ ਹੋਲਡਰਜ਼ ਨੂੰ ਦੋ ਲੱਖ ਰੁਪਏ ਦੀ ਫਰੀ ਮੈਡੀਕਲ ਏਡ ਦਿਆਂਗੇ, ਚਾਹੇ ਕਿਸੇ ਵੀ ਬਿਮਾਰੀ ਦਾ ਮਰੀਜ਼ ਹੋਵੇ। ਸਾਲ 2011-12 ਦੇ ਵਿੱਚ, ਅੱਜ ਸਦਨ ਵਿੱਚ ਸਾਡੇ ਪਿਛਲੇ ਫਾਈਨਾਂਸ ਮਨਿਸਟਰ ਸਾਹਿਬਾ ਨਹੀਂ ਹਨ, ਬੀਬੀ ਜੀ ਨੇ ਇਹ ਗੱਲ ਕੀਤੀ ਸੀ ਕਿ 14 ਲੱਖ ਬੀ.ਪੀ.ਐਲ. ਫੈਮਿਲੀਜ਼ ਹਨ, ਲੇਕਿਨ ਜਿਹੜੀ ਪਲਾਨਿੰਗ ਕਮਿਸ਼ਨ ਦਾ ਫਿਗਰ ਹੈ, ਉਹ 12 ਲੱਖ 50,000 ਦੀ ਹੈ। ਇਹ ਜਿਹੜੇ ਫਿਗਰਜ਼ ਹਨ, ਇਹ ਕੰਟਰਾਡਿਕਟਰੀ ਹਨ। ਮੇਰਾ ਖਿਆਲ ਹੈ ਕਿ ਇਹ ਸੂਏਟੇਬਿਲਟੀ ਆਫ ਕਨਵੀਨੀਐਂਸ ਨਾਲ ਹਨ, ਕਿ ਤੁਸੀਂ ਫਿਗਰ ਜ਼ਿਆਦਾ ਦੱਸੋ ਕਿਉਂਕਿ ਉਥੋਂ ਸੈਂਟਰ ਤੋਂ ਜੋ ਫੰਡਜ ਮੁਹੱਈਆ ਹੁੰਦੇ ਹਨ, ਉਹ ਜ਼ਿਆਦਾ ਫਿਗਰ ਨਾਲ ਆਉਂਦੇ ਹਨ। ਜਿਹੜੀ ਡਿਸਟ੍ਰੀਬਿਊਸ਼ਨ ਹੈ, ਉਹ ਘੱਟ ਫਿਗਰ ਵਿੱਚ ਜਾਂਦੀ ਹੈ ਔਰ ਜਿਹੜਾ ਬਾਕੀ ਦਾ ਪੈਸਾ ਹੈ, ਉਹ ਖੁਰਦ-ਬੁਰਦ ਹੁੰਦਾ ਹੈ ਜਾਂ ਉਹ ਦੇ ਬਾਰੇ ਸਰਕਾਰ ਹੀ ਦੱਸ ਸਕਦੀ ਹੈ।

ਹੁਣ ਮੈਂ ਐਜੂਕੇਸ਼ਨ ਦੀ ਗੱਲ ਕਰਨੀ ਚਾਹੁੰਦਾ ਹਾਂ। ਐਜੂਕੇਸ਼ਨ ਦੇ ਬਾਰੇ ਅੱਜ ਪਿੰਡ ਦੇ ਵਿੱਚ ਜੋ ਤੁਸੀਂ ਕਹਿ ਰਹੇ ਹੋ ਆਦਰਸ਼ ਸਕੂਲ ਖੋਲ੍ਹੇ ਹਨ ਅਤੇ ਗੌਰਮਿੰਟ ਸਕੂਲਾਂ ਦੇ ਵਿੱਚ ਬਹੁਤ ਕੁਝ ਕੀਤਾ ਹੈ। ਮੇਰੇ ਸਾਥੀ ਹੁਣੇ ਕਹਿ ਰਹੇ ਸੀ ਕਿ ਉਥੇ ਲੈਬਾਰਾਟਰੀਜ਼ ਵੀ ਅਤੇ ਹੋਰ ਕੰਪਿਊਟਰ ਇਕੁਵਿਪਮੈਂਟ ਵੀ ਮੁਹੱਈਆ ਕਰਵਾਏ ਗਏ ਹਨ। ਮੇਰਾ ਖਿਆਲ ਹੈ ਕਿ ਬਾਦਲ ਸਾਹਿਬ ਖੁਦ ਕਿਸੇ ਦਿਨ ਮੇਰੇ ਜ਼ਿਲ੍ਹੇ ਫਿਰੋਜ਼ਪੁਰ ਦੇ ਸਕੂਲਾਂ ਵਿੱਚ ਦੌਰਾ ਕਰ ਲੈਣ। ਮੈਨੂੰ ਦੱਸ ਦੇਣ ਕਿ ਉਥੇ ਕਿੰਨੇ ਸਕੂਲਾਂ ਦੇ ਵਿੱਚ ਲੈਬਾਰਟਰੀਜ਼ ਅਤੇ ਕੰਪਿਊਟਰ ਹਨ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ 24 ਲੱਖ ਸਟੂਡੈਂਟਸ ਤੋਂ ਡਰਾਪ ਹੋ ਕਿ ਅੱਜ 17 ਲੱਖ ਬੱਚੇ ਗੌਰਮਿੰਟ ਸਕੂਲਾਂ ਦੇ ਵਿੱਚ ਰਹਿ ਗਏ ਹਨ। ਪਹਿਲੀ ਗੱਲ ਤਾਂ ਹੁਣੇ ਬੈਂਸ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਕਿ ਜੇ ਇਨ੍ਹਾਂ ਸਕੂਲਾਂ ਦੀ ਇੰਨੀ ਚੰਗੀ ਹਾਲਤ ਹੈ ਤਾਂ ਕੀ ਉਥੇ ਆਮ ਵਿਅਕਤੀ ਦੇ ਬੱਚੇ

ਦੀ ਥਾਂ ਸਾਡੇ ਬੱਚੇ ਨਹੀਂ ਪੜ੍ਹ ਸਕਦੇ? ਜੇ ਸਕੂਲ ਚੰਗੇ ਹੋਣ, ਜੇ ਉਥੇ ਟੀਚਰ ਚੰਗੇ ਹੋਣ, ਰੈਗੂਲਰ ਆਉਣ, ਇਕੁਵਿਪਮੈਂਟ ਹੋਵੇ ਤਾਂ ਮੇਰਾ ਖਿਆਲ ਹੈ ਕਿ ਬੱਚੇ ਨੂੰ ਉੱਥੇ ਪੜ੍ਹਨ ਵਿੱਚ ਫਿਰ ਕੋਈ ਪ੍ਰਾਬਲਮ ਨਹੀਂ ਹੈ। ਲੇਕਿਨ ਇਹ ਸਾਰੀਆਂ ਗੱਲਾਂ ਤੋਂ ਇਹ ਸਾਰੇ ਸਕੂਲ ਵਾਂਝੇ ਹਨ। ਉਥੇ ਕੋਈ ਐਸੀਆਂ ਸਹੂਲਤਾਂ ਨਹੀਂ ਹਨ। ਉਥੇ ਅੱਜ ਦੇ ਹਾਲਾਤ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਹ ਅੱਜ ਦੀ ਅਖਬਾਰ ਹੈ। (ਅਖਬਾਰ ਦਿਖਾਉਂਦੇ ਹੋਏ।) ਫਰਨੀਚਰ ਨਾਂ ਦੀ ਕੋਈ ਸਹੂਲਤ ਉਥੇ ਨਹੀਂ ਹੈ, ਬੱਚੇ ਥੱਲੇ ਹੀ ਬੈਠੇ ਹਨ, ਕੋਈ ਉਨ੍ਹਾਂ ਕੋਲ ਬਿਜਲੀ ਨਹੀਂ ਹੈ, ਕੋਈ ਟੌਆਇਲਟਸ ਨਹੀਂ ਹਨ। ਜੇ ਸਾਡੇ ਪੰਜਾਬ ਦੇ ਬਚਪਨ ਨੂੰ ਹੀ ਅਸੀਂ ਇਸ ਤਰ੍ਹਾਂ ਦੀ ਐਜੂਕੇਸ਼ਨ ਦਿਆਂਗੇ ਤਾਂ ਫਿਰ ਅਸੀਂ ਉਨ੍ਹਾਂ ਤੋਂ ਕੀ ਉਮੀਦ ਕਰ ਸਕਦੇ ਹਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਕਿੱਥੇ ਪਹੁੰਚਣਗੇ, ਉਹ ਸਾਡੇ ਸੂਬੇ ਜਾਂ ਦੇਸ਼ ਦਾ ਨਾਂ ਕਿਸ ਤਰ੍ਹਾਂ ਅੱਗੇ ਲੈ ਕੇ ਜਾਣਗੇ? ਇਹ ਐਜੂਕੇਸ਼ਨ ਦਾ ਹਾਲ ਹੈ।

ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਹੀ ਕਹਿੰਦੇ ਹਨ ਕਿ ਪੁਰਾਣੀ ਗੱਲ ਨਾ ਕਰੋ। ਲੇਕਿਨ ਪੁਰਾਣੀ ਗੱਲ ਕਰਨੀ ਪੈਂਦੀ ਹੈ। ਇਸ ਕਰਕੇ ਕਿ ਜੇ ਪੁਰਾਣੀ ਗੱਲ ਨਹੀਂ ਕਰਾਂਗੇ ਤਾਂ ਅੱਗੇ ਵਧਣਾ ਮੁਸ਼ਕਿਲ ਹੋ ਜਾਂਦਾ ਹੈ। ਪੁਰਾਣੀ ਗੱਲ ਇਹ ਹੈ ਕਿ ਅਕਾਲੀ ਦਲ ਨੇ 1966 ਵਿੱਚ ਪੰਜਾਬ ਦੀ ਦੂਹਰੀ ਵਾਰੀ ਵੰਡ ਕੀਤੀ। ਲਾਹੌਲ ਸਪਿਤੀ ਤੋਂ ਲੈ ਕੇ ਦਿੱਲੀ ਤੱਕ ਪੰਜਾਬ ਸੀ। ਅੱਜ ਉਸ ਵੰਡ ਦਾ ਖਮਿਆਜ਼ਾ ਸਾਨੂੰ ਭੁਗਤਣਾ ਪੈ ਰਿਹਾ ਹੈ। ਉਦੋਂ ਕਈ ਲੋਕ ਸਾਡੇ ਸ਼ਹੀਦ ਹੋਏ ਜਾਂ ਉਨ੍ਹਾਂ ਨੇ ਆਪਣੇ ਆਪ ਨੂੰ ਮੌਤ ਦੇ ਸਾਹਮਣੇ ਖੜ੍ਹਾ ਕੀਤਾ, ਪਾਣੀਆਂ ਦੇ ਮਸਲੇ ਖੜ੍ਹੇ ਹੋਏ ਅਤੇ ਚੰਡੀਗੜ੍ਹ ਦਾ ਮਸਲਾ ਖੜ੍ਹਾ ਹੋਇਆ। ਕੋਈ ਐਸੀ ਪਾਰਟੀ ਜਾਂ ਕੋਈ ਐਸੀ ਕਮਿਊਨਟੀ ਨਹੀਂ ਹੈ, ਜਿਹੜੀ ਕਿ ਕਨਟ੍ਰੈਕਸ਼ਨ ਮੰਗੇ, ਅਸੀਂ ਹਮੇਸ਼ਾ ਆਪਣੀ ਐਕਸਟੈਨਸ਼ਨ ਵਾਸਤੇ ਗੱਲ ਕਰਦੇ ਹਾਂ। ਜ਼ਿੰਮੀਦਾਰ ਵੀ ਕਹਿੰਦਾ ਹੈ ਕਿ ਮੇਰੇ ਇਹ ਦੋ ਖੇਤ ਹਨ, ਜੇ ਮੈਨੂੰ ਨਾਲ ਦਾ ਖੇਤ ਵੀ ਮਿਲ ਜਾਵੇ ਤਾਂ ਮੇਰਾ ਖੇਤ ਵੱਡਾ ਹੋ ਜਾਵੇਗਾ। ਲੇਕਿਨ ਅਸੀਂ ਐਡੇ ਵੱਡੇ ਪੰਜਾਬ ਨੂੰ ਛੋਟਾ ਜਿਹਾ ਪੰਜਾਬੀ ਸੂਬਾ ਬਣਾਕੇ ਜਿਹੜੇ ਅਸੀਂ ਆਪਣੇ ਗੱਲ ਗਲੇਵੇਂ ਪਾਏ ਹਨ...

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਬੜਾ ਦੁੱਖ ਆਉਂਦਾ ਹੈ ਕਿ "ਛੱਜ ਤਾਂ ਬੋਲੇ, ਛਾਨਣੀ ਕੀ ਬੋਲੇ।" ਅਸੀਂ ਤਾਂ ਪੰਜਾਬੀ ਸੂਬਾ ਮੰਗਿਆ ਸੀ ਬੋਲੀ ਦੇ ਆਧਾਰ ਤੇ। ਹਿੰਦੁਸਤਾਨ ਦੇ ਬਹੁਤ ਸਾਰੇ ਸੂਬੇ ਬੋਲੀ ਦੇ ਆਧਾਰ ਤੇ ਬਣਾਏ ਗਏ ਸਨ। ਕੇਵਲ ਜਿਹੜਾ ਵਿਤਕਰਾ ਕੀਤਾ ਗਿਆ ਸੀ ਤਾਂ ਪੰਜਾਬ ਨਾਲ, ਪੰਜਾਬੀ ਮਾਂ ਬੋਲੀ ਨੂੰ ਪੰਜਾਬੀ ਸੂਬਾ ਬਣਾਉਣ ਲਈ ਪਹਿਲਾਂ ਸਾਨੂੰ 1955 ਵਿੱਚ ਮੋਰਚਾ ਲਗਾਉਣਾ ਪਿਆ, ਫਿਰ 1960 ਵਿੱਚ ਔਰ 57,000 ਬੰਦਾ ਜ਼ੇਲ੍ਹਾਂ ਵਿੱਚ ਗਿਆ ਔਰ ਫਿਰ 1965 ਵਿੱਚ ਪਾਕਿਸਤਾਨ ਨਾਲ ਲੜਾਈ ਹੋਈ ਔਰ 1965 ਦੀ ਲੜਾਈ ਵਿੱਚ ਪੰਜਾਬੀਆਂ ਨੇ ਬਹੁਤ ਵੱਡਾ ਸਾਥ ਦਿੱਤਾ। ਇੰਨਾ ਦੁੱਖ ਸਹਿੰਦੇ ਹੋਏ ਵੀ ਫੌਜੀਆਂ ਨੂੰ ਸਰਹੱਦਾਂ ਤੇ ਜਾ ਕੇ ਰੋਟੀ ਦਿੱਤੀ ਔਰ ਉਸ ਤੋਂ ਖੁਸ਼ ਹੋ ਕੇ ਸ਼ਾਸਤਰੀ ਜੀ ਨੇ ਸਾਡੀ ਇਸ ਗੱਲ ਨੂੰ ਪ੍ਰਵਾਨ ਕੀਤਾ। ਜਿਹੜੀ ਪਾਰਲੀਮੈਂਟ ਦੀ ਕਮੇਟੀ ਬਣੀ ਸੀ ਕਿ ਬੋਲੀ ਦੇ ਆਧਾਰ ਤੇ ਸੂਬਾ ਬਣਾਉਣਾ ਚਾਹੀਦਾ ਹੈ ਉਹ ਬਣਾਇਆ ਗਿਆ ਤੇ ਜਿਹੜੀ ਕਾਂਗਰਸ

[ਖੇਤੀਬਾੜੀ ਮੰਤਰੀ]

ਪਾਰਟੀ ਹੈ, ਜਿਸ ਨੂੰ ਲੋਕ ਪਿੰਡਾਂ ਵਿੱਚ ਅਬਦਾਲੀ ਦੀ ਪਾਰਟੀ ਕਹਿੰਦੇ ਹਨ, ਉਸ ਨੇ ਸਾਡੇ ਪੰਜਾਬੀ ਬੋਲਦੇ ਇਲਾਕੇ ਬਾਹਰ ਕੱਢ ਦਿਤੇ। ਅਸੀਂ ਕਹਿੰਦੇ ਹਾਂ ਸਾਨੂੰ ਪੰਜਾਬੀ ਬੋਲਦੇ ਇਲਾਕੇ ਦਿਓ, ਸਾਡੇ ਨਾਲ ਚੱਲੇ।

ਰਾਣਾ ਗੁਰਮੀਤ ਸਿੰਘ ਸੋਢੀ : ਮੈਂ ਗੱਲ ਪੰਜਾਬ ਦੀ ਕਰ ਰਿਹਾਂ ਹਾਂ ਕਿ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ। ਪੰਜਾਬ ਦਾ ਨਾਂ ਲੈਂਦੇ ਇਨਸਾਨ ਦਾ ਸੀਨਾ ਚੌੜਾ ਹੁੰਦਾ ਹੈ। ਖਾਸਕਰ ਪੰਜਾਬੀਆਂ ਦਾ ਤਾਂ ਹੁੰਦਾ ਹੀ ਹੈ। ਜਦੋਂ ਤੁਸੀਂ ਹਿੰਦੁਸਤਾਨ ਦੇ ਕਿਸੇ ਕੋਨੇ ਵਿੱਚ ਜਾ ਕੇ ਪੰਜਾਬ ਦਾ ਨਾਂ ਲੈਂਦੇ ਹੋ, ਚੇਅਰਮੈਨ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਜੋ ਮੈਂ ਇਹ ਗੱਲਾਂ ਕਹਿ ਰਿਹਾ ਹਾਂ ਇਹ ਤੱਥ ਹਨ, ਸੱਚ ਹਨ ਔਰ ਅੱਜ ਸਾਡੇ ਪੰਜਾਬ ਦੇ ਵਿੱਚ ਬੀ.ਪੀ.ਐਲ. ਫੈਮਲੀਜ਼ ਵਿੱਚ ਵਾਧਾ ਹੋ ਰਿਹਾ ਹੈ। ਉਹ ਪੰਜਾਬ ਜਿਹੜਾ ਹਿੰਦੁਸਤਾਨ ਲਈ 70% ਲੋਕਾਂ ਨੂੰ ਖਾਣਾ ਦੇ ਰਿਹਾ ਸੀ, ਅੱਜ ਅਸੀਂ ਆਪਣੀਆਂ ਕਮਜ਼ੋਰੀਆਂ ਕਰਕੇ ਇੱਥੇ ਹਾਂ। ਬਾਦਲ ਸਾਹਿਬ ਹੁਣ ਇੱਥੇ ਬੈਠੇ ਹਨ। ਜਦੋਂ ਮੈਂ ਬੋਲਣਾ ਸ਼ੁਰੂ ਕੀਤਾ ਸੀ, ਇਹ ਬੈਠੇ ਨਹੀਂ ਸੀ, ਮੈਂ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਇਹ 5ਵੀਂ ਵਾਰ ਮੁੱਖ ਮੰਤਰੀ ਬਣੇ ਹਨ ਲੇਕਿਨ 45 ਸਾਲ, ਜਦੋਂ ਦਾ ਪੰਜਾਬੀ ਸੂਬਾ ਬਣਿਆ ਹੈ, ਅਸੀਂ ਲੋਕਾਂ ਨੂੰ ਕੀ ਦਿੱਤਾ ਹੈ? ਅਸੀਂ ਲੋਕਾਂ ਨੂੰ ਦਿੱਤੀ ਹੈ ਭੁੱਖ? ਅਸੀਂ ਲੋਕਾਂ ਨੂੰ ਦਿੱਤਾ ਹੈ ਟੈਰੇਰਿਜ਼ਮ? ਅਸੀਂ ਲੋਕਾਂ ਨੂੰ ਦਿੱਤਾ ਹੈ ਮਾੜਾ ਲਾਅ ਅਤੇ ਆਰਡਰ? ਅਸੀਂ ਇਸ ਤੋਂ ਇਲਾਵਾ ਲੋਕਾਂ ਨੂੰ ਕੁਝ ਨਹੀਂ ਦੇ ਸਕੇ। ਅੱਜ ਬਾਦਲ ਸਾਹਿਬ ਸੰਗਤ ਦਰਸ਼ਨ ਵਾਸਤੇ ਜਾਂਦੇ ਹਨ, ਜੇ ਵਧੀਆ ਗਵਰਨੈਂਸ ਹੋਵੇ, ਜੇ ਤੁਹਾਡਾ ਵਧੀਆ ਗਵਰਨੈਂਸ ਹੈ, ਟਰਾਂਸਪੇਰੈਂਸੀ ਹੈ, ਕਰੈਡੇਬਿਲਿਟੀ ਹੈ, ਏਬਿਲਿਟੀ ਹੈ ਤਾਂ ਫਿਰ ਤੁਹਾਨੂੰ ਸੰਗਤ ਦਰਸ਼ਨ ਕਰਨ ਦੀ ਲੋੜ ਨਹੀਂ ਹੈ। ਲੋਕ ਖੁਦ-ਬ-ਖੁਦ ਤੁਹਾਡੇ ਕੋਲ ਆਪਣੇ ਆਪ ਆਉਂਦੇ ਹਨ ਨਾ ਕਿ ਤੁਹਾਨੂੰ ਦੱਸਣਾ ਪੈਂਦਾ ਹੈ ਕਿ ਮੈਂ ਅੱਜ ਸੰਗਤ ਦਰਸ਼ਨ ਲਈ ਜਾ ਰਿਹਾ ਹਾਂ।

ਸ਼੍ਰੀ ਸਭਾਪਤੀ : ਸਮ ਅਪ ਕਰੋ ਜੀ।

ਰਾਣਾ ਗੁਰਮੀਤ ਸਿੰਘ ਸੋਢੀ : ਮੈਂ ਸਮ ਅਪ ਹੀ ਕਰ ਰਿਹਾ ਹਾਂ ਜੀ। ਇਸੇ ਤਰ੍ਹਾਂ ਜਿਹੜਾ ਪਬਲਿਕ ਡਿਸਟ੍ਰਿਬੀਊਸ਼ਨ ਸਿਸਟਮ ਹੈ, ਗਰੀਬ ਆਦਮੀ ਦੀ ਬੜੀ ਇਹ ਮਜਬੂਰੀ ਹੈ ਕਿ ਜੇਕਰ ਪਬਲਿਕ ਡਿਸਟ੍ਰਿਬੀਊਸ਼ਨ ਸਹੀ ਨਾ ਹੋਵੇ ਤਾਂ ਉਸਨੂੰ ਰੋਟੀ-ਪਾਣੀ, ਆਟਾ-ਦਾਲ, ਚੀਨੀ ਤੇ ਕੈਰੋਸਿਨ ਆਇਲ, ਜਿਹੜਾ ਕਿ ਸੈਂਟਰਲ ਗੌਰਮਿੰਟ ਕੋਲੋਂ ਮੁਹੱਈਆ ਹੁੰਦਾ ਹੈ ਉਸ ਤੋਂ ਅਸੀਂ ਵਾਂਝੇ ਰੱਖਦੇ ਹਾਂ। ਅੱਜ ਸਾਡਾ ਪਬਲਿਕ ਡਿਸਟ੍ਰਿਬੀਊਸ਼ਨ ਸਿਸਟਮ ਪੰਜਾਬ ਦੇ ਵਿੱਚ ਇੰਨਾ ਬੁਰਾ ਹੋ ਗਿਆ ਹੈ। ਸਾਡੇ ਸੀ. ਐਲ. ਪੀ ਲੀਡਰ ਨੇ ਗੱਲ ਕੀਤੀ ਸੀ ਕਿ 23 ਕਰੋੜ ਲੀਟਰ ਮਿੱਟੀ ਦੇ ਤੇਲ ਦਾ ਸਕੈਮ ਹੈ। ਅੱਜ ਮੇਰਾ ਖਿਆਲ ਕਿ ਤਿੰਨ ਵਾਰ ਇਸ ਸਦਨ ਵਿੱਚ ਗੱਲ ਹੋ ਚੁੱਕੀ ਲੇਕਿਨ ਹਾਲੇ ਤੱਕ ਉਸ ਤੇ ਕੋਈ ਐਕਸ਼ਨ ਨਹੀਂ ਹੋਇਆ, ਕੋਈ ਇਨਕੁਆਇਰੀ ਨਹੀਂ ਹੋਈ, ਕੋਈ ਰਿਪੋਰਟ ਸਦਨ ਦੇ ਵਿੱਚ ਪੇਸ਼ ਨਹੀਂ ਹੋਈ। ਸੋ, ਇਸ ਬਾਰੇ ਵੀ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕੱਲ੍ਹ ਮੇਰੇ ਸਾਥੀ ਵਿਰਸਾ ਸਿੰਘ ਵਲਟੋਹਾ ਜੀ ਨੇ

ਗੱਲ ਕੀਤੀ ਸੀ ਕਿ ਬਾਦਲ ਸਾਹਿਬ ਨੇ ਬਹੁਤ ਮਿਹਨਤ ਕੀਤੀ, ਉਹ ਸੈਂਟਰ ਗੌਰਮਿੰਟ ਕੋਲ ਜਾਂਦੇ ਹਨ, ਉਥੇ ਪ੍ਰਾਈਮ ਮਨਿਸਟਰ ਨੂੰ ਮਿਲਦੇ ਹਨ, ਯੂਨੀਅਨ ਮਨਿਸਟਰਜ਼ ਨੂੰ ਮਿਲਦੇ ਹਨ ਔਰ ਉਥੋਂ ਪੰਜਾਬ ਦੀ ਡਿਵੈਲਪਮੈਂਟ ਲਈ ਬਹੁਤ ਵੱਡੀ ਤਾਦਾਦ ਵਿੱਚ ਪੈਸੇ ਵੀ ਲੈ ਕੇ ਆਉਂਦੇ ਹਨ। ਉਸ ਨੂੰ ਇਹ ਆਪ ਹੀ ਕਾਂਟਰਾਡਿਕਟ ਕਰ ਰਹੇ ਹਨ ਕਿਉਂਕਿ ਦੂਸਰੇ ਪਾਸੇ ਕਹਿ ਰਹੇ ਹਨ ਕਿ ਸਾਡੇ ਨਾਲ ਹਮੇਸ਼ਾ ਹੀ ਸੈਂਟਰ ਗੌਰਮਿੰਟ ਨੇ ਸਟੈਪ ਮਦਰਲੀ ਟਰੀਟਮੈਂਟ ਕੀਤਾ, ਵਿਤਕਰਾ ਕੀਤਾ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਯੂ.ਪੀ.ਏ. ਚੇਅਰਪਰਸਨ ਦਾ ਅਤੇ ਡਾਕਟਰ ਮਨਮੋਹਨ ਸਿੰਘ ਜੀ ਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਹੈ ਕਿ ਇਹ ਜਦੋਂ ਵੀ ਗਏ ਹਨ ਉਨ੍ਹਾਂ ਨੇ ਇਨ੍ਹਾਂ ਨੂੰ ਕਦੇ ਵੀ ਸੱਖਣਾ ਨਹੀਂ ਵਾਪਸ ਕੀਤਾ। ਜੋ ਇਨ੍ਹਾਂ ਨੇ ਮੰਗਿਆ, ਜੋ ਪੈਸੇ ਮੰਗੇ, ਜੋ ਸਕੀਮਾਂ ਮੰਗੀਆਂ, ਉਸ ਵਿੱਚ ਉਨ੍ਹਾਂ ਨੇ ਪੰਜਾਬ ਦੀ ਹਮੇਸ਼ਾ ਮਦਦ ਕੀਤੀ। ਕਾਂਗਰਸ ਪਾਰਟੀ ਨੇ ਅੱਜ ਤੱਕ, ਚਾਹੇ ਉਹ ਟੈਰੋਰਿਜ਼ਮ ਦੇ ਦਿਨ ਸਨ, ਚਾਹੇ ਕੋਈ ਇਕਾਨਾਮੀਕਲੀ ਸਾਡੇ ਤੇ ਭਾਰ ਪਿਆ, ਪੰਜਾਬ ਵਿੱਚ ਸ਼ਾਂਤੀ ਸਥਾਪਿਤ ਕਰਨ ਲਈ ਅਤੇ ਕਮਿਊਨਲ ਹਾਰਮੋਨੀ ਵਾਸਤੇ ਸੈਂਟਰ ਗੋਰਮਿੰਟ ਨੇ ਸਾਡੀ ਮਦਦ ਕੀਤੀ ਹੈ। ਇਸੇ ਤਰ੍ਹਾਂ ਮੈਂ ਜਿਹੜੀ ਤੁਹਾਡੇ ਸਾਹਮਣੇ ਗੱਲ ਕਰ ਰਿਹਾ ਹਾਂ ਇਹ ਗੱਲ ਇਧਰੋਂ ਬੜੇ ਜ਼ੋਰ ਨਾਲ ਚੱਲ ਰਹੀ ਹੈ ਕਿ ਸਾਨੂੰ ਬਹੁਤ ਵੱਡਾ ਮੈਨਡੇਟ ਮਿਲਿਆ ਹੈ। ਇਹ ਮੈਨਡੇਟ ਦੀ ਗੱਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਨਾ ਤਾਂ ਆਪਣੀ ਪਰਫਾਰਮੈਂਸ ਤੇ ਵਾਪਸ ਆਈ ਹੈ ਅਤੇ ਨਾ ਹੀ ਲੋਕਾਂ ਦੀ ਖੁਸ਼ੀ ਨਾਲ ਵਾਪਸ ਆਈ ਹੈ। ਇਹ ਤਾਂ ਮਹਿਜ਼ ਇਕ ਹਾਦਸਾ ਹੈ। .. (ਹਾਸਾ) it is just an accident. ਹਾਦਸੇ ਤੋਂ ਵੱਧ ਕੁਝ ਵੀ ਨਹੀਂ। ਤੁਸੀਂ ਹੱਸ ਲਓ, ਇਹ ਹੱਸਣ ਦਾ ਸਮਾਂ ਹੈ, it is a pure accident. ਮੈਂ ਤੁਹਾਨੂੰ ਫਿਗਰਜ਼ ਦੱਸ ਦਿੰਦਾ ਹਾਂ ਕਿ ਤੁਹਾਨੂੰ ਕਿੰਨੀਆਂ ਵੋਟਾਂ ਪਈਆਂ ਹਨ। ਕੁੱਲ 40.11% ਵੋਟਿੰਗ ਕਾਂਗਰਸ ਪਾਰਟੀ ਨੂੰ ਹੋਈ ਹੈ ਅਤੇ ਅਕਾਲੀ ਦਲ ਨੂੰ 34.75% ਵੋਟਾਂ ਮਿਲੀਆਂ ਹਨ ਔਰ, ਚੇਅਰਮੈਨ ਸਾਹਿਬ, 11 ਸੀਟਾਂ ਤੇ ਇਨ੍ਹਾਂ ਦੇ ਜੋ ਉਮੀਦਵਾਰ ਜਿੱਤੇ ਹਨ, ਉਹ ਕੋਈ 31 ਵੋਟਾਂ ਤੋਂ, ਕੋਈ 34 ਵੋਟਾਂ ਤੋਂ ਜਿੱਤ ਕੇ ਆਏ ਹਨ।

(ਅਵਾਜ਼ਾਂ : ਜੋ ਜੀਤਾ ਵੋਹੀ ਸਿਕੰਦਰ)

ਜੋ ਜੀਤਾ ਵੋਹੀ ਸਿਕੰਦਰ ਵਾਲੀ ਗੱਲ ਨਹੀਂ ਹੈ।

ਸ਼੍ਰੀ ਸਭਾਪਤੀ : ਸੋਢੀ ਸਾਹਿਬ, ਤੁਹਾਡਾ ਟਾਈਮ ਪੂਰਾ ਹੋ ਗਿਆ ਹੈ। ਹੁਣ ਸਮਾਪਤ ਕਰੋ ਜੀ। ਹੋਰ ਵੀ ਕਾਫੀ ਬੁਲਾਰੇ ਹਨ, ਉਨ੍ਹਾਂ ਨੇ ਵੀ ਬੋਲਣਾ ਹੈ।

ਰਾਣਾ ਗੁਰਮੀਤ ਸਿੰਘ ਸੋਢੀ :11 ਸੀਟਾਂ ਤੇ ਜਿਹੜਾ ਮਾਰਜ਼ਨ ਹੈ, ਉਹ 700-800 ਵੋਟਾਂ ਦਾ ਹੀ ਹੈ। ਇਸ ਨੂੰ ਇਹ ਬਹੁਤ ਭਾਰੀ ਮੈਨਡੇਟ ਕਹਿ ਰਹੇ ਹਨ। ਮੈਨਡੇਟ ਤਾਂ ...... (ਵਿਘਨ) .....ਚਲੋ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਜੋ ਸੱਚੇ ਪਾਤਸ਼ਾਹ ਕਰਦਾ ਹੈ, ਉਹ ਠੀਕ ਹੁੰਦਾ ਹੈ, ਉਸਦਾ ਹੁਕਮ ਹੈ।

ਸ਼੍ਰੀ ਸਭਾਪਤੀ : ਹੁਣ ਸਮਾਪਤ ਕਰੋ ਜੀ।

ਰਾਣਾ ਗੁਰਮੀਤ ਸਿੰਘ ਸੋਢੀ : ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਬਾਦਲ ਸਾਹਿਬ, ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਹਨ। ਮੇਰੀ ਇਨ੍ਹਾਂ ਨੂੰ ਇਹੀ ਗੁਜ਼ਾਰਿਸ਼ ਹੈ ਕਿ ਲੋਕਾਂ ਨੇ ਇਨ੍ਹਾਂ ਤੇ ਵਿਸ਼ਵਾਸ ਕੀਤਾ ਹੈ, ਭਾਵੇਂ ਕਿ ਇਹ ਮਹਿਜ਼ ਹਾਦਸੇ ਨਾਲ ਹੀ ਜਿੱਤੇ ਹਨ। ਹੁਣ ਇਹ ਲੋਕਾਂ ਨੂੰ ਨਿਰਾਸ਼ ਨਾ ਕਰਨ। ਜਿਹੜੀ ਇਨ੍ਹਾਂ ਦੀ ਵੈਨਡੇਟਾ ਪਾਲਿਟਿਕਸ ਹੈ........(ਵਿਘਨ)........

Revenue and Rehabilitation, Information and Public Relation, Non Conventional Energy and N.R.I. Affairs Minister (Sardar Bikram Singh Majithia) : He does not believe in the People's mandate.

Rana Gurmit Singh Sodhi : Yes, I don't believe in this mandate, it is an accident. A person winning on 31 votes......... (interrution).........

Revenue and Rehabilitation, Information and Public Relation, Non Conventional Energy and N.R.I. Affairs Minister (Sardar Bikram Singh Majithia) : It is made on people's vote.

ਸ਼੍ਰੀ ਸਭਾਪਤੀ : ਸੋਢੀ ਸਾਹਿਬ, ਤੁਸੀਂ ਛੇਤੀ ਕਨਕਲੂਡ ਕਰੋ। ਮਜੀਠੀਆ ਜੀ, ਪਲੀਜ਼ ਬੈਠੋ।

Rana Gurmit Singh Sodhi : I am concluding my speech. ਇਨ੍ਹਾਂ ਦੇ ਮੈਨੀਫੈਸਟੋ ਵਿਚ ਫਰਕ ਹੈ। ਇਸ ਵਿਚ 250 ਯੂਨਿਟ ਬਿਜਲੀ ਦੇ ਲੋਕਾਂ ਨੂੰ ਫਰੀ ਦੇਣ ਦਾ ਵਾਅਦਾ ਕੀਤਾ ਗਿਆ ਹੈ ਜਦੋਂ ਕਿ ਗਵਰਨਰ ਐਡਰੈਸ ਵਿਚ 200 ਯੂਨਿਟ ਫਰੀ ਦੇਣ ਦੀ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਹੈ ਕਿ ਅਸੀਂ ਬੇਰੋਜ਼ਗਾਰੀ ਭੱਤਾ ਦੇਵਾਂਗੇ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਦੋਂ ਇਹ ਆਪਣਾ ਜਵਾਬ ਦੇਣ ਤਾਂ ਉਸ ਵਿੱਚ ਇਹ ਜ਼ਰੂਰ ਦੱਸਣ ਕਿ ਇਹ ਕਿਸ ਡੇਟ ਤੋਂ ਦੇਣਾ ਸ਼ੁਰੂ ਕਰਨਗੇ? What is the cut out time for that. ਇਹ ਜਿਹੜਾ ਮੈਨੀਫੈਸਟੋ ਹੈ it is just a bunch of papers, nothing beyond this, ਇਸ ਵਿੱਚ ਕੋਈ ਸਚਾਈ ਨਹੀਂ ਹੈ, ਇਹ ਪਬਲਿਕ ਨੂੰ ਵੂ ਕਰਨ ਵਾਸਤੇ ਫਿਗਰਜ਼ ਨੂੰ ਇਨਫਲੇਟ ਕੀਤਾ ਗਿਆ ਹੈ। ਮੈਂ ਇਸ ਸਦਨ ਵਿੱਚ ਜੋ ਰਾਜਪਾਲ ਜੀ ਨੇ ਭਾਸ਼ਣ ਦਿੱਤਾ ਹੈ, ਉਸ ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸਮੁੱਚੇ ਤੌਰ ਤੇ ਰੱਦ ਕਰਦਾ ਹਾਂ। ਇਹ ਪਹਿਲੀ ਵਾਰੀ ਜਾਂ ਦੂਜੀ ਵਾਰੀ ਮੁੱਖ ਮੰਤਰੀ ਬਣੇ ਸਨ। ਮੈਨੂੰ ਇੱਕ ਗੱਲ ਯਾਦ ਆ ਗਈ। ਚੇਅਰਮੈਨ ਸਾਹਿਬ, ਇੱਕ ਸੱਜਣ ਸੀ, ਉਹ ਚੂੜੀਆਂ ਦੀ ਪੰਡ ਮੋਢੇ ਤੇ ਚੁੱਕ ਕੇ ਲਈ ਜਾ ਰਿਹਾ ਸੀ। ਉਸ ਨੂੰ ਰਸਤੇ ਵਿੱਚ ਮਾਝੇ ਦਾ ਇੱਕ ਜਰਨੈਲ ਮਿਲਿਆ। ਉਸ ਨੇ ਉਸ ਦੇ ਮੋਢੇ ਤੇ ਹੱਥ ਮਾਰ ਕੇ ਪੁੱਛਿਆ ਕਿ ਸੁਣਾ ਬਈ ਇਹ ਕੀ ਹੈ? ਉਸ ਨੇ ਕਿਹਾ ਕਿ ਜੇ ਤੂੰ ਇੱਕ ਵਾਰ ਇਸੇ ਤਰ੍ਹਾਂ ਹੀ ਮੋਢੇ ਤੇ ਹੱਥ ਮਾਰ ਕੇ ਫੇਰ ਪੁੱਛ ਲਵੇਂ ਤਾਂ ਫੇਰ ਕੁਝ ਵੀ ਨਹੀਂ ਹੈ। ਸੋ, ਇਸ ਕਰਕੇ

ਇਨ੍ਹਾਂ ਨੇ ਇੱਕ ਵਾਰੀ ਜੋ ਕੁਝ ਕੀਤਾ ਹੈ, ਉਹ ਤਾਂ ਹੋ ਗਿਆ। ਜੇਕਰ ਹੁਣ ਵੀ ਪਹਿਲੇ ਵਰਗਾ ਕੰਮ ਕਰ ਦਿੱਤਾ ਤਾਂ ਪੰਜਾਬ ਨਹੀਂ ਰਹਿਣਾ, ਪੰਜਾਬ ਦੀ ਹਾਲਤ ਬਹੁਤ ਬੁਰੀ ਹੋਵੇਗੀ। ਧੰਨਵਾਦ ਜੀ। ਜੈ ਹਿੰਦ।

ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) : ਮਾਨਯੋਗ ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਤੇ ਜੋ ਉਨ੍ਹਾਂ ਨੇ ਮਿਤੀ 21 ਮਾਰਚ, 2012 ਨੂੰ ਇਥੇ ਹਾਊਸ ਵਿੱਚ ਦਿੱਤਾ ਸੀ ਅਤੇ ਜਿਸ ਤੇ ਧੰਨਵਾਦ ਦਾ ਮਤਾ ਮਾਨਯੋਗ ਮੈਂਬਰ ਸਰਦਾਰ ਵਿਰਸਾ ਸਿੰਘ ਵਲਟੋਹਾ ਨੇ ਪੇਸ਼ ਕੀਤਾ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਹਾਨ ਸਦਨ ਵਿਚ ਪਹਿਲੀ ਵਾਰ ਚੁਣ ਕੇ ਆਇਆਂ ਹਾਂ। ਇਸ ਤੋਂ ਪਹਿਲਾਂ ਮੈਂ ਸਾਹਮਣੇ ਜਿਹੜੀ ਅਫਸਰ ਗੈਲਰੀ ਹੈ, ਉਥੇ ਬੈਠਦਾ ਸੀ ਜਿਥੇ ਸੀਨੀਅਰ ਅਫਸਰ ਅਤੇ ਮੇਰੇ ਸਾਥੀ ਅਫਸਰ ਵੀ ਬੈਠੇ ਹਨ। ਇਸ ਸਦਨ ਵਿਚ ਮੇਰੇ ਰਹਿ ਚੁੱਕੇ ਮੰਤਰੀ ਅਤੇ ਸ਼ੁਭਚਿੰਤਕ ਬੈਠੇ ਹਨ। ਮੈਂ ਸਾਰਿਆਂ ਨੂੰ ਬੜੀ ਨਿਮਰਤਾ ਨਾਲ ਨਮਸਕਾਰ ਕਰਕੇ ਆਪਣੀ ਗੱਲ ਕਹਿਣੀ ਸ਼ੁਰੂ ਕਰਨੀ ਚਾਹੁੰਦਾ ਹਾਂ।

ਇਸ ਵਾਰ ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ, ਮੈਂ ਉਸ ਨੂੰ ਬਹੁਤ ਗਹੁ ਨਾਲ ਪੜ੍ਹਿਆ ਹੈ ਅਤੇ ਗਹੁ ਨਾਲ ਸੁਣਿਆ ਵੀ ਹੈ। ਇਹ ਸੱਚ ਹੈ ਕਿ ਇਸ ਵਾਰ ਲੋਕਾਂ ਨੇ ਵਿਕਾਸ ਦੇ ਨਾਂ ਤੇ, ਆਪਸੀ ਭਾਈਚਾਰੇ ਦੇ ਨਾਂ ਤੇ ਅਤੇ ਅਮਨ-ਸ਼ਾਂਤੀ ਦੇ ਨਾਂ ਤੇ ਵੋਟਾਂ ਪਾਈਆਂ ਹਨ। ਇਹ ਪਹਿਲੀ ਵਾਰ ਹੋਇਆ ਹੈ ਕਿ ਦੂਜੀ ਵਾਰ ਸਰਕਾਰ ਰਿਪੀਟ ਹੋਈ ਹੈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸੂਬੇ ਵਿਚ ਕੋਈ ਵਿਅਕਤੀ ਪੰਜਵੀਂ ਵਾਰ ਮੁੱਖ ਮੰਤਰੀ ਬਣਿਆ ਹੋਵੇ ਅਤੇ ਇਹ ਮਾਣ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਜਾਂਦਾ ਹੈ। ਉਨ੍ਹਾਂ ਨੇ ਅੱਧੀ ਸਦੀ ਤੋਂ ਵੱਧ ਸਮਾਂ ਪੰਜਾਬ ਦੀ ਰਾਜਨੀਤੀ ਵਿਚ ਸੇਵਾ ਕੀਤੀ ਹੈ ਅਤੇ ਅਗਵਾਈ ਕੀਤੀ ਹੈ ਅਤੇ ਪੰਜਾਬ ਦੇ ਵਿਕਾਸ ਲਈ ਹਮੇਸ਼ਾ ਤੱਤਪਰ ਰਹੇ ਹਨ। ਉਨ੍ਹਾਂ ਦਾ ਪੰਜਾਬ ਦੀ ਸ਼ਾਂਤੀ ਲਈ ਬਹੁਤ ਵੱਡਾ ਯੋਗਦਾਨ ਰਿਹਾ ਹੈ। ਚੇਅਰਮੈਨ ਸਾਹਿਬ, ਇਸ ਵਾਰ ਲੋਕਾਂ ਨੇ ਪਹਿਲੀ ਵਾਰ ਜਾਤ-ਪਾਤ ਤੋਂ ਉੱਪਰ ਉਠ ਕੇ, ਧਰਮ ਤੋਂ ਉੱਪਰ ਉਠ ਕੇ, ਖਿੱਤਿਆਂ ਤੋਂ ਉਪਰ ਉਠ ਕੇ ਵਿਕਾਸ ਦੇ ਨਾਂ ਉਤੇ ਵੋਟਾਂ ਪਾਈਆਂ ਹਨ, ਇਮਾਨਦਾਰੀ ਦੇ ਨਾਂ ਤੇ ਵੋਟਾਂ ਪਾਈਆਂ ਅਤੇ ਕੈਂਡੀਡੇਟ ਦੇ ਅਕਸ ਦੇ ਨਾਂ ਤੇ ਵੋਟਾਂ ਪਾਈਆਂ। ਇਹ ਵੀ ਤੁਸੀਂ ਵੇਖਿਆ ਹੋਵੇਗਾ ਕਿ ਜਿਥੇ ਕਿਤੇ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦੀ ਚੋਣ ਵਿਚ ਗਲਤੀ ਕੀਤੀ ਹੈ, ਉਨ੍ਹਾਂ ਨੂੰ ਲੋਕਾਂ ਨੇ ਰਿਜੈਕਟ ਕੀਤਾ ਹੈ। ਇਹ ਲੋਕਤੰਤਰ ਦੀ ਮਜ਼ਬੂਤੀ ਲਈ ਬਹੁਤ ਵੱਡੀ ਗੱਲ ਹੋਈ ਹੈ। ਲੋਕਾਂ ਦੀ ਸੋਚ ਵਿਚ ਬਦਲਾਉ ਆਇਆ ਹੈ। ਲੋਕ ਇਮਾਨਦਾਰੀ ਚਾਹੁੰਦੇ ਹਨ, ਚੰਗਾ ਅਕਸ ਚਾਹੁੰਦੇ ਹਨ। ਇਹ ਇਸ ਕਰਕੇ ਹੋਇਆ ਹੈ ਕਿ ਦੇਸ਼ ਵਿਚ ਸਵਾਮੀ ਰਾਮ ਦੇਵ ਜੀ ਨੇ ਅਤੇ ਅੰਨਾ ਹਜ਼ਾਰੇ ਜੀ ਨੇ ਇੱਕ ਵੱਡੀ ਮੂਵਮੈਂਟ ਖੜ੍ਹੀ ਕੀਤੀ ਅਤੇ ਲੋਕਾਂ ਦੀ ਸੋਚ ਵਿੱਚ ਬਦਲਾਉ ਲਿਆਂਦਾ। ਦੇਸ਼ ਵਿਚ ਕਾਲੇ ਧਨ ਦੇ ਖਿਲਾਫ, ਭਰਿਸ਼ਟਾਚਾਰ ਦੇ ਖਿਲਾਫ, ਰਿਸ਼ਵਤਖੋਰੀ ਦੇ ਖਿਲਾਫ ਲੋਕਾਂ ਦਾ ਧਿਆਨ ਆਕਰਸ਼ਤ ਕੀਤਾ। ਇਸ ਕਰਕੇ ਲੋਕਾਂ ਨੇ ਇਮਾਨਦਾਰੀ ਦੇ ਨਾਂ ਤੇ ਅਤੇ ਵਿਕਾਸ ਦੇ ਨਾਂ ਤੇ ਵੋਟਾਂ ਪਾਈਆਂ। ਪਰ ਸਭ ਤੋਂ ਵੱਡੀ

[ਸ਼੍ਰੀ ਸੋਮ ਪ੍ਰਕਾਸ਼]

ਬਦਕਿਸਮਤੀ ਜਿਹੜੀ ਅੱਜ ਰਹੀ ਹੈ ਕਿ ਗੁਰੂਆਂ-ਪੀਰਾਂ ਦਾ ਦੇਸ਼, ਰਿਸ਼ੀਆਂ-ਮੁਨੀਆਂ ਦਾ ਦੇਸ਼ ਅਤੇ 33 ਕਰੋੜ ਦੇਵੀ-ਦੇਵਤਿਆਂ ਦਾ ਦੇਸ਼ ਅੱਜ ਸਭ ਤੋਂ ਵੱਧ ਭਰਿਸ਼ਟ ਦੇਸ਼ ਮੰਨਿਆ ਜਾਂਦਾ ਹੈ। ਇਸ ਦੀ ਗਿਣਤੀ ਸਭ ਤੋਂ ਵੱਧ ਭਰਿਸ਼ਟ ਦੇਸ਼ਾਂ ਵਿਚ ਹੁੰਦੀ ਹੈ। ਦੇਸ਼ ਵਿਚ ਏਡੇ ਵੱਡੇ ਘੁਟਾਲੇ ਹੋਏ ਹਨ। ਆਦਰਸ਼ ਸੁਸਾਇਟੀ ਘੁਟਾਲਾ ਹੋਇਆ ਹੈ ਅਤੇ ਹੋਰ ਵੀ ਵੱਡੇ-ਵੱਡੇ ਘੁਟਾਲੇ ਜਿਵੇਂ ਹਸਨ ਅਲੀ ਦਾ ਘੁਟਾਲਾ, ਕਾਮਨਵੈਲਥ ਖੇਡਾਂ ਦਾ ਘੁਟਾਲਾ ਅਤੇ 2ਜੀ ਸਪੈਕਟਰਮ ਘੁਟਾਲਾ ਆਦਿ ਵੱਡੇ ਘੁਟਾਲੇ ਹੋਏ ਹਨ ਜਿਨ੍ਹਾਂ ਦੇਸ਼ ਦਾ ਨਾਂ ਸਾਰੀ ਦੁਨੀਆਂ ਵਿਚ ਬਦਨਾਮ ਕੀਤਾ ਹੈ ਅਤੇ ਦੇਸ਼ ਦਾ ਅਕਸ ਵਿਗਾੜਿਆ ਹੈ। ਯੂ. ਐਨ. ਓ. ਨੇ ਕਾਲੇ ਧਨ ਦੇ ਵਿਰੁੱਧ ਇਕ ਮਤਾ ਲਿਆਂਦਾ। ਇਸ ਮਤੇ ਉਤੇ 135 ਦੇਸ਼ਾਂ ਨੇ ਦਸਤਖਤ ਕੀਤੇ ਸਨ, ਭਾਰਤ ਨੇ ਵੀ ਕੀਤੇ ਸਨ। ਇਸ ਮਤੇ ਨੂੰ ਸਾਰੇ ਦੇਸ਼ਾਂ ਦੀ ਸੰਸਦ ਨੇ ਰੈਕਟੀਫਾਈ ਕਰਨਾ ਸੀ। ਪ੍ਰੰਤੂ ਬਦਕਿਸਮਤੀ ਰਹੀ ਕਿ ਭਾਰਤ ਦੀ ਸੰਸਦ ਨੇ ਇਸ ਨੂੰ ਰੈਕਟੀਫਾਈ ਕਰਨ ਲਈ 6 ਸਾਲ ਦਾ ਸਮਾਂ ਲਗਾ ਦਿੱਤਾ। ਇਸ ਦੇ ਤਹਿਤ ਕਾਲੇ ਧਨ ਦੇ ਖਾਤਿਆਂ ਬਾਰੇ ਦੇਸ਼ਾਂ ਦਾ ਅਦਾਨ-ਪ੍ਰਦਾਨ ਹੋਣਾ ਸੀ। ਸਾਨੂੰ ਪਤਾ ਹੈ ਕਿ ਕਿਹੜੇ ਲੋਕਾਂ ਦਾ ਵਿਦੇਸ਼ਾਂ ਵਿਚ ਕਾਲਾ ਧਨ ਜਮਾਂ ਹੈ। ਜਰਮਨੀ ਦੇ ਇੱਕ ਰਸਾਲੇ ਨੇ 20-25 ਵਿਅਕਤੀਆਂ ਦੇ ਨਾਂ ਸਾਇਆ ਕੀਤੇ ਹਨ, ਮੈਂ ਉਹ ਨਾਂ ਲੈਣਾ ਵਾਜਬ ਨਹੀਂ ਸਮਝਦਾ। ਪਰ ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿ ਉਸ ਰਸਾਲੇ ਵਿਚ ਵੱਡੇ-ਵੱਡੇ ਸਿਆਸਤਦਾਨਾਂ ਦੇ ਨਾਂ ਛਪੇ ਸਨ...... ਜਿਨ੍ਹਾਂ ਦੇ ਕਰਕੇ ਵਿਦੇਸ਼ਾਂ ਦੇ ਵਿੱਚ ਧਨ ਜਮ੍ਹਾਂ ਹੈ। ਚੇਅਰਮੈਨ ਸਾਹਿਬ, 69 ਅਜਿਹੇ ਦੇਸ਼ ਹਨ, ਜਿਨ੍ਹਾਂ ਨੂੰ ਅਸੀਂ ਮਨੀ ਦੇ ਟੈਕਸ ਦਾ ਹੈਵਨ ਕਹਿੰਦੇ ਹਾਂ। ਇਨ੍ਹਾਂ ਵਿਚ ਛੋਟੇ-ਛੋਟੇ ਅਜਿਹੇ ਦੇਸ਼ ਹਨ, ਜਿਨ੍ਹਾਂ ਦਾ ਅਸੀਂ ਕਦੇ ਨਾਮ ਵੀ ਨਹੀਂ ਸੁਣਿਆ। ਉੱਥੇ ਦੇਸ਼ ਦਾ ਕਾਲਾ ਧੰਨ ਜਮ੍ਹਾਂ ਹੈ। ਉਸਨੂੰ ਵਾਪਸ ਲਿਆਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਦੇਸ਼ ਵਿੱਚ ਜੋ ਰਿਸ਼ਵਤਖੋਰੀ ਵਧੀ ਹੈ, ਅਤੇ ਵਿਦੇਸ਼ਾਂ ਵਿੱਚ ਜੋ ਕਾਲਾ ਧੰਨ ਜਮ੍ਹਾਂ ਹੋਇਆ.....

ਮਾਨਯੋਗ ਸਭਾਪਤੀ : ਸੋਮ ਪ੍ਰਕਾਸ਼ ਜੀ, ਸਮੇਂ ਦਾ ਧਿਆਨ ਰੱਖੋ।

ਸ਼੍ਰੀ ਸੋਮ ਪ੍ਰਕਾਸ਼ : ਠੀਕ ਹੈ ਜੀ। ਮੈਂ ਸਿਰਫ 2-3 ਗੱਲਾਂ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਰਕਾਰ ਦੀਆਂ ਪ੍ਰਾਪਤੀਆਂ-ਸਰਕਾਰ ਵਧਾਈ ਦੀ ਪਾਤਰ ਹੈ ਕਿ ਮੋਗਾ, ਫਗਵਾੜਾ ਅਤੇ ਪਠਾਨਕੋਟ ਨੂੰ ਨਗਰ ਨਿਗਮ ਦਾ ਰੁਤਬਾ ਦਿੱਤਾ ਪਰ ਬਦਕਿਸਮਤੀ ਕਿ ਕਾਂਗਰਸ ਦੇ ਕੌਂਸਲਰਾਂ ਨੇ ਇਸ ਦੇ ਵਿਰੁੱਧ ਹਾਈ ਕੋਰਟ ਵਿੱਚ ਸਟੇਅ ਹਾਸਿਲ ਕੀਤੀ ਹੋਈ ਹੈ ਔਰ ਇਨ੍ਹਾਂ ਸ਼ਹਿਰਾਂ ਦੇ ਵਿਕਾਸ ਨਾ ਹੋਣ ਲਈ ਦੁਸ਼ਮਣੀ ਲਈ। ਇਹ ਕੇਸ ਹਾਈ ਕੋਰਟ ਵਿੱਚ ਪੈਂਡਿੰਗ ਹੈ ਅਤੇ ਬਹੁਤ ਜਲਦੀ ਫੈਸਲਾ ਹੋਣ ਵਾਲਾ ਹੈ ਅਤੇ ਅਕਾਲੀ-ਭਾਜਪਾ ਸਰਕਾਰ ਇਨ੍ਹਾਂ ਸ਼ਹਿਰਾਂ ਨੂੰ ਨਗਰ ਨਿਗਮ ਦਾ ਦਰਜ਼ਾ ਦੇਣ ਲਈ ਬਚਨਬੱਧ ਹੈ। ਚੇਅਰਮੈਨ ਸਾਹਿਬ, ਮੈਂ ਸਿਰਫ ਦੋ ਪੁਆਇੰਟ ਡਿਸਕਸ ਕਰਨਾ ਚਾਹਾਂਗਾ। ਪਛੜੀਆਂ ਜਾਤੀਆਂ ਲਈ ਅਕਾਲੀ-ਭਾਜਪਾ ਸਰਕਾਰ ਨੇ ਬਹੁਤ ਕੁਝ ਕੀਤਾ। ਸਕੂਲਾਂ ਵਿੱਚ ਪੜ੍ਹਦੀਆਂ ਬੱਚੀਆਂ ਲਈ

ਸਾਈਕਲ ਸਕੀਮ ਦੇ ਤਹਿਤ 1 ਲੱਖ ਤੋਂ ਵੱਧ ਸਾਈਕਲ 75 ਕਰੋੜ ਰੁਪਏ ਦੀ ਲਾਗਤ ਨਾਲ ਖਰੀਦ ਕੇ ਦਿੱਤੇ ਗਏ ਹਨ। ਬੇਬੇ ਨਾਨਕੀ ਬਾਲ ਕਲਿਆਣ ਸਕੀਮ ਥੱਲੇ 21,000/- ਰੁਪਿਆ ਜਮ੍ਹਾਂ ਕੀਤਾ ਜਾਂਦਾ ਹੈ ਤਾਂ ਕਿ ਲੜਕੀਆਂ ਦੀ ਸਿਖਿਆ ਪੂਰੀ ਹੋ ਸਕੇ ਅਤੇ ਜਦੋਂ ਉਹ ਵਿਆਹਣਯੋਗ ਹੋਣ ਤਾਂ ਉਨ੍ਹਾਂ ਨੂੰ ਵੱਡੀ ਰਾਸ਼ੀ ਮਿਲ ਸਕੇ।

ਆਪਣਾ ਸਮਾਜ ਜੋ ਹੈ, ਇਹ ਪੁਰਖ ਪ੍ਰਧਾਨ ਸਮਾਜ ਹੈ। ਇੱਥੇ ਇਸਤਰੀ ਨਾਲ ਕਦੇ ਬਹੁਤਾ ਇਨਸਾਫ ਨਹੀਂ ਹੋਇਆ। ਸਭ ਤੋਂ ਵੱਧ ਭਰੂਣ ਹੱਤਿਆ ਇਸ ਪੰਜਾਬ ਵਿੱਚ ਹੁੰਦੀ ਹੈ। ਜਿਥੇ ਗੁਰੂ ਨਾਨਕ ਸਾਹਿਬ ਨੇ:

"ਸੋ ਕਿਉ ਮੰਦਾ ਆਖੀਐ ਜਿਤੁ ਜਮਹਿ ਰਾਜਾਨ"

ਦੀ ਗੱਲ ਕੀਤੀ ਹੋਵੇ, ਇਹ ਸਾਰੇ ਪੰਜਾਬ ਨੂੰ ਸ਼ਰਮਸਾਰ ਕਰਦੀ ਹੈ ਕਿ ਸਭ ਤੋਂ ਵੱਧ ਭਰੂਣ ਹੱਤਿਆ ਪੰਜਾਬ ਵਿੱਚ ਹੁੰਦੀ ਹੈ। ਮੈਂ ਸਿਰਫ ਇੱਕ ਪੁਆਇੰਟ ਕਹਿਣਾ ਚਾਹਾਂਗਾ। ਅਨੁਸੂਚਿਤ ਜਾਤੀਆਂ ਦੀ ਪੰਜਾਬ ਵਿੱਚ 2001 ਦੀ ਜਨਗਣਨਾ ਅਨੁਸਾਰ 29% ਪਾਪੂਲੇਸ਼ਨ ਹੈ ਅਤੇ 2011 ਵਿੱਚ ਇਸ ਤੋਂ ਵੱਧ ਹੋਣ ਵਾਲੀ ਹੈ। ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਜੀ ਦਾ ਅਤੇ ਇਸ ਤੋਂ ਪਹਿਲਾਂ ਸਰਕਾਰ ਵਿੱਚ ਰਹਿ ਚੁੱਕੇ ਮੰਤਰੀ ਸ਼੍ਰੀ ਤਿਕਸ਼ਨ ਸੂਦ ਅਤੇ ਸ਼੍ਰੀ ਮੰਨੋਰੰਜਨ ਕਾਲੀਆ ਜੀ ਦਾ ਵੀ ਧੰਨਵਾਦੀ ਹਾਂ ਕਿ ਜਦੋਂ ਹੁਸ਼ਿਆਪੁਰ ਵਿਖੇ ਆਯੁਰਵੇਦਿਕ ਯੂਨੀਵਰਸਿਟੀ ਸਥਾਪਨ ਹੋਣ ਲੱਗੀ ਤਾਂ ਇਸ ਯੂਨੀਵਰਸਿਟੀ ਦਾ ਨਾਮ ਸ਼੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ ਨਾਮ ਤੇ ਰੱਖਕੇ ਇਨ੍ਹਾਂ ਨੇ ਦਲਿਤ ਸਮਾਜ ਦੇ ਉਨ੍ਹਾਂ ਵਿਅਕਤੀਆਂ, ਜਿਨ੍ਹਾਂ ਦੀ ਸਭ ਤੋਂ ਵੱਧ ਪਾਪੂਲੇਸ਼ਨ ਦੁਆਬੇ ਵਿੱਚ ਹੈ, ਉਨ੍ਹਾਂ ਨੂੰ ਮਾਣ ਦਿਤਾ। ਬਾਦਲ ਸਾਹਿਬ, ਇਹ ਜਿਹੜੀ ਯੂਨੀਵਰਸਿਟੀ ਹੈ, ਇਸ ਦਾ ਨੀਂਹ ਪੱਥਰ ਤੁਸੀਂ ਖਟਕਾਂ ਵਿਖੇ ਰੱਖਿਆ ਸੀ, ਇਸ ਦੀ ਇੱਕ ਵੱਡੀ ਬਿਲਡਿੰਗ ਬਣਨੀ ਹੈ, ਤੁਸੀਂ ਆਪਣੇ ਭਾਸ਼ਣ ਵਿੱਚ ਜਦੋਂ ਜਵਾਬ ਦੇਣਾ ਹੈ ਤਾਂ ਕਿਰਪਾ ਕਰਕੇ ਇਸ ਦਾ ਮੈਂਨਸ਼ਨ ਜ਼ਰੂਰ ਕਰਨਾ ਅਤੇ ਇਸਦੇ ਲਈ ਫੰਡਜ਼ ਜ਼ਰੂਰ ਮੁਹੱਈਆ ਕਰ ਦੇਣਾ।

ਮਾਨਯੋਗ ਸਭਾਪਤੀ : ਸਮਾਪਤ ਕਰ ਦਿਓ ਜੀ।

ਸ਼੍ਰੀ ਸੋਮ ਪ੍ਰਕਾਸ਼ : ਚੇਅਰਮੈਨ ਸਾਹਿਬ, ਮੈਂ ਸਿਰਫ ਇੱਕ ਮਿੰਟ ਹੋਰ ਲੈਣਾ ਹੈ ਜੀ। ਦੁਆਬੇ ਨੇ ਬਹੁਤ ਵੱਡਾ ਯੋਗਦਾਨ ਅਕਾਲੀ-ਬਾਜਪਾ ਸਰਕਾਰ ਬਣਾਉਣ ਵਿੱਚ ਪਾਇਆ ਹੈ ਅਤੇ ਇਹ ਸਰਕਾਰ ਬਣਾਉਣ ਵਿੱਚ ਦਲਿਤ ਅਤੇ ਅਨੁਸੂਚਿਤ ਜਾਤੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਕਾਲੀਆ ਸਾਹਿਬ ਨੇ ਕੱਲ੍ਹ ਇੱਕ ਗੱਲ ਕਹੀ ਸੀ ਕਿ ਅਸੀਂ ਜਲੰਧਰ ਵਿੱਚੋਂ 9 ਦੀਆਂ 9 ਸੀਟਾਂ ਜਿੱਤੀਆਂ ਹਨ। ਭਾਰਤੀ ਜਨਤਾ ਪਾਰਟੀ ਨੇ ਅਨੁਸੂਚਿਤ ਜਾਤੀਆਂ ਦੇ ਯੋਗਦਾਨ ਦਾ ਮਾਣ ਕਰਦਿਆਂ ਹੋਇਆਂ, ਉਨ੍ਹਾਂ ਦੀ ਪ੍ਰਸ਼ੰਸਾ ਕਰਦਿਆਂ ਹੋਇਆਂ ਵਿਧਾਇਕ ਦਲ ਦਾ ਨੇਤਾ ਭਗਤ ਚੂੰਨੀ ਲਾਲ ਜੀ ਨੂੰ ਬਣਾਇਆ ਔਰ ਉਨ੍ਹਾਂ ਨੂੰ ਮਾਣ ਦਿੱਤਾ। (ਥੰਪਿੰਗ) ਇਸ ਤਰ੍ਹਾਂ ਅਨੁਸੂਚਿਤ ਜਾਤੀਆਂ ਨੂੰ ਮਾਣ ਦੇ ਕੇ ਇੰਨੀ ਵੱਡੀ ਗੱਲ ਹੋਈ ਹੈ। ਇਹ ਇਤਿਹਾਸਿਕ ਗੱਲ ਹੋਈ ਹੈ।

ਸ਼੍ਰੀ ਸਭਾਪਤੀ : ਸੋਮ ਪ੍ਰਕਾਸ਼ ਜੀ, ਟਾਈਮ ਦਾ ਖਿਆਲ ਰੱਖੋ।

ਸ਼੍ਰੀ ਸੋਮ ਪ੍ਰਕਾਸ਼ : ਚੇਅਰਮੈਨ ਸਾਹਿਬ, ਅਸੀਂ ਸਦੀਆਂ ਤੋਂ ਲਿਤਾੜੇ ਹੋਏ ਲੋਕ ਹਾਂ, ਜੋ ਛੂਆ-ਛਾਤ ਦੇ ਪਾਤਰ ਰਹੇ ਹਾਂ। ਉਨ੍ਹਾਂ ਦੇ ਇਨਸਾਫ ਲਈ ਬਹੁਤ ਕੁਝ ਕੀਤਾ ਜਾਣਾ ਚਾਹੀਦਾ ਹੈ। ਦਲਿਤਾਂ ਦੇ ਮਸੀਹਾ ਡਾ. ਅੰਬੇਡਕਰ ਜੀ, ਜਿਨ੍ਹਾਂ ਦੀ ਕਿਰਪਾ ਸਦਕਾ ਤੁਸੀਂ ਇਸ ਕੁਰਸੀ ਤੇ ਬੈਠੇ ਹੋ, ਅਸੀਂ ਇਸ ਵਿਧਾਨ ਸਭਾ ਵਿੱਚ ਬੈਠੇ ਹਾਂ, ਬਹੁਤ ਆਈ. ਏ. ਐਸ., ਆਈ. ਪੀ. ਐਸ. ਅਫਸਰ, ਜੱਜ ਇਸ ਦੇਸ਼ ਵਿੱਚ ਬਣੇ ਹਨ, ਇਸ ਲਈ ਜੋ ਉਹ ਚਾਹੁੰਦੇ ਸਨ ਤੇ ਜੋ ਉਨ੍ਹਾਂ ਦਾ ਫੁਰਮਾਨ ਹੈ, ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਅਸੀਂ ਗੱਲ ਕਰੀਏ। ਚੇਅਰਮੈਨ ਸਾਹਿਬ, ਮੈਂ ਅੱਧਾ ਮਿੰਟ ਲਵਾਂਗਾ। ਹਾਲੇ ਵੀ ਮਾਨਸਿਕਤਾ ਬਦਲਣ ਦੀ ਲੋੜ ਹੈ। ਮੈਂ ਪਰਸੋਂ 'ਦੈਨਿਕ ਭਾਸਕਰ' ਅਖਬਾਰ ਪੜ੍ਹ ਰਿਹਾ ਸੀ। ਉਸ ਦੇ ਪਹਿਲੇ ਪੰਨੇ ਤੇ ਇੱਕ ਖਬਰ ਲੱਗੀ:

"ਏਸ ਮੰਦਰ ਮੇਂ ਦਲਿਤੋਂ ਕੋ ਪਰਵੇਸ਼ ਨਹੀਂ।"

ਸ਼ਰਮ ਵਾਲੀ ਗੱਲ ਹੈ ਕਿ ਅੱਜ ਵੀ ਗੁਆਂਢੀ ਸੂਬਿਆਂ ਵਿੱਚ, ਇਸ ਦੇਸ਼ ਵਿੱਚ ਇਸ ਤਰ੍ਹਾਂ ਦੀਆਂ ਖਬਰਾਂ ਲੱਗਦੀਆਂ ਹਨ।

"ਮੰਦਰ ਕੇ ਅੰਦਰ ਹਰੀਜਨੋਂ ਦਾ ਪਰਵੇਸ਼ ਤਥਾ
ਬੀੜੀ, ਸਿਗਰੇਟ, ਸ਼ਰਾਬ ਵ ਚਮੜੇ ਕਾ ਸਮਾਨ ਲੇ ਜਾਨਾ ਮਨਾ ਹੈ।"

ਇਹ ਇਸ ਦੇਸ਼ ਦੀ ਸੋਚ ਦੀ ਮਾਨਸਿਕਤਾ ਦਾ ਪ੍ਰਤੀਕ ਹੈ ਤੇ ਸਾਡੇ ਸਾਰਿਆਂ ਨੂੰ ਕਲੰਕਿਤ ਕਰਦਾ ਹੈ। ਅੱਜ ਵੀ ਇਸ ਦੇਸ਼ ਵਿੱਚ ਅਸੀਂ ਪਿੰਡਾਂ ਵਿੱਚ ਜਾਈਏ, ਉਥੇ ਸ਼ਮਸ਼ਾਨ ਘਾਟ ਵੀ ਦਲਿਤਾਂ ਦੇ ਵੱਖਰੇ ਹਨ ਤੇ ਦੂਜਿਆਂ ਦੇ ਵੱਖਰੇ ਹਨ। ਅਸੀਂ ਮਰ ਕੇ ਵੀ ਇਕੱਠੇ ਨਹੀਂ ਹੋ ਸਕਦੇ। ਮੇਰੀ ਬੇਨਤੀ ਹੈ ਕਿ.............

ਸ਼੍ਰੀ ਸਭਾਪਤੀ : ਸੋਮ ਪ੍ਰਕਾਸ਼ ਜੀ, ਤੁਹਾਡਾ ਸਮਾਂ ਹੋ ਗਿਆ ਹੈ। ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ। ਤੁਸੀਂ ਬੈਠੋ, ਪਲੀਜ਼।

ਸ਼੍ਰੀ ਸੋਮ ਪ੍ਰਕਾਸ਼ : ਚੇਅਰਮੈਨ ਸਾਹਿਬ, ਮੈਂ ਸਿਰਫ ਅੱਧਾ ਮਿੰਟ ਲਵਾਂਗਾ। ਇਹ ਦੇਸ਼ ਜਿੱਥੇ

"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ"

ਦੀ ਗੱਲ ਕਰਦਾ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਫਰਮਾਨ -

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।"

ਦੀ ਗੱਲ ਕਰਦਾ ਹੈ ਉਥੇ ਮੇਰੀ ਬੇਨਤੀ ਹੈ ਕਿ, ਬਾਦਲ ਸਾਹਿਬ, ਤੁਸੀਂ ਇੱਕ ਇਹੋ ਜਿਹੀ ਸਕੀਮ ਬਣਾਓ, ਜਿਸ ਵਿੱਚ ਉਹ ਪਿੰਡ ਆਪਣੇ ਸ਼ਮਸ਼ਾਨ ਘਾਟ ਇਕੱਠੇ ਕਰ ਲੈਣ, ਉਨ੍ਹਾਂ ਨੂੰ ਵਿਸ਼ੇਸ਼ ਗਰਾਂਟ ਦੀ ਅਨਾਊਂਸਮੈਂਟ ਕਰੋ ਤਾਂ ਕਿ ਸਮਾਜਿਕ ਭਾਈਚਾਰੇ ਦੀ ਗੱਲ ਕਰ

ਸਕੀਏ। ਧੰਨਵਾਦ। ਜੈ ਹਿੰਦ। ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

ਸ਼੍ਰੀ ਸਭਾਪਤੀ : ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਤੁਸੀਂ ਪੰਜ ਮਿੰਟ ਵਿੱਚ ਖਤਮ ਕਰਨਾ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) : ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਚੌਦਵੀਂ ਵਿਧਾਨ ਸਭਾ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ, ਨਾਲ ਦੀ ਨਾਲ ਮੈਂ ਸਾਰੇ ਚੁਣੇ ਗਏ ਮੈਂਬਰ ਸਾਹਿਬਾਨ ਜੋ ਹਨ, ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। ਇਸ ਦੇ ਨਾਲ ਹੀ ਮੈਂ ਵਧਾਈ ਦਿੰਦਾ ਹਾਂ ਸਾਡੇ ਬਹੁਤ ਹੀ ਸਤਿਕਾਰਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੂੰ ਜਿਹੜੇ ਕਿ ਪੰਜਵੀਂ ਵਾਰ ਮੁੱਖ ਮੰਤਰੀ ਬਣੇ ਹਨ। ਉਨ੍ਹਾਂ ਨੂੰ ਇਹ ਮਾਣ ਹਾਸਲ ਹੋਇਆ ਹੈ। ਇਸ ਦੇ ਨਾਲ ਹੀ ਮੈਂ ਧੰਨਵਾਦੀ ਹਾਂ ਗਿੱਦੜਬਾਹਾ ਦੇ ਸਮੂਹ ਵਾਸੀਆਂ ਦਾ ਜਿਨ੍ਹਾਂ ਨੇ ਮੇਰੇ ਵਰਗੇ ਨਿਮਾਣੇ, ਨਿਤਾਣੇ ਨੂੰ, ਆਮ ਘਰਾਣੇ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਨੂੰ, ਜਿਸ ਨੇ ਸਿਆਸੀ ਜੀਵਨ ਆਪ ਸ਼ੁਰੂ ਕੀਤਾ, ਇਹ ਮਾਣ ਬਖਸ਼ਸ਼ ਕੀਤਾ, ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦੀ ਹਾਂ।

ਚੇਅਰਮੈਨ ਸਾਹਿਬ, ਮੈਂ ਵਿਰਸਾ ਸਿੰਘ ਜੀ ਵਲਟੋਹਾ ਵਲੋਂ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ, ਉਸ ਨਾਲ ਆਪਣੀ ਅਸਹਿਮਤੀ ਪ੍ਰਗਟਾਉਂਦਾ ਹਾਂ। ਜੋ ਇਸ ਮਤੇ ਵਿੱਚ ਵੱਡੀਆਂ-ਵੱਡੀਆਂ ਗੱਲਾਂ ਕਹੀਆਂ ਗਈਆਂ, ਚੇਅਰਮੈਨ ਸਾਹਿਬ, ਇਸ ਵਿਚ ਮੈਟਰੋ ਦੀ, ਐਕਸਪ੍ਰੈਸ ਹਾਈਵੇਜ਼ ਦੀ, ਜਨਰਲ ਐਡਮਨਿਸਟਰੇਸ਼ਨ ਦੀਆਂ ਗੱਲਾਂ ਕੀਤੀਆਂ ਗਈਆਂ। ਜਦੋਂ ਮੈਂ ਪੜ੍ਹ ਰਿਹਾ ਸੀ, 148 ਪੇਜਾਂ ਦਾ ਇਹ ਗਵਰਨਰ ਐਡਰੈਸ.....

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਇਹ 54 ਪੇਜਾਂ ਦਾ ਹੈ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਮੁਆਫੀ ਚਾਹੁੰਦਾ ਹਾਂ, ਸਰਦਾਰ ਤੋਤਾ ਸਿੰਘ ਜੀ। ਮੈਂ ਪਹਿਲੀ ਵਾਰ ਆਇਆ ਹਾਂ ਤੇ ਮੇਰਾ ਅੱਜ ਛੇਵਾਂ ਦਿਨ ਹੈ ਤੇ ਮੇਰਾ ਛੇ ਦਿਨ ਦਾ ਤਜਰਬਾ ਹੈ ਤੇ ਤੁਹਾਨੂੰ ਤਾਂ ਇੱਥੇ ਬੋਲਦਿਆਂ ਨੂੰ ਕਾਫੀ ਦੇਰ ਹੋ ਗਈ ਹੈ। ਸੋ, ਮੈਨੂੰ ਇੱਕ ਸ਼ੇਅਰ ਯਾਦ ਆ ਗਿਆ, ਇਹ ਸਾਰਾ ਗਵਰਨਰ ਐਡਰੈਸ ਪੜ੍ਹਨ ਤੋਂ ਬਾਅਦ :

"ਮਸਜਿਦ ਤੋ ਬਨਾ ਦੀ ਪਲ ਭਰ ਮੇਂ ਈਮਾਨ ਕੇ ਠੇਕੇਦਾਰੋਂ ਨੇ।
ਪਰ ਦਿਲ ਤੋ ਪੁਰਾਨਾ ਪਾਪੀ ਥਾ ਬਰਸੋਂ ਮੇਂ ਨਿਮਾਜ਼ੀ ਨਾ ਹੋ ਸਕਾ।"

ਗੱਲਾਂਬਾਤਾਂ ਵਿੱਚ ਐਕਸਪ੍ਰੈਸ ਹਾਈਵੇ ਹਨ, ਮੈਟਰੋ ਤੇ ਸਾਰੀਆਂ ਗੱਲਾਂ ਹੋ ਗਈਆਂ। ਮੈਂ ਇਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ ਜੋ ਇਨ੍ਹਾਂ ਨੇ ਸਿਹਤ ਸੇਵਾਵਾਂ ਦੇ ਵਾਸਤੇ ਲਿਖਿਆ - 574 ਸਪੈਸ਼ਲਿਸਟ, 602 ਮੈਡੀਕਲ ਅਫਸਰ, 2463 ਪੈਰਾ ਮੈਡੀਕਲ ਸਟਾਫ ਦੀ ਨਿਯੁਕਤੀ ਕਰਨ ਦੀ ਗੱਲ ਕੀਤੀ ਗਈ ਔਰ ਸਿਹਤ ਸੁਵਿਧਾਵਾਂ ਦੀ ਗੱਲ ਕੀਤੀ ਗਈ। ਮਾਨਯੋਗ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਚੇਅਰਮੈਨ ਸਾਹਿਬ, ਮੈਂ ਜਿਆਦਾ ਬਹੁਤ ਕੁਝ ਨਾ ਜਾਣਦੇ ਹੋਏ, ਜਿਹੜਾ ਮੇਰਾ ਹਲਕਾ ਹੈ, ਮੈਂ ਸਮਝਦਾ ਹਾਂ ਕਿ ਬਾਦਲ ਸਾਹਿਬ ਨੇ ਆਪਣਾ ਪਹਿਲਾ ਸਿਆਸੀ ਸਫਰ ਗਿੱਦੜਬਾਹੇ ਤੋਂ ਸ਼ੁਰੂ ਕੀਤਾ ਔਰ ਮੈਨੂੰ ਇਹ ਵੀ ਪਤਾ ਹੈ ਕਿ ਗਿੱਦੜਬਾਹੇ ਨੂੰ ਉਹ ਵਧੇਰੇ ਪਿਆਰ ਕਰਦੇ ਹਨ। ਮੈਂ ਉਥੋਂ ਦੇ ਇੱਕ ਹਸਪਤਾਲ ਦੀ ਕਹਾਣੀ ਸੁਣਾਉਣਾ ਚਾਹੁੰਦਾ ਹਾਂ। 7 ਮਾਰਚ 1993 ਨੂੰ 50 ਬਿਸਤਰਿਆਂ ਵਾਲਾ ਇੱਕ ਹਸਪਤਾਲ ਸਵਰਗੀਯ ਸਰਦਾਰ ਬੇਅੰਤ ਸਿੰਘ ਜੀ ਨੇ ਗਿੱਦੜਬਾਹਾ ਦੇ ਅੰਦਰ ਸਥਾਪਿਤ ਕੀਤਾ ਸੀ। ਉਸ ਦੀ ਅੱਜ ਜੋ ਹਾਲਤ ਹੈ, 14 ਅਸਾਮੀਆਂ ਦੇ ਵਿਚੋਂ 10 ਅਸਾਮੀਆਂ ਉਸ ਹਸਪਤਾਲ ਦੀਆਂ ਖਾਲੀ ਹਨ ਔਰ ਪਿਛਲੇ ਪੰਜ ਸਾਲਾਂ ਤੋਂ ਅਲਟਰਾਸਾਊਂਡ ਮਸ਼ੀਨ ਤਾਂ ਹੈ ਲੇਕਿਨ ਉਸ ਨੂੰ ਚਲਾਉਣ ਵਾਲਾ ਕੋਈ ਵੀ ਵਿਅਕਤੀ ਉੱਥੇ ਮੌਜੂਦ ਨਹੀਂ। ਸਬ-ਡਿਵੀਜ਼ਨ ਦੋਦਾ ਵਿੱਚ 1972 ਦੇ ਵਿੱਚ ਇੱਕ ਹਸਪਤਾਲ ਹੋਂਦ ਵਿੱਚ ਆਇਆ ਅਤੇ ਉੱਥੇ ਵੀ 7 ਵਿਚੋਂ 4 ਅਸਾਮੀਆਂ ਅੱਜ ਖਾਲੀ ਹਨ। ਮੇਰੇ ਕੋਲ ਰਿਪੋਰਟ ਵੀ ਹੈ। ਚੇਅਰਮੈਨ ਸਾਹਿਬ, ਜੇਕਰ ਤੁਸੀਂ ਮੁਨਾਸਿਬ ਸਮਝੋਗੇ ਤਾਂ ਮੈਂ ਤੁਹਾਨੂੰ ਸੌਂਪ ਦੇਵਾਂਗਾ। ਰਾਜਪਾਲ ਜੀ ਦੇ ਭਾਸ਼ਣ ਦੇ ਦਰਮਿਆਨ ਜੋ ਕਿਹਾ ਗਿਆ, ਬਾਦਲ ਸਾਹਿਬ ਇਥੇ ਬੈਠੇ ਹਨ, ਮੇਰੇ ਸਤਿਕਾਰਯੋਗ ਲੀਡਰ ਹਨ, ਮੈਂ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਲਿਖਿਆ ਗਿਆ ਹੈ ਕਿ 1399 ਆਰ.ਓ.ਪਲਾਂਟ ਲਗਾਏ ਗਏ, 31.3.2012 ਤੱਕ 412 ਹੋਰ ਆਰ.ਓ. ਪਲਾਂਟ ਲਗਾਉਣ ਦਾ ਵਾਅਦਾ ਕੀਤਾ। ਚੰਗੀ ਗੱਲ ਹੈ, ਆਰ.ਓ. ਪਲਾਂਟ ਲਗਾਉਣੇ ਚਾਹੀਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਗਿੱਦੜਬਾਹੇ ਹਲਕੇ ਦੇ ਅੰਦਰ ਨੰ ਦੀ ਫਾਊਂਡੇਸ਼ਨ ਵੱਲੋਂ ਆਰ.ਓ. ਪਲਾਂਟ ਦੀ ਸਥਾਪਨ੍ਹਾ ਸ਼ੁਰੂ ਹੋਈ, ਉਥੇ ਲੱਗਣੇ ਸ਼ੁਰੂ ਹੋਏ। ਅੱਜ ਪਿੰਡ-ਪਿੰਡ ਵਿੱਚ ਆਰ.ਓ. ਪਲਾਂਟ ਲੱਗੇ ਹਨ ਲੇਕਿਨ ਮੈਨੂੰ ਬੜੀ ਹੈਰਾਨੀ ਹੁੰਦੀ ਹੈ ਇਹ ਗੱਲ ਸੋਚਦਿਆਂ ਹੋਇਆਂ। ਆਹ ਮੇਰੇ ਕੋਲ ਸਟੇਟ ਪਬਲਿਕ ਹੈਲਥ ਲੈਬਾਰਟਰੀ, ਪੰਜਾਬ, ਚੰਡੀਗੜ੍ਹ ਦੀ ਰਿਪੋਰਟ ਹੈ, ਜਿਸ ਵਿੱਚ ਗੂੜੀ ਸੰਗਰ ਇੱਕ ਪਿੰਡ ਹੈ, ਬਾਦਲ ਸਾਹਿਬ ਜਾਣਦੇ ਹੋਣਗੇ, ਉਥੋਂ ਦੇ ਆਰ.ਓ. ਪਲਾਂਟ ਦਾ ਸੈਂਪਲ ਫੇਲ੍ਹ ਹੋਇਆ ਹੈ। ਇਥੇ ਤੱਕ ਨਹੀਂ, ਦਫਤਰ ਸਿਵਲ ਸਰਜਨ, ਸ਼੍ਰੀ ਮੁਕਤਸਰ ਸਾਹਿਬ ਨੇ, ਸਕੂਲ ਦੇ ਵਿੱਚ ਆਰ.ਓ. ਪਲਾਂਟ ਲਗਾਇਆ ਹੈ, ਲਿਖਿਆ ਹੈ ਕਿ ਇਹ ਪਾਣੀ ਪੀਣ ਨਾਲ ਬਿਮਾਰੀ ਫੈਲ ਸਕਦੀ ਹੈ ਅਤੇ ਸਕੂਲ ਦੇ ਪ੍ਰਿੰਸੀਪਲ ਨੂੰ ਲਿਖਿਆ ਹੈ ਕਿ ਕਿਰਪਾ ਕਰਕੇ ਇਹ ਪਾਣੀ ਨਾ ਪੀਤਾ ਜਾਵੇ। ਮੈਂ ਇਹ ਬੇਨਤੀ ਕਰਾਂਗਾ, ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੁੱਖ ਮੰਤਰੀ, ਪੰਜਾਬ, ਕੈਂਸਰ ਰਿਲੀਫ ਫੰਡ ਦੇ ਅਧੀਨ ਕੈਂਸਰ ਦੇ ਇਲਾਜ਼ ਲਈ 30 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ, ਜਿਸ ਅਧੀਨ 2076 ਮਰੀਜ਼ ਲਾਭ ਉਠਾ ਚੁੱਕੇ ਹਨ।

*12.57 ਵਜੇ ਬਾਅਦ ਦੁਪਹਿਰ

(*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਇਹ ਦੱਸਣਾ ਚਾਹੁੰਦਾ ਹਾਂ, ਬਾਦਲ ਸਾਹਿਬ, ਕਿ 10 ਮੌਤਾਂ ਗਿੱਦੜਬਾਹੇ ਵਿੱਚ ਹੋਈਆਂ ਹਨ। ਮੈਨੂੰ 7-8 ਸਾਲ ਗਿੱਦੜਬਾਹੇ ਦੇ ਲੋਕਾਂ ਦੀ ਸੇਵਾ ਕਰਦਿਆਂ ਹੋ ਗਏ ਹਨ। 10 ਵਿਚੋਂ 8 ਮੌਤਾਂ ਕੈਂਸਰ ਦੀ ਬਿਮਾਰੀ ਨਾਲ ਪੀੜਤਾਂ ਦੀਆਂ ਹੋਈਆਂ ਹਨ। ਇਹ ਦੋ ਸਾਲ ਪਹਿਲਾਂ ਦੀ ਰਿਪੋਰਟ ਹੈ। ਅੱਜ ਵੀ ਉਥੋਂ ਦੀ ਜਿਹੜੀ ਇੱਕ ਹਮਦਰਦ ਸੰਸਥਾ ਹੈ, ਉਨ੍ਹਾਂ ਨੇ ਜਦੋਂ ਸਰਵੇ ਕਰਵਾਇਆ, ਉਨ੍ਹਾਂ ਦੇ ਸਰਵੇ ਦੇ ਮੁਤਾਬਿਕ 6300 ਮੌਤਾਂ ਕੈਂਸਰ ਪੀੜਤ ਲੋਕਾਂ ਦੀਆਂ ਅੱਜ ਤੱਕ ਹੋ ਚੁੱਕੀਆਂ ਹਨ। 1800 ਵਿਅਕਤੀ ਕੈਂਸਰ ਨਾਲ ਪੀੜਤ ਹਨ। ਅੱਜ ਤਾਂ ਪਤਾ ਨਹੀਂ ਕਿੰਨੇ ਕੁ ਅਣਗਿਣਤ ਹੋਣਗੇ। ਮੇਰੇ ਸਾਥੀ ਨੇ ਠੀਕ ਕਿਹਾ ਹੈ ਕੈਂਸਰ ਟਰੇਨ, ਬੀਕਾਨੇਰ ਟਰੇਨ। ਸਪੀਕਰ ਸਾਹਿਬ, ਜਿਸ ਵੇਲੇ ਉਸ ਟਰੇਨ ਵਿੱਚ ਜਾਂਦੇ ਹਨ, ਮੈਂ ਸਮਝਦਾ ਹਾਂ ਕਿ ਉਸ ਟਰੇਨ ਤੇ ਚੜ੍ਹਨ ਵੇਲੇ ਆਦਮੀ ਦੀ ਅੱਧੀ ਮੌਤ ਹੋ ਜਾਂਦੀ ਹੈ। ਅੱਧਾ ਜਦੋਂ ਇਲਾਜ ਦੀ ਦਵਾਈ ਲੈ ਕੇ ਆਦਮੀ ਵਾਪਸ ਆਉਂਦਾ ਹੈ ਉਦੋਂ ਮਰ ਜਾਂਦਾ ਹੈ। ਅੱਧੇ ਮਰੇ ਆਉਂਦੇ ਹਨ ਅਤੇ ਅੱਧੇ ਮਰਨ ਨੂੰ ਜਾਂਦੇ ਹਨ ਅਤੇ ਅੱਧਿਆਂ ਦੀ ਮੌਤ ਹੋ ਜਾਂਦੀ ਹੈ। ਸੋ, 2076 ਜਿਹੜੇ ਲੋਕ ਰਾਸ਼ੀ ਪ੍ਰਾਪਤ ਕਰ ਚੁੱਕੇ ਹਨ, ਬਾਦਲ ਸਾਹਿਬ, ਤੁਸੀਂ ਆਪਣੇ ਸੰਬੋਧਨ ਵਿੱਚ ਵੀ ਦੱਸਿਓ, ਇਹ ਕਾਫੀ ਨਹੀਂ। ਮੈਂ ਸਮਝਦਾ ਹਾਂ ਕਿ ਇਹ ਇਕੱਲੇ ਗਿੱਦੜਬਾਹੇ ਵਾਸਤੇ ਕਾਫੀ ਨਹੀਂ ਹੋਣਗੇ। ਸੋ, ਕਿਰਪਾ ਕਰਕੇ ਜੋ ਰਾਸ਼ੀ ਦਿੱਤੀ ਵੀ ਜਾਂਦੀ ਹੈ, ਜਿਹੜੇ ਗਰੀਬ ਭਰਾ ਵਿਚਾਰੇ 8-8 ਵਾਰੀ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਗੇੜੇ ਕੱਢਣ ਤੋਂ ਬਾਅਦ ਜੋ ਆਪਣੀ ਫਾਈਲ ਬਣਾ ਕੇ ਲਿਆਉਂਦੇ ਹਨ, ਅੰਤਿਮ ਰੂਪ ਦੇ ਵਿੱਚ ਉਨ੍ਹਾਂ ਨੂੰ ਇਹ ਕਿਹਾ ਜਾਂਦਾ ਹੈ ਕਿ ਤੁਹਾਡੀ ਫਾਈਲ ਮੁੱਖ ਮੰਤਰੀ ਆਫਿਸ ਵਲੋਂ ਰਿਜੈਕਟ ਕਰ ਦਿੱਤੀ ਗਈ ਹੈ ਤੇ ਉਨ੍ਹਾਂ ਵਿਚਾਰਿਆਂ ਨੂੰ ਇਹ ਜਵਾਬ ਮਿਲਦਾ ਹੈ ਅਤੇ ਕਿਸੇ ਨੂੰ ਰਾਸ਼ੀ ਮਿਲਦੀ ਹੈ ਅਤੇ ਕਿਸੇ ਨੂੰ ਨਹੀਂ ਮਿਲਦੀ। ਇਸ ਦਾ ਕੋਈ ਸੌਖਾ ਢੰਗ ਕਰ ਦਿੱਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਵੇਲੇ ਸਿਰ ਰਾਸ਼ੀ ਮਿਲ ਸਕੇ, ਤਾਂ ਜੋ ਉਹ ਇਹ ਨਾ ਮਹਿਸੂਸ ਕਰਨ ਕਿ ਸਾਡਾ ਪਿਓ, ਸਾਡੀ ਮਾਂ, ਸਾਡਾ ਭਰਾ ਇਲਾਜ਼ ਤੋਂ ਬਿਨਾ ਹੀ ਮਰ ਗਿਆ। ਉਨ੍ਹਾਂ ਨੂੰ ਇਹ ਤਾਂ ਤਸੱਲੀ ਹੋ ਜਾਵੇ ਕਿ ਨਾਮੁਰਾਦ ਬਿਮਾਰੀ ਸੀ ਤੇ ਅਸੀਂ ਇਲਾਜ ਕਰਵਾਉਣ ਵਾਸਤੇ ਉਪਰਾਲਾ ਕੀਤਾ।

ਮਾਨਯੋਗ ਸਪੀਕਰ : ਤੁਸੀਂ ਬੈਠੋ ਜੀ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਇੱਕ ਮਿੰਟ ਹੋਰ ਲਵਾਂਗਾ ਜੀ। ਸਪੀਕਰ ਸਾਹਿਬ, ਇਥੋਂ ਤੱਕ ਕਿ ਮਾਨਯੋਗ ਰਾਜਪਾਲ ਸਾਹਿਬ ਨੇ ਆਪਣੇ ਸੰਬੋਧਨ ਦੇ ਵਿਚ ਕਿਹਾ ਕਿ ਰਾਜ ਦੇ ਹਰ ਸ਼ਹਿਰ ਤੇ ਹਰ ਕਸਬੇ ਤੇ ਪਿੰਡ ਵਿਚ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਜਿਸ ਨੇ ਸੂਬੇ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਬਹੁਤ ਹੀ ਸਤਿਕਾਰਯੋਗ, ਬਹੁਤ ਹੀ ਕਾਬਲ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਇਥੇ ਬੈਠੇ ਹਨ ਔਰ ਇਨ੍ਹਾਂ ਨੇ ਪਹਿਲੀ ਚੋਣ ਵੀ ਇਥੋਂ ਲੜੀ ਸੀ ਔਰ ਗਿੱਦੜਬਾਹੇ ਨੂੰ ਵਧੇਰੇ ਪਿਆਰ ਵੀ ਕਰਦੇ ਹਨ ਔਰ ਕਦੇ-ਕਦੇ ਬੋਲਦੇ ਹਨ। ਮੈਂ ਅਖਬਾਰਾਂ ਦੇ ਵਿਚ ਪੜ੍ਹਦਾ ਹਾਂ ਕਿ ਕਈਆਂ ਨੂੰ ਇਸ ਤੋਂ ਪਹਿਲਾਂ ਜਿਹੜੇ ਲੀਡਰ ਰਹੇ, ਉਹ ਲੋਕਾਂ ਨੂੰ ਸੰਬੋਧਨ ਕਰਦੇ ਕਹਿੰਦੇ ਹਨ ਕਿ ਤੁਹਾਡੀ ਰਜਿਸਟਰੀ ਕਰਵਾਈ ਹੈ, ਇੰਤਕਾਲ ਜਾਂ ਗਿਰਦਾਵਰੀ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਤਾਂ ਮੇਰੇ ਨਾਮ ਹੀ ਹੈ। ਸੋ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਕਮ-ਸੇ-ਕਮ 2600 ਕਿੱਲਾ ਸੇਮ ਨਾਲ ਪ੍ਰਭਾਵਿਤ ਹੈ, ਪੰਜ ਪਿੰਡਾਂ ਵਿੱਚ ਅਜੇ ਵੀ 7-7 ਫੁੱਟ ਪਾਣੀ ਖੜ੍ਹਾ ਹੈ ਆਹ ਮੇਰੇ ਕੋਲ ਫੋਟੋਆਂ ਹਨ। ਬਬਾਣੀਆਂ ਪਿੰਡ ਹੈ, ਹੁਸਨਰ ਪਿੰਡ ਹੈ, ਚਾਹੇ ਮਣੀਆ ਵਾਲਾ ਪਿੰਡ ਹੈ, ਚਾਹੇ ਲੁੰਡੀਆ ਵਾਲਾ ਪਿੰਡ ਹੈ, ਉਨ੍ਹਾਂ ਵਾਸਤੇ ਕੁਝ ਨਾ ਕੁਝ ਕੀਤਾ ਜਾਵੇ। ਡਰੇਨੇਜ਼ ਤੁਸੀਂ ਕਢਵਾਈ ਸੀ ਲੇਕਿਨ ਕੁਝ ਆਗੂਆਂ ਨੇ, ਸੱਤਾਧਾਰੀ ਆਗੂਆਂ ਨੇ ਜਿਨ੍ਹਾਂ ਕੋਲ ਤਾਕਤ ਸੀ ਆਪ ਦੇ ਅਸਰ ਰਸੂਖ ਨਾਲ ਅਫਸਰਾਂ ਤੋਂ ਗਲਤ ਪਾਸੇ ਦੀ ਡਰੇਨੇਜ਼ ਕਢਵਾ ਕੇ, ਸਰਕਾਰ ਦਾ ਸਾਰਾ ਪੈਸਾ ਵੀ ਖਰਾਬ ਕਰ ਦਿੱਤਾ ਤੇ ਅੱਜ ਵੀ ਵਿਚਾਰੇ ਕਿਸਾਨ ਮਾੜੀ ਸਥਿਤੀ ਵਿਚ ਹਨ। ਇੱਕ ਤੁਸੀਂ ਗਵਰਨਰ ਐਡਰੈਸ ਦੇ ਵਿਚ ਥਰਮਲ ਪਲਾਂਟ ਲਗਾਉਣ ਦੀ ਗੱਲ ਕੀਤੀ, ਤਿੰਨ ਲੱਗ ਰਹੇ ਹਨ, ਮੈਂ ਵੇਖੇ ਨਹੀਂ ਹਨ, ਮੈਂ ਸੁਣਿਆ ਹੈ, ਪੜ੍ਹਿਆ ਹੈ ਔਰ ਮੈਨੀਫੈਸਟੋ ਦੇ ਵਿਚ ਵੇਖਿਆ ਹੈ, ਪਤਾ ਨਹੀਂ ਕਦੋਂ ਹੋਂਦ ਦੇ ਵਿਚ ਆਉਣੇ ਹਨ, ਪੰਜ ਸਾਲਾਂ ਨੂੰ ਆਉਣੇ ਹਨ ਜਾਂ ਫਿਰ ਅਗਲੇ ਪੰਜ ਸਾਲਾਂ ਨੂੰ ਆਉਣੇ ਹਨ। ਮੈਂ ਤਾਂ ਅਗਲੇ ਪੰਜ ਸਾਲ ਜਦੋਂ ਸ਼ੁਰੂਆਤ ਦੇ ਸਨ ਉਦੋਂ ਸੁਣਿਆ ਸੀ। ਪਤਾ ਨਹੀਂ ਇਹ ਵੀ ਖਵਾਬ ਵੇਖੇ ਜਾ ਰਹੇ ਹਨ ਕਿ ਅਸੀਂ ਵਾਧੂ ਬਿਜਲੀ ਵੇਚਾਂਗੇ ਔਰ ਪੰਜਾਬ ਤਰੱਕੀ ਦੀਆਂ ਲੀਹਾਂ ਤੇ ਹੋਵੇਗਾ ਪਰ ਮੈਂ ਇੱਕ ਥਰਮਲ ਪਲਾਂਟ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਘੱਗਾ ਵਿਖੇ ਲੱਗਣਾ ਸੀ। ਬਾਦਲ ਸਾਹਿਬ ਤੁਸੀਂ ਕਿਰਪਾ ਕਰਕੇ ਇਸ ਦੇ ਉਤੇ ਧਿਆਨ ਦਿਉ। 2000 ਏਕੜ ਦੇ ਲਗਭਗ ਜ਼ਮੀਨ ਸਰਕਾਰ ਨੇ ਘੱਗਾ ਥਰਮਲ ਪਲਾਂਟ ਵਾਸਤੇ ਐਕੁਆਇਰ ਕੀਤੀ ਔਰ ਉਹ ਜ਼ਮੀਨ ਸਾਲ 2008 ਦੇ ਵਿਚ ਐਕੁਆਇਰ ਕੀਤੀ ਗਈ ਸੀ। ਲੇਕਿਨ ਅੱਜ ਤੱਕ ਨਾ ਤਾਂ ਕਿਸਾਨਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਇਥੇ ਥਰਮਲ ਪਲਾਂਟ ਲੱਗੇਗਾ ਜਾਂ ਨਹੀਂ ਲੱਗੇਗਾ। ਨਾ ਉਨ੍ਹਾਂ ਨੂੰ ਜ਼ਮੀਨ ਵੇਚਣ ਦਿੱਤੀ ਜਾ ਰਹੀ ਹੈ, ਨਾ ਹੀ ਕੋਈ ਵਿਚਾਰੇ ਰਜਿਸਟਰੀ ਕਰਵਾ ਸਕਦੇ ਹਨ ਨਾ ਹੀ ਕੋਈ ਲੋਨ ਲੈ ਸਕਦਾ ਹੈ। ਸੋ, ਕਿਰਪਾ ਕਰਕੇ ਇਹ ਵੀ ਤੁਸੀਂ ਆਪਣੇ ਭਾਸ਼ਣ ਵਿਚ ਦੱਸਿਉ। ਜਿਹੜੀ ਲਾਅ ਐਂਡ ਆਰਡਰ ਦੀ ਸਥਿਤੀ ਹੈ...

ਮਾਨਯੋਗ ਸਪੀਕਰ : ਤੁਹਾਡਾ ਬਹੁਤ ਧੰਨਵਾਦ, ਤੁਸੀਂ ਬੈਠੋ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਇੱਕ ਮਿੰਟ ਲਵਾਂਗਾ ਤੇ ਫਿਰ ਆਪਣਾ ਭਾਸ਼ਣ ਸਮਾਪਤ ਕਰਾਂਗਾ। ਸਪੀਕਰ ਸਾਹਿਬ, ਜਿਹੜੀ ਲਾਅ ਐਂਡ ਆਰਡਰ ਦੀ ਸਥਿਤੀ ਹੈ ਉਹ ਮੈਂ ਪੰਜਾਂ ਸਾਲਾਂ ਦੇ ਵਿਚ ਗਿੱਦੜਬਾਹਾ ਨੂੰ ਨੇੜਿਉਂ ਹੋ ਕੇ ਵੇਖਿਆ ਹੈ। ਬਾਦਲ ਸਾਹਿਬ ਮਗਰਲੇ ਦੋ ਸਾਲਾਂ ਤੋਂ ਗਿੱਦੜਬਾਹਾ ਵਿਖੇ ਜਾਣ ਲੱਗੇ ਹਨ। ਉਸ ਤੋਂ ਪਹਿਲਾਂ ਮੇਰੇ ਸਾਥੀ ਜਿਹੜੇ ਨਿਜ਼ਾਮ ਬਦਲਣ ਦੀਆਂ ਗੱਲਾਂ ਕਰਦੇ ਸਨ, ਜਿਹੜੇ ਕਹਿੰਦੇ ਸੀ ਮੈਂ ਸਾਫ ਸੁਥਰਾ ਪ੍ਰਸ਼ਾਸਨ ਦੇਵਾਂਗਾ, ਜਿਹੜੇ ਲੋਕਾਂ ਨੂੰ ਕਹਿੰਦੇ ਸੀ ਕਿ ਮੈਂ ਚਾਹੁੰਦਾ ਹਾਂ ਕਿ ਹਰ ਵਰਗ ਇੱਕ ਪਲੇਟਫਾਰਮ ਤੇ ਆਵੇ ਤੇ ਚੰਗੇ ਲੋਕ, ਸਾਫ ਸੁਥਰੇ ਪ੍ਰਸ਼ਾਸਨ ਦਾ ਲੋਕ ਸਾਹਮਣਾ ਕਰਨ। ਮੈਂ ਇਸ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਔਰ ਮੈਂ ਬਾਦਲ ਸਾਹਿਬ ਨੂੰ ਇਸ

ਗੱਲ ਦੀ ਬੇਨਤੀ ਵੀ ਕਰਾਂਗਾ ਕਿ ਤੁਸੀਂ ਜਿਹੜੇ ਉਥੇ ਮਗਰਲੇ ਤਿੰਨ ਸਾਲ ਜਾਂ ਪੰਦਰਾਂ ਸਾਲ ਨਹੀਂ ਗਏ, ਇਸ ਨਾਲ ਵੀ ਲੋਕਾਂ ਦਾ ਬਹੁਤ ਮਾੜਾ ਹਾਲ ਹੋਇਆ ਹੈ। ਮੈਂ ਸਮਝਦਾ ਹਾਂ ਕਿ ਤੁਸੀਂ ਵੀ ਇਸ ਦੇ ਵਿਚ ਉਨੇ ਹੀ ਭਾਗੀਦਾਰੀ ਹੋ। ਗਿੱਦੜਬਾਹਾ ਵਿਚ ਕੋਟ ਭਾਈ ਇੱਕ ਪੁਲਿਸ ਸਟੇਸ਼ਨ ਹੈ। ਕੋਟ ਭਾਈ ਵਿਚ ਕੋਈ ਐਸ. ਐਚ. ਓ. ਲੱਗਣ ਨੂੰ ਤਿਆਰ ਨਹੀਂ। ਯੂਨੀਅਨ ਟੈਰੀਟਰੀ ਵਿੱਚੋਂ, ਇੱਥੇ ਡੈਪੂਟੇਸ਼ਨ ਤੇ ਮੁੱਖ ਮੰਤਰੀ ਜੀ ਦੇ ਆਰਡਰ ਨਾਲ ਬੰਦਿਆਂ ਨੂੰ ਲੈ ਕੇ ਡੈਪੂਟੇਸ਼ਨ ਤੇ ਲਾਇਆ ਜਾਂਦਾ ਹੈ ਅਤੇ ਯੂਨੀਅਨ ਟੈਰੀਟਰੀ ਦੇ ਜਿਹੜੇ ਅਫਸਰ ਉਥੇ ਜਾਂਦੇ ਹਨ, ਉਹ ਨਾਲੇ ਤਾਂ ਸਰਕਾਰ ਦਾ ਅਨੰਦ ਮਾਣਦੇ ਹਨ ਤੇ ਨਾਲੇ ਇੰਨੇ ਝੂਠੇ ਪਰਚੇ, ਮੁਕੱਦਮੇ, ਧੱਕੇ ਕਰਦੇ ਹਨ। ਮੈਂ ਸੋਚਦਾ ਹਾਂ ਕਿ ਆਰ.ਟੀ.ਆਈ. ਐਕਟ ਦੇ ਤਹਿਤ ਉਥੋਂ ਦੀ ਇਨਫਰਮੇਸ਼ਨ ਲਈ ਜਾਵੇ। ਮੇਰਾ ਖਿਆਲ ਹੈ ਕਿ ਗਿੱਦੜਬਾਹਾ ਹਲਕੇ ਵਿਚ ਮਗਰਲੇ ਸਮੇਂ ਦਰਮਿਆਨ ਸਭ ਤੋ ਵੱਧ ਪਰਚੇ ਦਰਜ ਹੋਏ ਔਰ ਸਭ ਤੋਂ ਵੱਧ ਧੱਕਾ ਹੋਇਆ। ਉਥੇ ਕੇਸ ਤਾਂ ਬਹੁਤ ਹੋਏ, 302 ਦੇ ਵੀ ਬਹੁਤ ਨਜਾਇਜ਼ ਪਰਚੇ ਹੋਏ, ਲੇਕਿਨ ਇੱਕ ਜਿਉਂਦਾ ਜਾਗਦਾ ਕੇਸ ਪੰਜਾਬ ਬੀਜ ਭੰਡਾਰ, ਜਿਹੜੇ ਅਕਾਲੀ ਦਲ ਨਾਲ ਸਬੰਧਤ ਸੀ ...

ਮਾਨਯੋਗ ਸਪੀਕਰ : ਤੁਸੀਂ ਬੈਠੋ।

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਜਿਹੜਾ ਪੰਜਾਬ ਬੀਜ ਭੰਡਾਰ ਸੀ ਉਸ ਦਾ ਮਾਲਕ ਅਕਾਲੀ ਦਲ ਨਾਲ ਸਬੰਧਤ ਸੀ। ਪਿਛਲੀਆਂ 2007 ਦੀਆਂ ਚੋਣਾਂ ਦਰਮਿਆਨ ਉਨ੍ਹਾਂ ਨੇ ਅਕਾਲੀ ਦਲ ਦੀ ਮਦਦ ਨਹੀਂ ਕੀਤੀ, ਮਨਪ੍ਰੀਤ ਸਿੰਘ ਬਾਦਲ ਹੁਰਾਂ ਦੀ ਮਦਦ ਨਹੀਂ ਕੀਤੀ ਔਰ ਉਨ੍ਹਾਂ ਨੇ ਹੁਣ ਜਿਹੜਾ ਅਕਾਲੀ ਦਲ ਦਾ ਕੈਂਡੀਡੇਟ ਸੀ ਅਤੇ ਪਿਛਲੀ ਵਾਰੀ ਉਹ ਇੰਡੀਪੀਡੈਂਟ ਲੜਿਆ ਸੀ, ਉਨ੍ਹਾਂ ਦੀ ਮੱਦਦ ਕੀਤੀ। ਮਾੜਾ ਬੀਜ ਰੱਖ ਕੇ ਉਨ੍ਹਾਂ ਤੇ ਝੂਠਾ ਮੁਕੱਦਮਾ ਦਰਜ ਕਰਵਾ ਦਿੱਤਾ ਗਿਆ। ਇਥੋਂ ਤੱਕ ਕਿ ਉਨ੍ਹਾਂ ਦੇ ਬਾਪ ਦੀ ਇਸ ਸਦਮੇ ਨਾਲ ਮੌਤ ਵੀ ਹੋ ਗਈ, ਮੌਤ ਹੋਣ ਤੋਂ ਬਾਅਦ ਔਰੰਗਜ਼ੇਬ ਵਰਗਾ ਰਾਜ, ਧੱਕੇ ਨਾਲ ਆਗੂਆਂ ਨੇ ਉਨ੍ਹਾਂ ਨੂੰ ਡਰਾ, ਧਮਕਾ ਕੇ, ਉਨ੍ਹਾਂ ਨੂੰ ਅਕਾਲੀ ਦਲ ਦੇ ਦਰਵਾਜ਼ੇ ਤੇ ਜਾਣ ਤੇ ਫਿਰ ਮਜਬੂਰ ਕਰ ਦਿੱਤਾ। (ਵਿਘਨ) ਸੌਰੀ, ਮਜੀਠੀਆ ਸਾਹਿਬ, ਇੰਟ੍ਰਪਟ ਨਾ ਕਰੋ। ਮੈਂ ਤੁਹਾਨੂੰ ਬਾਅਦ ਵਿੱਚ ਦੱਸ ਦੇਵਾਂਗਾ। ਇਹ ਸਭ ਕੁੱਝ ਉਸ ਰਾਜ ਵਿੱਚ ਹੋਇਆ। ਮੈਂ ਸਮਝਦਾ ਹਾਂ ਕਿ ਮਨਪ੍ਰੀਤ ਸਿੰਘ ਬਾਦਲ ਨੇ ਇਹ ਸਭ ਕੁੱਝ ਕਰਵਾਇਆ ਲੇਕਿਨ ਤੁਸੀਂ ਵੀ ਉਸ ਵਿੱਚ ਉਤਨੇ ਹੀ ਭਾਗੀਦਾਰ ਹੋ...

Mr. Speaker : Please finish your speech.

ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸੋ, ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਮੈਂ ਇਹ ਕਹਾਂਗਾ, ਮੇਰੇ ਜੈਂਟਲਮੈਨ ਸਾਥੀ ਨੇ ਇੱਕ ਗੱਲ ਕਹੀ ਜਿਹੜੀ ਕਿ ਮੈਨੂੰ ਬੜੀ ਗਲਤ ਲੱਗੀ, ਜਿਹੜੇ ਪਿੱਛੇ ਬੈਠੇ ਹਨ, ਉਨ੍ਹਾਂ ਨੇ ਕਿਹਾ ਕਿ ਇਟਲੀ ਤੋਂ ਰਿਮੋਟ ਚਲਦਾ ਹੈ। ਇਟਲੀ ਤੋਂ ਰਿਮੋਟ ਤਾਂ ਚਾਹੇ ਚਲਦਾ ਹੋਵੇ ਲੇਕਿਨ ਇਹ ਸੋਨੀਆ ਗਾਂਧੀ ਜੀ ਦੇ ਵਿਰਸੇ ਵਿੱਚ ਹੀ ਆਇਆ ਹੈ। ਅੱਜ ਕਲਯੁੱਗ ਵਿੱਚ ਜਦ ਕੋਈ ਸਰਪੰਚੀ ਜਾਂ ਮੈਂਬਰ ਪੰਚਾਇਤ ਦੀ ਕੁਰਸੀ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਛੱਡਣ ਨੂੰ ਤਿਆਰ ਨਹੀਂ ਲੇਕਿਨ ਸਾਡੇ ਵਾਸਤੇ, ਸਿੱਖਾਂ ਦੀ ਪੱਗ ਵਾਸਤੇ, ਪੰਜਾਬ ਦੇ ਲੋਕਾਂ ਵਾਸਤੇ ਸੋਨੀਆ ਜੀ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਛੱਡੀ, ਇਹ ਵੀ ਇਟਲੀ ਦੇ ਰਿਮੋਟ ਦੇ ਵਿਰਸੇ ਵਿੱਚ ਹੀ ਆਇਆ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇੰਨਾ ਕਹਿੰਦਾ ਹੋਇਆ ਮੈਂ ਆਪਣੀ ਜਗ੍ਹਾ ਲਵਾਂਗਾ ਅਤੇ ਜਿਹੜਾ ਧੰਨਵਾਦ ਦਾ ਮਤਾ ਆਇਆ ਹੈ ਮੈਂ ਇਸ ਦੀ ਪੁਰਜ਼ੋਰ ਨਿਖੇਧੀ ਕਰਦਾ ਹਾਂ। ਧੰਨਵਾਦ। (ਵਿਘਨ)

ਮਾਨਯੋਗ ਸਪੀਕਰ : ਪਲੀਜ਼, ਬੁਲਾਰੀਆ ਜੀ। ਮੁੱਖ ਮੰਤਰੀ ਸਾਹਿਬ ਨੇ ਹੁਣ ਬੋਲਣਾ ਹੈ। ਇਸ ਕਰਕੇ ਜਿਨ੍ਹਾਂ ਦੀਆਂ ਸਪੀਚਾਂ ਰਹਿ ਗਈਆਂ ਹਨ ਅਤੇ ਜੇਕਰ ਉਹ ਜ਼ਰੂਰੀ ਸਮਝਦੇ ਹਨ ਤਾਂ ਆਪਣੀਆਂ ਰਿਟਨ ਸਪੀਚਾਂ, ਜੇਕਰ ਦੇਣੀਆਂ ਚਾਹੁੰਣ ਤਾਂ ਦੇ ਸਕਦੇ ਹਨ। That** will be the part of today's procedings. ਹੁਣ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ, ਚੀਫ਼ ਮਨਿਸਟਰ, ਪੰਜਾਬ ਨੂੰ ਕਹਾਂਗਾ ਕਿ ਉਹ ਆਪਣੀ ਸਪੀਚ ਦੇਣ। (ਥੰਪਿੰਗ)

(ਇਸ ਸਮੇਂ ਮਾਨਯੋਗ ਮੈਂਬਰਜ਼ ਸਰਦਾਰ ਮਨਤਾਰ ਸਿੰਘ ਬਰਾੜ, ਸ਼੍ਰੋਮਣੀ ਅਕਾਲੀ ਦਲ ਅਤੇ ਸਰਦਾਰ ਕੇਵਲ ਸਿੰਘ ਢਿੱਲੋਂ, ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਲਿਖਤ ਸਪੀਚਾਂ ਦੇ ਦਿੱਤੀਆਂ ਗਈਆਂ।)

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪੰਜਾਬ ਦੇ ਮਾਨਯੋਗ ਗਵਰਨਰ ਸਾਹਿਬ ਸ਼੍ਰੀ ਸ਼ਿਵਰਾਜ ਪਾਟਿਲ ਜੀ ਨੇ 21 ਮਾਰਚ, 2012 ਨੂੰ ਇਸ ਪਵਿੱਤਰ ਸਦਨ ਨੂੰ ਐਡਰੈਸ ਕੀਤਾ। ਇਸ ਐਡਰੈਸ ਦੇ ਧੰਨਵਾਦ ਦੇ ਸਿਲਸਿਲੇ ਵਿੱਚ ਇਸ ਸਦਨ ਦੇ ਮਾਨਯੋਗ ਮੈਂਬਰ ਵਲਟੋਹਾ ਸਾਹਿਬ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਸ਼੍ਰੀ ਮਨੋਰੰਜਨ ਕਾਲੀਆ ਜੀ ਨੇ ਉਸ ਮਤੇ ਦੀ ਤਾਈਦ ਕੀਤੀ। ਸਭ ਤੋਂ ਪਹਿਲਾਂ ਮੈਂ ਦੋਵੇਂ ਪਾਸੇ ਦੇ ਮੈਂਬਰ ਸਾਹਿਬ ਦਾ ਅਤੀ ਧੰਨਵਾਦੀ ਅਤੇ ਬੇਹੱਦ ਸ਼ੁਕਰਗੁਜ਼ਾਰ ਹਾਂ ਕਿ ਪਹਿਲੀ ਦਫ਼ਾ ਬਿਨਾਂ ਕਿਸੇ ਰੋਕ ਟੋਕ ਤੋਂ ਇਹ ਭਾਸ਼ਣ ਬੜੇ ਹੀ ਠਰੰਮੇ, ਸੰਜੀਦਗੀ, ਖਾਮੋਸ਼ੀ ਅਤੇ ਧਿਆਨ ਨਾਲ ਸੁਣਿਆ ਗਿਆ। ਮੈਂ ਸਾਰੇ ਮੈਂਬਰ ਸਾਹਿਬਾਨ ਦਾ, ਜਿਨ੍ਹਾਂ ਨੇ ਇਸ ਐਡਰੈਸ ਦੀ ਬਹਿਸ ਵਿੱਚ ਹਿੱਸਾ ਲਿਆ ਹੈ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਇਹ ਵੀ ਕਹਿੰਦਾ ਹਾਂ ਕਿ ਦੋਵੇਂ ਧਿਰਾਂ ਦੇ ਮੈਂਬਰ ਸਾਹਿਬਾਨ ਨੇ ਬੜੇ ਹੀ ਚੰਗੇ ਸੁਝਾਅ ਦਿੱਤੇ ਹਨ ਜਿਨ੍ਹਾਂ ਦੀ ਮੈਂ ਬਹੁਤ ਕਦਰ ਕਰਦਾ ਹਾਂ ਅਤੇ ਵੈਲਕਮ ਕਰਦਾ ਹਾਂ। ਇੱਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਭਾਵੇਂ ਮੈਂ ਉਨ੍ਹਾਂ ਦੇ ਸੁਝਾਅ ਜਾਂ ਖਿਆਲਾਤ ਨੋਟ ਕਰਦਾ ਰਿਹਾ ਹਾਂ ਲੇਕਿਨ ਫਿਰ ਵੀ ਮੈਂ ਆਪਣੇ ਦਫ਼ਤਰ ਵਿੱਚ ਇੱਕ ਸੈੱਲ ਬਣਾਇਆ ਹੈ ਜਿਸ ਦਾ ਮੇਨ ਕੰਮ ਇਹ ਹੋਵੇਗਾ ਕਿ ਜਿਹੜੀਆਂ ਤੁਹਾਡੀਆਂ ਪ੍ਰੋਸੀਡਿੰਗਜ਼ ਹਨ, ਕਿਉਂਕਿ ਕਈ ਦਫ਼ਾ ਅਫ਼ਸਰ ਵੀ ਭੁੱਲ ਜਾਂਦੇ ਹਨ ਜਾਂ ਮੈਂ ਵੀ ਭੁੱਲ ਸਕਦਾ ਹਾਂ, ਉਨ੍ਹਾਂ ਨੂੰ ਪੜ੍ਹ ਕੇ ਜਿਹੜੇ ਤੁਹਾਡੇ ਸੁਝਾਅ ਹਨ, ਉਹ ਮੇਰੇ ਤੱਕ ਲਿਆਉਣ ਤਾਂ ਕਿ ਮੈਂ ਇਨ੍ਹਾਂ ਦੋਵੇਂ ਪਾਸੇ ਦੇ ਮੈਂਬਰਾਂ ਦੇ ਸੁਝਾਵਾਂ ਤੇ ਯੋਗ ਐਕਸ਼ਨ ਜੋ ਲੈਣਾ ਬਣਦਾ ਹੈ, ਉਹ

** Please see Appendix to this debates.

ਲੈ ਸਕਾਂ। ਇਸ ਦਾ ਭਾਵੇਂ ਸਿੱਧਾ ਗਵਰਨਰ ਐਡਰੈਸ ਨਾਲ ਤਾਅਲੁਕ ਨਹੀਂ ਹੈ, ਮੇਰੇ ਦਿਲ ਵਿੱਚ ਲੈਜਿਸਲੇਟਰ ਦੀ ਬਹੁਤ ਇੱਜ਼ਤ ਅਤੇ ਕਦਰ ਹੈ। ਇਸ ਲਈ ਮੈਂ ਇਹ ਵੀ ਸਾਰਿਆਂ ਦੀ ਸਹੂਲੀਅਤ ਲਈ ਕਹਿਣਾ ਚਾਹੁੰਦਾ ਹਾਂ ਕਿ ਹਰ ਹਫ਼ਤੇ ਦੇ ਤਿੰਨ ਦਿਨ : ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਸਵੇਰੇ 11:00 ਵਜੇ ਤੋਂ ਲੈ ਕੇ 1:00 ਵਜੇ ਤੱਕ ਸੈਕਟਰੀਏਟ ਵਿੱਚ ਸਿਰਫ ਐਮ.ਐਲ. ਏ ਸਾਹਿਬਾਨ, ਐਮ.ਪੀ. ਸਾਹਿਬਾਨ ਜਾਂ ਦੋਵਾਂ ਪਾਰਟੀਆਂ ਦੇ ਕੋਈ ਵੱਡੇ ਲੀਡਰ ਸਾਹਿਬਾਨ ਆਉਣ, ਉਦੋਂ ਮੈਂ ਉਨ੍ਹਾਂ ਸਾਰਿਆਂ ਨੂੰ ਮਿਲਿਆ ਕਰਾਂਗਾ। ਸਿਰਫ ਇਹ ਤਿੰਨ ਦਿਨ ਰੱਖੇ ਹਨ, ਸਿਰਫ ਇਹੀ ਹੀ ਨਹੀਂ ਕਿ ਸਿਰਫ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਐਮ.ਐਲ.ਏ. ਸਾਹਿਬਾਨ ਨੂੰ ਮਿਲਣਾ ਹੈ, ਮੈਂ ਕਾਂਗਰਸ ਦੇ ਐਮ.ਐਲ.ਏ. ਸਾਹਿਬਾਨ ਨੂੰ ਵੀ ਵੈਲਕਮ ਕਰਦਾ ਹਾਂ ਕਿ ਜਦੋਂ ਉਸ ਟਾਈਮ ਵਿੱਚ ਉਹ ਆਉਣਗੇ ਤਾਂ ਮੈਂ ਉਨ੍ਹਾਂ ਨੂੰ ਪਰੈਫਰੈਂਸ ਨਾਲ ਮਿਲਾਂਗਾ ਅਤੇ ਉਨ੍ਹਾਂ ਦੀ ਗੱਲ ਸੁਣਾਂਗਾ। ਦੂਸਰਾ, ਇਹ ਵੀ ਮੈਂ ਚਾਹੁੰਦਾ ਹਾਂ ਕਿ ਜਿਹੜੇ ਕਾਂਗਰਸ ਦੇ ਵੱਡੇ ਲੀਡਰ ਹਨ, ਜਾਖੜ ਸਾਹਿਬ ਹਨ, ਬੀਬੀ ਜੀ ਹਨ, ਮੇਰੇ ਦਿਲ ਵਿੱਚ ਇਨ੍ਹਾਂ ਵਾਸਤੇ ਸਤਿਕਾਰ ਹੈ, ਮੈਂ ਇਹ ਨਹੀਂ ਚਾਹੁੰਦਾ ਕਿ ਇਹ ਮੇਰੇ ਦਫ਼ਤਰ ਵਿੱਚ ਆਉਣ। ਜਦੋਂ ਇਹ ਮੈਨੂੰ ਕਿਹਾ ਕਰਨਗੇ, ਮੈਂ ਇਨ੍ਹਾਂ ਦੇ ਘਰ ਇਨ੍ਹਾਂ ਤੋਂ ਪੁੱਛਣ ਵਾਸਤੇ ਜਾਇਆ ਕਰਾਂਗਾ। (ਥੰਪਿੰਗ) ਮੈਂ ਇਹ ਲਫ਼ਜ਼ ਹੀ ਨਹੀਂ ਕਹਿੰਦਾ, ਮੈਨੂੰ ਯਾਦ ਹੈ ਉਦੋਂ ਗਿਆਨੀ ਜ਼ੈਲ ਸਿੰਘ ਜੀ ਮੇਰੇ ਤੋਂ ਪਹਿਲਾਂ ਮੁੱਖ ਮੰਤਰੀ ਸਨ, ਮੈਂ ਉਨ੍ਹਾਂ ਤੋਂ ਬਾਅਦ ਆਇਆ ਸੀ ਮੇਰੇ ਦਿਲ ਵਿੱਚ ਉਨ੍ਹਾਂ ਪ੍ਰਤੀ ਬੜਾ ਸਤਿਕਾਰ ਹੈ। ਮੈਂ ਗਿਆਨੀ ਜੀ ਨੂੰ ਟੈਲੀਫੋਨ ਕੀਤਾ ਕਿ ਗਿਆਨੀ ਜੀ ਚੰਗਾ ਨਹੀਂ ਲਗਦਾ ਕਿ ਜਿਹੜਾ ਚੀਫ਼ ਮਨਿਸਟਰ ਰਿਹਾ ਹੋਵੇ, ਜਿਹੜਾ ਵੱਡਾ ਸਤਿਕਾਰਤ ਰਿਹਾ ਹੋਵੇ, ਬੀਬੀ ਜੀ ਚੀਫ਼ ਮਨਿਸਟਰ ਰਹੇ ਹਨ, ਮੈਂ ਨਹੀਂ ਚਾਹੁੰਦਾ ਕਿ ਇਹ ਮੇਰੇ ਦਫ਼ਤਰ ਵਿੱਚ ਆਉਣ। ਮੈਨੂੰ ਬਾਅਦ ਵਿੱਚ ਚੌਧਰੀ ਦੇਵੀ ਲਾਲ ਜੀ ਦੀ ਇੱਕ ਗੱਲ ਚੰਗੀ ਲੱਗੀ। ਚੌਧਰੀ ਦੇਵੀ ਲਾਲ ਜੀ ਡਿਪਟੀ ਪ੍ਰਾਈਮ ਮਨਿਸਟਰ ਬਣ ਗਏ ਅਤੇ ਮੈਨੂੰ ਉਨ੍ਹਾਂ ਨੇ ਇੱਕ ਗੱਲ ਆਖੀ, ਕਿਉਂਕਿ ਮੇਰੀ ਉਨ੍ਹਾਂ ਨਾਲ ਬੇਮਿਸਾਲ ਦੋਸਤੀ ਸੀ, ਉਸ ਪਰਿਵਾਰ ਨਾਲ ਅੱਜ ਵੀ ਮੇਰੀ ਗੂੜ੍ਹੀ ਦੋਸਤੀ ਹੈ। ਉਹ ਕਹਿੰਦੇ ਕਿ ਬਾਦਲ ਸਾਹਿਬ ਭਾਵੇਂ ਮੈਂ ਡਿਪਟੀ ਪ੍ਰਾਈਮ ਮਨਿਸਟਰ ਬਣ ਗਿਆ ਹਾਂ ਪਰ ਤੂੰ ਮੇਰੇ ਦਫ਼ਤਰ ਵਿੱਚ ਨਾ ਆਵੀਂ। ਮੈਂ ਕਿਹਾ ਕਿ ਕਿਉਂ ਮੇਰੇ ਆਉਣੇ ਨਾਲ ਤੁਹਾਡਾ ਦਫ਼ਤਰ ਕਿਤੇ ਭਿੱਟਿਆ ਜਾਵੇਗਾ। ਕਹਿੰਦੇ, ਨਹੀਂ, ਇਹ ਕੋਈ ਗੱਲਾਂ ਹੁੰਦੀਆਂ ਹਨ। ਇਹ ਕੋਈ ਇਹੋ ਜਿਹੀਆਂ ਸੂਖਮ ਚੀਜ਼ਾਂ ਹਨ, ਜਿਨ੍ਹਾਂ ਬਾਰੇ ਆਪਾਂ ਨੂੰ ਖਿਆਲ ਰੱਖਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮਾਨਯੋਗ ਗਵਰਨਰ ਸਾਹਿਬ ਨੇ, ਜੋ ਇਥੇ ਐਡਰੈਸ ਪੜ੍ਹਿਆ ਹੈ, ਮੈਂ ਉਸ ਦੇ ਲਈ ਉਨ੍ਹਾਂ ਦਾ ਬੇਹੱਦ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਂ ਇਕੱਲਾ ਐਡਰੈਸ ਕਰਕੇ ਉਨ੍ਹਾਂ ਦਾ ਬੇਹੱਦ ਧੰਨਵਾਦ ਨਹੀਂ ਕਰ ਰਿਹਾ, ਮੇਰੇ ਦਿਲ ਵਿੱਚ ਉਨ੍ਹਾਂ ਪ੍ਰਤੀ ਬੜੀ ਸ਼ਰਧਾ ਹੈ ਅਤੇ ਸਤਿਕਾਰ ਹੈ। ਇਕੱਲਾ ਗਵਰਨਰ ਹੋਣ ਦੇ ਨਾਤੇ ਨਹੀਂ, ਐਜ਼ ਏ ਹੋਮ ਮਨਿਸਟਰ ਜਦੋਂ ਉਹ ਬੜੀ ਵੱਡੀ ਤਾਕਤ ਵਿੱਚ ਸਨ, ਮੈਂ ਕਹਿ ਸਕਦਾ ਹਾਂ ਕਿ ਉਦੋਂ ਮੈਂ ਕਦੇ ਵੀ ਪੰਜਾਬ ਦੀ ਗੱਲ ਲੈ ਕੇ ਉਨ੍ਹਾਂ ਕੋਲ ਜਦੋਂ ਗਿਆ ਹਾਂ ਤਾਂ ਉਨ੍ਹਾਂ ਨੇ ਮੈਨੂੰ ਇਨਕਾਰ ਨਹੀਂ ਕੀਤਾ। ਇਹ

[ਮੁੱਖ ਮੰਤਰੀ]

ਬੀਬੀ ਜੀ ਇੱਥੇ ਬੈਠੇ ਹਨ। ਅਸੀਂ ਗੁਰਤਾ ਗੱਦੀ ਦੇ ਪ੍ਰੋਗਰਾਮ ਦੇ ਸਬੰਧ ਵਿੱਚ ਗਏ। ਨਾਂਦੇੜ ਸਾਹਿਬ ਸਾਡੀ ਮੀਟਿੰਗ ਸੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਉਹ ਹੋਮ ਮਨਿਸਟਰ ਸਨ। ਗੁਰਤਾ-ਗੱਦੀ ਪ੍ਰੋਗਰਾਮ ਦੇ ਸਿਲਸਿਲੇ ਵਿੱਚ ਨਾਂਦੇੜ ਸਾਹਿਬ ਤੇ ਹਜ਼ੂਰ ਸਾਹਿਬ ਦੀ ਡਿਵੈਲਪਮੈਂਟ ਦੇ ਸਬੰਧ ਵਿੱਚ ਸਾਡੀਆਂ ਮੀਟਿੰਗਾਂ ਹੁੰਦੀਆਂ ਰਹੀਆਂ ਹਨ। ਤੁਸੀਂ ਹੈਰਾਨ ਹੋਵੋਗੇ ਕਿ ਕਿੰਨਾ ਫ਼ਰਾਖਦਿਲ ਅਤੇ ਵਧੀਆ ਇਨਸਾਨ ਹੈ ਕਿ ਮੈਂ ਉਨ੍ਹਾਂ ਨਾਲ ਗੱਲ ਕੀਤੀ। ਮੀਟਿੰਗ ਵਿੱਚ ਇਸ ਸਬੰਧੀ ਕੋਈ ਏਜੰਡਾ ਵੀ ਨਹੀਂ ਸੀ, ਮੈਂ ਕਿਹਾ ਕਿ ਭਾਵੇਂ ਗੁਰਤਾ-ਗੱਦੀ ਪ੍ਰੋਗਰਾਮ ਕਾਰਨ, ਜਿਹੜਾ ਡਿਵੈਲਪਮੈਂਟ ਦਾ ਕੰਮ ਹੈ, ਉਹ ਨਾਂਦੇੜ ਸਾਹਿਬ ਤੱਕ ਹੈ ਅਤੇ ਉਥੋਂ ਦੀ ਡਿਵੈਲਪਮੈਂਟ ਵਾਸਤੇ ਹੈ। ਪਰ ਇਸ ਸਾਰੇ ਗੁਰਤਾ-ਗੱਦੀ ਪ੍ਰੋਗਰਾਮ ਦਾ ਤਾਅਲੁੱਕ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਦੀ ਧਰਤੀ ਨਾਲ ਵੀ ਹੈ। ਤੁਸੀਂ ਸਾਨੂੰ 150 ਕਰੋੜ ਜਾਂ 200 ਕਰੋੜ ਰੁਪਿਆ ਦੇ ਦਿਓ, ਮੇਰਾ ਖਿਆਲ ਹੈ ਕਿ ਇੱਥੇ ਬੀਬੀ ਜੀ ਬੈਠੇ ਹਨ, ਉਨ੍ਹਾਂ ਨੇ ਦੋ ਮਿੰਟ ਵੀ ਨਹੀਂ ਲਾਏ, ਉਨ੍ਹਾਂ ਨੇ 150 ਜਾਂ 200 ਕਰੋੜ ਰੁਪਿਆ, ਮੈਨੂੰ ਐਗਜ਼ੈਕਟ ਫਿਗਰ ਯਾਦ ਨਹੀਂ ਹੈ, ਇਹ ਉਦੋਂ ਹੋਮ ਮਨਿਸਟਰ ਸਨ ਜਿਹੜੇ ਕਿ ਅੱਜ ਸਾਡੇ ਰਾਜਪਾਲ ਹਨ, ਇਨ੍ਹਾਂ ਨੇ ਉਹ ਪੈਸਾ ਮੈਨੂੰ ਦਿੱਤਾ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : 183 ਕਰੋੜ ਰੁਪਿਆ ਸੀ।

ਮੁੱਖ ਮੰਤਰੀ : ਹਾਂ ਜੀ, ਇਹ 183 ਕਰੋੜ ਰੁਪਿਆ ਸੀ। ਦੂਸਰੀ ਉਨ੍ਹਾਂ ਨੇ ਜੋ ਬੜੀ ਵੱਡੀ ਗੱਲ ਕੀਤੀ ਸੀ, ਜਿਹੜੀ ਕਿ ਟੈਕਨੀਕਲ ਗਰਾਊਂਡ ਤੇ ਸਿਰੇ ਨਾ ਚੜ੍ਹ ਸਕੀ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਅਨੰਦਪੁਰ ਸਾਹਿਬ ਤੋਂ ਲੈ ਕੇ ਹਜ਼ੂਰ ਸਾਹਿਬ (ਨਾਂਦੇੜ ਸਾਹਿਬ) ਤੱਕ ਚਾਰ-ਪੰਜ ਸਟੇਟਾਂ ਆਉਂਦੀਆਂ ਹਨ, ਇਹ ਇੱਕ ਮਾਰਗ ਬਣਾਇਆ ਜਾਵੇ, ਔਰ ਜਿਸ ਤਰ੍ਹਾਂ ਪਹਿਲਾਂ ਵੀ ਆਪਾਂ ਇੱਕ ਮਾਰਗ ਬਣਾਇਆ ਸੀ, ਜੋ ਕਿ ਅਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ ਅਤੇ ਫਿਰ ਸਿੱਧਾ ਹਜ਼ੂਰ ਸਾਹਿਬ ਤੱਕ ਜਾਵੇ, ਉਸ ਦੇ ਵਿੱਚ ਹਰਿਆਣਾ ਸਟੇਟ ਵੀ ਆਉਂਦੀ ਹੈ ਅਤੇ ਮਹਾਰਾਸ਼ਟਰਾ ਅਤੇ ਗੁਜਰਾਤ ਸਟੇਟ ਵੀ ਆਉਂਦੀਆਂ ਹਨ, ਚਾਰ-ਪੰਜ ਸਟੇਟਾਂ ਆਉਂਦੀਆਂ ਹਨ। ਉਨ੍ਹਾਂ ਨੇ ਸਾਰੇ ਚੀਫ਼ ਮਨਿਸਟਰ ਨੂੰ ਹਦਾਇਤ ਕਰ ਦਿੱਤੀ ਕਿ ਆਪਣੀ-ਆਪਣੀ ਸਟੇਟ ਵਿੱਚ ਤੁਸੀਂ ਇਹ ਮਾਰਗ ਬਣਾਉ ਔਰ ਮੈਨੂੰ ਨਕਸ਼ਾ ਤਿਆਰ ਕਰਨ ਵਾਸਤੇ ਕਿਹਾ। ਸਾਡੇ ਫਾਇਨਾਂਸ ਮਨਿਸਟਰ ਬੈਠੇ ਹਨ, ਇਹ ਉਦੋਂ ਪੀ.ਡਬਲਿਊ.ਡੀ. ਮਨਿਸਟਰ ਸਨ ਔਰ ਇਹ ਆਪ ਉਥੇ ਹਰ ਰੂਟ ਤੇ ਗਏ ਔਰ ਬੜੇ ਹਿਸਟਰੀ ਦੇ ਮਾਹਿਰ ਵੀ ਨਾਲ ਲੈ ਕੇ ਗਏ ਤਾਂ ਕਿ ਇਹ ਰੂਟ ਚੰਗਾ ਬਣ ਜਾਵੇ ਔਰ ਅੱਜ ਉਹ ਰੂਟ ਤਿਆਰ ਹੈ। ਇਹ ਮੇਰੇ ਆਪਣੇ ਵੱਸ ਦੀ ਗੱਲ ਤਾਂ ਨਹੀਂ ਪਰ ਮੇਰੇ ਦਿਲ ਵਿੱਚ ਬੜੀ ਸ਼ਰਧਾ ਹੈ ਕਿ ਮੈਂ ਉਨ੍ਹਾਂ ਮੁੱਖ ਮੰਤਰੀ ਸਾਹਿਬਾਨ ਨੂੰ ਮਿਲਕੇ, ਕੋਈ ਕਾਂਗਰਸ ਦਾ ਹੈ, ਕੋਈ ਆਪੋਜੀਸ਼ਨ ਦਾ ਹੈ, ਕੋਈ ਅਜਿਹੀ ਗੱਲ ਨਹੀਂ, ਸਾਰੇ ਚੰਗੇ ਇਨਸਾਨ ਹਨ, ਉਨ੍ਹਾਂ ਦਾ ਧੰਨਵਾਦ ਕਰਾਂ ਔਰ ਮੈਂ ਇਸ ਗੱਲ ਤੇ ਤਾਂ ਆਇਆ ਹਾਂ ਕਿ ਗਵਰਨਰ ਸਾਹਿਬ ਲਈ ਮੇਰੇ ਦਿਲ ਵਿੱਚ ਸਿਰਫ ਪਿਆਰ

ਸਤਿਕਾਰ ਹੀ ਨਹੀਂ ਹੈ, ਮੈਂ ਤਾਂ ਉਨ੍ਹਾਂ ਪ੍ਰਤੀ ਬੜੀ ਸ਼ਰਧਾ ਰੱਖਦਾ ਹਾਂ। ਇਸ ਲਈ ਜੋ ਧੰਨਵਾਦ ਦਾ ਮਤਾ ਹੈ, ਮੈਂ ਉਸ ਨੂੰ ਸੁਪੋਰਟ ਕਰਦਾ ਹਾਂ ਅਤੇ ਨਾਲ ਹੀ ਇਸ ਮਤੇ ਦੇ ਵਿੱਚ ਜੋ ਸਾਡੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੇ ਵਿਚਾਰ ਹਨ, ਉਹ ਵੀ ਤੁਹਾਡੇ ਨਾਲ, ਸਾਰੇ ਮੈਂਬਰ ਸਾਹਿਬਾਨ ਦੇ ਨਾਲ, ਸਾਂਝੇ ਕਰਨਾ ਚਾਹੁੰਦਾ ਹਾਂ।

ਸਰਦਾਰ ਜਗਮੋਹਨ ਸਿੰਘ ਕੰਗ : ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਰਗ ਕਿਸਨੇ ਬਣਾਉਣਾ ਸ਼ੁਰੂ ਕੀਤਾ ਸੀ, ਗਿਆਨੀ ਜ਼ੈਲ ਸਿੰਘ ਜੀ ਨੇ, ਕਾਂਗਰਸ ਦੀ ਸਰਕਾਰ ਨੇ।

ਮੁੱਖ ਮੰਤਰੀ : ਸਰਦਾਰ ਜੀ, ਮੈਂ ਤਾਂ ਗਿਆਨੀ ਜੀ ਦਾ ਪਹਿਲਾਂ ਹੀ ਸਤਿਕਾਰ ਕੀਤਾ ਹੈ। ਮੈਂ ਤਾਂ ਸਭ ਦਾ ਸਤਿਕਾਰ ਕਰਦਾ ਹਾਂ, ਤੁਸੀਂ ਇਹ ਤੰਗ ਦਾਇਰੇ ਛੱਡੋ। ਇਹ ਕੋਈ ਹੋਰ ਮਾਰਗ ਹੈ ਬਾਬਾ, ਉਹ ਹੋਰ ਮਾਰਗ ਹੈ ਬਾਬਾ। (ਹਾਸਾ) ਤੁਸੀਂ ਸੋਚੀ ਕਿਤੇ ਜਾਂਦੇ ਹੋ ਬੈਠੇ ਕਿਤੇ ਹੋਰ ਹੋ। ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ, ਕਿਉਂਕਿ ਇਸ ਹਾਊਸ ਵਿੱਚ ਥੋੜ੍ਹੀ ਜਿਹੀ ਤਬਦੀਲੀ ਆਈ ਹੈ, ਜਾਖੜ ਸਾਹਿਬ ਲੀਡਰ ਆਫ ਦਿ ਆਪੋਜੀਸ਼ਨ ਬਣੇ ਹਨ। ਮੈਂ ਇਨ੍ਹਾਂ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ। ਮੈਂ ਇਨ੍ਹਾਂ ਦੇ ਬਹੁਤ ਹੀ ਕਾਬਲ ਪਿਤਾ ਚੌਧਰੀ ਬਲਰਾਮ ਜਾਖੜ ਜੀ ਨਾਲ ਵੀ ਕੰਮ ਕੀਤਾ ਹੈ। ਉਦੋਂ ਵੀ ਮੈਂ ਇਸੇ ਕੁਰਸੀ ਤੇ ਬੈਠਾ ਸੀ ਤੇ ਸ਼੍ਰੀ ਬਲਰਾਮ ਜਾਖੜ ਜੀ, ਜਿੱਥੇ ਅੱਜ ਉਨ੍ਹਾਂ ਦੇ ਕਾਬਲ ਸਪੁੱਤਰ ਬੈਠੇ ਹਨ, ਉਥੇ ਬੈਠੇ ਸੀ, ਉਹ ਲੀਡਰ ਆਫ ਦਿ ਆਪੋਜੀਸ਼ਨ ਸਨ। ਇਸ ਗੱਲ ਦੀ ਮੈਨੂੰ ਇੰਨੀ ਖੁਸ਼ੀ ਹੋਈ ਹੈ ਕਿ ਅੱਜ ਉਨ੍ਹਾਂ ਦੇ ਲਾਇਕ ਸਪੁੱਤਰ ਉਸੇ ਕੁਰਸੀ ਤੇ ਬੈਠੇ ਹਨ ਜਿੱਥੇ ਉਨ੍ਹਾਂ ਦੇ ਪਿਤਾ ਜੀ ਕਿਸੇ ਵੇਲੇ ਬੈਠੇ ਸਨ ਔਰ ਮੈਂ ਆਸ ਕਰਦਾ ਹਾਂ ਕਿ ਉਹ ਪਰੰਪਰਾਵਾਂ ਜਿਹੜੀਆਂ ਇਨ੍ਹਾਂ ਦੇ ਪਿਤਾ ਜੀ ਨੇ ਕਾਇਮ ਕੀਤੀਆਂ ਸਨ ਨਾ ਸਿਰਫ ਉਨ੍ਹਾਂ ਨੂੰ ਕਾਇਮ ਰੱਖਣਗੇ ਬਲਕਿ ਉਨ੍ਹਾਂ ਵਿੱਚ ਵਾਧਾ ਕੀਤਾ ਜਾਵੇਗਾ। ਮੈਂ ਇਹ ਨਹੀਂ ਕਹਿੰਦਾ ਕਿ ਬੀਬੀ ਜੀ ਇਸ ਸੀਟ ਤੇ ਨਹੀਂ। ਬੀਬੀ ਜੀ ਵੀ ਬਹੁਤ ਕਾਬਲ ਲੀਡਰ ਹਨ। ਬੜਾ ਲੰਮਾ ਸਮਾਂ ਇਹ ਲੀਡਰ ਆਫ ਦਿ ਆਪੋਜੀਸ਼ਨ ਰਹੇ ਹਨ। ਮੈਂ ਇਨ੍ਹਾਂ ਦਾ ਵੀ ਬਹੁਤ ਸਤਿਕਾਰ ਕਰਦਾ ਹਾਂ। ਪਹਿਲਾਂ ਵੀ ਕਰਦਾ ਸੀ ਹੁਣ ਵਧੇਰੇ ਕਰਦਾ ਹਾਂ (ਹਾਸਾ) ਪਰ ਮੈਂ ਵੇਖਿਆ ਕਿ ਜੇਕਰ ਵਧੇਰੇ ਸਤਿਕਾਰ ਕਰੀਏ ਤਾਂ ਇਨ੍ਹਾਂ ਦੇ ਮਾਫਿਕ ਨਹੀਂ ਆਉਂਦਾ, (ਹਾਸਾ) ਉਤਲੇ ਨਾਰਾਜ਼ ਹੋ ਜਾਂਦੇ ਹਨ। ਚੌਧਰੀ ਸਾਹਿਬ ਮੈਨੂੰ ਦੱਸ ਦਿਓ ਜੇ ਤੁਹਾਡੇ ਨਾਲ ਵੀ ਨਾਰਾਜ ਹੋ ਜਾਣ, ਮੈਨੂੰ ਜੋ ਕਹੋਗੇ ਮੈਂ ਤਾਂ ਉਦਾਂ ਹੀ ਕਰ ਲਵਾਂਗਾ, ਤੁਸੀਂ ਆਪਣੀਆਂ ਕੁਰਸੀਆਂ ਤੇ ਬਰਕਰਾਰ ਰਹੋ, ਮੇਰੇ ਕਰਕੇ ਕੋਈ ਤਬਦੀਲੀ ਨਾ ਹੋ ਜਾਵੇ। (ਹਾਸਾ) ਮੈਨੂੰ ਪਤਾ ਹੈ ਅਸੀਂ ਕ੍ਰਿਕਟ ਦਾ ਮੈਚ ਰੱਖ ਲਿਆ, ਬੀਬੀ ਜੀ ਨੇ ਕਰਵਾ ਦਿੱਤਾ, ਉਸ ਦਿਨ ਤੋਂ ਬਾਅਦ ਮਿਹਣੇ ਮਿਲਦੇ ਰਹੇ, ਇਹ ਹੈ ਤਾਂ ਸੀ ਚੰਗੀਆਂ ਗੱਲਾਂ ਪਰ ਜਿਹੜੇ ਭਖਾਉਣ ਵਾਲੇ ਹੁੰਦੇ ਹਨ ਉਪਰ ਅਜਿਹਾ ਭਖਾਉਂਦੇ ਹਨ ਕਿ "ਲਓ ਜੀ ਬੀਬੀ ਤਾਂ ਇਧਰ ਅਕਾਲੀਆਂ ਨਾਲ ਮਿਲ ਗਈ।" ਕੋਈ ਆਖੇ ਜਾਖੜ ਮਿਲ ਗਿਆ ਸੀ। ਇਹ ਭਰਾਵੋ ਪਰੰਪਰਾ ਹੈ, ਆਪਾਂ ਸਾਰੇ ਹੀ ਮਿਲੇ ਹੋਏ ਹਾਂ, ਮੈਂ ਤੁਹਾਡੇ ਸਾਰਿਆਂ ਨਾਲ ਹੀ ਮਿਲਿਆ ਹੋਇਆ ਹਾਂ, ਉਸ ਦੇ ਵਿੱਚ ਕੀ ਹਰਜ਼ ਹੈ, (ਹਾਸਾ) ਤੁਸੀਂ ਸਾਡੇ ਨਾਲ ਮਿਲੇ ਹੋ। ਇਸ ਕਰਕੇ ਜਾਖੜ ਸਾਹਿਬ ਤੁਹਾਨੂੰ ਬਹੁਤ-ਬਹੁਤ ਵਧਾਈ। ਤੁਹਾਡੇ ਆਉਣ ਨਾਲ 2-3 ਗੱਲਾਂ ਵਿੱਚ ਬਹੁਤ ਫਰਕ ਪਿਆ ਹੈ, ਮੈਂ ਦੇਖਿਆ

[ਮੁੱਖ ਮੰਤਰੀ]

ਹੈ। ਸੈਂਟ ਪਰਸੈਂਟ ਤਾਂ ਨਹੀਂ 90% ਤਾਂ ਪਿਆ ਹੈ ਕਿ ਗਵਰਨਰ ਐਡਰੈਸ ਤੇ ਵਾਕ ਆਊਟ ਨਹੀਂ ਹੋਇਆ। ਮੈਨੂੰ ਪਤਾ ਹੈ ਤੁਹਾਡੇ ਵਿੱਚ ਜ਼ੋਸ਼ੀਲੇ ਹਾਲੇ ਹਨ। ਅੱਧੇ ਕੁ ਤਾਂ ਚਲੇ ਗਏ, (ਹਾਸਾ) ਕਹਿੰਦੇ ਵਾਕ ਆਊਟ ਕਰਨਾ ਹੈ, ਜ਼ਰੂਰ ਕਰਨਾ ਹੈ, ਜਿਹੜੀ ਚਿੱਠੀ ਲਿਖੀ ਹੈ, ਤੁਹਾਨੂੰ ਭੇਜੀ ਹੈ, ਮੇਰੇ ਕੋਲ ਇੱਕ-ਇੱਕ ਗੱਲ ਦੀ ਸੀ.ਆਈ.ਡੀ. ਹੈ। (ਹਾਸਾ) ਮੈਨੂੰ ਤਾਂ ਇਹ ਵੀ ਪਤਾ ਹੈ ਕਿ ਕੀੜੀ ਕਿੱਥੋਂ ਦੀ ਤੁਰੀ ਜਾਂਦੀ ਹੈ। (ਹਾਸਾ) ਇਸ ਲਈ ਜ਼ੋਸ਼ੀਲੇ ਕਹਿੰਦੇ ਹਨ ਜਾਖੜ ਸਾਹਿਬ, ਜੇਕਰ ਤੁਸੀਂ ਵਾਕ ਆਊਟ ਨਾ ਕੀਤਾ ਤਾਂ ਗੱਲ ਨਹੀਂ ਬਣਨੀ ਇਸ ਕਰਕੇ ਵਾਕ ਆਊਟ ਜ਼ਰੂਰ ਕਰੋ। (ਹਾਸਾ) ਪਰ ਇਹ ਤੁਹਾਡੀ ਦਾਨਿਸ਼ਮੰਦੀ ਹੈ ਜਿਹੜਾ ਇਹ ਗਵਰਨਰ ਸਾਹਿਬ ਦੇ ਭਾਸ਼ਣ ਤੇ ਵਾਕ ਆਊਟ ਨਹੀਂ ਹੋਇਆ। ਮੈਂ ਅੱਜ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਆਪਾਂ ਇਹ ਨਿਰਣਾ ਲੈ ਲਈਏ, ਭਾਵੇਂ ਇਹ ਛੋਟੀ ਗੱਲ ਹੈ, ਵੈਸੇ ਇਹ ਵੱਡੀ ਗੱਲ ਹੈ ਕਿ ਜਿਵੇਂ ਫੈਸਲਾ ਲਿਆ ਗਿਆ ਕਿ ਮਾਨਯੋਗ ਸਪੀਕਰ ਸਾਹਿਬ ਹੀ ਸ਼ੋਕ ਮਤਿਆਂ ਤੇ ਪੜ੍ਹ ਲਿਆ ਕਰਨ। ਸਰਕਾਰਾਂ ਆਉਂਦੀਆਂ ਹਨ, ਜਾਂਦੀਆਂ ਹਨ, ਕਦੇ ਕੋਈ ਇਧਰ ਬੈਠਦਾ ਹੈ, ਕੋਈ ਉਧਰ ਬੈਠਦਾ ਹੈ ਲੇਕਿਨ ਇਹ ਵੀ ਨਿਰਣਾ ਹੋ ਜਾਣਾ ਚਾਹੀਦਾ ਹੈ ਕਿ ਘੱਟੋ-ਘੱਟ ਗਵਰਨਰ ਸਾਹਿਬ ਦੇ ਐਡਰੈਸ ਤੇ ਕੋਈ ਪਾਰਟੀ ਵਾਕਆਊਟ ਨਾ ਕਰੇ। (ਥੰਪਿੰਗ) ਜੇਕਰ ਤੁਹਾਨੂੰ ਮਨਜ਼ੂਰ ਹੈ ਤਾਂ ਤੁਸੀਂ ਵੀ ਤਾੜੀ ਮਾਰ ਦਿਓ ਜੀ। ਸਪੀਕਰ ਸਾਹਿਬ, ਇਹ ਨੋਟ ਕਰ ਲਓ।

ਮਾਨਯੋਗ ਸਪੀਕਰ : ਇਸ ਗੱਲ ਲਈ ਤੁਹਾਡਾ ਧੰਨਵਾਦ ਵੀ ਹੈ।

ਮੁੱਖ ਮੰਤਰੀ : ਦੂਜਾ ਇਹ ਵੀ ਹੈ ਕਿ ਇੱਕ ਮੈਂ ਬਹੁਤ ਫਰਕ ਦੇਖਿਆ ਹੈ ਕਿਉਂਕਿ ਬੋਲਣਾ ਤਾਂ ਹੁੰਦਾ ਹੀ ਨਹੀਂ, ਕੇਵਲ ਬੈਠਣਾ ਹੀ ਹੁੰਦਾ ਹੈ, ਵਾਚ ਹੀ ਕਰਨਾ ਹੁੰਦਾ ਹੈ। ਅੱਜ ਹੀ ਗਵਰਨਰ ਸਾਹਿਬ ਦੇ ਭਾਸ਼ਣ ਤੇ 10-15 ਮਿੰਟ ਸੋਢੀ ਸਾਹਿਬ ਬੋਲ ਰਹੇ ਸਨ ਲੇਕਿਨ ਮੇਰਾ ਥੋੜ੍ਹਾ ਜਿਹਾ ਕੌਫੀ ਪੀਣ ਲਈ ਦਿਲ ਕੀਤਾ ਤਾਂ ਮੈਂ ਉਠ ਕੇ ਚਲਿਆ ਗਿਆ। ਸੋਢੀ ਸਾਹਿਬ ਨੇ ਜੋ ਬੋਲਿਆ ਮੈਂ ਤਾਂ ਉਹ ਵੀ ਉਥੇ ਬੈਠ ਕੇ ਸੁਣਦਾ ਰਿਹਾ ਹਾਂ, ਪਰ ਹੁਣ ਸੋਢੀ ਸਾਹਿਬ ਆਪ ਹੈ ਨਹੀਂ, ਆਪ ਤੁਰ ਗਏ। ਚਲੋ ਕੋਈ ਗੱਲ ਨਹੀਂ। ਜਦੋਂ ਮੈਂ ਬੋਲਦਾ ਹਾਂ ਤਾਂ ਇਹ ਤੁਰ ਗਏ, ਕਿਤੇ ਵਾਰੀ ਤਾਂ ਨਹੀਂ ਲਾਹੁਣ ਲੱਗੇ ਕਿ ਜਦੋਂ ਉਹ ਬੋਲਦੇ ਸਨ ਤਾਂ ਮੈਂ ਤੁਰ ਗਿਆ ਸੀ.... ਚਲੋ ਕੋਈ ਗੱਲ ਨਹੀਂ। ਇੱਥੇ ਤਾਂ ਮੈਂ ਥੋੜ੍ਹੀ ਜਿਹੀ ਜਾਖੜ ਸਾਹਿਬ ਨੂੰ ਬੇਨਤੀ ਕਰਨੀ ਹੈ। ਪਲੀਜ਼ ਮਾਈਂਡ ਨਾ ਕਰਨਾ, ਮਾਈਂਡ ਕਰਨ ਵਾਲੀ ਗੱਲ ਹੈ। ਇਸ ਸਦਨ ਵਿੱਚ ਇਹ ਕੀਤਾ ਕਿ ਪੰਜਾਬੀ ਬੋਲੀ ਵਿਚ ਹਾਊਸ ਦੀ ਸਾਰੀ ਕਾਰਵਾਈ ਹੋਵੇਗੀ ਔਰ ਇਥੇ ਹੀ ਕਿਸੇ ਨੇ ਕਿਹਾ ਕਿ ਜੀ ਕੇਵਲ 10% ਹੀ ਹੁੰਦੀ ਹੈ। ਇਹ ਤਾਂ ਹਾਲੇ ਦਫ਼ਤਰਾਂ ਵਿੱਚ ਜਾਂ ਕਚਹਿਰੀ ਵਿੱਚ ਨਹੀਂ ਹੁੰਦੀ। ਮਾਨਯੋਗ ਸਪੀਕਰ ਸਾਹਿਬ ਨੇ ਆਉਣ ਸਾਰ ਹੀ ਕਹਿ ਦਿੱਤਾ ਕਿ ਮੈਂ ਅਪੀਲ ਕਰਦਾ ਹਾਂ, ਪਹਿਲੀ ਅਪੀਲ ਹੀ ਇਨ੍ਹਾਂ ਨੇ ਇਹ ਕੀਤੀ ਕਿ ਹਾਊਸ ਦੀ ਕਰਵਾਈ ਪੰਜਾਬੀ ਵਿੱਚ ਹੋਵੇਗੀ। ਪਰ ਜਾਖੜ ਸਾਹਿਬ ਦੀ ਸਾਰੀ ਸਪੀਚ ਦਾ 60% ਅਗਰੇਜ਼ੀ ਸੀ, ਕਢਵਾ ਕੇ ਦੇਖ ਲਓ। ਵੈਸੇ ਤਾਂ ਸਾਰੇ ਅੰਗਰੇਜ਼ੀ ਸਮਝਦੇ ਹਨ। ਪਰ ਜੇ ਆਪਾਂ ਇਹ ਫੈਸਲਾ

ਕਰ ਲਿਆ ਤਾਂ ਪੰਜਾਬੀ ਵਿੱਚ ਗੱਲ ਕਰ ਲੈਣੀ ਚਾਹੀਦੀ ਹੈ। ਜਾਖੜ ਸਾਹਿਬ ਤੁਸੀਂ ਤਾਂ ਪੰਜਾਬੀ ਬਹੁਤ ਵਧੀਆ ਬੋਲਦੇ ਹੋ, ਮੇਰੇ ਨਾਲੋਂ ਵੀ ਵਧੀਆ ਪੰਜਾਬੀ ਬੋਲ ਸਕਦੇ ਹੋ। ਅੱਗੇ ਵਾਸਤੇ ਜਾਖੜ ਸਾਹਿਬ ਥੋੜ੍ਹੀ ਜਿਹੀ ਮਿਹਰਬਾਨੀ ਕਰਨਾ ਕਿਉਂਕਿ ਜਿਹੜੀ ਗੱਲ ਆਪ ਆਖੀਏ, ਉਹ ਪਹਿਲਾਂ ਉਤੋਂ ਸ਼ੁਰੂ ਕਰਨੀ ਚਾਹੀਦੀ ਹੈ, ਫੇਰ ਹੇਠਾਂ। ਮੈਨੂੰ ਯਾਦ ਹੈ ਕਿ ਕਿਸੇ ਨੂੰ ਕੋਈ ਤਕਲੀਫ ਸੀ, ਉਹ ਕਿਸੇ ਗੁਰੂ ਸਾਹਿਬਾਨ ਕੋਲ ਜਾਂ ਪਤਾ ਨਹੀਂ ਕਿਸੇ ਪੀਰ ਪੈਗੰਬਰ ਕੋਲ ਗਿਆ ਤਾਂ ਉਸ ਨੇ ਪੁੱਛਿਆ ਕਿ ਮੈਨੂੰ ਦੱਸੋ, ਮੈਂ ਕੀ ਕਰਨਾ ਹੈ। ਤਾਂ ਉਹ ਕਹਿੰਦੇ ਕਿ ਅੱਜ ਨਹੀਂ, ਤੂੰ ਕੱਲ੍ਹ ਆ ਜਾਈਂ, ਕੱਲ੍ਹ ਦੱਸਾਂਗਾ। ਅਗਲੇ ਦਿਨ ਉਹ ਉਸ ਕੋਲ ਚਲਾ ਗਿਆ ਤੇ ਜਾ ਕੇ ਕਹਿੰਦਾ ਕਿ ਅੱਜ ਦੱਸ ਦਿਓ ਕਿ ਕੀ ਕਰਨਾ ਹੈ। ਇਸ ਤੇ ਉਹ ਕਹਿੰਦੇ ਕਿ ਗੁੜ ਨਾ ਖਾਇਆ ਕਰ। ਉਹ ਕਹਿੰਦਾ ਕਿ ਜੇ ਇਹੀ ਗੱਲ ਦੱਸਣੀ ਸੀ ਤਾਂ ਮੈਨੂੰ ਕੱਲ੍ਹ ਹੀ ਦੱਸ ਦਿੰਦੇ। ਉਹ ਕਹਿੰਦੇ ਕਿ ਕੱਲ੍ਹ ਗੁੜ ਮੈਂ ਵੀ ਖਾਂਦਾ ਸੀ, ਮੈਂ ਵੀ ਹੁਣ ਛੱਡ ਦਿੱਤਾ ਹੈ। ਇਸ ਲਈ ਤੁਹਾਨੂੰ ਕਹਿੰਦਾ ਹਾਂ ਕਿ ਗੁੜ੍ਹ ਛੱਡ ਦਿਓ। ਇਸ ਕਰਕੇ ਮੇਰੀ ਇੰਨੀ ਹੀ ਬੇਨਤੀ ਹੈ।

ਸਪੀਕਰ ਸਾਹਿਬ, ਇਸ ਗੱਲ ਤੇ ਇਥੇ ਬੜੀ ਚਰਚਾ ਚਲਦੀ ਰਹੀ ਹੈ ਜਿਹੜਾ ਮਾਨਯੋਗ ਗਵਰਨਰ ਸਾਹਿਬ ਨੇ ਇਥੇ ਫਰਮਾਇਆ ਕਿ ਇਹ ਇਲੈਕਸ਼ਨ ਅਤੇ ਇਸ ਦੇ ਜਿਹੜੇ ਨਤੀਜੇ ਹਨ ਇਹ ਹਿਸਟਾਰਿਕ ਵਰਡਿਕਟ ਹੈ। ਇਹ ਗਵਰਨਰ ਸਾਹਿਬ ਨੇ ਤਾਂ ਕਿਹਾ, ਮੈਨੂੰ ਤੁਸੀਂ ਇਹ ਦੱਸੋ ਕਿ ਕਿਹੜਾ ਹਿੰਦੁਸਤਾਨ ਦਾ ਐਸਾ ਅਖਬਾਰ ਹੈ ਜਾਂ ਕੋਈ ਰਸਾਲਾ, ਮੈਗਜ਼ੀਨ ਹੈ ਜਿਸ ਨੇ ਇਹ ਨਹੀਂ ਕਿਹਾ। ਕੋਈ ਅਜਿਹਾ ਸਟੇਟਸਮੈਨ ਹੈ ਜਿਸ ਨੇ ਇਹ ਨਹੀਂ ਕਿਹਾ ਫਿਰ ਤੁਹਾਨੂੰ ਕਿਉਂ ਇਸ ਗੱਲ ਤੇ ਤਕਲੀਫ ਹੁੰਦੀ ਹੈ। ਤੁਹਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਲੋਕਾਂ ਦਾ ਜੋ ਇਹ ਵਰਡਿਕਟ ਹੈ ਅਸੀਂ ਇਸ ਦੇ ਅੱਗੇ ਸਿਰ ਝੁਕਾਉਂਦੇ ਹਾਂ। (ਥੰਪਿੰਗ) ਇਹ ਇਤਿਹਾਸਿਕ ਵਰਡਿਕਟ ਕਿਉਂ ਹੈ, ਕਿਉਂ ਪ੍ਰੈਸਾਂ ਅਤੇ ਅਖਬਾਰਾਂ ਵਿੱਚ ਆਰਟੀਕਲ ਆਏ ਹਨ। ਇੱਕ ਤਾਂ ਇਹ ਹੈ ਕਿ ਇਹ ਸਰਕਾਰ ਪਹਿਲੀ ਦਫਾ ਰੀਪੀਟ ਹੋਈ ਹੈ। ਦੁਬਾਰਾ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀਯ ਜਨਤਾ ਪਾਰਟੀ ਦੀ ਸਰਕਾਰ ਆਈ ਹੈ। (ਥੰਪਿੰਗ) ਵਰਡਿਕਟ ਕੀ ਹੈ, ਵਰਡਿਕਟ ਇਹ ਹੈ ਕਿ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀਯ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਜਿਹੜੀ ਪਿਛਲੇ ਪੰਜਾਂ ਸਾਲਾਂ ਵਿੱਚ ਕੀਤੀ ਗਈ ਕਾਰਗੁਜ਼ਾਰੀ ਅਤੇ ਲੋਕਾਂ ਦੀ ਸੇਵਾ ਕੀਤੀ ਹੈ ਉਸ ਤੇ ਲੋਕਾਂ ਨੇ ਆਪਣੀ ਸੰਤੁਸ਼ਟੀ ਦਾ ਪੂਰੀ ਤਰ੍ਹਾਂ ਪ੍ਰਗਟਾਵਾ ਕੀਤਾ ਹੈ। ਦੂਜਾ, ਜਿਹੜਾ ਇਸ ਦੇ ਵਿਚ ਵਰਡਿਕਟ ਆਇਆ ਹੈ ਉਹ ਇਹ ਹੈ ਕਿ ਇਹ ਪਹਿਲੀ ਦਫਾ ਹੈ ਕਿ 80% ਦੇ ਕਰੀਬ ਵੋਟਾਂ ਪਈਆਂ ਹਨ। ਇਹ ਇਸ ਕਰਕੇ ਪਈਆਂ ਹਨ ਕਿ ਪੰਜਾਬ ਦੇ ਲੋਕ ਮਹਿਸੂਸ ਕਰਦੇ ਸਨ ਕਿ ਕਿਧਰੇ ਅਸੀਂ ਵੋਟਾਂ ਘੱਟ ਪਾਈਏ ਅਤੇ ਬਦਕਿਸਮਤੀ ਨਾਲ ਸੂਬੇ ਦੀ ਵਾਗਡੋਰ ਕਿਸੇ ਗਲਤ ਹੱਥਾਂ ਵਿਚ ਚਲੀ ਜਾਵੇ। ਇਸ ਕਰਕੇ ਉਨ੍ਹਾਂ ਨੇ ਬੜੇ ਜੋਸ਼ ਨਾਲ ਤੇ ਬੜੇ ਸੂਝਵਾਨ ਤਰੀਕੇ ਨਾਲ ਵੋਟਾਂ ਪਾ ਕੇ ਆਪਣੇ ਨਿਸ਼ਾਨੇ ਦੀ ਪੂਰਤੀ ਕੀਤੀ ਹੈ, ਇਸ ਕਰਕੇ 80% ਦੇ ਕਰੀਬ ਵੋਟਾਂ ਪਈਆਂ ਹਨ। ਉਹ ਸੋਚਦੇ ਸਨ ਕਿ ਕਿਧਰੇ ਗਲਤ ਸਰਕਾਰ ਨਾ ਬਣ ਜਾਵੇ ਅਤੇ ਸਾਡੀ ਸਰਕਾਰ ਚੁਣੀ ਗਈ। ਤੀਸਰਾ, ਅਸੀਂ ਵਾਇਦਾ ਕੀਤਾ ਸੀ....(ਵਿਘਨ)

[ਮੁੱਖ ਮੰਤਰੀ]

(ਇਕ ਅਵਾਜ਼ : ਜਿਹੜੀ ਅਕਾਲੀ ਦਲ ਦੀ ਵੋਟ ਪ੍ਰਤੀਸ਼ਤ ਘਟੀ ਹੈ।)

ਗੱਲ ਸੁਣੋ, ਖੇਡ ਤਾਂ ਸਾਰੇ ਖਿਡਾਰੀ ਜਾਂ ਪਲੇਅਰ ਖੇਡਦੇ ਹੁੰਦੇ ਹਨ। ਪਰ ਗੱਲ ਉਸ ਦੀ ਹੁੰਦੀ ਹੈ ਜਿਹੜਾ ਗੋਲ ਕਰ ਜਾਵੇ। ਮੈਂ ਤਾਂ ਟੀ.ਵੀ ਘੱਟ-ਵੱਧ ਹੀ ਵੇਖਦਾ ਹਾਂ। ਆਹ ਪਿੱਛੇ ਜਿਹੇ ਪਾਕਿਸਤਾਨ ਨੇ ਇੱਕ ਮੈਚ ਕੇਵਲ 2 ਰਨਾਂ ਨਾਲ ਜਿੱਤ ਲਿਆ। ਉਹ ਛਾਲਾਂ ਮਾਰਦੇ ਫਿਰਦੇ ਹਨ ਜਦ ਕਿ ਦੂਜਿਆਂ ਦੇ ਮੂੰਹ ਤੋਂ ਅਜੇ ਤੱਕ ਪਲਿੱਤਣ ਨਹੀਂ ਗਈ। ਤੁਸੀਂ ਬਹਾਨੇ ਬਾਜ਼ੀ ਕਿਉਂ ਕਰਦੇ ਹੋ? ਅਸੀਂ ਜਿੱਤ ਗਏ ਹਾਂ, ਤੁਸੀਂ ਕਹੋ, ਸ਼ਾਬਾਸ਼! ਗੱਲ ਮੁੱਕੀ। ਅਸੀਂ ਵੀ ਚੜ੍ਹਦੀ ਕਲਾ ਵਿਚ ਰਹੀਏ ਅਤੇ ਤੁਸੀਂ ਵੀ ਮੰਨੋ ਤੇ ਚੜ੍ਹਦੀ ਕਲਾ ਵਿਚ ਰਹੋ। (ਥੰਪਿੰਗ) ਮੈਂ ਸਾਰੀਆਂ ਗੱਲਾਂ ਕਰਾਂਗਾ। ਡੇਢ ਘੰਟਾ ਮੈਂ ਲੈਣਾ ਹੈ। ਬੜੇ ਅਰਾਮ ਨਾਲ ਅਤੇ ਤਸੱਲੀ ਨਾਲ ਬੈਠੋ। ਇਸ ਤੋਂ ਬਾਅਦ ਖਾਣਾ ਵੀ ਦਿਆਂਗੇ। ਐਤਕੀਂ ਤਾਂ ਸ਼ਾਇਦ ਤੁਸੀਂ ਖਾਣਾ ਖਾਓਗੇ, ਪਹਿਲਾਂ ਤਾਂ ਨਹੀਂ ਸੀ ਖਾਂਦੇ ਹੁੰਦੇ। ਤੀਸਰਾ, ਅਸੀਂ ਕਿਹਾ ਸੀ ਕਿ ਇਲੈਕਸ਼ਨ ਨਿਰਪੱਖ ਹੋਣਗੇ, ਪੀਸਫੁੱਲ ਹੋਣਗੇ, ਫਰੀ ਐਂਡ ਫੇਅਰ ਹੋਣਗੇ। ਮੇਰੀ ਸਟੇਟਮੈਂਟ ਪੜ੍ਹ ਲਵੋ। ਪੰਜਾਬ ਦੇ ਲੋਕਾਂ ਦੀ ਕੋਆਪਰੇਸ਼ਨ ਨਾਲ ਤੁਸੀਂ ਦੱਸੋ ਕਿ ਇਲੈਕਸ਼ਨ ਪੀਸਫੁੱਲ ਨਹੀਂ ਹੋਏ, ਨਿਰਪੱਖ ਨਹੀਂ ਹੋਏ। ਇਨ੍ਹਾਂ ਇਲੈਕਸ਼ਨਾਂ ਦੇ ਦੌਰਾਨ ਸ਼ਾਇਦ ਹੀ ਕੋਈ ਅਜਿਹੀ ਘਟਨਾ ਹੋਈ ਹੋਵੇਗੀ ਜਿਸ ਨੇ ਪੰਜਾਬ ਦੇ ਲੋਕ ਜਿਹੜੇ ਬੜੇ-ਬੜੇ ਡੈਮੋਕਰੇਟਿਕ ਅਤੇ ਪੀਸਫੁੱਲ ਹਨ, ਉਨ੍ਹਾਂ ਨੇ ਕੋਈ ਕਮੀ ਛੱਡੀ ਹੋਵੇ। ਮੈਂ ਬੇਹੱਦ ਮਸ਼ਕੂਰ ਹਾਂ ਕਿ ਗਵਰਨਰ ਸਾਹਿਬ ਨੇ ਇਸ ਇਸ਼ੂ ਤੇ, ਇਲੈਕਸ਼ਨਾਂ ਵਿਚ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਦੀ ਤਾਰੀਫ ਕੀਤੀ ਹੈ। ਦੂਸਰਾ ਹੈ ਕਿ ਮੈਨਡੇਟ ਹੈ ਕੀ ਹੈ? ਅਸੀਂ ਨਾ ਕੋਈ ਫਾਲਤੂ ਗੱਲ ਕੀਤੀ । ਸਿੱਧਾ ਚਾਰ ਲਾਈਨਾਂ ਦਾ ਸਾਡਾ ਪ੍ਰਚਾਰ ਸੀ। ਅਸੀਂ ਲੋਕਾਂ ਵਿਚ ਜਾ ਕੇ ਕਹਿੰਦੇ ਸਾਂ ਕਿ ਭਰਾਵੋ ਜੇ ਪੰਜਾਬ ਵਿਚ ਪੀਸ, ਕਮਿਊਨਲ ਹਾਰਮੋਨੀ, ਆਲ ਰਾਊਂਡ ਡਿਵੈਲਪਮੈਂਟ ਅਤੇ ਗੁੱਡ ਗਵਰਨੈਂਸ ਅਤੇ ਸਮਾਜ ਭਲਾਈ ਦੇ ਕੰਮ ਪੂਰੇ ਕੀਤੇ ਹਨ ਤਾਂ ਸਾਨੂੰ ਵੋਟਾਂ ਪਾ ਦਿਉ ਅਤੇ ਜੇਕਰ ਨਹੀਂ ਕੀਤੇ ਤਾਂ ਕਾਂਗਰਸੀਆਂ ਨੂੰ ਪਾ ਦਿਉ। ਅਸੀਂ ਆਪਣੀ ਗੱਲ ਪੰਜਾਂ ਮਿੰਟਾਂ ਵਿਚ ਹੀ ਮੁਕਾ ਕੇ ਤੁਰ ਜਾਂਦੇ ਸੀ। ਲੋਕਾਂ ਨੇ ਸਾਡੇ ਉਤੇ ਵਿਸ਼ਵਾਸ ਕੀਤਾ ਅਤੇ ਸਾਡੇ ਵਿਸ਼ਵਾਸ ਉੱਤੇ ਉਨ੍ਹਾਂ ਨੇ ਫੁੱਲ ਚੜ੍ਹਾਏ ਹਨ। ਮੈਂ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ। ਇਹ ਜਿਹੜੀ ਜਿੱਤ ਹੋਈ ਹੈ, ਇਹ ਕਨਸਟਰਕਟਿਵ ਪਾਲਿਸੀਆਂ ਦੇ ਹੱਕ ਵਿਚ ਅਤੇ ਡਿਸਟਰੱਕਟਿਵ ਤੇ ਨੈਗੇਟਿਵ ਅਪਰੋਚ ਦੇ ਉਲਟ ਇਤਿਹਾਸਕ ਗੱਲ ਹੋਈ ਹੈ। ਤੁਸੀਂ ਕਹਿੰਦੇ ਹੋ ਕਿ ਹੁਣ ਅਸੀਂ ਆਪਣੇ ਅੰਦਰ ਪੜਚੋਲ ਕਰਨੀ ਹੈ। ਇਹ ਕੰਮ ਤੁਸੀਂ ਮੈਥੋਂ ਹੀ ਕਰਵਾ ਲਵੋ। ਤੁਸੀਂ ਕਾਹਤੋਂ ਔਖੇ ਹੁੰਦੇ ਹੋ। ਤੁਸੀਂ ਮੇਰੇ ਕੋਲੋਂ ਨੋਟ ਲਿਖਵਾ ਲਵੋ ਕਿ ਤੁਸੀਂ ਕਿਉਂ ਹਾਰੇ ਹੋ? ਇਸ ਦੇ ਵਿਚ ਇੱਡੀ ਕਿਹੜੀ ਗੱਲ ਹੈ। ਸਪੀਕਰ ਸਾਹਿਬ, ਇਹ ਜਿੱਤ ਨਿਰੋਲ ਅਸਲ ਕਾਰਗੁਜ਼ਾਰੀ ਤੇ ਪੰਜਾਬ ਦੇ ਭਵਿੱਖ ਲਈ ਪੇਸ਼ ਕੀਤੇ ਏਜੰਡਾ ਦੀ ਹੈ। ਅਸੀਂ ਕੀ ਕੀਤਾ ਹੈ ਅਤੇ ਅੱਗੇ ਨੂੰ ਅਸੀਂ ਕੀ ਕਰਨਾ ਹੈ। ਚੌਧਰੀ ਸਾਹਿਬ, we should not play to the gallery. ਤੁਸੀਂ ਸਿੱਠਣੀਆਂ ਨਾ ਦਿਆ ਕਰੋ। ਪੁਰਾਣੇ ਵੇਲਿਆਂ ਵਿਚ ਵਿਆਹ ਦੇ ਮੌਕੇ ਉਤੇ ਕੁੱਝ ਬੁੱਢੀਆਂ ਸਿੱਠਣੀਆਂ

ਦਿੰਦੀਆਂ ਹੁੰਦੀਆਂ ਸਨ। ਉਨ੍ਹਾਂ ਦਾ ਕੰਮ ਹੀ ਸਿੱਠਣੀਆਂ ਦੇਣਾ ਹੁੰਦਾ ਸੀ। ਉਹ ਬੜੀਆਂ ਐਕਸਪਰਟ ਹੁੰਦੀਆਂ ਸਨ ਅਤੇ ਲੋਕ ਉਨ੍ਹਾਂ ਨੂੰ ਕਿਰਾਏ ਤੇ ਕੇਵਲ ਸਿੱਠਣੀਆਂ ਦੇਣ ਲਈ ਬੁਲਾਉਂਦੇ ਸਨ। ਇਥੇ ਵੀ ਸਿੱਠਣੀਆਂ ਦੇਣ ਦਾ ਰਿਵਾਜ਼ ਬਣ ਗਿਆ ਹੈ। ਕੀ ਫਾਇਦਾ ਹੈ ਸਿੱਠਣੀਆਂ ਦੇਣ ਦਾ? ਮੈਂ ਕਹਿ ਰਿਹਾ ਸੀ ਕਿ ਅਸੀਂ ਕੀ ਕੀਤਾ ਹੈ ਅਤੇ ਅੱਗੇ ਨੂੰ ਕੀ ਕਰਨਾ ਹੈ, ਇਸ ਬਾਰੇ ਦੱਸਿਆ ਸੀ। ਇਸ ਕਰਕੇ ਸਾਡੀ ਇਹ ਜਿੱਤ ਹੋਈ ਹੈ। ਸਪੀਕਰ ਸਾਹਿਬ, ਅਸੀਂ ਕਿਸੇ ਦੀ ਨਿੰਦਾ ਨਹੀਂ ਕੀਤੀ। ਮੈਨੂੰ ਕੋਈ ਦੱਸ ਦੇਵੇ ਕਿ ਮੈਂ ਜਿੰਨੇ ਵੀ ਹਲਕਿਆਂ ਵਿਚ ਗਿਆ ਹਾਂ, ਮੈਂ ਮਾਣਯੋਗ, ਸਤਿਕਾਰਯੋਗ ਤੋਂ ਬਿਨਾਂ, ਇਨ੍ਹਾਂ ਦੇ ਲੀਡਰ ਸਾਹਿਬਾਨ ਦੇ ਖਿਲਾਫ ਕਦੀ ਵੀ ਕੋਈ ਅਵਾਜ ਕੱਢੀ ਹੋਵੇ? ਮੈਂ ਕਿਸੇ ਨੂੰ ਕਿਹਾ ਕਿ ਕੁਰੱਪਟ ਹੈ, ਕੋਈ ਅਖਬਾਰ ਦੀ ਖਬਰ ਪੜ੍ਹ ਲਓ? ਮੈਂ ਕਿਸੇ ਨੂੰ ਕਿਹਾ ਕਿ ਐਸ਼ੋ-ਇਸ਼ਰਤ ਕਰਦਾ ਹੈ ਕੋਈ, ਮੈਨੂੰ ਕੀ। ਉਹ ਜਾਣੇ, ਉਸਦਾ ਕੰਮ ਜਾਣੇ ਜਾਂ ਲੋਕ ਜਾਣਨ, ਮੈਨੂੰ ਆਖਣ ਦੀ ਕੀ ਲੋੜ ਹੈ, ਮੈਂ ਆਪਣੀ ਜ਼ੁਬਾਨ ਗੰਦੀ ਕਿਉਂ ਕਰਾਂ (ਥੰਪਿੰਗ) ਕੀ ਮੈਂ ਕਿਸੇ ਨੂੰ ਕਿਹਾ ਕਿ ਹੰਕਾਰੀ ਹੈ? ਮੈਨੂੰ ਕੀ ਲੋੜ ਹੈ ਕਿਸੇ ਨੂੰ ਕਹਿਣ ਦੀ ਹੰਕਾਰੀ। ਮੈਂ ਕਿਸੇ ਨੂੰ ਕਿਹਾ ਕਿ ਅਸੈਸੀਬਲ ਨਹੀਂ ਹੈ, ਮਿਲਦਾ ਹੀ ਕੋਈ ਨਹੀਂ? ਮੈਨੂੰ ਪਤਾ ਲੱਗਿਆ ਹੈ, ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਕ ਮਹੀਨਾ ਜਦੋਂ ਤੁਸੀਂ ਟਿਕਟਾਂ ਲੈਣ ਦਿੱਲੀ ਬੈਠੇ ਰਹੇ ਹੋ ਜਿਹੜੇ ਟਿਕਟਾਂ ਲੈਣ ਜਾਂਦੇ ਸੀ ਆਪਣੇ ਲੀਡਰ ਨੂੰ ਮਿਲਣ ਵਾਸਤੇ ਉਹ ਟੈਲੀਫੂਨ ਤੇ ਮੈਸਿਜ਼ ਤਾਂ ਕਰ ਸਕਦੇ ਸੀ, ਮੈਂ ਮੈਸਿਜ਼ ਮੁਸਿਜ਼ ਤਾਂ ਜਾਣਦਾ ਨਹੀਂ, ਸਾਡੇ ਪੁਰਾਣੇ ਵੇਲੇ ਤਾਂ ਇਹ ਸਿਸਟਮ ਨਹੀਂ ਸੀ, ਪਰ ਨਵੇਂ ਸਿਸਟਮ ਇਹ ਚੱਲੇ ਹਨ, ਪਰ ਮਿਲ ਨਹੀਂ ਸਕਦੇ ਸੀ। ਇੱਕ ਬੰਦਾ ਸਿਰਫ ਹੈ, ਉਸ ਨੂੰ ਜੇ ਰਹਿਮ ਆ ਜਾਵੇ ਤਾਂ ਉਹ ਮਿਲਾ ਦਿੰਦਾ ਸੀ, ਉਸ ਦਾ ਨਾਂ ਅਰਵਿੰਦ ਖੰਨਾ ਜੀ, ਉਹ ਬੜਾ ਮਸ਼ਹੂਰ ਹੈ ਕਿ all through Arvind Khanna jee, all through Arvind Khanna jee, ਲਗਦਾ ਤਾਂ ਸੀ ਕਿ ਉਹ ਵੀ ਹਾਰ ਜਾਣਗੇ ਪਰ ਬਚ ਬੁਚ ਕੇ ਆ ਗਏ (ਥੰਪਿੰਗ)। ਇਹ ਜਿਹੜੀ ਸ਼ੋਬਤ ਹੁੰਦੀ ਹੈ, ਨਾਲ ਵਾਲੀ, ਉਹ ਵੀ ਬੰਦੇ ਲੈ ਬੈਠਦੀ ਹੈ। ਮੈਂ ਮੁਆਫੀ ਚਾਹੁੰਦਾ ਹਾਂ ਕਿ ਤੁਸੀਂ ਤਾਂ ਆ ਗਏ ਪਰ ਸਾਨੂੰ ਅੱਗੇ ਨੂੰ ਵੀ ਫਾਇਦਾ ਪਹੁੰਚੇਗਾ। ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ। (ਵਿਘਨ) ਇਹ ਤਾਂ ਤੁਸੀਂ ਜਿੱਤ ਕਰਾਈ ਹੈ। ਇੱਕ ਤਾਂ ਸਾਡੀ ਕਾਰਗੁਜ਼ਾਰੀ ਨੇ ਜਿੱਤ ਕਰਾਈ ਹੈ ਅਤੇ ਇੱਕ ਤੁਸੀਂ ਕਰਾਈ ਹੈ। ਕਿਉਂਕਿ ਇੱਕ ਖੁੰਡਾ ਵਰਸਿਜ਼ ਅਜੰਡਾ। ਇੱਕ ਪਾਸੇ ਖੁੰਡਾ ਇਕ ਪਾਸੇ ਅਜੰਡਾ। ਤੁਸੀਂ ਖੁੰਡੇ ਤੇ ਜ਼ੋਰ ਲਗਾਇਆ ਅਤੇ ਅਸੀਂ ਅਜੰਡੇ ਤੇ ਜੋਰ ਲਗਾਇਆ ਅਤੇ ਲੋਕਾਂ ਨੂੰ ਫੈਸਲਾ ਕਰਨਾ ਸੌਖਾ ਹੋ ਗਿਆ ਕਿ ਖੁੰਡਾ ਕੰਮ ਚੰਗਾ ਜਾਂ ਅਜੰਡਾ ਕੰਮ ਚੰਗਾ। ਸਪੀਕਰ ਸਾਹਿਬ, ਸਾਨੂੰ ਅਨ-ਸਿਵਿਲਾਈਜ਼ਡ ਬੋਲੀ ਨਹੀਂ ਬੋਲਣੀ ਚਾਹੀਦੀ, ਬਿਲਕੁਲ ਨਹੀਂ ਬੋਲਣੀ ਚਾਹੀਦੀ। ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ। ਨਾ ਸਾਡੇ ਵਾਲਿਆਂ ਨੂੰ ਬੋਲਣੀ ਚਾਹੀਦੀ ਹੈ ਅਤੇ ਨਾ ਇਨ੍ਹਾਂ ਨੂੰ ਬੋਲਣੀ ਚਾਹੀਦੀ ਹੈ। ਪਰ ਜੇ ਕੋਈ ਆਪਣੇ ਆਪ ਨੂੰ ਲੀਡਰ ਕਹੇ ਅਤੇ ਕਹੇ ਕਿ ਮੈਂ ਕੁਟਾਪਾ ਚਾੜ੍ਹਾਂਗਾ, ਗਿੱਟੇ ਭੰਨ ਦਿਆਂਗਾ, ਗੋਡੇ ਭੰਨ ਦਿਆਂਗਾ, ਸਪੀਕਰ ਸਾਹਿਬ, ਸਾਨੂੰ ਤਾਂ ਬਖਸ਼ਣਾ ਹੀ ਕੀ ਸੀ ਜਿਹੜੇ ਵਿਚਾਰੇ ਇਨ੍ਹਾਂ ਦੇ ਟਿਕਟਾਂ ਨਾ ਮਿਲਣ ਕਰਕੇ ਦੁੱਖੀ ਹੋ ਕੇ ਖੜ੍ਹੇ ਹੋ ਗਏ, ਉਨ੍ਹਾਂ

[ਮੁੱਖ ਮੰਤਰੀ]

ਬਾਰੇ ਤਾਂ ਕਹਿ ਦਿੱਤਾ ਕਿ ਕਤਲੇਆਮ ਕਰ ਦਿਆਂਗੇ। ਇਹ ਕਤਲੇਆਮ ਤਾਂ ਬੜਾ ਵੱਡਾ ਲਫਜ਼ ਹੈ, ਜੇ ਨਹੀਂ ਕਿਹਾ ਤਾਂ ਦੱਸ ਦਿਓ? ਅਖਬਾਰਾਂ ਵਿੱਚ ਇਹ ਆਇਆ ਹੈ। ਇਹ ਵੀਰੋ ਗੱਲਾਂ ਹੋਈਆਂ। ਜਿਹੜਾ ਅਸੀਂ ਕਹਿੰਦੇ ਹੁੰਦੇ ਸੀ ਕਿ ਵੈਨਡੈੱਟਾ ਨਹੀਂ ਚਾਹੀਦਾ, ਫਾਈਵ ਸਟਾਰ ਕਲਚਰ ਨਹੀਂ ਚਾਹੀਦਾ, ਇਨਐਕਸੈਸੀਬਲ ਨਹੀਂ ਚਾਹੀਦਾ, ਇਹ ਹੁਣ ਤਸੀਂ ਕਹਿਣ ਲਗ ਗਏ ਹੋ। ਮੈਂ ਹੈਰਾਨ ਹੋਇਆ ਹਾਂ ਕਿ ਇੱਥੋਂ ਦਾ ਇਕ ਸੈਂਟਰ ਗੋਰਮਿੰਟ ਵਿੱਚ ਮਨਿਸਟਰ ਹੈ, ਉਸਨੇ ਬਿਆਨ ਦਿਤਾ। ਤੁਸੀਂ ਸਾਨੂੰ ਆਖਦੇ ਹੋ, ਜਿਸ ਪਾਰਟੀ ਵਿੱਚ ਇੰਨਾ ਇਨ-ਡਿਸਿਪਲਨ ਹੋਵੇ, ਜਿਸ ਨੂੰ ਤੁਸੀਂ ਕਦੇ ਸ਼ੇਰੇ ਪੰਜਾਬ ਆਖਿਆ ਹੋਵੇ ਅਤੇ ਜਿਸ ਨੂੰ ਤੁਸੀਂ ਆਖਿਆ ਹੋਵੇ ਕਿ ਸ਼ੇਰ ਦੀ ਆਮਦ ਹੈ, ਰਣ ਗੂੰਜ ਰਹਾ ਹੈ, ਉਸ ਨੂੰ ਅੱਜ ਤੁਸੀਂ ਕੰਨਡੈਮ ਕਰੋ, like a condemned prisoner, ਤੁਸੀਂ ਸਾਡੀ ਹਿਸਟਰੀ ਦੇਖ ਲਓ। ਸਾਡੇ ਲੀਡਰ ਆਏ ਅਤੇ ਸਾਡੇ ਲੀਡਰ ਗਏ, ਪਰ ਕਦੇ ਕਿਸੇ ਨੇ ਆਪਣੇ ਲੀਡਰ ਨੂੰ ਕਨਡੈਮ ਨਹੀਂ ਕੀਤਾ ਪਰ ਤੁਹਾਡੀ ਪਾਰਟੀ ਹੈ ਕਿ ਇਹ ਲੀਡਰਾਂ ਨੂੰ ਕੰਡੈਮ ਕਰਦੀ ਹੈ ਔਰ ਮੈਂ ਤੁਹਾਨੂੰ ਸੁਝਾਓ ਦਿੰਦਾ ਹਾਂ। ਮੈਂ ਤੁਹਾਨੂੰ ਸਮਝਾ ਸਕਦਾ ਹਾਂ ਅਤੇ ਮੇਰਾ ਫਰਜ਼ ਬਣਦਾ ਹੈ, ਮੈਂ ਬਜ਼ੁਰਗ ਹੋਣ ਦੇ ਨਾਤੇ ਤੁਹਾਨੂੰ ਸਮਝਾਉਣ ਦਾ ਹੱਕ ਰੱਖਦਾ ਹਾਂ। ਪਰ ਹੁਣ ਤਾਂ ਬਾਜੀ ਜਿਹੜੀ ਹੈ ਹੱਥੋਂ ਨਿਕਲ ਚੁੱਕੀ ਹੈ ਅਤੇ ਹੁਣ ਤਾਂ ਰੇਲ ਗੱਡੀ ਚਲ ਪਈ ਹੈ ਅਤੇ ਹੁਣ ਇਸਨੇ ਰੁਕਣਾ ਨਹੀਂ ਅਤੇ ਸਟੇਸ਼ਨ ਤੇ ਹੀ ਰੁਕਣਾ ਹੈ। ਹੁਣ ਤਾਂ ਇਹ ਹਾਲ ਹੈ ਕਿ

"ਸਭ ਕੁਛ ਲੁਟਾਕੇ ਹੋਸ਼ ਮੈਂ ਆਏ ਤੋ ਕਯਾ ਕਿਆ
ਦਿਨ ਮੈਂ ਅਗਰ ਚਰਾਗ ਜਲਾਏ ਤੋ ਕਯਾ ਕਿਆ।"

ਜਿਹੜਾ ਸਾਡੇ ਤੇ ਖੂੰਡਾ ਸੀ, ਉਹ ਕਿਸੇ ਹੋਰ ਦੇ ਮਗਰ ਲੈ ਕੇ ਪੈ ਗਏ ਹਨ। ਚੌਧਰੀ ਸਾਹਿਬ, ਮੈਨੂੰ ਪਤਾ ਨਹੀਂ, ਅਖਬਾਰ ਵਿੱਚੋਂ ਪਤਾ ਲੱਗਿਆ ਹੈ ਜਾਂ ਕਿਸੇ ਬੰਦੇ ਨੇ ਦੱਸਿਆ ਹੈ ਕਿਉਂਕਿ ਤੁਸੀਂ ਬੜੇ ਸਿਆਣੇ ਹੋ ਤੇ ਕਿਸੇ ਨੂੰ ਗਲਤੀ ਤੋਂ ਰੋਕਦੇ ਹੋ। ਤੁਹਾਡੇ ਕੋਲ ਸ਼ਾਇਦ ਅਬੋਹਰ ਮੀਟਿੰਗ ਵਿੱਚ ਗਏ। ਜੇ ਗਲਤ ਹੋਵੇ ਤਾਂ ਮੁਆਫ ਕਰਨਾ। ਤੁਸੀਂ ਉਨ੍ਹਾਂ ਨੂੰ ਪੈੱਨ ਦੇ ਦਿੱਤਾ, ਅਤੇ ਕਿਹਾ ਕਿ ਖੂੰਡੇ ਦੀ ਜਗ੍ਹਾ ਆਹ ਵਰਤੋ। ਖੂੰਡਾ ਕਿਉਂ ਵਰਤਦੇ ਹੋ ਤੇ ਉਨ੍ਹਾਂ ਨੇ ਪੈੱਨ ਵਗਾਹ ਕੇ ਦੂਰ ਮਾਰਿਆ ਕਿ ਮੈਂ ਤਾਂ ਖੂੰਡਾ ਹੀ ਵਰਤਾਂਗਾ। ਜੇ ਗਲਤ ਹੋਵਾਂ ਤਾਂ ਮੁਆਫੀ ਮੰਗਦਾ ਹਾਂ।

ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) : ਬਿਲਕੁਲ ਗਲਤ ਹੈ।

ਮੁੱਖ ਮੰਤਰੀ : ਮੁਆਫੀ ਚਾਹੁੰਦਾ ਹਾਂ। ਮੈਨੂੰ ਤਾਂ ਕਿਸੇ ਨੇ ਦੱਸਿਆ ਸੀ। ਇੱਕ, ਸਪੀਕਰ ਸਾਹਿਬ, ਤੁਸੀਂ ਅਮਰਿੰਦਰ ਸਿੰਘ ਦੀ ਗਲਤੀ ਮੰਨਦੇ ਹੋ ਕਿ ਉਸ ਦੇ ਕਰਕੇ ਹਾਰ ਗਏ। ਮੈਂ ਛੋਟੀਆਂ ਤੇ ਸੂਖਮ ਗੱਲਾਂ ਕਹਿਣੀਆਂ ਨਹੀਂ ਚਾਹੁੰਦਾ ਪਰ ਜਿਹੜੀ ਮੇਰੇ ਦਿਲ ਵਿੱਚ ਆਵੇ, ਉਹ ਕਹਿ ਦਿੰਦਾ ਹਾਂ। ਬੀਬੀ ਜੀ ਨੂੰ ਵੀ ਤੁਸੀਂ ਬਦਲ ਦਿੱਤਾ। ਭਾਵੇਂ ਬੀਬੀ ਜੀ ਨੇ ਗੁੱਸਾ ਨਹੀਂ ਕੀਤਾ, ਦਿਲੋਂ ਤਾਂ ਬਹੁਤ ਕੀਤਾ, ਇਹ ਜਰਨਾ ਬਹੁਤ ਔਖਾ ਹੈ, ਮੈਨੂੰ ਪਤਾ ਹੈ।

ਮੇਰੇ ਕੋਲ ਤਾਂ ਥਰਮਾਮੀਟਰ ਹੈ, ਮੈਂ ਤਾਂ ਮਿੰਟ ਵਿੱਚ ਦੇਖ ਲੈਂਦਾ ਹਾਂ। ਲੇਕਿਨ ਇਹ ਲੀਡਰ ਚੁਣੇ ਕਿਸ ਨੇ ਹਨ? ਉਸ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ ਜਿਸ ਨੇ ਗਲਤ ਲੀਡਰ ਚੁਣੇ? ਇੱਕ ਜੰਗ ਚਲ ਰਹੀ ਹੈ। ਤੁਸੀਂ ਫਰੰਟ ਤੇ ਆਪਣੇ ਜਰਨੈਲ ਭੇਜਣੇ ਹਨ ਤੇ ਤੁਹਾਨੂੰ ਚੰਗੇ ਜਰਨੈਲ ਹੀ ਚੁਣਨੇ ਚਾਹੀਦੇ ਹਨ। ਤੁਸੀਂ ਤਾਂ ਆਪਣੇ ਵੱਲੋਂ ਚੰਗੇ ਜਰਨੈਲ ਚੁਣੇ ਤੇ ਜੇ ਉਹ ਚੋਣ ਗਲਤ ਹੋਈ ਹੈ ਤਾਂ ਫਿਰ ਜਰਨੈਲਾਂ ਦਾ ਕੀ ਕਸੂਰ ਹੈ? ਜਰਨੈਲਾਂ ਨੇ ਤਾਂ ਜੋ ਡਿਊਟੀ ਦੇਣੀ ਸੀ, ਉਹ ਦਿੱਤੀ। ਫਿਰ ਕੀ ਸਾਡੇ ਮਾਨਯੋਗ ਜੋ ਕਾਂਗਰਸ ਦੇ ਬਹੁਤ ਵੱਡੇ ਲੀਡਰ ਹਨ ਅਤੇ ਉਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਉਨ੍ਹਾਂ ਨੇ ਇੱਥੇ ਆ ਕੇ ਕਿਹਾ ਨਹੀਂ, ਸਾਰੀਆਂ ਪ੍ਰੰਪਰਾਵਾਂ ਤੋੜ ਕੇ ਕਿਉਂਕਿ ਤੁਹਾਡੀ ਪ੍ਰੰਪਰਾ ਹੋਰ ਹੈ, ਅਸੀਂ ਤਾਂ ਪਹਿਲਾਂ ਹੀ ਆਖ ਦਿੰਦੇ ਹਾਂ ਕਿ ਫਲਾਣੇ ਨੂੰ ਬਣਾਉਣਾ ਹੈ, ਤੁਸੀਂ ਆਖ ਦਿੰਦੇ ਹੋ ਕਿ ਬਾਅਦ ਵਿੱਚ ਪਾਰਟੀ ਫੈਸਲਾ ਕਰੇਗੀ ਜਾਂ ਕਿਵੇ ਹੋਵੇਗਾ। ਪਰ ਉਨ੍ਹਾਂ ਨੇ ਐਲਾਨ ਕਰ ਦਿੱਤਾ ਕਿ ਸਾਡਾ ਆਉਣ ਵਾਲਾ ਮੁੱਖ ਮੰਤਰੀ ਫਲਾਣਾ ਹੋਵੇਗਾ। ਫਿਰ ਕਿਸ ਨੇ ਮੁੱਖ ਮੰਤਰੀ ਚੁਣਿਆ ਸੀ ਤੇ ਕੀ ਉਨ੍ਹਾਂ ਨੂੰ ਨਹੀਂ ਕਹਿਣਾ ਚਾਹੀਦਾ ਸੀ ਕਿ ਤੁਸੀਂ ਜਰਨੈਲ ਦੇ ਕੇ ਲੜਾਈ ਸਾਨੂੰ ਹਰਾ ਦਿੱਤੀ? ਮੇਰਾ ਕੋਈ ਨਹੀਂ, ਇਹ ਤੁਹਾਡਾ ਅੰਦਰੂਨੀ ਮਸਲਾ ਹੈ। ਮੈਂ ਤਾਂ ਸਤਿਕਾਰ ਕਰਦਾ ਹਾਂ। ਮੈਂ ਸਰਦਾਰ ਅਮਰਿੰਦਰ ਸਿੰਘ ਦਾ ਬੜਾ ਸਤਿਕਾਰ ਕਰਦਾ ਹਾਂ। ਮੈਂ ਬੀਬੀ ਜੀ ਦਾ ਕਰਦਾ ਹਾਂ, ਜਾਖੜ ਸਾਹਿਬ ਦਾ ਕਰਦਾ ਹਾਂ, ਸਾਰਿਆਂ ਦਾ ਕਰਦਾ ਹਾਂ ਪਰ ਗੱਲਾਂ ਇਹੋ ਜਿਹੀਆਂ ਹਨ ਜਿਹੜੀਆਂ ਕਹਿਣੀਆਂ ਪੈਂਦੀਆਂ ਹਨ। ਇੱਕ, ਸਪੀਕਰ ਸਾਹਿਬ, ਕਿਸੇ ਵਿੱਚ ਪੁਲੀਟੀਕਲ ਇਮਚਿਓਰਟੀ ਦੀ ਗੱਲ ਹੈ। ਇਹ ਪੁਲੀਟੀਕਲ ਲੀਡਰਾਂ ਵਿੱਚ ਨਹੀਂ ਹੋਣੀ ਚਾਹੀਦੀ। ਤੁਸੀਂ ਦੱਸੋ, ਅਜੇ ਨਤੀਜੇ ਤਾਂ ਨਿਕਲੇ ਨਹੀਂ, ਬਕਸਿਆਂ ਵਿਚ ਪੰਜਾਬ ਦੀਆਂ ਵੋਟਾਂ ਬੰਦ ਪਈਆਂ ਹਨ, ਕਿਸੇ ਨੂੰ ਕੀ ਪਤਾ ਹੈ, ਵਿੱਚੋਂ ਕੀ ਨਿਕਲਣਾ ਹੈ। ਇਨ੍ਹਾਂ ਨੇ ਪਹਿਲਾਂ ਹੀ ਜਸ਼ਨ ਮਨਾਉਣੇ ਸ਼ੁਰੂ ਕਰ ਦਿੱਤੇ। ਵੱਡੇ-ਵੱਡੇ ਅੰਗਰੇਜੀ ਦੇ ਅਖਬਾਰਾਂ ਵਿੱਚ, ਮੇਰਾ ਖਿਆਲ ਹੈ ਕਿ ਟਾਈਮਜ਼ ਆਫ ਇੰਡੀਆ ਵਿੱਚ ਜਾਂ ਕਿਸੇ ਹੋਰ ਵਿੱਚ ਆਇਆ ਸੀ ਕਿ, ਪਟਿਆਲਾ ਸ਼ਹਿਰ ਤਾਜਪੋਸ਼ੀ ਵਾਸਤੇ ਤਿਆਰ ਹੋ ਗਿਆ ਹੈ, ਬੈਂਡ ਵਾਜੇ ਦੂਰੋਂ-ਦੂਰੋਂ ਮੰਗਵਾਏ ਜਾ ਰਹੇ ਹਨ ਔਰ ਨਾਲ ਗਾਉਣ ਵਾਲੇ ਵੀ ਦੂਰੋਂ-ਦੂਰੋਂ ਮੰਗਵਾਏ ਜਾ ਹੋਰ ਹਨ, (ਹਾਸਾ) ਸ਼ਾਇਦ ਪਾਕਿਸਤਾਨ ਤੋਂ ਮੰਗਵਾਏ ਜਾ ਰਹੇ ਹਨ, ਨਹੀਂ-ਨਹੀਂ ਗਾਉਣ ਵਾਲੇ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਂਦਾ ਜਿਨ੍ਹਾਂ ਕਰਕੇ ਤੁਸੀਂ ਤਾੜੀ ਮਾਰ ਦਿੱਤੀ ਹੈ। ਕਵਾਲ ਸ਼ਾਇਦ ਆਏ ਸਨ, ਮੈਨੂੰ ਨਹੀਂ ਪਤਾ। ਅੱਗੇ ਤਾਂ ਢਿੱਲੋਂ ਸਾਹਿਬ ਕਵਾਲ ਮੰਗਵਾਉਂਦੇ ਸਨ, ਮੈਂ ਵੀ ਜਾਂਦਾ ਹੁੰਦਾ ਸੀ। ਮੈਂ ਐਵੇਂ ਆਖਾਂ, ਉਦੋਂ ਢਿੱਲੋਂ ਸਾਹਿਬ ਮੇਰੇ ਨਾਲ ਸਨ, ਹੁਣ ਭੱਜ ਗਏ ਤੇ ਮੈਂ ਇਨ੍ਹਾਂ ਦੇ ਘਰ ਕਵਾਲੀਆ ਵੀ ਸੁਣੀਆਂ ਹਨ। ਮੈਂ ਇਨ੍ਹਾਂ ਦੇ ਘਰੇ ਰਾਤ ਰਹਿੰਦਾ ਰਿਹਾ ਹਾਂ। ਕੀ ਗੱਲ ਹੋ ਗਈ ਫਿਰ? ਹੁਣ ਵੀ ਜਦੋਂ ਹੁਕਮ ਹੋਵੇ ਤੇ ਰਾਤ ਆ ਜਾਵਾਂਗਾ ਪਰ ਕਵਾਲੀ ਨਹੀਂ ਸੁਣਨੀ। ਔਰ ਉਨ੍ਹਾਂ ਜਸ਼ਨਾਂ ਵਿੱਚ ਪਾਕਿਸਤਾਨ ਤੋਂ ਸੋਹਣੇ-ਸੋਹਣੇ ਮਹਿਮਾਨ ਵੀ ਆ ਗਏ, ਕੀ ਇਹ ਪੁਲੀਟੀਕਲ ਇਮਚਿਓਰਟੀ ਨਹੀਂ ਕਿ ਤੁਸੀਂ ਵਕਤ ਤੋਂ ਪਹਿਲਾਂ ਹੀ ਇਹ ਗੱਲਾਂ ਸ਼ੁਰੂ ਕਰ ਦਿਓ ਜਿਸ ਵਿੱਚ ਕੋਈ ਤੱਤ ਨਹੀਂ। ਮੁੱਖ ਸਕੱਤਰ ਵੀ ਬਣ ਗਏ, ਅਫਸਰ ਵੀ ਬਣ ਗਏ। ਸਾਨੂੰ ਤਾਂ ਪਤਾ ਹੈ ਜਿਹੜੇ ਗਏ ਸਨ। ਉਹ

[ਮੁੱਖ ਮੰਤਰੀ]

ਟਾਂਕੇ ਲਗਾ ਗਏ। ਉਨ੍ਹਾਂ ਦਾ ਪ੍ਰਬੰਧ ਹੋ ਗਿਆ, ਮੁੱਖ ਸਕੱਤਰ ਬਣਨ ਦਾ, ਕਿਸੇ ਦਾ ਡੀ. ਜੀ. ਪੀ. ਬਣਨ ਦਾ, ਕਿਸੇ ਦਾ ਪ੍ਰਿੰਸੀਪਲ ਸੈਕਟਰੀ ਬਣਨ ਦਾ, ਕੋਈ ਪੀ. ਏ. ਪੀ. ਵਿੱਚ ਹੈਡ ਬਣਨ ਨੂੰ ਲੱਗ ਗਏ। ਮੇਰਾ ਮਤਲਬ ਹੈ ਕਿ ਅਫਸਰ ਸਾਹਿਬਾਨ ਵੀ ਸਾਡੇ ਭਰਾ ਹਨ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਪਰ ਭਰਾਵੋ, ਮੇਰੀ ਬੇਨਤੀ ਹੈ ਕਿ ਕੋਈ ਵੀ ਸਰਕਾਰ ਆਵੇ, you should be sincere to the Chair not the person. ਮੈਂ ਆਪ ਕਹਿੰਦਾ ਹਾਂ। ਮੈਂ ਨਹੀਂ ਕਹਿੰਦਾ ਤੁਸੀਂ ਅਕਾਲੀ ਦਲ ਨਾਲ ਸਿਨਸੀਅਰ ਹੋਵੋ। You should be sincere to the Chair. ਕਾਂਗਰਸ ਹੋਵੇ, ਅਕਾਲੀ ਦਲ ਹੋਵੇ ਜਾਂ ਬੀ.ਜੇ.ਪੀ. ਹੋਵੇ, ਕੋਈ ਫਰਕ ਨਹੀਂ ਪੈਂਦਾ। ਜੇ ਅਫਸਰ ਇਸ ਤਰ੍ਹਾਂ ਕਰਨਗੇ, ਉਨ੍ਹਾਂ ਤੇ ਨਾ ਕੋਈ ਬੁਰੀ ਨਿਗ੍ਹਾ ਰੱਖ ਸਕਦਾ ਹੈ ਪਰ ਜਿਹੜੇ ਇਹੋ ਜਿਹੇ ਹਨ, ਬਈ ਭਗੌੜੇ ਵਾਂਗੂੰ ਭੱਜ ਜਾਂਦੇ ਹਨ, ਉਥੇ ਜਾ ਕੇ ਬੋਲੀ ਜਾਂਦੇ ਹਨ, ਮੈਨੂੰ ਤਾਂ ਕੋਈ ਆ ਕੇ ਕਹੇ, ਮੇਰੇ ਤੇ ਤਾਂ ਕੋਈ ਅਸਰ ਨਹੀਂ। ਮੇਰੇ ਤੇ ਕੋਈ ਅਸਰ ਨਹੀਂ ਹੁੰਦਾ। ਮੈਨੂੰ ਪਤਾ ਹੈ ਹਰ ਅਫਸਰ ਦਾ ਕਿ ਕਿਵੇਂ ਹੈ। ਜੇ ਕੋਈ ਆਖ ਦੇਵੇ ਕਿ ਫਲਾਨਾ ਆਹ ਹੈ, ਮੇਰੇ ਤੇ ਕੋਈ ਅਸਰ ਹੈ, ਮੈਨੂੰ ਤਾਂ ਸਾਰਿਆਂ ਦਾ ਪਤਾ ਹੈ। ਨਾ ਮੈਂ ਇਹ ਸਮਝਦਾ ਹਾਂ ਕਿ ਕਿਸੇ ਦੀ ਦੋਸਤੀ ਹੈ, ਮੈਨੂੰ ਇਸ ਤੇ ਕੋਈ ਗਿਲਾ ਨਹੀਂ। ਜਿਨ੍ਹਾਂ ਦੀ ਉਨ੍ਹਾਂ ਨਾਲ ਦੋਸਤੀ ਵੀ ਹੈ, ਮੈਂ ਉਨ੍ਹਾਂ ਨੂੰ ਉਚੇ ਅਹੁਦੇ ਦਿੱਤੇ ਹਨ। ਮੇਰੇ ਦਿਲ ਵਿੱਚ ਇਸ ਤਰ੍ਹਾਂ ਦਾ ਕੁਝ ਨਹੀਂ। ਮੈਂ ਕਹਿ ਸਕਦਾ ਹਾਂ ਕਿ ਪੁਲੀਟੀਕਲ ਇਮਚਿਓਰਟੀ ਜਿਹੜੀ ਹੈ, ਇਸ ਤੋਂ ਵੀ ਸਾਨੂੰ ਬਾਜ ਰਹਿਣਾ ਚਾਹੀਦਾ ਹੈ। ਇਹ ਤਾਂ ਉਹ ਹੋਈ, ਪੰਜਾਬੀ ਵਿੱਚ ਲਿਖਿਆ ਹੈ- " ਨ੍ਹਾਤੀ ਧੋਤੀ ਰਹਿ ਗਈ, ਮੂੰਹ ਤੇ ਮੱਖੀ ਬਹਿ ਗਈ।" (ਥੰਪਿੰਗ) ਪੰਜਾਬੀ ਵਿੱਚ ਇੱਕ ਮੁੰਗੇਰੀ ਲਾਲ ਦੇ ਸੁਪਨੇ ਹਨ, ਉਹ ਵੀ ਤੁਸੀਂ ਵੇਖੇ ਹੋਣਗੇ। ਉਹ ਸਾਰੇ ਚਕਨਾ ਚੂਰ ਹੋ ਗਏ। ਬੜਾ ਔਖਾ ਹੁੰਦਾ ਹੈ। ਮੇਰਾ ਖਿਆਲ ਹੈ ਜਿਨ੍ਹਾਂ ਨੇ ਵਜ਼ੀਰ ਬਣਨਾ ਸੀ, ਉਨ੍ਹਾਂ ਦਾ ਬਲੱਡ ਪਰੈਸ਼ਰ ਬਹੁਤ ਹਾਈ ਹੋ ਗਿਆ ਹੈ। ਜਿਹੜੇ ਅਫਸਰਾਂ ਨੇ ਬੜੇ ਵੱਡੇ ਅਹੁਦੇ ਲਏ ਸਨ, ਉਨ੍ਹਾਂ ਦਾ ਵੀ ਬਲੱਡ ਪ੍ਰੈਸ਼ਰ ਬੜਾ ਹਾਈ ਹੋ ਗਿਆ ਹੈ। ਕਈ ਤਾਂ ਮੈਨੂੰ ਪਤਾ ਹੁੰਦਾ ਹੈ ਪਰ ਮੈਂ ਚੁੱਪ ਕਰ ਜਾਂਦਾ ਹਾਂ। ਉਧਰੋਂ ਅਹੁਦੇ ਲੈਂਦੇ ਸਨ ਅਤੇ ਮੈਨੂੰ ਆ ਕੇ ਲੱਡੂ ਖਵਾ ਗਏ। ਲੱਡੂਆਂ ਦੇ ਵੱਡੇ ਡੱਬੇ ਉਨ੍ਹਾਂ ਦੇ ਹੀ ਸਨ, ਜਿਹੜੇ ਉਧਰ ਨੂੰ ਭੱਜੇ ਸਨ। ਇਸ ਲਈ ਮਚਿਓਰਟੀ ਵਾਲੀ ਗੱਲ ਵੀ ਮੈਂ ਕਹਿੰਦਾ ਹਾਂ।

ਇੱਕ ਮੈਂ ਹੋਰ ਗੱਲ ਕਰਨੀ ਹੈ। ਦੇਖੋ ਤੁਸੀਂ ਤਾਂ ਆਖਦੇ ਹੋ ਕਿ ਇਲੈਕਸ਼ਨਾਂ ਵਿੱਚ ਥੋੜ੍ਹਾ ਜਿਹਾ ਹੀ ਫਰਕ ਰਹਿ ਗਿਆ। ਫਲਾਨਾ 10 ਵੋਟਾਂ ਤੇ ਜਿੱਤਿਆ ਹੈ, 30 ਤੇ ਜਿੱਤ ਗਏ ਜੀ, ਕੁਝ ਹੋਰ ਹੋ ਗਿਆ। ਸਾਡੀ ਜਿੱਤ ਇਸ ਤੋਂ ਵੀ ਹਿਸਟਾਰਿਕ ਹੋਣੀ ਸੀ। ਦੋ ਗੱਲਾਂ ਕਰਕੇ ਅਸੀਂ 20 ਸੀਟਾਂ ਘੱਟ ਰਹਿ ਗਏ, ਜਿਹੜਾ ਮੇਰਾ ਹਿਸਾਬ ਸੀ, ਜਿਹੜੀ ਮੇਰੀ ਗਿਣਤੀ-ਮਿਣਤੀ ਸੀ। ਤੁਸੀਂ ਤਾਂ ਆਖਦੇ ਹੋ ਕਿ ਤੁਹਾਨੂੰ ਖਿਆਲ ਹੀ ਨਹੀਂ ਸੀ ਤੁਸੀਂ ਜਿੱਤ ਜਾਓਗੇ। ਸਾਨੂੰ ਕਿਉਂ ਨਹੀਂ ਖਿਆਲ ਸੀ। ਸਾਨੂੰ ਇਸ ਤੋਂ ਵੀ ਵੱਧ ਖਿਆਲ ਸੀ। ਸਾਨੂੰ ਆਪਣੇ ਕੰਮ ਤੇ ਮਾਣ ਸੀ। ਸਾਨੂੰ ਆਪਣੀਆਂ ਪਾਲਿਸੀਆਂ ਤੇ ਫਖਰ ਸੀ। ਜਿਹੜਾ ਮੀਡੀਆ ਹੈ, ਇਸ ਦਾ ਅਸੀਂ ਸਤਿਕਾਰ ਕਰਦੇ ਹਾਂ। ਮੀਡੀਆ ਜਿਹੜਾ ਹੈ, ਉਹ ਲੋਕ ਰਾਜ ਦਾ ਸਭ ਤੋਂ ਵੱਡਾ ਥੰਮ ਹੈ।

ਉਹ ਡੈਮੋਕਰੇਸੀ ਦਾ ਵਾਚ ਡੌਗ ਵੀ ਹੈ। ਐਮਰਜੰਸੀ ਵੇਲੇ ਵੀ ਉਨ੍ਹਾਂ ਨੇ ਸਾਡੇ ਮੋਢੇ ਨਾਲ ਮੋਢਾ ਲਗਾ ਕੇ ਸਾਡੀ ਮੱਦਦ ਕੀਤੀ ਹੈ ਲੇਕਿਨ ਆਹ ਜਿਹੜੀਆਂ ਪਹਿਲਾਂ ਹੀ ਖਬਰਾਂ ਕੱਢ ਦੇਣੀਆਂ, ਇੱਕ ਤਾਂ ਜਿਹੜਾ ਓਪੀਨੀਅਨ ਪੋਲ ਹੁੰਦਾ ਹੈ, ਐਗਜ਼ਿਟ ਪੋਲ ਹੁੰਦਾ ਹੈ, ਉਹ ਜਿਵੇਂ ਨਿਕਲਦੇ ਹਨ, ਉਹ ਵੀ ਤੁਹਾਨੂੰ ਪਤਾ ਹੈ। ਉਹ ਕਢਾਏ ਜਾਂਦੇ ਹਨ, ਤਰੀਕੇ ਨਾਲ ਕਢਾਏ ਜਾਂਦੇ ਹਨ। ਜੋ ਐਗਜ਼ਿਟ ਪੋਲ ਹਨ, ਓਪੀਨੀਅਨ ਪੋਲ ਹਨ ਜਾਂ ਅਖਬਾਰਾਂ ਵਿੱਚ ਸੀ ਕਿ ਕਾਂਗਰਸ ਜਿੱਤ ਰਹੀ ਹੈ, ਜੇ ਇਹ ਗੱਲ ਨਾ ਹੁੰਦੀ ਤਾਂ, ਚੌਧਰੀ ਸਾਹਿਬ, ਸਾਡੀਆਂ 10 ਸੀਟਾਂ ਹੋਰ ਹੋਣੀਆਂ ਸਨ। ਤੁਸੀਂ ਮੇਰਾ ਖਿਆਲ ਹੈ ਇਸ ਨੂੰ ਮੰਨ ਲਓ। 10 ਨਾ ਕਰੋ 5 ਤਾਂ ਰੱਖ ਹੀ ਲਓ। ਪੰਜ ਤਾਂ ਵੱਟ ਤੇ ਹੀ ਪਈਆਂ ਸਨ।

ਸ਼੍ਰੀ ਸੁਨੀਲ ਜਾਖੜ : ਇੰਨੀਆਂ ਨਾਲ ਹੀ ਕੰਮ ਚਲਾ ਲਓ।

ਮੁੱਖ ਮੰਤਰੀ : ਨਹੀਂ, ਨਹੀਂ, ਮੈਂ ਦੱਸਦਾ ਹਾਂ। ਮੈਂ ਅੱਗੇ ਤੋਂ ਕਹਿੰਦਾ ਹਾਂ ਕਿ ਆਪਾਂ ਇਹ ਵੀ ਕਹੀਏ ਐਗਜ਼ਿਟ ਪੋਲ ਜਾਂ ਓਪੀਨੀਅਨ ਪੋਲ ਨਹੀਂ ਹੋਣਾ ਚਾਹੀਦਾ। ਇਸ ਦਾ ਬੜਾ ਨੁਕਸਾਨ ਹੈ। ਲੋਕਾਂ ਦੀ ਸਹੀ ਸੋਚ ਤੇ ਇਹ ਅਸਰ ਪਾਉਂਦਾ ਹੈ। ਜਿਹੜਾ ਲੋਕਾਂ ਦੀ ਸਹੀ ਸੋਚ ਤੇ ਅਸਰ ਪਾਵੇ, ਲੋਕ ਸਮਝਦੇ ਹਨ ਕਿ ਸਰਕਾਰ ਤਾਂ ਉਨ੍ਹਾਂ ਦੀ ਬਣ ਜਾਣੀ ਹੈ। ਇਸ ਨਾਲ ਦੋ-ਤਿੰਨ ਪ੍ਰਤੀਸ਼ਤ ਵੋਟਾਂ ਤਾਂ ਇੰਝ ਹੀ ਖਿਸਕ ਜਾਂਦੀਆਂ ਹਨ। ਸਾਡੀਆਂ ਵੀ ਖਿਸਕ ਜਾਂਦੀਆਂ ਹਨ। ਜਿਹੜੇ ਵਿੱਚ-ਵਿਚਾਲੇ ਦੇ ਬੰਦੇ ਹੁੰਦੇ ਹਨ, ਉਹ ਸੋਚਦੇ ਹਨ ਕਿ ਉਧਰ ਹੋ ਜਾਵੋ ਕਿਹੜਾ ਪਤਾ ਲਗਦਾ ਹੈ।

ਇੱਕ ਹੋਰ ਚੀਜ਼ ਨੇ ਬੜਾ ਫਰਕ ਪਾਇਆ ਹੈ। ਉਹ ਸੀ ਸਾਡੀ ਵਾਰੀ। ਇੱਕ ਖੇਡ ਹੁੰਦੀ ਹੈ। ਹੁਣ ਤਾਂ ਕੋਈ ਜਾਣਦਾ ਨਹੀਂ। ਕੋਈ ਪੁਰਾਣਾ ਹੋਵੇ ਤਾਂ ਉਸ ਨੂੰ ਪਤਾ ਹੋਵੇਗਾ, ਉਸ ਨੂੰ ਸ਼ੱਕਰਭਿੱਜੀ ਕਹਿੰਦੇ ਹਨ। ਮੈਨੂੰ ਲਗਦਾ ਹੈ ਇਥੇ ਕਿਸੇ ਨੂੰ ਵੀ ਪਤਾ ਨਹੀਂ ਹੋਣਾ ਕਿ ਸ਼ੱਕਰਭਿੱਜੀ ਕੀ ਹੁੰਦੀ ਹੈ। ਚੌਧਰੀ ਸਾਹਿਬ, ਤੁਹਾਨੂੰ ਸ਼ਾਇਦ ਪਤਾ ਹੋਵੇ। ਇਹ ਸਾਰਿਆਂ ਨੂੰ ਨਹੀਂ ਪਤਾ। ਇਹ ਮਾਲਵੇ ਵਿੱਚ ਹੁੰਦੀ ਸੀ। ਉਹ ਸ਼ੱਕਰਭਿੱਜੀ ਕੀ ਹੁੰਦੀ ਹੈ? ਉਦੋਂ ਨਾ ਤਾਂ ਕ੍ਰਿਕਟ ਹੁੰਦੀ ਸੀ। ਉਦੋਂ ਗੁੱਲੀ ਡੰਡਾ ਹੁੰਦਾ ਸੀ ਜਾਂ ਸ਼ੱਕਰਭਿੱਜੀ ਹੁੰਦੀ ਸੀ। ਕੋਡਾ ਹੋ ਕੇ ਇੱਕ ਬੰਦਾ ਖੜ੍ਹਾ ਹੋ ਜਾਂਦਾ ਸੀ। ਮਗਰੋਂ ਇੱਕ ਬੰਦਾ ਛਾਲ ਮਾਰ ਕੇ ਆਉਂਦਾ ਸੀ ਅਤੇ ਬੈਕ ਤੇ ਬਹਿ ਜਾਂਦਾ ਸੀ, ਫਿਰ ਦੂਜਾ ਆਉਂਦਾ, ਤੀਜਾ ਆਉਂਦਾ। ਜਦੋਂ ਕਮਰ ਪੂਰੀ ਟੁੱਟਣ ਵਾਲੀ ਹੋ ਜਾਂਦੀ ਤਾਂ ਕਹਿੰਦੇ ਸੀ ਸ਼ੱਕਰ ਭਿੱਜ ਗਈ, ਕਹਿੰਦਾ ਭਿੱਜ ਗਈ। ਫਿਰ ਦੂਜਾ ਹੇਠਾਂ ਆਉਂਦਾ ਅਤੇ ਵਾਰੀ ਉਸ ਦੀ ਆ ਜਾਂਦੀ ਸੀ। ਇਹ ਪ੍ਰਾਪੇਗੰਡਾ ਹੋਇਆ ਕਿ ਐਤਕੀਂ ਤਾਂ ਵਾਰੀ ਸਾਡੀ ਹੈ ਜਿਵੇਂ ਕਿ ਕੋਈ ਉਤੋਂ ਧਰਮਰਾਜ ਤੋਂ ਲਿਖਵਾ ਕੇ ਲਿਆਏ ਹੋਣ। (ਹਾਸਾ) ਇਸ ਦੇ ਵਿਚ ਸਾਡਾ ਦਸ ਸੀਟਾਂ ਦਾ ਨੁਕਸਾਨ ਹੋਇਆ ਹੈ। ਮੇਰਾ ਖਿਆਲ ਹੈ ਵੀਰੋ ਤੁਸੀਂ ਸੈਸ਼ਨ ਦੇ ਵਿਚ ਅੱਧੇ ਆਉਣੇ ਹੀ ਨਹੀਂ ਸੀ, ਜੇ ਦਸ ਸੀਟਾਂ ਹੋਰ ਆ ਜਾਂਦੀਆਂ ਤੇ ਤੁਸੀਂ ਆਖਣਾ ਸੀ ਕਿ ਕਿਉਂ ਟਾਈਮ ਜ਼ਾਇਆ ਕਰਨਾ ਹੈ। ਇਕ ਮੈਨੂੰ ਬੜਾ ਦੁੱਖ ਹੈ, ਇੱਕ ਤਾਂ ਸਾਡੇ ਵਿਚੋਂ ਹੀ ਬੱਚਾ ਭੱਜਿਆ ਹੈ, ਮੇਰਾ ਅਜ਼ੀਜ਼ ਹੈ, ਪਿਆਰਾ ਹੈ, ਮੈਂ ਉਸ ਨੂੰ, ਮਨਪ੍ਰੀਤ ਨੂੰ, ਬਹੁਤ ਪਿਆਰ ਕਰਦਾ ਹਾਂ। ਉਸ ਨੇ

[ਮੁੱਖ ਮੰਤਰੀ]

ਕਿਹਾ 1,000 ਕਰੋੜ ਰੁਪਿਆ, ਉਸਨੇ ਬਿਆਨ ਦਿੱਤਾ ਕਿ 1,000 ਕਰੋੜ ਰੁਪਿਆ ਅਕਾਲੀ ਦਲ ਨੇ ਖਰਚ ਕਰਕੇ ਇਲੈਕਸ਼ਨ ਜਿੱਤੀ ਹੈ। ਹੋਰ ਆਖ ਦਿੰਦੇ ਪੰਜ ਹਜ਼ਾਰ ਕਰੋੜ, ਪਰ 1,000 ਕਰੋੜ ਰੁਪਿਆ ਕਿਥੋਂ ਆਵੇਗਾ? ਮੈਨੂੰ ਉਸ ਦਾ ਕੋਈ ਦੁੱਖ ਨਹੀਂ, ਉਹ ਤਾਂ ਅਣਜਾਣ ਬੱਚਾ ਹੈ ਜਿਹੜਾ ਆਪਣੀ ਸਿਆਸੀ ਖੁਦਕਸ਼ੀ ਕਰ ਸਕਦਾ ਹੈ, ਮੈਨੂੰ ਸਭ ਤੋਂ ਵੱਧ ਮਨਪ੍ਰੀਤ ਦਾ ਦੁੱਖ ਹੈ। ਮੈਂ ਉਸ ਨੂੰ ਸ਼ੁਰੂ ਤੋਂ ਆਖਿਆ ਕਿ ਪੁਲੀਟੀਕਲ ਹਿਮਾਲੀਅਨ ਬਲੰਡਰ ਕਰ ਰਿਹਾ ਹੈ, ਪੁਲੀਟੀਕਲ ਸੁਸਾਈਡ ਕਰ ਰਿਹਾ ਹੈ ਔਰ ਮੈਨੂੰ ਦੁੱਖ ਹੈ ਕਿਉਂ ਉਹ ਮੈਨੂੰ ਸਭ ਤੋਂ ਪਿਆਰਾ ਸੀ। ਇਸ ਬਾਰੇ ਕੋਟ ਭਾਈਕੇ ਦੇ ਐਮ.ਐਲ.ਏ.ਸਾਹਿਬ ਨੂੰ ਪਤਾ ਹੈ ਕਿ ਜਿੰਨਾ ਮੈਂ ਉਸ ਹਲਕੇ ਨਾਲ ਪਿਆਰ ਕਰਦਾ ਹਾਂ। ਐਮ.ਐਲ.ਏ. ਸਾਹਿਬ ਤੁਹਾਨੂੰ ਬਲੈਂਕ ਚੈਕ ਹੈ, ਉਸ ਹਲਕੇ ਨੇ ਮੈਨੂੰ ਬਣਾਇਆ ਹੈ, ਮਾਣ ਦਿੱਤਾ ਹੈ, ਉਸ ਦੀ ਧਰਤੀ ਨੂੰ ਮੈਂ ਚੁੰਮਦਾ ਹਾਂ, 30 ਸਾਲ ਮੈਂ ਉਥੇ ਇਲੈਕਸ਼ਨ ਲੜਿਆ ਹਾਂ ਤੇ ਉਹ ਹਲਕੇ ਦੇ 10 ਹਜ਼ਾਰ ਦੇ ਕਰੀਬ ਲੋਕਾਂ ਨੇ ਮੇਰੇ ਨਾਲ ਜੇਲ੍ਹ ਕੱਟੀ ਹੈ। ਤੁਸੀਂ ਜੋ ਹੁਕਮ ਕਰੋਗੇ, ਬਲੈਂਕ ਚੈੱਕ ਹੈ। ਸਾਡਾ ਇਹ ਕੋਈ ਨਹੀਂ ਹੈ ਕਿ ਕਿਤੇ ਕਾਂਗਰਸ ਦਾ ਐਮ.ਐਲ.ਏ. ਹੈ। ਕਾਂਗਰਸ ਦਾ ਜਿਹੜਾ ਐਮ.ਐਲ.ਏ ਹੈ ਅੱਧੇ ਨਾਨਕੇ ਤਾਂ ਤੁਹਾਡੇ ਅਕਾਲੀ ਵੀ ਹੋਣਗੇ, ਇਹ ਛੋਟੀਆਂ ਗੱਲਾਂ ਹਨ। ਤੁਸੀਂ ਹੁਕਮ ਕਰਕੇ ਵੇਖਿਉ ਸਾਰਾ ਕਰਾਂਗੇ।

ਚੌਧਰੀ ਸਾਹਿਬ ਨੇ ਵੀ ਫੁਰਮਾਇਆ। ਚੌਧਰੀ ਸਾਹਿਬ ਦਾ ਮੈਨੂੰ ਅਫਸੋਸ ਹੈ ਇਨ੍ਹਾਂ ਨੂੰ ਨਹੀਂ ਸੀ ਕਹਿਣਾ ਚਾਹੀਦਾ। ਇਹ ਕਹਿੰਦੇ ਜੀ, ਸੁਖਬੀਰ ਨੇ ਐਮ.ਬੀ.ਏ. ਕੀਤੀ ਹੈ ਬਾਹਰਲੀਆਂ ਯੂਨੀਵਰਸਿਟੀਆਂ ਤੋਂ, ਉਹ ਬਿਜਨੈਸ਼ ਦਾ ਮਾਹਿਰ ਹੈ। ਉਨ੍ਹਾਂ ਨੇ ਪਾਲਿਟਿਕਸ ਨੂੰ ਵੀ ਬਿਜਨੈਸ਼ ਦੇ ਤੌਰ ਤੇ ਲੜਿਆ ਹੈ ਕਿ ਜੇ 500 ਕਰੋੜ ਰੁਪਏ ਖਰਚ ਕਰਕੇ ਪੰਜ ਸਾਲ ਦਾ ਰਾਜ ਭਾਗ ਮਿਲ ਜਾਵੇ ਤਾਂ ਬੜਾ ਪ੍ਰਾਫਿਟ ਹੈ। ਚੌਧਰੀ ਸਾਹਿਬ, ਇਹ ਨਾ ਆਖਿਆ ਕਰੋ। ਆਪਾਂ ਪੰਜਾਬ ਦੇ ਲੋਕਾਂ ਨੂੰ ਇਹ ਸਮਝੀਏ ਕਿ ਵਿਕਾਊ ਮਾਲ ਹੈ? ਤੁਸੀਂ ਦੱਸੋ ਕਿ ਤੁਹਾਡੇ ਵਿਚੋਂ ਜਾਂ ਇਧਰੋਂ ਕਿੰਨੇ ਕੁ ਪੈਸੇ ਦੇ ਕੇ ਆਏ ਹਨ, ਦੁਆਨੀ ਨਹੀਂ ਕਿਸੇ ਨੇ ਦਿੱਤੀ, ਕਿਸ ਦੇ ਕੋਲ ਦੁਆਨੀ ਪਈ ਹੈ। ਆਹ ਤੁਹਾਡੇ ਵੱਲ ਤਾਂ ਅਮੀਰ ਆਦਮੀ ਹਨ, ਸਾਡੇ ਕੋਲ ਤਾਂ ਛੋਟੇ-ਛੋਟੇ ਕਿਸਾਨ ਹਨ। ਤੁਸੀਂ ਤਾਂ 500 ਕਰੋੜ ਖਰਚ ਕਰ ਸਕਦੇ ਸੀ, ਤੁਹਾਡੀ ਆਲ ਇੰਡੀਆ ਲੈਵਲ ਦੀ ਪਾਰਟੀ ਹੈ, ਕਈ ਹਜ਼ਾਰ ਕਰੋੜ ਰੁਪਏ ਦਾ ਫਿਕਸਡ ਡਿਪਾਜ਼ਟ ਹੈ, ਤੁਸੀਂ ਤਾਂ ਲਗਾ ਦਿੱਤੇ ਹੋਣੇ ਹਨ, ਸਾਡੇ ਕੋਲੋਂ ਕਿਥੇ ਲੱਗਣੇ ਸੀ। ਇੱਕ ਤਾਂ ਚੌਧਰੀ ਸਾਹਿਬ ਇਹ ਤੁਸੀਂ ਨਾ ਆਖੋ। ਤੁਹਾਡੇ ਮੁਖਾਰਬਿੰਦ ਵਿਚੋਂ ਇਹੋ ਕਿਹਾ ਇੱਕ ਵੀ ਲਫਜ਼ ਨਿਕਲਿਆਂ ਚੰਗਾ ਨਹੀ ਲਗਦਾ। ਮੇਰੇ ਦਿਲ ਦੇ ਵਿਚ ਜਿਹੜੀ ਗੱਲ ਆ ਜਾਂਦੀ ਹੈ ਤਾਂ ਫਿਰ ਮੈਂ ਕਹਿ ਦਿੰਦਾ ਹਾਂ। ਤੁਹਾਡੇ ਬੰਦੇ ਨੇ ਤਾਂ ਬੜਾ ਪੈਸਾ ਬਚਾਇਆ ਹੈ, ਪਤਾ ਕਰ ਲੈਣਾ, ਇਸ ਦੀ ਇਨਕੁਆਰੀ ਕਰਵਾ ਲੈਣਾ ਕਿ ਟਿਕਟਾਂ ਦੇ ਵਿੱਚ ਕਿਵੇਂ ਪੈਸੇ ਇੱਕਠੇ ਕੀਤੇ। ਲੋਕ ਵੀ ਇੰਨੇ ਕਮਲੇ ਹਨ ਜਦੋਂ ਵੋਟਾਂ ਪੈ ਗਈਆਂ ਤਾਂ ਉਸ ਤੋਂ ਮਗਰੋਂ ਵੀ ਦੇਈ ਗਏ, (ਹਾਸਾ) ਬਈ ਜੀ, ਅਸੀਂ ਭੁੱਲ ਗਏ ਜੀ, ਪਹਿਲਾਂ ਨਹੀਂ ਦਿੱਤਾ ਗਿਆ, ਅਸੀਂ ਮਸਰੂਫ ਸੀ ਜੀ, ਹੁਣ ਸਾਡਾ ਥੋੜ੍ਹੀ ਜਿਹਾ ਕਰੋੜ ਦਾ, ਥੋੜ੍ਹਾ ਜਿਹਾ ਹਿੱਸਾ ਪਾ ਲਓ। (ਹਾਸਾ) ਚਲੋ ਉਹ ਤਾਂ ਮੌਜ਼ ਮੇਲਾ ਹੋ ਗਿਆ, ਜਿਸ ਦੀ ਕਿਸਮਤ ਵਿਚ ਲਿਖਿਆ ਹੈ,

ਤੇ ਤੁਹਾਡੀ ਕਿਸਮਤ ਵਿਚ ਹੈ ਹੀ ਨਹੀਂ, ਤੇ ਜਿਸ ਦੀ ਕਿਸਮਤ ਦੇ ਵਿਚ ਹੈ ਉਹ ਹਜ਼ਮ ਹੋ ਗਏ। ਹੁਣ ਉਸ ਦਾ ਕੋਈ ਰਿਕਾਰਡ ਹੈ? ਚਲੋ, ਇਹ ਤਾਂ ਮੁੱਕਿਆ ਕੰਮ ਇਲੈਕਸ਼ਨ ਦਾ।

ਹੁਣ ਸਪੀਕਰ ਸਾਹਿਬ, ਥੋੜ੍ਹਾ ਜਿਹਾ ਮੈਂ ਇਨਜਸਟਿਸ ਤੇ ਡਿਸਕ੍ਰੀਮੀਨੇਸ਼ਨ ਤੇ ਆਉਂਦਾ ਹਾਂ। ਵੇਖੋ ਆਪਾਂ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਹਰ ਹਿੰਦੁਤਸਾਨੀ ਨੂੰ ਪਤਾ ਹੈ, ਹਰ ਦੁਨੀਆਂ ਦੇ ਲੋਕਾਂ ਨੂੰ ਪਤਾ ਹੈ ਕਿ ਕੀ ਸਾਡੇ ਨਾਲ ਬੇਇਨਸਾਫੀ ਨਹੀਂ ਹੋਈ ਲਿੰਗੁਸਟਿਕ ਸਟੇਟ ਦੇ ਵਿੱਚ, ਇਥੇ ਸੋਢੀ ਸਾਹਿਬ ਬੈਠੇ ਸਨ, ਕਹਿੰਦੇ ਸੀ ਕਿ ਵੇਖੋ ਇਹ ਅਕਾਲੀਆਂ ਨੇ ਪਿਸ਼ਾਵਰ ਤੋਂ ਲੈ ਕੇ ਪਤਾ ਨਹੀਂ ਕਿਥੇ ਤੋਂ, ਲਾਹੌਲ ਸਪੀਤੀ ਤੱਕ, ਦਿੱਲੀ ਤੱਕ, ਇਹ ਸੂਬਾ ਸੀ ਤੇ ਇਹ ਨਿੱਕੀ ਜਿਹੀ ਸੂਬੀ ਬਣਾ ਦਿੱਤੀ ਹੈ, ਇਹ ਅਕਾਲੀ ਦਲ ਦਾ ਕਸੂਰ ਹੈ। ਇਹ ਬਹਾਦਰ ਪੰਜਾਬੀਆਂ ਨੇ ਹਿੰਦੁਸਤਾਨ ਦੀ ਅਜ਼ਾਦੀ ਦੇ ਵਾਸਤੇ ਅੱਧਾ ਪੰਜਾਬ ਖੋਇਆ ਹੈ ਤਾਂ ਪੰਜਾਬ ਛੋਟਾ ਹੋਇਆ ਹੈ। ਕੀ ਉਹ ਅਕਾਲੀ ਦਲ ਨੇ ਕੀਤਾ ਹੈ ਜਾਂ ਕਾਂਗਰਸੀ ਲੀਡਰਾਂ ਨੇ, ਜਿਨ੍ਹਾਂ ਨੇ ਦੇਸ਼ ਦੀ ਵੰਡ ਕੀਤੀ। ਹਿੰਦੁਸਤਾਨ ਤੇ ਪਾਕਿਸਤਾਨ ਦੀ, ਇਹ ਵੰਡ ਨਹੀਂ ਹੋਣੀ ਸੀ? ਜੇ ਉਸ ਵੇਲੇ ਦੇ ਕਾਂਗਰਸੀ ਨੇਤਾ ਫਰਾਖਦਿਲੀ ਦਾ ਸਬੂਤ ਦਿੰਦੇ, ਮੈਨੂੰ ਤਾਂ ਸਾਰੀਆਂ ਗੱਲਾਂ ਦਾ ਪਤਾ ਹੈ, ਕੋਈ ਵੀ ਪਾਰਟੀਸ਼ਨ ਨਹੀਂ ਮੰਗਦਾ ਸੀ ਲੇਕਿਨ ਕੁਝ ਐਸੇ ਲੀਡਰਾਂ ਤੋਂ ਗੱਲ ਨਿਕਲ ਗਈ ਜਿਨ੍ਹਾਂ ਨੂੰ ਬੇਭਰੋਸਗੀ ਹੋ ਗਈ ਅਤੇ ਪਾਰਟੀਸ਼ਨ ਦਾ ਸਟੈਂਡ ਲੈ ਲਿਆ। ਹੁਣ ਲਾਹੌਰ ਤੋਂ ਲੈ ਕੇ ਪਿਸ਼ਾਵਰ ਤੱਕ ਦਾ ਇਲਾਕਾ ਅਸੀਂ ਖੋਹਾਇਆ ਹੈ। ਸੋਢੀ ਸਾਹਿਬ ਮੂੰਹ ਵਿੱਚ ਜੋ ਗੱਲ ਆਉਂਦੀ ਹੈ ਉਹ ਕੱਢ ਦਿੰਦੇ ਹਨ। ਸਪੀਕਰ ਸਾਹਿਬ, ਇੱਥੇ ਖੁੱਲ੍ਹੀ ਛੁੱਟੀ ਹੈ, ਜੋ ਮਰਜ਼ੀ ਕਹਿਣਾ ਹੈ, ਕਹਿ ਲਓ ਪਰ ਇੱਥੇ ਗਲਤ ਬਿਆਨੀ ਨਹੀਂ ਕਰਨੀ ਚਾਹੀਦੀ। ਜਿਹੜਾ ਬਾਕੀ ਬਚਦਾ ਰਹਿ ਗਿਆ, ਇਸ ਬਾਰੇ ਅਸੀਂ ਤਾਂ ਕਦੇ ਨਹੀਂ ਕਿਹਾ। ਬੋਲੀ ਦੇ ਅਧਾਰ ਤੇ ਸੂਬੇ ਬਣਨਗੇ, ਕੀ ਇਹ ਅਕਾਲੀ ਦਲ ਦਾ ਰੈਜੋਲਿਊਸ਼ਨ ਹੈ? ਇਹ ਰੈਜੋਲਿਊਸ਼ਨ ਕਾਂਗਰਸ ਦਾ ਹੈ। ਦਰਿਆ ਰਾਵੀ ਤੇ ਲਾਹੌਰ ਵਿਖੇ ਕਾਂਗਰਸ ਦੀ ਇੱਕ ਕਾਨਫਰੰਸ ਹੋਈ ਸੀ, ਮੈਨੂੰ ਪਤਾ ਹੈ ਅਸੀਂ ਉਸ ਵੇਲੇ ਪੜ੍ਹਦੇ ਹੁੰਦੇ ਸੀ। ਉਦੋਂ ਉਨ੍ਹਾਂ ਨੇ ਕਿਹਾ ਸੀ, ਉਸ ਵਕਤ ਮੁਲਕ ਨੂੰ ਅਜ਼ਾਦੀ ਨਹੀਂ ਮਿਲੀ ਸੀ, ਸਾਡਾ ਦੇਸ਼ ਜਦੋਂ ਅਜ਼ਾਦ ਹੋ ਗਿਆ ਉਦੋਂ ਅਸੀਂ ਬੋਲੀ ਦੇ ਅਧਾਰ ਤੇ ਸੂਬੇ ਬਣਾਵਾਂਗੇ ਤਾਂ ਕਿ ਇੱਕ ਬੋਲੀ ਵਾਲੇ ਲੋਕ, ਇਕ ਸਭਿਅਤਾ ਵਾਲੇ ਲੋਕ, ਇੱਕ ਕਲਚਰ ਵਾਲੇ ਲੋਕ ਆਪਣਾ ਸਾਰਾ ਪ੍ਰਬੰਧ ਜਾਂ ਫਿਊਚਰ ਸੰਭਾਲ ਲੈਣ। ਹੁਣ ਦੱਸੋ, ਕੀ ਇਹ ਫਾਰਮੂਲਾ ਅਸੀਂ ਬਣਾਇਆ ਸੀ? ਜੇ ਇਹ ਫਾਰਮੂਲਾ ਨਾ ਬਣਾਉਂਦੇ ਤਾਂ ਕਿਤੇ ਅਵਾਜ਼ ਨਹੀਂ ਉੱਠਣੀ ਸੀ। ਚਲੋ, ਜੇਕਰ ਬਣਾਇਆ ਤਾਂ ਕੀ ਸਾਡੇ ਨਾਲ ਇਹ ਵਿਤਕਰਾ ਨਹੀਂ ਸੀ? ਸਿੱਧੀ ਗੱਲ ਹੈ ਕਿ ਪੰਜਾਬ ਪੰਜਾਬੀ ਬੋਲੀ ਵਾਲਿਆਂ ਦਾ ਸੂਬਾ ਹੈ। ਜਿਹੜੀ ਬਾਅਦ ਵਿੱਚ ਡੀਮਾਰਕੇਸ਼ਨ ਹੋਈ ਇਸ ਵਿੱਚ ਅਸੀਂ ਕਦੇ ਨਹੀਂ ਮੰਗਿਆ ਸੀ ਕਿ ਸਾਨੂੰ ਸਿੱਖ ਮੈਜਾਰਿਟੀ ਏਰੀਆ ਦਿੱਤਾ ਜਾਵੇ। ਇਹ ਛੋਟੀਆਂ ਗੱਲਾਂ ਹਨ। ਅਸੀਂ ਇਹ ਸੋਚ ਹੀ ਨਹੀਂ ਸਕਦੇ। ਸਾਡੀ ਸੋਚ ਫਿਰਕੂ ਨਹੀਂ ਹੈ। ਅਸੀਂ ਸਭ ਤੋਂ ਵੱਡੇ ਸੈਕੂਲਰ ਹਾਂ। ਲੇਕਿਨ ਜਿਹੜਾ ਫੈਸਲਾ ਹੋਇਆ ਉਹ ਸੈਕੂਲਰ ਨਹੀਂ ਹੋਇਆ, ਉਹ ਪੰਜਾਬ ਨੂੰ ਸਬਕ ਸਿਖਾਉਣ ਵਾਲਾ ਹੋਇਆ ਕਿ ਇਨ੍ਹਾਂ ਨੂੰ ਸਬਕ ਸਿਖਾਉਣਾ ਹੈ। ਮੈਨੂੰ ਅੰਦਰਲੀਆਂ ਸਾਰੀਆਂ ਗੱਲਾਂ ਦਾ ਪਤਾ ਹੈ। ਜਿਹੜੇ ਆਪਣੇ

[ਮੁੱਖ ਮੰਤਰੀ]

ਪੰਜਾਬੀ ਬੋਲਦੇ ਇਲਾਕੇ ਜਾਂ ਚੰਡੀਗੜ੍ਹ ਹੈ ਜਾਂ ਹੋਰ ਚੀਜ਼ਾਂ ਸਨ ਉਹ ਸਾਡੇ ਤੋਂ ਖੋਹ ਲਈਆਂ। ਕੀ ਤੁਹਾਨੂੰ ਪਤਾ ਨਹੀਂ ਜਿਸ ਦਿਨ ਚੰਡੀਗੜ੍ਹ ਸਾਨੂੰ ਦੇਣਾ ਸੀ, ਰਾਤ ਨੂੰ ਪੁਲਿਸ ਦੇ ਨਾਕੇ ਅਤੇ ਚੰਡੀਗੜ੍ਹ ਵਿੱਚ ਪੰਜਾਬ ਪੁਲਿਸ ਦੇ ਬੋਰਡ ਲੱਗ ਗਏ ਸੀ। ਰਾਤ ਨੂੰ ਉਸ ਵੇਲੇ ਦੇ ਹਰਿਆਣਾ ਦੇ ਮਨਿਸਟਰ ਨੇ ਪ੍ਰੈਸ਼ਰ ਪਾ ਕੇ ਚੰਡੀਗੜ੍ਹ, ਜਿਹੜਾ ਪੰਜਾਬ ਵਾਸਤੇ ਬਣਿਆ, ਪੰਜਾਬ ਦੀ ਧਰਤੀ ਤੇ ਬਣਿਆ, ਉਹ ਸਾਡੇ ਤੋਂ ਖੋਹ ਲਿਆ। ਅਸੀਂ ਸਿਧਾਂਤਕ ਗੱਲ ਤੋਂ ਜਿਹੜਾ ਪਾਸੇ ਜਾਂਦੇ ਹਾਂ ਅਤੇ ਐਂਵੇਂ ਹੀ ਰਸਗੁੱਲੇ, ਇਹ ਸ਼ਬਦ ਕਿਤੇ ਅਨਪਾਰਲੀਮੈਂਟਰੀ ਨਾ ਹੋਵੇ, ਉਹ ਮਾਰ ਦਿੰਦੇ ਹਾਂ ਕਿ ਚਲੋ, ਆਪੇ ਹੀ ਧੂੜ-ਧੂੜ ਰਲ ਜਾਵੇਗੀ, ਕਿਹੜਾ ਕਿਤੇ ਪਤਾ ਚਲਦਾ ਹੈ ਕਿ ਫਲਾਣੇ ਨੇ ਕਿਹਾ ਹੈ। ਇਸ ਕਰਕੇ ਪਾਰਟੀਸ਼ਨ ਜਾਂ ਡਿਮਾਰਕੇਸ਼ਨ ਕਾਰਨ ਜਿਹੜਾ ਪੰਜਾਬ ਦਾ ਨੁਕਸਾਨ ਹੋਇਆ ਹੈ ਇਹ ਕਾਂਗਰਸ ਦੀ ਵਜ੍ਹਾ ਕਰਕੇ ਹੋਇਆ ਹੈ। ਮਾਰੋ ਵੀ ਅਤੇ ਰੋਵੋ ਵੀ ਨਾ ਇਹ ਕਹਿੰਦੇ ਹਨ ਕਿ ਤੁਸੀਂ ਕਿਉਂ ਵਾਰ-ਵਾਰ ਚੰਡੀਗੜ੍ਹ ਸ਼ਹਿਰ ਦਾ ਨਾਂ ਲੈਂਦੇ ਹੋ। ਚੌਧਰੀ ਸਾਹਿਬ ਕਹਿੰਦੇ ਸਾਰੇ ਸ਼ਹਿਰਾਂ ਨੂੰ ਹੀ ਚੰਡੀਗੜ੍ਹ ਬਣਾ ਦੇਣਾ ਹੈ। ਚੌਧਰੀ ਸਾਹਿਬ, ਜਿੱਥੇ ਦਿਲ ਹੋਵੇ, ਰੂਹ ਹੋਵੇ, ਹੁਣ ਦਿਲ ਸਾਨੂੰ ਇੱਥੇ ਦਿੱਤਾ ਹੈ, ਹੁਣ ਤੁਸੀਂ ਇਸ ਨੂੰ ਆਪਣੇ ਸਿਰ ਤੇ ਕਿਵੇਂ ਰੱਖ ਸਕਦੇ ਹੋ ਜਾਂ ਪੈਰਾਂ ਹੇਠ ਰੱਖਣਾ ਚਾਹੋ ਤਾਂ ਕਿਵੇਂ ਰੱਖਿਆ ਜਾਵੇਗਾ? ਚੰਡੀਗੜ੍ਹ ਸਾਡੀ ਰੂਹ ਹੈ, ਸਾਡਾ ਹੱਕ ਹੈ। ਠੀਕ ਹੈ ਤੁਹਾਡੇ ਕੋਲ ਧੱਕਾ ਹੈ, ਤੁਹਾਡੇ ਕੋਲ ਤਾਕਤ ਹੈ, ਇਹ ਮੈਂ ਤੁਹਾਨੂੰ ਨਹੀਂ ਕਹਿ ਰਿਹਾ। ਤੁਸੀਂ ਕਹਿੰਦੇ ਹੋ ਕਿ ਆਪਣੇ ਪੰਜ ਸਾਲਾਂ ਵਿੱਚ ਤੁਸੀਂ ਕੀ ਕੀਤਾ ਹੈ? ਤੁਹਾਡਾ ਮਤਲਬ ਹੈ ਕਿ ਅਸੀਂ ਫੇਰ ਐਜ਼ੀਟੇਸ਼ਨਾਂ ਸ਼ੁਰੂ ਕਰੀਏ ਅਤੇ ਫੇਰ ਪੰਜਾਬ ਨੂੰ ਉਸ ਪਾਸੇ ਲੈ ਜਾਈਏ? ਇਸ ਕਰਕੇ ਜੋ ਕੁਝ ਹੋਇਆ ਹੈ ਇਹ ਸਾਰੀਆਂ ਸਾਡੇ ਨਾਲ ਬੇਇਨਸਾਫੀਆਂ ਹੋਈਆਂ ਹਨ। ਇਕੱਲਾ ਇਹੀ ਨਹੀਂ, ਇਕਨਾਮਿਕ ਤੌਰ ਤੇ ਸਾਡੇ ਨਾਲ ਬੜੀਆਂ ਬੇਇਨਸਾਫੀਆਂ ਹੋਈਆਂ ਹਨ। ਸਾਨੂੰ ਕੋਈ ਵੱਡੀਆਂ ਫੈਕਟਰੀਆਂ ਨਹੀਂ ਦਿੱਤੀਆਂ। ਨੇਬਰਿੰਗ ਸਟੇਟਸ ਨੂੰ ਕਨਸੈਸ਼ਨ ਦੇ ਦਿੱਤੇ, ਆਪਾਂ ਤਸੱਲੀ ਕਰ ਲੈਂਦੇ ਹਾਂ ਡਿਫੈਂਸ ਵਾਸਤੇ, ਚਲੋ ਕਿਸੇ ਦੀ ਵੀ ਸਰਕਾਰ ਹੈ, ਉਨ੍ਹਾਂ ਨੂੰ ਕੁਝ ਦਿੱਤਾ। ਅਸੀਂ ਕਿਸੇ ਸਟੇਟ ਦੇ ਖਿਲਾਫ਼ ਨਹੀਂ ਹਾਂ। ਸਾਰਾ ਭਾਰਤ ਸਾਡਾ ਭਰਾ ਹੈ। ਹਿਮਾਚਲ ਸਾਡਾ ਭਰਾ ਹੈ, ਹਰਿਆਣਾ ਸਾਡਾ ਭਰਾ ਹੈ, ਰਾਜਸਥਾਨ ਸਾਡਾ ਭਰਾ ਹੈ ਲੇਕਿਨ ਇਸ ਵਿੱਚ ਵੀ ਜ਼ੋਰ ਲਗਦਾ ਸੀ ਜੇਕਰ ਦੋ ਲਾਈਨਾਂ ਹੋਰ ਲਿਖ ਦਿੰਦੇ ਕਿ Punjab is a border state. ਇਹ ਲਾਈਵ ਬਾਰਡਰ ਹੈ, ਇਨ੍ਹਾਂ ਦਾ ਪਾਰਟੀਸ਼ਨ ਵੇਲੇ ਬੜਾ ਨੁਕਸਾਨ ਹੋਇਆ ਹੈ। ਇਹ ਮੁਲਕ ਦਾ ਪੇਟ ਭਰਦੇ ਹਨ, ਇਹ ਮੁਲਕ ਦੀ ਹਿਫਾਜ਼ਤ ਕਰਦੇ ਹਨ, ਇਸ ਲਈ ਜਿੱਥੇ ਉਨ੍ਹਾਂ ਤਿੰਨਾਂ ਸਟੇਟਾਂ ਨੂੰ ਦਿੱਤਾ ਗਿਆ ਹੈ ਉਥੇ ਅਸੀਂ ਪੰਜਾਬ ਨੂੰ ਵੀ ਦੇਣਾ ਹੈ। ਉਹ ਪੰਜਾਬ ਨੂੰ ਵੀ ਦੇ ਦਿੰਦੇ, ਇਸ ਦੇ ਨਾਲ ਕੀ ਅਸਰ ਪੈਣਾ ਸੀ? ਇੱਕ ਪਤਾ ਨਹੀਂ ਕੀ ਗੱਲ ਹੈ, ਦੇਖੋ, ਹਰ ਇੱਕ ਧਰਮ ਦਾ ਹਰ ਇੱਕ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਸਾਡੇ ਤਾਂ ਗੁਰੂ ਸਾਹਿਬਾਨਾਂ ਨੇ ਦੱਸਿਆ ਹੀ ਹੈ :

ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ।।

ਹਰਿਮੰਦਰ ਸਾਹਿਬ ਚਲੇ ਜਾਉ।

ਉਪਦੇਸੁ ਚਹੁ ਵਰਨਾ ਕਉ ਸਾਂਝਾ॥

ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ। ਸਾਈਂ ਮੀਆਂ ਮੀਰ ਜੀ ਤੋਂ ਉਥੇ ਨੀਂਹ ਪੱਥਰ ਦਰਬਾਰ ਸਾਹਿਬ ਦਾ ਰਖਵਾਇਆ ਗਿਆ। ਟੋਡਰ ਮੱਲ, ਇੱਕ ਹਿੰਦੂ ਭਰਾ ਨੇ ਜਦੋਂ ਸਾਹਿਬਜ਼ਾਦੇ ਸ਼ਹੀਦ ਹੋਏ, ਉਦੋਂ ਮੋਹਰਾਂ ਰੱਖ ਕੇ ਸਰਕਾਰ ਤੋਂ ਸਾਹਿਬਜ਼ਾਦਿਆਂ ਦੇ ਸਸਕਾਰ ਵਾਸਤੇ ਜਗ੍ਹਾ ਲੈ ਕੇ ਦਿੱਤੀ ਸੀ। ਸਾਡੀ ਹਿਸਟਰੀ ਹੀ ਇਹੋ ਜਿਹੀ ਹੈ, ਸਾਨੂੰ ਗੁੜਤੀ ਹੀ ਇਹੋ ਮਿਲੀ ਹੈ ਕਿ ਸੈਕੂਲਰ ਰਹੋ, ਸੈਕੂਲਰ ਰਹੋ। ਮੈਂ ਆਪਣੀ ਜ਼ਿੰਦਗੀ ਵਿੱਚ ਇਸ ਗੱਲ ਤੇ ਪੂਰਾ ਫਿੱਟ ਰਿਹਾ ਹਾਂ। ਦੇਖੋ, ਸਾਡੇ ਧਰਮਾਂ ਦੇ ਮਸਲਿਆਂ ਵਿੱਚ ਕਿਉਂ ਕੋਈ ਦਖ਼ਲ ਅੰਦਾਜ਼ੀ ਕਰੇ? ਇਹ ਇਮੋਸ਼ਨਲ ਇਸ਼ੂਜ਼ ਹਨ। ਦੇਖੋ, ਇਹ ਸਿਰਫ ਅਕਾਲੀ ਦਲ ਦਾ ਧਰਮ ਨਹੀਂ ਹੈ, ਸਿਰਫ ਕਾਂਗਰਸ ਦਾ ਧਰਮ ਨਹੀਂ ਹੈ, ਇਹ ਸਿੱਖ ਧਰਮ ਹੈ। ਹਰ ਧਰਮ ਦੇ ਆਪੋ-ਆਪਣੇ ਵਿਸ਼ਵਾਸ ਹੁੰਦੇ ਹਨ। ਸ਼੍ਰੋਮਣੀ ਕਮੇਟੀ ਦਾ ਕਬਜ਼ਾ ਕਰਨ ਲਈ ਕਦੋਂ ਤੋਂ ਕੋਸ਼ਿਸ਼ ਹੋ ਰਹੀ ਹੈ। ਮੈਂ ਤਾਂ ਵੇਖੋ, ਮਾਸਟਰ ਜੀ ਦਾ ਵੇਲਾ ਵੀ ਵੇਖਿਆ ਹੈ, ਦੂਜਾ ਵੇਲਾ ਵੀ ਵੇਖਿਆ ਹੈ। ਹਰ ਇਲੈਕਸ਼ਨ ਵਿੱਚ ਕਬਜ਼ਾ-ਕਬਜ਼ਾ ਕਿਹਾ ਜਾਂਦਾ ਹੈ ਅਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਕਦੇ ਕੋਈ ਫਰੰਟ ਬਣਾ ਲਿਆ, ਕੋਈ ਸਰਨਾ ਫਰਨਾ, ਕਿਸੇ ਨੂੰ ਕੁਝ ਤੇ ਕਿਸੇ ਨੂੰ ਕੁਝ ਕਿਹਾ ਜਾਂਦਾ ਹੈ ਕਿ ਬੋਰਡ ਬਣ ਜਾਵੇ। ਹੁਣ ਹਰਿਆਣੇ ਵਿੱਚ ਵੀ ਕੋਸ਼ਿਸ਼ ਕੀਤੀ ਗਈ। ਕੀ ਇਹ ਇੱਕ ਗੁਨਾਹ ਨਹੀਂ ਕਿ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਵਿੱਚ ਲਿਖਿਆ ਹੈ ਕਿ ਜੇ ਹਰਿਆਣੇ ਵਿੱਚ ਸਾਡੀ ਸਰਕਾਰ ਬਣ ਗਈ, ਅਸੀਂ ਹਰਿਆਣੇ ਦੀ ਵੱਖਰੀ ਗੁਰਦੁਆਰਾ ਕਮੇਟੀ ਬਣਾਵਾਂਗੇ। ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਖਰੀ ਨਹੀਂ ਹੋ ਸਕਦੀ, ਇਹ ਟੁੱਟ ਨਹੀਂ ਸਕਦੀ। ਇਹ ਇੱਕ ਦੇਸ਼ ਦਾ ਕਾਨੂੰਨ ਹੈ, ਉਸ ਵੇਲੇ ਦੇ ਦਾਨਸ਼ਵਰ ਲੀਡਰਾਂ ਨੇ ਇਹ ਕਾਨੂੰਨ ਬਣਾਇਆ ਹੈ। ਇਹ ਕਮੇਟੀ ਇਕੱਲੇ ਪੰਜਾਬ, ਹਰਿਆਣਾ ਜਾਂ ਹਿਮਾਚਲ ਪ੍ਰਦੇਸ਼ ਦੀ ਨਹੀਂ ਹੈ, ਇਹ ਸਾਰੇ ਹਿੰਦੁਸਤਾਨ ਦੀ ਹੈ। ਇਸ ਵਿੱਚ ਬੰਬੇ ਦੇ ਵੀ ਮੈਂਬਰ ਹਨ, ਨਾਗਪੁਰ ਦੇ ਵੀ ਮੈਂਬਰ ਹਨ, ਕਲਕੱਤੇ ਦੇ ਵੀ ਮੈਂਬਰ ਹਨ ਔਰ ਇਸ ਦੇ ਵਿੱਚ ਲਿਖਿਆ ਗਿਆ ਹੈ ਕਿ ਇਸ ਵਿੱਚ ਕੋਈ ਕੌਮੇ ਦੀ ਵੀ ਤਬਦੀਲੀ ਨਹੀਂ ਹੋ ਸਕਦੀ ਜਦੋਂ ਤੱਕ ਸ਼੍ਰੋਮਣੀ ਕਮੇਟੀ ਦੇ 3/4 ਮੈਂਬਰ ਕੋਈ ਸੁਝਾਅ ਨਹੀਂ ਦੇਣਗੇ। ਲੇਕਿਨ ਮੈਨੀਫੈਸਟੋ ਵਿੱਚ, ਵੋਟਾਂ ਦੇ ਲਾਲਚ ਵਿੱਚ ਇਹ ਹੋ ਰਿਹਾ ਹੈ, ਇਹ ਮਰਵਾਏ ਹੀ ਵੋਟਾਂ ਦੇ ਲਾਲਚ ਨੇ ਹਨ। ਅੱਜ ਸਿਆਸੀ ਭਰਾਵੋ, ਜੋ ਅੱਜ ਜਾਤ-ਪਾਤ ਅਤੇ ਧਰਮਾਂ ਦਾ ਟਕਰਾਉ ਹੈ, ਇਹ ਸਾਰਾ ਤੁਹਾਡੀ ਵਜ੍ਹਾ ਕਰਕੇ ਹੈ, ਸਾਡੇ ਕਾਰਨ ਨਹੀਂ, ਅਸੀਂ ਤਾਂ ਸੈਕੂਲਰ ਹਾਂ। ਸਾਰਾ ਦੇਸ਼ ਵੇਖਦਾ ਪਿਆ ਹੈ। ਛੋਟੇ-ਛੋਟੇ ਫਿਰਕੇ ਬਣਾਏ ਹਨ, ਇਹ ਯਾਦਵ ਹੈ, ਇਹ ਕੁਰਮੀ ਹੈ, ਇਹ ਫਲਾਣਾ ਹੈ। ਟਿਕਟਾਂ ਉਸ ਨਾਂ ਦੇ ਹਿਸਾਬ ਨਾਲ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਸੋਚ ਹੀ ਇਸ ਤਰ੍ਹਾਂ ਦੀ ਹੈ। ਜੇ ਆਪਾਂ ਗੁਰੂਆਂ ਦੇ ਪੈਗੰਬਰਾਂ ਦੀ ਗੱਲ ਕਰੀਏ, ਉਨ੍ਹਾਂ ਨੇ ਤਾਂ ਆਖਿਆ ਹੀ ਨਹੀਂ ਕਿ ਕੋਈ ਜਾਤ-ਪਾਤ ਹੈ। ਸ਼੍ਰੋਮਣੀ ਕਮੇਟੀ ਵਿੱਚ ਇੰਨਾ ਵੱਡਾ ਫਾਈਨਾਂਸ਼ੀਅਲ ਕਰਾਈਸਿਸ ਆ ਗਿਆ। 31 ਤਾਰੀਕ ਤੱਕ ਬਜਟ ਪਾਸ ਹੋਣਾ ਚਾਹੀਦਾ ਹੈ। ਮੈਂ ਪ੍ਰਧਾਨ ਮੰਤਰੀ ਸਾਹਿਬ ਅਤੇ ਹੋਮ ਮਨਿਸਟਰ ਸਾਹਿਬ ਨੂੰ ਵੀ ਮਿਲਿਆ ਹਾਂ। ਮੈਂ ਕਿਹਾ ਕਿ

[ਮੁੱਖ ਮੰਤਰੀ]

ਜੀ ਇਸ ਦਾ ਹੱਲ ਕਰੋ। ਕੀ ਕਿਆਸ ਨਹੀਂ ਲਗਾ ਸਕਦੇ, ਇੰਨੇ ਗੁਰਦੁਆਰੇ ਹਨ, ਉਨ੍ਹਾਂ ਵਿੱਚ ਕਿੰਨੇ ਹੀ ਮੁਲਾਜ਼ਮ ਹਨ, ਉਨ੍ਹਾਂ ਨੂੰ ਤਨਖਾਹ ਦੇਣੀ ਹੁੰਦੀ ਹੈ, ਇੰਨੇ ਕਾਲਜ ਚਲਦੇ ਹਨ, ਕੜਾਹ ਪ੍ਰਸਾਦਿ ਦੇ ਕਿੰਨੇ ਹੀ ਬਿੱਲ ਦੇਣੇ ਹੁੰਦੇ ਹਨ, ਫਿਰ ਕੜਾਹ ਪ੍ਰਸਾਦਿ ਦੇ ਬਿਲ ਕਿਵੇਂ ਪੇਅ ਕਰਾਂਗੇ? ਕੀ ਇਹ ਸਾਰੀ ਪਰੰਪਰਾ ਵਿੱਚ ਵਿਘਨ ਨਹੀਂ ਪਵੇਗਾ। ਲੇਕਿਨ ਉਹ ਮੌਜ਼ ਨਾਲ ਬੈਠੇ ਹਨ, ਮਸਤੀ ਵਿੱਚ ਬੈਠੇ ਹਨ। ਅਸੀਂ ਤਾਂ ਜਦੋਂ ਜਾਈਦਾ ਹੈ ਤਾਂ ਬੁੱਕੇ ਆਦਿ ਵੀ ਲੈ ਕੇ ਜਾਂਦੇ ਹਾਂ ਕਿ ਸ਼ਾਇਦ ਰਹਿਮ ਹੀ ਆ ਜਾਵੇ, ਪਰ ਜੇ ਕੁਝ ਕਰਨਾ ਹੈ ਤਾਂ ਹੀ ਹੱਲ ਹੋਵੇਗਾ। ਇਹ ਧਾਰਮਿਕ ਮਾਮਲਾ ਹੈ। ਮੈਂ ਹੋਰ ਅਗਾਂਹ ਦੱਸਣਾ ਚਾਹੁੰਦਾ ਹਾਂ ਕਿ ਹੁਣ ਮੈਨੂੰ ਵੀ ਸੈਂਟਰ ਦੀਆਂ ਸਾਰੀਆ ਮੀਟਿੰਗਾਂ ਵਿੱਚ ਜਾਣ ਦਾ ਮੌਕਾ ਮਿਲਦਾ ਹੈ। ਜਦੋਂ ਤੱਕ ਹਿੰਦੁਸਤਾਨ ਫੈਡਰਲ ਸਟ੍ਰਕਚਰ ਦੇ ਮਜ਼ਬੂਤ ਢਾਂਚੇ ਵਿੱਚ ਨਹੀਂ ਆਵੇਗਾ, ਤੁਸੀਂ ਤਰੱਕੀ ਨਹੀਂ ਕਰ ਸਕਦੇ। ਜਿਨ੍ਹਾਂ ਨੇ ਹਿੰਦੁਸਤਾਨ ਦਾ ਕਾਂਸਟੀਚਿਊਸ਼ਨ ਲਿਖਿਆ ਹੈ, ਉਨ੍ਹਾਂ ਨੇ ਹਿੰਦੁਸਤਾਨ ਨੂੰ ਫੈਡਰਲ ਸਿਸਟਮ ਦੀਆਂ ਲੀਹਾਂ ਤੇ ਚਲਾਉਣ ਲਈ ਕਿਹਾ ਹੈ। ਸਾਡੇ ਸਬਜੈਕਟ ਦੀ ਵੰਡ ਦਿੱਤੇ ਕਿ ਆਹ ਸੈਂਟਰ ਸਰਕਾਰ ਕਰੇਗੀ ਅਤੇ ਆਹ ਸਟੇਟ ਗੌਰਮਿੰਟ ਕਰੇਗੀ। ਲੇਕਿਨ ਅੱਜ ਉਹ ਫੈਡਰਲ ਢਾਂਚਾ ਜਿਹੜਾ ਵਿਧਾਨਕਾਰਾਂ ਨੇ ਲਿਖਿਆ ਸੀ, ਉਸ ਨੂੰ ਯੂਨੀਟਰੀ ਫਾਰਮ ਬਣਾ ਦਿੱਤਾ, ਸਾਰੀ ਤਾਕਤ ਲਗਾ ਦਿੱਤੀ। ਅਸੀਂ ਤਾਂ ਕਦੇ ਝੰਡੀ ਵੀ ਨਹੀਂ ਲਗਾਉਂਦੇ, ਸਿਰਫ ਨਾਮ ਦਾ ਹੀ ਸ਼ੌਕ ਹੋ ਜਾਂਦਾ ਹੈ। ਤੁਹਾਨੂੰ ਤਾਂ ਝੰਡੀ ਹੀ ਦਿਖਦੀ ਹੈ, ਝੰਡੀ ਦਿਖਣ ਨਾਲ ਥੋੜ੍ਹਾ ਜਿਹਾ ਹੌਸਲਾ ਹੁੰਦਾ ਹੈ, ਤੁਹਾਡੇ ਕੋਲ ਸਿਰਫ ਝੰਡੀ ਹੀ ਹੈ, ਹੋਰ ਕੋਈ ਪਾਵਰ ਨਹੀਂ ਹੈ, ਕਿਉਂਕਿ ਸਾਰੀ ਤਾਕਤ ਉਥੇ ਹੈ। ਅਸੀਂ ਤਾਂ ਡਿਗਨੀਫਾਈਡ ਮਿਊਂਸਿਪਲ ਕਮੇਟੀਆਂ ਹਾਂ। ਅੱਜ ਵੀ ਮੈਂ ਕਹਿੰਦਾ ਹਾਂ ਕਿ "Strong states means strong India" ਜਦੋਂ ਤੱਕ ਸਟੇਟਾਂ ਨੂੰ ਸਟਰੌਂਗ ਨਹੀਂ ਕਰੋਗੇ ਔਰ ਫਾਈਨਾਂਸ਼ੀਅਲ ਤੌਰ ਤੇ ਮਜ਼ਬੂਤ ਨਹੀਂ ਕਰੋਗੇ ਔਰ ਫੈਸਲਾ ਕਰਨ ਦੀ ਤਾਕਤਾਂ, ਭਾਵੇਂ ਦੂਜੀ ਗੌਰਮਿੰਟ ਆ ਜਾਵੇ, ਭਾਵੇਂ ਚੌਧਰੀ ਸਾਹਿਬ ਤੁਸੀਂ ਮੇਰੀ ਥਾਂ ਤੇ ਬਹਿ ਜਾਓ, ਕੁਝ ਨਹੀਂ ਕਰ ਸਕਦੇ। ਐਵੇਂ ਆਪਾਂ ਨੁਕਤਾਚੀਨੀ ਕਰੀ ਜਾਈਏ ਕਿ ਐਗਰੀਕਲਚਰ ਜੀ, ਆਹ ਕਰੋ ਜੀ, ਆਹ ਕਰੋ, ਤੁਹਾਡੇ ਪੱਲੇ ਕੀ ਹੈ? ਕੀ ਤੁਸੀਂ ਫੈਸਲੇ ਲੈ ਸਕਦੇ ਹੋ? ਇਸ ਲਈ ਕਿਉਂਕਿ ਸਟੇਟਸ ਲਈ ਆਪਾਂ ਅਕਾਊਂਟੇਬਲ ਹਾਂ, ਸਟੇਟਸ ਵਿੱਚੋਂ ਵਜ਼ੀਰ, ਐਮ.ਐਲ.ਏ. ਉਨ੍ਹਾਂ ਕੋਲ ਜਾਂਦੇ ਹਨ, ਕੋਈ ਸੈਂਟਰ ਦਾ ਆਉਂਦਾ ਹੈ? ਕੋਈ ਮਨਿਸਟਰ ਇੱਥੇ ਸੈਂਟਰ ਦਾ ਆਉਂਦਾ ਹੈ? ਕਦੇ ਕੋਈ ਸਾਲ ਵਿੱਚ ਗੇੜਾ ਮਾਰ ਗਿਆ ਤਾਂ ਮਾਰ ਗਿਆ। ਅਕਾਊਂਟੇਬਲ ਵੀ ਤੁਸੀਂ ਜ਼ਿੰਮੇਵਾਰ ਵੀ ਤੁਸੀਂ, ਪਰ ਤਾਕਤ ਤੁਹਾਡੇ ਹੱਥ ਕੋਈ ਨਹੀਂ, ਤਾਕਤ ਸੈਂਟਰ ਦੇ ਹੱਥ ਹੈ। ਇਸ ਲਈ ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇਕਰ ਅਸੀਂ ਮਤਾ ਹੀ ਪਾਸ ਕਰ ਸਕੀਏ, ਇੱਕ ਤਾਂ ਕਰ ਲਈਏ ਕਿ ਹਿੰਦੁਸਤਾਨ ਵਿਚ ਇਕ ਨਵੀਂ ਕਾਂਸਚੀਚਐਂਟ ਅਸੈਂਬਲੀ ਬਣਾਉਣੀ ਚਾਹੀਦੀ ਹੈ ਜਿਹੜੀ ਕਾਂਸਟੀਚਿਊਸ਼ਨ ਦੁਬਾਰਾ ਦੇਖ ਕੇ, ਜੋ ਹਿੰਦੁਸਤਾਨ ਦੇ ਹਿੱਤ ਵਿੱਚ ਗੱਲ ਹੈ ਉਹ ਅਮੈਂਡਮੈਂਟ ਕਰੇ। ਕਈ ਕਮੇਟੀਆਂ ਬਣੀਆਂ, ਕਈ ਗੌਰਮਿੰਟਾਂ ਆਈਆਂ ਹਨ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਸਾਨੂੰ ਨਵੇਂ ਤਰੀਕੇ ਨਾਲ ਇਹ ਕਾਂਸਟੀਚਿਊਸ਼ਨ

ਰੀਕਾਸਟ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਕਰ ਸਕੀਏ। ਆਪਾਂ ਕਹਿ ਦਿੰਦੇ ਹਾਂ ਕਿ ਸੈਂਟਰ ਆਇਆ ਹੈ, ਇਹ ਕਿਉਂ ਕਹਿੰਦੇ ਹਾਂ? ਸੈਂਟਰ ਦੀਆਂ ਡਿਊਟੀਜ਼ ਨਹੀਂ ਹਨ? ਕੱਲ੍ਹ ਨੂੰ ਆਖੋਗੇ ਇਹ ਰੇਲ ਸੈਂਟਰ ਵਿੱਚੋਂ ਆਈ ਹੈ, ਇਹ ਡਾਕਖਾਨੇ ਸੈਂਟਰ ਦੇ ਹਨ, ਹਵਾਈ ਜਹਾਜ਼ ਸੈਂਟਰ ਦੇ ਹਨ, ਜਿਹੜੀਆਂ ਤੁਹਾਡੀਆਂ ਸਵਾਰੀਆਂ ਲੈ ਕੇ ਜਾਂਦੇ ਹਨ। ਬਈ ਇਹ ਡਿਊਟੀਆਂ ਹਨ। ਅਸੀਂ ਰੇਲਾਂ ਚਲਾ ਸਕਦੇ ਹਾਂ? ਅਸੀਂ ਹਵਾਈ ਜਹਾਜ਼ ਚਲਾ ਸਕਦੇ ਹਾਂ? ਇਸ ਕਰਕੇ ਸੈਂਟਰ ਜਿਹੜਾ ਸਾਡਾ ਹੱਕ ਬਣਦਾ ਹੈ ਉਸ ਤੋਂ ਬਹੁਤ ਘੱਟ ਦਿੰਦਾ ਹੈ। ਜਿਹੜਾ ਸੱਚ ਹੈ ਕਿ ਉਹ ਇੱਥੋਂ ਲਿਜਾਂਦੇ ਹਨ। ਕੀ ਸੈਂਟਰ ਕੋਲ ਕੋਈ ਹੋਰ ਮਸ਼ੀਨ ਲਗੀ ਹੈ? ਆਪਾਂ ਦਿੰਦੇ ਹਾਂ। ਤੁਸੀਂ ਐਕਸਾਈਜ਼ ਡਿਊਟੀ ਦਿੰਦੇ ਹੋ, ਇਸੇ ਤਰ੍ਹਾਂ ਹੋਰ ਤੁਸੀਂ ਇਨਕਮ ਟੈਕਸ ਦਿੰਦੇ ਹੋ। ਇਹ ਵੀ ਮੈਂ ਚਾਹੁੰਦਾ ਹਾਂ ਕਿ ਜਿਹੜਾ ਸਟੇਟਾਂ ਵਿੱਚੋਂ ਰੈਵੀਨਿਊ ਕੁਲੈਕਟ ਹੁੰਦਾ ਹੈ ਉਸ ਦਾ 50% ਇੱਥੇ ਦਿੱਤਾ ਜਾਵੇ। ਨਵੀਂ ਕਦੇ ਵੀ ਕੋਈ ਗੱਲ ਆਉਂਦੀ ਹੈ, ਨਵਾਂ ਜਿਹੜਾ ਦਿਨ ਚੜ੍ਹਦਾ ਹੈ, ਉਸ ਵਿੱਚ ਕੋਈ ਨਵੀਂ ਸਾਡੀ ਪਾਵਰ ਖੋਹ ਲਈ ਜਾਂਦੀ ਹੈ।

ਹੁਣ ਐਨ.ਸੀ.ਟੀ.ਸੀ. ਦੀ ਗੱਲ ਹੈ। ਇਸ ਨੂੰ ਕੁਝ ਕਹਿ ਲਓ, ਨੈਕਸਲਿਜ਼ਮ ਕਹਿ ਲਓ, ਅੱਤਵਾਦ ਕਹਿ ਲਓ, ਕੋਈ ਨਾਂ ਦੇ ਲਓ, ਕਹਿੰਦੇ ਕਿ ਸੂਬੇ ਕੰਟਰੋਲ ਨਹੀਂ ਕਰ ਸਕਦੇ, ਹੁਣ ਸੈਂਟਰਲ ਏਜੰਸੀਆਂ ਕਰਨਗੀਆਂ ਤੇ ਐਨ.ਸੀ.ਟੀ.ਸੀ. ਬਣਾਓ। ਦੇਖੋ, ਜਿਹੜਾ ਲਾਅ ਐਂਡ ਆਰਡਰ ਹੈ, ਇਹ ਬਿਲਕੁਲ ਸਟੇਟ ਸਬਜੈਕਟ ਹੈ, ਇਸ ਵਿੱਚ ਸੈਂਟਰ ਨੂੰ ਦਖਲ ਦੇਣ ਦਾ ਕੋਈ ਹੱਕ ਨਹੀਂ। ਕੀ ਜਿਹੜੀ ਸਾਡੀ ਪੁਲਿਸ ਹੈ ਜਾਂ ਉਥੋਂ ਦੇ ਮਨਿਸਟਰ ਹਨ? ਉਹ ਕੋਈ ਉੱਤੋਂ ਅਵਤਾਰ ਉਤਰੇ ਹਨ? ਉਹ ਵੀ ਆਪਣੀਆਂ ਸਟੇਟਾਂ ਵਿੱਚੋਂ ਐਮ.ਪੀ. ਬਣ ਕੇ ਜਾਂਦੇ ਹਨ ਅਤੇ ਮਨਿਸਟਰ ਬਣਦੇ ਹਨ ਤੇ ਅਫਸਰ ਜਿਹੜੇ ਪੰਜਾਬ ਭੇਜਦਾ ਹੈ ਜਾਂ ਹੋਰ ਸੂਬੇ ਭੇਜਦੇ ਹਨ ਉਹ ਵੱਡੇ ਆਹੁਦਿਆਂ ਤੇ ਹੁੰਦੇ ਹਨ, ਉਹੀ ਬੰਦੇ, ਉਹੀ ਮੈਟਰੀਅਲ, ਪਰ ਕਹਿੰਦੇ ਹਨ ਕਿ ਸੂਬਿਆਂ ਤੇ ਸਾਨੂੰ ਵਿਸ਼ਵਾਸ ਨਹੀਂ। ਇਸ ਕਰਕੇ ਅਸੀਂ ਧੜੱਲੇ ਨਾਲ ਇਹ ਇਹ ਕਰਨਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸਰਚ, ਇਨਵੈਸਟੀਗੇਸ਼ਨ ਅਤੇ ਅਰੈਸਟ ਦੀਆਂ ਪਾਵਰਜ਼ ਹੋਣਗੀਆਂ, ਜਿਸ ਨੂੰ ਮਰਜ਼ੀ ਸਰਚ ਕਰ ਲੈਣ, ਜੋ ਮਰਜ਼ੀ ਇਨਵੈਸਟੀਗੇਟ ਕਰ ਲੈਣ ਜਿਸਨੂੰ ਮਰਜੀ ਅੰਦਰ ਦੇ ਦੇਣ, ਜੋ ਕਰਨਾ ਹੈ ਕਰ ਲੈਣ। ਭਾਵੇਂ ਤੁਹਾਨੂੰ ਫੜ੍ਹ ਲੈਣ ਉਨ੍ਹਾਂ ਦੀ ਮਰਜ਼ੀ ਹੈ, ਜਿਵੇਂ ਸੀ.ਬੀ.ਆਈ. ਕਰੀ ਜਾਂਦੀ ਹੈ। ਗਵਰਨਰ ਸਾਹਿਬ ਨੇ ਇਸ ਗੱਲ ਦੀ ਬੜੀ ਆਲੋਚਨਾ ਕੀਤੀ ਹੈ। ਇਹ ਨਹੀਂ ਕਿ ਗਵਰਨਰ ਹਨ, ਇਹ ਹੋਮ ਮਨਿਸਟਰ ਵੀ ਰਹੇ ਹਨ, ਸੋਚ ਕੇ ਕਿਹਾ ਹੋਣਾ ਹੈ, ਇਹ ਨਾ ਸਮਝੋ ਕਿ ਜੋ ਅਸੀਂ ਗਵਰਨਰ ਸਾਹਿਬ ਨੂੰ ਭੇਜ ਦਿੰਦੇ ਹਾਂ ਉਹੀ ਉਹ ਪੜ੍ਹ ਦਿੰਦੇ ਹਨ। ਉਹ ਆਪ ਪੜ੍ਹ ਕੇ, ਜੋ ਕੁਝ ਕਮੀ ਹੁੰਦੀ ਹੈ ਤਾਂ ਸਾਨੂੰ ਸੁਝਾਅ ਦਿੰਦੇ ਹਨ ਅਤੇ ਅਸੀਂ ਉਨ੍ਹਾਂ ਦੀ ਮੰਨਦੇ ਹਾਂ।

ਹੁਣ, ਸਪੀਕਰ ਸਾਹਿਬ, ਮੈਂ ਦੂਸਰੀਆਂ ਗੱਲਾਂ ਤੇ ਆਵਾਂਗਾ। ਅਸੀਂ ਜਦੋਂ ਸਰਕਾਰ ਬਣਾਈ ਸੀ, ਮੈਂ ਇਸ ਤੋਂ ਪਿਛਲੀ ਟਰਮ ਦੀ ਗੱਲ ਕਰਦਾ ਹਾਂ, ਉਸ ਤੋਂ ਪਹਿਲਾਂ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਸੀ। ਉਹ ਜਿਹੜੀ ਸਾਨੂੰ legacy inheritance ਵਿੱਚ ਮਿਲੀ ਹੈ, ਸਾਨੂੰ ਬੜਾ ਉਜੜਿਆ - ਪੁਜੜਿਆ ਪੰਜਾਬ ਮਿਲਿਆ ਔਰ ਨਾ ਤਾਂ ਉਸ ਵੇਲੇ ਲਾਅ ਐਂਡ

[ਮੁੱਖ ਮੰਤਰੀ]

ਆਰਡਰ ਚੰਗਾ ਸੀ, economy was in shambles, Debt-GSDP ratio was very high, ਕੋਈ ਸਟੈਪ ਨਹੀਂ ਲਿਆ ਜਿਸ ਨਾਲ ਰੈਵੇਨਿਊ ਵਧੇ, ਕੋਈ ਸਟੈਪ ਨਹੀਂ ਲਿਆ ਜਿਸ ਨਾਲ ਬਿਜਲੀ ਪੈਦਾ ਕਰੀਏ। ਇਹ ਬਲੈਂਕ ਆਰਡਰ ਕਰ ਦਿੱਤਾ ਸੀ ਕਿ ਬੱਚਾ ਤਾਂ ਕੋਈ ਲਗਾਉਣਾ ਹੀ ਨਹੀਂ ਹੈ, ਇੰਪਲਾਇਮੈਂਟ ਸਾਰੀ ਹੀ ਬੰਦ ਕਰ ਦਿੱਤੀ ਸੀ। ਸਪੀਕਰ ਸਾਹਿਬ, ਮੈਂ ਬਠਿੰਡਾ ਰਿਫਾਈਨਰੀ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਵੱਡਾ ਕੋਈ ਗੁਨਾਹ/ਪਾਪ ਕੋਈ ਸਟੇਟ ਦਾ ਹੈੱਡ ਕਰ ਸਕਦਾ ਹੈ ਕਿ ਐਡਾ ਵੱਡਾ ਪ੍ਰਾਜੈਕਟ ਸਟੇਟ ਦਾ ਹੋਵੇ, 19,000 ਕਰੋੜ ਰੁਪਏ ਦਾ, ਦੇਖ ਕੇ ਆਇਓ, ਜਾਖੜ ਸਾਹਿਬ, ਪਤਾ ਨਹੀਂ ਤੁਸੀਂ ਦੇਖਿਆ ਹੋਣਾ ਹੈ ਕਿ ਨਹੀਂ, I will accompany you, ਕਿੰਨਾ ਵੱਡਾ ਪ੍ਰਾਜੈਕਟ, ਕਿੰਨੀਆਂ ਵੱਡੀਆਂ ਕੰਪਨੀਆਂ, ਮੋਫਰ ਸਾਹਿਬ ਤੁਸੀਂ ਤਾਂ ਤਾਰੀਫ ਕਰ ਦਿਆ ਕਰੋ, ਤੁਹਾਡੇ ਇਲਾਕੇ ਵਿੱਚ ਹੀ ਹੈ, ਇਹ ਰਿਫਾਈਨਰੀ ਚੰਗੀ ਹੈ ਜਾਂ ਮਾੜੀ ਹੈ, ਤੁਸੀਂ ਇੰਨਾ ਹੀ ਦੱਸ ਦਿਓ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਬਹੁਤ ਵਧੀਆ ਹੈ। ਠੀਕ ਹੈ।

ਮੁੱਖ ਮੰਤਰੀ : ਹੈਂ? ਮੇਰਾ ਮਤਲਬ ਹੈ ਕਿ ਇਹ ਬਹੁਤ ਵਧੀਆ ਹੈ। ਜੇਕਰ ਪਹਿਲਾਂ ਪੰਜ ਸਾਲ ਇਹ ਰਿਫਾਈਨਰੀ ਬੰਦ ਨਾ ਹੁੰਦੀ ਅਤੇ ਚਲਦੀ ਤਾਂ ਅੱਜ ਪੰਜਾਬ ਦੀ ਕਾਇਆ ਕਲਪ ਹੋ ਜਾਣੀ ਸੀ। Who is culprit for that? It is a criminal negligence. ਇੰਨਾ ਵੱਡਾ ਪ੍ਰੋਜੈਕਟ ਤੁਹਾਡੇ ਕੋਲ ਆਇਆ ਸੀ। ਮੈਂ ਬੜੀਆਂ ਕੋਸ਼ਿਸ਼ਾਂ ਨਾਲ ਵਾਜਪਾਈ ਸਾਹਿਬ ਤੋਂ ਲਿਆਂਦਾ ਸੀ। ਉਹ ਵਿਚਾਰੇ ਆਪ ਇਸ ਰਿਫਾਈਨਰੀ ਦਾ ਨੀਂਹ ਪੱਥਰ ਰੱਖਣ ਲਈ ਆਏ ਸਨ। ਉਦਘਾਟਨ ਕਰਕੇ ਗਏ ਸਨ। ਸੈਂਟਰ ਜੇਕਰ ਕੋਈ ਪ੍ਰੋਜੈਕਟ ਕਲੀਅਰ ਕਰਦਾ ਹੈ ਤਾਂ ਉਸ ਵਾਸਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ। ਦੇਖੋ ਸੈਂਟਰ ਨੇ ਸਾਰੇ ਹਿੰਦੁਸਤਾਨ ਵਿੱਚ ਕੇਵਲ ਇਕੋ ਹੀ ਰਿਫਾਈਨਰੀ ਦੇਣੀ ਸੀ, ਉਹ ਉਨ੍ਹਾਂ ਨੇ ਮੈਨੂੰ ਦਿੱਤੀ। ਬੜੇ ਲੋਕ ਪੈਸਿਆਂ ਵਾਲੇ ਮਗਰ-ਮਗਰ ਤੁਰੇ ਫਿਰਦੇ ਸਨ। ਰਿਲਾਇੰਸ ਕਹਿੰਦਾ ਕਿ ਮੈਨੂੰ ਦੇ ਦਿਓ, ਲੇਕਿਨ ਉਨ੍ਹਾਂ ਨੇ ਸਾਨੂੰ ਦਿੱਤੀ। ਮੈਂ ਇਸ ਵਾਸਤੇ ਉਨ੍ਹਾਂ ਦਾ ਧੰਨਵਾਦੀ ਹਾਂ ਪਰ ਉਹ ਪੰਜ ਸਾਲ ਬੰਦ ਰਹੀ। ਉਹੀ ਰਿਫਾਈਨਰੀ ਅਸੀਂ ਪੰਜ ਸਾਲਾਂ ਵਿੱਚ ਚਲਾ ਦਿੱਤੀ। ਮੋਫਰ ਸਾਹਿਬ, ਚੱਲ ਪਈ ਕਿ ਨਹੀਂ, ਤੁਸੀਂ ਮੂੰਹੋਂ ਬੋਲ ਕੇ ਦੱਸੋ, ਮੈਂ ਵੀ ਖੁਸ਼ ਹੋ ਜਾਵਾਂਗਾ। ਤੁਸੀਂ ਤਾਂ ਸਿਰ ਹਲਾਈ ਜਾਂਦੇ ਹੋ, ਮੂੰਹੋਂ ਬੋਲ ਕੇ ਕਹਿ ਦਿਓ। (ਵਿਰੋਧੀ ਧਿਰ ਵਲੋਂ ਅਵਾਜ਼ਾਂ ਪੱਲੇ ਨਹੀਂ ਧੇਲਾ।)

"ਬਾਬਾ ਜਿਸ ਨੇ ਸਰਕਾਰ ਦਿੱਤੀ ਹੈ, ਉਹ ਪੈਸੇ ਵੀ ਦਿਉਗਾ। (ਥੰਪਿੰਗ) ਦੇਖੋ, ਫਿਕਰ ਨਾ ਕਰੋ। ਪੈਸਿਆਂ ਦੇ ਸਬੰਧ ਵਿੱਚ ਵੀ ਮੈਂ ਤੁਹਾਡੀ ਤਸੱਲੀ ਕਰਵਾ ਕੇ ਜਾਉਂਗਾ। ਤੁਸੀਂ ਆਰਾਮ ਨਾਲ ਬੈਠੇ ਰਹੋ। ਤੁਹਾਨੂੰ ਪੂਰੀ ਤਰ੍ਹਾਂ ਨਿੱਸਲ ਕਰਵਾ ਕੇ ਜਾਵਾਂਗਾ (ਥੰਪਿੰਗ) (ਹਾਸਾ) ਤਾਂ ਕਿ ਤੁਸੀਂ ਆਰਾਮ ਨਾਲ ਚਾਰ-ਪੰਜ ਸਾਲ ਘਰੇ ਬੈਠੇ ਰਹੋ।

(ਇਸ ਸਮੇਂ ਸ੍ਰੀਮਤੀ ਕਰਨ ਕੌਰ ਬਰਾੜ ਬਿਨਾਂ ਆਗਿਆ ਤੋਂ ਬੋਲਣ ਲੱਗ ਪਏ।)

ਮਾਨਯੋਗ ਸਪੀਕਰ : ਬੀਬੀ ਜੀ, ਜਦੋਂ ਬੋਲਣਾ ਹੋਵੇ ਤਾਂ ਪਹਿਲਾਂ ਚੇਅਰ ਤੋਂ ਪੁੱਛ ਲਿਆ ਕਰੋ।

ਮੁੱਖ ਮੰਤਰੀ : ਚਲੋ ਕੋਈ ਨਹੀਂ ਜੀ। ਬੀਬੀ ਜੀ ਪਹਿਲੀ ਵਾਰ ਆਏ ਹਨ।

ਸ਼੍ਰੀਮਤੀ ਕਰਨ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਪਹਿਲੀ ਵਾਰ ਇਲੈਕਟ ਹੋ ਕੇ ਆਈ ਹਾਂ, ਮੈਨੂੰ ਮੁਆਫ ਕਰਨਾ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਸ ਰਿਫਾਈਨਰੀ ਵਿੱਚ ਸਰਦਾਰ ਹਰਚਰਨ ਸਿੰਘ ਬਰਾੜ ਦਾ ਵੀ ਹੱਥ ਸੀ ਜੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜਿੰਨਾ ਸਰਦਾਰ ਹਰਚਰਨ ਸਿੰਘ ਬਰਾੜ ਦਾ ਅਤੇ ਉਨ੍ਹਾਂ ਦੇ ਸਪੁੱਤਰ ਜਿਹੜੇ ਸਾਡੇ ਦਰਮਿਆਨ ਨਹੀਂ ਰਹੇ, ਉਨ੍ਹਾਂ ਦਾ ਬੇਵਕਤ ਅਕਾਲ ਚਲਾਣਾ ਹੋ ਗਿਆ ਅਤੇ ਬੀਬੀ ਜੀ, ਇਨ੍ਹਾਂ ਦਾ ਮੈਂ ਇੰਨਾ ਵੱਡਾ ਸਤਿਕਾਰ ਕਰਦਾ ਹਾਂ ਕਿ ਇਸ ਬਾਰੇ ਜਾਂ ਇਹ ਜਾਣਦੇ ਹਨ ਜਾਂ ਮੈਂ ਜਾਣਦਾ ਹਾਂ। ਅਸੀਂ ਇਲੈਕਸ਼ਨ ਵੀ ਲੜੇ ਹਾਂ। ਇੱਕ ਦੂਜੇ ਦੇ ਖਿਲਾਫ ਵੀ ਲੜੇ। ਉਥੇ ਸਾਰੀ ਸਿਆਸਤ ਮੁਕਤਸਰ ਦੀ ਸੀ। ਉਹ ਬਾਦਲ ਪਰਿਵਾਰ ਦੀ ਅਤੇ ਬਰਾੜ ਪਰਿਵਾਰ ਦੀ ਇਲੈਕਸ਼ਨ ਸੀ ਲੇਕਿਨ ਕਦੇ ਇਨ੍ਹਾਂ ਨੇ ਮੇਰੇ ਬਰਖਿਲਾਫ ਮੂੰਹ ਵਿਚੋਂ ਗਲਤ ਲਫਜ਼ ਨਹੀਂ ਕੱਢਿਆ ਅਤੇ ਨਾ ਹੀ ਮੈਂ ਆਪਣੇ ਮੂੰਹ ਵਿੱਚੋਂ ਇਨ੍ਹਾਂ ਦੇ ਬਰਖਿਲਾਫ ਕੋਈ ਲਫਜ਼ ਕਦੇ ਕੱਢਿਆ ਹੈ। ਇੰਨਾ ਪਿਆਰ ਸੀ। ਸਿਆਸੀ ਲੜਾਈ ਹੁੰਦੀ ਹੈ ਲੇਕਿਨ ਅੱਜ ਵਾਲਾ ਇਹ ਮਾਹੋਲ ਨਹੀਂ ਕਿ ਇਸ ਨੂੰ ਮਾਰ ਦਿਓ, ਇਸ ਨੂੰ ਇਹ ਕਰ ਦਿਓ। ਵਲਟੋਹਾ ਸਾਹਿਬ, ਤੁਸੀਂ ਵੀ ਥੋੜ੍ਹਾ ਜਿਹਾ ਢਿੱਲ੍ਹੇ ਰਿਹਾ ਕਰੋ। ਉਨ੍ਹਾਂ ਨੇ ਕਦੇ ਇਹੋ ਜਿਹਾ ਨਹੀਂ ਸੋਚਿਆ। ਹਰ ਗਮੀ ਖੁਸ਼ੀ ਇਹ ਮੇਰੇ ਆਉਂਦੇ ਅਤੇ ਹਰ ਗਮੀ ਖੁਸ਼ੀ ਮੈਂ ਇਨ੍ਹਾਂ ਦੇ ਜਾਂਦਾ ਹਾਂ। ਇਸ ਲਈ ਬੀਬੀ ਜੀ, ਤੁਹਾਡਾ ਜੋ ਹੁਕਮ ਹੈ, ਤੁਸੀਂ ਸਾਡੀ ਭੈਣ ਹੋ, ਸਾਡੀ ਬੇਟੀ ਹੋ, ਮੈਨੂੰ ਬਹੁਤ ਦੁੱਖ ਹੈ, ਜਿਨ੍ਹਾਂ ਹਾਲਾਤ ਵਿਚੋਂ ਬੀਬੀ ਜੀ ਤੁਸੀਂ ਲੰਘ ਰਹੇ ਹੋ, ਕਿਉਂਕਿ ਮੈਂ ਵੀ ਇਨ੍ਹਾਂ ਹਾਲਾਤ ਵਿਚੋਂ ਨਿਕਲ ਰਿਹਾ ਹਾਂ। ਜ਼ਿੰਮੇਵਾਰੀਆਂ ਨਿਭਾਉਣ ਵਿੱਚ ਕਈ ਮੁਸ਼ਕਲਾਂ ਹੁੰਦੀਆਂ ਹਨ। ਮੈਂ ਤੁਹਾਨੂੰ ਪੂਰਾ ਸਹਿਯੋਗ ਦੇਵਾਂਗਾ, ਵੱਧ ਯੋਗਦਾਨ ਪਾਵਾਂਗਾ। ਤੁਹਾਡੇ ਮੁਖਾਰਬਿੰਦ ਵਿਚੋਂ ਨਿਕਲਿਆ ਹਰ ਲਫਜ਼ ਮੇਰੇ ਵਾਸਤੇ ਹੁਕਮ ਹੋਵੇਗਾ।

ਸਪੀਕਰ ਸਾਹਿਬ, ਇੱਥੇ ਹਾਊਸ ਵਿੱਚ ਫਾਇਨਾਂਸ਼ੀਅਲ ਪੁਜ਼ੀਸ਼ਨ ਦੀ ਬੜੀ ਚਰਚਾ ਹੁੰਦੀ ਹੈ। ਨੰਗ ਹੋ ਗਏ ਜੀ, ਕੁਝ ਵੀ ਨਹੀਂ ਹੈ, ਸਟਾਰਮ, financial storm, ਅਖਬਾਰਾਂ ਵਾਲੇ ਵੀ ਲਿਖ ਦਿੰਦੇ ਹਨ ਅਤੇ ਆਪਾਂ ਵੀ ਲਿਖ ਦਿੰਦੇ ਹਾਂ, ਆਪੋਜ਼ੀਸ਼ਨ ਵਾਲੇ ਵੀ ਕਹੀ ਜਾਂਦੇ ਹਨ ਕਿ ਫਾਇਨਾਂਸ਼ੀਅਲ ਸਟਾਰਮ। ਸਪੀਕਰ ਸਾਹਿਬ, ਜੇਕਰ ਆਪਣੇ ਆਪ ਨੂੰ ਕੋਈ ਕਹੇ ਕਿ ਮੇਰੇ ਕੋਲ ਦੁਆਨੀ ਨਹੀਂ, ਮੈਂ ਨੰਗ ਹੋ ਗਿਆ, ਮੇਰਾ ਦੀਵਾਲਾ ਨਿਕਲ ਗਿਆ ਤਾਂ ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਤੁਹਾਡੇ ਨੇੜੇ ਕੌਣ ਲੱਗੂਗਾ ਜੀ? ਇਹ ਤਾਂ ਆਪਾਂ ਪਰਿਵਾਰਿਕ ਤੌਰ ਤੇ ਵੀ ਦੇਖਦੇ ਹਾਂ ਕਿ ਰਿਸ਼ਤਾ ਲੈਣ ਵਾਲਾ ਵੀ ਵਧਾ ਚੜ੍ਹਾ ਕੇ ਗੱਲ ਕਰਦਾ ਹਾਂ ਕਿ ਸਾਡੀ ਤਾਂ ਇੰਨੀ ਜ਼ਮੀਨ ਹੈ, ਇੰਨਾ ਬੈਂਕ ਵਿੱਚ ਹੈ। ਤੁਸੀਂ ਕਹਿੰਦੇ ਹੋ ਕਿ ਅਸੀਂ ਤਾਂ ਜੀ ਨੰਗ ਹੋ ਗਏ, ਸਾਡੇ ਕੋਲ ਕੁਝ ਹੈ ਹੀ ਨਹੀਂ। ਇਹ ਚੰਗੀ ਗੱਲ ਨਹੀਂ ਹੈ। ਤੁਹਾਡੇ ਕੋਲ ਇੱਕ ਤਾਂ ਹੈ ਕਿ

[ਮੁੱਖ ਮੰਤਰੀ]

ਚੜ੍ਹਦੀ ਕਲਾ ਹੈ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ? ਸਪੀਕਰ ਸਾਹਿਬ, ਜੇਕਰ ਤੁਸੀਂ ਇਜਾਜ਼ਤ ਦਿਉ ਤਾਂ ਮੈਂ ਥੋੜ੍ਹਾ ਜਿਹਾ ਗਰਮ ਪਾਣੀ ਪੀ ਸਕਦਾ ਹਾਂ, ਵੈਸੇ ਚੰਗਾ ਤਾਂ ਨਹੀਂ ਲਗਦਾ।

ਮਾਨਯੋਗ ਸਪੀਕਰ : ਹਾਂ ਜੀ, ਪੀ ਸਕਦੇ ਹੋ।

ਮੁੱਖ ਮੰਤਰੀ : ਥੋੜ੍ਹਾ ਕੋਸਾ ਪਾਣੀ ਲਿਆਉਣਾ, ਇੰਨਾ ਗਰਮ ਵੀ ਨਾ ਹੋਵੇ ਕਿ ਚਾਹ ਵਾਂਗੂ ਪੀਤਾ ਹੀ ਨਾ ਜਾਵੇ। ਸਪੀਕਰ ਸਾਹਿਬ, ਜਿਹੜੇ ਨਵੇਂ ਐਮ.ਐਲ.ਏ. ਆਏ ਹਨ ਉਨ੍ਹਾਂ ਨੇ ਬਹੁਤ ਚੰਗੀਆਂ ਗੱਲਾਂ ਕੀਤੀਆਂ ਹਨ। ਅਜੇ ਉਨ੍ਹਾਂ ਦੇ ਦਿਲ ਸੂਖਮ ਹਨ, ਜਿਹੜੇ ਪੁਰਾਣੇ ਹਨ ਉਹ ਤਾਂ ਗੁਰਬ ਹੋ ਗਏ ਹਨ। ਨਵੇਂ ਜਿੰਨਾ ਬੋਲੇ ਹਨ, ਉਹ ਵਧੀਆ ਬੋਲੇ ਹਨ ਅਤੇ ਉਨ੍ਹਾਂ ਨੇ ਆਪਣੀਆਂ ਗੱਲਾਂ ਸੋਹਣੇ ਤੇ ਸੁਚੱਜੇ ਢੰਗ ਨਾਲ ਕੀਤੀਆਂ ਹਨ, ਕੋਈ ਫੜਾਂ ਨਹੀਂ ਮਾਰੀਆਂ। ਮੈਂ ਉਨ੍ਹਾਂ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਬੇਟਾ, ਭਰਾਵੋ, ਇਹ ਫਾਈਨੈਂਸ਼ੀਅਲ ਪੁਜ਼ੀਸ਼ਨ ਹੈ ਕੀ, ਇਹ ਕਿਵੇਂ ਖਰਾਬ ਹੋਈ, ਇਸ ਵਿਚ ਕਿਸਦਾ ਰੋਲ ਹੈ, ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਨੂੰ ਜਵਾਬ ਦੇਵਾਂ। ਇਨ੍ਹਾਂ ਨੂੰ ਹੀ ਨਹੀਂ ਬਲਕਿ ਮੈਂ ਸਾਰੇ ਪੰਜਾਬ ਨੂੰ ਜਵਾਬਦੇਹ ਹਾਂ। ਫਾਈਨਾਂਸ ਤੋਂ ਬਿਨਾਂ ਕੋਈ ਸਟੇਟ ਤਰੱਕੀ ਨਹੀਂ ਕਰ ਸਕਦੀ ਕਿਉਂ ਜੋ ਸਾਰੀ ਡਿਵੈਲਪਮੈਂਟ ਫਾਈਨਾਂਸ ਤੇ ਹੁੰਦੀ ਹੈ। ਲੇਕਿਨ ਫਾਈਨਾਂਸ ਦੇ ਪੰਜ ਪੈਰਾਮੀਟਰ ਹਨ। ਇਨ੍ਹਾਂ ਦੇ ਵੇਲੇ ਫਾਈਨਾਂਸ ਡਿਪਾਰਟਮੈਂਟ ਸਰਦਾਰ ਲਾਲ ਸਿੰਘ ਕੋਲ ਸੀ। ਉਹ ਹੁਣ ਬੈਠੇ ਨਹੀਂ ਹਨ। ਚੌਧਰੀ ਸਾਹਿਬ, ਤੁਸੀਂ ਇੰਨੇ ਮਾਯੂਸ ਨਾ ਹੋਇਆ ਕਰੋ। ਸਾਰਿਆਂ ਨੂੰ ਸੱਦਿਆ ਕਰੋ। ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸੱਦਾ ਭੇਜਿਆ ਕਰੋ। ਜੇਕਰ ਨਹੀਂ ਤਾਂ ਮੈਂ ਉਨ੍ਹਾਂ ਨੂੰ ਫੋਨ ਕਰ ਦਿੰਦਾ ਹਾਂ। ਆਇਆ ਕਰੋ, ਸਾਰੇ ਬੈਠਿਆ ਕਰੋ। ਆਪਾਂ 2-3 ਦਿਨ ਇਕੱਠੇ ਬੈਠੀਏ, ਚੰਗੀ ਰੋਟੀ-ਪਾਣੀ ਖਾਈਏ, ਹੌਂਸਲੇ ਦੀਆਂ ਗੱਲਾਂ ਕਰਿਆ ਕਰੀਏ। ਮੈਂ ਫਾਈਨਾਂਸ ਦੇ ਪੰਜ ਪੈਰਾਮੀਟਰ ਦੱਸ ਰਿਹਾ ਸੀ। ਇੱਕ ਤਾਂ ਸਟੇਟ ਦੇ State owned tax revenue, Gross State Domestic Product, Plan Side, Fiscal Deficit and last is debt burden with reference to Gross State Domestic Product. ਜਿਹੜਾ ਆਪਣੇ ਟੈਕਸਾਂ ਤੋਂ ਰੈਵੇਨਿਊ ਹੈ, ਉਹ ਹੁੰਦਾ ਹੈ ਕਿ ਕਿਸੇ ਨੇ ਕੀ ਕੀਤਾ ਹੈ। ਜੇ ਅਸੀਂ ਆਪਣੇ ਰੈਵੇਨਿਊ ਦੀ ਗੱਲ ਕਰੀਏ ਕਿਉਂਜੋ ਜਿਹੜਾ ਤੁਸੀਂ ਸਾਨੂੰ ਦੇ ਕੇ ਗਏ ਸੀ, ਉਸ ਤੋਂ ਅੱਗੇ ਗੱਲ ਕਰਨੀ ਸੀ। ਚੌਧਰੀ ਸਾਹਿਬ, ਜਦੋਂ ਸਰਦਾਰ ਅਮਰਿੰਦਰ ਸਿੰਘ ਜੀ ਸਾਲ 2006-07 ਵਿਚ ਸਰਕਾਰ ਛੱਡ ਕੇ ਗਏ ਸਨ ਤਾਂ ਉਸ ਵੇਲੇ ਟੈਕਸ ਰੈਵੇਨਿਊ 9,000 ਕਰੋੜ ਰੁਪਏ ਸੀ। ਹੁਣ ਅਸੀਂ ਇਹ ਟੈਕਸ ਰੈਵੇਨਿਊ 9,000 ਕਰੋੜ ਰੁਪਏ ਤੋਂ ਵਧਾ ਕੇ 20,000 ਕਰੋੜ ਰੁਪਏ ਤੱਕ ਲੈ ਗਏ ਹਾਂ। (ਥੰਪਿੰਗ) ਇਹ ਫਿਗਰ ਦੀ ਗੱਲ ਹੈ, ਮੈਂ ਕੋਈ ਆਪਣੇ ਮੂੰਹ ਤੋਂ ਇਹ ਗੱਲ ਨਹੀਂ ਬਣਾ ਰਿਹਾ। 20,000 ਕਰੋੜ ਰੁਪਏ ਦੀ ਆਮਦਨ ਕਰ ਦਿੱਤੀ ਹੈ, ਦੁੱਗਣੀ ਤੋਂ ਵੀ ਜ਼ਿਆਦਾ ਕਰ ਦਿੱਤੀ ਹੈ। ਜੇ ਕੋਈ ਪਰਿਵਾਰ ਜਿਸ ਨੇ ਇਨਹੈਰਿਟ ਕਰਨਾ ਹੈ, ਉਸ ਦੀ ਆਮਦਨ ਦੁੱਗਣੀ ਕਰ ਦੇਵੋ ਤਾਂ ਇਸ ਤੋਂ ਵੱਧ ਹੋਰ

ਕੀ ਹੋ ਸਕਦਾ ਹੈ? ਇਹ ਚੰਗੀ ਗੱਲ ਹੈ ਜਾਂ ਮਾੜੀ ਗੱਲ ਹੈ? ਇਸ ਤਰ੍ਹਾਂ ਇੱਕ Gross State Domestic Product ਹੁੰਦੀ ਹੈ ਜਿਸ ਦਾ ਮਤਲਬ ਜਿੰਨੀ ਵੀ ਸਾਰੇ ਸੂਬੇ ਦੀ ਆਮਦਨ ਹੈ ਚਾਹੇ ਉਹ ਐਗਰੀਕਲਚਰ ਤੋਂ ਹੋਵੇ ਜਾਂ ਹੋਰ ਕਿਸੇ ਪਾਸਿਉਂ ਹੋਵੇ, ਉਸ ਨੂੰ ਆਖਦੇ ਹਨ। ਇਨ੍ਹਾਂ ਦੇ ਹੁੰਦਿਆਂ 1,26,791 ਕਰੋੜ ਰੁਪਏ ਦੀ ਗਰਾਸ ਸਟੇਟ ਡੋਮੈਸਟਿਕ ਪ੍ਰੋਡਕਟ ਸੀ। ਉਸ ਨੂੰ ਹੁਣ ਅਸੀਂ 2,70,000 ਕਰੋੜ ਤੱਕ ਲੈ ਕੇ ਗਏ ਹਾਂ। ਇਹ ਆਮਦਨ ਵੀ ਟੋਟਲ ਪੰਜ ਸਾਲਾਂ ਵਿੱਚ ਦੁੱਗਣੀ ਤੋਂ ਵੱਧ ਕਰ ਦਿੱਤੀ ਹੈ। ਇਸ ਨੂੰ ਅਸੀਂ 3 ਲੱਖ ਕਰੋੜ ਰੁਪਏ ਤੱਕ ਲੈ ਕੇ ਜਾਵਾਂਗੇ। ਕਹਿੰਦੇ ਹਨ ਕਿ ਜੀਹਦੇ ਘਰ ਦਾਣੇ, ਉਹਦੇ ਕਮਲੇ ਵੀ ਸਿਆਣੇ। ਇਹ ਪੈਸੇ ਦੀਆਂ ਗੱਲਾਂ ਕਰਦੇ ਹਨ। ਅਸੀਂ ਪੈਸਾ ਹੀ ਪੈਸਾ ਕਰ ਦਿਆਂਗੇ। ਇਹ ਕੋਈ ਫਿਕਰ ਨਾ ਕਰਨ। ਇਹ ਕਹਿੰਦੇ ਹਨ ਕਿ ਸਟੇਟ ਦੇ ਸਿਰ ਲੋਨ ਬੜਾ ਵੱਧ ਗਿਆ ਹੈ, ਡੈੱਟ ਬਹੁਤ ਵੱਧ ਗਿਆ ਹੈ। ਜਿਹੜਾ ਫਾਈਨਾਂਸ ਕਮਿਸ਼ਨ ਹੈ ਜੋ ਸਾਰੇ ਹਿੰਦੁਸਤਾਨ ਨੂੰ ਕੰਟਰੋਲ ਕਰਦਾ ਹੈ, ਉਹ ਜੀ.ਡੀ.ਐਸ.ਪੀ. ਦੀ ਗਰੋਥ ਕਿੰਨੀ ਹੈ ਅਤੇ ਕਿੰਨੀ ਹੋਵੇ, ਉਸ ਦਾ ਟਾਰਗੇਟ ਦਿੰਦਾ ਹੈ। ਸਟੇਟ ਆਪਣੀ ਮਰਜ਼ੀ ਨਾਲ ਨਹੀਂ ਕਰਦੀ। ਬਕਾਇਦਾ ਉਸ ਨੂੰ ਟਾਰਗੇਟ ਦਿੱਤਾ ਜਾਂਦਾ ਹੈ। ਸਾਨੂੰ ਇਹ ਟਾਰਗੇਟ 5.9% ਦਿੱਤਾ ਗਿਆ ਸੀ। ਜਿਵੇਂ ਪੁਲਿਸ ਵਿਚ ਸਿਲੈਕਸ਼ਨ ਸਮੇਂ ਅਸੀਂ ਕੀਤਾ ਸੀ ਕਿ ਜਵਾਨ ਨੇ ਇੰਨੇ ਮੀਟਰ ਦੀ ਦੌੜ ਇੰਨੇ ਸਮੇਂ ਵਿੱਚ ਦੌੜਣੀ ਹੈ, ਇਸੇ ਤਰ੍ਹਾਂ ਜਿਹੜਾ ਤੁਹਾਡਾ ਫਾਈਨਾਂਸ ਕਮਿਸ਼ਨ ਹੈ, ਮੈਂ ਤੁਹਾਡਾ ਨਹੀਂ ਕਹਿੰਦਾ ਕਿਉਂ ਜੋ ਹਿੰਦੁਸਤਾਨ ਦੀ ਸਰਕਾਰ ਵੀ ਮੇਰੀ ਆਪਣੀ ਹੀ ਸਰਕਾਰ ਹੈ, ਉਨ੍ਹਾਂ ਨੇ ਕਿਹਾ ਕਿ 5.9% ਵਧਾਓ ਅਤੇ ਅਸੀਂ ਵਧਾ ਕੇ ਕਰ ਦਿੱਤਾ 6.9% (ਥੰਪਿੰਗ) ਜਿਹੜਾ ਸਾਨੂੰ ਫਾਈਨਾਂਸ ਕਮਿਸ਼ਨ ਨੇ ਟਾਰਗੇਟ ਦਿੱਤਾ ਸੀ, ਉਸ ਤੋਂ ਅਸੀਂ ਵੱਧ ਵਧਾ ਦਿੱਤਾ ਪਰ ਇਨ੍ਹਾਂ ਵੇਲੇ ਜਿਹੜਾ ਇਨ੍ਹਾਂ ਨੂੰ ਟਾਰਗੇਟ ਦਿੱਤਾ ਸੀ 6.4% ਇਨ੍ਹਾਂ ਨੇ ਉਸਨੂੰ ਘਟਾ ਕੇ 5.4% ਕਰ ਦਿੱਤਾ। ਇਨ੍ਹਾਂ ਨੇ ਟਾਰਗੇਟ ਘਟਾ ਦਿੱਤਾ ਅਤੇ ਅਸੀਂ ਵਧਾ ਦਿੱਤਾ। ਪਲੈਨ ਸਾਈਜ਼ ਹੁੰਦਾ ਹੈ ਕਿ ਤੁਹਾਡੀ ਪਲੈਨ ਕਿੰਨੀ ਹੈ। ਇਨ੍ਹਾਂ ਦੇ ਸਮੇਂ 4,000 ਕਰੋੜ ਰੁਪਏ ਦੀ ਪਲੈਨ ਸੀ ਜਿਸ ਦੇ ਨਾਲ ਸਾਰੀ ਡਿਵੈਲਪਮੈਂਟ ਹੁੰਦੀ ਹੈ। ਇਨ੍ਹਾਂ ਦੇ ਛਾਲ ਮਾਰ ਕੇ 4,000 ਕਰੋੜ ਰੁਪਏ ਦੀ ਪਲੈਨ ਬਣਾ ਦਿੱਤੀ ਅਤੇ ਅਸੀਂ ਉਸ ਨੂੰ ਵਧਾ ਕੇ 11,500 ਕਰੋੜ ਕੀਤਾ ਹੈ। ਪਿਛਲਾ ਜਿਹੜਾ ਮਾਰਚ ਵਿੱਚ ਪਲੈਨ ਖਤਮ ਹੋ ਰਿਹਾ ਹੈ , ਇਸ ਦੀ ਪਲੈਨ ਸੀ 11,500 ਕਰੋੜ ਅਤੇ ਅਗਲੇ ਸਾਲ ਦੀ ਅਸੀਂ ਪਲੈਨ 13000 ਕਰੋੜ ਰੁਪਏ ਦੀ ਲੈ ਕੇ ਆ ਰਹੇ ਹਾਂ (ਥੰਪਿੰਗ) ਜਿਸ ਦੇ ਨਾਲ ਪੰਜਾਬ ਤਰੱਕੀ ਕਰੇਗਾ। ਇਕ ਇਹ fiscal deficit ਦੀ ਗੱਲ ਕਰਦੇ ਹਨ। Fiscal deficit ਕੀ ਹੁੰਦਾ ਹੈ? ਇਹ gap between the total income and expenditure of the Government ਹੁੰਦਾ ਹੈ। ਕਿੰਨਾ ਖਰਚਾ ਹੈ ਅਤੇ ਕਿੰਨੀ ਆਮਦਨ ਹੋਈ ਅਤੇ ਇਹ ਵੀ ਸਾਨੂੰ ਫਾਈਨਾਂਸ ਕਮਿਸ਼ਨ ਟਾਰਗੇਟ ਦਿੰਦਾ ਹੈ। ਉਨ੍ਹਾਂ ਨੇ ਟਾਰਗੇਟ ਦਿੱਤਾ ਸੀ 3.22% ਅਤੇ ਅਸੀਂ ਉਸਨੂੰ ਵਧਾ ਕੇ 3.44% ਕਰ ਦਿੱਤਾ। ਜੇ ਹੁਣ ਅਸੀਂ ਸਾਰੇ ਟੈਸਟ ਜਿਹੜੇ ਹਿੰਦੁਸਤਾਨ ਦੀ ਸਰਕਾਰ ਦੇ ਹਨ, ਅਸੀਂ ਪੂਰੇ ਕਰ ਰਹੇ ਹਾਂ ਤਾਂ ਫਿਰ ਸੈਂਟਰ ਸਰਕਾਰ ਵਾਲੇ ਕਾਹਦੇ ਹਨ? ਸੋਢੀ ਸਾਹਿਬ ਨੇ ਕਿਹਾ ਸੀ ਕਿ ਬੰਗਾਲ ਹੈ, ਕੇਰਲਾ ਹੈ, ਹੋਰ ਕੁਝ ਸਟੇਟਾਂ ਹਨ ਜਿਨ੍ਹਾਂ ਦੀ ਮਾਲੀ ਹਾਲਤ

[ਮੁੱਖ ਮੰਤਰੀ]

ਬਹੁਤ ਮਾੜੀ ਹੈ। ਮੈਂ ਸੈਂਟਰ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਫਾਈਨਾਂਸ਼ੀਅਲ ਡੈਫੀਸਿਟ ਕਿੰਨਾ ਹੈ 5.90 ਸਾਡੇ ਨਾਲੋਂ ਡਿਊਢਾ ਹੈ। ਆਪ ਤਾਂ ਸੰਭਾਲਿਆ ਨਹੀਂ ਜਾਂਦਾ ਅਤੇ ਦੂਜਿਆਂ ਤੇ ਨੁਕਤਾ ਚੀਨੀ ਕਰਦੇ ਹਨ। ਠੀਕ ਹੈ ਕਿ ਡੈਟ ਸਾਡੇ ਤੇ ਹੈ, ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ, ਲੇਕਿਨ ਡੈਟ ਦੀ ਬੈਕ ਗਰਾਊਂਡ ਕੀ ਹੈ। ਜੇ ਆਪਾਂ ਆਪ ਹੀ ਆਖੀ ਜਾਵਾਂਗੇ ਤਾਂ ਇਹ ਠੀਕ ਨਹੀਂ ਹੈ। ਜੇ ਅਸੀਂ ਸਹੀ ਰਸਤੇ ਤੇ ਜਾਵਾਂਗੇ ਤਾਂ ਸਭ ਠੀਕ ਹੋ ਜਾਵੇਗਾ। ਡੈਟ ਸਾਡੇ ਤੇ ਕਦੋਂ ਚੜ੍ਹਿਆ। ਜਦੋਂ 1980 ਦੇ ਵਿੱਚ ਅਸੀਂ ਸਰਕਾਰ ਛੱਡ ਕੇ ਗਏ ਸੀ, ਉਸ ਸਮੇਂ ਡੈਟ ਨਾਮ ਦੀ ਕੋਈ ਚੀਜ਼ ਨਹੀਂ ਸੀ ਹੁੰਦੀ। ਉਸ ਤੋਂ ਬਾਅਦ 17 ਸਾਲ ਸਿੱਧੇ ਟੇਡੇ ਢੰਗ ਨਾਲ ਇੱਥੇ ਕਾਂਗਰਸ ਦੀ ਸਰਕਾਰ ਰਹੀ। ਗਵਰਨਰ ਸਾਹਿਬ ਦਾ ਰਾਜ ਕਹਿ ਲਓ, ਉਹ ਵੀ ਕਾਂਗਰਸ ਦਾ ਹੀ ਸੀ। ਜਦੋਂ 17 ਸਾਲ ਤੋਂ ਬਾਅਦ ਅਸੀਂ ਮੁੜੇ ਤਾਂ ਉਦੋਂ ਲਾ-ਇੰਤਹਾ ਡੈਟ ਸੀ। ਜਿਹੜਾ ਵੱਡਾ ਡੈਟ ਸੀ, ਮੈਂ ਉਹ ਦੁਹਰਾਉਣਾ ਨਹੀਂ ਚਾਹੁੰਦਾ ਬਲਕਿ ਨਵੇਂ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮਿਲੀਟੈਂਸੀ ਦੇ ਸਮੇਂ ਦਾ ਡੈਟ ਹੈ। ਮਿਲੀਟੈਂਸੀ ਜਦੋਂ ਵੀ ਆ ਜਾਵੇ ਤਾਂ ਉਸਦਾ ਸਾਰਾ ਖਰਚਾ ਸੈਂਟਰ ਸਰਕਾਰ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ ਲੇਕਿਨ ਧੱਕੇ ਨਾਲ ਐਂਟੀ ਪੰਜਾਬ ਹੋਣ ਦੇ ਕਾਰਨ, ਉਨ੍ਹਾਂ ਨੇ ਸਾਰਾ ਖਰਚਾ, ਜਿਹੜਾ ਉਨ੍ਹਾਂ ਦਾ ਜੀਪਾਂ ਦਾ ਖਰਚਾ, ਰੋਟੀ ਦਾ ਖਰਚਾ, ਜੋ ਕੁਝ ਵੀ ਇੱਥੇ ਫੌਜ ਆਈ, ਪੁਲਿਸ ਆਈ, ਸੈਂਟਰਲ ਰਿਜ਼ਰਵ ਪੁਲਿਸ ਫੋਰਸ ਆਈ, ਉਹ ਕੁਝ ਖਰਚਾ ਸੂਦ ਲਗਾ ਕੇ ਸਾਡੇ ਤੇ ਮੜ ਦਿੱਤਾ। ਇਹ ਕਹਿੰਦੇ ਕਿ ਇਹ ਤੁਹਾਡੇ ਜ਼ਿੰਮੇ ਹੈ ਅਤੇ ਉਹ ਵੀਰ ਸਪੈਸ਼ਲ ਟਰਮ ਲੋਨ ਸਾਨੂੰ 5800 ਕਰੋੜ ਰੁਪਏ ਦਾ ਦਿੱਤਾ ਅਤੇ ਆਪਣੀ ਬਦਕਿਸਮਤੀ ਹੈ ਕਿ ਜਿਹੜੇ ਕਾਂਗਰਸ ਵਾਲੇ ਇਸ ਕੁਰਸੀ ਤੇ ਬੈਠਦੇ ਹਨ, ਉਨ੍ਹਾਂ ਦੀ ਇਹ ਜੁਅਰਤ ਨਹੀਂ ਹੁੰਦੀ ਕਿ ਉਹ ਸੈਂਟਰ ਨੂੰ ਕੁਝ ਕਹਿ ਸਕਣ। ਜੇਕਰ ਤੁਹਾਡੇ ਨਾਲ ਕੋਈ ਗਲਤ ਕੰਮ ਹੋ ਰਿਹਾ ਹੈ ਤਾਂ ਤੁਸੀਂ ਜਾ ਕੇ ਆਖੋ ਤਾਂ ਸਹੀ। ਕਿਸੇ ਨੇ ਨਹੀਂ ਕਿਹਾ। ਸੱਤ-ਬਚਨੀਏ ਸਨ, ਕਹਿੰਦੇ, ਜੀ ਅਸੀਂ ਦੇਵਾਂਗੇ। ਸਾਡਾ ਹੱਕ ਨਹੀਂ ਸੀ ਦੇਣ ਦਾ ਅਤੇ ਉਸਦੇ ਵਿਚੋਂ 2,694 ਕਰੋੜ ਦੇ ਵੀ ਦਿੱਤਾ। Loan paid during Congress Government ਅਤੇ ਜਦੋਂ ਪੰਜਾਬ ਦੀ ਖੁਸ਼ਕਿਸਮਤੀ ਨਾਲ ਕੇਂਦਰ ਵਿੱਚ ਆਪਣੀ, ਗੁਜਰਾਲ ਸਾਹਿਬ ਦੀ ਸਰਕਾਰ ਆਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਕਿ 10 ਮਿੰਟ ਵਿਚ, ਮੈਨੂੰ ਲਗਦਾ ਕਿ 10 ਮਿੰਟ ਵੀ ਨਹੀਂ ਲੱਗੇ, ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਸਾਡੇ ਨਾਲ ਅਨਿਆਂ ਹੈ, ਜੇ ਤੁਸੀਂ ਅਨਿਆਂ ਸਮਝਦੇ ਹੋ, ਜੇ ਤਾਂ ਸਾਡਾ ਫਰਜ਼ ਹੈ ਦੇਣਾ ਤਾਂ ਦੇ ਦਿੰਦੇ ਹਾਂ, ਜੇ ਅਨਿਆਂ ਹੈ ਤਾਂ ਇਹ ਸਾਨੂੰ ਮੁਆਫ ਕਰ ਦਿਓ ਤਾਂ ਉਹ ਕਹਿਣ ਲੱਗੇ ਕਿ ਇਕੱਲਾ ਲੋਨ ਨਹੀਂ, ਜੋ ਹੋਰ 5-10 ਚੀਜ਼ਾਂ ਪੰਜਾਬ ਨਾਲ ਸਬੰਧਤ ਹਨ, ਲਿਖ ਕੇ ਲੈ ਆ ਅਤੇ ਮੈਨੂੰ ਲਿਖ ਕੇ ਭੇਜ ਦੇ। ਮੈਂ ਕਿਹਾ ਕਿ ਤੁਸੀਂ ਆਪਣੇ ਮਨਿਸਟਰਜ਼ ਨੂੰ ਬੁਲਾ ਲੈਣਾ ਅਤੇ ਮੈਂ ਵੀ ਆ ਜਾਵਾਂਗਾ। 15 ਦਿਨਾਂ ਪਿੱਛੋਂ ਸਾਡੀ ਮੀਟਿੰਗ ਹੋਈ, ਗੁਜਰਾਲ ਸਾਹਿਬ ਫਾਈਨਾਂਸ ਮਨਿਸਟਰ ਸਾਹਿਬ ਸਨ ਅਤੇ ਹੋਮ ਮਨਿਸਟਰ ਵੀ ਸਨ। ਗੁਜਰਾਲ ਸਾਹਿਬ ਨੇ ਮੀਟਿੰਗ ਕੀਤੀ। ਦਸਾਂ ਮਿੰਟਾਂ ਵਿੱਚ ਫਾਈਲ ਤੇ

ਦਸਤਖਤ ਕਰਕੇ ਸਾਰਾ ਇਹ ਜੋ ਲੋਨ ਸੀ, ਜਿਹੜਾ ਕਾਂਗਰਸ ਸਰਕਾਰ ਵੇਲੇ ਸਾਡੇ ਤੇ ਮੜ੍ਹਿਆ ਗਿਆ ਸੀ, ਉਹ ਮੁਆਫ ਕਰ ਦਿੱਤਾ। ਇਸ ਲਈ ਇਹ ਵੀ ਹੋਇਆ। ਅਸੀਂ ਕਰਜ਼ਈ ਹੋ ਕਿਉਂ ਗਏ? ਇੱਕ ਤਾਂ ਇਸ ਕਰਕੇ ਹੋ ਗਏ ਕਿ ਸਾਡੀ ਇਕਨਾਮਿਕ ਗਰੋਥ ਵੀ ਘੱਟ ਗਈ। ਇੰਡਸਟਰੀ ਵਾਲੇ ਭੱਜ ਗਏ। ਨੇਬਰਿੰਗ ਸਟੇਟਸ ਨੂੰ ਦੇ ਦਿੱਤਾ। ਇਸੇ ਤਰ੍ਹਾਂ, ਸਾਨੂੰ ਦੇਖੋ ਲੋਕਾਂ ਤੇ ਪੈਸਾ ਖਰਚ ਕਰਨਾ ਪੈਂਦਾ ਹੈ, ਕਰੀਏ ਕੀ? ਸੈਂਟਰ ਵਾਲੇ ਦਿੰਦੇ ਨਹੀਂ। ਅਸੀਂ ਕਿਵੇਂ ਕਰੀਏ। ਕਿਸਾਨ 35,000 ਕਰੋੜ ਦਾ ਕਰਜ਼ਈ ਹੋ ਗਿਆ। ਐਮ.ਐਸ. ਪੀ. ਸਾਨੂੰ ਠੀਕ ਨਹੀਂ ਦਿੰਦੇ। ਖਰਚਾ ਜਿਹੜਾ ਹੈ ਉਹ ਰਾਤ ਨੂੰ ਜੋ ਜਾ ਕੇ ਕਹਿ ਦੇਣ, ਉਹ ਹੀ ਬਣਦਾ ਹੈ। ਜਾਖੜ ਸਾਹਿਬ, ਤੁਸੀਂ ਦੱਸੋ, ਕੀ ਅਸੀਂ ਪੰਜਾਬ ਦੇ ਕਿਸਾਨ ਨੂੰ ਸਬਸਿਡੀ ਨਾ ਦੇਈਏ? ਤੁਹਾਡੀ ਮਰਜ਼ੀ ਹੈ, ਜੇ ਨਹੀਂ ਬੋਲਣਾ ਚਾਹੁੰਦੇ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਕਿਸਾਨ ਅੱਜ ਕਰਜ਼ਾਈ ਹੈ, ਜਿਹੜੀ ਕਿਸਾਨ ਦੀ ਮੰਦੀ ਹਾਲਤ ਤੁਸੀਂ ਆਖੀ ਹੈ, ਜਿਹੜੀ ਕਿਸਾਨ ਦੀ ਮੰਦੀ ਹਾਲਤ ਉਨ੍ਹਾਂ ਨੇ ਆਖੀ ਹੈ, ਐਮ.ਐਸ.ਪੀ. ਤਾਂ ਉਨ੍ਹਾਂ ਨੇ ਦੇਣੀ ਹੈ, ਡੀਜ਼ਲ ਦੇ ਰੇਟ ਉਨ੍ਹਾਂ ਨੇ ਮੁਕੱਰਰ ਕਰਨੇ ਹਨ, ਮਸ਼ੀਨਰੀ ਦੇ ਰੇਟ ਵੀ ਉਨ੍ਹਾਂ ਨੇ ਮੁਕੱਰਰ ਕਰਨੇ ਹਨ, ਖਾਦਾਂ ਦੇ ਰੇਟ ਵੀ ਉਨ੍ਹਾਂ ਨੇ ਮੁਕੱਰਰ ਕਰਨੇ ਹਨ, ਫਿਰ ਕਿੱਥੋਂ ਰਾਹਤ ਮਿਲੇਗੀ? ਜੇ ਸੈਂਟਰ ਵਾਲੇ ਭੱਜ ਗਏ, ਪਰ ਅਸੀਂ ਨਹੀਂ ਭੱਜਦੇ। 13,000 ਕਰੋੜ ਰੁਪਿਆ ਹਰ ਸਾਲ ਦਿੰਦੇ ਹਾਂ। ਕਿੰਨੀ ਵੱਡੀ ਰਕਮ ਹੈ। ਜੇ ਐਮ.ਐਸ.ਪੀ. ਠੀਕ ਹੋਵੇ ਤੇ ਇਹ 13,000 ਕਰੋੜ ਰੁਪਿਆ ਅਸੀਂ ਬਚਾਅ ਸਕਦੇ ਹਾਂ ਪਰ ਸਾਨੂੰ ਇਹ ਦੇਣਾ ਪੈਂਦਾ ਹੈ। ਕਿਉਂ? ਕੀ ਅਸੀਂ ਮਾੜੇ ਕੰਮ ਵਾਸਤੇ ਕਰਜ਼ਾਈ ਹੋਏ ਹਾਂ? ਅਸੀਂ, ਜਦੋਂ ਵੀ ਸਾਡੀ ਸਰਕਾਰ ਆਈ ਹੈ, ਉਦੋਂ ਦਿੱਤਾ ਹੈ ਤੇ ਅਗਾਂਹ ਨੂੰ ਵੀ ਦਿੰਦੇ ਰਹਿਣਾ ਹੈ। (ਥੰਪਿੰਗ) ਇਹ ਨਹੀਂ ਕਿ ਤੁਹਾਡੇ ਵਾਂਗ ਇੱਧਰ-ਉੱਧਰ ਕਰਨਾ ਹੈ ਕਿ ਅਗਾਂਹ ਤੋਂ ਬੰਦ ਕਰੀਏ। ਕੁਝ ਥਾਵਾਂ ਤੇ ਸਾਨੂੰ ਖਰਚ ਕਰਨਾ ਪੈਂਦਾ ਹੈ। ਕਿਸਾਨੀ ਤੇ ਖਰਚ ਕਰਨਾ ਪੈਂਦਾ ਹੈ, ਗਰੀਬ ਤੇ ਖਰਚ ਕਰਨਾ ਪੈਂਦਾ ਹੈ। ਆਟਾ-ਦਾਲ ਸਕੀਮ, ਉਸ ਨੂੰ ਕਣਕ-ਦਾਲ ਆਖ ਲਓ, ਕੀ ਉਹ ਸਕੀਮ ਅਸੀਂ ਨਾ ਚਾਲੂ ਕਰੀਏ? ਤੁਸੀਂ ਐਵੇਂ ਕਹਿੰਦੇ ਰਹਿੰਦੇ ਹੋ ਕਿ ਸੈਂਟਰ ਤੋਂ ਕਣਕ ਆਉਂਦੀ ਹੈ, ਫਲਾਣੀ ਜਗ੍ਹਾ ਤੋਂ ਆਉਂਦੀ ਹੈ। ਕਿਤੋਂ ਆਉਂਦੀ ਹੈ, ਤੁਹਾਨੂੰ ਇਸ ਗੱਲ ਨਾਲ ਕੀ? ਕੀ ਅਸੀਂ ਉਨ੍ਹਾਂ ਨੂੰ ਦਿੰਦੇ ਨਹੀਂ? ਉਹ ਸਾਡੀ ਸਿਆਣਪ ਹੈ, ਜੇ ਸੈਂਟਰ ਦਿੰਦਾ ਹੈ ਤਾਂ ਇਹ ਆਪਾਂ ਕੋਈ ਬਿਗਾਨੇ ਤਾਂ ਨਹੀਂ, ਉਹ ਦਿੰਦੇ ਹਨ। ਲੇਕਿਨ ਕੀ ਅਸੀਂ, ਗਰੀਬਾਂ ਨੂੰ ਆਟਾ ਚਾਰ ਰੁਪਏ ਕਿਲੋ ਤੇ ਦਾਲ ਵੀਹ ਰੁਪਏ ਕਿਲੋ ਨਹੀਂ ਦਿੰਦੇ? ਤੁਸੀਂ ਇੱਥੇ ਵੇਖਿਆ ਹੋਣਾ ਹੈ, ਬੀਬੀ ਜੀ ਇੱਥੇ ਥਾਲੀਆਂ ਖੜਕਾਉਂਦੇ ਹੁੰਦੇ ਸਨ। ਬੀਬੀ ਜੀ, ਜ਼ਰਾ ਉਠਿਓ ਨਾ। ਜੇ ਮੇਰਾ ਧੰਨਵਾਦ ਕਰਨਾ ਹੈ ਤਾਂ ਉਠਿਓ, ਨੁਕਤਾਚੀਨੀ ਵਾਸਤੇ ਨਾ ਉਠਿਓ। ਉਹ ਗਰੀਬ ਲੋਕ ਅੱਜ ਉਨ੍ਹਾਂ ਥਾਲੀਆਂ ਵਿਚ ਸੋਹਣੀ ਦਾਲ, ਉਨ੍ਹਾਂ ਥਾਲੀਆਂ ਵਿਚ ਸੋਹਣੀ ਰੋਟੀ ਜਦੋਂ ਪਕਾ ਕੇ ਖਾਂਦੇ ਹਨ ਤੇ ਵੋਟਾਂ ਪਾਉਣ ਵੇਲੇ ਕਹਿੰਦੇ ਹਨ :

"ਜਿਸ ਦੀ ਖਾਈਏ ਬਾਜਰੀ, ਉਸ ਦੀ ਭਰੀਏ ਹਾਜ਼ਰੀ।"

ਜਿੱਤ ਇਨ੍ਹਾਂ ਨੇ ਕਰਵਾਈ ਹੈ। ਜੇ ਤੁਸੀਂ ਕਰ ਲੈਂਦੇ ਤਾਂ ਤੁਹਾਡੀ ਵੀ ਜਿੱਤ ਹੋ ਜਾਂਦੀ।

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਮਾਨਯੋਗ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਅਸੀਂ ਸਮਝਦੇ ਸੀ ਕਿ ਬਾਦਲ ਸਾਹਿਬ ਸਾਡੇ ਸੀਨੀਅਰ ਹਨ। ਮੈਂ ਦੋ ਗੱਲਾਂ ਕਹਿਣਾ ਚਾਹੁੰਦੀ ਹਾਂ। ਇੱਕ ਤਾਂ ਜਿਹੜਾ ਅਸੀਂ ਆਟਾ-ਦਾਲ ਵਾਸਤੇ ਥਾਲੀਆਂ ਖੜਕਾਈਆਂ, ਜੇ ਅਸੀਂ ਨਾ ਖੜਕਾਉਂਦੇ ਤਾਂ ਤੁਸੀਂ ਦੋ ਸੀਜ਼ਨ ਦੇਣੀ ਨਹੀਂ ਸੀ। ਉਹ ਸਾਡੀਆਂ ਥਾਲੀਆਂ ਨੇ ਦੇਣ ਵਾਸਤੇ ਲਗਾਏ। ਨੰਬਰ ਦੋ, ਪਿਹਾਈ ਦਾ ਕਿਹਾ। ਪਹਿਲਾਂ ਕਿਹਾ ਸੀ ਕਿ ਆਟਾ-ਦਾਲ ਸਾਬਤ ਦਿਆਂਗੇ ਤੇ ਫਿਰ ਪਿਹਾਈ ਕਰਵਾ ਕੇ ਦੇਣ ਲੱਗ ਪਏ। ਅਸੀਂ ਕੱਲ੍ਹ ਦੱਸਾਂਗੇ, ਜਦੋਂ ਤੁਹਾਡੇ ਅੰਕੜੇ ਆਉਣਗੇ। ਬਜਟ ਤੇ ਦੱਸਾਂਗੇ ਕਿ ਗਰੀਬਾਂ ਦਾ ਕਿੰਨਾ ਕਮਿਸ਼ਨ ਇਨ੍ਹਾਂ ਕੋਲ ਬਚਦਾ ਹੈ? ਦੂਜੀ ਚੀਜ਼, ਜਿਹੜੀ ਪਹਿਲਾਂ ਬੋਲ ਕੇ ਗਏ ਹਨ। ਮੈਂ ਨਹੀਂ ਸੀ ਉਠਣਾ ਪਰ ਕਿਉਂਕਿ ਹੁਣ ਮੇਰਾ ਨਾਂ ਬੋਲ ਦਿੱਤਾ ਹੈ। ਦੂਜੀ ਚੀਜ਼ ਜਿਹੜੀ ਇਹ ਕਹਿ ਰਹੇ ਸੀ ਕਿ ਕਾਲਾ ਕਾਨੂੰਨ ਸੈਂਟਰ ਬਣਾ ਰਿਹਾ ਹਾਂ, ਕੀ ਇਹ ਦੱਸਣਗੇ, ਬਾਦਲ ਸਾਹਿਬ, ਕਿ ਪਿਛਲੇ ਸ਼ੈਸ਼ਨ ਵਿੱਚ, ਇਸੇ ਥਾਂ ਤੇ, ਕੋਈ ਬਿਨਾਂ ਪਰਮਿਸ਼ਨ ਰੈਲੀ ਨਹੀਂ ਹੋ ਸਕਦੀ, ਬੋਲਿਆ ਨਹੀਂ ਜਾ ਸਕਦਾ, ਜੇ ਕੋਈ ਬੋਲੇਗਾ, ਉਸ ਨੂੰ ਸਜ਼ਾ ਹੋ ਜਾਵੇਗੀ, ਉਸ ਦੀ ਜ਼ਮਾਨਤ ਨਹੀਂ ਹੋ ਸਕਦੀ, ਇਹ ਕਾਲਾ ਕਾਨੂੰਨ ਸ੍ਰੀਮਾਨ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਨੇ ਕੀ ਇਸੇ ਹਾਊਸ ਵਿੱਚ ਨਹੀਂ ਸੀ ਲਿਆਂਦਾ? ਉਸ ਵਕਤ ਦੱਸਣ ਕਿ ਇਨ੍ਹਾਂ ਦੇ ਮਨ ਵਿੱਚ ਪਤਾ ਕੀ ਆ ਗਿਆ ਸੀ? ਬੱਸ ਦੋ ਗੱਲਾਂ ਹੀ ਮੈਂ ਇਨ੍ਹਾਂ ਦੇ ਸਤਿਕਾਰ ਵਿਚ ਕਹਿਣਾ ਚਾਹੁੰਦੀ ਹਾਂ।

ਮੁੱਖ ਮੰਤਰੀ : ਸਪੀਕਰ ਸਾਹਿਬ, ਬੀਬੀ ਜਾ ਦਾ ਧੰਨਵਾਦ ਕਿ ਇਨ੍ਹਾਂ ਨੇ ਸਾਹ ਦਿਵਾ ਦਿੱਤਾ। ਜੇ ਪੰਜ ਮਿੰਟ ਬੋਲਦੇ ਤਾਂ ਜਮ੍ਹਾਂ ਈ ਕੰਮ ਸੂਤ ਹੋ ਜਾਣਾ ਸੀ। ਬੀਬੀ ਜੀ ਕਹਿੰਦੇ ਕਿ ਅਸੀਂ ਆਟਾ-ਦਾਲ ਦਿਵਾਉਣ ਲਗਾਇਆ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਤੁਸੀਂ ਸਾਨੂੰ ਸਰਕਾਰ ਦਿੱਤੀ ਤੇ ਤੁਸੀਂ ਸਾਨੂੰ ਆਟਾ-ਦਾਲ ਦਿਵਾਉਣ ਤੇ ਲਗਾਇਆ ਹੈ। ਜੇ ਤੁਹਾਡੇ ਇੱਥੇ ਸਿਆਣਾ ਬੰਦਾ ਹੁੰਦਾ ਤਾਂ ਸਾਨੂੰ ਕੌਣ ਸਰਕਾਰ ਦਿੰਦਾ। ਇਸ ਕਰਕੇ ਅਸੀਂ ਤੁਹਾਡਾ ਧੰਨਵਾਦ ਹੀ ਧੰਨਵਾਦ ਕਰੀ ਜਾਂਦੇ ਹਨ। ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਆਪਾਂ ਨੂੰ ਰਾਜ ਦਿੱਤਾ ਹੈ, ਇੱਕ-ਇੱਕ ਮਾਲਾ ਇਨ੍ਹਾਂ ਦੇ ਨਾਮ ਦੀ ਭਰ ਦਿਆ ਕਰੋ। ਆਪਣੇ ਚੀਮਾ ਸਾਹਿਬ ਨੇ ਫਿੱਗਰ ਦੱਸੇ ਹਨ, ਮੈਂ ਉਹ ਦੁਹਰਾਉਣਾ ਨਹੀਂ ਚਾਹੁੰਦਾ। ਸਾਰੀਆਂ ਸਟੇਟਾਂ ਹੀ ਕਰਜ਼ਾਈ ਹਨ। ਕਿਧਰੇ ਵੇਖ ਲਓ, ਚੌਧਰੀ ਸਾਹਿਬ, ਸਾਰੀਆਂ ਸਟੇਟਾਂ ਨੂੰ ਪੁੱਛ ਲਓ, ਸਾਡੇ ਤੋਂ ਦੁੱਗਣਾ-ਤਿੱਗਣਾ ਕਰਜ਼ਾ ਹੈ। ਇਹ ਬਿਮਾਰੀ ਜਿਹੜੀ ਹੈ, ਫੈਡਰਲ ਸਿਸਟਮ ਕਰਕੇ ਹੈ। ਕਿਸੇ ਦੂਜੇ ਨੂੰ ਪੈਸਾ ਦੇਣ ਨੂੰ ਜੀਅ ਨਹੀਂ ਕਰਦਾ। ਆਪਣੇ ਕੋਲ ਵੀ ਹੋਵੇ ਤਾਂ ਆਪਾਂ ਵੀ ਪੰਚਾਇਤਾਂ ਨੂੰ ਘੱਟ ਦਿੰਦੇ ਹਾਂ। ਉਤਲੇ ਦਿੰਦੇ ਹੀ ਨਹੀਂ ਸਾਨੂੰ। ਕਿਸੇ ਸਟੇਟ ਨੂੰ ਨਹੀਂ ਦਿੰਦੇ, ਇਕੱਲੇ ਪੰਜਾਬ ਦੀ ਗੱਲ ਨਹੀਂ। ਇੱਕ ਇਹ ਵੀ ਵੇਖਣਾ ਚਾਹੀਦਾ ਹੈ ਕਿ ਸਟੇਟਾਂ ਜਿਹੜੀਆਂ ਕਰਜ਼ਾ ਲੈਂਦੀਆਂ ਹਨ, ਤੁਸੀਂ ਕਹਿੰਦੇ ਹੋ ਕਿ ਬਹੁਤ ਕਰਜ਼ਾ ਲੈਂਦੇ ਹੋ, ਕਰਜ਼ਾ ਅਸੀਂ ਸੈਂਟਰ ਦੀ ਲਿਮਟ ਤੋਂ ਵੱਧ ਇੱਕ ਪੈਸਾ ਵੀ ਨਹੀਂ ਲੈ ਸਕਦੇ। ਤੁਰੇ ਜਾਂਦਿਆਂ ਨੂੰ ਕੌਣ ਕਰਜ਼ਾ ਦਿੰਦਾ ਹੈ। ਸਾਡੀ ਵੀ ਲਿਮਟ ਹੈ ਕਿ ਇੰਨਾ ਕਰਜ਼ਾ ਲੈ ਸਕਦੇ ਹੋ, ਜਿਹੜੀ ਸਾਡੀ ਲਿਮਟ ਹੈ, ਉਹ Gross State Domestic Product ਨੂੰ ਵੇਖ ਕੇ ਸੈਂਟਰ ਸਰਕਾਰ ਬੰਨਦੀ ਹੈ। ਜਿਵੇਂ ਕਿਸੇ ਦੀ ਕਰੋੜ

ਆਮਦਨ ਹੈ, ਜੇਕਰ ਇੱਕ ਲੱਖ ਕਰਜ਼ਾ ਲੈ ਲਵੇਗਾ, ਉਹ ਮਾੜਾ ਨਹੀਂ। ਜੇ ਕਿਸੇ ਦੀ ਇੱਕ ਲੱਖ ਆਮਦਨ ਹੈ ਅਤੇ ਦੋ ਲੱਖ ਕਰਜ਼ਾ ਲੈ ਲਵੇਗਾ ਤਾਂ ਉਹ ਮਾੜਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਫਾਈਨਾਂਸ਼ੀਅਲ ਪੁਜੀਸ਼ਨ ਜਿਹੜੀ ਸਾਡੀ ਅਜੇ ਠੀਕ ਨਹੀਂ। ਕੋਈ ਗੱਲ ਨਹੀਂ, ਕਦੇ ਹੁੰਦੀ ਹੈ। ਪਰਿਵਾਰ ਵਿੱਚ ਸਿਆਣੇ ਬੰਦੇ ਹੁੰਦੇ ਹਨ ਜੇ ਥੋੜ੍ਹੀ ਬਹੁਤੀ ਕੰਗਾਲੀ ਆ ਜਾਵੇ ਤਾਂ ਸਾਰਾ ਪਰਿਵਾਰ ਰਲ ਕੇ ਉਸਨੂੰ ਮੀਟ ਕਰਦਾ ਹੈ। ਤੁਸੀਂ ਸਾਡਾ ਸਾਥ ਦਿਓ, ਜੇ ਤੁਸੀਂ ਸਾਥ ਦਿਓਗੇ ਤਾਂ ਫਿਰ ਆਪਾਂ ਨੂੰ ਪਰਾਬਲਮਾਂ ਆਉਣੀਆਂ ਹੀ ਨਹੀਂ। ਤੁਸੀਂ ਆਖਿਆ ਹੈ ਕਿ 10,000 ਕਰੋੜ ਤੁਸੀਂ ਕਿਥੋਂ ਦਿਓਗੇ, ਦੇਵਾਂਗੇ, ਸਾਧਨ ਜੁਟਾਵਾਂਗੇ, ਤਰੀਕੇ ਕੱਢਾਂਗੇ। ਮੈਂ ਆਪਣੇ ਤਜਰਬੇ ਤੋਂ ਕਹਿੰਦਾ ਹਾਂ ਕਿ ਕੋਈ ਮੁਸ਼ਕਲ ਕੰਮ ਨਹੀਂ। ਤੁਸੀਂ ਆਪਣੀ ਚੰਗੀ ਸੂਝ-ਬੂਝ ਨਾਲ ਮਸਲਾ ਹੱਲ ਕਰਨਾ ਚਾਹੋ ਤਾਂ ਕਰ ਸਕਦੇ ਹੋ। ਇੱਕ ਇਹ ਲਾਅ ਐਂਡ ਆਰਡਰ ਦੀ ਵੀ ਗੱਲ ਕਰਦੇ ਹਨ।

ਮਾਨਯੋਗ ਸਪੀਕਰ : ਬਾਦਲ ਸਾਹਿਬ, ਇੱਕ ਮਿੰਟ ਜ਼ਰਾ।

ਮੁੱਖ ਮੰਤਰੀ : ਅਰਜ਼ ਹੈ ਜੀ। ਮੈਨੂੰ ਅੱਜ ਮਿਹਰਬਾਨੀ ਕਰਕੇ ਥੋੜ੍ਹਾ ਜਿਹਾ ਟਾਈਮ ਦੇ ਦਿਓ। ਖਾਣਾ ਹੈ, ਕੋਈ ਨਹੀਂ ਖਾ ਲਵਾਂਗੇ।

EXTENTION OF TIME OF THE SITTING OF THE HOUSE

ਮਾਨਯੋਗ ਸਪੀਕਰ : ਨਹੀਂ, ਮੈਂ ਇੱਕ ਬੇਨਤੀ ਕਰਨੀ ਹੈ। ਖਾਣੇ ਦੀ ਤਾਂ ਸਾਰਿਆਂ ਨੂੰ ਬੇਨਤੀ ਕਰ ਦਿੱਤੀ ਹੈ। ਮੈਂ ਹੋਰ ਬੇਨਤੀ ਕਰਨੀ ਹੈ। ਉਹ ਇਹ ਹੈ ਕਿ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਬੈਠਕ ਦਾ ਸਮਾਂ ਮਾਨਯੋਗ ਮੁੱਖ ਮੰਤਰੀ ਦੁਆਰਾ ਰਾਜਪਾਲ ਜੀ ਦੇ ਭਾਸ਼ਣ ਦੀ ਬਹਿਸ ਤੇ ਜਵਾਬ ਦੀ ਸਮਾਪਤੀ ਤੱਕ ਵਧਾ ਦਿੱਤਾ ਜਾਵੇ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਸਦਨ ਦੀ ਬੈਠਕ ਦਾ ਸਮਾਂ ਮਾਨਯੋਗ ਮੁੱਖ ਮੰਤਰੀ ਦੁਆਰਾ ਰਾਜਪਾਲ ਜੀ ਦੇ ਭਾਸ਼ਣ ਦੀ ਬਹਿਸ ਤੇ ਜਵਾਬ ਦੀ ਸਮਾਪਤੀ ਤੱਕ ਵਧਾਇਆ ਜਾਂਦਾ ਹੈ। ਮੈਂ ਤਾਂ ਤੁਹਾਡੇ ਲਈ ਗੱਲ ਕਰਨੀ ਸੀ।

DISCUSSION ON GOVERNOR'S ADDRESS & VOTE ON THE MOTION OF THANKS (*RESUMPTION*)

ਮੁੱਖ ਮੰਤਰੀ : ਤੁਹਾਡਾ ਧੰਨਵਾਦ ਜੀ। ਤੁਸੀਂ ਵਾਂਗਾਂ ਖੁਲ੍ਹੀਆਂ ਕਰ ਦਿੱਤੀਆਂ। ਸਪੀਕਰ ਸਾਹਿਬ, ਲਾਅ ਐਂਡ ਆਰਡਰ ਜਿਹੜਾ ਹੈ, ਹਰ ਗੌਰਮਿੰਟ ਕੁਮਿਟਿਡ ਹੁੰਦੀ ਹੈ to maintain peace, communal harmony and law and order in the State. ਇਸ ਦਾ

[ਮੁੱਖ ਮੰਤਰੀ]

ਸਰਟੀਫਿਕੇਟ ਪਹਿਲਾਂ ਤਾਂ ਅਸੈਂਬਲੀ ਦੇ ਇਲੈਕਸ਼ਨ ਵਿੱਚ ਤੁਹਾਨੂੰ ਦੇ ਦਿੱਤਾ ਹੈ। ਜੇ ਲੋਕਾਂ ਨੂੰ ਤਸੱਲੀ ਨਾ ਹੁੰਦੀ ਕਿ ਇੱਥੋਂ ਦਾ ਲਾਅ ਐਂਡ ਆਰਡਰ ਚੰਗਾ ਹੈ ਤਾਂ ਕੌਣ ਸਰਕਾਰ ਦਿੰਦਾ ਸੀ ਜੀ? ਲੋਕ ਬੜੇ ਸਿਆਣੇ ਹਨ, ਭਾਸ਼ਣਾਂ ਤੇ ਨਹੀਂ ਜਾਂਦੇ, ਉਨ੍ਹਾਂ ਨੂੰ ਇੱਕ-ਇੱਕ ਚੀਜ਼ ਦਾ ਪਤਾ ਹੈ। ਜਿੱਥੇ ਉਨ੍ਹਾਂ ਨੇ ਇਲੈਕਸ਼ਨਾਂ ਵਿੱਚ ਫਤਵਾ ਦੇ ਦਿੱਤਾ ਹੈ, ਉਥੇ ਜਿਹੜਾ ਇਹ ਇਲੈਕਸ਼ਨ ਦਾ ਕੰਡਕਟ ਹੋਇਆ ਹੈ, ਉਹ ਵੀ ਲਾਅ ਐਂਡ ਆਰਡਰ ਦੀ ਵਜ੍ਹਾ ਨਾਲ ਹੋਇਆ ਹੈ। ਇੱਕ ਆਪਾਂ ਨੂੰ ਸਮਝਣਾ ਚਾਹੀਦਾ ਹੈ। ਸਾਰੀਆਂ ਚੀਜ਼ਾਂ ਦੇਖਣੀਆਂ ਚਾਹੀਦੀਆਂ ਹਨ, ਪੰਜਾਬ ਇੱਕ ਬਾਰਡਰ ਸਟੇਟ ਹੈ। ਸਾਡੇ ਕੋਲ ਪਾਕਿਸਤਾਨ ਹੈ, ਸਾਡੇ ਕੋਲ ਜੰਮੂ ਕਸ਼ਮੀਰ ਹੈ, ਉਥੇ ਅੱਗ ਵਰ੍ਹਦੀ ਹੈ। ਕਿੰਨੀ ਹਾਲਤ ਖਰਾਬ ਹੈ। ਜੇ ਕਿਸੇ ਗਵਾਂਢੀ ਦੇ ਅੱਗ ਲੱਗੀ ਹੋਵੇ ਤਾਂ ਸੇਕ ਲਗਦਾ ਹੀ ਹੈ। ਤੁਹਾਨੂੰ ਸੇਕ ਲੱਗਣ ਦਿੱਤਾ? ਤੁਸੀਂ ਸਾਰੇ ਬੈਠੇ ਹੋ, ਕਿਸੇ ਨੂੰ ਸੇਕ ਲੱਗਿਆ? ਕੋਈ ਵੱਡਾ ਕਰਾਈਮ ਪੰਜ ਸਾਲਾਂ ਵਿੱਚ ਪੰਜਾਬ ਵਿੱਚ ਨਹੀਂ ਹੋਇਆ। ਛੋਟੇ ਕਰਾਈਮ ਹੁੰਦੇ ਰਹੇ ਹਨ। ਕੋਈ ਸਟੇਟ ਨਹੀਂ ਜਿੱਥੇ ਨਾ ਹੋਣ। ਇਹ ਪੁਲਿਸ ਅਤੇ ਸਰਕਾਰ ਦੀ ਚੁਸਤੀ, ਸਿਆਣਪ, ਇੰਟੈਲੀਜੈਂਸ, ਸੈਂਟਰ ਨਾਲ ਤਾਲਮੇਲ-ਇਨ੍ਹਾਂ ਕਰਕੇ ਪੰਜਾਬ ਅੰਦਰ ਪਿਛੇ ਪੰਜ ਸਾਲਾਂ ਵਿੱਚ ਕੋਈ ਵੀ ਹੀਨੀਅਸ ਕਰਾਈਮ ਨਹੀਂ ਹੋਇਆ। ਇਸ ਗੱਲ ਦੇ ਬਾਵਜੂਦ ਕਿ ਜਿਹੜੇ ਸਾਡੇ ਗਵਾਂਢੀ ਮੁਲਕ ਹਨ, ਗਵਾਂਢੀ ਜਾਂ ਉਸ ਤੋਂ ਵੀ ਦੂਰ, ਉਹ ਚਾਹੁੰਦੇ ਹਨ ਕਿ ਅਮਨ-ਸ਼ਾਂਤੀ ਜਿਹੜੀ ਹੈ, ਉਹ ਪੰਜਾਬ ਦੀ ਭੰਗ ਹੋਵੇ। ਮੈਂ ਇਸ ਗੱਲ ਲਈ ਪੰਜਾਬ ਪੁਲਿਸ ਦੀ ਸ਼ਲਾਘਾ ਕਰਦਾ ਹਾਂ ਕਿ ਇਸ ਸਮੇਂ ਦੌਰਾਨ ਉਨ੍ਹਾਂ ਨੇ 174 ਅਜਿਹੇ ਐਲੀਮੈਂਟ ਫੜ੍ਹੇ ਜਿਨ੍ਹਾਂ ਦੀ ਇੰਨਟੈਸ਼ਨ ਚੰਗੀ ਨਹੀਂ ਸੀ, ਇਹ ਰਿਕਾਰਡ ਦੀ ਗੱਲ ਹੈ, ਬਹੁਤ ਤਾਦਾਦ ਦੇ ਵਿਚ ਆਰ.ਡੀ. ਐਕਸ ਫੜ੍ਹਿਆ ਗਿਆ, ਐਕਸਪਲੋਸਿਵਜ਼ ਫੜ੍ਹੇ ਗਏ। ਜੇ ਇਹ ਬੰਦੇ ਜਾਂ ਐਕਸਪਲੋਸਿਵਜ਼ ਨਾ ਫੜ੍ਹਿਆ ਜਾਂਦਾ ਤਾਂ ਕੋਈ ਨਾ ਕੋਈ ਐਕਸ਼ਨ ਹੋ ਜਾਣਾ ਸੀ। ਮੇਰੇ ਕਹਿਣ ਦਾ ਮਤਲਬ ਹੈ ਕਿ ਛੋਟੇ ਕਰਾਈਮ ਹੁੰਦੇ ਰਹਿੰਦੇ ਹਨ ਪਰ ਇੱਥੇ ਪੰਜਾਬ ਦੇ ਵਿਚ ਵੱਡਾ ਕਰਾਈਮ ਨਹੀਂ ਹੋਣ ਦਿੱਤਾ। ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਇੱਕ ਬੜੀ ਵੱਡੀ ਸਾਬਾਸ਼ ਕਹਿ ਲਵੋ, ਬੜੀ ਵੱਡੀ ਪ੍ਰਾਪਤੀ ਕਹਿ ਲਵੋ, ਇਹ ਬਹੁਤ ਵੱਡੀ ਪ੍ਰਾਪਤੀ ਹੈ।

ਕਮਿਊਨਲ ਹਾਰਮੋਨੀ ਅੱਜ ਕਿੰਨੀ ਹੈ। ਦੇਖੋ ਕਿਸੇ ਨੂੰ, ਕਿਸੇ ਸ਼ਹਿਰ ਦੀ ਸੋਚ ਨੂੰ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚ ਕੋਈ ਥੋੜ੍ਹਾ ਜਿਹਾ ਕਮਿਊਨਲ ਸੋਚ ਵੀ ਹੈ ਲੇਕਿਨ ਐਤਕੀਂ ਕੀ ਹਿੰਦੂ ਭਰਾਵਾਂ ਨੇ, ਮੁਸਲਮਾਨ ਵੀਰਾਂ ਨੇ, ਦਲਿਤ ਵੀਰਾਂ ਨੇ ਸਾਨੂੰ ਸਰਟੀਫਿਕੇਟ ਨਹੀਂ ਦਿੱਤਾ। ਆਹ, ਇੱਥੇ ਕੋਈ ਜਗ੍ਹਾ ਲੈ ਲਵੋ। ਮੈਂ ਜਲੰਧਰ ਵਾਲਿਆਂ ਨੂੰ ਵਧਾਈ ਦਿੰਦਾ ਹਾਂ। ਭਗਤ ਜੀ ਤੁਸੀਂ ਤਾਂ ਰਿਕਾਰਡ ਹੀ ਕਾਇਮ ਕਰ ਦਿੱਤਾ। ਜਿਹੜੇ ਸਭ ਤੋਂ ਸਿਆਣੇ ਬੰਦੇ ਹਨ, ਸਿਆਣੇ ਸਾਰੇ ਹੀ ਹਨ, ਮੈਂ ਇਹ ਨਹੀਂ ਆਖਦਾ, ਦੂਜੇ ਆਖਣਗੇ ਕਿ ਸਾਨੂੰ ਕਹਿੰਦੇ ਹਨ। ਜਲੰਧਰ ਵਾਲਿਆਂ ਨੇ 9 ਦੀਆਂ 9 ਸੀਟਾਂ ਸਾਨੂੰ ਜਿਤਾਈਆਂ ਹਨ। (ਥੰਪਿੰਗ) ਉਸ ਦੇ ਵਿਚ ਸ਼ਹਿਰ ਵੀ ਪੈਂਦੇ ਹਨ। ਮੇਰਾ ਖਿਆਲ ਹੈ ਕਿ ਉਥੇ 48 ਪ੍ਰਤੀਸ਼ਤ ਦਲਿਤਾਂ ਦੀ ਆਬਾਦੀ ਹੈ। ਜੇ ਉਹ ਜ਼ਿਲ੍ਹਾ ਜਿਸ ਦੇ ਵਿਚ 48 ਪ੍ਰਤੀਸ਼ਤ ਦਲਿਤ ਹੋਣ, ਉਹ

ਜ਼ਿਲ੍ਹਾ ਜਿਹੜਾ ਸਭ ਤੋਂ ਸੁਝਵਾਨ ਹੋਵੇ ਤੇ ਉਸ ਦੇ ਵਿਚ ਇੰਨੀ ਵੱਡੀ ਪ੍ਰਾਪਤ, ਸਾਨੂੰ ਹੋਵੇ ਤਾਂ ਫਿਰ ਇਹ ਕਿਹਾ ਨਹੀਂ ਜਾ ਸਕਦਾ ਕਿ ਸਾਡੀ ਜਿਹੜੀ ਸੈਕੂਲਰ ਇਮੇਜ਼ ਹੈ ਜਾਂ ਸੈਕੂਲਰ ਸਾਡੀ ਸੋਚ ਹੈ ਉਸ ਦੇ ਉੱਤੇ ਪੰਜਾਬ ਦੇ ਲੋਕਾਂ ਨੇ ਮੋਹਰ ਲਗਾ ਦਿੱਤੀ ਹੈ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਮਾਨਯੋਗ ਸਪੀਕਰ : ਕਿਸ ਗੱਲ ਦਾ ਜੀ, ਕਿਸ ਪੁਆਇੰਟ ਤੇ?

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਤੁਸੀਂ ਮੈਨੂੰ ਅਲਾਊ ਕਰ ਦਿੱਤਾ ਹੈ?

ਮਾਨਯੋਗ ਸਪੀਕਰ : ਨਹੀਂ ਅਲਾਉ ਤਾਂ ਕਰਾਂਗਾ ਜਦੋਂ ਤੁਸੀਂ ਮੈਨੂੰ ਦੱਸੋਗੇ।

ਸ਼੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ ****

ਮਾਨਯੋਗ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਤੁਹਾਡੇ ਪਾਸੇ ਤੋਂ ਹਰ ਬੋਲਣ ਵਾਲੇ ਨੇ ਫੁਰਮਾਇਆ ਹੈ। ਇਹ ਤੁਹਾਡਾ ਸਾਰਿਆਂ ਦਾ, ਬੋਲਣ ਵਾਲਿਆਂ ਦਾ ਪੁਆਇੰਟ ਆ ਚੁੱਕਿਆ ਹੈ Please sit down ਅਤੇ ਜੇ ਕੋਈ ਨਵੀਂ ਗੱਲ ਹੁੰਦੀ ਤਾਂ ਮੈਂ ਤੁਹਾਨੂੰ ਅਲਾਓ ਕਰਦਾ। ਇਹ ਪੁਆਇੰਟ ਤੁਹਾਡਾ ਹਰ ਬੋਲਣ ਵਾਲੇ ਨੇ ਲਿਆਂਦਾ ਹੈ। ਮੈਂ ਕਿਹਾ ਜੀ ਮੁੱਖ ਮੰਤਰੀ ਸਾਹਿਬ ਨੇ ਤੁਹਾਡਾ ਪੁਆਇੰਟ ਨੋਟ ਕਰ ਲਿਆ ਹੈ। Please sit down, sit down. No Point of Order. ਜੇ ਆਲਰੇਡੀ ਪੁਆਇੰਟ ਨਾ ਆਉਂਦਾ ਤਾਂ ਜ਼ਰੂਰ ਅਲਾਉ ਕਰਦਾ। ਤੁਸੀਂ ਬੈਠੋ ਹਾਂ ਜੀ, ਮੁੱਖ ਮੰਤਰੀ ਸਾਹਿਬ।

ਮੁੱਖ ਮੰਤਰੀ : ਇਹ ਕਮਿਉਨਲ ਹਾਰਮੋਨੀ ਨੂੰ ਕਾਇਮ ਰੱਖਣ ਲਈ ਕੀਤਾ ਜਾ ਰਿਹਾ ਹੈ। ਕੱਲ੍ਹ ਇਹ ਸੀ ਕਿ ਉਥੇ ਮਾਰਚ ਹੋ ਰਿਹਾ ਹੈ, ਕੀ ਅਸੀਂ ਛੱਡ ਦੇਈਏ ਪ੍ਰੀਕਾਸ਼ਨਰੀ ਮਈਅਰਜ਼, ਨਾ ਲਈਏ? ਐਵੇਂ ਹਰ ਚੀਜ਼ ਨੂੰ ਐਗਜੈਜਟ੍ਰੇਟ ਕਰਨਾ ਠੀਕ ਨਹੀਂ ਹੈ। ਅੱਗੇ ਨੈਕਸੇਲਿਜ਼ਮ ਜਿਹੜਾ ਹੈ ਇਹ ਕਿਸ ਨੇ ਲਿਆਂਦਾ? ਕੀ ਇਹ ਗਲਤ ਪਾਲਿਸੀਆਂ ਦੇ ਕਰਕੇ ਨਹੀਂ ਆਇਆ, ਸੈਂਟਰ ਦੀਆਂ ਗਲਤ ਪਾਲਿਸੀਆਂ ਕਰਕੇ ਨਹੀਂ ਆਇਆ? ਨੈਕਸੇਲਿਜ਼ਮ ਜਾਂ ਵਾਇਲੈਂਸ ਉਥੇ ਹੁੰਦੀ ਹੈ ਜਿਥੇ ਗਰੀਬੀ ਹੋਵੇ, ਜਿਥੇ ਬੇਇਨਸਾਫੀ ਹੋਵੇ, ਜਿਥੇ ਅਨਪੜ੍ਹਤਾ ਹੋਵੇ, ਜਿਥੇ ਬੇਰੁਜ਼ਗਾਰੀ ਹੋਵੇ। ਇਹ ਮਸਲੇ ਸਨ, ਇਹ ਹੱਲ ਕਰਨ ਦੀ ਜ਼ਿੰਮੇਵਾਰੀ ਸੈਂਟਰ ਸਰਕਾਰ ਦੀ ਸੀ, ਉਨ੍ਹਾਂ ਨੇ ਨਹੀਂ ਨਿਭਾਈ, ਇਸ ਕਰਕੇ ਹਿੰਦੁਸਤਾਨ ਦੇ ਵਿਚ ਨੈਕਸੇਲਿਜ਼ਮ ਆਇਆ। ਤੁਸੀਂ ਕੀ ਆਖਦੇ ਹੋ, ਹਿੰਦੁਸਤਾਨ ਦੀ ਸਰਕਾਰ ਤਾਂ ਆਪਣੇ ਮੁਲਕ ਦੀ ਰੱਖਿਆ ਹੀ ਨਹੀਂ ਕਰ ਸਕਦੀ, ਨਾ ਇੰਟਰਨਲ ਰੱਖਿਆ ਕਰ ਸਕਦੀ ਹੈ ਤੇ ਨਾ ਐਕਸਟਰਨਲ ਰੱਖਿਆ ਕਰ ਸਕਦੀ ਹੈ। ਅੱਜ ਚੀਨ ਤੁਹਾਡੇ ਬਾਰਡਰ ਤੇ ਆ ਕੇ ਸੜਕਾਂ ਵੀ ਬਣਾ ਗਿਆ ਹੈ, ਉਥੇ ਆ ਕੇ ਬੰਕਰ ਵੀ ਪੁੱਟ ਗਿਆ ਹੈ। ਪਾਕਿਸਤਾਨ ਦੇ ਫੌਜੀ ਜਰਨੈਲ ਦੀ ਅੱਜ ਵੀ ਸਟੇਟਮੈਂਟ ਪੜ੍ਹੀ ਹੈ ਕਿ ਪਾਕਿਸਤਾਨ ਟੈਰੇਟਰੀ ਵਿੱਚ ਆਪਣੀ ਫੌਜ ਵੀ ਭੇਜੀ। ਕੀ ਤੁਹਾਡੀ ਅਜਿਹੀ ਏਜੰਸੀ ਹੈ ਲਾਅ ਐਂਡ ਆਰਡਰ ਬਾਰੇ? ਬਾਬਾ, ਤੁਸੀਂ ਆਪਣਾ ਘਰ ਹੀ ਸੰਭਾਲ ਲਓ, ਸਾਨੂੰ

** Expunged as ordered by the Chair.

[ਮੁੱਖ ਮੰਤਰੀ]

ਨਾ ਆ ਕੇ ਕੋਈ ਅਜਿਹਾ ਵਿਗਾੜ ਪਾ ਦਿਓ। ਕਿੱਥੋਂ ਚੱਲੇ ਬੰਦੇ ਅਤੇ ਮੁੰਬਈ ਆ ਕੇ ਕੀ ਕੀਤਾ? ਕਿੱਥੋਂ ਚੱਲੇ ਅਤੇ ਪਾਰਲੀਮੈਂਟ ਵਿੱਚ ਆ ਕੇ ਕੀ ਕੀਤਾ? ਕਿੱਥੋਂ ਚੱਲੇ ਅਤੇ ਦਿੱਲੀ ਦੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿੱਚ ਕੀ ਕੀਤਾ? ਨਾ ਐਕਸਟਰਨਲ ਅਤੇ ਨਾ ਇੰਟਰਨਲ, ਕਿਸੇ ਤਰ੍ਹਾਂ ਵੀ ਇਹ ਮੁਲਕ ਦੀ ਹਿਫਾਜ਼ਤ ਨਹੀਂ ਕਰ ਸਕਦੇ। ਜੇ ਮੁਲਕ ਦੀ ਹਿਫਾਜ਼ਤ ਹੀ ਨਹੀਂ ਕਰ ਸਕਦੇ ਤਾਂ ਫੇਰ ਗੱਦੀ ਛੱਡੋ, ਕਿਉਂ ਇਵੇਂ ਲੈ ਕੇ ਬੈਠੇ ਹੋ? ਇਸ ਕਰਕੇ ਨੈਕਸੇਲਿਜ਼ਮ ਵੀ ਇਨ੍ਹਾਂ ਦੀ ਪੈਦਾਇਸ਼ ਹੈ। ਅਸੀਂ ਪੁਲਿਸ ਨੂੰ ਇਫੈਕਟਿਵ ਪੁਲਿਸ ਬਣਾਉਣ ਵਾਸਤੇ ਬੜੇ ਕਦਮ ਚੁੱਕੇ ਹਨ। ਡਰੱਗਜ਼ ਬਾਰੇ ਸਵੇਰੇ ਨੋਟਿਸ ਵਿੱਚ ਗੱਲ ਲਿਆਂਦੀ ਗਈ ਹੈ, ਅਸੀਂ ਪੁਲਿਸ ਵਿੱਚ ਕਾਫੀ ਗਿਣਤੀ ਵਿੱਚ ਭਰਤੀ ਕੀਤੀ ਹੈ। ਮੈਂ ਡਿਟੇਲ ਵਿੱਚ ਨਹੀਂ ਜਾਵਾਂਗਾ। ਸੁਵਿਧਾ ਕੇਂਦਰ ਵੀ ਬਣਾਏ ਹਨ ਜਿਸ ਵਿਚ ਇਹ ਸਾਰੀਆਂ ਚੀਜ਼ਾਂ ਤੁਹਾਨੂੰ ਮਿਲਣਗੀਆਂ। ਇਸ ਤੋਂ ਇਲਾਵਾ ਡਿਊਟੀ ਦਿੰਦਿਆਂ ਜਿਹੜੇ ਪੁਲਿਸ ਦੇ ਜਵਾਨ ਮਰ ਜਾਂਦੇ ਹਨ ਉਨ੍ਹਾਂ ਨੂੰ ਪਹਿਲਾਂ 7,000 ਰੁਪਿਆ ਹੀ ਮਿਲਦਾ ਸੀ, ਉਸ ਨੂੰ ਅਸੀਂ ਹੁਣ 50,000 ਰੁਪਏ ਕਰ ਦੇਣਾ ਹੈ। (ਥੰਪਿੰਗ) ਇਹ ਕਿੰਨੀ ਵੱਡੀ ਛਾਲ ਹੈ। ਇਸ ਤਰ੍ਹਾਂ ਹੀ ਉਨ੍ਹਾਂ ਵਾਸਤੇ ਹੈਲਥ ਇੰਸ਼ੋਰੈਂਸ ਸਕੀਮ ਬਣਾਈ ਹੈ। ਹੋਮ ਮਨਿਸਟਰ ਸਾਹਿਬ ਬੈਠੇ ਨਹੀਂ ਹਨ, ਇਹ ਸਾਰਾ ਕੁਝ ਉਨ੍ਹਾਂ ਨੇ ਕੀਤਾ ਹੈ। ਸਪੀਕਰ ਸਾਹਿਬ, ਸਟੇਟ ਵਾਸਤੇ ਬਹੁਤ ਚੀਜ਼ਾਂ ਜ਼ਰੂਰੀ ਹਨ। ਤੁਸੀਂ ਮੇਰੀ ਇੱਕ ਗੱਲ ਲੱਭ ਲਓ ਜਿਹੜੀ ਗਲਤ ਹੋਵੇ, ਮੈਂ ਉਸ ਵਾਸਤੇ ਦੇਣਦਾਰ ਹਾਂ, ਤੁਸੀਂ ਉਸ ਦੀ ਮੈਨੂੰ ਜੋ ਮਰਜ਼ੀ ਸਜ਼ਾ ਦੇ ਦਿਓ ਪਰ ਜਿਹੜੀਆਂ ਚੰਗੀਆਂ ਗੱਲਾਂ ਹਨ ਉਨ੍ਹਾਂ ਵਾਸਤੇ ਤਾਂ ਸ਼ਾਬਾਸ਼ ਦੇ ਦਿਆ ਕਰੋ, ਹੱਸ ਕੇ ਹੀ ਦੇ ਦਿਆ ਕਰੋ। ਚੁਪ ਚੁਪੀਤਿਆਂ ਦੇ ਮੈਂ ਮੂੰਹਾਂ ਵੱਲ ਹੀ ਦੇਖੀ ਜਾਂਦਾ ਹਾਂ।

ਅੱਗੇ, ਮੈਂ ਬਿਜਲੀ ਬਾਰੇ ਗੱਲ ਕਰਨ ਲੱਗਿਆਂ ਹਾਂ। ਪੁਰਾਣੀਆਂ ਗੱਲਾਂ ਨਹੀਂ ਕਰਦਾ। ਪੰਜ ਸਾਲ ਤੁਹਾਡੀ ਹਕੂਮਤ ਰਹੀ, ਸਰਦਾਰ ਸਾਹਿਬ ਇੱਥੇ ਨਹੀਂ ਹਨ, ਇੱਕ ਬਲਬ ਜਿੰਨੀ ਬਿਜਲੀ ਉਹ ਪੈਦਾ ਨਹੀਂ ਕਰ ਸਕੇ। ਇਨੀਸ਼ੀਏਟਿਵ ਲੈਣੇ ਪੈਂਦੇ ਹਨ। ਅਸੀਂ ਸਿਰਫ਼ ਪੰਜ ਸਾਲਾਂ ਵਾਸਤੇ ਹੀ ਕਿਉਂ ਸੋਚੀਏ, ਕਿਸੇ ਦੀ ਵੀ ਹਕੂਮਤ ਆਵੇ, ਸਾਨੂੰ 20 ਸਾਲਾਂ ਵਾਸਤੇ ਸੋਚਣਾ ਪੈਂਦਾ ਹੈ। ਅਸੀਂ ਜਦੋਂ ਆਏ ਸੀ ਉਸ ਵਕਤ ਬਿਜਲੀ ਸਿਰਫ਼ 6,219 ਮੈਗਾਵਾਟ ਸੀ। ਪਿਛਲੇ ਪੰਜ ਸਾਲਾਂ ਵਿੱਚ ਅਸੀਂ 823 ਮੈਗਾਵਾਟ ਹੋਰ ਐਡ ਕੀਤੀ ਹੈ। ਜਿਹੜੀ ਪੰਜਾਬ ਨੂੰ ਚਾਹੀਦੀ ਹੈ ਉਹ 10,400 ਮੈਗਾਵਾਟ ਚਾਹੀਦੀ ਹੈ, ਮਲਤਬ 3,363 ਮੈਗਾਵਾਟ ਦੀ ਹਾਲੇ ਕਮੀ ਹੈ। ਸਰਕਾਰ ਉਹੀ ਹੈ ਜਿਹੜੀ ਪਲਾਨ ਬਣਾਵੇ ਕਿ ਜਿਹੜੀ ਬਿਜਲੀ ਹੈ ਇਸ ਨੂੰ ਅਸੀਂ ਸਰਪਲੱਸ ਕਰਨਾ ਹੈ। ਤੁਹਾਡੇ ਸਾਹਮਣੇ ਉਹ ਇਨੀਸ਼ੀਏਟਿਵ ਲੈ ਲਏ ਗਏ ਹਨ ਅਤੇ ਫੀਲਡ ਤੇ ਆ ਗਏ ਹਨ। ਬ੍ਰਹਮਪੁਰਾ ਜੀ ਦੀ ਸੀਟ ਤੇ ਬੈਠਦੇ ਹਨ, ਹੁਣ ਹੈ ਨਹੀਂ, ਉਨ੍ਹਾਂ ਨੂੰ ਪੁੱਛ ਲਓ ਕਿ ਥਰਮਲ ਪਲਾਂਟ ਚਲਦਾ ਹੈ ਕਿ ਨਹੀਂ? ਅਸੀਂ ਤਿੰਨ ਥਰਮਲ ਪਲਾਂਟ ਚਾਲੂ ਕਰ ਦਿੱਤੇ ਹਨ ਜਿਨ੍ਹਾਂ ਨੇ 4,620 ਮੈਗਾਵਾਟ ਬਿਜਲੀ ਦੇਣੀ ਹੈ। (ਥੰਪਿੰਗ) ਛੇਤੀ ਹੀ ਉਨ੍ਹਾਂ ਤੋਂ ਸਾਨੂੰ ਬਿਜਲੀ ਮਿਲਣ ਲੱਗ ਪਵੇਗੀ। ਸ਼ਾਹਪੁਰ ਕੰਢੀ, ਜਿਹੜਾ ਤੁਸੀਂ ਰੋਲ ਦਿੱਤਾ ਸੀ, ਉਹ ਵੀ ਸ਼ੁਰੂ ਹੋ ਗਿਆ ਹੈ। ਬਾਹਰਲੇ ਮੈਗਾ ਪ੍ਰਾਜੈਕਟਸ ਵੀ ਉਸ ਵਿੱਚ ਹਨ, ਹੋਰ ਵੀ ਸਕੀਮਾਂ ਹਨ, ਮੈਂ

ਜ਼ਿਆਦਾ ਡਿਟੇਲ ਵਿੱਚ ਨਹੀਂ ਜਾਵਾਂਗਾ। ਅਸੀਂ ਅਗਲੇ ਪੰਜ ਸਾਲਾਂ ਵਾਸਤੇ ਬਿਜਲੀ ਪੈਦਾ ਕਰਨ ਦੇ ਜਿੰਨੇ ਸਾਧਨ ਜੁਟਾਏ ਹਨ, ਉਹ 12092 ਮੈਗਾਵਾਟ ਦੇ ਹਨ। (ਥੰਪਿੰਗ) ਮੈਂ ਕਹਿ ਸਕਦਾ ਹਾਂ ਕਿ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ, ਕਾਂਗਰਸੀਆਂ ਤੋਂ ਬਿਨਾਂ, ਆਖਣਗੀਆਂ ਕਿ ਕੋਈ ਐਸੀ ਸਰਕਾਰ ਆਈ ਸੀ ਜਿਸ ਨੇ ਪੰਜਾਬ ਵਿੱਚ ਬਿਜਲੀ ਸਰਪਲਸ ਕਰ ਦਿੱਤੀ, ਬਿਜਲੀ ਨਾਲ ਸੇਮ ਲਿਆ ਦਿੱਤੀ। (ਥੰਪਿੰਗ) ਇਸ ਕਰਕੇ ਬਿਜਲੀ ਖੇਤਰ ਵਿੱਚ ਇਹ ਬਹੁਤ ਵੱਡੀ ਪ੍ਰਾਪਤੀ ਕੀਤੀ ਹੈ। ਇੱਥੇ ਕਿਸੇ ਨੇ ਬਠਿੰਡਾ ਥਰਮਲ ਪਲਾਂਟ ਵਾਸਤੇ ਕਿਹਾ ਹੈ, ਉਥੇ ਟ੍ਰਾਂਸਮਿਸ਼ਨ ਦਾ ਇੰਤਜ਼ਾਮ ਹੋ ਗਿਆ ਹੈ। ਮੇਰਾ ਕਹਿਣ ਦਾ ਭਾਵ ਕਿ ਕੁਆਲਿਟੀ ਪਾਵਰ ਨਟਸ਼ੈੱਲ ਵਿੱਚ ਹੈ। ਅਗਲੇ 3-4 ਸਾਲਾਂ ਵਿੱਚ ਪੰਜਾਬ ਵਿੱਚ ਇੰਨੀ ਬਿਜਲੀ ਹੋਵੇਗੀ ਕਿ ਆਪਾਂ ਨੂੰ ਕਿਸੇ ਹੋਰ ਤੇ ਡਿਪੈਂਡ ਹੋਣ ਦੀ ਜ਼ਰੂਰਤ ਨਹੀਂ ਪੈਣੀ। ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਉਦੋਂ ਜ਼ਿਆਦਾ ਜ਼ੋਰ ਸੀ ਕਿ ਗਰੀਬੀ ਹਟਾਉ, ਸੋਸ਼ਲਿਜ਼ਮ ਲਿਆਉ। ਨਾਅਰੇ ਲਗਾਏ ਗਏ। ਲੇਕਿਨ ਕਿਧਰ ਗਿਆ ਉਹ ਨਾਅਰਾ, ਕਿਧਰ ਗਈਆਂ ਉਹ ਗੱਲਾਂ? ਕੀ ਗਰੀਬੀ ਫਿਰ ਹੱਟ ਗਈ, ਸਗੋਂ ਗਰੀਬੀ ਵੱਧ ਗਈ। ਮੈਨੂੰ ਯਾਦ ਹੈ, ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ, ਕਿਸੇ ਪ੍ਰਾਈਮ ਮਨਿਸਟਰ ਨੇ ਕਿਹਾ ਕਿ ਮੈਂ ਕਹਿਤੀ ਹੂੰ 'ਗਰੀਬੀ ਹਟਾਉ', ਆਪੋਜ਼ੀਸ਼ਨ ਵਾਲਿਆਂ ਨੇ ਨਾਅਰਾ ਲਗਾ ਦਿੱਤਾ ਕਿ 'ਇਸ ਨੂੰ ਹਟਾਉ।' ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਫਿਰ ਬੈਂਕ ਨੈਸ਼ਨੇਲਾਈਜ਼ ਕਰ ਦਿੱਤੇ। ਕਿੰਨੇ ਦੁੱਖ ਦੀ ਗੱਲ ਹੈ ਕਿ ਜਿਸ ਇਨਸਾਨ ਨੇ ਸਾਰੇ ਹਿੰਦੁਸਤਾਨ ਦੀ ਪਲਾਨਿੰਗ ਕਰਨੀ ਹੈ, ਉਸ ਦੇ ਦਿਮਾਗ ਵਿੱਚ ਕੀ ਹੈ? ਮੈਂ ਉਨ੍ਹਾਂ ਦੀ ਬੜੀ ਕਦਰ ਕਰਦਾ ਹਾਂ। ਉਹ ਅੱਛੇ ਇਨਸਾਨ ਹਨ। ਲੇਕਿਨ ਕਿਹਾ ਹੈ ਕਿ ਜਿਹੜਾ ਪਿੰਡਾਂ ਵਿੱਚ ਰਹਿੰਦਾ ਹੈ, ਉਸ ਦੀ ਆਮਦਨ ਜੇ 27 ਰੁਪਏ ਰੋਜ਼ ਦੀ ਹੈ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਦੀ 32 ਰੁਪਏ ਰੋਜ਼ ਦੀ ਆਮਦਨ ਹੈ ਤਾਂ ਉਹ ਬਹੁਤ ਅਮੀਰ ਹੈ। ਸਾਰੀ ਪਾਰਲੀਮੈਂਟ ਵਿੱਚ ਰੌਲਾ ਪਿਆ, ਫਿਰ ਉਨ੍ਹਾਂ ਨੂੰ ਮਜਬੂਰ ਹੋ ਕੇ ਪਾਲਿਸੀ ਬਦਲਣੀ ਪਈ। ਸਾਡੇ ਪੰਜਾਬ ਵਿੱਚ ਸਾਰੇ ਹਿੰਦੁਸਤਾਨ ਨਾਲੋਂ ਵੱਧ ਸ਼ਡਿਊਲਡ ਕਾਸਟ ਪਾਪੂਲੇਸ਼ਨ ਹੈ। ਇਸ ਵਰਗ ਵਾਸਤੇ ਜਿਹੜੀਆਂ ਵੈਲਫੇਅਰ ਦੀਆਂ ਸਕੀਮਾਂ ਹਨ, ਪੈਨਸ਼ਨ ਦੀਆਂ ਸਕੀਮਾਂ ਹਨ, ਸਪੀਕਰ ਸਾਹਿਬ, ਮੈਂ ਸਦਨ ਦੀ ਫਲੋਰ ਤੇ ਕਹਿੰਦਾ ਹਾਂ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਪੈਨਸ਼ਨ ਹਰ ਮਹੀਨੇ ਮਿਲਣ ਲੱਗ ਪਈ ਹੈ। (ਥੰਪਿੰਗ) ਹੁਣ ਅਸੀਂ ਪਿਛਲੇ ਕੈਬਨਿਟ ਵਿੱਚ ਫੈਸਲਾ ਕੀਤਾ, ਥੋੜ੍ਹਾ ਜਿਹਾ ਅਖਬਾਰਾਂ ਵਿੱਚ ਗਲਤ ਖਬਰ ਆ ਗਈ ਕਿ ਪੈਨਸ਼ਨ ਬੈਂਕ ਖਾਤਿਆਂ ਵਿੱਚ ਜਾਇਆ ਕਰੇਗੀ, ਹੁਣ ਇਹ ਬੈਂਕ ਖਾਤਿਆਂ ਵਿੱਚ ਹੀ ਨਹੀਂ ਜਾਇਆ ਕਰੇਗੀ ਸਗੋਂ ਬੈਂਕਾਂ ਦੀ ਡਿਊਟੀ ਲਗਾਈ ਹੈ ਕਿ ਜਿਹੜਾ ਲਾਭਪਾਤਰੀ ਹੈ, ਹਰ ਮਹੀਨੇ ਉਸ ਦੇ ਘਰੇ ਜਾ ਕੇ ਪੈਨਸ਼ਨ ਦੇਣੀ ਹੈ। ਅਸੀਂ ਤਿੰਨ ਹਲਕਿਆਂ ਵਿੱਚ ਇਹ ਤਜਰਬਾ ਕੀਤਾ ਹੈ। ਇਹ ਤਜਰਬਾ ਕਾਮਯਾਬ ਰਿਹਾ ਹੈ। ਸ਼ਾਇਦ ਇਧਰ ਰੋਪੜ ਵਗੈਰਾ ਵਿੱਚ ਵੀ ਕੀਤਾ ਹੈ। ਮੈਨੂੰ ਪੂਰਾ ਯਾਦ ਨਹੀਂ ਹੈ। ਹੁਣ ਪੈਨਸ਼ਨ ਇਸ ਤਰ੍ਹਾਂ ਜਾਵੇਗੀ। ਪੈਨਸ਼ਨ ਵਿੱਚ ਵਾਧੇ ਵੀ ਬੜੇ ਕੀਤੇ ਹਨ। ਬੈਨੀਫਿਸਰੀਜ਼ ਵੀ ਬੜੇ ਵਧਾਏ ਹਨ। ਮੈਂ ਇਸ ਗੱਲ ਵੱਲ ਜ਼ਿਆਦਾ ਨਹੀਂ ਜਾਣਾ ਚਾਹੁੰਦਾ। ਸ਼ਗਨ ਸਕੀਮ ਹੈ, ਇਸ ਦਾ ਵੀ ਸਾਨੂੰ ਮਾਣ ਹੈ ਕਿ ਅਸੀਂ ਇਹ ਸਕੀਮ ਚਾਲੂ ਕੀਤੀ ਹੈ। ਮੈਂ ਇਹ

[ਮੁੱਖ ਮੰਤਰੀ]

ਨਹੀਂ ਕਹਿੰਦਾ ਕਿ ਇਸ ਨਾਲ ਸ਼ਡਿਊਲਡ ਕਾਸਟ ਬੱਚੀ ਦੀ ਸ਼ਾਦੀ ਹੋ ਜਾਵੇਗੀ, ਇੱਕ ਸਤਿਕਾਰ ਹੁੰਦਾ ਹੈ। ਸ਼ਗਨ ਉਹ ਲੋਕ ਦਿੰਦੇ ਹਨ ਜਿਨ੍ਹਾਂ ਦੇ ਮਨਾਂ ਵਿੱਚ ਸਤਿਕਾਰ ਹੋਵੇ। ਸਾਨੂੰ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤਾਂ ਮਾਮੇ ਨਾਨਿਆਂ ਦੀ ਸਰਕਾਰ ਹੈ। ਸਾਨੂੰ ਫ਼ਖ਼ਰ ਹੈ ਕਿ ਅਸੀਂ ਦਲਿਤ ਭਾਈਚਾਰੇ ਦੀਆਂ ਬੱਚਿਆਂ ਦੇ ਮਾਮੇ ਨਾਨੇ ਬਣੇ ਹਾਂ। ਇਹ ਹੁਣ ਇਹ ਵੀ ਕਰ ਦਿੱਤਾ ਹੈ ਕਿ ਸ਼ਗਨ ਸਕੀਮ ਵੀ ਹੁਣ ਰੈਗੂਲਰ ਜਾਵੇਗੀ ਅਤੇ ਜਿਹੜਾ ਪਿਛਲਾ ਬੈਕਲਾਗ ਹੈ, ਮੈਂ ਇਸ ਸਬੰਧੀ ਹਦਾਇਤ ਕਰ ਦਿੱਤੀ ਹੈ ਕਿ ਤੁਸੀਂ ਭਾਵੇਂ 10 ਜਾਂ 20 ਕਰੋੜ ਰੁਪਿਆ ਦਿਓ, ਪੰਜ-ਚਾਰ ਮਹੀਨਿਆਂ ਦੇ ਵਿੱਚ ਸਾਰਾ ਪਿਛਲਾ ਬੈਕਲਾਗ ਪੂਰਾ ਕਰ ਦਿਓ। ਇਕੱਲਾ ਇਹ ਨਹੀਂ ਕਿ ਸ਼ਡਿਊਲਡ ਕਾਸਟ ਨੂੰ ਹੀ ਸ਼ਗਨ ਦਿੱਤਾ ਜਾਂਦਾ ਹੈ। ਹੁਣ ਇਹ ਕ੍ਰਿਸ਼ਚੀਅਨ ਅਤੇ ਬੈਕਵਰਡ ਕਲਾਸਿਜ਼ ਨੂੰ ਵੀ ਦੇਣਾ ਸ਼ੁਰੂ ਕਰ ਦਿੱਤਾ ਹੈ। (ਥੰਪਿੰਗ) ਪੈਨਸ਼ਨ ਵੀਕਰ ਸੈਕਸ਼ਨ ਨੂੰ ਅਤੇ ਵਿਡੋਜ਼ ਨੂੰ ਵੀ ਦੇਣੀ ਸ਼ੁਰੂ ਕਰ ਦਿੱਤੀ ਹੈ। (ਥੰਪਿੰਗ) ਅਸੀਂ ਇਸ ਦਾ ਵਿਸਤਾਰ ਬਹੁਤ ਕੀਤਾ ਹੈ। ਤੁਸੀਂ ਤਾਂ ਆਪਣੇ ਸਮੇਂ ਵਿੱਚ 90 ਕਰੋੜ ਰੁਪਿਆ ਦਿੰਦੇ ਸੀ ਅਤੇ ਅਸੀਂ 335 ਕਰੋੜ ਰੁਪਿਆ ਇਸ ਮੁੱਦੇ ਤੇ ਦੇ ਰਹੇ ਹਾਂ। ਸਪੀਕਰ ਸਾਹਿਬ, ਇਸੇ ਤਰ੍ਹਾਂ ਇਹ ਗੱਲ ਤਾਂ ਆਈ ਹੈ ਕਿ ਅਸੀਂ 15 ਲੱਖ ਲੋਕਾਂ ਨੂੰ 1332 ਕਰੋੜ ਰੁਪਏ ਨਾਲ ਆਟਾ-ਦਾਲ ਸਕੀਮ ਦਾ ਲਾਭ ਦੇ ਰਹੇ ਹਾਂ। ਮੇਰਾ ਖਿਆਲ ਹੈ ਕਿ ਕਾਂਗਰਸ ਨੇ ਕਦੇ 20 ਸਾਲਾਂ ਵਿੱਚ 1332 ਕਰੋੜ ਰੁਪਿਆ ਕਿਸੇ ਸਕੀਮ ਤਹਿਤ ਨਹੀਂ ਦਿੱਤੇ ਹੋਣੇ। ਅਸੀਂ ਇਹ ਆਟਾ-ਦਾਲ ਸਕੀਮ ਤਹਿਤ ਦੇ ਰਹੇ ਹਾਂ। ਰਾਸ਼ਨ ਕਾਰਡ, ਫੂਡ ਐਂਡ ਸਪਲਾਈ ਮਨਿਸਟਰ ਸਾਹਿਬ ਇੱਥੇ ਬੈਠੇ ਹੋਣਗੇ, ਸਾਰੇ ਰਾਸ਼ਨ ਕਾਰਡ ਨਵੇਂ ਬਣੇ ਹਨ, ਰਿਪਲੇਸ ਕਰ ਰਹੇ ਹਾਂ। ਚਾਰ ਲੱਖ ਹੋਰ ਕਰ ਰਹੇ ਹਾਂ। ਇਹ ਵੀ ਇੱਕ ਬਹੁਤ ਵੱਡੀ ਸਕੀਮ ਹੈ। ਤੁਹਾਡੇ ਰਾਜ ਵਿੱਚ ਦੱਸੋ ਕਿ ਕਿਸੇ ਗਰੀਬ ਨਾਲ ਹਮਦਰਦੀ ਕਰਕੇ ਕੀ ਕਦੇ ਕੋਈ ਲੈਟਰੀਨ ਬਣਾਉਣ ਦੀ ਸਕੀਮ ਬਣਾਈ ਹੈ? ਕੀ ਕਿਸੇ ਸਰਕਾਰ ਨੇ ਸੋਚਿਆ ਹੈ ਕਿ ਲੈਟਰੀਨਾਂ ਬਣਾਈਆਂ ਜਾਣ?

(ਕੁਝ ਅਵਾਜ਼ਾਂ : ਅਸੀਂ ਸ਼ੁਰੂ ਕੀਤੀਆਂ ਹਨ ਜੀ।)

<u>ਮੁੱਖ ਮੰਤਰੀ</u> : ਚਲੋ, ਇੱਕ ਬਣਾ ਦਿੱਤੀ ਹੋਣੀ ਹੈ ਆਪਣੇ ਵਾਸਤੇ। ਦੇਖੋ, ਮੈਂ ਇਕ ਅਖਬਾਰ ਵਿੱਚ ਖ਼ਬਰ ਪੜ੍ਹੀ। ਸ਼ਾਇਦ ਤੁਸੀਂ ਸਾਰਿਆਂ ਨੇ ਪੜ੍ਹਿਆ ਹੋਵੇਗਾ। ਹਰਿਆਣੇ ਦੀ ਗੱਲ ਹੈ। ਇੱਕ ਲੜਕੀ ਦਾ ਪਿੱਛੇ ਜਿਹੇ ਵਿਆਹ ਹੋਇਆ ਤਾਂ ਉਸ ਨੇ ਸਹੁਰੇ ਘਰ ਜਾਣ ਤੋਂ ਬਾਅਦ ਦੁਬਾਰਾ ਜਾਣ ਤੋਂ ਇਨਕਾਰ ਕਰ ਦਿੱਤਾ ਔਰ ਇਹ ਅਖਬਾਰਾਂ ਵਿੱਚ ਆਇਆ ਹੈ ਔਰ ਪ੍ਰੈਜ਼ੀਡੈਂਟ ਸਾਹਿਬ ਦੇ ਵੀ ਉਹ ਲੜਕੀ ਸੱਦੀ ਗਈ ਸੀ ਔਰ ਉਸ ਨੂੰ ਆਨਰ ਕੀਤਾ ਗਿਆ ਸੀ। ਉਹ ਕਹਿੰਦੀ ਮੈਂ ਦੋਬਾਰਾ ਤਾਂ ਜਾਵਾਂਗੀ ਜੇ ਤੁਹਾਡੇ ਘਰ ਵਿੱਚ ਲੈਟਰੀਨ ਬਣੀ ਹੋਵੇਗੀ ਤੇ ਸਾਰੇ ਪਿੰਡ ਵਾਲਿਆਂ ਨੇ ਮਿਲ ਕੇ, ਗਰੀਬ ਪਿੰਡ ਸੀ, ਉਥੇ ਲੈਟਰੀਨ ਬਣਵਾਈ, ਫਿਰ ਉਹ ਘਰ ਗਈ। ਇਸ ਨਾਲ ਇੱਕ ਮੈਸੇਜ਼ ਜ਼ਰੂਰ ਚਲਾ ਗਿਆ। ਅਸੀਂ ਇਸ ਲਈ 464 ਕਰੋੜ ਰਪਿਆ ਦਿੱਤਾ ਹੈ। ਮੈਂ ਤੁਹਾਨੂੰ ਦੱਸ ਰਿਹਾ ਹਾਂ, ਜਿਹੜੀਆਂ ਨਵੀਆਂ ਸਕੀਮਾਂ ਹਨ।

ਇਹ ਸਾਈਕਲ ਅਸੀਂ ਦਿੱਤੇ। ਅੱਗੇ 11ਵੀਂ ਅਤੇ 12ਵੀਂ ਵਾਲੀਆਂ ਲੜਕੀਆਂ ਨੂੰ ਦਿੰਦੇ ਸੀ ਹੁਣ 9ਵੀਂ, 10ਵੀਂ ਵਾਲੀਆਂ ਨੂੰ ਵੀ ਦਿਆਂਗੇ। ਮੈਂ ਸਾਈਕਲ ਵਾਲੀ ਬੱਚੀਆਂ ਨੂੰ ਮਿਲਦਾ ਰਿਹਾ, ਉਹ ਘੰਟੀਆਂ ਵਜਾਉਂਦੀਆਂ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਬੀਬਾ ਤੁਹਾਨੂੰ ਕੋਈ ਇਸ ਦਾ ਫਾਇਦਾ ਹੋਵੇਗਾ? ਉਹ ਕਹਿੰਦੀਆਂ ਕਿ ਅਸੀਂ ਸਕੂਲ ਵਿੱਚ ਲੇਟ ਹੁੰਦੀਆਂ ਸੀ, ਹੁਣ ਸਮੇਂ ਸਿਰ ਸਕੂਲ ਜਾਣ ਲਗ ਗਈਆਂ ਹਾਂ। ਇਸ ਕਰਕੇ ਜੇ ਦਲਿਤ ਭਾਈਚਾਰੇ ਦਾ, ਗਰੀਬ ਦਾ ਕੋਈ ਮੁੱਦਈ ਹੈ ਤਾਂ ਇਹ ਸਰਕਾਰ ਹੈ। ਸਪੀਕਰ ਸਾਹਿਬ, ਸ਼ਹਿਰਾਂ ਦੀ ਗੱਲ ਹੋਈ ਹੈ। ਦੇਖੋ ਮੈਨੂੰ ਪਤਾ ਹੈ ਚੌਧਰੀ ਸਾਹਿਬ, ਤੁਹਾਡੇ ਸ਼ਹਿਰ ਦੀ ਥੋੜ੍ਹੀ ਜਿਹੀ ਮਾੜੀ ਹਾਲਤ ਹੈ, ਅਬੋਹਰ ਵਾਲੇ ਪਾਸੇ ਇਸ ਤਰ੍ਹਾਂ ਹੈ। ਇਹ ਨਹੀਂ ਕਿ ਆਪੋਜੀਸ਼ਨ ਦਾ ਸ਼ਹਿਰ ਸੀ, ਉਸ ਦੀ ਹਾਲਤ ਚੰਗੀ ਨਹੀਂ, ਪਾਣੀ ਦਾ ਵੀ ਮੈਨੂੰ ਪਤਾ ਹੈ, ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਉਹ ਹੱਲ ਕਰਾਂਗਾ। ਲੇਕਿਨ ਸਵਾਲ ਤਾਂ ਇਹ ਹੈ ਕਿ ਅਸੀਂ ਹੁਣ ਕੀ ਸੋਚਿਆ ਹੈ ਤੇ ਕੀ ਕਰਨਾ ਹੈ? ਸ਼ਹਿਰਾਂ ਦੀ ਕੀ ਲੋੜ ਹੈ? ਇਕੱਲੇ ਇੱਕ ਸ਼ਹਿਰ ਦੀ ਨਹੀਂ ਸਾਰੇ ਸ਼ਹਿਰਾਂ ਦੀ ਗੱਲ ਹੈ। 4 ਚੀਜ਼ਾਂ ਦੀ ਲੋੜ ਹੈ, ਇੱਕ ਵਾਟਰ ਸਪਲਾਈ, ਇੱਕ ਸੀਵਰੇਜ, ਇੱਕ ਰੋਡਜ਼ ਅਤੇ ਇੱਕ ਬਿਜਲੀ। ਚੀਜ਼ਾਂ ਤਾਂ ਹੋਰ ਵੀ ਬਹੁਤ ਹਨ ਪਰ ਇਹ ਨਸੈਸੀਟੀਜ਼ ਹਨ ਜਿਹੜੀਆਂ ਹਰ ਸ਼ਹਿਰ ਦੇ ਲੋਕਾਂ ਨੂੰ ਚਾਹੀਦੀਆਂ ਹਨ। ਇਹ ਮੈਂ ਇੱਥੇ ਖੜ੍ਹਾ ਹੋ ਕੇ ਕਹਿੰਦਾ ਹਾਂ ਕਿ ਇਸ ਵਿੱਚ ਅਸੀਂ ਕੰਮ ਅਰੰਭ ਕਰ ਦਿੱਤਾ ਹੈ। ਬਹੁਤ ਸਾਰਾ ਪੈਸਾ ਅਸੀਂ ਖਰਚ ਕੀਤਾ ਹੈ। ਲੇਕਿਨ ਤਿੰਨ, ਸਾਢੇ ਤਿੰਨ ਸਾਲ ਬਾਅਦ ਮੈਂ ਇਹ ਕਹਿ ਸਕਾਂਗਾ ਕਿ ਅੱਜ ਪੰਜਾਬ ਦਾ ਕੋਈ ਸ਼ਹਿਰ ਨਹੀਂ ਜਿਸ ਵਿੱਚ ਵਾਟਰ ਸਪਲਾਈ ਨਹੀਂ, ਜਿਸ ਵਿੱਚ ਰੋਡਜ਼ ਨਹੀਂ, ਜਿਸ ਵਿੱਚ ਸੀਵਰੇਜ ਨਹੀਂ, ਜਿੱਥੇ ਲਾਈਟ ਨਹੀਂ। (ਥੰਪਿੰਗ) ਕੋਈ ਇਹ ਨਹੀਂ ਕਿ ਹਾਲੇ ਅਰੰਭ ਕਰਨਾ ਹੈ, ਅਰੰਭ ਕੀਤਾ ਹੋਇਆ ਹੈ। ਲੋਕਲ ਬਾਡੀਜ਼ ਵਿਭਾਗ ਨੂੰ ਗ੍ਰਾਂਟ ਦਿੱਤੀ ਹੈ। ਤੁਸੀਂ ਤਾਂ ਐਵੇਂ ਕਹਿੰਦੇ ਕਿ ਕੀ ਦਿੱਤਾ ਹੈ?

ਸ਼੍ਰੀਮਤੀ ਹਰਚੰਦ ਕੌਰ (ਮਹਿਲ ਕਲਾਂ ਐਸ.ਸੀ.) : ਸਪੀਕਰ ਸਾਹਿਬ, ਪਿਛਲੀ ਸਰਕਾਰ ਵਿਚ ਮਨੋਰੰਜਨ ਕਾਲੀਆ ਜੀ ਮੰਤਰੀ ਰਹੇ ਹਨ। ਮੈਂ 5 ਸਾਲ ਇਨ੍ਹਾਂ ਨੂੰ ਬੇਨਤੀ ਕਰਦੀ ਰਹੀ ਹਾਂ ਕਿ ਸਾਡੀ ਜਿਹੜੀ ਗਲੀ ਹੈ, ਹਾਲੇ ਤੱਕ ਜਾ ਕੇ ਦੇਖ ਲਓ, (ਹਾਸਾ) ਹੱਸਣ ਵਾਲੀ ਗੱਲ ਨਹੀਂ ਹੈ, ਗੋਡੇ-ਗੋਡੇ ਪਾਣੀ ਖੜ੍ਹਾ ਹੈ, ਸਿਰਫ ਇਸ ਕਰਕੇ ਨਹੀਂ ਕਰ ਰਹੇ ਕਿ ਮੈਂ ਕਾਂਗਰਸੀ ਐਮ.ਐਲ.ਏ. ਹਾਂ। ਅੱਜ ਵੀ ਤੁਸੀਂ ਧੂਰੀ ਦੇ ਵਿੱਚ ਉਹ ਗਲੀ ਜਾ ਕੇ ਦੇਖ ਸਕਦੇ ਹੋ, ਗੱਡੀ ਮੈਂ ਦਿੰਦੀ ਹਾਂ, ਮੇਰੇ ਨਾਲ ਬੈਠੋ, ਆਪਣੇ ਬਾਦਲ ਸਾਹਿਬ ਬੈਠਣ, ਕੋਈ ਮਰਜ਼ੀ ਬੈਠੇ, ਜਾ ਕੇ ਹਾਲ ਦੇਖੋ, 5 ਸਾਲ ਹੋ ਗਏ ਹਾਲੇ ਤੱਕ ਉਵੇਂ ਹੀ ਪਾਣੀ ਖੜ੍ਹਾ ਹੈ। ਸ਼ਹਿਰ ਦਾ ਕੋਈ ਵਿਕਾਸ ਨਹੀਂ ਹੋਇਆ। ਸ਼ਗਨ ਸਕੀਮ ਦੀ ਗੱਲ ਕੀਤੀ ਹੈ। 2,400 ਅਰਜ਼ੀ ਸਾਡੇ ਬਲਾਕ ਸ਼ੇਰਪੁਰ ਦੀ ਪਈ ਹੈ, ਹਾਲੇ ਤੱਕ ਕੋਈ ਸ਼ਗਨ ਸਕੀਮ ਦੀ ਗੱਲ ਨਹੀਂ ਹੋਈ। ਗਲੀ ਦਾ ਹਾਲ ਦੇਖ ਲਓ ਜਾ ਕੇ ਕੀ ਹੈ।

ਮਾਨਯੋਗ ਸਪੀਕਰ : ਬੈਠੋ, ਬੀਬੀ ਜੀ।

ਮੁੱਖ ਮੰਤਰੀ : ਬੀਬੀ ਜੀ ਤੁਸੀਂ ਆਪਣੀ ਗਲੀ ਦਾ ਐਸਟੀਮੇਟ ਬਣਾ ਕੇ ਮੈਨੂੰ ਦੇ

[ਮੁੱਖ ਮੰਤਰੀ]

ਦਿਓ, ਮੈਂ ਉਸੇ ਦਿਨ ਹੀ ਆਪਣੇ ਡਿਸਟਕ੍ਰਿਸ਼ਨਰੀ ਗਰਾਂਟ ਵਿੱਚੋਂ ਪੈਸੇ ਦੇ ਕੇ ਤੁਹਾਡੀ ਗਲੀ ਇਹੋ ਜਿਹੀ ਬਣਾ ਦਿਆਂਗੇ ਕਿ ਤੁਸੀਂ ਦੇਖਦੇ ਰਹਿ ਜਾਓਗੇ। (ਹਾਸਾ)

ਸ਼੍ਰੀਮਤੀ ਹਰਚੰਦ ਕੌਰ : ਮੈਂ ਤਾਂ ਤੁਹਾਨੂੰ ਪਹਿਲਾਂ ਵੀ ਕਈ ਵਾਰ ਮਿਲੀ ਹਾਂ, ਕਾਲੀਆ ਸਾਹਿਬ ਨੂੰ ਵੀ ਮਿਲੀ ਹਾਂ, ਐਸਟੀਮੇਟ ਵੀ ਲਾਇਆ, ਹੋਰ ਵੀ ਲਾਇਆ।

ਮਾਨਯੋਗ ਸਪੀਕਰ : ਭੈਣ ਜੀ, ਬੈਠੋ, ਟਾਈਮ ਵੇਸਟ ਨਾ ਕਰੋ। ਉਨ੍ਹਾਂ ਨੇ ਐਸ਼ੋਰੈਂਸ ਦੇ ਦਿੱਤੀ ਹੈ।

ਸ਼੍ਰੀਮਤੀ ਗੁਰਇਕਬਾਲ ਕੌਰ (ਨਵਾਂ ਸ਼ਹਿਰ) : ਸਤਿ ਸ੍ਰੀ ਅਕਾਲ, ਸਪੀਕਰ ਸਾਹਿਬ। ਸਤਿ ਸ੍ਰੀ ਅਕਾਲ, ਬਾਦਲ ਸਾਹਿਬ। ਸਾਰਿਆਂ ਨੂੰ ਸਤਿ ਸ੍ਰੀ ਅਕਾਲ। ਮੈਂ ਨਵਾਂਸ਼ਹਿਰ ਤੋਂ ਸਰਦਾਰ ਦਿਲਬਾਗ ਸਿੰਘ, ਜੋ ਐਗਰੀਕਲਚਰ ਮਨਿਸਟਰ ਸੀ, ਉਨ੍ਹਾਂ ਦੀ ਬਹੂ ਹਾਂ। ਸਰਦਾਰ ਜੀ ਕਹਿੰਦੇ ਸੀ ਕਿ ਮੈਂ ਸੜਕਾਂ ਦਾ ਜਾਲ ਵਿਛਾ ਦੇਵਾਂਗਾ, ਤੁਹਾਡੇ ਤੋਂ ਸੜਕਾਂ ਸਾਂਭ ਹੀ ਨਹੀਂ ਹੋਣੀਆਂ, ਰਿਪੇਅਰ ਵੀ ਨਹੀਂ ਕਰਵਾ ਹੋਣੀਆਂ। ਮੈਂ ਨਵਾਂਸ਼ਹਿਰ ਦਾ ਹਾਲ 12 ਸਾਲ ਤੋਂ ਬਾਇ ਇਲੈਕਸ਼ਨ ਤੋਂ ਦੇਖ ਰਹੀ ਹਾਂ, ਇੱਕ-ਇੱਕ ਸੜਕ ਟੁੱਟੀ ਪਈ ਹੈ, ਵਿਕਾਸ ਦੀ ਜਗ੍ਹਾ ਵਿਨਾਸ ਹੋਇਆ ਹੈ। ਕੰਮ ਕਰਨ ਵਾਲੇ ਪਾਸੇ ਕੋਈ ਯਤਨ ਨਹੀਂ ਹੁੰਦਾ। ਮੈਂ ਚਾਹਾਂਗੀ ਕਿ ਤੁਸੀਂ ਜ਼ਰੂਰ ਨਵਾਂ ਸ਼ਹਿਰ ਆਓ ਤੇ ਆ ਕੇ ਮੇਰੇ ਸ਼ਹਿਰ ਦੀ ਹਾਲਤ ਦੇਖੋ। ਸੀਵਰੇਜ ਸਿਸਟਮ ਔਰ ਪਾਣੀ ਦਾ ਸਿਸਟਮ, ਅੰਡਰ ਗਰਾਊਂਡ ਕੁਨੈਕਸ਼ਨ ਹੋਣ ਦੇ ਕਾਰਨ jaundice (ਪੀਲੀਆ) ਵਰਗੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ। ਪਿੱਛੇ ਡ੍ਰੇਨੇਜ਼ ਦੀ ਸਫਾਈ ਨਾ ਹੋਣ ਕਾਰਨ ਬਹੁਤ ਵਾਰੀ ਫਲੱਡਜ਼ ਆਏ ਹਨ। ਨਾਲੀਆਂ ਦੇ ਵਿੱਚ ਪਾਣੀ ਬੰਦ ਹੋ ਗਿਆ ਅਤੇ ਪਾਈਪਾਂ ਰੈਪਚਰ ਕਰ ਗਈਆਂ। ਮੈਂ ਗਰੀਬਾਂ ਦੀ ਹਾਲਤ ਦੇਖ ਕੇ ਰੋਣ-ਹੱਕੀ ਹੋ ਗਈ। ਪਰ ਸਰਕਾਰ ਵਲੋਂ ਇਸ ਵਾਸਤੇ ਕੋਈ ਫੰਡਜ਼ ਮੁਹੱਈਆ ਨਹੀਂ ਕਰਵਾਏ ਗਏ। ਮੈਨੂੰ ਇਹ ਦੱਸਦੇ ਹੋਏ ਦੁੱਖ ਹੈ ਕਿ ਕਰੀਹਾ ਸਾਹਿਬ ਇਸ ਦੁਨੀਆਂ ਤੋਂ ਜਾ ਚੁੱਕੇ ਹਨ। ਪਿਛਲੇ ਪੰਜ ਸਾਲਾਂ ਵਿੱਚ ਕੋਈ ਵਿਕਾਸ ਨਹੀਂ ਹੋਇਆ। ਜਿਹੜਾ ਵੀ ਹੋਇਆ ਉਹ ਮੇਰੇ ਪਤੀ ਸਰਦਾਰ ਪ੍ਰਕਾਸ਼ ਸਿੰਘ ਜੀ ਵੇਲੇ ਹੀ ਹੋਇਆ ਹੈ ਅਤੇ ਲੋਕ ਉਨ੍ਹਾਂ ਨੇ ਰਿਣੀ ਹਨ। ਧੰਨਵਾਦ ਜੀ।...

ਸ਼੍ਰੀਮਤੀ ਅਰੁਨਾ ਚੌਧਰੀ (ਦੀਨਾ ਨਗਰ, ਐਸ.ਸੀ.) : ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਹਲਕਾ ਦੀਨਾ ਨਗਰ ਹੈ। ਮੈਂ ਸਾਲ 2002-07 ਤੱਕ ਐਮ.ਐਲ.ਏ. ਰਹੀ ਹਾਂ ਔਰ ਅਸੀਂ 8 ਕਰੋੜ 5 ਲੱਖ ਰੁਪਏ ਨਾਲ ਸੀਵਰੇਜ ਔਰ ਵਾਟਰ ਟ੍ਰੀਟਮੈਂਟ ਪਲਾਂਟ ਦਾ ਕੰਮ ਸ਼ੁਰੂ ਕੀਤਾ ਸੀ ਜਿਹੜਾ ਕਿ, ਅਨਫਾਰਚੂਨੇਟਲੀ ਮੈਂ ਸਾਲ 2007 ਦੀਆਂ ਚੋਣਾਂ ਕੇਵਲ 840 ਵੋਟਾਂ ਦੇ ਨਾਲ ਹਾਰ ਗਈ ਪਰੰਤੂ ਬੜੇ ਹੀ ਦੁੱਖ ਦੀ ਗੱਲ ਹੈ ਕਿ ਬਾਦਲ ਸਾਹਿਬ ਬੜੇ ਹੀ ਸੀਨੀਅਰ ਲੀਡਰ ਹਨ ਜਿਨ੍ਹਾਂ ਦਾ ਮੈਂ ਬਹੁਤ ਸਤਿਕਾਰ ਕਰਦੀ ਹਾਂ, ਇਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ, ਜਿਸ ਕਾਰਨ ਮੈਨੂੰ ਖੜ੍ਹੀ ਹੋਣਾ ਪਿਆ। ਪਿਛਲੇ ਪੰਜ ਸਾਲ ਉਥੇ ਕੋਈ ਵੀ ਸੜਕ ਨਵੀਂ ਨਹੀਂ ਬਣੀ। ਉਥੇ ਇੰਨਾ ਬੁਰਾ ਹਾਲ ਹੈ ਕਿ ਸੀਵਰੇਜ ਔਰ ਵਾਟਰ

ਸਪਲਾਈ ਬਾਰੇ ਜਿੰਨਾ ਕੰਮ ਮੇਰੇ ਸਮੇਂ ਵਿੱਚ ਹੋਇਆ ਸੀ, ਉਹ ਉਥੇ ਦਾ ਉਥੇ ਹੀ ਹੈ ਬਲਕਿ ਸਾਰਾ ਪੈਸਾ ਜਿਹੜਾ ਆਇਆ ਸੀ, ਉਹ ਵੀ ਸ਼ਾਇਦ ਵਾਪਸ ਚਲਾ ਗਿਆ ਹੈ। ਉਸ ਬਾਰੇ ਮੈਨੂੰ ਅੱਜ ਪਤਾ ਨਹੀਂ ਹੈ ਕਿ ਹੁਣ ਉਸ ਪੈਸੇ ਦੀ ਕੀ ਸਟੇਜ ਹੈ? ਹਾਲਤ ਬਹੁਤ ਬੁਰੀ ਹੈ। ਗਲੀਆਂ ਵਿੱਚ ਪਾਣੀ ਖੜ੍ਹਾ ਹੈ। ਬਹੁਤ ਹੀ ਸੀਰੀਅਸ ਅਤੇ ਗੰਭੀਰ ਸਥਿਤੀ ਪੈਦਾ ਹੋਈ ਹੈ। ਐਪੀਡੈਮਿਕ ਫੈਲਣ ਦੀ ਵੀ ਪੂਰੀ ਸ਼ੰਕਾ ਹੈ। ਮੇਰੀ ਇਨ੍ਹਾਂ ਨੂੰ ਬੇਨਤੀ ਹੈ ਕਿ ਪਲੀਜ਼ ਇਸ ਬਾਰੇ ਜ਼ਰੂਰ ਕੁਝ ਸੋਚੋ।

ਮੁੱਖ ਮੰਤਰੀ : ਬੀਬੀ ਜੀ, ਮੈਂ ਤਾਂ ਥੋਕ ਵਿੱਚ ਕੰਮ ਕਰਦਾ ਹਾਂ। ਰਿਟੇਲ ਦੇ ਕੰਮ ਤਾਂ ਆਪਣੇ ਆਪ ਵਿਚੇ ਹੀ ਹੋ ਜਾਂਦੇ ਹਨ। ਜਿਹੜੀਆਂ ਕੋਈ ਇੱਕ ਦੋ ਗਲੀਆਂ ਪੱਕੀਆਂ ਕਰਨ ਵਾਲੀਆਂ ਹਨ, ਰਹਿ ਗਈਆਂ, ਹੁਣ ਸਾਰੇ ਪੰਜਾਬ ਦੀਆਂ ਗਲੀਆਂ ਬਣਨੀਆਂ ਹਨ। ਉਦੋਂ ਨਾਲ ਹੀ ਇਹ ਵੀ ਬਣ ਜਾਣਗੀਆਂ। ਭੰਗੜੇ ਪਾਉਂਦੇ ਜਾਈਓ। (ਵਿਘਨ)

ਸਪੀਕਰ ਸਾਹਿਬ, ਇਕ ਏਥੇ ਕਿਹਾ ਗਿਆ ਕਿ ਸ਼ਹਿਰਾਂ ਵਿੱਚ ਬੜੀ congestion ਹੈ। ਇਸ ਦੇ ਵਾਸਤੇ ਲੋੜ ਹੈ ਕਿ ਫਲਾਈ ਓਵਰ ਬਣਨ, ਬ੍ਰਿਜ਼ਜ ਬਣਨ, ਬਾਈ ਪਾਸ ਬਣਨ। ਲੇਕਿਨ ਤੁਸੀਂ ਆਪ ਦੇਖਿਆ ਹੈ ਕਿ ਸਾਰਾ ਕੁਝ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਜਲੰਧਰ ਵਾਲੇ ਭਰਾਵਾਂ ਨੂੰ ਤਾਂ ਬਾਈ ਪਾਸ ਨੇ ਹੀ ਜਿਤਾ ਦਿੱਤਾ ਹੈ। ਹੁਣ ਤਾਂ ਪਤਾ ਹੀ ਨਹੀਂ ਲਗਦਾ ਕਿ ਕਿਧਰੋਂ ਆਇਆ ਅਤੇ ਕਿਧਰ ਗਿਆ। ਲੁਧਿਆਣਾ ਦੇਖ ਲਓ, ਜਿਹੜਾ ਐਕਸਪ੍ਰੈਸ ਵੇਅ ਨਹਿਰ ਦੇ ਨਾਲ ਬਣ ਰਿਹਾ ਹੈ, ਕੀ ਕਦੇ ਕਿਸੇ ਨੇ ਸੋਚਿਆ ਸੀ ਲੁਧਿਆਣੇ ਬਾਰੇ। ਬਾਕੀ ਨਿੰਦਿਆ ਤੁਸੀਂ ਜਿਵੇਂ ਮਰਜ਼ੀ ਕਰ ਲਓ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਐਜੂਕੇਸ਼ਨ ਦੀ ਗੱਲ ਹੈ। ਹੁਣ ਜੇਕਰ ਗੌਰਮਿੰਟ ਆਫ ਇੰਡੀਆ ਜਾਂ ਉਨ੍ਹਾਂ ਦੀਆਂ ਏਜੰਸੀਆਂ ਕੋਈ ਸਰਵੇ ਕਰਨ, ਉਨ੍ਹਾਂ ਨੇ ਸਰਵੇ ਕੀਤਾ, Survey was conducted by National University of Educational & Planning and Administration. ਇਹ ਕੋਈ ਮੇਰੀ ਏਜੰਸੀ ਨਹੀਂ। ਉਨ੍ਹਾਂ ਨੇ ਕਿਹਾ ਕਿ Punjab is rated no. 1 State in the School infrastructre ਸਾਰੇ ਹਿੰਦੁਸਤਾਨ ਵਿਚੋਂ, ਹਿੰਦੁਸਤਾਨ ਦੀ ਏਜੰਸੀ ਵੱਲੋਂ ਸਰਵੇ ਕਰਕੇ ਇਹ ਰਿਪੋਰਟ ਕੀਤੀ ਗਈ ਹੈ। ਜੇਕਰ ਹਿੰਦੁਸਤਾਨ ਦੀ ਇੱਕ ਏਜੰਸੀ ਕਹੇ ਕਿ ਪੰਜਾਬ ਨੰਬਰ ਵੰਨ ਸਟੇਟ ਹੈ ਤੁਸੀਂ ਕਹਿੰਦੇ ਹੋ ਕਿ ਕੁੱਝ ਨਹੀਂ। ਉਹ ਤਾਂ ਹੈ ਕਿ ਮੈਂ ਨਹੀਂ ਮੰਨਦਾ। ਜਾਂ ਤਾਂ ਫਿਰ ਤੁਹਾਨੂੰ ਸੈਂਟਰ ਦੀ ਸਰਕਾਰ ਤੇ ਭਰੋਸਾ ਨਹੀਂ। ਹੁਣ ਜੇਕਰ ਕੋਈ ਸਰਟੀਫਿਕੇਟ ਸਾਨੂੰ ਦੇਵੇ ਫਿਰ ਤਾਂ ਮੰਨਣਾ ਹੀ ਪਵੇਗਾ। ਹੁਣ ਦੇਖੋ, ਇਹ ਰਿਕਾਰਡ ਦੀ ਗੱਲ ਹੈ ਕਿ ਸਟੂਡੈਂਟਸ ਦੀ 65 ਫੀਸਦੀ ਹਾਜ਼ਰੀ ਸੀ, ਹੁਣ 96% ਹੋ ਗਈ ਹੈ। ਅਸੀਂ ਸੈਂਟ-ਪਰ-ਸੈਂਟ ਕਰ ਦੇਣੀ ਹੈ। ਇੰਫਰਾਸਟਰਕਚਰ ਵੀ ਹੈ। ਸਾਰੇ ਬੱਚਿਆਂ ਨੂੰ ਪੜ੍ਹਾਉਣ ਲਗਾ ਦਿਆਂਗੇ। ਇੱਥੇ ਕਿਹਾ ਗਿਆ ਕਿ ਸਕੂਲ ਬਣਾ ਦਿੱਤੇ ਹਨ ਪਰ ਉਥੇ ਕੋਈ ਟੀਚਰ ਨਹੀਂ ਹੈ। ਦੇਖੋ ਗੱਲ ਇਹ ਹੈ ਕਿ ਤੁਸੀਂ ਕੋਈ ਭਰਤੀ ਨਹੀਂ ਕੀਤੀ। ਤੁਹਾਡੇ ਵੇਲੇ ਕੋਈ 17,000 ਭਰਤੀ ਹੋਈ ਸੀ, ਉਸ ਦੇ ਮੁਕਾਬਲੇ ਅਸੀਂ ਹੁਣ 54,000 ਟੀਚਰ ਭਰਤੀ ਕੀਤੇ ਹਨ। 54,000 ਟੀਚਰ ਭਰਤੀ ਕਰਨੇ

[ਮੁੱਖ ਮੰਤਰੀ]

ਕੋਈ ਛੋਟੀ ਗੱਲ ਨਹੀਂ। 8,000 ਹੋਰ ਟੀਚਰ ਭਰਤੀ ਹੋ ਜਾਣੇ ਹਨ। ਕੁੱਲ 62,000 ਟੀਚਰ ਹੋ ਜਾਣੇ ਹਨ। ਹੁਣ ਅਸੀਂ ਇਹ ਕਰ ਦਿੱਤਾ ਹੈ ਕਿ ਜਿੰਨੀਆਂ ਵੀ ਸਾਲ ਵਿਚ ਟੀਚਰਾਂ ਦੀਆਂ ਵੈਕੇਂਸੀਜ ਖਾਲੀ ਹੋਇਆ ਕਰਨਗੀਆਂ, ਉਨ੍ਹਾਂ ਦੀ ਭਰਤੀ ਆਟੋਮੈਟਿਕ ਹੋਇਆ ਕਰੇਗੀ। ਇਹ ਅਸੀਂ ਸਾਰੇ ਹੀ ਕਰ ਦਿੱਤਾ ਹੈ। ਚਾਹੇ ਪੀ.ਸੀ.ਐਸ. ਦੀਆਂ ਹੋਣ, ਉਥੇ ਵੀ ਇਹ ਕਰ ਦਿੱਤਾ ਹੈ ਕਿ ਜਿੰਨੀਆਂ ਵੀ ਅਸਾਮੀਆਂ ਸਾਲ ਵਿੱਚ ਖਾਲੀ ਹੋਇਆ ਕਰਨਗੀਆਂ, ਉਨ੍ਹਾਂ ਦੀ ਭਰਤੀ ਹਰ ਸਾਲ ਕੀਤੀ ਜਾਇਆ ਕਰੇਗੀ। ਟੀਚਰ ਰੈਗੂਲਰ ਕੀਤੇ ਹਨ। ਸੈਪਰੇਟ ਕਾਡਰ ਬਣਾ ਕੇ ਦਿੱਤਾ ਹੈ ਜਿਸ ਬਾਰੇ ਸਰਦਾਰ ਵਲਟੋਹਾ ਜੀ ਨੇ ਬਾਰਡਰ ਦਾ ਫਿਕਰ ਕੀਤਾ ਸੀ। ਬਾਰਡਰ ਦੇ, ਬੇਟ ਦੇ ਤੇ ਕੰਢੀ ਤੇ ਕਾਡਰ ਵੱਖਰੇ ਕਰ ਦਿੱਤੇ ਹਨ। ਇਹ ਪਤਾ ਨਹੀਂ ਕਿਸ ਤਰ੍ਹਾਂ ਕਹਿ ਦਿੰਦੇ ਹਨ ਕਿ ਸਕੂਲਾਂ ਵਿਚ ਫਰਨੀਚਰ ਨਹੀਂ ਹੈ। ਸਾਰੇ ਸਕੂਲਾਂ ਵਿਚ ਲੈਟਰੀਨਾਂ ਬਣਾ ਕੇ ਦਿੱਤੀਆਂ ਹਨ, ਫਰਨੀਚਰ ਦਿੱਤਾ ਹੈ। ਇਸ ਸਭ ਦੇ ਵਾਸਤੇ 60 ਕਰੋੜ ਰੁਪਏ ਦਿੱਤੇ ਹਨ। ਨਵੇਂ ਸਕੂਲ ਵੀ ਖੋਲ੍ਹੇ ਹਨ। ਇਹ ਸਾਰਾ ਕੁਝ ਦਿੱਤਾ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਜਦੋਂ ਹਿੰਦੁਸਤਾਨ ਦੀ ਸਰਕਾਰ ਨੇ ਕਹਿ ਦਿੱਤਾ ਕਿ ਪੰਜਾਬ ਐਜੂਕੇਸ਼ਨ ਵਿਚ ਪਹਿਲੇ ਨੰਬਰ ਤੇ ਆਉਂਦਾ ਹੈ, ਫਿਰ ਮੈਂ ਕੀ ਐਕਸਪਲੇਨ ਕਰਾਂ। ਇਨ੍ਹਾਂ ਨੂੰ ਆਪਣੀ ਸਰਕਾਰ ਦੀ ਰਿਪੋਰਟ ਤੇ ਯਕੀਨ ਕਰਨਾ ਚਾਹੀਦਾ ਹੈ। ਹਾਇਰ ਐਜੂਕੇਸ਼ਨ ਵਿਚ ਇਨ੍ਹਾਂ ਦੇ ਵੇਲੇ ਦੋ ਯੂਨੀਵਰਸਿਟੀਆਂ ਨਵੀਆਂ ਬਣਾਈਆਂ ਸਨ, ਜਿਨ੍ਹਾਂ ਵਿਚੋਂ ਇੱਕ ਸ੍ਰੀ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਐਟ ਪਟਿਆਲਾ ਹੈ, ਪਰ ਉਸ ਦੀ ਬਿਲਡਿੰਗ ਨਹੀਂ ਸੀ ਬਣਾਈ। ਉਸ ਦੀ ਬਿਲਡਿੰਗ ਮੈਂ ਬਣਵਾਈ ਹੈ। ਰੱਖੜਾ ਸਾਹਿਬ ਜਾਣਦੇ ਹਨ ਕਿ ਇਨ੍ਹਾਂ ਦੇ ਨੇੜੇ 45 ਕਰੋੜ ਰੁਪਏ ਨਾਲ ਬਿਲਡਿੰਗ ਬਣਾਈ ਹੈ। ਗੁਰੂ ਹਰ ਸਹਾਏ ਵਿਚ, ਸੋਢੀ ਸਾਹਿਬ ਇਸ ਵੇਲੇ ਬੈਠੇ ਨਹੀਂ ਹਨ, ਕੇਵਲ ਨਾਂ ਦਾ ਹੀ ਕਾਲਜ ਸੀ, ਬਿਲਡਿੰਗ ਕੋਈ ਨਹੀਂ ਸੀ। ਉਹ ਬਿਲਡਿੰਗ ਵੀ ਮੈਂ ਬਣਾ ਕੇ ਦਿੱਤੀ ਹੈ। ਇਕ ਲਵਲੀ ਯੂਨੀਵਰਸਿਟੀ ਇਨ੍ਹਾਂ ਨੇ ਬਣਾਈ ਸੀ ਜਿਹੜੀ ਕਿ ਬੜੀ ਅੱਛੀ ਚਲ ਰਹੀ ਹੈ। ਅਸੀਂ ਚਾਰ ਪ੍ਰਾਈਵੇਟ ਯੂਨੀਵਰਸਿਟੀਆਂ ਬਣਾ ਕੇ ਦਿੱਤੀਆਂ ਹਨ। 6 ਨੂੰ ਲੈਟਰ ਆਫ ਇੰਟੈਂਟ ਜਾਰੀ ਕਰ ਦਿੱਤਾ ਹੈ। ਮੋਹਾਲੀ ਵਿਚ ਨਾਲੇਜ ਸਿਟੀ ਬਣਾ ਕੇ ਦਿੱਤੀ ਹੈ। ਮੋਹਾਲੀ ਵਾਸਤੇ ਜੇ ਤੁਸੀਂ ਆਖੋ ਕਿ ਕੁਝ ਕੀਤਾ ਹੀ ਨਹੀਂ ਤਾਂ ਫਿਰ ਰੱਬ ਹੀ ਰਾਖਾ ਹੈ।

ਸਰਦਾਰ ਕੇਵਲ ਸਿੰਘ ਢਿੱਲੋਂ : ਸਪੀਕਰ ਸਾਹਿਬ.....,

ਮਾਨਯੋਗ ਸਪੀਕਰ : ਨਹੀਂ ਜੀ।

ਸਰਦਾਰ ਕੇਵਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਜਲੰਧਰ ਦੇ ਬਾਈਪਾਸਾਂ ਦੀ ਗੱਲ ਕੀਤੀ ਹੈ, ਯੂਨੀਵਰਸਿਟੀਆਂ ਦੀਆਂ ਗੱਲਾਂ ਕਰ ਰਹੇ ਹਨ। ਮੈਂ ਤੁਹਾਡੇ ਰਾਹੀਂ ਬਰਨਾਲੇ ਦੀ ਗੱਲ ਕਰਦਾ ਹਾਂ ਕਿ ਅੰਗਰੇਜ਼ਾਂ ਦੇ ਵੇਲੇ ਤੋਂ ਲੈ ਕੇ ਉਥੇ ਸਕੂਲ ਹੈ। ਯੂਨੀਵਰਸਿਟੀ ਦੀ ਗੱਲ ਤਾਂ ਇੱਕ ਪਾਸੇ ਰਹੀ, ਉਥੇ ਕੋਈ ਸਰਕਾਰੀ ਕਾਲਜ ਵੀ ਨਹੀਂ ਹੈ। ਤੁਸੀਂ ਇਹ ਗੱਲ ਤਾਂ ਮੰਨਦੇ ਹੋ ਕਿ ਤੁਸੀਂ ਜਿੱਥੇ ਡਿਵੈਲਪਮੈਂਟ ਨਹੀਂ ਕੀਤੀ ਉਥੇ ਤਾਂ ਹੀ ਤੁਸੀਂ

ਬਰਨਾਲੇ ਜ਼ਿਲ੍ਹੇ ਦੀਆਂ ਤਿੰਨੇ ਹੀ ਸੀਟਾਂ ਹਾਰੇ ਹੋ। ਤੁਸੀਂ ਸਾਡੇ ਨਾਲ ਵਿਤਕਰਾ ਕਰਦੇ ਹੋ।

ਮਾਨਯੋਗ ਸਪੀਕਰ : ਕਿਰਪਾ ਕਰਕੇ ਬੈਠ ਜਾਉ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਵਲੋਂ ਬੋਲਣ ਲਈ ਸਮਾਂ ਮੰਗਿਆ ਜਾ ਰਿਹਾ ਸੀ।)

ਮਾਨਯੋਗ ਸਪੀਕਰ : ਨਹੀਂ ਜੀ,

ਸਰਦਾਰ ਕੁਲਜੀਤ ਸਿੰਘ ਨਾਗਰਾ : ਸਪੀਕਰ ਸਾਹਿਬ **

ਮਾਨਯੋਗ ਸਪੀਕਰ : ਨਹੀਂ ਜੀ, ਨਹੀਂ। ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਨਾਲ ਇਸ ਗੱਲ ਦਾ ਕੋਈ ਸਬੰਧ ਨਹੀਂ ਹੈ। Not allowed.

ਮੁੱਖ ਮੰਤਰੀ : ਜਿਸ ਤਰ੍ਹਾਂ ਸਕੂਲਾਂ ਅਤੇ ਯੂਨੀਵਰਸਿਟੀਆਂ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਇਹ ਪਹਿਲੀ ਵਾਰ ਹੋਇਆ ਹੈ ਕਿ 17 ਕਾਲਜ ਖੋਲ੍ਹੇ ਗਏ ਹਨ। ਕਾਲਜ ਖੋਲ੍ਹਾਂਗੇ, ਕਹਿ ਦੇਣਾ ਬੜੀ ਸੌਖੀ ਗੱਲ ਹੁੰਦੀ ਹੈ ਪਰ ਖੋਲ੍ਹਣੇ ਹੋਰ ਗੱਲ ਹੈ। ਇਨ੍ਹਾਂ ਕਾਲਜਾਂ ਉਤੇ 208 ਕਰੋੜ ਰੁਪਿਆ ਲਗਾਇਆ ਹੈ। (ਸਰਦਾਰ ਕੇਵਲ ਸਿੰਘ ਢਿੱਲੋਂ ਵਲੋਂ ਵਿਘਨ) ਢਿੱਲੋਂ ਸਾਹਿਬ, ਤੁਸੀਂ ਕਦੀ ਆ ਕੇ ਮੈਨੂੰ ਆਖਿਆ ਹੈ। ਕਦੀ ਗੱਲ ਕੀਤੀ ਹੈ? ਗੱਲ ਸੁਣੋ, ਅਸੀਂ ਤਾਂ ਤੁਹਾਨੂੰ ਪਿਆਰ ਕਰਦੇ ਹਾਂ ਪਰ ਤੁਸੀਂ ਨਫਰਤ ਕਰਦੇ ਹੋ। ਤੁਹਾਡੇ ਗਵਾਂਢ ਵਿਚ ਢਿੱਲਵਾਂ ਕਾਲਜ ਖੋਲ੍ਹਿਆ ਹੈ ਕਿ ਨਹੀਂ? ਉਥੇ ਵੀ ਖੋਲ੍ਹਿਆ ਹੈ। ਇਹ ਬਰਨਾਲਾ ਜ਼ਿਲ੍ਹੇ ਦੇ ਨੇੜੇ ਦਾ ਹੀ ਇਲਾਕਾ ਹੈ, ਪਤਾ ਕਰ ਲੈਣਾ। ਇਸੇ ਤਰ੍ਹਾਂ ਸਾਇੰਸ ਦੀ ਇੱਥੇ ਗੱਲ ਆਈ ਸੀ। ਸਾਰੇ ਕਾਲਜਾਂ ਵਿੱਚ +2 ਸਾਇੰਸ ਚਾਲੂ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸੈਂਟਰ ਫਾਰ ਸਟੱਡੀ 47 ਕਰੋੜ ਰੁਪਏ ਲਗਾ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਥਾਪਤ ਕੀਤਾ ਹੈ (ਥੰਪਿੰਗ)

ਸਪੀਕਰ ਸਾਹਿਬ, ਐਜੂਕੇਸ਼ਨ ਦੇ ਨਾਲ-ਨਾਲ ਹੈਲਥ ਵੀ ਬਹੁਤ ਜ਼ਰੂਰੀ ਹੈ। ਮੈਂ ਤਾਂ ਬਰੀਕੀ ਨਾਲ ਸਾਰੀਆਂ ਚੀਜ਼ਾਂ ਆਪ ਦੇਖਦਾ ਹਾਂ। ਹੈਲਥ ਜਿਹੜੀ ਹੈ, ਮੈਂ ਗੌਰਮਿੰਟ ਆਫ ਇੰਡੀਆ ਦੀ ਰਿਪੋਰਟ ਪੜ੍ਹਦਾ ਹਾਂ which was got published in January, 2011 and which rated the Health infrastructure in Punjab as excellent (thumping) and further stated that Punjab would be the first State in the country to provide all facilities as per norms. ਪੰਜਾਬ ਪਹਿਲੀ ਸਟੇਟ ਹੋ ਗਈ। ਮੈਂ ਦੱਸਦਾ ਹਾਂ ਕਿ ਸਾਡੇ ਇਹ ਨਾਰਮ ਹੈ ਕਿ ਇੰਨੀ ਪਾਪੂਲੇਸ਼ਨ ਤੇ ਪ੍ਰਾਇਮਰੀ ਹੈਲਥ ਸੈਂਟਰ ਹੋਵੇਗਾ, ਇੰਨੀ ਪਾਪੂਲੇਸ਼ਨ ਤੇ ਕਮਿਊਨਿਟੀ ਸੈਂਟਰ ਹੋਵੇਗਾ ਅਤੇ ਇੰਨੀ ਪਾਪੂਲੇਸ਼ਨ ਤੇ ਸਬ-ਡਵੀਜ਼ਨਲ ਸੈਂਟਰ ਤੇ ਇੰਨੀ ਤੇ ਜ਼ਿਲ੍ਹਾ ਹਸਪਤਾਲ ਹੋਵੇਗਾ। ਅੱਜ ਮੈਂ ਕਹਿ ਸਕਦਾ ਹਾਂ ਕਿ

** Expunged as ordered by the chair.

[ਮੁੱਖ ਮੰਤਰੀ]

ਇਨ੍ਹਾਂ ਨਾਰਮਜ਼ ਦੇ ਮੁਤਾਬਿਕ ਡਾਕਟਰਾਂ ਦੀ ਇੱਕ ਬਹੁਤ ਵੱਡੀ ਕਮੇਟੀ, ਡਾਕਟਰ ਬਜਾਜ ਕਮੇਟੀ, ਜਿਸ ਦੇ ਹੈੱਡ ਆਪਣੇ ਪੀ.ਜੀ.ਆਈ. ਦੇ ਡਾਕਟਰ ਤਲਵਾਰ ਸਨ, ਉਨ੍ਹਾਂ ਨੂੰ ਮੈਂ ਕਿਹਾ ਕਿ ਮੈਂ ਹੈਲਥ ਦੇ ਲਈ ਸਾਰਾ ਕੁਝ ਕਰਨ ਲਈ ਤਿਆਰ ਹਾਂ। ਉਨ੍ਹਾਂ ਨੇ ਸਾਰੀਆਂ ਚੀਜ਼ਾਂ ਨੂੰ ਮੈਂ ਕਿਹਾ ਕਿ ਮੈਂ ਹੈਲਥ ਦੇ ਲਈ ਸਾਰਾ ਕੁਝ ਕਰਨ ਲਈ ਤਿਆਰ ਹਾਂ। ਉਨ੍ਹਾਂ ਨੇ ਸਾਰੀਆਂ ਚੀਜ਼ਾਂ ਨੂੰ ਧਿਆਨ ਵਿੱਚ ਰੱਖ ਕੇ 350 ਕਰੋੜ ਰੁਪਏ ਦਾ ਪ੍ਰੋਜੈਕਟ ਤਿਆਰ ਕੀਤਾ ਕਿ ਇਹ ਕੁਝ ਬਣਨਾ ਚਾਹੀਦਾ ਹੈ ਅਤੇ ਅਸੀਂ ਸਾਰੇ ਦਾ ਸਾਰਾ ਪੈਸਾ ਉਨ੍ਹਾਂ ਨੂੰ ਦਿੱਤਾ। 350 ਕਰੋੜ ਰੁਪਏ ਉਨ੍ਹਾਂ ਨੂੰ ਦੇ ਦਿੱਤੇ ਤੇ ਜਿਹੜੇ ਹਸਪਤਾਲ ਰਹਿੰਦੇ ਸਨ, ਕਮਿਊਨਿਟੀ ਸੈਂਟਰ ਸਨ, ਨਵਾਂ ਸ਼ਹਿਰ ਵਾਲੇ ਬੀਬੀ ਜੀ ਵੀ ਬੈਠੇ ਹਨ, ਉਥੇ ਵੀ ਹਸਪਤਾਲ ਬਣਿਆ ਹੈ, ਤੁਸੀਂ ਦੇਖਿਆ ਹੋਵੇਗਾ। (ਥੰਪਿੰਗ) (ਵਿਘਨ)

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਇਕ ਬੰਦ ਹੋਣ ਕਾਰਨ ਕੁਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

Mr. Speaker : Please ਤੁਸੀਂ ਬੈਠ ਜਾਓ। Not allowed. Please sit down.

ਮੁੱਖ ਮੰਤਰੀ : ਇਹ ਹੈਰਾਨ ਕੁੰਨ ਅੰਕੜੇ ਹਨ। ਸਪੀਕਰ ਸਾਹਿਬ, ਅਸੀਂ ਤਾਂ ਇਨ੍ਹਾਂ ਗੱਲਾਂ ਵਾਸਤੇ 350 ਕਰੋੜ ਖਰਚ ਕੀਤੇ ਅਤੇ ਪਹਿਲੀ ਸਰਕਾਰ ਨੇ ਕਿੰਨਾ ਖਰਚ ਕੀਤਾ, ਮੈਨੂੰ ਦੱਸਦੇ ਨੂੰ ਸ਼ਰਮ ਆਉਂਦੀ ਹੈ, ਸਿਰਫ 2.00 ਕਰੋੜ ਰੁਪਏ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਇਕੱਲਾ ਮਰਾਜ ਪਿੰਡ ਹੈ ਜਿਹੜਾ ਇਨ੍ਹਾਂ ਦੇ ਭਾਈਚਾਰੇ ਦਾ ਪਿੰਡ ਹੈ, ਇਨ੍ਹਾਂ ਨੇ ਉਥੇ 2.00 ਕਰੋੜ ਖਰਚ ਕੀਤੇ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਇੱਕ ਦੁਆਨੀ ਇਨ੍ਹਾਂ ਨੇ ਖਰਚ ਨਹੀਂ ਕੀਤੀ। ਅਸੀਂ 350 ਕਰੋੜ ਰੁਪਏ ਖਰਚ ਕਰ ਦਿੱਤੇ। (ਵਿਘਨ) ਇਹ ਕਹਿੰਦੇ ਜੀ, ਬਿਲਡਿੰਗਾਂ ਬਣ ਗਈਆਂ ਪਰ ਕੋਈ ਡਾਕਟਰ ਨਹੀਂ ਲਗਾਇਆ। ਇਨ੍ਹਾਂ ਨੇ ਪੰਜ ਸਾਲ ਵਿੱਚ ਇੱਕ ਡਾਕਟਰ ਭਰਤੀ ਨਹੀਂ ਕੀਤਾ। ਚੌਧਰੀ ਸਾਹਿਬ, ਤੁਹਾਡੇ ਮੁੱਖ ਮੰਤਰੀ ਸਾਹਿਬ ਨੇ 5 ਸਾਲ ਵਿੱਚ ਇੱਕ ਡਾਕਟਰ ਭਰਤੀ ਨਹੀਂ ਕੀਤਾ ਅਤੇ 5 ਸਾਲ ਵਿੱਚ ਹੈਲਥ ਲਈ ਖਰਚ ਕੀਤੇ ਕੇਵਲ ਦੋ ਕਰੋੜ ਰੁਪਏ, ਜਦ ਕਿ ਅਸੀਂ ਆਪਣੇ ਸਮੇਂ ਵਿੱਚ 1,652 ਡਾਕਟਰ ਭਰਤੀ ਕੀਤੇ, (ਥੰਪਿੰਗ) ਇਸੇ ਤਰ੍ਹਾਂ ਨਰਸਿਜ਼ 3,755 ਭਰਤੀ ਕੀਤੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਾਂ ਸਾਰੇ ਮਹਿਕਮਿਆਂ ਦੇ ਮੰਤਰੀਆਂ ਨੂੰ ਕਹਿ ਦਿੱਤਾ ਹੈ ਕਿ ਹਰ ਮਹਿਕਮੇ ਵਿੱਚ ਇਨ ਐਡਵਾਂਸ ਭਰਤੀ ਕਰ ਲਵੋ ਤਾਂ ਕਿ ਕੋਈ ਘਾਟ ਨਾ ਰਹੇ। ਪੀ.ਸੀ.ਐਸ. ਸਾਡੇ ਘੱਟ ਹਨ। ਜੂਨ ਤੱਕ ਭਰਤੀ ਕਰ ਲਵਾਂਗੇ। ਨਾ ਡਾਕਟਰ ਦੀ ਖਾਲੀ ਜਗ੍ਹਾ ਹੋਵੇ, ਨਾ ਮਾਸਟਰ ਦੀ ਖਾਲੀ ਜਗ੍ਹਾ ਹੋਵੇ ਤੇ ਇਹ ਸਾਰੀ ਰਿਕਰੂਟਮੈਂਟ ਹਰ ਸਾਲ ਹੋਇਆ ਕਰੇਗੀ, ਕਿਸੇ ਨੂੰ ਕੋਈ ਫਿਕਰ ਨਹੀਂ ਹੋਵੇਗਾ।

ਸਪੀਕਰ ਸਾਹਿਬ, ਐਂਬੂਲੈਂਸ ਸਰਵਿਸਿਜ਼ ਬਹੁਤ ਵਧੀਆ ਹਨ, ਮੈਂ ਉਸ ਵਿੱਚ ਜਾਣਾ ਨਹੀਂ ਚਾਹੁੰਦਾ। ਡੀ-ਈਡਿਕਸ਼ਨ ਸੈਂਟਰ ਵੀ ਖੋਲ੍ਹ ਰਹੇ ਹਾਂ। ਕੈਂਸਰ ਦੀ ਬੜੀ ਗੱਲ ਹੁੰਦੀ ਹੈ।

ਇਹ ਬਹੁਤ ਤਕਲੀਫਦੇਹ ਹੈ। ਸਪੀਕਰ ਸਾਹਿਬ, ਇਕੱਲਾ ਪੰਜਾਬ ਜਾਂ ਦੇਸ਼ ਹੀ ਨਹੀਂ, ਅਮਰੀਕਾ ਵਿੱਚ ਵੀ ਇਹ ਬਹੁਤ ਫੈਲਿਆ ਹੋਇਆ ਹੈ। ਮੈਨੂੰ ਆਪਣੀ ਵਾਈਫ ਦੇ ਇਲਾਜ ਲਈ ਅਮਰੀਕਾ ਜਾਣਾ ਪਿਆ। ਉਥੇ ਵੀ ਡਾਕਟਰ ਸਾਹਿਬਾਨ ਨੇ ਦੱਸਿਆ ਕਿ ਅਮਰੀਕਾ ਵਿੱਚ ਵੀ ਸਭ ਤੋਂ ਵੱਧ ਜੋ ਮੌਤਾਂ ਹੁੰਦੀਆਂ ਹਨ ਤਾਂ ਉਹ ਕੈਂਸਰ ਨਾਲ ਹੁੰਦੀਆਂ ਹਨ। ਮੈਂ ਇਹ ਨਹੀਂ ਕਹਿੰਦਾ ਕਿ ਮੈਂ ਕੁਝ ਕਰ ਰਿਹਾ ਹਾਂ। ਇਹ ਅਸੀਂ ਕੋਸ਼ਿਸ਼ ਕਰ ਰਹੇ ਹਾਂ। ਠੀਕ ਹੈ ਕਿ ਵੀਹ ਕਰੋੜ ਰੁਪਏ ਨਾਲ ਕੁਝ ਨਹੀਂ ਬਣਦਾ। ਮੈਂ ਰਿਲੀਫ ਫੰਡ ਵਿੱਚੋਂ ਦਿੰਦਾ ਹਾਂ। ਇਸ ਨੂੰ ਵੀਹ ਕਰੋੜ ਤੋਂ ਤੀਹ ਕਰੋੜ ਤੱਕ ਵੀ ਵਧਾ ਦਿੱਤਾ ਹੈ। ਇਹ ਵੀ ਕਰ ਦਿੱਤਾ ਹੈ ਕਿ ਤਿੰਨੇ ਸਾਡੇ ਮੈਡੀਕਲ ਕਾਲਜ ਹਨ: ਪਟਿਆਲਾ ਹੈ ਜਾਂ ਬਾਬਾ ਫਰੀਦ ਯੂਨੀਵਰਸਿਟੀ ਹੈ, ਇਹ ਤਿੰਨੇ ਹਸਪਤਾਲ ਜੋ ਸਾਡੇ ਹਨ, ਇਨ੍ਹਾਂ ਤਿੰਨਾਂ ਵਿੱਚ ਕੈਂਸਰ ਦਾ ਟਰੀਟਮੈਂਟ ਦਾ ਇੰਤਜ਼ਾਮ ਕਰ ਦਿੱਤਾ ਗਿਆ ਹੈ। ਇਸ ਬਾਰੇ ਫਾਇਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਦੋਂ ਵੀ ਬਜਟ ਲਿਆਉਣ, ਕੈਂਸਰ ਵਾਸਤੇ ਫੰਡਜ਼ ਜ਼ਰੂਰ ਵਧਾ ਦਿਓ। ਇਸ ਵਾਸਤੇ ਜਿੰਨਾ ਵੀ ਕੀਤਾ ਜਾਵੇ, ਥੋੜ੍ਹਾ ਹੈ। ਇਸ ਵਾਸਤੇ ਜਿੰਨਾ ਪੈਸਾ ਰੱਖਿਆ ਜਾਵੇ, ਥੋੜ੍ਹਾ ਹੈ। ਇਹ ਬਹੁਤ ਤਕਲੀਫਦੇਹ ਹੈ।

ਸ਼੍ਰੀਮਤੀ ਕਰਨ ਕੌਰ ਬਰਾੜ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਦਰਖਾਸਤ ਕਰਦੀ ਹਾਂ ਕਿ ਚੈਕਿੰਗ ਤੇ ਸਕੈਨਿੰਗ ਐਂਡ ਸਕਰੀਨਿੰਗ ਲਈ ਜ਼ਰੂਰ ਬੰਦੋਬਸਤ ਕਰਨ ਕਿਉਂਕਿ ਸਟੇਜ ਵੰਨ ਵਿੱਚ ਜੇ ਇਹ ਫੜ੍ਹਿਆ ਜਾਵੇ ਤਾਂ ਲੋਕ ਬਚ ਸਕਦੇ ਹਨ।

ਮੁੱਖ ਮੰਤਰੀ : ਬੀਬੀ ਜੀ, ਇਸ ਦਾ ਬੰਦੋਬਸਤ ਕੀਤਾ ਹੈ। ਇੱਕ ਤਾਂ ਫਰੀਦਕੋਟ ਹੈਲਥ ਯੂਨੀਵਰਸਿਟੀ ਵਿੱਚ ਕੀਤਾ ਹੈ। ਇੱਕ ਬਠਿੰਡੇ ਦੋ ਨਵੇਂ ਹਸਪਤਾਲ ਖੋਲ੍ਹੇ ਜਾ ਰਹੇ ਹਨ। ਇੱਕ 60 ਕਰੋੜ ਦੀ ਲਾਗਤ ਨਾਲ ਖੁੱਲ੍ਹ ਰਿਹਾ ਹੈ ਜੋ ਬਾਬਾ ਫਰੀਦ ਯੂਨੀਵਰਸਿਟੀ ਬਣਾ ਰਹੀ ਹੈ ਤੇ ਇੱਕ ਮੈਕਸ ਵਾਲੇ ਮੋਹਾਲੀ ਵਿਖੇ ਬਣਾ ਰਹੇ ਹਨ। ਮੇਰਾ ਮਤਲਬ ਹੈ ਕਿ ਇਹ ਬੜੀ ਵੱਡੀ ਪ੍ਰਾਬਲਮ ਹੈ ਤੇ ਇਸ ਵਾਸਤੇ ਪ੍ਰਾਇਰਟੀ ਦੇ ਕੇ ਸਾਰੇ ਕੰਮ ਕੀਤੇ ਜਾਣਗੇ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਭਿਆਨਕ ਬਿਮਾਰੀ ਦਾ, ਤੁਹਾਡੇ ਤੇ ਵੀ ਬਹੁਤ ਵੱਡਾ ਧੱਕਾ ਲੱਗਾ ਹੈ, ਮੇਰੇ ਤੇ ਲੱਗਾ ਹੈ, ਹਜ਼ਾਰਾਂ ਹੋਰ ਪਰਿਵਾਰਾਂ ਤੇ ਨਹੀਂ ਬਲਕਿ ਲੱਖਾਂ ਹੋਰ ਪਰਿਵਾਰਾਂ ਤੇ ਲੱਗਾ ਹੈ, ਇਸ ਦਾ ਜ਼ਰੂਰ ਕੋਈ ਨਾ ਕੋਈ ਹੱਲ ਕਰਾਂਗੇ। ਸਪੀਕਰ ਸਾਹਿਬ, ਇਹ ਬੜਾ ਅਹਿਮ ਮੁੱਦਾ ਹੈ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਕੈਂਸਰ ਟਰੀਟਮੈਂਟ ਲਈ ਸਪੈਸ਼ਲ ਅਰੇਂਜਮੈਂਟ ਕਰ ਰਹੇ ਹਨ। ਇਨ੍ਹਾਂ ਨੇ ਦੋ ਦੱਸੇ ਹਨ : ਬਠਿੰਡਾ ਤੇ ਬਾਬਾ ਫਰੀਦ ਯੂਨੀਵਰਸਿਟੀ। ਤੀਸਰਾ ਇਹ ਅੰਮ੍ਰਿਤਸਰ ਹੈ ਜਾਂ ਕਿਤੇ ਹੋਰ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਅੰਮ੍ਰਿਤਸਰ ਕੀਤਾ ਹੈ। ਅੰਮ੍ਰਿਤਸਰ ਕਾਲਜ ਵਿੱਚ ਕੀਤਾ ਹੈ। ਤੁਸੀਂ ਜਾ ਕੇ ਵੇਖ ਕੇ ਆਓ ਕਿ ਕਿੰਨਾ ਪੈਸਾ ਖਰਚ ਕੀਤਾ ਹੈ। ਵੇਖ ਕੇ ਆਇਓ ਤੇ ਫਿਰ ਮੈਨੂੰ ਟੈਲੀਫੋਨ ਕਰਿਓ ਕਿ ਤੁਹਾਡੀ ਤਸੱਲੀ ਹੈ ਜਾਂ ਨਹੀਂ? ਇੱਕ ਮੈਂ ਹੋਰ

[ਮੁੱਖ ਮੰਤਰੀ]

ਦੱਸਣਾ ਚਾਹੁੰਦਾ ਹਾਂ ਕਿ ਤੁਹਾਡੀਆਂ ਬਟਾਲੇ ਦੀਆਂ ਜੋ ਬਿਮਾਰੀਆਂ ਹਨ, ਉਸ ਦਾ ਮੈਨੂੰ ਪਤਾ ਹੈ। ਤੁਹਾਡਾ ਬਟਾਲਾ ਸ਼ਹਿਰ ਇੰਡਸਟਰੀ ਵਿੱਚ ਕਿਉਂ ਫੇਲ੍ਹ ਹੋਇਆ। ਤੁਹਾਨੂੰ ਵੀ ਪਤਾ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਬੜਾ ਗਲਤ ਫੈਸਲਾ ਲਿਆ। ਜਿਹੜੀ ਫਰੇਟ ਇਕੂਲਾਈਜ਼ੇਸ਼ਨ ਸੀ, ਅੱਗੇ ਹੁੰਦਾ ਸੀ ਕਿ ਰਾਅ ਮੈਟੀਰੀਅਲ ਕਿਤੋਂ ਆਉਂਦਾ ਹੈ, ਬੰਗਾਲ ਤੋਂ ਆਉਂਦਾ ਸੀ, ਭਾਵੇਂ ਕਲਕੱਤੇ ਤੋਂ ਆਉਂਦਾ ਸੀ, ਉਸ ਦਾ ਕਿਰਾਇਆ ਇੱਕੋ ਜਿਹਾ ਹੁੰਦਾ ਸੀ, ਉਦੋਂ ਬਟਾਲਾ ਬੜੀ ਤਰੱਕੀ ਤੇ ਸੀ। ਸੈਂਟਰ ਦੀ ਕਾਂਗਰਸ ਸਰਕਾਰ ਨੇ ਫੈਸਲਾ ਕਰ ਦਿੱਤਾ ਕਿ ਜਿੰਨਾ ਕਿਰਾਇਆ ਬਣਦਾ ਹੈ, ਉਨ੍ਹਾਂ ਦਿੱਤਾ ਜਾਵੇ। ਹੁਣ ਇੰਨਾ ਕਿਰਾਇਆ ਪੰਜਾਬ ਵਾਲਿਆਂ ਤੋਂ ਦਿੱਤਾ ਨਹੀਂ ਜਾਂਦਾ। ਨਾ ਇੱਥੋਂ ਦੀ ਕਾਂਗਰਸ ਦਾ ਕਸੂਰ ਹੈ, ਨਾ ਮੇਰਾ ਕਸੂਰ ਹੈ। ਉਨ੍ਹਾਂ ਨੂੰ ਜਾ ਕੇ ਫੜੋ ਤੇ ਗਵਰਨਰ ਸਾਹਿਬ ਨੂੰ ਵੀ ਆਖੋ ਕਿ ਉਸ ਦਾ ਇਲਾਜ ਕਰਵਾਉਣ। ਮੇਰਾ ਵੀ ਫਾਇਦਾ ਹੋ ਜਾਵੇਗਾ।

ਸਪੀਕਰ ਸਾਹਿਬ, ਇੱਕ ਬਹੁਤ ਵੱਡਾ ਮੁੱਦਾ ਜਿਸ ਬਾਰੇ ਮੈਂ ਕਹਿ ਸਕਦਾ ਹਾਂ ਕਿ ਸਾਡੇ ਹਾਊਸ ਵਿੱਚ ਚੌਧਰੀ ਸਾਹਿਬ ਬੜੀ ਬਰੀਕੀ ਨਾਲ ਜਾਣਦੇ ਹਨ। ਮੈਂ ਵੀ ਉਸ ਤੇ ਐਗਰੀ ਕਰਦਾ ਹਾਂ। ਐਗਰੀਕਲਚਰ ਪੰਜਾਬ ਦਾ ਸਭ ਤੋਂ ਇੰਪਾਰਟੈਂਟ ਸੈਕਟਰ ਹੈ। 30% ਇਨਕਮ ਟੈਕਸ ਸਟੇਟ ਨੂੰ ਇਸ ਤੋਂ ਆਉਂਦੀ ਹੈ। 65 ਪ੍ਰਤੀਸ਼ਤ ਲੋਕ ਇਸ ਤੇ ਨਿਰਭਰ ਕਰਦੇ ਹਨ ਔਰ ਇਹ ਨਾ ਕਿਹਾ ਜਾਵੇ ਕਿ ਅਸੀਂ ਐਗਰੀਕਲਚਰ ਵਾਸਤੇ ਕੁਝ ਨਹੀਂ ਕਰ ਰਹੇ। ਸਭ ਤੋਂ ਵੱਧ ਇਹ ਹੈ ਕਿ ਜਿਵੇਂ ਹੌਲੀ-ਹੌਲੀ ਪੰਜਾਬ ਨੰਬਰ ਇੱਕ ਤੇ ਆ ਰਿਹਾ ਹੈ, ਜਿਵੇਂ ਹੈਲਥ ਵਿੱਚ ਆ ਗਿਆ, ਐਜੂਕੇਸ਼ਨ ਵਿੱਚ ਆ ਗਿਆ, ਐਗਰੀਕਲਚਰ ਵਿੱਚ ਵੀ ਨੰਬਰ ਵੰਨ ਹੈ। ਔਰ ਇਹ ਨਹੀਂ ਕਿ ਸਾਨੂੰ ਕਿਸੇ ਨੇ ਮੱਦਦ ਕੀਤੀ ਹੈ। ਇਹ ਆਪਣੇ ਇਨੀਸ਼ੀਏਟਿਵ ਨਾਲ ਹੋਇਆ ਹੈ ਔਰ ਫਾਰਮਰਜ਼ ਦੇ ਇਨੀਸ਼ੀਏਟਿਵ ਨਾਲ ਹੋਇਆ ਹੈ। ਸਾਨੂੰ ਕ੍ਰਿਸ਼ੀ ਕਰਮਣ ਅਵਾਰਡ ਰਿਕਾਰਡ ਫੂਡ ਗਰੇਨਜ਼ ਵਾਸਤੇ ਪਹਿਲੇ ਨੰਬਰ ਤੇ ਮਿਲਿਆ ਹੈ। ਨੈਸ਼ਨਲ ਅਵਾਰਡ ਸਾਨੂੰ ਮਿਲਿਆ ਹੈ ਜਿਹੜਾ ਕਿ ਐਗਰੀਕਲਚਰ ਵਾਸਤੇ ਸਭ ਤੋਂ ਵਧੀਆ ਪਰਫਾਰਮੈਂਸ ਵਾਸਤੇ ਹੈ। ਇਹ ਠੀਕ ਹੈ ਕਿ ਪੁਰਾਣਾ ਬੈਕਲਾਗ ਇੰਨਾ ਪਿਆ ਹੈ ਕਿ ਮੈਂ ਇਕੱਲਾ ਕਿਵੇਂ ਸਾਰਾ ਕਰ ਦਿਆਂ। ਇੱਕ ਕਿਸੇ ਦੇ ਘਰੇ ਮਾਂਹ ਦੀ ਦਾਲ ਬਣੀ ਸੀ। ਬਾਪੂ ਬੁੱਢਾ ਸੀ, ਮੇਰੇ ਵਰਗਾ ਹੋਣਾ ਹੈ। ਉਸ ਨੂੰ ਸਾਰੇ ਆਖਣ ਬਾਪੂ ਤੂੰ ਮਾਂਹ ਖਾਇਆ ਕਰ। ਉਹ ਕਹਿੰਦਾ ਮੈਂ ਖਾ ਤਾਂ ਲਵਾਂ ਪਰ ਸਾਰਾ ਟੱਬਰ ਖਾਏਗਾ ਤਾਂ ਹੀ ਇਹ ਮੁੱਕੇਗੀ। ਤੁਸੀਂ ਸਾਰਾ ਮੇਰੇ ਤੇ ਇਲਜ਼ਾਮ ਲਗਾਉਂਦੇ ਹੋ ਪਰ ਜਿਹੜੇ ਤੁਹਾਡੇ ਪੁਰਾਣੇ ਮਾਂਹ ਪਏ ਹਨ, ਉਹ ਮੈਂ ਸਾਰੇ ਕਿਵੇਂ ਖਾਵਾਂ? ਮੈਂ ਜਿੰਨਾ ਕੁ ਥੋੜ੍ਹੇ ਸਾਲਾਂ ਵਿੱਚ ਕਰ ਸਕਦਾ ਸੀ, ਕਰਿਆ ਹੈ। ਅਗਾਂਹ ਨੂੰ ਹੋਰ ਕਰਾਂਗਾ। ਐਗਰੀਕਲਚਰ ਵਿੱਚ ਇਹ ਇਨਾਮ ਮਿਲਿਆ ਹੈ। ਸਪੀਕਰ ਸਾਹਿਬ, ਮੈਂ ਬੜੇ ਫਖਰ ਨਾਲ ਕਹਿੰਦਾ ਹਾਂ, ਚੌਧਰੀ ਸਾਹਿਬ, ਤੁਹਾਨੂੰ ਤਾਂ ਪਤਾ ਹੀ ਹੈ - ਬਾਰਲੋਗ ਇੰਸਟੀਚਿਊਟ-ਬਾਰਲੋਗ ਬਹੁਤ ਵੱਡਾ ਸਾਇੰਟਿਸਟ ਹੋਇਆ ਹੈ, ਉਸ ਦੇ ਨਾਮ ਤੇ ਹਿੰਦੁਸਤਾਨ ਵਿੱਚ ਇੱਕ ਇੰਸਟੀਚਿਊਟ ਦੇਣਾ ਸੀ। ਇਹ ਬਾਹਰਲੀ ਸਾਰੀ ਦੁਨੀਆਂ ਵਲੋਂ ਦੇਣਾ ਸੀ ਅਤੇ ਮੈਂ ਕੋਸ਼ਿਸ਼ ਕੀਤੀ ਔਰ ਇਹ ਬਾਰਲੋਗ ਇੰਸਟੀਚਿਊਟ

ਪੰਜਾਬ ਨੂੰ ਅੱਜ ਮਿਲ ਗਿਆ ਹੈ ਅਤੇ ਲੁਧਿਆਣੇ ਵਿੱਚ ਸ਼ੁਰੂ ਹੋ ਗਿਆ ਹੈ। (ਥੰਪਿੰਗ) ਚੌਧਰੀ ਸਾਹਿਬ, ਤਾੜੀ ਮਾਰ ਦਿਓ।

ਸ਼੍ਰੀ ਸੁਨੀਲ ਜਾਖੜ (ਬੈਠੇ-ਬੈਠੇ) : ਮੈਂ ਤਾਂ ਸਾਲ ਪਹਿਲਾਂ ਹੀ ਵਧਾਈ ਦੇ ਦਿੱਤੀ ਸੀ, ਤੁਸੀਂ ਭੁੱਲ ਗਏ ਹੋ।

ਮੁੱਖ ਮੰਤਰੀ : ਥੈਂਕ ਯੂ ਜੀ। ਇੱਡਾ ਵੱਡਾ ਇੰਸਟੀਚਿਊਟ ਹੈ ਕਿ ਕਾਇਆ ਕਲਪ ਹੋ ਜਾਵੇਗੀ, ਸੈਕਿੰਡ ਗਰੀਨ ਰੈਵੋਲਿਊਸ਼ਨ ਆ ਜਾਵੇਗਾ। ਇਹ ਇੱਕ ਲੰਮੀ ਕਹਾਣੀ ਹੈ। ਮੱਕੀ ਅਤੇ ਕਣਕ ਦੀ ਪ੍ਰੋਡੱਕਸ਼ਨ ਵਧਾਉਣ ਵਾਸਤੇ ਹੋਣਾ ਹੈ। ਉਸ ਤੇ ਉਨ੍ਹਾਂ ਨੇ ਕੰਮ ਸ਼ੁਰੂ ਕੀਤਾ ਹੈ। 500 ਕਰੋੜ ਜ਼ਮੀਨ ਅਸੀਂ ਫਰੀ ਦਿੱਤੀ ਹੈ। ਸਾਡੇ ਕੋਲ ਜ਼ਮੀਨਾਂ ਘੱਟ ਹਨ, ਸੈਂਟਰ ਦੇਣ ਬਾਰੇ ਕਿਹਾ ਗਿਆ ਕਿ ਤਾਂ ਦਿਆਂਗੇ ਜੇ ਤੁਸੀਂ ਜ਼ਮੀਨ ਦਿਓਗੇ। ਅਸੀਂ ਕਿਹਾ ਲੈ ਲਓ, ਹੁਣ ਜਵਾਬ ਤਾਂ ਨਹੀਂ ਦਿੰਦੇ। ਤੁਹਾਨੂੰ ਮੈਂ ਇੱਕ ਗੱਲ ਹੋਰ ਦੱਸਾਂ, ਚੌਥੇ ਹੀ ਹੋਈ ਹੈ। ਸਾਰੇ ਨਾਰਦਰਨ ਇੰਡੀਆ ਵਿੱਚ ਮਿਲਟਰੀ ਸਿਲੈਕਸ਼ਨ ਬੋਰਡ ਕੋਈ ਨਹੀਂ ਸੀ। ਨਾਰਦਨ ਇੰਡੀਆ ਦੀਆਂ ਸਾਰੀਆਂ ਸਟੇਟਾਂ ਵਿੱਚ ਨਹੀਂ ਸੀ। ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਉਹ ਸਾਨੂੰ ਮਿਲ ਗਿਆ ਹੈ। (ਥੰਪਿੰਗ) ਜਿਹੜੀ ਸਾਡੀ ਪਹਿਲੀ ਕੈਬਨਿਟ ਮੀਟਿੰਗ ਹੋਈ ਹੈ, ਉਸ ਦੇ ਵਿੱਚ ਕੈਬਨਿਟ ਨੇ 200 ਏਕੜ ਜ਼ਮੀਨ ਪਾਸ ਕਰਕੇ ਰੋਪੜ ਦੇ ਦਿੱਤੀ ਹੈ। (ਥੰਪਿੰਗ) ਕਿੱਡੀ ਵੱਡੀ ਗੱਲ ਹੈ? ਇਸ ਤਰ੍ਹਾਂ ਦੀਆਂ ਦਰਜਨਾਂ ਗੱਲਾਂ ਅਸੀਂ ਕੀਤੀਆਂ ਹਨ ਪਰ ਮੈਂ ਭੁੱਲ ਜਾਂਦਾ ਹਾਂ। ਐਗਰੀਕਲਚਰ ਵਿੱਚ ਅਸੀਂ ਇੰਨਾ ਕੁਝ ਕਰਦੇ ਹਾਂ। ਤੁਸੀਂ ਸੋਚਿਆ ਕਰੋ ਕਿ ਕੀ ਐਗਰੀਕਲਚਰ ਵਿੱਚ ਸਾਡੇ ਨਾਲ ਸਟੈਪ ਮਦਰਲੀ ਟਰੀਟਮੈਂਟ ਨਹੀਂ ਹੈ? ਐਮ.ਐਸ.ਪੀ. ਸਾਨੂੰ ਪੂਰੀ ਨਹੀਂ ਦਿੱਤੀ ਜਾਂਦੀ। ਫਾਰਮਰਜ਼ ਦਾ ਡੈੱਟ ਵੱਧ ਰਿਹਾ ਹੈ। ਸਵਾਮੀ ਨਾਥਨ, ਜਿਹੜਾ ਇੱਕ ਸਭ ਤੋਂ ਵੱਡਾ ਸਾਇੰਟਿਸਟ ਹੋਇਆ ਹੈ, ਉਸ ਨੇ ਐਮ.ਐਸ.ਪੀ. ਦੇ ਸਿਲਸਿਲੇ ਵਿੱਚ ਕਿਹਾ ਹੈ ਕਿ ਜਿੰਨਾ ਖਰਚਾ ਹੁੰਦਾ ਹੈ, ਉਸ ਦਾ 50 ਪ੍ਰਤੀਸ਼ਤ ਹੋਰ ਦਿਓ। ਨਾ ਸਵਾਮੀ ਨਾਥਨ ਦੀ ਮੰਨਦੇ ਹਨ, ਨਾ ਪੰਜਾਬ ਸਰਕਾਰ ਦੀ ਮੰਨਦੇ ਹਨ, ਨਾ ਕਿਸਾਨ ਦੀ ਮੰਨਦੇ ਹਨ, ਧੱਕੇ ਨਾਲ 50 ਰੁ ਰੁਪਏ ਵਧਾ ਦਿੰਦੇ ਹਨ। ਕੀ ਕਰਾਂਗੇ ਆਪਾਂ? ਜੇਕਰ ਤੁਸੀਂ ਮੇਰੀ ਥਾਂ ਹੋਵੋ ਤਾਂ ਕੀ ਤੁਸੀਂ ਕਰ ਲਵੋਗੇ? ਐਗਰੀਕਲਚਰ ਦਾ ਤਾਂ ਹੀ ਕੁਝ ਹੋ ਸਕਦਾ ਹੈ ਜੇਕਰ ਐਗਰੀਕਲਚਰ ਦੀ ਇਨਕਮ ਵਧੇਗੀ ਅਤੇ ਖਰਚੇ ਘਟਣਗੇ। ਅੱਜ ਇਹ ਸਬਜੈਕਟ ਸਟੇਟ ਦਾ ਸਬਜੈਕਟ ਹੈ ਲੇਕਿਨ ਸਾਨੂੰ ਭਾਅ ਮਿਥਣ ਵੇਲੇ ਪੁੱਛਿਆ ਵੀ ਨਹੀਂ ਜਾਂਦਾ। ਐਮ.ਐਸ.ਪੀ. ਆਪ ਮੁਕੱਰਰ ਕਰਦੇ ਹਨ। ਡੀਜ਼ਲ ਦਾ ਭਾਅ ਉਹ ਮੁਕੱਰਰ ਕਰਦੇ ਹਨ, ਖਾਦਾਂ ਦੇ ਭਾਅ ਉਹ ਮੁਕੱਰਰ ਕਰਦੇ ਹਨ। ਆਪਾਂ ਕੀ ਕਰ ਸਕਦੇ ਹਾਂ? ਇਹ ਸਾਡੇ ਨਾਲ ਸਟੈਪ ਮਦਰਲੀ ਟਰੀਟਮੈਂਟ ਹੈ। ਹੁਣ ਇੱਕ ਨਵੀਂ ਪਾਲਿਸੀ ਬਣਾ ਰਹੇ ਹਨ। ਇਹ ਬੜੀ ਖਤਰਨਾਕ ਹੈ। ਚੌਧਰੀ ਸਾਹਿਬ, ਮੁਆਫ ਕਰਨਾ, ਤੁਸੀਂ ਵੀ ਨਾਲ ਜਾਣਾ। ਜਿਹੜੀ ਸਬਸਿਡੀ ਦੇਣੀ ਹੈ, ਉਹ ਕਹਿੰਦੇ ਕਿ ਕਿਸਾਨਾਂ ਨੂੰ ਸਿੱਧੀ ਦੇਣੀ ਹੈ ਔਰ ਇਹ ਜਿਹੜੇ ਬਿਲੋਅ ਪਾਵਰਟੀ ਲਾਈਨ ਕਿਸਾਨ ਹਨ, ਉਨ੍ਹਾਂ ਨੂੰ ਦੇਣੀ ਹੈ। ਮੇਰਾ ਮਤਲਬ ਹੈ, ਇਹ ਬਹਾਨਾ ਹੈ। ਸਬਸਿਡੀ ਇਨ੍ਹਾਂ ਨੇ ਬੰਦ ਕਰਨੀ ਹੈ। ਨਿਊਟਰੀਸ਼ਨਟ ਬੇਸਿਡ ਸਬਸਿਡੀ ਦੇਣੀ ਹੈ। ਇਹ ਕਿਸੇ ਬਹਾਨੇ ਨਾਲ ਸਾਡੇ ਗਲ ਦੇ ਵਿਚ ਹੋਰ ਫਾਹਾ ਪਾਉਣਾ

[ਮੁੱਖ ਮੰਤਰੀ]

ਚਾਹੁੰਦੇ ਹਨ, ਅਸੀਂ ਮਰ ਜਾਵਾਂਗੇ। ਇਸ ਦੇ ਲਈ ਮੈਂ ਤਾਂ ਜਾਣਾ ਹੀ ਜਾਣਾ ਹੈ, ਤੁਹਾਡਾ ਵੀ ਇੱਕ ਡੈਪੂਟੇਸ਼ਨ ਜਾਣਾ ਚਾਹੀਦਾ ਹੈ। ਚੌਧਰੀ ਸਾਹਿਬ ਤੁਸੀਂ ਤਾਂ ਸਮਝ ਰਹੇ ਹੋ, ਜੇ ਮੈਂ ਗਲਤ ਹਾਂ ਤਾਂ ਨਾ ਜਾਇਉ। ਤੁਹਾਨੂੰ ਸਬਸਿਡੀ ਦੇ ਸਿਲਸਿਲੇ ਵਿਚ ਜ਼ਰੂਰ ਉਥੇ ਜਾ ਕੇ ਗੱਲ ਕਰਨੀ ਚਾਹੀਦੀ ਹੈ, ਕਿਤੇ ਇਹ ਨਾ ਹੋਵੇ ਕਿ ਜਿਹੜੀ ਸਬਸਿਡੀ ਸਾਡੀ ਹੁਣ ਮਿਲ ਰਹੀ ਹੈ ਉਹ ਬੰਦ ਕਰ ਦਿੱਤੀ ਜਾਵੇ। ਅਮਰੀਕਾ ਵਰਗੇ ਦੇਸ਼ ਵਿਚ ਬਹੁਤ ਵੱਡੀਆਂ ਸਬਸਿਡੀਆਂ ਮਿਲਦੀਆਂ ਹਨ, ਸਾਰੇ ਥਾਵਾਂ ਤੇ ਸਬਸਿਡੀਆਂ ਮਿਲਦੀਆਂ ਹਨ, ਵੇਖੋ ਕਿਤੇ ਸਾਡੀ ਸਬਸਿਡੀ ਬੰਦ ਨਾ ਹੋ ਜਾਵੇ। ਇੱਕ ਸਾਨੂੰ ਮਿਲਦਾ ਹੈ ਆਰ.ਕੇ.ਵੀ. ਵਾਈ, ਐਗਰੀਕਲਚਰ ਦਾ, ਉਸ ਦਾ ਫਾਰਮੂਲਾ ਜਿਹੜਾ ਹੈ ਕਿ 50 ਪ੍ਰਤੀਸ਼ਤ ਤਾਂ ਪਹਿਲਾਂ ਹੀ ਪਾਸੇ ਕੱਢ ਲੈਂਦੇ ਹਨ। ਜੇ 100 ਰੁਪਿਆ ਵੰਡਣਾ ਹੋਵੇ ਤਾਂ 50 ਵਾਲੇ ਦੇ ਵਿਚੋਂ ਤਾਂ ਸਾਨੂੰ ਮਿਲਦਾ ਹੀ ਕੁਝ ਨਹੀਂ ਹੈ, ਇਹ ਹੈ ਕਿ ਜਿਹੜੇ ਇਲਾਕੇ ਅਜੇ ਅਨਇਰੀਗੇਟਿਡ ਹਨ ਉਨ੍ਹਾਂ ਨੂੰ ਉਸ ਕਿੱਟੀ ਦੇ ਵਿਚ 20 ਪ੍ਰਤੀਸ਼ਤ ਦੇਣਾ ਹੈ ਤੇ ਜਿਨ੍ਹਾਂ ਦੀ ਪ੍ਰੋਡੱਕਟੀਵਿਟੀ ਵੱਧ ਹੈ ਉਨ੍ਹਾਂ ਨੂੰ 30 ਪ੍ਰਤੀਸ਼ਤ ਦੇਣਾ ਹੈ, 50 ਪ੍ਰਤੀਸ਼ਤ ਤਾਂ ਕੱਢ ਹੀ ਲਿਆ, ਉਸ ਦੇ ਵਿਚੋਂ ਸਾਨੂੰ ਦੁਆਨੀ ਨਹੀਂ ਦੇਣੀ। ਬਾਕੀ ਜਿਹੜਾ 50 ਪ੍ਰਤੀਸ਼ਤ ਹੈ ਉਸ ਦੇ ਵਿਚੋਂ ਸਾਨੂੰ ਥੋੜ੍ਹਾ ਜਿਹਾ ਦੇ ਦਿੰਦੇ ਹਨ ਤੇ ਸਾਡਾ ਮੂੰਹ ਪੂੰਝ ਦਿੰਦੇ ਹਨ। ਐਗਰੀਕਲਚਰਲ ਵਾਸਤੇ ਤਾਂ ਘੱਟੋ-ਘੱਟ ਸਾਨੂੰ ਦਿਉ, ਦੇਸ਼ ਵਾਸਤੇ ਦਿਉ, ਇਸ ਦੇ ਕੀ ਸਾਡੇ ਤੇ ਕੱਟ ਲਗਦੇ ਹਨ। ਤੁਸੀਂ ਹੈਰਾਨ ਹੋਵੋਗੇ ਕਿ ਕਣਕ ਪੈਦਾ ਅਸੀਂ ਕਰਦੇ ਹਾਂ ਤੇ ਨੈਸ਼ਨਲ ਫੂਡ ਸਕਿਉਰਿਟੀ ਮਿਸ਼ਨ ਹੈ ਉਸ ਦੇ ਤਹਿਤ ਸਾਡੇ ਸਿਰਫ 19 ਜ਼ਿਲ੍ਹੇ ਲਏ ਹਨ ਕੀ ਪੰਜਾਬ ਦੇ ਸਾਰੇ ਜ਼ਿਲ੍ਹੇ ਨਹੀਂ ਲੈਣੇ ਚਾਹੀਦੇ? ਐਤਕੀਂ ਉਨ੍ਹਾਂ ਨੇ ਨਾਰਥ ਈਸਟ ਸਟੇਟਾਂ ਨੂੰ ਹਰੀ ਕ੍ਰਾਂਤੀ ਦੇ ਲਈ ਪੈਸੇ ਦਿੱਤੇ ਹਨ। ਤੁਸੀਂ ਬਜਟ ਪੜ੍ਹਿਆ ਹੋਵੇਗਾ, ਮੈਂ ਪੜ੍ਹਿਆ ਹੈ। To maintain green revolution ਸਾਨੂੰ ਵੀ ਦੇਣੇ ਚਾਹੀਦੇ ਹਨ, ਪਰ ਸਾਨੂੰ ਕੱਟ ਦਿੱਤਾ। ਸਪੀਕਰ ਸਾਹਿਬ, ਜਿਹੜਾ ਤਾਂ ਅਸੀਂ ਕਰ ਸਕਦੇ ਸੀ, ਸਬਸਿਡੀ ਵੀ ਦਿੰਦੇ ਹਾਂ, ਐਗਰੋ ਸੈਂਟਰ ਵੀ ਖੋਲ੍ਹਦੇ ਹਾਂ, ਇਸੇ ਤਰ੍ਹਾਂ ਡਰਿੱਪ ਇਰੀਗੇਸ਼ਨ, ਸਪਰਿੰਕਲਰ ਇਰੀਗੇਸ਼ਨ, ਖੂਹਾਂ ਦੀਆਂ ਪਾਈਪਾਂ ਤੇ 90 ਪ੍ਰਤੀਸ਼ਤ ਸਬਸਿਡੀ ਅਸੀਂ ਦਿੰਦੇ ਹਾਂ। ਜੇ ਕੋਈ ਟੈਂਕ ਬਣਾਉਣਾ ਹੋਵੇ ਤਾਂ 10 ਲੱਖ ਰੁਪਿਆ ਉਨ੍ਹਾਂ ਕਮੇਟੀ ਵਾਲਿਆਂ ਨੂੰ ਮਿਲਿਆ ਹੈ। ਇਸੇ ਤਰ੍ਹਾਂ ਸਬਜ਼ੀਆਂ ਵਾਸਤੇ ਸਿਟਰਸ ਸਕੇਅਰਜ਼ ਬਣਾਈਆਂ ਹਨ, ਇਹ ਮਤਲਬ ਹੈ ਕਿ ਅਸੀਂ ਤਾਂ ਐਗਰੀਕਲਚਰ ਵਾਸਤੇ ਆਪਣੀ ਜਾਨ ਦੇਣ ਨੂੰ ਤਿਆਰ ਹਾਂ ਪਰ ਜਿਹੜਾ ਸਾਨੂੰ ਸੈਂਟਰ ਸਰਕਾਰ ਨੇ ਫਾਹਾ ਦਿੱਤਾ ਹੈ ਉਸ ਦੇ ਵਾਸਤੇ ਤੁਸੀਂ ਕਹੋ ਕਿ ਤੁਸੀਂ ਥੋੜ੍ਹਾ ਬਹੁਤ ਰਹਿਮ ਕਰੋ, ਦੇਸ਼ ਤੇ ਵੀ ਰਹਿਮ ਕਰੋ।

ਅਖੀਰ ਵਿੱਚ ਵੀਰੋ, ਸੜਕਾਂ ਦਾ ਵੀ ਆ ਗਿਆ, ਇਥੇ ਬੜਾ ਕੁੱਝ ਕਿਹਾ ਗਿਆ ਹੈ, ਕਿੰਨੀਆਂ 6 ਲਾਈਨਾਂ ਵਾਲੀਆਂ ਹਨ, ਕਿੰਨੀਆਂ ਚਾਰ ਮਾਰਗੀ ਹੋਈਆਂ ਹਨ, ਹੋ ਰਹੀਆਂ ਹਨ, ਹਾਈ ਲੈਵਲ ਬਰਿਜਜ਼ ਬਾਰੇ ਮੇਰੇ ਕੋਲ ਦਰਜਨਾਂ ਦੀ ਲਿਸਟ ਹੈ ਪਰ ਮੈਂ ਤੁਹਾਡਾ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ।

ਹੁਣ ਐਕਸਾਈਜ਼ ਟੈਕਸੇਸ਼ਨ ਦੀਆਂ ਆਮਦਨੀਆਂ ਕਿੰਨੀਆਂ ਵਧਾਈਆਂ ਹਨ। ਮੇਰਾ ਬੜਾ ਜੀਅ ਕਰਦਾ ਸੀ ਕਿ ਬਹੁਤ ਸਾਰੇ ਕਨਸੈਸ਼ਨਜ਼ ਦੇ ਬਾਰੇ ਦੱਸਾਂ।

ਟੈਕਨੀਕਲ ਐਜੂਕੇਸ਼ਨ ਦੇ ਵਾਸਤੇ ਮੈਂ ਵਧਾਈ ਦਿੰਦਾ ਹਾਂ ਜਿਹੜਾ ਵਾਈਸ ਚਾਂਸਲਰ, ਟੈਕਨੀਕਲ ਯੂਨੀਵਰਸਿਟੀ, ਜਲੰਧਰ ਦਾ ਹੈ, ਜਲੰਧਰ ਦੇ ਐਮ.ਐਲ.ਏ. ਤੁਹਾਡੇ ਵਾਲੇ ਪਾਸੇ ਤੋਂ ਹੈ ਹੀ ਨਹੀਂ, ਉਹ ਕਿੰਨਾ ਵਧੀਆ ਬੰਦਾ ਹੈ। ਜਿੰਨੇ ਉਨ੍ਹਾਂ ਨੇ ਇਨੀਸ਼ੀਏਟਿਵ ਲਏ ਹਨ, ਜਿੰਨਾ ਉਨ੍ਹਾਂ ਨੇ ਆਪਣੇ ਤੌਰ ਤੇ ਕੀਤਾ ਹੈ, ਸਾਡੀ ਵੀ ਸੋਚ ਨਹੀਂ ਜਿਹੜਾ ਉਨ੍ਹਾਂ ਨੇ ਕੀਤਾ ਹੈ। ਉਨ੍ਹਾਂ ਨੇ ਨਵੇਂ ਕੰਪਲੈਕਸ ਸ਼ੁਰੂ ਕੀਤੇ ਹਨ, ਜਿੱਥੇ 10+2 ਦਾ ਸਕੂਲ ਵੀ ਇਕੋ ਜਗ੍ਹਾ ਹੋਵੇਗਾ, ਪਾਲੈਟੈਕਨਿਕ ਹੋਵੇਗਾ, ਇੰਜੀਨੀਅਰਿੰਗ ਵੀ ਹੋਵੇਗਾ, ਇਸ ਤਰ੍ਹਾਂ ਦਾ ਉਨ੍ਹਾਂ ਨੇ ਕੀਤਾ ਹੈ। ਇੰਡੀਅਨ ਸਕੂਲ ਆਫ ਟੈਕਨਾਲੋਜੀ ਅਸੀਂ ਰੋਪੜ ਖੋਲ੍ਹ ਦਿੱਤਾ ਹੈ, ਉਥੇ ਜ਼ਮੀਨ ਪਈ ਸੀ ਤਾਂ ਖੁਲ੍ਹ ਗਿਆ। ਸਾਡੇ ਲਈ ਤਾਂ ਮਾਝਾ, ਦੁਆਬਾ ਤੇ ਮਾਲਵਾ ਇੱਕੋ ਜਿਹਾ ਹੀ ਹੈ, ਇਸ ਕਰਕੇ ਉਨ੍ਹਾਂ ਤੇ ਸਾਰੇ ਕੰਮ ਸ਼ੁਰੂ ਹੋ ਜਾਣਗੇ। ਇੱਕ ਬੜੀ ਨਵੀਂ ਚੀਜ਼ ਹੁਣ ਕੀਤੀ ਹੈ, ਟੈਕਸਟਾਈਲ ਇੰਸਟੀਚਿਊਸ਼ਨ, ਇੰਸਟੀਚਿਊਟ ਆਫ ਟੈਕਸਟਾਈਲ ਟੈਕਨਾਲੋਜੀ, ਇੰਸਟੀਚਿਊਟ ਆਫ ਫੂਡ ਟੈਕਨਾਲੋਜੀ, ਟੈਕਨੀਕਲ ਟੀਚਰ ਟਰੇਨਿੰਗ ਇੰਸਟੀਚਿਊਟ ਸਾਰਾ ਬਣ ਰਿਹਾ ਹੈ। ਇਸੇ ਤਰ੍ਹਾਂ ਹੋਰ ਵੀ ਬੜੀਆਂ ਚੀਜ਼ਾਂ, ਜਿਸ ਦੇ ਵਿਚ ਏਅਰਪੋਰਟ ਕਿੰਨੇ ਆ ਗਏ, ਇਹ ਯਾਦਗਾਰਾਂ, ਇਹ ਯਾਦਗਾਰਾਂ ਕੋਈ ਇਕੱਲੇ ਸਿੱਖਾਂ ਦੀਆਂ ਨਹੀਂ ਹਨ, ਵੇਖੋ ਬਾਬਾ ਬੰਦਾ ਸਿੰਘ ਬਹਾਦਰ ਜੀ ਸਿੱਖ ਅਖਵਾਉਂਦੇ ਸਨ, ਇਹ ਲੋਅਰ ਕਮਿਊਨਿਟੀ ਦੇ ਸਨ, ਉਦੋਂ ਸਾਰਾ ਦੇਸ਼ ਗੁਲਾਮ ਸੀ। ਬਾਬਾ ਬੰਦਾ ਸਿੰਘ ਬਹਾਦਰ ਜੀ ਵੇਲੇ ਸਾਰਾ ਦੇਸ਼ ਗੁਲਾਮ ਸੀ, ਪਹਿਲੀ ਜਿਹੜੀ ਹਿੰਦੁਸਤਾਨ ਦੀ ਅਜ਼ਾਦੀ ਲੈ ਕੇ ਦਿੱਤੀ ਹੈ ਉਹ ਬੰਦਾ ਸਿੰਘ ਬਹਾਦਰ ਜੀ ਨੇ ਲੈ ਕੇ ਦਿੱਤੀ ਹੈ। ਫਤਹਿਗੜ੍ਹ ਸਾਹਿਬ ਦੇ ਐਮ.ਐਲ.ਏ. ਸਾਹਿਬ, ਉਥੇ ਯਾਦਾਗਰ ਬਣਾਈ ਹੈ, ਤੁਸੀਂ ਵੇਖ ਕੇ ਆਓ ਕਿ ਕਿੰਨੀ ਵੱਡੀ ਯਾਦਗਾਰ ਬਣਾਈ ਹੈ।

ਇਸੇ ਤਰ੍ਹਾਂ ਇੰਡਸਟਰੀ ਦੀ ਗੱਲ ਲੈ ਲਓ। ਸਾਡਾ ਐਗਰੀਕਲਚਰ ਸੈਚੂਰੇਟਿਡ ਪੁਆਇੰਟ ਤੇ ਆ ਗਿਆ ਹੈ। ਇੰਡਸਟਰੀ ਕਿਉਂ ਭੱਜਦੀ ਹੈ ਇਸ ਬਾਰੇ ਤੁਹਾਨੂੰ ਵੀ ਪਤਾ ਹੈ ਅਤੇ ਸਾਨੂੰ ਵੀ ਪਤਾ ਹੈ। ਇਹ ਜਾਣ ਬੁੱਝ ਕੇ ਭਜਾ ਦਿੰਦੇ ਹਨ। ਜਿਹੜਾ ਹੈ ਸੀ ਉਹ ਰਹਿੰਦੀ-ਖੂੰਹਦੀ ਦਾ ਤੁਸੀਂ ਕੀ ਹਾਲ ਕੀਤਾ? ਰਿਫਾਇਨਰੀ ਤੁਸੀਂ ਭਜਾ ਦਿੱਤੀ, ਕੁਝ ਦਿੱਲੀ ਨੇ ਭਜਾ ਦਿੱਤੀ, ਕੁਝ ਪੰਜਾਬ ਵਾਲਿਆਂ ਨੇ ਭਜਾ ਦਿੱਤੀ। ਜਿਵੇਂ ਗੜ੍ਹੇ ਪਏ ਬਿਜਲੀ ਫੇਰ ਲਿਸ਼ਕੀ ਜਾਵੇ। ਗੜ੍ਹਿਆਂ ਨੇ ਬੜਾ ਨੁਕਸਾਨ ਕੀਤਾ ਸੀ। ਸਾਡੇ ਇੱਕ ਜ਼ਿਮੀਦਾਰ ਹੈ। ਮੈਂ ਉਸ ਨੂੰ ਕਿਹਾ ਕਿ ਬਿਜਲੀ ਲਿਸ਼ਕੀ ਜਾਂਦੀ ਹੈ। ਉਹ ਕਹਿੰਦਾ ਹੈ ਕਿ ਰੱਬ ਦੇਖਦਾ ਹੈ ਕਿਤੇ ਕੋਈ ਬਚ ਤਾਂ ਨਹੀਂ ਗਿਆ। ਇਸ ਕਰਕੇ ਹਿੰਦੁਸਤਾਨ ਵਾਲੇ ਦੇਖਦੇ ਹਨ ਕਿ ਪੰਜਾਬ ਵਿੱਚ ਕੁਝ ਬਚ ਤਾਂ ਨਹੀਂ ਗਿਆ। ਐਗਰੀਕਲਚਰ ਖ਼ਤਮ ਕਰ ਦਿੱਤਾ। ਐਮ.ਐਲ.ਏ. ਸਾਹਿਬ ਕਹਿੰਦੇ ਹਨ ਕਿ ਇੱਥੇ ਇੰਡਸਟਰੀ ਵਾਸਤੇ ਮਾਹੌਲ ਠੀਕ ਨਹੀਂ ਹੈ। ਤੁਸੀਂ ਵਰਲਡ ਬੈਂਕ ਦੀ ਰਿਪੋਰਟ ਪੜ੍ਹੋ। ਇਸ ਵਿਚ ਤੁਸੀਂ ਨੋਟ ਕਰਿਓ। ਲਿਖਿਆ ਹੈ, 'Business in India 2009, has rated Punjab State out of seven States as No. 1. (ਥੰਪਿੰਗ) ਅਸੀਂ ਇੱਥੇ ਮੈਗਾ ਪ੍ਰੋਜੈਕਟਸ ਵੀ ਦਿੱਤੇ ਹਨ ਅਤੇ

[ਮੁੱਖ ਮੰਤਰੀ]

ਹੋਰ ਵੀ ਬਹੁਤ ਕੁਝ ਦਿੱਤਾ ਹੈ। ਹੁਣ ਸਮਾਂ ਨਹੀਂ ਹੈ। ਤੁਹਾਡੇ ਸਾਹਮਣੇ ਟੈਕਸ ਹਾਲੀਡੇ ਵੀ ਦਿੱਤੇ ਹਨ। ਸਪੀਕਰ ਸਾਹਿਬ, ਨਵੀਆਂ ਪਾਲਿਸੀਆਂ ਵੀ ਬਣਾਈਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੱਥੇ ਗੰਨਾ ਜ਼ਿਆਦਾ ਹੁੰਦਾ ਹੈ ਜਾਂ ਕਪਾਹ ਜ਼ਿਆਦਾ ਹੁੰਦੀ ਹੈ, ਉਸ ਵਾਸਤੇ ਇੰਟੈਗ੍ਰੇਟਿਡ ਟੈਕਸਟਾਈਲ ਪਾਰਕ ਬਣਾਏ ਹਨ, ਇਹ ਸ਼ੁਰੂ ਹੋ ਗਏ ਹਨ, ਜਿੱਥੇ ਕਿ ਜਿੰਨਿੰਗ ਤੋਂ ਲੈ ਕੇ, ਮਤਲਬ ਰੂੰ ਇਕੱਠੀ ਕਰਨ ਤੋਂ ਲੈ ਕੇ ਕਪੜਾ ਬਣਨ ਤੱਕ ਦਾ ਪ੍ਰਾਸੈਸ ਹੁੰਦਾ ਹੈ। ਇੱਕ ਪਾਰਕ ਸ਼ੁਰੂ ਹੋ ਗਿਆ ਹੈ, ਅਜਿਹੇ ਚਾਰ ਟੈਕਸਟਾਈਲ ਪਾਰਕ ਖੁੱਲ੍ਹਣੇ ਹਨ। ਇਸੇ ਤਰ੍ਹਾਂ ਸ਼ੂਗਰ ਵਾਸਤੇ ਜਿੱਥੇ ਗੰਨਾ ਜ਼ਿਆਦਾ ਹੁੰਦਾ ਹੈ। ਉਸ ਵਾਸਤੇ ਸਰਦਾਰ ਅਮਰਿੰਦਰ ਸਿੰਘ ਜੀ ਦੇ ਦੋਸਤ ਹਨ...

ਸ਼੍ਰੀ ਸੁਨੀਲ ਜਾਖੜ : ਉਹ ਤੁਹਾਡੇ ਵੀ ਦੋਸਤ ਹਨ।

ਮੁੱਖ ਮੰਤਰੀ : ਸਾਡੇ ਕੋਈ ਦੋਸਤ ਨਹੀਂ ਹਨ। ਅਸੀਂ ਇਹੋ ਜਿਹੇ ਬੰਦੇ ਹੀ ਨਹੀਂ ਹਾਂ, ਅਜਿਹੇ ਲੋਕਾਂ ਨਾਲ ਦੋਸਤੀ ਪਾਉਣ ਵਾਲੇ। ਉਹ ਹੋਰ ਤਰ੍ਹਾਂ ਦੇ ਬੰਦੇ ਹਨ ਅਤੇ ਅਸੀਂ ਹੋਰ ਤਰ੍ਹਾਂ ਦੇ ਬੰਦੇ ਹਾਂ। ਸਾਨੂੰ ਤਾਂ, ਜਾਖੜ ਸਾਹਿਬ, ਤੁਹਾਡੇ ਵਰਗੇ ਦੋਸਤ ਚਾਹੀਦੇ ਹਨ। ਮੈਨੂੰ ਉਸ ਨੇ ਆਖਿਆ, ਕਾਲੀਆ ਸਾਹਿਬ ਬੈਠੇ ਹਨ, ਕਿ ਸਾਡਾ 300 ਕਰੋੜ ਰੁਪਏ ਦਾ ਪ੍ਰੋਜੈਕਟ ਹੈ। ਅਸੀਂ ਉਸੇ ਵਕਤ ਉਸ ਨੂੰ ਹਾਂ ਕਹਿ ਦਿੱਤੀ। ਉਨ੍ਹਾਂ ਨੇ ਗੰਨੇ ਤੋਂ ਪਹਿਲਾਂ ਖੰਡ ਬਣਾਉਣੀ ਹੈ, ਫੇਰ ਸ਼ਰਾਬ ਬਣਾਉਣੀ ਹੈ, ਫੇਰ ਪਤਾ ਨਹੀਂ ਕੁਝ ਕਰਨਾ ਹੈ। ਅਸੀਂ ਆਖਿਆ, ਬਣਾਓ। ਉਨ੍ਹਾਂ ਨੇ ਦੋ ਅਜਿਹੀਆਂ ਇਕੱਠੀਆਂ ਇੰਡਸਟਰੀਜ਼ ਲਗਾਈਆਂ ਹਨ। ਮੈਂ ਤਾਂ ਸਿਰਫ਼ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਕਿਸੇ ਨਾਲ ਦਵੈਤ ਨਹੀਂ ਹੈ। ਸ਼ੂਗਰ ਵਾਸਤੇ ਅਸੀਂ ਕੈਪਿਟਲ ਸਬਸਿਡੀ ਦਿੱਤੀ ਹੈ। ਕਿਹਾ ਤੁਸੀਂ ਸੀ ਪਰ ਦਿੱਤੀ ਅਸੀਂ ਹੈ। ਕਾਲੀਆ ਜੀ ਖੜ੍ਹੇ ਹੋ ਕੇ ਸਾਰਿਆਂ ਨੂੰ ਦੱਸ ਦਿਓ ਕਿ ਅਸੀਂ ਸਬਸਿਡੀ ਦਿੱਤੀ ਹੈ ਕਿ ਨਹੀਂ? ਇਹ ਅਸੀਂ 405 ਕਰੋੜ ਰੁਪਏ ਦੀ ਦਿੱਤੀ ਹੈ। (ਥੰਪਿੰਗ) ਇੰਸਪੈਕਟਰੀ ਰਾਜ ਖ਼ਤਮ ਕਰਨ ਵਾਸਤੇ ਨਵੀਂ ਇੰਡਸਟ੍ਰੀਅਲ ਪਾਲਿਸੀ ਬਣਾਈ ਗਈ ਹੈ। ਇੱਕ ਹੋਰ ਕੀਤਾ ਹੈ ਕਿ ਜਿਹੜਾ ਪੰਜਾਬ ਇੰਡਸਟਰੀਅਲ ਫੈਸਿਲੀਟੇਸ਼ਨ ਐਕਟ ਹੈ, ਜੇਕਰ ਕਿਸੇ ਨੂੰ ਟਾਈਮ ਸਿਰ ਸੈਂਕਸ਼ਨ ਨਾ ਮਿਲੇ that shall be treated as given. ਇੰਨਾ ਵੱਡਾ ਐਕਟ ਹੈ। ਇਸ ਤੋਂ ਇਲਾਵਾ ਕਲੱਸਟਰ ਬਣਾਏ ਗਏ ਹਨ। ਪਟਿਆਲੇ ਵਿੱਚ ਅਤੇ ਜਲੰਧਰ ਵਿੱਚ ਬਣਿਆ ਹੈ। ਇਸ ਤੋਂ ਇਲਾਵਾ ਮੈਂ ਇਹ ਦੱਸਣਾ ਚਾਹਾਂਗਾ ਕਿ ਸਾਰੇ ਪੰਜਾਬ ਦੇ ਇੰਡਸਟਰੀਅਲ ਫੋਕਲ ਪੁਆਇੰਟਸ, ਜਿੰਨੇ ਪੰਜਾਬ ਵਿਚ ਹਨ, ਭਾਵੇਂ ਕਾਰਪੋਰੇਸ਼ਨ ਕੋਲ ਹਨ, ਭਾਵੇਂ ਇੰਡਸਟਰੀ ਡਿਪਾਰਟਮੈਂਟ ਕੋਲ ਹਨ, ਸਾਰੇ ਇੰਡਸਟਰੀਅਲ ਫੋਕਲ ਪੁਆਇੰਟਸ ਹਨ, ਜਿਹੜੇ ਤੁਹਾਡੇ ਰਾਜ ਵਿੱਚ ਟੁੱਟ ਗਏ ਸਨ, ਉਨ੍ਹਾਂ ਸਾਰਿਆਂ ਦੀ ਜਗ੍ਹਾ ਤੇ ਅਸੀਂ ਸਾਲ-ਡੇਢ ਸਾਲ ਦੇ ਸਮੇਂ ਵਿੱਚ ਫਾਈਵ ਸਟਾਰ ਹੋਟਲ ਬਣਾ ਦੇਣੇ ਹਨ ਕਿ ਬਾਹਰੋਂ ਉਥੇ ਲੋਕ ਆਉਣ। ਸੇਖੜੀ ਸਾਹਿਬ, ਮੈਂ ਇਹ ਵੀ ਤੁਹਾਡੇ ਕੋਲੋਂ ਹੁੰਗਾਰਾ ਭਰਵਾਇਆ ਕਰਾਂਗਾ ਬਟਾਲੇ ਵਿੱਚ, ਜੇ ਇੰਡਸਟਰੀਅਲ ਫੋਕਲ ਪੁਆਇੰਟ ਵਿੱਚ ਕੋਈ ਕਮੀ ਹੈ ਤਾਂ ਮੈਨੂੰ ਦੱਸਿਓ। ਤੁਸੀਂ

ਸਾਰੇ ਪੰਜਾਬ ਦੇ ਹੀ ਚੈੱਕ ਕਰ ਲਉ, ਇਹ ਕੰਮ ਮੈਂ ਤੁਹਾਡੇ ਜ਼ੁੰਮੇ ਹੀ ਲਗਾ ਦਿੰਦਾ ਹਾਂ ਕਿ ਕੋਈ ਇਸ ਵਿੱਚ ਕਮੀ ਹੋਵੇ ਤਾਂ ਮੈਨੂੰ ਫੜ੍ਹ ਲੈਣਾ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ 23 ਤਰੀਕ ਦੇ ਟ੍ਰਿਬਿਊਨ ਅਖਬਾਰ ਦੇ ਐਡੀਟੋਰੀਅਲ ਵਿੱਚ ਖਬਰ ਹੈ : A Business Chamber has blamed red-tapism, corruption, high rise prices and power shortage for industry in Punjab.

ਮੁੱਖ ਮੰਤਰੀ : ਬਿਜਲੀ ਬਾਰੇ ਮੈਂ ਤੁਹਾਨੂੰ ਦੱਸ ਦਿੱਤਾ ਹੈ। ਹੁਣ ਮੇਰੇ ਕੋਲ ਕਿਹੜੀ ਇਹੋ ਜਿਹੀ ਚਾਬੀ ਹੈ ਕਿ ਜਦੋਂ ਚਾਹੋ ਬਿਜਲੀ ਬਣਾ ਦਿਓ। ਹੁਣ ਬਿਜਲੀ ਬਣਾਉਣ ਨੂੰ ਤਾਂ ਟਾਈਮ ਲਗਦਾ ਹੈ। ਜੇ ਤੁਸੀਂ ਬਣਾਈ ਹੀ ਨਹੀਂ ਅਤੇ ਸਾਰੀ ਮਾਂਹ ਦੀ ਦਾਲ ਮੇਰੇ ਕੋਲ ਹੀ ਛੱਡ ਦਿੱਤੀ ਹੈ ਤਾਂ ਮੈਂ ਖਾਵਾਂਗਾ ਹੀ। ਸਪੀਕਰ ਸਾਹਿਬ, ਇੱਥੇ ਸਾਰੇ ਧਰਮਾਂ ਵਾਸਤੇ ਯਾਦਗਾਰਾਂ ਬਣਾਈਆਂ ਹਨ। ਗੋਲਡਨ ਟੈਂਪਲ ਦੀ ਐਂਟਰੈਂਸ ਤੇ ਪਲਾਜ਼ਾ ਬਣ ਰਿਹਾ ਹੈ, ਇਹ ਹਰਿਮੰਦਰ ਸਾਹਿਬ ਸਿਰਫ ਸਿੱਖਾਂ ਦਾ ਹੀ ਨਹੀਂ ਹੈ, ਇਹ ਸਾਰੀ ਮਨੁੱਖਤਾ, ਸਾਰੇ ਸੰਸਾਰ ਦਾ ਸਾਂਝਾ ਹੈ, ਉਥੇ 70 ਕਰੋੜ ਰੁਪਿਆ ਲੱਗਣਾ ਹੈ। ਨੈਣਾ ਦੇਵੀ ਤੋਂ ਅਨੰਦਪੁਰ ਸਾਹਿਬ ਤੱਕ ਰੋਪ ਵੇਅ ਬਣ ਰਿਹਾ ਹੈ। ਮੈਂ ਕੱਲ੍ਹ ਹੀ ਧੂਮਲ ਸਾਹਿਬ ਨੂੰ ਫੋਨ ਕਰਕੇ ਆਇਆ ਹਾਂ ਕਿ ਇਸ ਦੀਆਂ ਥੋੜ੍ਹੀਆਂ ਜਿਹੀਆਂ ਫਾਰਮੈਲੀਟੀਆਂ ਪੂਰੀਆਂ ਕਰ ਦਿਓ ਤਾਂ ਕਿ ਬਣਾ ਸਕੀਏ। ਪਰਸੂ ਰਾਮ ਮੈਮੋਰੀਅਲ, ਪੰਡਤਾਂ ਦਾ ਬੜਾ ਸ਼ਰਧਾ ਵਾਲਾ ਅਸਥਾਨ ਹੈ, ਇਹ ਵਿਲੇਜ਼ ਪੱਟੀ ਵਿਖੇ ਬਣ ਰਿਹਾ ਹੈ। ਸ਼੍ਰੀ ਗੁਰੂ ਰਵੀਦਾਸ ਜੀ ਦੇ ਨਾਂ ਤੇ ਖਰਾਲਗੜ੍ਹ ਵਿਖੇ ਯਾਦਗਾਰ ਅਸੀਂ ਬਣਾਉਣੀ ਹੈ। ਮਲੇਰਕੋਟਲਾ ਵਿਖੇ ਜਦੋਂ ਮੈਂ ਗਿਆ ਤਾਂ ਉਥੇ ਨਮਾਜ ਪੜ੍ਹਨ ਨੂੰ ਜਗ੍ਹਾ ਘੱਟ ਸੀ। ਮੈਂ ਇਹ ਨਹੀਂ ਕਹਿੰਦਾ ਕਿ ਮੈਂ ਅਹਿਸਾਨ ਕਰਦਾ ਹਾਂ, ਨਾ ਹੀ ਮੈਨੂੰ ਇਹ ਕਰਨਾ ਚਾਹੀਦਾ ਹੈ, ਉਨ੍ਹਾਂ ਨੇ ਕਿਹਾ ਕਿ ਇੰਨੀ ਜਗ੍ਹਾ ਦੇ ਦਿਓ। ਪੰਜਾਬ ਸਰਕਾਰ ਦੇ ਖਰਚੇ ਤੇ, ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਜ਼ਮੀਨ ਖਰੀਦ ਕੇ ਦਿੱਤੀ ਕਿ ਤੁਸੀਂ ਅਰਾਮ ਨਾਲ ਨਮਾਜ਼ ਪੜ੍ਹੋ। (ਥੰਪਿੰਗ) ਕ੍ਰਿਸ਼ਚੀਨਜ਼ ਵਾਸਤੇ ਭਵਨ ਬਣ ਰਹੇ ਹਨ, ਮੁਸਲਮਾਨ ਭਰਾਵਾਂ ਵਾਸਤੇ ਥਾਵਾਂ ਬਣ ਰਹੀਆਂ ਹਨ ਅਤੇ ਬਾਲਮੀਕ ਭਰਾਵਾਂ ਵਾਸਤੇ ਰਵੀਦਾਸ ਭਵਨ ਬਣ ਰਹੇ ਹਨ।

ਸ਼੍ਰੀ ਅਸ਼ਵਨੀ ਸੇਖੜੀ : ਜਿਹੜਾ ਗੋਲਡਨ ਟੈਂਪਲ ਵਿੱਚ ਮੱਥਾ ਟੇਕਣ ਵਾਸਤੇ ਪਲਾਜ਼ਾ ਬਣ ਰਿਹਾ ਹੈ, ਮੈਂ ਸਰਕਾਰ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਗੋਲਡਨ ਟੈਂਪਲ ਜਾਣ ਵਾਸਤੇ ਪਾਰਕਿੰਗ ਕੰਪਲੈਕਸ ਜਿਹੜਾ ਬਣਿਆ ਹੈ, ਪਾਰਕਿੰਗ ਵਾਸਤੇ ਜਿੰਨੇ ਵੀ ਬਾਹਰੋਂ ਲੋਕ ਆਉਂਦੇ ਹਨ, ਉਨ੍ਹਾਂ ਤੋਂ ਬਹੁਤ ਜ਼ਿਆਦਾ ਪਾਰਕਿੰਗ ਫੀਸ ਲਈ ਜਾਂਦੀ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿ ਜ਼ਜ਼ੀਆ ਲੱਗਾ ਹੋਵੇ। ਫਲਾਈ ਓਵਰ ਤੋਂ ਜਦੋਂ ਗੱਡੀ ਜਾਂਦੀ ਹੈ ਤਾਂ ਗੱਡੀ ਸਿੱਧੀ ਉਥੇ ਜਾਂਦੀ ਹੈ, ਉਥੇ ਬਹੁਤ ਜ਼ਿਆਦਾ ਹਾਈ ਰੇਟ ਹੈ, ਇਹ ਘੱਟ ਹੋਣਾ ਚਾਹੀਦਾ ਹੈ ਜਾਂ ਮੁਆਫ ਹੀ ਹੋਣਾ ਚਾਹੀਦਾ ਹੈ। ਇਸ ਨੂੰ ਮੁਆਫ ਹੀ ਕਰ ਦਿਓ।

ਮੁੱਖ ਮੰਤਰੀ : ਇਹ ਗੱਲ ਮੇਰੇ ਧਿਆਨ ਵਿੱਚ ਨਹੀਂ ਸੀ। ਮੈਨੂੰ ਇਸ ਬਾਰੇ ਪਤਾ ਨਹੀਂ

[ਮੁੱਖ ਮੰਤਰੀ]

ਸੀ। ਇਸ ਬਾਰੇ ਪਤਾ ਕਰਵਾ ਲਵਾਂਗਾ। ਜਿਹੜੇ ਪੁਆਇੰਟ ਹਨ, ਮੈਂ ਇਨ੍ਹਾਂ ਤੋਂ ਵੀ ਪੁੱਛ ਲਵਾਂਗਾ। ਜਾਖੜ ਸਾਹਿਬ ਨੇ ਵੀ ਕੁਝ ਗੱਲਾਂ ਕਹੀਆਂ ਸਨ। ਪਹਿਲਾਂ ਤਾਂ ਇਹ ਕੀਤਾ ਸੀ ਕਿ politics is treated as a business ਕਿ 500 ਕਰੋੜ ਰੁਪਿਆ ਲਗਾ ਕੇ ਰਾਜ ਲਿਆ ਹੈ। I am sorry for that, ਮੈਂ ਤਾਂ ਇਹੀ ਕਹਿ ਸਕਦਾ ਹਾਂ। ਤੁਸੀਂ ਐਫ.ਡੀ.ਆਈ. ਦਾ ਫੁਰਮਾਇਆ ਸੀ। ਜਾਖੜ ਸਾਹਿਬ, ਜਿਹੜੇ ਗਰੀਬ ਦੁਕਾਨਦਾਰ ਹਨ, ਉਨ੍ਹਾਂ ਦਾ ਹੱਕ ਨਹੀਂ ਮਾਰਨਾ। ਵੱਡੇ-ਵੱਡੇ ਮਗਰਮੱਛਾਂ ਸਾਹਮਣੇ ਇਹ ਵਿਚਾਰੇ ਕੀ ਕਰਨਗੇ। ਸਾਰੀਆਂ ਦੁਕਾਨਾਂ ਬੰਦ ਹੋ ਜਾਣਗੀਆਂ, ਛੋਟੇ ਦੁਕਾਨਦਾਰ, ਲੱਖਾਂ ਲੋਕ ਬੇਰੁਜ਼ਗਾਰ ਹੋ ਜਾਣਗੇ, ਇਹ ਵੱਡੀਆਂ-ਵੱਡੀਆਂ ਗੱਲਾਂ ਕਈ ਥਾਵਾਂ ਤੇ ਆਪਾਂ ਨੂੰ ਬਹੁਤ ਨੁਕਸਾਨ ਪਹੁੰਚਾਉਂਦੀਆਂ ਹਨ। ਬਹੁਤ ਥਾਵੇਂ ਨੁਕਸਾਨ ਵੀ ਪਹੁੰਚਾਇਆ ਹੈ। ਇਹ ਇਸ ਕਰਕੇ ਮੈਂ ਨਹੀਂ ਕਰਦਾ। ਡਾਇਰੈਕਟ ਪੇਮੈਂਟ ਟੂ ਫਾਰਮਰਜ਼, ਫੂਡ ਐਂਡ ਸਪਲਾਈ ਮਨਿਸਟਰ ਹੁਣ ਇੱਥੇ ਨਹੀਂ ਹਨ, ਪਿਛਲੀ ਵਾਰੀ ਅਸੀਂ ਕੀਤਾ ਸੀ ਕਿ 72 ਘੰਟਿਆਂ ਦੇ ਵਿੱਚ-ਵਿੱਚ ਫਾਰਮਰ ਨੂੰ ਪੇਮੈਂਟ ਮਿਲੇਗੀ ਔਰ ਸਾਰਿਆਂ ਨੂੰ ਪੇਮੈਂਟ ਕੀਤੀ ਹੈ। ਚਲੋ ਫਾਈਨਾਂਸ਼ੀਅਲ ਪੁਜੀਸ਼ਨ ਜ਼ਿਆਦਾ ਅੱਛੀ ਨਹੀਂ ਸੀ। ਰਿਜ਼ਰਵਾਇਰ ਬਾਰੇ ਦੱਸਿਆ ਹੈ ਕਿ ਕਾਲਾ ਪਾਣੀ ਆਉਂਦਾ ਹੈ, ਬੱਸ ਮੈਨੂੰ ਡੇਢ ਜਾਂ ਦੋ ਸਾਲ ਹੋਰ ਦੇ ਦਿਉ। ਤੁਹਾਡੇ ਕੋਲ ਅੰਮ੍ਰਿਤ ਵਰਗਾ ਪਾਣੀ ਭੇਜਾਂਗਾ। ਭਾਵੇਂ ਕਿ ਪਹਿਲਾਂ ਨਹਿਰਾਂ ਦਾ ਪਾਣੀ ਅਤੇ ਖਾਲਿਆਂ ਦਾ ਪਾਣੀ ਆਪਾਂ ਪੀਂਦੇ ਰਹੇ ਹਾਂ। ਮੈਂ ਆਪ ਵੀ ਪੀਂਦਾ ਰਿਹਾ ਹਾਂ। ਕਿਉਂਕਿ ਪੁਰਾਣਾ ਬੈਕਲਾਗ ਹੁੰਦਾ ਹੈ, ਹੁਣ ਕੋਈ ਪੰਜ ਸਾਲਾਂ ਵਿੱਚ ਮੈਂ ਹੀ ਤਾਂ ਨਹੀਂ ਦਰਿਆਵਾਂ ਦਾ ਪਾਣੀ ਕਾਲਾ ਕਰ ਦਿੱਤਾ, ਇਹ ਤਾਂ ਮੁੱਦਤਾਂ ਤੋਂ ਸ਼ਹਿਰਾਂ ਅਤੇ ਇੰਡਸਟਰੀ ਦਾ ਗੰਦਾ ਪਾਣੀ ਸਾਰਾ ਹੀ ਨਾਲਿਆਂ ਰਾਹੀਂ ਜਾ ਕੇ ਆਪਣੇ ਕੋਲ ਆਉਂਦਾ ਹੈ, ਮੈਨੂੰ ਇਸ ਬਾਰੇ ਪੂਰਾ ਪਤਾ ਹੈ। ਹੋਰ ਇਸ ਤਰ੍ਹਾਂ ਸ਼ਗਨ ਸਕੀਮ ਬਾਰੇ ਕਿਹਾ ਹੈ ਕਿ ਇਹ ਵਧਾਉ। ਚੌਧਰੀ ਸਾਹਿਬ, ਜੋ ਅਸੀਂ ਮੈਨੀਫੈਸਟੋ ਵਿੱਚ ਲਿਖਿਆ ਹੈ, we are committed to that. ਉਹ ਸਾਰੇ ਨੂੰ ਸੋਚ ਤਾਂ ਲੈਣ ਦਿਓ, ਫਾਇਨਾਂਸ ਮਨਿਸਟਰ ਨੂੰ ਸੋਚ ਲੈਣ ਦਿਓ, ਮੈਨੂੰ ਸੋਚ ਲੈਣ ਦਿਓ। ਦਸਾਂ ਦਿਨਾਂ ਵਿੱਚ ਤੁਸੀਂ ਆਖੋ ਕਿ ਇਹ ਸਾਰਾ ਕੁਝ ਹੋ ਜਾਵੇ, it is assured ਕਿ ਜੋ ਅਸੀਂ ਆਪਣੇ ਮੈਨੀਫੈਸਟੋ ਵਿੱਚ ਦਿੱਤਾ ਹੈ, ਕਰਾਂਗੇ। ਇੱਕ ਇਨ੍ਹਾਂ ਨੇ ਫਰਮਾਇਆ ਹੈ ਕਿ ਇਨ੍ਹਾਂ ਨੇ ਪਹਿਲੀ ਮੀਟਿੰਗ ਵਿੱਚ ਸਿਰਫ ਐਕਸਾਈਜ਼ ਪਾਲਿਸੀ ਹੀ ਮਨਜ਼ੂਰ ਕੀਤੀ ਹੈ। ਬਈ ਐਕਸਾਈਜ਼ ਪਾਲਿਸੀ ਇਸ ਲਈ ਮਨਜ਼ੂਰ ਕੀਤੀ ਹੈ ਕਿ 30 ਤਰੀਕ ਤੋਂ ਪਹਿਲਾਂ ਕਰਨੀ ਪੈਂਦੀ ਹੈ, 30 ਤਰੀਕ ਨੂੰ ਸਾਰੇ ਠੇਕੇ ਰਿਨਿਊ ਹੋਣੇ ਹਨ। ਜੇਕਰ ਇਹ ਨਾ ਕਰਦੇ ਤਾਂ ਕਿਵੇਂ ਹੋ ਸਕਦਾ ਸੀ। ਇਸ ਕਰਕੇ ਵੇਖ ਲਿਆ ਕਰੋ ਕਿ ਸਾਨੂੰ ਉਸ ਵਿੱਚ ਕੋਈ ਇੰਟਰਸਟ ਸੀ ਤਾਂ ਅਸੀਂ ਕਰ ਦਿੱਤਾ, ਦੂਜਾ ਨਹੀਂ ਕੀਤਾ। ਇਹ ਸਾਰਾ ਕੁਝ ਕਰ ਰਹੇ ਹਾਂ। ਹੋਰ ਜਿਹੜਾ ਤੁਸੀਂ ਕਿਹਾ ਹੈ ਕਿ ਫਾਰਮਰਜ਼ ਨੂੰ ਬੋਨਸ ਦਿੱਤਾ ਹੈ, ਜਿਹੜਾ ਦੇਣਾ ਸੀ। ਦੇਖੋ ਸੈਂਟਰ ਗੌਰਮਿੰਟ ਨੇ ਬੋਨਸ ਜਿਹੜਾ ਹੈ ਉਹ ਕਿਸਾਨਾਂ ਨੂੰ ਨਹੀਂ ਦਿੱਤਾ ਉਹ ਯੂਟੀਲਿਟੀ ਪਾਵਰ ਬੋਰਡ ਨੂੰ ਦਿੱਤਾ ਸੀ, ਤੁਸੀਂ ਆ ਜਾਇਓ, ਮੈਂ ਤੁਹਾਨੂੰ ਪੜ੍ਹਾ ਦੇਵਾਂਗਾ ਲੇਕਿਨ ਤੁਸੀਂ ਫਰਾਖਦਿਲੀ ਦੇਖੋ, ਅਸੀਂ 150 ਕਰੋੜ ਰੁਪਿਆ ਕਿਸਾਨਾਂ ਨੂੰ ਦੇ

ਦਿੱਤਾ ਹੈ, ਬਾਕੀ ਵੀ ਦੇ ਦਿਆਂਗੇ, ਅਸੀਂ ਕੋਈ ਮੁਨਕਰ ਨਹੀਂ ਹੁੰਦੇ। ਉਹ ਵੀ ਦੇ ਦਿਆਂਗੇ। ਇਸ ਕਰਕੇ ਹੋਰ ਵੀ ਬਹੁਤ ਸਾਰੇ ਸਵਾਲ ਜਾਂ ਤੁਸੀਂ ਆਵਾਜ਼ ਉਠਾਈ ਹੈ, ਉਹ ਮੈਂ ਆਪਣੇ ਸੈਕਟਰੀ ਸਾਹਿਬਾਨ ਨੂੰ ਵੀ ਕਹਾਂਗਾ, ਸਾਰੇ ਨੋਟ ਬਣਨਗੇ, ਇਨ੍ਹਾਂ (ਵਿਧਾਨ ਸਭਾ) ਵਲੋਂ ਵੀ ਨੋਟ ਆਉਣਗੇ।

ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ, ਕਨਕਲੂਜ਼ਨ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇੱਕ ਵਾਰ ਫਿਰ ਸਮੂਹ ਮੈਂਬਰ ਸਾਹਿਬਾਨ ਦਾ, ਉਨ੍ਹਾਂ ਦੇ ਸਾਰੇ ਸੁਝਾਵਾਂ ਅਤੇ ਮਿਆਰੀ ਬਹਿਸ ਵਿੱਚ ਉਨ੍ਹਾਂ ਵਲੋਂ ਪਾਏ ਯੋਗਦਾਨ ਲਈ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਔਰ ਇਹ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਅਤੇ ਪੰਜਾਬੀਅਤ ਦੀ ਬਿਹਤਰੀ ਦੇ ਇਤਿਹਾਸਕ ਕੰਮ ਵਿੱਚ ਜੁਟ ਜਾਈਏ। ਆਓ ਅਸੀਂ ਪੰਜਾਬ ਵਿੱਚ ਅਮਨ, ਫਿਰਕੂ ਏਕਤਾ, ਭਾਈਚਾਰਕ ਸਾਂਝ ਅਤੇ ਸਰਵਪੱਖੀ ਵਿਕਾਸ ਲਈ ਇਕਜੁਟ ਹੋ ਕੇ ਅੱਗੇ ਵਧੀਏ। ਅੰਤ ਵਿੱਚ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦੇ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

ਸ਼੍ਰੀ ਸੁਨੀਲ ਜਾਖੜ : ਜਦੋਂ ਮਾਨਯੋਗ ਮੁੱਖ ਮੰਤਰੀ ਸਾਹਿਬ ਬੋਲ ਰਹੇ ਸੀ, ਮੈਂ ਕਿਸੇ ਵੀ ਗੱਲ ਵਿੱਚ ਵਿਚਾਲੇ ਬੋਲਣਾ ਮੁਨਾਸਿਬ ਨਹੀਂ ਸਮਝਿਆ ਕਿਉਂਕਿ ਉਹ ਇਨ੍ਹਾਂ ਦੀ ਸ਼ਾਨ ਦੇ ਵਿੱਚ ਗੁਸਤਾਖੀ ਹੋਣੀ ਸੀ ਪਰ ਇੱਕ ਗੱਲ ਇਨ੍ਹਾਂ ਨੇ ਪਰਟੀਕੂਲਰ ਮੇਰੇ ਲਈ ਕਹੀ। ਮੇਰੇ ਤੋਂ ਬਜ਼ੁਰਗ ਹਨ, ਸੀਨੀਅਰ ਹਨ ਇਨ੍ਹਾਂ ਦਾ ਹੱਕ ਬਣਦਾ ਹੈ। ਇਨ੍ਹਾਂ ਨੇ ਕਿਹਾ ਕਿ ਜਾਖੜ ਸਾਹਿਬ, ਜਦ ਤੁਸੀਂ ਬੋਲ ਰਹੇ ਸੀ ਤਾਂ ਆਪਣੀ ਸਪੀਚ ਦੇ ਵਿੱਚ 60% ਤੁਸੀਂ ਅੰਗਰੇਜੀ ਬੋਲ ਗਏ। ਸਪੀਕਰ ਸਾਹਿਬ, ਜਦੋਂ ਤੁਸੀਂ ਹਾਊਸ ਵਿਚ ਇਹ ਗੱਲ ਰੱਖੀ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ ਔਰ ਪੰਜਾਬੀ ਵਿੱਚ ਸਾਰਾ ਕੰਮ ਕਾਰ ਹੋਣਾ ਚਾਹੀਦਾ ਹੈ, ਮੈਂ ਉਸ ਦਾ ਸਤਿਕਾਰ ਕਰਦਾ ਹਾਂ। ਉਸ ਭਾਵਨਾ ਦਾ ਵੀ ਸਤਿਕਾਰ ਕਰਦਾ ਹਾਂ ਪਰ ਮੈਂ ਦੇਖ ਰਿਹਾ ਸੀ ਕਿ ਜਦੋਂ ਮਾਨਯੋਗ ਮੁੱਖ ਮੰਤਰੀ ਜੀ ਬੋਲ ਰਹੇ ਸੀ, 60% ਨਹੀਂ ਤਾਂ 20% ਤਾਂ ਇਨ੍ਹਾਂ ਨੇ ਵੀ ਛਿੱਟੇ ਉਸ ਵਿੱਚ ਪਾਏ। Sahib, I do not have to carry being a Punjabi on my sleeves. ਅਸੀਂ ਤਾਂ ਉਹ ਲੋਕ ਹਾਂ, ਸਪੀਕਰ ਸਾਹਿਬ, ਜਿਹੜੇ ਇਮਤਿਹਾਨ ਵਿੱਚੋਂ ਨਿਕਲੇ ਹਾਂ, ਬਾਕੀ ਤਾਂ ਕਿਸੇ ਨੇ ਇਮਤਿਹਾਨ ਦਿੱਤਾ ਹੀ ਨਹੀਂ, ਅਸੀਂ ਤਾਂ ਇਮਤਿਹਾਨ ਵਿਚੋਂ ਨਿਕਲੇ ਹਾਂ। Only linguistic survey, ਹਿੰਦੁਸਤਾਨ ਵਿੱਚ ਜੇ ਕਿਸੇ ਨੂੰ ਕਾਲਾ ਦਾਗ ਲੱਗਿਆ ਹੈ, ਸਾਨੂੰ ਆਪਣੀ ਪੰਜਾਬੀਅਤ ਪਰੂਵ ਕਰਨ ਵਾਸਤੇ, ਅਸੀਂ ਉਸ ਇਲਾਕੇ ਵਿੱਚੋਂ ਆਏ ਹਾਂ ਜਿੱਥੇ ਸਾਨੂੰ ਪੰਜਾਬੀਅਤ ਪਰੂਵ ਕਰਨੀ ਪਈ ਕਿ ਇਹ ਕਿਹੜੀ ਬੋਲੀ ਬੋਲਦੇ ਹਨ। ਅਜਿਹੇ ਇਲਾਕੇ ਤੋਂ ਅਸੀਂ ਸਬੰਧ ਰੱਖਦੇ ਹਾਂ, ਸਪੀਕਰ ਸਾਹਿਬ, ਜਿੱਥੇ ਅਸੀਂ ਬਾਗੜੀ ਬੋਲਦੇ ਹਾਂ ਪਰ ਮੈਂ ਤਾਂ ਉੱਪਰ ਵੀ ਜਾ ਕੇ ਕਹਿ ਕੇ ਆਇਆ ਹਾਂ ਕਿ ਪੰਜਾਬ ਵਿੱਚ ਸਾਨੂੰ ਆਪਣੇ ਆਪ ਨੂੰ ਪੰਜਾਬੀ ਪਰੂਵ ਕਰਨ ਲਈ ਪੰਜਾਬੀ ਬੋਲਣੀ ਪਵੇਗੀ? ਰਾਜਸਥਾਨ ਵਿੱਚ ਜਾਂਦੇ ਹਾਂ, ਕਿਉਂਕਿ ਅਸੀਂ ਬਾਗੜੀ ਬੋਲਦੇ ਹਾਂ, ਉਹ ਰਾਜਸਥਾਨੀ ਨਹੀਂ ਮੰਨਦੇ। ਹਰਿਆਣੇ ਵਾਲੇ ਅਬੋਹਰ

[ਸ਼੍ਰੀ ਸੁਨੀਲ ਜਾਖੜ]

ਫਾਜ਼ਿਲਕਾ ਮੰਨਦੇ ਜ਼ਰੂਰ ਹਨ ਪਰ ਉਹ ਸਾਨੂੰ ਹਰਿਆਣਵੀ ਨਹੀਂ ਮੰਨਦੇ। ਹੁਣ ਬਾਦਲ ਸਾਹਿਬ ਵੀ ਕਹਿਣ ਲੱਗ ਗਏ ਕਿ ਕਾਕਾ ਜੀ ਪੰਜਾਬੀ ਬੋਲਿਆ ਕਰੋ। Sahib, this is not done. ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ, ਬਾਦਲ ਸਾਹਿਬ, ਤੁਹਾਡਾ ਇੰਨਾ ਵੱਡਾ ਰੁਤਬਾ ਹੈ ਸਟੇਟਸਮੈਨ ਦੀ ਤੁਸੀਂ ਗੱਲ ਕਰਦੇ ਹੋ and you referred ਕਿ ਮੈਨੂੰ ਇਥੇ ਇੰਨੀਆਂ ਹਿੰਦੂਆਂ ਦੀਆਂ ਸੀਟਾਂ ਆਈਆਂ ਹਨ। ਸਾਹਿਬ, ਅਸੀਂ ਤਾਂ ਤੁਹਾਨੂੰ ਪੂਰਾ ਪੰਜਾਬ ਸੰਭਲਵਾਇਆ ਹੈ। ਪੰਜਾਬ ਇੱਕ ਬਹੁਤ ਵੱਡਾ ਗੁਲਦਸਤਾ ਹੈ ਔਰ ਉਸ ਗੁਲਦਸਤੇ ਦੇ ਛੋਟੇ ਜਿਹੇ ਰੂਪ ਵਿੱਚ ਅਸੀਂ ਸਾਰੇ ਇੱਥੇ ਬੈਠੇ ਹਾਂ, ਸਾਰੇ ਭਾਈਚਾਰੇ ਦੇ ਨਾਲ ਬੈਠੇ ਹਾਂ। ਆਪਾਂ ਇੰਡਸਟਰੀਅਲ ਪਾਲਿਸੀ ਦੀ ਗੱਲ ਕੀਤੀ ਹੈ। ਮੈਂ ਬਾਕੀ ਸਾਰੀਆਂ ਗੱਲਾਂ ਤੇ ਨਹੀਂ ਕਹਿਣਾ ਚਾਹੁੰਦਾ because he has concluded the debate and we will discuss all these things threadbare, ਜਦੋਂ ਫਿਰ ਆ ਜਾਣਾ ਹੈ ਬਜਟ ਵਿੱਚ ਵੀ ਰੋ ਲਵਾਂਗੇ ਜਿਹੜੀਆਂ ਇਹ ਗੱਲਾਂ ਕਹੀਆਂ ਹਨ। ਸਪੀਕਰ ਸਾਹਿਬ, ਇੰਡਸਟਰੀ ਲਿਆਉਣ ਦੀ ਗੱਲ ਕਰਦੇ ਹਾਂ। ਆਈ.ਟੀ. ਦਾ ਇਨ੍ਹਾਂ ਨੇ ਕਿਹਾ ਕਿ ਆਈ.ਟੀ. ਦਾ ਅਸੀਂ ਇੰਨਾ ਇੱਥੇ ਕਰਾਵਾਂਗੇ। ਬੱਚੇ ਅੰਗਰੇਜੀ ਪੜ੍ਹਾ ਰਹੇ ਹਾਂ। ਮੈਂ ਕਹਿਨਾ ਅੱਧੇ ਤੋਂ ਜ਼ਿਆਦਾ ਜਾਂ ਫੇਰ 100% ਜਿਹੜੇ ਐਮ.ਐਲ.ਏ. ਸਾਹਿਬਾਨ ਇੱਥੇ ਬੈਠੇ ਹਨ, ਉਨ੍ਹਾਂ ਦੇ ਬੱਚੇ ਅੰਗਰੇਜੀ ਸਕੂਲਾਂ ਵਿੱਚ ਪੜ੍ਹ ਰਹੇ ਹਨ। ਜਾਂ ਤਾਂ ਆਪਾਂ ਉਨ੍ਹਾਂ ਨੂੰ ਇੰਗਲਿਸ਼ ਸਕੂਲਾਂ ਤੋਂ ਬਾਹਰ ਕਢਾ ਲਈਏ ਕਿ ਆਪਾਂ ਤਾਂ ਇੰਗਲਿਸ਼ ਬੋਲਣ ਹੀ ਨਹੀਂ ਦੇਣੀ। ਇਹ ਇਨ੍ਹਾਂ ਨੇ ਕਿਹਾ ਹੈ ਕਿ ਵਿਰਸਾ ਕਹਿੰਦਾ ਹੈ, ਬੜੀਆਂ ਚੁਭਦੀਆਂ ਗੱਲਾਂ ਕਰਦੇ ਹਨ, ਬਾਦਲ ਸਾਹਿਬ ਕਈ ਵਾਰੀ ਜਿਹੜੇ ਕਹਿੰਦੇ ਹਨ ਬਈ ਯਾਦਗਾਰ ਪੰਜਾਬੀਆਂ ਦੀ, ਸਿੱਖਾਂ ਦੀ ਹੈ ਸਾਨੂੰ ਫਖਰ ਹੈ। ਇਹ ਜਿਹੜੀਆਂ ਯਾਦਗਾਰਾਂ ਹਨ ਇਹ ਸਿੱਖ ਕੌਮ ਦੀਆਂ ਨਹੀਂ ਹਨ। ਇਹ ਕਿਸ ਨੇ ਕਿਹਾ ਹੈ ਕਿ ਇਹ ਯਾਦਗਾਰਾਂ ਪੰਜਾਬੀਆਂ ਅਤੇ ਸ਼ਹੀਦਾਂ ਦੀਆਂ ਨਹੀਂ ਹਨ। ਸਾਨੂੰ ਪੰਜਾਬੀ ਹੋਣ ਤੇ ਫਖਰ ਹੈ। ਜਦੋਂ ਅੱਜ ਆਪਾਂ ਇੱਥੇ ਇੰਡਸਟਰੀ ਲਗਾਉਣ ਦੀ ਗੱਲ ਕਰ ਰਹੇ ਹਾਂ then we should promote English, ਯੂ.ਪੀ. ਵਿੱਚ ਦੇਖ ਲਓ। ਉਨ੍ਹਾਂ ਨੇ ਯੂ.ਪੀ. ਵਿੱਚ ਪਹਿਲਾਂ ਗੱਲ ਕੀਤੀ ਸੀ ਕਿ ਅਸੀਂ ਨਾ ਤਾਂ ਲੈਪਟਾਪ ਦੇਣੇ ਹਨ ਅਤੇ ਨਾ ਹੀ ਅਸੀਂ ਅੰਗਰੇਜ਼ੀ ਬੋਲਣ ਦੇਣੀ ਹੈ ਪਰੰਤੂ ਹੁਣ ਬੈਕ ਟਰੈਕ ਕਰ ਰਹੇ ਹਨ। ਇਸ ਕਿਸਮ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਮੇਰੀ ਬੇਨਤੀ ਹੈ ਬਾਦਲ ਸਾਹਿਬ, ਤੁਸੀਂ ਦਿਲ ਵੱਡਾ ਕਰੋ। ਪੰਜਾਬੀਆਂ ਦਾ ਦਿਲ ਬਹੁਤ ਵੱਡਾ ਹੈ। ਤੁਸੀਂ ਸਮੁੱਚੇ ਪੰਜਾਬ ਨੂੰ ਰੀਪ੍ਰੇਜ਼ੈਂਟ ਕਰ ਰਹੇ ਹੋ। ਤੁਸੀਂ ਕਿਸੇ ਇੱਕ ਕੌਮ ਨੂੰ ਜਾਂ ਇਕ ਖਿੱਤੇ ਨੂੰ ਮਾਲਵੇ ਜਾਂ ਮਾਝੇ, ਦੁਆਬੇ ਨੂੰ ਰੀਪ੍ਰੇਜ਼ੈਂਟ ਨਹੀਂ ਕਰ ਰਹੇ। ਤੁਸੀਂ ਮਾਝੇ, ਦੁਆਬੇ, ਮਾਲਵੇ ਵੰਡ ਕੇ ਬਹਿ ਗਏ ਤਾਂ ਇਹ ਠੀਕ ਨਹੀਂ ਹੈ। Take Punjab as a whole and we will work with you. ਇਕ ਮੈਂ ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਕਰਨੀ ਹੈ ਕਿ ਬਾਦਲ ਸਾਹਿਬ, ਘੰਟੇ-ਡੇਢ ਘੰਟੇ ਵਾਸਤੇ ਖੜ੍ਹੇ ਹੋਏ ਸੀ and there were many issues on which I could have interrupted. ਇਨ੍ਹਾਂ ਆਰ.ਕੇ.ਵੀ.ਵਾਈ. ਦੀ ਗੱਲ ਕੀਤੀ, ਮੈਂ ਸੋਚਿਆ ਕਿ

ਇਸ ਸਕੀਮ ਨਾਲ ਫੇਰ ਨਿਪਟ ਲਵਾਂਗੇ, ਇਹ ਕਿੱਥੇ ਭੱਜਦੀ ਹੈ। ਪਿਛਲੇ ਪੰਜ ਸਾਲਾਂ ਤੋਂ ਇਨ੍ਹਾਂ ਨੇ ਨਾਰਮਨ ਬਾਰਲੋਗ ਇੰਸਟੀਚਿਊਟ ਦੀ ਗੱਲ ਕੀਤੀ। ਬਾਦਲ ਸਾਹਿਬ ਭੁੱਲ ਗਏ, ਉਸ ਦਿਨ ਬਾਦਲ ਸਾਹਿਬ ਨੇ ਰੈਜ਼ੋਲਿਊਸ਼ਨ ਤੇ ਇੱਥੇ ਖੜ੍ਹੇ ਹੋ ਕੇ ਕਿਹਾ ਸੀ, ਮਤਾ ਅਪਰੂਵ ਕੀਤਾ ਸੀ ਕਿ ਆਪਾਂ ਧੰਨਵਾਦ ਕਰੀਏ ਕਿ ਇੱਥੇ ਇੰਸਟੀਚਿਊਟ ਆ ਰਿਹਾ ਹੈ। ਮੈਂ ਇਨ੍ਹਾਂ ਨੂੰ ਗੁਜਾਰਿਸ਼ ਕੀਤੀ ਕਿ ਬਾਦਲ ਸਾਹਿਬ, ਇਹ ਕੀ ਕਰ ਰਹੇ ਹੋ? ਸਾਡੇ ਵਰਗੇ ਜਿਹੜੇ ਸਾਥੀ ਮਲੂਕਾ ਸਾਹਿਬ ਇਥੇ ਬੈਠੇ ਹਨ, ਪੁਰਾਣੇ ਸਾਥੀਆਂ ਤੋਂ ਕਰਾਓ ਜਿਨ੍ਹਾਂ ਨੂੰ ਪਤਾ ਵੀ ਹੋਵੇ ਕਿ ਨਾਰਮਨ ਬਾਰਲੋਗ ਕੀ ਹੈ। ਮੈਂ ਕਹਿਣਾ ਇਹ ਚਾਹੁੰਦਾ ਸੀ ਕਿ ਇਹ ਢਾਈ ਘੰਟੇ ਬੋਲ ਗਏ ਪਰ ਮਤਲਬ ਦੀ ਗੱਲ ਇਹ ਹੈ ਕਿ ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨੌਜਵਾਨਾਂ ਲਈ 1000/- ਰੁਪਿਆ ਭੱਤਾ ਕਿਸ ਦਿਨ ਤੋਂ ਚਾਲੂ ਕਰੋਗੇ? ਸ਼ਗਨ ਸਕੀਮਾਂ ਬਾਰੇ ਇਨ੍ਹਾਂ ਨੇ ਕਿਹਾ ਕਿ ਟਾਈਮ ਤਾਂ ਲਗਦਾ ਹੈ, ਇਨ੍ਹਾਂ ਨੇ ਕਿਹਾ ਕਿ ਦੇਖਾਂਗੇ ਪਰ ਕੋਈ ਟਾਈਮ ਤਾਂ ਦੱਸਣਾ ਚਾਹੀਦਾ ਹੈ ਕਿ ਕਿਸ ਤਰੀਕ ਤੋਂ ਇਹ ਸਾਰਾ ਕੁਝ ਚਾਲੂ ਕਰਨ ਜਾ ਰਹੇ ਹੋ? ਸਪੀਕਰ ਸਾਹਿਬ, ਜਦੋਂ ਅੱਜ ਆਪਾਂ ਕਹਿੰਦੇ ਹਾਂ ਕਿ ਵੋਟਰ ਬੜਾ ਸਮਝਦਾਰ ਹੋ ਗਿਆ, ਤੁਸੀਂ ਤਾਂ ਉਨ੍ਹਾਂ ਤੋਂ ਵੀ ਵੱਧ ਸਮਝਦਾਰ ਹੋ। ਤੁਸੀਂ ਲੋਕਾਂ ਦੇ ਨਾਲ ਵਾਅਦੇ ਕੀਤੇ ਹਨ। ਲੋਕਾਂ ਨੇ ਤਾਂ ਇਹ ਸੋਚਿਆ ਕਿ ਬਾਦਲ ਸਾਹਿਬ ਨੇ ਇੰਤਜ਼ਾਮ ਕਰ ਲਿਆ ਹੈ। ਸਾਨੂੰ ਤਾਂ ਹੁਣ ਪਤਾ ਲੱਗਿਆ ਹੈ ਕਿ ਤੁਸੀਂ ਹੁਣ ਜਾ ਕੇ ਕਾਗਜ਼ ਫਰੋਲੋਗੇ। I think this is a reflection on their thinking and the whole debate is that. We will not support this Thanking Address for the Governor, I am sorry.

ਮੁੱਖ ਮੰਤਰੀ : ਸਪੀਕਰ ਸਾਹਿਬ, ਚੌਧਰੀ ਸਾਹਿਬ ਲਈ ਮੈਂ ਜੋ ਲਫਜ਼ ਵਰਤੇ ਹਨ ਉਸ ਲਈ ਮੇਰਾ ਮਤਲਬ ਇਹ ਨਹੀਂ ਸੀ ਕਿ ਮੈਂ ਕਿਸੇ ਨੂੰ ਸੱਟ ਮਾਰਨੀ ਹੈ। ਮੇਰੇ ਵੱਲੋਂ ਭਾਵੇਂ ਕੋਈ ਜਿਹੜੀ ਮਰਜ਼ੀ ਵੀ ਬੋਲੀ ਬੋਲੇ ਲੇਕਿਨ ਜੇ ਤੁਹਾਡੇ ਦਿਲ ਨੂੰ ਸੱਟ ਲੱਗੀ ਹੈ ਤਾਂ ਮੈਂ ਉਸ ਲਈ ਮੁਆਫੀ ਮੰਗਦਾ ਹਾਂ। ਕਈ ਵਾਰੀ ਬੰਦਾ ਈਮੋਸ਼ਨਲੀ ਆ ਜਾਂਦਾ ਹੈ। ਮੇਰਾ ਮਤਲਬ ਹੈ ਕਿ ਆਪਾਂ ਹਾਊਸ ਵਿੱਚ ਸਾਰਿਆਂ ਨੇ ਫੈਸਲਾ ਕੀਤਾ ਹੈ ਕਿ ਹਾਊਸ ਦੀ ਕਾਰਵਾਈ ਪੰਜਾਬੀ ਵਿੱਚ ਹੋਵੇ, ਸਰਕਾਰ ਦਾ ਕੰਮ ਪੰਜਾਬੀ ਵਿੱਚ ਹੋਵੇ। ਇਹ ਮੈਂ ਤਾਂ ਕੀਤਾ ਹੈ। ਜੇ ਫੇਰ ਵੀ ਤੁਹਾਡੇ ਦਿਲ ਨੂੰ ਦੁੱਖ ਹੈ, ਮੈਂ ਕਿਸੇ ਦਾ ਦਿਲ ਨਹੀਂ ਦੁਖਾਉਣਾ ਚਾਹੁੰਦਾ। ਜੇਕਰ ਮੇਰੇ ਤੋਂ ਬੋਲਦਿਆਂ ਹੋਇਆਂ ਕਿਸੇ ਦਾ ਦਿਲ ਦੁਖੀ ਹੋਇਆ ਹੋਵੇ ਤਾਂ ਮੈਂ ਮੁਆਫੀ ਮੰਗਦਾ ਹਾਂ।

ਸ਼੍ਰੀ ਸੁਨੀਲ ਜਾਖੜ : ਬਾਦਲ ਸਾਹਿਬ, ਮੁਆਫੀ ਮੰਗਣ ਵਾਲੀ ਗੱਲ ਨਹੀਂ ਹੈ। ਆਪਾਂ ਨੂੰ ਜਿਹੜੀ ਆਪਣੀ ਸੋਚ ਹੈ ਉਹ ਬਦਲਣੀ ਪਵੇਗੀ। ਪੰਜਾਬੀ ਦੀ ਸੋਚ ਵੱਡੀ ਸੋਚ ਹੈ। I still appreciate ਕਿ ਬਾਦਲ ਸਾਹਿਬ ਨੇ ਏਡਾ ਵਡੱਪਣ ਦਿਖਾਇਆ ਹੈ। I didn't mean to ask for any apology. ਮੈਂ ਤਾਂ ਏਥੇ ਹਾਊਸ ਵਿੱਚ ਲੈ ਕੇ ਆਉਣਾ ਚਾਹੁੰਦਾ ਸੀ ਕਿ ਆਪਾਂ ਰਲ-ਮਿਲ ਕੇ ਇੱਥੇ ਬੈਠੇ ਹਾਂ। ਇਹ ਬਹੁਤ ਵੱਡਾ ਪੰਜਾਬ ਹੈ। ਇਸ ਤਰ੍ਹਾਂ ਹੀ ਆਪਾਂ ਬਣੇ ਰਹੀਏ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਇਕ ਗੱਲ ਤਾਂ ਠੀਕ ਹੈ ਕਿ ਪੰਜਾਬ ਦੇ ਲੋਕਾਂ

[ਮਾਨਯੋਗ ਸਪੀਕਰ]

ਨੇ, ਸਾਰਿਆਂ ਨੇ ਇਸ ਗੱਲ ਲਈ, ਪੰਜਾਬੀ ਲਈ, ਪੰਜਾਬੀਅਤ ਲਈ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਕੁਰਬਾਨੀਆਂ ਕੀਤੀਆਂ ਹਨ। ਇਸ ਲਈ ਆਪਾਂ ਇਸ ਗੱਲ ਨੂੰ ਇਗਨੋਰ ਨਹੀਂ ਕਰ ਸਕਦੇ ਕਿ ਜਿੱਥੇ ਹੋਰ ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲ ਦਿੱਤੀ ਜਾਂਦੀ ਹੈ ਜਾਂ ਉਨ੍ਹਾਂ ਵਿੱਚ ਕੰਮ ਪੰਜਾਬੀ ਵਿੱਚ ਕੀਤਾ ਜਾਂਦਾ ਹੈ ਤਾਂ ਮੈਂ ਚਾਹਾਂਗਾ ਕਿ ਹਾਊਸ ਵਿੱਚ ਵੀ ਪੰਜਾਬੀ ਵਿੱਚ ਹੀ ਸਾਰਾ ਕੰਮ ਕੀਤਾ ਜਾਵੇ।

ਇਸ ਤੋਂ ਇਲਾਵਾ ਸਰਦਾਰ ਗੁਰਮੀਤ ਸਿੰਘ ਸੋਢੀ, ਐਮ.ਐਲ.ਏ. ਵਲੋਂ 6 ਸੋਧਨਾਵਾਂ ਦੇ ਨੋਟਿਸ ਸਦਨ ਦੀ ਵੋਟਿੰਗ ਲਈ ਸਦਨ ਵਿਚ ਦਿੱਤੇ ਗਏ ਹਨ ਜੋ ਕਿ ਸਦਨ ਵਿੱਚ ਪੜ੍ਹੇ ਅਤੇ ਪ੍ਰਸਤਾਵ ਕੀਤੇ ਗਏ ਸਮਝੇ ਗਏ ਸਨ। ਹੁਣ ਇਨ੍ਹਾਂ ਤੇ ਵੋਟਿੰਗ ਹੋਵੇਗੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸੋਧਨਾਵਾਂ ਇਕੱਠੀਆਂ ਹੀ ਵੋਟਿੰਗਾਂ ਲਈ ਰੱਖ ਲਈਆਂ ਜਾਣ? (ਅਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ ਕਿ –

(1) ਪੈਰ੍ਹਾ 17 ਹੇਠ ਲਿਖੇ ਅਨੁਸਾਰ ਬਦਲ ਦਿੱਤਾ ਜਾਵੇ :

"13ਵੇਂ ਵਿੱਤ ਕਮਿਸ਼ਨ ਨੇ ਸਾਫ ਤੌਰ ਤੇ ਦਰਸਾਇਆ ਹੈ ਕਿ ਪੰਜਾਬ, ਕੇਰਲਾ ਅਤੇ ਪੱਛਮੀ ਬੰਗਾਲ ਦੇ ਨਾਲ–ਨਾਲ ਦੇਸ਼ ਵਿੱਚ ਸਭ ਤੋਂ ਵੱਧ ਵਿੱਤੀ ਸੰਕਟ ਨਾਲ ਜੂਝ ਰਹੇ ਰਾਜ ਹਨ ਇਹ ਕੇਵਲ 2007–12 ਦੇ ਸਮੇਂ ਦੇ ਦੌਰਾਨ ਵਾਪਰਿਆ ਕਿਉਂਕਿ ਅਰਥ ਵਿਵਸਥਾ ਵਿਕਾਸ ਦੀ ਦਰ ਨੂੰ ਜਾਰੀ ਨਹੀਂ ਰੱਖ ਸਕੀ। ਖੇਤੀਬਾੜੀ ਦੀ ਵਿਕਾਸ ਦਰ ਸਥਿਰ ਸੀ, ਨਵਾਂ ਉਦਯੋਗਿਕ ਨਿਵੇਸ਼ ਤੇਜੀ ਨਾਲ ਘਟਿਆ, ਬੁਨਿਆਦੀ ਢਾਂਚੇ ਵਿੱਚ ਵਿਗਾੜ ਆਇਆ ਅਤੇ ਇਨ੍ਹਾਂ ਕਾਰਨਾਂ ਕਰਕੇ ਵਿਕਾਸ ਦਰ ਘਟੀ ਜਦੋਂ ਕਿ ਇਸ ਦੀ ਤੁਲਨਾ ਔਸਤਨ ਰਾਸ਼ਟਰੀ ਵਿਕਾਸ ਨਾਲ ਕੀਤੀ ਜਾਵੇ ਅਤੇ ਲੋਕਾਂ ਨੇ ਪੰਜਾਬ ਨੂੰ ਭਾਰਤ ਦੇ ਬਿਮਾਰੂ ਰਾਜਾਂ ਵਿੱਚੋਂ ਇਕ ਕਹਿਣਾ ਸ਼ੁਰੂ ਕਰ ਦਿੱਤਾ।

(2) ਪੈਰ੍ਹਾ 18 ਨੂੰ ਨਿਮਨਲਿਖਤ ਨਾਲ ਬਦਲ ਦਿੱਤਾ ਜਾਵੇ :

"2007 ਅਤੇ 2012 ਦੇ ਵਿਚਕਾਰ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਨੂੰ ਉਪਚਾਰਿਆ ਗਿਆ ਜਿਵੇਂ ਕਿ ਇਨ੍ਹਾਂ ਖੇਤਰਾਂ ਵਿੱਚ ਰਾਜ ਵਲੋਂ ਫੰਡਾਂ ਦੀ ਵੰਡ ਕਾਫੀ ਹੱਦਾਂ ਤੱਕ ਘੱਟ ਗਈ। ਪੰਜਾਬ ਸਰਕਾਰ ਨੂੰ ਐਸ.ਐਸ.ਏ. ਵਜੋਂ ਕੇਂਦਰੀ ਸਕੀਮ ਐਨ.ਆਰ. ਐਚ.ਐਮ. ਤੇ ਨਿਰਭਰ ਹੋਣ ਦੀ ਬਜਾਏ ਇਨ੍ਹਾਂ ਖੇਤਰਾਂ ਵਿੱਚ ਆਪਣੇ ਸਾਧਨ ਲਗਾਉਣ ਵਿਚ ਵਿਚਾਰ ਕਰਨਾ ਚਾਹੀਦਾ ਹੈ।"

(3) ਪੈਰ੍ਹਾ 21 ਵਿੱਚ, ਆਖਰੀ ਵਾਕ ਕੱਟ ਦਿੱਤਾ ਜਾਵੇ।

(4) ਪੈਰ੍ਹਾ 26 ਅਤੇ 27 ਆਪਸ ਵਿੱਚ ਉਲਟ ਹਨ ਅਤੇ ਸਦਨ ਚਾਹੁੰਦਾ ਹੈ ਕਿ ਮਾਨਯੋਗ ਮੁੱਖ ਮੰਤਰੀ ਰਾਜਪਾਲ ਦੇ ਅਭਿਭਾਸ਼ਨ ਤੇ ਬਹਿਸ ਦੇ ਜਵਾਬ ਦਿੰਦਿਆਂ ਹੋਇਆਂ

ਅਰਥਚਾਰੇ ਵਿੱਚ ਉਤਪਾਦੀ ਨਿਵੇਸ਼ ਨੂੰ ਵਾਧਾ ਦੇਣ ਦੀਆਂ ਨੀਤੀਆਂ ਦਾ ਵਿਸ਼ੇਸ਼ ਕਰਕੇ ਵਰਨਣ ਕਰਨ।

(5) ਪੈਰ੍ਹਾ 108 ਦੇ ਅੰਤ ਵਿੱਚ, ਨਿਮਨਲਿਖਤ ਜੋੜ ਦਿੱਤਾ ਜਾਵੇ :-

"ਪ੍ਰਵੇਗਿਤ ਸਿੰਚਾਈ ਲਾਭਦਾਇਕ ਸਕੀਮ" ਲਈ ਰਾਜ ਸਰਕਾਰ ਤੋਂ 75% ਫੰਡ ਲੋੜੀਂਦੇ ਹਨ। ਸਦਨ ਨੂੰ ਵਾਸਤਵ ਵਿੱਚ ਵਿਸ਼ਵਾਸ ਦਿਵਾਉਣ ਤੋਂ ਪਹਿਲਾਂ ਰਾਜ ਆਪਣੇ ਹਿੱਸੇ ਦੀ ਵਚਨਬੱਧਤਾ ਦੁਹਰਾਏਗਾ ਕਿ ਇਹ ਵਾਅਦਾ ਪੂਰਾ ਕੀਤਾ ਜਾਵੇ ਕਿਉਂਕਿ ਇਸ ਸਬੰਧੀ ਕਈ ਵਾਰ ਬਜਟ ਕਾਗਜ਼ ਪੱਤਰਾਂ ਅਤੇ ਮਾਨਯੋਗ ਗਵਰਨਰ ਦੇ ਭਾਸ਼ਣ ਤੇ ਗੱਲਬਾਤ ਹੋ ਚੁੱਕੀ ਹੈ।"

(6) ਪੈਰਾ 117 ਅਤੇ ਪੈਰ੍ਹਾ 118 ਦੇ ਅੰਤ ਵਿਚ ਨਿਮਨਲਿਖਤ ਜੋੜ ਦਿੱਤਾ ਜਾਵੇ:-

"ਪੰਜਾਬ ਸਰਕਾਰ ਆਪਣੇ ਹਿੱਸੇ ਦੀ ਫੰਡਿੰਗ ਪੂਰੀ ਕਰਨ ਲਈ ਫੰਡ ਲੱਭੇਗੀ, ਜੋ ਕਿ ਅਸੰਭਵ ਲਗਦਾ ਹੈ ਕਿਉਂਕਿ ਰਾਜ ਦੀ ਵਿੱਤੀ ਹਾਲਤ ਪਹਿਲਾਂ ਹੀ ਨਾਜ਼ੁਕ ਹੈ ਕਿਉਂਕਿ ਰਾਜ ਦੁਆਰਾ, ਕੇਂਦਰੀ ਸਕੀਮ ਦੇ ਪੂਰੇ ਲਾਭ ਚੁੱਕਣ ਲਈ ਬਰਾਬਰ ਦੇ ਫੰਡ ਮੁਹੱਈਆ ਨਹੀਂ ਕੀਤੇ ਜਾ ਸਕਦੇ।"

ਪ੍ਰਸਤਾਵ ਅਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੈਂ ਸਰਦਾਰ ਵਿਰਸਾ ਸਿੰਘ ਵਲਟੋਹਾ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਅਤੇ ਸ਼੍ਰੀ ਮਨੋਰੰਜਨ ਕਾਲੀਆ, ਐਮ.ਐਲ.ਏ. ਦੁਆਰਾ ਪ੍ਰੋੜਤਾ ਕੀਤੇ ਗਏ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ:

'ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 21 ਮਾਰਚ, 2012 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬੁੱਧਵਾਰ ਮਿਤੀ 28 ਮਾਰਚ, 2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

* 3.41 ਵਜੇ ਬਾਅਦ ਦੁਪਹਿਰ

(ਇਸ ਉਪਰੰਤ ਸਦਨ ਬੁੱਧਵਾਰ ਮਿਤੀ 28 ਮਾਰਚ, 2012 ਨੂੰ 10.00 ਵਜੇ ਸਵੇਰੇ ਤੱਕ ਸਥੱਗਿਤ ਹੋ ਗਿਆ ਹੈ।)

APPENDIX TO
PUNJAB VIDHAN SABHA DEBATES
TUESDAY, THE 27TH MARCH, 2012
VOL. I, NO. 5
WRITTEN SPEECHES SUBMITTED BY THE MEMBERS

ਸਰਦਾਰ ਮਨਤਾਰ ਸਿੰਘ ਬਰਾੜ (ਕੋਟਕਪੂਰਾ) : ਮੈਂ, ਸਪੀਕਰ ਸਾਹਿਬ, ਤੁਹਾਡਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮਾਨਯੋਗ ਰਾਜਪਾਲ ਜੀ ਦੇ ਭਾਸ਼ਣ ਸਬੰਧੀ ਮੈਨੂੰ ਆਪਣੀ ਗੱਲ ਰੱਖਣ ਦਾ ਅਵਸਰ ਪ੍ਰਦਾਨ ਕੀਤਾ ਹੈ।

ਸਪੀਕਰ ਸਾਹਿਬ, ਮਾਨਯੋਗ ਰਾਜਪਾਲ ਜੀ ਦੁਆਰਾ ਦਿੱਤੇ ਗਏ ਭਾਸ਼ਣ ਵਿੱਚ ਪੰਜਾਬ ਦਾ ਭਵਿੱਖੀ ਖਾਕਾ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭਵਿੱਖੀ ਯੋਜਨਾਵਾਂ ਦਾ ਸਾਰ ਅੰਕਿਤ ਹੈ। ਇਸ ਭਾਸ਼ਣ ਵਿੱਚ ਹੱਸਦਾ-ਖੇਡਦਾ, ਵੱਸਦਾ-ਰੱਸਦਾ ਅਤੇ ਖੁਸ਼ਹਾਲ ਪ੍ਰਾਂਤ ਸਿਰਜਣ ਦਾ ਸੁਪਨਾ ਹੈ, ਜੋ ਬੇਹੱਦ ਸ਼ਲਾਘਾਯੋਗ ਹੈ।

ਅੱਜ ਤੋਂ ਲਗਭਗ ਪੰਜ ਕੁ ਸਾਲ ਪਹਿਲਾਂ ਜਦੋਂ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਰਾਜ ਭਾਗ ਸੰਭਾਲਿਆ ਸੀ ਤਾਂ ਉਦੋਂ ਰਾਜ ਦੀ ਸਥਿਤੀ ਸਥਿਰ ਨਹੀਂ ਸੀ, ਆਰਥਿਕ ਹਾਲਤ ਵੀ ਗੰਭੀਰ, ਗਤੀਹੀਣ ਅਤੇ ਇੱਥੋਂ ਤੱਕ ਕਿ ਨਿਰਾਸ਼ਾਜਨਕ ਸੀ ਪ੍ਰੰਤੂ ਮਾਨਯੋਗ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਯੋਗ ਅਗਵਾਈ ਅਤੇ ਦ੍ਰਿੜ ਇਰਾਦੇ ਨਾਲ ਅੱਜ ਪੰਜਾਬ ਫਰਵਰੀ, 2007 ਵਾਲਾ ਪੰਜਾਬ ਨਹੀਂ ਹੈ ਸਗੋਂ ਖੁਸ਼ਹਾਲੀ, ਤਰੱਕੀ ਅਤੇ ਵਿਕਾਸ ਦੀਆਂ ਮੰਜ਼ਿਲਾਂ ਤੈਅ ਕਰਨ ਵਾਲਾ ਪੰਜਾਬ ਹੈ। ਅੱਜ ਪੰਜਾਬ ਸਫ਼ਲਤਾ ਨਾਲ ਭਵਿੱਖ ਵੱਲ ਇਸ ਲਈ ਵੱਧ ਰਿਹਾ ਹੈ ਕਿਉਂਕਿ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸੋਚ ਕੰਮ ਕਰਨ ਵਿਚ ਹੈ, ਨਾਕਾਰਾਤਮਕ ਰਾਜਨੀਤੀ ਵਿੱਚ ਨਹੀਂ, ਲੱਤਾਂ-ਖਿੱਚੂ ਜਾਂ ਵਿਰੋਧੀਆਂ ਦੇ ਦਮਨ ਦੀ ਨੀਤੀ ਵਿੱਚ ਨਹੀਂ, ਖੂੰਡੇ ਖੜਕਾਉਣ ਵਿਚ ਨਹੀਂ, ਸਿਰਫ਼ ਤੇ ਸਿਰਫ਼ ਪੰਜਾਬ ਦੇ ਵਿਕਾਸ ਦੀ ਗਤੀ ਨੂੰ ਤੀਬਰ ਕਰਨ ਵਿੱਚ ਹੈ।

ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ। ਇਸੇ ਲਈ ਹੀ ਪ੍ਰਤੱਖ ਹੈ ਕਿ ਕਿਵੇਂ ਪੰਜ ਸਾਲਾਂ ਪਿੱਛੋਂ 2012 ਦੀਆਂ ਚੋਣਾਂ ਵਿੱਚ ਪੰਜਾਬੀਆਂ ਨੇ ਆਪਣੇ ਇਸ ਸੰਤ ਸਿਆਸਤਦਾਨ ਵਿੱਚ ਅਥਾਹ ਵਿਸ਼ਵਾਸ ਪ੍ਰਗਟ ਕੀਤਾ ਹੈ। ਇਹ ਵਿਸ਼ਵਾਸ ਇਨ੍ਹਾਂ ਦੀਆਂ ਸਾਕਾਰਾਤਮਿਕ ਨੀਤੀਆਂ, ਅਗਾਂਹਵਧੂ ਸੋਚ, ਪੰਜਾਬੀਆਂ ਦੇ ਭਲੇ ਲਈ ਤੱਤਪਰਤਾ ਅਤੇ ਨੇਕ ਇਰਾਦਿਆਂ ਕਰਕੇ ਹੈ। ਇਹ ਵੀ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕੋਈ ਸਰਕਾਰ ਲਗਾਤਾਰ ਪੰਜ ਸਾਲ ਦਾ ਕਾਰਜਕਾਲ ਸਫਲਤਾਪੂਰਵਕ ਸੰਪੰਨ ਕਰਨ ਉਪਰੰਤ ਅਗਲੇ ਪੰਜ ਸਾਲਾਂ ਲਈ ਫਿਰ ਰਾਜਭਾਗ ਸੰਭਾਲੇ। ਇਹ ਇਤਿਹਾਸਕ ਮਾਣ ਸਿਰਫ਼ ਤੇ ਸਿਰਫ਼ ਅਕਾਲੀ-ਭਾਜਪਾ ਸਰਕਾਰ ਨੂੰ ਹੀ ਪ੍ਰਾਪਤ ਹੋਇਆ ਹੈ।

ਅੱਜ ਪੰਜਾਬ ਦੇ ਬੁਨਿਆਦੀ ਖੇਤਰ ਦੀ ਸਥਿਤੀ 2007 ਦੇ ਮੁਕਾਬਲੇ ਬਹੁਤ ਵਧੀਆ ਹੈ, ਤਰਸਯੋਗ ਨਹੀਂ ਹੈ। ਸਰਕਾਰ ਨੇ ਸਿਹਤ ਸੰਭਾਲ, ਸਕੂਲ ਅਤੇ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਸਮਾਜਿਕ-ਆਰਥਿਕ ਮੁੱਦਿਆਂ ਨੂੰ ਇਕ ਚੁਣੌਤੀ ਸਵੀਕਾਰ ਕਰਕੇ ਬਿਹਤਰ ਕੰਮ ਕੀਤੇ ਹਨ। ਵਾਤਾਵਰਣ ਪ੍ਰਦੂਸ਼ਣ, ਪੀਣ ਵਾਲੇ ਸਾਫ ਪਾਣੀ ਅਤੇ ਹੋਰ ਸ਼ਹਿਰੀ ਸਹੂਲਤਾਂ ਨੂੰ ਬਿਹਤਰ ਬਣਾਇਆ ਅਤੇ ਹੋਰ ਬਿਹਤਰ ਕਰਨ ਲਈ ਕਾਰਜਸ਼ੀਲ ਹੈ।

ਸਪੀਕਰ ਸਾਹਿਬ, ਇਹ ਰਾਜ ਸਰਕਾਰ ਲਈ ਫਖਰ ਵਾਲੀ ਗੱਲ ਹੈ ਕਿ ਨੈਸ਼ਨਲ ਯੂਨੀਵਰਸਿਟੀ ਆਫ ਪਲਾਨਿੰਗ ਐਂਡ ਐਡਮਿਨਿਸਟਰੇਸ਼ਨ ਅਨੁਸਾਰ ਅੱਜ ਸੂਬਾ ਪੰਜਾਬ ਕੌਮੀ ਵਿਦਿਅਕ ਵਿਕਾਸ ਦੇ ਖੇਤਰ ਵਿੱਚ ਚੌਦਵੇਂ ਤੋਂ ਤੀਜੇ ਸਥਾਨ ਤੇ ਆਇਆ ਹੈ। ਸਿਹਤ ਖੇਤਰ ਵਿਚ ਵੀ ਮਹੱਤਵਪੂਰਨ ਪੁਲਾਂਘਾਂ ਪੁੱਟੀਆਂ ਹਨ ਤਾਂ ਹੀ ਕੇਂਦਰੀ ਸਿਹਤ ਮੰਤਰਾਲੇ ਨੇ ਰਾਜ ਦੇ ਸਿਹਤ ਬੁਨਿਆਦੀ ਢਾਂਚੇ ਨੂੰ ਸਰਵੋਤਮ ਐਲਾਨਿਆ ਹੈ ਅਤੇ ਭਾਰਤ ਸਰਕਾਰ ਵੱਲੋਂ ਹੁਣੇ ਹੀ ਕੀਤੇ ਗਏ ਇਕ ਸਰਵੇਖਣ ਅਨੁਸਾਰ ਸਾਲ 2009 ਦੇ ਮੁਕਾਬਲੇ ਸਾਲ 2010 ਵਿੱਚ ਬਾਲ ਮੌਤ ਦਰ ਵੀ 4 ਅੰਕ ਘੱਟ ਗਈ ਹੈ। ਰਾਜ ਸਰਕਾਰ ਨੇ ਜਣੇਪਾ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕਰਕੇ ਗਰਭਵਤੀ ਔਰਤਾਂ ਨੂੰ ਮੁਫ਼ਤ ਦਵਾਈਆਂ ਵੀ ਦੇਣੀਆਂ ਸ਼ੁਰੂ ਕੀਤੀਆਂ ਹਨ।

ਖੇਤੀਬਾੜੀ :

ਕਵੀ ਪ੍ਰੋ. ਮੋਹਨ ਸਿੰਘ ਅਨੁਸਾਰ –

ਭਾਰਤ ਹੈ ਵਾਂਗ ਮੁੰਦਰੀ
ਵਿੱਚ ਨਗ ਪੰਜਾਬ ਦਾ।

ਇਹ ਬਿਲਕੁਲ ਸਹੀ ਹੈ ਕਿ ਭਾਰਤ ਦੀ ਮੁੰਦਰੀ ਵਿੱਚ ਇਸ ਪੰਜਾਬੀ ਨਗ ਨੇ ਹਮੇਸ਼ਾ ਆਪਣੀ ਚਮਕ ਚਮਕਾਈ ਹੈ। ਅਜ਼ਾਦ ਭਾਰਤ ਦੇ ਦੂਜੇ ਸਲਾਨਾ ਬਜਟ ਵਿੱਚ ਭਾਰਤ ਨੇ 110 ਕਰੋੜ ਦਾ ਅਨਾਜ ਦਰਾਮਦ ਕੀਤਾ ਸੀ ਤੇ ਉਸ ਸਮੇਂ ਇਹ ਰਕਮ ਬਹੁਤ ਵੱਡੀ ਸੀ ਤੇ ਇਹ ਸਿੱਧ ਵੀ ਕਰਦਾ ਹੈ ਕਿ ਉਸ ਵਕਤ ਦੇਸ਼ ਲਈ ਦੋ ਵਕਤ ਦੀ ਰੋਟੀ ਇੱਕ ਵੱਡੀ ਚੁਣੌਤੀ ਸੀ ਪਰ ਹੁਣ ਅਜ਼ਾਦੀ ਦੇ 65 ਸਾਲਾਂ ਉਪਰੰਤ 16 ਮਾਰਚ, 2012 ਨੂੰ ਸ਼੍ਰੀ ਪ੍ਰਣਾਬ ਮੁਖਰਜੀ, ਵਿੱਤ ਮੰਤਰੀ, ਭਾਰਤ ਸਰਕਾਰ ਨੇ ਜੋ ਬਜਟ ਸਾਲ 2012-13 ਲਈ ਪੇਸ਼ ਕੀਤਾ ਹੈ ਤਾਂ ਹਾਲਾਤ ਇਹ ਹਨ ਕਿ ਅੱਜ ਦੇਸ਼ ਦਾ ਅਨਾਜ ਉਤਪਾਦਨ 250 ਮਿਲੀਅਨ ਟਨ ਤੱਕ ਪੁੱਜ ਚੁੱਕਾ ਹੈ।

W.T.O. (ਵਰਲਡ ਟਰੇਡ ਆਰਗੇਨਾਈਜ਼ੇਸ਼ਨ) ਅਨੁਸਾਰ ਦੇਸ਼ ਦੀ ਖੇਤੀ ਬਰਾਮਦ 23 ਬਿਲੀਅਨ ਅਮਰੀਕੀ ਡਾਲਰ ਦੇ ਅੰਕੜੇ ਨੂੰ ਪਾਰ ਕਰ ਚੁੱਕੀ ਹੈ ਭਾਵ ਕਿ ਦੇਸ਼ ਦੇ ਕਿਸਾਨ ਅਤੇ ਖੇਤੀ ਖੇਤਰ ਨੇ ਦੇਸ਼ ਨੂੰ ਨਾ ਕੇਵਲ ਅਨਾਜ ਦੇ ਮਾਮਲੇ ਵਿੱਚ ਆਤਮ ਨਿਰਭਰ

ਬਣਾਇਆ ਸਗੋਂ ਅਨਾਜ ਬਰਾਮਦਕਾਰ ਵੀ ਬਣਾ ਦਿੱਤਾ ਹੈ। ਅਜਿਹਾ ਸ਼ਾਨਦਾਰ ਰਿਕਾਰਡ ਪੈਦਾ ਕਰਨ ਵਿੱਚ ਸੂਬਾ ਪੰਜਾਬ ਦਾ ਵਿਸ਼ੇਸ਼ ਅਤੇ ਵਿਸ਼ੇਸ਼ ਸਥਾਨ ਹੈ ਜਿਸ ਵਿਚ ਇਕੱਲੇ ਰਾਜ ਨੇ ਸਾਲ 2011-12 ਲਈ 109 ਲੱਖ ਮੀਟਰਿਕ ਟਨ ਕਣਕ ਦਾ ਯੋਗਦਾਨ ਪਾਇਆ ਹੈ। ਇਸ ਰਾਜ ਦੇ ਮਿਹਨਤੀ ਕਿਸਾਨਾਂ ਨੇ ਆਪਣੀ ਹਿੰਮਤ, ਦਲੇਰੀ ਅਤੇ ਲਗਨ ਨਾਲ ਕੰਮ ਕਰਕੇ ਖੇਤੀਬਾੜੀ ਖੇਤਰ ਵਿੱਚ ਬੁਲੰਦੀਆਂ ਹਾਸਲ ਕੀਤੀਆਂ ਹਨ। ਇੱਥੋਂ ਤੱਕ ਕਿ ਪੰਜਾਬੀ ਕਿਸਾਨਾਂ ਨੇ ਆਪਣੇ ਕੁਦਰਤੀ ਸਰੋਤਾਂ ਨੂੰ ਵੀ ਦਾਅ 'ਤੇ ਲਾਇਆ ਹੋਇਆ ਹੈ। ਪ੍ਰੰਤੂ ਅਜਿਹੀਆਂ ਮਾਣ ਮੱਤੀਆਂ ਪ੍ਰਾਪਤੀਆਂ ਦੇ ਬਾਵਜੂਦ ਕੇਂਦਰੀ ਸਰਕਾਰ ਦੀਆਂ ਉਲਟ ਨੀਤੀਆਂ ਨੇ ਕਿਸਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਿਸਦਾ ਨਤੀਜਾ ਕਿ ਖੇਤੀਬਾੜੀ ਖੇਤਰ ਵਿੱਚ ਪੈਂਤੀ ਹਜ਼ਾਰ ਕਰੋੜ ਤੋਂ ਵੱਧ ਦਾ ਖੇਤੀ ਕਰਜ਼ਾ ਚੜ੍ਹਿਆ ਹੋਇਆ ਹੈ। ਅੰਨਦਾਤਾ ਦੁਖੀ ਅਤੇ ਖੁਦਕਸ਼ੀਆਂ ਕਰ ਰਿਹਾ ਹੈ ਕਿਉਂਕਿ ਕਿਸਾਨਾਂ ਦੇ ਖੇਤੀ ਉਤਪਾਦਨ ਦਾ ਲਾਹੇਵੰਦ ਭਾਅ ਨਹੀਂ ਮਿਥਿਆ ਜਾਂਦਾ। ਸਵਾਮੀਨਾਥਨ ਕਮੇਟੀ ਦੀ ਰਿਪੋਰਟ ਦੇ ਫਾਰਮੂਲੇ ਨੂੰ ਅਪਣਾਉਣ ਦੀ ਥਾਂ ਅਨਾਜ ਦੀਆਂ ਕੀਮਤਾਂ ਦਾ ਨਿਰਧਾਰਨ ਕੇਂਦਰੀ ਸਰਕਾਰ ਦੁਆਰਾ ਕੀਤਾ ਜਾਂਦਾ ਹੈ।

ਹਾਂ ! ਪ੍ਰੰਤੂ ਪੰਜਾਬ ਸਰਕਾਰ ਹਮੇਸ਼ਾ ਹੀ ਕਿਸਾਨਾਂ ਦੇ ਭਲੇ ਲਈ ਯਤਨਸ਼ੀਲ ਹੈ। ਖੇਤੀ ਸੈਕਟਰ ਨੂੰ ਮੁਫਤ ਬਿਜਲੀ ਸਪਲਾਈ ਇਸਦੀ ਇੱਕ ਮਿਸਾਲ ਹੈ। ਰਾਜ ਸਰਕਾਰ ਨੇ ਕੁਦਰਤੀ ਕਰੋਪੀਆਂ ਸਮੇਂ ਕਿਸਾਨ ਦੀ ਬਾਂਹ ਫੜੀ ਹੈ। ਬੀਜਾਂ ਦੀ ਤਬਦੀਲੀ ਲਈ ਪ੍ਰੋਗਰਾਮ ਬਣਾਕੇ ਸਬਸਿਡੀ ਅਧਾਰਤ ਬੀਜ ਵੰਡ ਕੀਤੀ, ਡਰਿੱਪ ਸਿੰਜਾਈ 'ਤੇ ਸਬਸਿਡੀ ਅਤੇ ਬਾਗਵਾਨੀ ਦਾਇਰੇ ਵਿੱਚ ਤਰੱਕੀ ਆਦਿ ਅਜਿਹੇ ਕਿਸਾਨ ਪੱਖੀ ਫੈਸਲੇ ਹਨ, ਜਿਹਨਾਂ 'ਤੇ ਪਹਿਰਾ ਦੇਣ ਦਾ ਸਰਕਾਰ ਨੇ ਅਹਿਦ ਲਿਆ ਹੈ।

ਸਪੀਕਰ ਸਾਹਿਬ, ਗਲੋਬਲ ਵਾਰਮਿੰਗ ਕਰਕੇ ਮੌਸਮ ਦਾ ਮਿਜਾਜ ਬਣਦਾ-ਵਿਗੜਦਾ ਰਹਿੰਦਾ ਹੈ ਤੇ ਕਿਸਾਨ ਨੂੰ ਕੁਦਰਤੀ ਕਰੋਪੀਆਂ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਅਜਿਹੀਆਂ ਕਰੋਪੀਆਂ ਤੋਂ ਫੌਰੀ ਰਾਹਤ ਲਈ ਫਸਲੀ ਬੀਮਾ ਯੋਜਨਾ ਦਾ ਅਰੰਭ ਸਮੇਂ ਦੀ ਮੰਗ ਹੈ।

ਸ਼ਹਿਰੀ ਹਵਾਬਾਜ਼ੀ :

ਸ਼ਹਿਰੀ ਹਵਾਬਾਜ਼ੀ ਦੇ ਖੇਤਰ ਵਿੱਚ ਦੋ ਨਵੇਂ ਅੰਤਰਰਾਸ਼ਟਰੀ ਹਵਾਈ ਅੱਡਿਆਂ ਨਾਲ ਮਹੱਤਤਾ ਹਾਸਲ ਹੋਈ ਹੈ। ਰਾਜ ਸਰਕਾਰ ਨੇ ਭਾਰਤ ਸਰਕਾਰ ਤੋਂ ਇਨ੍ਹਾਂ ਪ੍ਰਮੁੱਖ ਹਵਾਈ ਮਾਰਗਾਂ ਦੁਆਰਾ ਜੋੜਨ ਵਾਲੇ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਦੀ ਵਾਜਬ ਮੰਗ ਕੀਤੀ ਹੈ ਕਿਉਂਕਿ ਇਹ ਰਾਜ ਦੀ ਸਮੁੱਚੀ ਆਰਥਿਕ ਖੁਸ਼ਹਾਲੀ ਨਾਲ ਜੁੜੇ ਹੋਏ ਹਨ। ਇਨ੍ਹਾਂ ਮਾਰਗਾਂ ਦੀ ਮਨਜ਼ੂਰੀ ਛੇਤੀ ਮਿਲਣ ਨਾਲ ਪੰਜਾਬੀ ਲੋਕ ਘਰੇਲੂ ਇਸਤੇਮਾਲ ਤੋਂ ਲੈ ਕੇ ਖੁੱਲ੍ਹੇ ਬਜ਼ਾਰ ਤੱਕ ਦਾ ਲਾਭ ਲੈ ਸਕਣਗੇ, ਦਰਾਮਦ ਦਾ ਹਿੱਸਾ ਵੀ ਵਧੇਗਾ। ਅੱਜ ਭਾਰਤ ਵਿੱਚ ਦਰਾਮਦ ਬਹੁਤ ਘੱਟ ਸਿਰਫ 2 ਪ੍ਰਤੀਸ਼ਤ ਤੱਕ ਹੀ ਹੈ, ਜਦੋਂ ਕਿ ਅਪੀਡਾ (ਐਗਰੀਕਲਚਰ

ਐਂਡ ਪ੍ਰੋਸੈਸਰ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਟੀ) ਅਨੁਸਾਰ ਇਸ ਨੂੰ ਵਧਾ ਕੇ ਸਾਲ 2014 ਤੱਕ ਘੱਟੋ-ਘੱਟ ਪੰਜ ਪ੍ਰਤੀਸ਼ਤ ਕਰਨ ਦਾ ਉਦੇਸ਼ ਹੈ। ਇਸ ਤਰ੍ਹਾਂ ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਵਿੱਚੋਂ ਵੀ ਫਲ ਅਤੇ ਸਬਜ਼ੀਆਂ ਆਦਿ ਭੇਜ ਕੇ ਆਰਥਿਕ ਖੁਸ਼ਹਾਲੀ ਤਾਂ ਪ੍ਰਾਪਤ ਕੀਤੀ ਜਾ ਸਕਦੀ ਹੀ ਹੈ। ਖੇਤੀ ਭਿੰਨਤਾ, ਬਾਗਵਾਨੀ ਅਤੇ ਫੁੱਲਾਂ ਦੀ ਖੇਤੀ ਨੂੰ ਵੀ ਅਪਨਾਉਣ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਡੀਕਰਨ ਦੀਆਂ ਮੁਸ਼ਕਿਲਾਂ ਦੀ ਨਵਿਰਤੀ ਵੀ ਹੋਵੇਗੀ।

ਸਕੂਲ ਸਿੱਖਿਆ :

ਪੰਜਾਬ ਦੀ ਸਕੂਲ ਸਿੱਖਿਆ ਵਿੱਚ ਗੁਣਾਤਮਿਕ ਅਤੇ ਗਿਣਾਤਮਿਕ ਤਬਦੀਲੀ ਦ੍ਰਿਸ਼ਟੀਗੋਚਰ ਹੁੰਦੀ ਹੈ। ਰਾਜ ਸਰਕਾਰ ਨੇ ਸਿੱਖਿਆ ਅਤੇ ਗਿਆਨ ਨੂੰ ਸਮਾਜ ਦੇ ਸਰਵਪੱਖੀ ਵਿਕਾਸ ਨਾਲ ਜੋੜ ਕੇ ਅਮਲ ਵਿੱਚ ਲਿਆਂਦਾ ਹੈ। ਇਸ ਰਾਜ ਵਿੱਚ ਨਵੇਂ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ ਤਾਮੀਰ ਕਰਨ ਦੀ ਯੋਜਨਾ, ਸਕੂਲ ਵਿੱਚ ਨਵੀਆਂ ਨਿਯੁਕਤੀਆਂ, ਪਦਉਨਤੀਆਂ ਅਤੇ ਨੌਕਰੀਆਂ ਨਿਯਮਤ ਕਰਕੇ ਅਧਿਆਪਕਾਂ ਦੀ ਘਾਟ ਨੂੰ ਦੂਰ ਕੀਤਾ ਗਿਆ ਹੈ ਜਿਸ ਨਾਲ ਭਵਿੱਖ ਵਿੱਚ ਚੰਗੇ ਨਤੀਜੇ ਪ੍ਰਾਪਤ ਹੋਣੇ ਯਕੀਨੀ ਹਨ। ਇਸਦੇ ਨਾਲ ਹੀ ਸਿੱਖਿਆ ਦੀ ਗੁਣਵੱਤਾ ਲਈ ਪੰਜਾਬ ਸਿੱਖਿਆ ਵਿਕਾਸ ਬੋਰਡ ਵਲੋਂ ਆਦਰਸ਼ ਸਕੂਲਾਂ ਲਈ 128 ਸਥਾਨਾਂ ਦੀ ਚੋਣ ਕਰਕੇ ਕੀਤੀ ਜਾ ਰਹੀ ਉਸਾਰੀ ਅਤੇ ਰਾਜ ਦੇ ਪਛੜੇ ਬਲਾਕਾਂ ਵਿੱਚ ਸੀ.ਬੀ.ਐਸ.ਈ. ਪੈਟਰਨ 'ਤੇ 21 ਮਾਡਲ ਸਕੂਲਾਂ ਦੀ ਸਥਾਪਨਾ ਸਕੂਲ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਕਾਰਜ ਹਨ।

ਉਚੇਰੀ ਸਿੱਖਿਆ :

ਉੱਚ ਸਿੱਖਿਆ ਦੇ ਸੁਧਾਰ ਲਈ ਵਚਨਬੱਧਤਾ, ਨਵੇਂ ਕਾਲਜਾਂ ਦੀ ਸਥਾਪਨਾ ਅਤੇ ਸਰਕਾਰੀ ਕਾਲਜਾਂ ਦੇ ਵਿਕਾਸ ਲਈ ਲਗਭਗ 168 ਕਰੋੜ ਦੀ ਰਾਸ਼ੀ ਅਤੇ ਸੂਬੇ ਦੇ ਪੱਛੜੇ ਹੋਏ ਜ਼ਿਲ੍ਹਿਆਂ ਵਿੱਚ 15 ਨਵੇਂ ਮਾਡਲ ਡਿਗਰੀ ਕਾਲਜਾਂ ਦੀ ਸਥਾਪਨਾ ਵਿਸ਼ੇਸ਼ ਜ਼ਿਕਰਯੋਗ ਹਨ। ਜਿਸਦੇ ਸਾਰਥਿਕ ਨਤੀਜੇ ਉਤਪੰਨ ਹੋਣਗੇ।

ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਵਿੱਚੋਂ ਗਿਆਤ ਹੁੰਦਾ ਹੈ ਕਿ ਸਰਕਾਰ ਸਿੱਖਿਅਕ ਕਾਮੇ ਪੈਦਾ ਕਰਨ ਵੱਲ ਵਿਸ਼ੇਸ਼ ਤੌਰ 'ਤੇ ਰੁਚਿਤ ਹੈ। ਜਿਸ ਲਈ ਤਕਨੀਕੀ ਮੁਹਾਰਤ ਪੈਦਾ ਕਰਨ ਦੇ ਨਵੇਂ ਮੌਕੇ ਵੀ ਤਲਾਸ਼ੇ ਗਏ ਹਨ, ਜਿਸ ਕਰਕੇ ਹੀ ਰਾਜ ਵਿੱਚ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵਾਧਾ ਕੀਤਾ ਗਿਆ ਹੈ। ਰੋਪੜ ਵਿੱਚ ਆਈ.ਆਈ.ਟੀ. ਦੀ ਸਥਾਪਨਾ, 14 ਮਲਟੀ ਡਿਸਿਪਲਨਰੀ ਅਕਾਦਮੀਆਂ ਦੀ ਸਥਾਪਨਾ ਅਤੇ 7 ਨਵੇਂ ਪੋਲੀਟੈਕਨਿਕਸ ਦੇ ਨਾਲ-ਨਾਲ ਰਾਜ ਸਰਕਾਰ ਵਲੋਂ ਕਪੂਰਥਲਾ ਵਿਖੇ ਇੱਕ ਇੰਡੀਅਨ ਇੰਸਟੀਚਿਊਟ ਆਫ ਇਨਫਰਮੇਸ਼ਨ ਟੈਕਨਾਲੋਜੀ ਦੀ ਸਥਾਪਨਾ ਪੰਜਾਬ ਸਰਕਾਰ ਦੀ ਤਕਨੀਕੀ ਸਿੱਖਿਆ ਪ੍ਰਤੀ ਗੰਭੀਰਤਾ

ਅਤੇ ਨਿਪੁੰਨ ਮਾਹਿਰ ਪੈਦਾ ਕਰਨ ਦੀਆਂ ਯੋਜਨਾਵਾਂ ਦੀ ਕੜੀ ਹੈ।

ਸਪੀਕਰ ਸਾਹਿਬ, ਇਸ ਸਾਰੇ ਦੇ ਨਾਲ-ਨਾਲ, ਖੇਤੀ ਪ੍ਰਬੰਧ ਨਾਲ ਸਬੰਧਤ ਸਿੱਖਿਅਤ ਕਾਰਜਕਰਤਾ ਪੈਦਾ ਕਰਨੇ ਵੀ ਅੱਜ ਦੇ ਸਮੇਂ ਹੀ ਬਹੁਤ ਵੱਡੀ ਜ਼ਰੂਰਤ ਹੈ। ਇਸ ਦਿਸ਼ਾ ਵਿੱਚ ਭਾਵੇਂ ਖੇਤੀ ਵਪਾਰ ਨਾਲ ਸਬੰਧਿਤ ਕੁਝ ਸਿੱਖਿਆ ਕੋਰਸਾਂ ਨੂੰ ਸ਼ੁਰੂ ਵੀ ਕੀਤਾ ਗਿਆ ਹੈ ਪ੍ਰੰਤੂ ਅਜਿਹੇ ਇੰਸਟੀਚਿਊਟ ਸਥਾਪਿਤ ਕਰਨ ਦੀ ਵੀ ਜ਼ਰੂਰਤ ਹੈ ਜਿੱਥੋਂ ਸਿਰਫ ਐਗਰੀਬਿਜਨਸ ਦੀ ਹੀ ਡਿਗਰੀ ਪ੍ਰਾਪਤ ਹੁੰਦੀ ਹੋਵੇ ਕਿਉਂਕਿ ਅਜਿਹੀਆਂ ਡਿਗਰੀਆਂ ਨਾਲ ਖੇਤੀ ਅਤੇ ਖੇਤੀ ਵਪਾਰ ਵਿਚ ਹੋਰ ਵਧੇਰੇ ਸੰਭਾਵਨਾਵਾਂ ਵਧਣ ਦੀ ਆਸ ਹੈ।

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ ਪੰਜਾਬੀ ਭਾਸ਼ਾ ਦੀ ਵਡਿਆਈ ਵਿੱਚ ਆਖਿਆ ਹੈ ਕਿ -

ਅਸੀਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ,
ਇਹੋ ਜ਼ਿੰਦ ਜਾਨ ਸਾਡੀ, ਮੋਤੀਆਂ ਦੀ ਖਾਨ ਸਾਡੀ,
ਹੱਥੋਂ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।

ਰਾਜ ਸਰਕਾਰ ਨੇ ਪੰਜਾਬੀ ਬੋਲੀ ਨੂੰ ਭੁਲਾਇਆ ਨਹੀਂ ਸਗੋਂ ਮਾਂ ਬੋਲੀ ਪੰਜਾਬੀ ਪ੍ਰਤੀ ਆਪਣੇ ਫਰਜ਼ ਨੂੰ ਪਛਾਣ ਕੇ ਬੋਲੀ ਦਾ ਪੂਰਾ ਸਤਿਕਾਰ ਕਰਦੇ ਹੋਏ ਪੰਜਾਬੀ ਭਾਸ਼ਾ ਦੀ ਵਰਤੋਂ ਲਈ ਇੱਕ ਇਤਿਹਾਸਕ ਕਾਨੂੰਨ ਪਾਸ ਕਰਕੇ ਪੰਜਾਬੀਆਂ ਦੀ ਦਿਲੀ ਇੱਛਾ ਨੂੰ ਪੂਰਾ ਕੀਤਾ ਹੈ, ਜਿਸ ਵਾਸਤੇ ਹਰ ਪੰਜਾਬੀ ਪ੍ਰੇਮੀ ਦੇ ਮਨ ਵਿੱਚ ਸਰਕਾਰ ਪ੍ਰਤੀ ਖੁਸ਼ੀ ਹੈ।

ਰਾਜ ਦੇ ਮਾਨਯੋਗ ਮੁੱਖ ਮੰਤਰੀ ਜੀ ਦੇ ਮਨ ਅੰਦਰ ਸਾਡੇ ਅਜ਼ਾਦੀ ਸੰਗਰਾਮੀਆਂ ਪ੍ਰਤੀ ਬੇਹੱਦ ਸਤਿਕਾਰ ਅਤੇ ਸ਼ਰਧਾ ਹੈ। ਰਾਜ ਸਰਕਾਰ ਨੇ ਆਪਣੇ ਯਤਨਾਂ ਰਾਹੀਂ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ, ਕੂਕਾ ਲਹਿਰ ਅਤੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸੁਤੰਤਰਤਾ ਸੈਲਾਨੀਆਂ ਦਾ ਦਰਜਾ ਦਿੱਤਾ ਹੈ, ਜੋ ਕਿ ਅਜ਼ਾਦੀ ਉਪਰੰਤ ਇੰਨਾ ਲੰਬਾ ਸਮਾਂ ਬੀਤ ਜਾਣ 'ਤੇ ਵੀ ਨਹੀਂ ਦਿੱਤਾ ਗਿਆ ਸੀ। ਹੁਣ ਇਨ੍ਹਾਂ ਸਾਕਿਆਂ ਦੇ ਸ਼ਹੀਦਾਂ ਦੇ ਵਾਰਿਸਾਂ ਨੂੰ ਸੁਤੰਤਰਤਾ ਸੰਗਰਾਮੀਆਂ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਲੱਗ ਪਈਆਂ ਹਨ। ਇਸੇ ਤਰ੍ਹਾਂ ਹੀ ਸਰਦਾਰ ਬਾਦਲ ਨੇ ਆਪਣੇ ਨਿੱਜੀ ਯਤਨਾਂ ਰਾਹੀਂ ਮਹਾਂ ਨਾਇਕਾਂ ਅਤੇ ਮਹਾਨ ਸ਼ਹੀਦਾਂ ਦੇ ਜੀਵਨ ਤੋਂ ਜਾਣੂੰ ਕਰਾਉਣ ਲਈ ਵਿਰਾਸਤੀ ਕੰਪਲੈਕਸ ਤੇ ਸਮਾਰਕਾਂ ਬਣਵਾਈਆਂ ਹਨ ਕਿ ਇਨ੍ਹਾਂ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਬਹਾਦਰ ਅਤੇ ਦੇਸ਼ ਭਗਤ ਲੋਕਾਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਮਿਲ ਸਕੇ।

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ :

ਰਾਜ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਬਜ਼ੁਰਗਾਂ, ਵਿਧਵਾਵਾਂ, ਆਸ਼ਰਿਤ ਬੱਚਿਆਂ ਅਤੇ ਅਪਾਹਜ ਵਿਅਕਤੀਆਂ ਨੂੰ ਪੈਨਸ਼ਨ ਵੰਡਣ ਦਾ ਬਹੁਤ ਵੱਡਾ ਕਾਰਜ ਕੀਤਾ ਹੈ। ਇਸ ਵਿੱਚ ਹੁਣ ਜਨਤਾ ਦੀ ਸਹੂਲਤ ਅਤੇ ਪਾਰਦਰਸ਼ਤਾ ਲਈ ਪੇਂਡੂ ਅਤੇ

ਸ਼ਹਿਰੀ ਖੇਤਰ ਦੇ ਯੋਗ ਲਾਭਕਾਰੀਆਂ ਨੂੰ ਵਿੱਤੀ ਸਹਾਇਤਾ E.B.T. (ਇਲੈਕਟ੍ਰਾਨਿਕ ਬੈਨੀਫ਼ਿਟ ਟਰਾਂਸਫ਼ਰ) ਵਿਧੀ ਰਾਹੀ ਤਕਸੀਮ ਕਰਨ ਦਾ ਸ਼ਲਾਘਾਯੋਗ ਫੈਸਲਾ ਲਿਆ ਹੈ। ਸਿਰਫ ਇਹੀ ਨਹੀਂ ਸ਼ਗਨ ਸਕੀਮ ਦੀ ਅਦਾਇਗੀ ਵੀ ਘਰੇ ਬੈਠਿਆਂ ਹੀ ਹੋਵੇਗੀ ਅਤੇ ਲੋੜਵੰਦਾਂ ਨੂੰ ਸ਼ਗਨ ਸਕੀਮ ਦੀ ਰਾਸ਼ੀ ਵਿਆਹ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਪਹੁੰਚਦੀ ਕਰਨ ਦੀਆਂ ਹਦਾਇਤਾਂ ਵੀ ਹਨ।

ਰਾਜ ਸਰਕਾਰ ਨੇ ਲਿੰਗ ਅਨੁਪਾਤ ਦਰ ਵਿੱਚ ਸਾਵਾਂਪਣ ਲਿਆਉਣ ਲਈ ਇੱਕ ਤੋਂ ਵਧੇਰੇ ਯਤਨ ਕਰਕੇ ਲਿੰਗ ਅਨੁਪਾਤ ਦਰ ਨੂੰ ਠੀਕ ਰੱਖਣ ਲਈ ਯਤਨ ਕੀਤੇ ਹਨ। ਰਾਜ ਸਰਕਾਰ ਨੇ ਜਿੱਥੇ ਇਸਦੇ ਸਮਾਜਿਕ ਆਰਥਿਕ ਕਾਰਨਾਂ ਨੂੰ ਪਛਾਣ ਕੇ 62 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਹੈ ਉੱਥੇ ਸਕੂਲ ਪੜ੍ਹ ਰਹੀਆਂ ਲੜਕੀਆਂ ਲਈ ਮਾਈ ਭਾਗੋ ਵਿਦਿਅਕ ਸਕੀਮ ਦੀ ਸ਼ੁਰੂਆਤ, ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਯੋਜਨਾ ਸ਼ੁਰੂ ਕਰਕੇ ਭਰੂਣ ਹੱਤਿਆ ਵਿਰੁੱਧ ਮੁਹਿੰਮ ਦਾ ਆਗਾਜ਼ ਕੀਤਾ ਹੈ ਜਿਸਦੇ ਚੰਗੇ ਨਤੀਜੇ ਸਾਹਮਣੇ ਆਉਣੇ ਯਕੀਨੀ ਹਨ।

ਖੇਡਾਂ ਤੇ ਯੁਵਕ ਸੇਵਾਵਾਂ :

ਖੇਡਾਂ ਦੇ ਖੇਤਰ ਵਿੱਚ ਖੇਡ ਸਭਿਆਚਾਰ ਉਤਸ਼ਾਹਿਤ ਕਰਨ ਲਈ ਸ਼ਾਨਦਾਰ ਹੰਭਲੇ ਮਾਰੇ ਗਏ ਹਨ। ਨਵੇਂ ਸਟੇਡੀਅਮ ਦੀ ਸਿਰਜਣਾ, ਬਹੁਮੰਤਵੀ ਜਿਮਨੇਜ਼ੀਅਮ, ਅਥਲੈਟਿਕ ਟਰੈਕ ਅਤੇ ਪੇਂਡੂ ਗੱਭਰੂਆਂ ਨੂੰ 9,000 ਦੇ ਕਰੀਬ ਖੇਡ ਕਿੱਟਾਂ ਉਪਲਬਧ ਕਰਵਾਈਆਂ ਗਈਆਂ ਹਨ। ਨਕਦ ਇਨਾਮਾਂ ਦੀ ਰਾਸ਼ੀ ਵਿੱਚ ਚੋਖਾ ਵਾਧਾ ਅਤੇ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਉੱਚ ਖੇਡ ਪ੍ਰਾਪਤੀਆਂ ਵਾਲਿਆਂ ਲਈ ਗਰੁੱਪ 'ਏ' ਦੀਆਂ ਅਸਾਮੀਆਂ ਦੀ ਸਿਰਜਣਾ ਆਦਿ ਰਾਜ ਸਰਕਾਰ ਵੱਲੋਂ ਕੁਝ ਅਜਿਹੇ ਹੰਭਲੇ ਹਨ ਜੋ ਪੰਜਾਬੀ ਗੱਭਰੂਆਂ ਅੰਦਰ ਖੇਡ ਭਾਵਨਾ ਪੈਦਾ ਕਰਨਗੇ। ਇਹ ਹੀ ਨਹੀਂ ਸਗੋਂ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਸਫ਼ਲ ਉਪਰਾਲੇ ਕੀਤੇ ਗਏ ਹਨ ਜਿਸਨੂੰ ਪੰਜਾਬੀਆਂ ਵਲੋਂ ਭਰਵਾਂ ਹੁੰਗਾਰਾ ਵੀ ਮਿਲਿਆ ਹੈ। ਇਸ ਤੋਂ ਪਹਿਲਾਂ ਖੇਡਾਂ ਪ੍ਰਤੀ ਅਜਿਹੀਆਂ ਕੋਸ਼ਿਸ਼ਾਂ ਅਤੇ ਸਾਰਥਿਕ ਉਪਰਾਲੇ ਘੱਟ ਹੀ ਵੇਖਣ ਨੂੰ ਮਿਲੇ ਹਨ।

ਸੈਰ-ਸਪਾਟਾ :

ਰਾਜ ਸਰਕਾਰ ਨੇ ਸੈਰ-ਸਪਾਟੇ ਨੂੰ ਪ੍ਰਫੁਲਿਤ ਕਰਨ ਦੀ ਦਿਸ਼ਾ ਵਿੱਚ "ਬੁਨਿਆਦੀ ਢਾਂਚਾ ਵਿਕਾਸ ਨਿਵੇਸ਼ ਪ੍ਰੋਗਰਾਮ" ਨੂੰ ਮਨਜ਼ੂਰੀ ਦੇ ਕੇ ਨਵੇਂ ਸੰਸਥਾਨ ਪ੍ਰਾਹੁਣਾਚਾਰੀ ਤਾਲੀਮ ਲਈ ਸਥਾਪਿਤ ਕੀਤੇ ਹਨ। ਇਸਦੇ ਨਾਲ ਕੁਝ ਇਤਿਹਾਸਕ ਧਾਰਮਿਕ ਸਥਾਨਾਂ ਨੂੰ ਧਾਰਮਿਕ ਯਾਤਰੂ ਕੇਂਦਰ ਦੇ ਵਿਕਾਸ ਕਾਰਜ ਵਜੋਂ ਆਪਣੇ ਹੱਥਾਂ ਵਿੱਚ ਲਿਆ ਹੈ। ਅਜਿਹੇ ਯਤਨਾਂ ਨਾਲ ਨਿਸ਼ਚੇ ਹੀ ਰਾਜ ਵਿੱਚ ਸੈਰ-ਸਪਾਟਾ ਉਦਯੋਗ ਨੂੰ ਹੁਲਾਰਾ ਮਿਲੇਗਾ।

ਸਪੀਕਰ ਸਾਹਿਬ, ਇਨ੍ਹਾਂ ਕੇਂਦਰਾਂ ਦੇ ਵਿੱਚ ਫਰੀਦਕੋਟ ਨੂੰ ਵੀ ਸ਼ਾਮਲ ਕਰ ਲਿਆ

ਜਾਣਾ ਚਾਹੀਦਾ ਹੈ ਕਿਉਂਕਿ ਫਰੀਦਕੋਟ ਸੂਫੀ ਦਰਵੇਸ਼ ਬਾਬਾ ਫਰੀਦ ਜੀ ਨਾਲ ਸਬੰਧਤ ਇਤਿਹਾਸਕ ਸਥਾਨ ਹੈ, ਜਿੱਥੇ ਪਹਿਲਾਂ ਹੀ ਰਾਸ਼ਟਰੀ ਪੱਧਰ 'ਤੇ ਫਰੀਦ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇੱਥੇ ਨੈਸ਼ਨਲ ਹਾਈਵੇ ਉੱਪਰ ਸੈਰ-ਸਪਾਟਾ ਵਿਭਾਗ ਨੇ ਇੱਕ ਇਮਾਰਤ ਦੀ ਤਾਮੀਰ ਵੀ ਕਾਰਵਾਈ ਸੀ, ਜਿਸਦੀ ਸੈਰ-ਸਪਾਟੇ ਲਈ ਯੋਗ ਵਰਤੋਂ ਨਾ ਹੋਣ ਕਰਕੇ ਹਾਲਤ ਖਰਾਬ ਹੋ ਚੁੱਕੀ ਹੈ, ਪ੍ਰੰਤੂ ਰਾਜ ਸਰਕਾਰ ਨੂੰ ਫਰੀਦਕੋਟ ਨੂੰ ਸੈਰ-ਸਪਾਟੇ ਦੇ ਨਕਸ਼ੇ 'ਤੇ ਜ਼ਰੂਰ ਉਭਾਰਨਾ ਚਾਹੀਦਾ ਹੈ।

ਸਥਾਨਕ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤਾਂ :

ਰਾਜ ਸਰਕਾਰ ਦੀ ਸ਼ਹਿਰੀ ਜਨਤਾ ਲਈ ਬੁਨਿਆਦੀ ਢਾਂਚਾ ਵਿਕਾਸ ਨੂੰ ਉੱਚ ਤਰਜੀਹ ਇਸ ਗੱਲ ਦਾ ਪ੍ਰਮਾਣ ਹੈ ਕਿ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ।

ਇਸੇ ਤਰ੍ਹਾਂ ਹੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਲਈ ਨਵੀਆਂ ਯੋਜਨਾਵਾਂ ਉਲੀਕਣਾ, ਨਵੀਆਂ ਇਮਾਰਤਾਂ ਦੀਆਂ ਉਸਾਰੀਆਂ ਸਰਪੰਚਾਂ ਦੇ ਮਾਣ-ਭੱਤੇ ਵਿੱਚ ਵਾਧਾ, ਜਲ-ਸਪਲਾਈ, ਸਾਫ਼-ਸਫਾਈ ਅਤੇ ਟੋਭਿਆਂ ਦੇ ਵਿਕਾਸ ਕਾਰਜ ਦੇ ਸੁਧਾਰ ਲਈ ਰਾਸ਼ੀ ਨਾਲ ਪੰਜਾਬ ਦੇ ਪੇਂਡੂ ਲੋਕਾਂ ਨੂੰ ਚੰਗੀਆਂ, ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਠੋਸ ਉਪਰਾਲੇ ਕੀਤੇ ਗਏ ਹਨ। ਰਾਜ ਸਰਕਾਰ ਨੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੇ ਵਸਨੀਕਾਂ ਲਈ ਸਾਫ਼ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਪਰਮ ਅਗੇਤ ਵਜੋਂ ਲੈ ਕੇ ਆਰ.ਓ. ਪਲਾਂਟ ਲਗਾਏ ਹਨ, ਜਿਨ੍ਹਾਂ ਦੀ ਗਿਣਤੀ ਵਿੱਚ ਹੋਰ ਵੀ ਵਾਧਾ ਕੀਤਾ ਜਾ ਰਿਹਾ ਹੈ।

ਵਿਗਿਆਨ ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ :

ਰਾਜ ਸਰਕਾਰ ਨੇ ਦਰਿਆਵਾਂ ਦੀ ਸਫ਼ਾਈ ਲਈ ਪਹਿਲ ਕਦਮੀ ਕਰਦਿਆਂ ਦਰਿਆਵਾਂ ਕੰਢੇ ਵਸੇ ਲੋਕਾਂ ਦੇ ਗੰਦੇ ਪਾਣੀ ਦੇ ਨਿਕਾਸ ਨੂੰ ਰੋਕਣ ਲਈ ਸੀਵੇਜ ਟਰੀਟਮੈਂਟ ਪਲਾਂਟਾਂ ਦੀ ਸਥਾਪਨਾ ਕਰਨ ਦਾ ਫੈਸਲਾ ਲਿਆ ਹੈ। ਇਹ ਪ੍ਰਦੂਸ਼ਣ ਰੋਕਥਾਮ ਲਈ ਇਕ ਅਹਿਮ ਫੈਸਲਾ ਹੈ ਅਤੇ ਇਸ ਦਿਸ਼ਾ ਵਿੱਚ ਹੋਰ ਵੀ ਟਰੀਟਮੈਂਟ ਪਲਾਂਟ ਸਥਾਪਿਤ ਕਰਨੇ ਚਾਹੀਦੇ ਹਨ।

ਸਪੀਕਰ ਸਾਹਿਬ, ਮੇਰੇ ਚੋਣ ਹਲਕੇ ਕੋਟਕਪੂਰਾ ਦਾ ਸੀਵਰੇਜ਼ ਪਾਣੀ ਬਿਨਾ ਸੋਧਿਆਂ ਲਿਫ਼ਟ ਪੰਪਾਂ ਰਾਹੀਂ ਚੁੱਕ ਕੇ ਖੁੱਲ੍ਹੇ ਨਾਲੇ ਰਾਹੀਂ ਕਈ ਕਿਲੋਮੀਟਰ ਅਗਾਂਹ ਜਾ ਕੇ ਸੇਮ ਨਾਲੇ ਵਿੱਚ ਸੁੱਟਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਇਲਾਕੇ ਦੇ ਲਗਭਗ ਅੱਧੀ ਦਰਜਨ ਪਿੰਡਾਂ ਦੇ ਲੋਕ ਸਿੱਧੇ ਅਤੇ ਅਨੇਕਾਂ ਪਿੰਡ ਅਤੇ ਸ਼ਹਿਰ ਵਾਸੀ ਅਸਿੱਧੇ ਤੌਰ 'ਤੇ ਪ੍ਰਭਾਵਿਤ ਹਨ। ਇਸ ਲਈ ਲੋਕਾਂ ਦੀ ਸਿਹਤ ਨੂੰ ਧਿਆਨ ਗੋਚਰੇ ਰੱਖਦਿਆਂ ਕੋਟਕਪੂਰਾ ਸ਼ਹਿਰ ਵਿੱਚ ਸੀਵਰੇਜ਼ ਉੱਪਰ ਵਾਟਰ ਟਰੀਟਮੈਂਟ ਪਲਾਂਟ ਲਗਾਉਣਾ ਸਮੂਹ ਇਲਾਕਾ ਨਿਵਾਸੀਆਂ ਦੀ ਜ਼ੋਰਦਾਰ ਮੰਗ ਹੈ।

ਲੋਕ ਨਿਰਮਾਣ ਕਾਰਜ :

ਰਾਜ ਸਰਕਾਰ ਵਲੋਂ ਆਉਣ ਵਾਲੇ ਸਾਲਾਂ ਦੌਰਾਨ ਸਾਰੇ ਮੁੱਖ ਸ਼ਾਹ ਮਾਰਗਾਂ ਨੂੰ ਚਾਰ ਤੇ ਛੇ ਮਾਰਗੀ ਰਾਹਾਂ ਵਿੱਚ ਪਰਿਵਰਤਿਤ ਕਰਨਾ, ਮੁੱਖ ਮਾਰਗਾਂ ਉੱਪਰ ਲੋੜੀਂਦੇ ਪੁਲ ਤੇ ਫਲਾਈ ਓਵਰਾਂ ਦੀ ਉਸਾਰੀ ਕਰਨਾ, ਸੜਕੀ ਆਵਾਜਾਈ ਵਿੱਚ ਇੱਕ ਬਹੁਤ ਵੱਡਾ ਸਾਰਥਕ ਉਪਰਾਲਾ ਹੈ, ਜਿਸਦੀ ਕਿ ਅੱਜ ਦੇ ਤੇਜ਼ ਆਵਾਜਾਈ ਦੌਰ ਵਿੱਚ ਬਹੁਤ ਵੱਡੀ ਜ਼ਰੂਰਤ ਹੈ। ਇਸੇ ਤਰ੍ਹਾਂ ਹੀ ਪੇਂਡੂ ਸੰਪਰਕ ਸੜਕਾਂ ਵਿੱਚ ਸੁਧਾਰ, ਮੁਰੰਮਤ ਅਤੇ ਢਾਣੀਆਂ ਤੱਕ ਨਵੀਆਂ ਸੰਪਰਕ ਸੜਕਾਂ ਦੇ ਨਿਰਮਾਣ ਨਾਲ ਪੰਜਾਬੀਆਂ ਨੂੰ ਆਵਾਜਾਈ ਵਿੱਚ ਨਿਸ਼ਚੇ ਹੀ ਸੁੱਖ ਸਹੂਲਤਾਂ ਪ੍ਰਾਪਤ ਹੋਣਗੀਆਂ।

ਰਾਜ ਸਰਕਾਰ ਵਲੋਂ ਸੇਵਾ ਦਾ ਅਧਿਕਾਰ ਕਾਨੂੰਨ 2011, ਸ਼ਹਿਰਾਂ ਦੀ ਮਾਸਟਰ ਪਲਾਨ, ਪੁਲਿਸ ਕਰਮਚਾਰੀਆਂ ਲਈ ਤਰੱਕੀਆਂ, ਠੇਕੇ ਤੇ ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨਾ, ਸਰਕਾਰੀ ਵਿਭਾਗਾਂ ਵਿੱਚ ਸਥਾਈ ਭਰਤੀਆਂ, ਊਰਜਾ ਖੇਤਰ ਵਿੱਚ 3 ਨਵੇਂ ਥਰਮਲ ਪਲਾਟਾਂ ਦੀ ਸਥਾਪਨਾ, ਸਮਾਜ ਦੇ ਕਮਜ਼ੋਰ ਤਬਕਿਆਂ ਲਈ 200 ਯੂਨਿਟ ਮੁਫ਼ਤ ਬਿਜਲੀ, ਔਰਤਾਂ ਨੂੰ ਅਸ਼ਟਾਮ ਡਿਊਟੀ ਵਿਚ ਛੋਟ, ਚੰਗੀਆਂ ਸਿਹਤ ਸਹੂਲਤਾਂ, ਰਾਜ ਦੇ ਮੈਡੀਕਲ ਕਾਲਜਾਂ ਵਿੱਚ ਕੈਂਸਰ ਦੇ ਇਲਾਜ ਲਈ ਵਿਸ਼ੇਸ਼ ਵਿਸਥਾਰ, ਗਰੀਬ ਪੱਖੀ ਆਟਾ-ਦਾਲ ਸਕੀਮ ਆਦਿ ਕੁਝ ਅਜਿਹੇ ਲੋਕ ਭਲਾਈ ਦੇ ਕਾਰਜ ਹਨ ਜੋ ਰਾਜ ਸਰਕਾਰ ਆਪਣੇ ਨਾਗਿਰਕਾਂ ਨੂੰ ਪ੍ਰਦਾਨ ਕਰਨ ਲਈ ਵਚਨਬੱਧ ਹੈ। ਰਾਜ ਸਰਕਾਰ ਪੰਜਾਬ ਦੇ ਵਿਕਾਸ ਲਈ ਤੱਤਪਰ ਹੈ ਅਤੇ ਇਹ ਵਿਕਾਸਮੁਖੀ ਪਹੁੰਚ ਅਖਤਿਆਰ ਕਰਕੇ ਹੀ ਜਨਤਾ ਤੋਂ ਪੰਜ ਸਾਲ ਹੋਰ ਸੇਵਾ ਕਰਨ ਦਾ ਮੌਕਾ ਲਿਆਈ ਹੈ ਅਤੇ ਅਗਲੇ 25 ਸਾਲਾਂ ਤੱਕ ਲਗਾਤਾਰ ਪੰਜਾਬੀਆਂ ਨੂੰ ਅਮਨ ਤੇ ਵਿਕਾਸ ਪ੍ਰਦਾਨ ਕਰਨ ਲਈ ਜ਼ਿੰਮੇਵਾਰੀ ਨਾਲ ਕਾਰਜ ਕਰਨ ਲਈ ਵਚਨਬੱਧ ਹੈ।

ਸਪੀਕਰ ਸਾਹਿਬ, ਰਾਜ ਦੇ ਨਹਿਰੀ ਸਿੰਜਾਈ ਦੇ ਢਾਂਚੇ ਨੂੰ ਨਵਿਆਉਣ ਲਈ ਕੇਂਦਰੀ ਸਹਾਇਤਾ ਦੀ ਬਹੁਤ ਜ਼ਰੂਰਤ ਹੈ ਅਤੇ ਨਾਲ ਹੀ ਜ਼ਮੀਨੀ ਪਾਣੀ, ਜੋ ਕਿ ਬਹੁਤ ਹੀ ਥੱਲੇ ਚਲਾ ਗਿਆ ਹੈ ਉਸਦੀ ਭਰਪਾਈ ਲਈ ਵੀ ਕੇਂਦਰੀ ਫੰਡਾਂ ਦੀ ਜ਼ਰੂਰਤ ਹੈ। ਪ੍ਰੰਤੂ ਜੋ ਕੇਂਦਰੀ ਬਜਟ 16 ਮਾਰਚ, 2012 ਨੂੰ ਕੇਂਦਰੀ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ ਉਸ ਵਿੱਚ ਅਖ਼ਬਾਰੀ ਰਿਪੋਰਟਾਂ ਅਨੁਸਾਰ ਕੋਈ ਅਜਿਹੀ ਵਿਵਸਥਾ ਨਹੀਂ ਹੈ, ਜਿਸ ਨਾਲ ਕਿ ਨਹਿਰੀ ਸਿੰਜਾਈ ਨੂੰ ਨਵਿਆਇਆ ਜਾ ਸਕੇ, ਸੋ ਇਸ ਤਰ੍ਹਾਂ ਇਸ ਕੇਂਦਰੀ ਬਜਟ ਵਿੱਚ ਪੰਜਾਬ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।

ਸਪੀਕਰ ਸਾਹਿਬ, ਰਾਜ ਸਰਕਾਰ ਨੂੰ ਜੋ ਫਤਵਾ ਪੰਜਾਬੀਆਂ ਨੇ 2012 ਦੀਆਂ ਚੋਣਾਂ ਵਿੱਚ ਦਿੱਤਾ ਹੈ, ਉਹ ਪੂਰੀ ਤਰ੍ਹਾਂ ਇਹ ਸਮਰਥਨ ਹੈ ਕਿ ਸਰਕਾਰ ਨੇ ਕੌਮੀ ਅਤੇ ਖੇਤਰੀ ਮੁੱਦਿਆਂ ਨੂੰ ਅਪਣਾਇਆ ਹੈ ਕਿ ਇਹ ਸਰਕਾਰ ਕੌਮੀ ਪੱਧਰ 'ਤੇ ਸੰਘੀ ਢਾਂਚੇ ਲਈ ਪ੍ਰਤਿਬੱਧ

ਹੈ ਅਤੇ ਇਸ ਵਿਸ਼ਵਾਸ ਵਿੱਚ ਬੱਝੀ ਹੈ ਕਿ ਮਜ਼ਬੂਤ ਰਾਜਾਂ ਤੋਂ ਭਾਵ ਮਜ਼ਬੂਤ ਦੇਸ਼ ਹੈ। ਪ੍ਰੰਤੂ ਕੇਂਦਰ ਨੇ ਬਹੁਤੇ ਅਧਿਕਾਰ ਆਪਣੇ ਕੋਲ ਰੱਖੇ ਹੋਏ ਹਨ ਅਤੇ ਰਾਜਾਂ ਨੂੰ ਆਪਣੀਆਂ ਵਿੱਤੀ ਲੋੜਾਂ ਲਈ ਕੇਂਦਰ ਕੋਲ ਜਾਣਾ ਪੈਂਦਾ ਹੈ ਜਿਸ ਨਾਲ ਰਾਜਾ ਦੀ ਹਾਲਤ ਇਕ 'ਭਿਖਾਰੀ' ਵਾਲੀ ਬਣਾ ਕੇ ਰੱਖ ਦਿੱਤੀ ਗਈ ਹੈ। ਇਸ ਸਮੇਂ ਪੰਜਾਬ ਤੋਂ ਬਿਨਾਂ ਕਈ ਹੋਰ ਰਾਜ ਵੀ ਸੂਬਿਆਂ ਨੂੰ ਵਧੇਰੇ ਅਧਿਕਾਰਾਂ ਦੀ ਮੰਗ ਦੀ ਹਮਾਇਤ ਕਰ ਰਹੇ ਹਨ।

ਰਾਜ ਸਰਕਾਰ ਦੀ ਇਹ ਬਿਲਕੁਲ ਵਾਜ਼ਬ ਮੰਗ ਹੈ ਕਿ ਰਾਜਾਂ ਤੋਂ ਇਕੱਤਰਿਤ ਮਾਲੀਏ ਵਿੱਚੋਂ ਪੰਜਾਹ ਫੀਸਦ ਹਿੱਸਾ ਰਾਜਾਂ ਨੂੰ ਮਿਲਣਾ ਚਾਹੀਦਾ ਹੈ।

ਇਸੇ ਤਰ੍ਹਾਂ ਹੀ ਅੱਤਵਾਦ ਵਿਰੋਧੀ ਕੇਂਦਰ (N.C.T.C.) ਕਾਇਮ ਕਰਨਾ ਵੀ ਸੰਘੀ ਸਿਧਾਂਤਾਂ ਦੀ ਉਲੰਘਣਾ ਹੈ ਜੋ ਰਾਜਾਂ ਨੂੰ ਕਮਜ਼ੋਰ ਕਰਦਾ ਹੈ।

ਦਰਿਆਈ ਪਾਣੀਆਂ ਦਾ ਨਿਬੇੜਾ ਰਿਪੇਰੀਅਨ ਨਿਯਮਾਂ ਅਧੀਨ ਹੋਣਾ ਚਾਹੀਦਾ ਹੈ।

ਰਾਜਧਾਨੀ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਤੁਰੰਤ ਪੰਜਾਬ ਰਾਜ ਵਿੱਚ ਸ਼ਾਮਲ ਕੀਤੇ ਜਾਣ।

1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਆਰਥਿਕ ਖੇਤਰ ਵਿੱਚ ਦੂਜੇ ਰਾਜਾਂ ਨੂੰ ਦਿੱਤੀਆਂ ਉਦਯੋਗਿਕ ਛੋਟਾਂ ਪੰਜਾਬ ਨੂੰ ਬਰਾਬਰ ਦਿੱਤੀਆਂ ਜਾਣ ਕਿਉਂਕਿ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਅਜਿਹੀਆਂ ਛੋਟਾਂ ਲਈ ਪੂਰਨ ਹੱਕਦਾਰ ਵੀ ਹੈ।

ਸਪੀਕਰ ਸਾਹਿਬ, ਰਾਜ ਸਰਕਾਰ ਬਦਲੇ ਦੀ ਰਾਜਨੀਤੀ ਦਾ ਪੁਰਜ਼ੋਰ ਵਿਰੋਧ ਕਰਦੀ ਹੈ, ਨਾਕਾਰਾਤਮਿਕ ਰਾਜਨੀਤੀ ਨੂੰ ਰੱਦ ਕਰਦੀ, ਲੋਕਾਂ ਦੀਆਂ ਉਮੀਦਾਂ 'ਤੇ ਪੂਰਾ ਅਤੇ ਖਰਾ ਉਤਰਨ ਲਈ ਅਣਥੱਕ ਮਿਹਨਤ ਅਤੇ ਕਾਰਗੁਜ਼ਾਰੀ ਨੂੰ ਪਹਿਲ ਦੇਣ ਦਾ ਅਹਿਦ ਕਰਦੀ ਹੋਈ ਸ਼ਾਂਤੀ, ਖੁਸ਼ਹਾਲੀ ਅਤੇ ਸਰਵਪੱਖੀ ਵਿਕਾਸ ਨੂੰ ਸਮਰਪਿਤ ਹੈ। ਇਹ ਵਿਰੋਧੀ ਧਿਰ ਤੋਂ ਵੀ ਆਸ ਕਰਦੀ ਹੈ ਕਿ ਪੰਜਾਬੀਆਂ ਦੀਆਂ ਉਪਰੋਕਤ ਮੰਗਾਂ ਦੀ ਪੂਰਤੀ ਲਈ ਰਾਜ ਸਰਕਾਰ ਨਾਲ ਸਹਿਯੋਗ ਕਰਕੇ ਕੇਂਦਰ ਤੋਂ ਇਹ ਜਾਇਜ਼ ਮੰਗਾਂ ਮਨਵਾਉਣ ਲਈ ਮਿਲਵਰਤਨ ਅਤੇ ਸਹਿਯੋਗ ਦੇਵੇ ਕਿਉਂਕਿ ਕੇਂਦਰ ਵਿੱਚ ਤਾਂ ਵਿਰੋਧੀ ਧਿਰ ਦੀ ਪਾਰਟੀ ਦੀ ਸਰਕਾਰ ਹੈ।

ਮੈਂ ਰਾਜਪਾਲ ਜੀ ਦੇ ਭਾਸ਼ਣ ਨੂੰ ਇੱਕ ਮੁਹਿੰਮ ਦਸਤਾਵੇਜ਼ ਮੰਨ ਕੇ ਸਮਰਥਨ ਕਰਦਾ ਹਾਂ, ਜਿਸ ਵਿੱਚ ਰਾਜ ਸਰਕਾਰ ਪੰਜਾਬੀਆਂ ਨੂੰ ਆਪਣੀ ਸੁਚੱਜੀ ਕਾਰਜਸ਼ੈਲੀ ਰਾਹੀਂ ਸਾਫ-ਸੁਥਰਾ ਪ੍ਰਸ਼ਾਸਨ ਦੇਣ, ਪੰਜਾਬ ਨੂੰ ਨਸ਼ਾ ਮੁਕਤ ਕਰਨ, ਵੱਧ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਸਿਹਤ ਸਿੱਖਿਆ ਤੇ ਤਕਨੀਕੀ ਸਿੱਖਿਆ ਦਾ ਵਿਕਾਸ ਅਤੇ ਪੱਛੜੇ ਵਰਗਾਂ ਦੀ ਭਲਾਈ ਦੇ ਕੰਮਾਂ ਨੂੰ ਪ੍ਰਾਥਮਿਕਤਾ ਪ੍ਰਦਾਨ ਕਰਦੀ ਹੈ। ਸਨਅਤੀ ਵਿਕਾਸ, ਖੇਤੀ ਸੈਕਟਰ ਨੂੰ

ਹੁਲਾਰਾ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਹਮੇਸ਼ਾ ਸਰਕਾਰ ਦੀ ਤਰਜੀਹ ਰਹੇਗੀ। 'ਜੈ ਹਿੰਦ'।

ਸਰਦਾਰ ਜਗਮੋਹਨ ਸਿੰਘ ਕੰਗ (ਖਰੜ) : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਨੂੰ ਵਧਾਈ ਦੇਣੀ ਚਾਹੁੰਦੀ ਹਾਂ ਕਿ ਮਾਨਯੋਗ ਰਾਜਪਾਲ ਜੀ ਦਾ ਭਾਸ਼ਣ ਵਿਧਾਨ ਸਭਾ ਵਿੱਚ ਬੜਾ ਸਫਲਤਾ ਪੂਰਵਕ ਸਿਰੇ ਚੜ੍ਹਿਆ, ਵਿਰੋਧੀ ਧਿਰ ਵੱਲੋਂ ਕਿਸੇ ਕਿਸਮ ਦਾ ਬਾਈਕਾਟ ਨਹੀਂ ਕੀਤਾ ਗਿਆ ਅਤੇ ਨਾ ਹੀ ਭਾਸ਼ਣ ਵਿੱਚ ਕੋਈ ਦਖਲ-ਅੰਦਾਜ਼ੀ ਕੀਤੀ ਗਈ, ਜਿਸ ਲਈ ਆਪ ਪ੍ਰੇਰਨਾ ਸਰੋਤ ਰਹੇ ਅਤੇ ਤੁਸੀਂ ਵਧਾਈ ਦੇ ਪਾਤਰ ਹੋ। ਇਸ ਤੋਂ ਬਾਅਦ ਮੈਂ ਵਧਾਈ ਦੇਣੀ ਚਾਹੁੰਦਾ ਹਾਂ ਸੀ.ਐਲ.ਪੀ. ਲੀਡਰ ਸ਼੍ਰੀ ਸੁਨੀਲ ਜਾਖੜ ਜੀ ਦੀ ਉਸਾਰੂ ਸੋਚ ਨੂੰ, ਜਿਨ੍ਹਾਂ ਨੇ ਆਪਣੇ ਸਾਥੀਆਂ ਨਾਲ ਸਲਾਹ-ਮਸ਼ਵਰਾ ਕਰਕੇ ਰਾਜਪਾਲ ਜੀ ਦੇ ਭਾਸ਼ਣ ਦਾ ਕੋਈ ਬਾਈਕਾਟ ਆਦਿ ਨਾ ਕਰਕੇ ਲੋਕਤੰਤਰ ਦੀਆਂ ਉਸਾਰੂ ਰਵਾਇਤਾਂ ਦੀ ਸ਼ੁਰੂਆਤ ਕੀਤੀ ਹੈ।

ਸਪੀਕਰ ਸਾਹਿਬ, ਮਾਨਯੋਗ ਗਵਰਨਰ ਸਾਹਿਬ ਦੇ ਐਡਰੈਸ ਦੇ ਦੂਜੇ ਪੈਰੇ ਵਿੱਚ ਕਿਹਾ ਗਿਆ ਹੈ ਕਿ ਅਕਾਲੀ-ਭਾਜਪਾ ਸਰਕਾਰ ਨੂੰ ਬੜਾ ਜ਼ੋਰਦਾਰ ਫਤਵਾ ਮਿਲਿਆ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਹਾਸੋਹੀਣੀ, ਗਲਤ ਅਤੇ ਬੇਬੁਨਿਆਦ ਗੱਲ ਹੈ। ਸਰਕਾਰ ਆਪਣੀ ਅੱਛੀ ਕਾਰਗੁਜ਼ਾਰੀ ਰਾਹੀਂ ਨਹੀਂ ਬਣੀ ਬਲਕਿ ਡਿਫਾਲਟ ਨਾਲ ਬਣੀ ਹੈ। ਮੈਂ ਦਲੀਲ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਜਿਸ ਅਕਾਲੀ-ਭਾਜਪਾ ਦੀ ਸੀਨੀਅਰ ਲੀਡਰਸ਼ਿਪ ਯਾਨੀ ਸਰਦਾਰ ਨਿਰਮਲ ਸਿੰਘ ਕਾਹਲੋਂ, ਸਪੀਕਰ, ਸਤਪਾਲ ਗੁਸਾਈਂ, ਸੇਵਾ ਸਿੰਘ ਸੇਖਵਾਂ, ਸੁੱਚਾ ਸਿੰਘ ਲੰਗਾਹ, ਰਣਜੀਤ ਸਿੰਘ ਬ੍ਰਹਮਪੁਰਾ, ਉਪਿੰਦਰਜੀਤ ਕੌਰ, ਤੀਕਸ਼ਨ ਸੂਦ, ਹੀਰਾ ਸਿੰਘ ਗਾਬੜੀਆ ਸਾਰੇ ਕੈਬਨਿਟ ਮੰਤਰੀ, ਅਰੁਨੇਸ਼ ਕੁਮਾਰ, ਬਿਕਰਮਜੀਤ ਸਿੰਘ, ਸੁਖਪਾਲ ਸਿੰਘ, ਰਾਜ ਖੁਰਾਣਾ, ਸਾਰੇ ਪਾਰਲੀਮਾਨੀ ਸਕੱਤਰ ਆਦਿ ਹਾਰ ਗਏ ਫਿਰ ਅਕਾਲੀ-ਭਾਜਪਾ ਸਰਕਾਰ ਨੂੰ ਕਿਸ ਗੱਲ ਦਾ ਫਤਵਾ ਮਿਲਿਆ ਹੈ, ਮੇਰੀ ਅਤੇ ਆਮ ਆਦਮੀ ਦੀ ਸਮਝ ਤੋਂ ਬਾਹਰ ਹੈ।

ਮਾਨਯੋਗ ਰਾਜਪਾਲ ਜੀ ਦੇ ਸੰਬੋਧਨ ਬਾਰੇ 23 ਮਾਰਚ, 2012 ਨੂੰ ਉੱਤਰੀ ਭਾਰਤ ਦੇ ਸੱਚੇ-ਸੁੱਚੇ, ਮਸ਼ਹੂਰ ਅਤੇ ਨਿਡਰ ਅਖਬਾਰ The Tribune ਨੇ 'Punjab Governor's Address - Contentious Issues Revived' ਦੀ ਨਿਊਜ਼ ਦੇ ਹੈਡਿੰਗ ਥੱਲੇ ਰਾਜਪਾਲ ਜੀ ਦੇ ਐਡਰੈੱਸ ਉੱਤੇ ਕਈ ਮੁੱਦਿਆਂ ਤੇ ਟਿੱਪਣੀ ਕਰਦਿਆਂ ਹੋਏ ਲਿਖਿਆ ਹੈ :-

"The Governor's Address to the Punjab Vidhan Sabha on Wednesday raised the demand for the transfer of Chandigarh and other Punjabi-speaking areas to Punjab, which was contested.....

The water dispute is pending in the Supreme Court.

These divisive and emotive issues - for which the Akalis had launched agitation during their years in opposition - have remained largerly dormant for years. The ruling Shiromani Akali Dal and the BJP did not touch them in the recent elections.

However, the issue of alleged Central discrimination with Punjab has cropped up off and on. Interestingly, the Akali Dal-BJP government is perturbed at the Central Industrial Package-cum-Tax Holiday given by the NDA government, of which they were coalition partners, to the hill states which was stopped by UPA government two years ago.

A business chamber has blammed red tape, corruption, high land prices and power shortage for industries keeping off Punjab.

The Punjab Chief Minister is a strong votary of more power for States but avoids talking of his own government failing to make good use of conditional Central grants.

The debt figure is given but there is no commitment to contain or reverse the trend of heavy borrowings. For a change, the Opposition did not disrupt or boycott the Governor's address. This is a positive beginning."

ਅਖਬਾਰ ਨੇ ਸਰਕਾਰ ਦੀਆਂ ਕਮਜ਼ੋਰੀਆਂ, ਦੋਗਲੀਆਂ ਨੀਤੀਆਂ ਅਤੇ ਹੋਰ ਪੱਖਾਂ ਬਾਰੇ ਪਰਦਾ ਫਾਸ਼ ਕੀਤਾ ਹੈ ਅਤੇ ਵਿਰੋਧੀ ਧਿਰ ਵਲੋਂ ਗਵਰਨਰਜ਼ ਐਡਰੈਸ ਦਾ ਬਾਈਕਾਟ ਨਾ ਕਰਨ ਤੇ ਤਾਰੀਫ ਕੀਤੀ ਹੈ। ਮੈਂ ਇਸ ਐਡੀਟੋਰੀਅਲ ਦੀ ਕਾਪੀ ਸਦਨ ਦੇ ਮੇਜ਼ ਤੇ ਰੱਖਦਾ ਹਾਂ** ਅਤੇ The Tribue ਦੇ Editor-in-Chief, Sh. Raj Chengappa ਨੂੰ ਨਿਰਪੱਖ ਹੋ ਕੇ ਮੈਰਿਟ ਤੇ ਗਵਰਨਰ ਐਡਰੈੱਸ ਉੱਤੇ ਆਪਣੀ ਵਿਚਾਰਧਾਰਾ ਦੇਣ ਤੇ ਵਧਾਈ ਦਿੰਦਾ ਹਾਂ।

ਸਪੀਕਰ ਸਾਹਿਬ, ਪੈਰਾ ਨੰ: 63 ਵਿੱਚ ਸਭਿਆਚਾਰਕ ਮਾਮਲਿਆਂ ਦੇ ਤਹਿਤ ਖਾਲਸਾ ਵਿਰਾਸਤੀ ਕੰਪਲੈਕਸ, ਅਨੰਦਪੁਰ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ ਆਦਿ ਪ੍ਰੋਜੈਕਟਾਂ ਨੂੰ ਬਣਾ ਕੇ ਅਕਾਲੀ-ਭਾਜਪਾ ਸਰਕਾਰ ਨੇ ਬੜੀ ਸ਼ਾਬਾਸ਼ ਲੈਣ ਦੀ ਕੋਸ਼ਿਸ਼ ਕੀਤੀ ਹੈ ਅਤੇ ਫੜ੍ਹਾਂ ਮਾਰੀਆਂ ਹਨ। ਪ੍ਰੰਤੂ ਇੱਥੇ ਮੈਂ ਦੱਸਣਾ ਅਤੇ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਪ੍ਰਮੁੱਖ ਇਤਿਹਾਸਕ ਪੰਜਾਬ, ਪੰਜਾਬੀਅਤ ਅਤੇ ਸਿੱਖੀ ਧਰਮ ਆਦਿ ਨਾਲ ਜੁੜੀਆਂ ਗੱਲਾਂ/ਅਜੂਬੇ ਬਣਾਉਣ ਦੀ ਸ਼ੁਰੂਆਤ ਕਾਂਗਰਸ ਸਰਕਾਰ ਨੇ ਗਿਆਨੀ ਜ਼ੈਲ ਸਿੰਘ ਜੀ, ਉਦੋਂ ਦੇ ਮੁੱਖ ਮੰਤਰੀ, ਪੰਜਾਬ ਦੀ ਅਗਵਾਈ ਥੱਲੇ ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ ਕੀਤੀ। ਉਪਰੰਤ

** Placed in the Revisor's branch.

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਕਾਂਗਰਸ ਸਰਕਾਰ ਵੇਲੇ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ, ਪੰਜਾਬ ਵਲੋਂ ਫਤਹਿਗੜ੍ਹ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੈਪਟਨ ਅਮਰਿੰਦਰ ਸਿੰਘ ਵਲੋਂ ਜ਼ਿਲ੍ਹਾ ਬਣਾਇਆ ਗਿਆ। ਮੁਕਤਸਰ ਅਤੇ ਫਤਿਹਗੜ੍ਹ ਸਾਹਿਬ ਵਿੱਚ ਮਹਾਨ ਸ਼ਹੀਦਾਂ ਅਤੇ ਮਹਾਂਪੁਰਸ਼ਾਂ ਦੀ ਯਾਦ ਵਿੱਚ ਯਾਦਗਾਰੀ ਗੇਟ ਬਣਾਏ ਗਏ। ਨਵਾਂ ਸ਼ਹਿਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦ ਵਿੱਚ ਜ਼ਿਲ੍ਹੇ ਦਾ ਦਰਜਾ ਦਿੱਤਾ ਗਿਆ। ਕੁਝ ਸਮਾਂ ਪਹਿਲਾਂ ਕੇਂਦਰ ਵਿੱਚ ਯੂ.ਪੀ.ਏ. ਸਰਕਾਰ ਨੇ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਸਿੱਕਾ ਜਾਰੀ ਕੀਤਾ ਸੀ, ਜਿਸ ਨੂੰ ਸ਼੍ਰੀ.ਪੀ. ਚਿੰਦਾਬਰਮ, ਗ੍ਰਹਿ ਮੰਤਰੀ, ਸ਼੍ਰੀਮਤੀ ਅੰਬਿਕਾ ਸੋਨੀ, ਕੇਂਦਰੀ ਮੰਤਰੀ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਦੀ ਹਾਜ਼ਰੀ ਵਿੱਚ ਰਸਮੀ ਤੌਰ ਤੇ ਰਿਲੀਜ਼ ਕੀਤਾ ਗਿਆ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਸਾਰੀਆਂ ਯਾਦਗਾਰਾਂ ਅਤੇ ਅਜੂਬਿਆਂ ਤੋਂ ਇਲਾਵਾ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀ ਯਾਦ ਵਿੱਚ ਚਮਕੌਰ ਸਾਹਿਬ ਵਿਖੇ ਥੀਮ ਪਾਰਕ ਅਤੇ ਪਿੰਡ ਸਹੇੜੀ, ਨੇੜੇ ਮੋਰਿੰਡਾ ਵਿਖੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਯਾਦ ਵਿੱਚ ਕਾਂਗਰਸ ਸਰਕਾਰ ਦੁਆਰਾ ਇਹ ਪ੍ਰੋਜੈਕਟ 300 ਸਾਲਾ ਸ਼ਤਾਬਦੀ ਨੂੰ ਮਨਾਉਂਦੇ ਹੋਏ ਸ਼ੁਰੂ ਕੀਤੇ ਗਏ ਸਨ। ਇਨ੍ਹਾਂ ਦੇ ਪਹਿਲੇ ਫੇਜ਼ ਦਾ ਉਦਘਾਟਨ ਮਾਨਯੋਗ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਅਤੇ ਕੇਂਦਰੀ ਮੰਤਰੀ ਸ਼੍ਰੀਮਤੀ ਅੰਬਿਕਾ ਸੋਨੀ ਦੁਆਰਾ ਮਿਤੀ 21 ਦਸਬੰਰ, 2006 ਨੂੰ ਕੀਤਾ ਗਿਆ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਇਹ ਦੋਵੇਂ ਪ੍ਰੋਜੈਕਟ ਅਣਗੌਲੇ ਪਏ ਹਨ ਅਤੇ ਇਸ ਬਾਰੇ ਮੈਂ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਮੱਕੜ ਜੀ ਨੂੰ ਮਿਤੀ 26-5-2007, 17-9-2007, 29-10-2007, 5-11-2007 ਅਤੇ 10-9-2008 ਨੂੰ ਪੱਤਰ ਲਿਖੇ ਸਨ ਅਤੇ ਬੇਨਤੀ ਕੀਤੀ ਸੀ ਕਿ ਇਨ੍ਹਾਂ ਪ੍ਰੋਜੈਕਟਾਂ ਵੱਲ ਧਿਆਨ ਦਿੰਦੇ ਹੋਏ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਰੱਖਦੇ ਹੋਏ ਜਲਦੀ ਨੇਪਰੇ ਚੜ੍ਹਾਉਣ ਦੀ ਖੇਚਲ ਕੀਤੀ ਜਾਵੇ, ਪਰ ਸਰਕਾਰ ਦੇ ਕੰਨ ਤੇ ਕੋਈ ਜੂੰ ਨਹੀਂ ਸਰਕੀ ਜੋ ਕਿ ਬੜੀ ਮੰਦਭਾਗੀ ਗੱਲ ਹੈ।

ਜਿੱਥੋਂ ਤੱਕ ਸਵਾਲ ਹੈ ਇਨ੍ਹਾਂ ਅਜੂਬਿਆਂ ਅਤੇ ਇਤਿਹਾਸਕ ਪ੍ਰੋਜੈਕਟਾਂ ਦੀ ਸਾਂਭ-ਸੰਭਾਲ ਦੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਸਰਕਾਰ ਦੁਆਰਾ ਮੁਕਤਸਰ ਵਿਖੇ ਚਾਲੀ ਮੁਕਤਿਆਂ ਦੀ ਯਾਦ ਵਿੱਚ 'ਮੁਕਤੇ ਮੀਨਾਰ' ਬਣਾਇਆ ਗਿਆ ਸੀ ਜੋ ਕਿ ਸਿੱਖ ਇਤਿਹਾਸ ਨਾਲ ਜੁੜਿਆ ਪ੍ਰੋਜੈਕਟ ਵੇਖਣ ਯੋਗ ਹੈ, ਪਰ ਅੱਜ ਜੋ ਉਸ ਦੀ ਦੁਰਦਸ਼ਾ ਹੈ ਉਸ ਬਾਰੇ The Tribune ਅਖਬਾਰ ਨੇ 26 ਮਾਰਚ, 2012 ਨੂੰ ਛਾਪੀ ਖਬਰ ਵਿੱਚ ਬਿਆਨ ਕੀਤਾ ਹੈ। ਮੈਂ ਇਹ ਅਖਬਾਰ ਸਦਨ ਦੀ

ਟੇਬਲ ਤੇ ਰੱਖਦਾ ਹਾਂ** ਅਤੇ ਮੈਂ ਅਪੀਲ ਕਰਦਾ ਹਾਂ ਕਿ ਇਸ ਪ੍ਰੋਜੈਕਟ ਦੀ ਲੋਕ ਹਿੱਤ ਵਿੱਚ ਸਾਂਭ-ਸੰਭਾਲ ਕੀਤੀ ਜਾਵੇ। ਇਸ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਯਾਦ ਵਿੱਚ ਕਾਂਗਰਸ ਸਰਕਾਰ ਨੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ ਲੁਧਿਆਣਾ ਵਿਖੇ ਬਣਾਈ ਸੀ। ਇਥੇ ਹੀ ਨਹੀਂ ਯੂ.ਪੀ.ਏ. ਸਰਕਾਰ ਵਿੱਚ ਉਦੋਂ ਸੱਭਿਆਚਾਰਕ ਮਾਮਲਿਆਂ ਦੇ ਕੇਂਦਰੀ ਮੰਤਰੀ, ਪੰਜਾਬ ਦੀ ਬੇਟੀ ਸ਼੍ਰੀਮਤੀ ਅੰਬਿਕਾ ਸੋਨੀ ਜੀ ਨੇ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ ਅਤੇ ਤਲਵੰਡੀ ਸਾਬੋ ਆਦਿ ਦੇ ਵਿਕਾਸ ਲਈ ਕਰੋੜਾਂ ਦੇ ਫੰਡ ਮੁਹੱਈਆ ਕਰਵਾਏ।

ਜਿੱਥੋਂ ਤੱਕ ਟੂਰਿਜ਼ਮ ਦਾ ਸਵਾਲ ਹੈ, ਪਿਛਲੀ ਕਾਂਗਰਸ ਸਰਕਾਰ ਵੇਲੇ ਜਦੋਂ ਟੂਰਿਜ਼ਮ ਦਾ ਮਹਿਕਮਾ ਮੇਰੇ ਕੋਲ ਸੀ, ਉਦੋਂ ਦੋ ਟੂਰਿਜ਼ਮ ਸਰਕਟਸ-ਈਸਟਰਨ ਤੇ ਵੈਸਟਰਨ ਸ਼ੁਰੂ ਕਰਵਾਏ ਪ੍ਰੰਤੂ ਉਨ੍ਹਾਂ ਨੂੰ ਅੱਗੇ ਵਧਾਉਣ ਲਈ ਕੋਈ ਖਾਸ ਕੰਮ ਨਹੀਂ ਹੋ ਰਿਹਾ। ਇਸ ਦੇ ਨਾਲ-ਨਾਲ ਸੂਬੇ ਵਿੱਚ ਸੈਰ-ਸਪਾਟੇ ਨੂੰ ਪ੍ਰਫੁੱਲਤ ਕਰਨ ਲਈ ਟੂਰਿਸਟਾਂ ਅਤੇ ਐਨ.ਆਰ.ਆਈਜ਼ ਦੀ ਮੰਗ ਉੱਤੇ ਰਾਜਸਥਾਨ ਦੇ ਨਮੂਨੇ ਤੇ 'ਪੈਲੇਸ ਆਨ ਵਹੀਲਜ਼' ਰੇਲ ਗੱਡੀ ਚਲਾਉਣ ਦੀ ਸਕੀਮ ਬਣਾਈ ਗਈ ਜਿੱਥੇ ਕੇਂਦਰ ਸਰਕਾਰ ਨਾਲ ਤਾਲਮੇਲ ਕਰਕੇ ਕੰਮ ਦੀ ਸ਼ੁਰੂਆਤ ਹੋਈ ਸੀ ਪ੍ਰੰਤੂ ਅਜੇ ਵੀ ਇਹ ਪ੍ਰੋਜੈਕਟ ਕਿਤੇ ਨਜ਼ਰ ਨਹੀਂ ਆ ਰਿਹਾ। ਇਸ ਦੇ ਨਾਲ-ਨਾਲ ਦਾਸ ਆਪਣੇ ਹਲਕੇ ਮੋਰਿੰਡਾ ਵਿੱਚ ਪਿੰਡ ਬੂਥਗੜ੍ਹ ਵਿਖੇ ਇੱਕ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਦਾ ਪ੍ਰੋਜੈਕਟ ਸੈਂਕਸ਼ਨ ਕਰਵਾ ਕੇ ਲਿਆਇਆ ਸੀ ਜਿਸ ਦੀ ਇਲਾਕੇ ਵਿੱਚ ਬੜੀ ਢੁਕਵੀਂ ਲੋੜ ਸੀ, ਉਸ ਨੂੰ ਅਕਾਲੀ-ਭਾਜਪਾ ਸਰਕਾਰ ਬਦਲ ਕੇ ਬਠਿੰਡਾ ਵਿਖੇ ਲੈ ਗਈ ਜੋ ਕਿ ਬੜੀ ਮੰਦਭਾਗੀ ਅਤੇ ਵਿਤਕਰੇ ਵਾਲੀ ਗੱਲ ਹੈ।

ਜਿੱਥੋਂ ਤੱਕ ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਦਾ ਸਵਾਲ ਹੈ, ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਡੇਅਰੀ ਫਾਰਮ ਆਦਿ ਇਸ ਦੇ ਸਹਾਇਕ ਧੰਦੇ ਹਨ ਅਤੇ ਪਸ਼ੂ ਧਨ GDP ਵਿੱਚ 13 ਪ੍ਰਤੀਸ਼ਤ ਯੋਗਦਾਨ ਪਾਉਂਦੀ ਹੈ। ਉਸ ਨੂੰ ਮੁੱਖ ਰੱਖਦੇ ਹੋਏ ਅਤੇ ਬੜਾਵਾ ਦੇਣ ਲਈ ਕਾਂਗਰਸ ਸਰਕਾਰ ਵੱਲੋਂ ਪਿੰਡ ਚਤਾਮਲੀ ਵਿਖੇ ਡੇਅਰੀ ਡਿਵੈਲਪਮੈਂਟ ਸੈਂਟਰ ਖੋਲਿਆ ਗਿਆ। ਉਦੋਂ ਦੀ ਕਾਂਗਰਸ ਸਰਕਾਰ ਦੁਆਰਾ ਚੰਗੀ ਕੁਆਲਟੀ ਦੇ ਸੀਮਨ ਦਾ ਪ੍ਰਬੰਧ ਕੀਤਾ ਗਿਆ ਅਤੇ ਇਸ ਕਿੱਤੇ ਨੂੰ ਤਰਜੀਹ ਦੇਣ ਅਤੇ ਫੋਕਸ ਕਰਨ ਲਈ ਲੁਧਿਆਣੇ ਵਿਖੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸ ਯੂਨੀਵਰਸਿਟੀ ਖੋਲੀ ਗਈ ਜਿੱਥੇ ਕਿ ਅੱਜ ਸਮੇਂ ਨੂੰ ਦੇਖਦੇ ਹੋਏ ਇੱਥੇ ਦਾਖਲਾ ਲੈਣ ਲਈ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ ਕਿਉਂਕਿ ਵੈਟਨਰੀ ਪ੍ਰੋਫੈਸ਼ਨ ਦਾ ਭਾਰਤ ਅਤੇ ਦੂਜੇ ਮੁਲਕਾਂ ਵਿੱਚ ਬਹੁਤ ਚੰਗਾ ਵਕਾਰ ਹੈ। ਕਿਸਾਨਾਂ ਦੀ ਲੈਂਡ ਹੋਲਡਿੰਗ ਘੱਟ ਰਹੀ ਹੈ ਇਸ ਲਈ ਪਸ਼ੂ ਪਾਲਣ ਦਾ ਕਿੱਤਾ ਉਨ੍ਹਾਂ ਲਈ ਬਹੁਤ ਲਾਹੇਵੰਦ ਹੈ।

ਜਿੱਥੋਂ ਤਕ ਮਾਲ ਮਹਿਕਮੇ ਦਾ ਸਵਾਲ ਹੈ, ਤਹਿਸੀਲਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲ

** Placed in the Revisor's branch.

ਬਾਲਾ ਹੈ। ਹਰ ਪੱਧਰ ਤੇ ਰਿਸ਼ਵਤ ਦੇ ਕੇ ਰਜਿਸਟਰੀਆਂ ਅਤੇ ਦੂਜੇ ਕੰਮ ਕਰਾਉਣੇ ਪੈਂਦੇ ਹਨ। ਮੈਂ ਮਾਨਯੋਗ ਮੁੱਖ ਮੰਤਰੀ ਜੀ ਅਤੇ ਮਾਲ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਭ ਗੱਲਾਂ ਨਾਲ ਆਮ ਜਨਤਾ ਬੜੀ ਦੁਖੀ ਹੈ ਅਤੇ ਸਰਕਾਰ ਨੂੰ ਕੋਈ ਐਸਾ ਸਿਸਟਮ ਬਣਾਉਣਾ ਚਾਹੀਦਾ ਹੈ ਕਿ ਜਿਸ ਨਾਲ ਮਾਲ ਮਹਿਕਮੇ ਦੇ ਭ੍ਰਿਸ਼ਟਾਚਾਰ ਨੂੰ ਮਜ਼ਬੂਤੀ ਨਾਲ ਨੱਥ ਪਾਈ ਜਾ ਸਕੇ।

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਹੈੱਡ ਥੱਲੇ ਦੱਸਿਆ ਗਿਆ ਹੈ ਕਿ ਐਸ.ਏ.ਐਸ. ਨਗਰ, ਜ਼ੀਰਕਪੁਰ, ਮੁੱਲਾਂਪੁਰ ਗਰੀਬਦਾਸ, ਡੇਰਾ ਬਸੀ, ਖਰੜ, ਲੁਧਿਆਣਾ ਆਦਿ ਸ਼ਹਿਰਾਂ ਦੀ ਮਾਸਟਰ ਪਲਾਨ ਮਨਜ਼ੂਰ ਕਰ ਦਿੱਤੀ ਗਈ ਹੈ। ਮੈਂ ਖਾਸ ਤੌਰ ਤੇ ਆਪਣੇ ਇਲਾਕੇ ਖਰੜ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਖਰੜ ਅਤੇ ਮੁੱਲਾਂਪੁਰ ਗਰੀਬਦਾਸ ਦੀ ਮਾਸਟਰ ਪਲਾਨ ਸਰਕਾਰ ਨੇ ਆਪਣੇ ਚਹੇਤਿਆਂ/ਕਲੋਨਾਈਜ਼ਰਾਂ ਨੂੰ ਲਾਭ ਪਹੁੰਚਾਉਣ ਲਈ ਅਤੇ ਉਨ੍ਹਾਂ ਦੀ ਮਰਜੀ ਮੁਤਾਬਿਕ ਗ੍ਰੀਨ ਬੈਲਟ ਜਾਂ ਹੋਰ ਪਲਾਨਿੰਗ ਕੀਤੀ ਹੈ ਜੋ ਕਿ ਬਹੁਤ ਪੱਖਪਾਤ ਵਾਲੀ ਗੱਲ ਹੈ। ਇਸ ਨਾਲ ਇਲਾਕੇ ਵਿੱਚ ਬਹੁਤ ਬੇਚੈਨੀ ਫੈਲੀ ਹੋਈ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਲੋਕ ਹਿੱਤ ਵਿੱਚ ਇਸ ਪਲਾਨ ਨੂੰ ਰੀਵਿਊ ਕੀਤਾ ਜਾਵੇ।

ਇਸ ਦੇ ਨਾਲ-ਨਾਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਮੁੱਲਾਂਪੁਰ ਗਰੀਬਦਾਸ ਨੂੰ ਨੋਟੀਫਾਈਡ ਏਰੀਆ ਕਮੇਟੀ ਬਣਾਉਣ ਬਾਰੇ ਇਲਾਕਾ ਨਿਵਾਸੀਆਂ ਦੀ ਲਟਕਦੀ ਮੰਗ ਨੂੰ ਲੋਕ ਹਿੱਤ ਸਰਕਾਰ ਤੁਰੰਤ ਪੂਰਾ ਕਰਨ ਦੀ ਖੇਚਲ ਕਰੇ। ਇਸ ਤੋਂ ਇਲਾਵਾ 1997 ਤੋਂ ਲੈ ਕੇ 2002 ਤੱਕ ਅਕਾਲੀ-ਭਾਜਪਾ ਸਰਕਾਰ ਵੇਲੇ ਮੁੱਲਾਂਪੁਰ ਗਰੀਬਦਾਸ ਏਰੀਏ ਵਿੱਚ ਸਰਕਾਰ ਵਲੋਂ ਅਨੰਦਗੜ੍ਹ ਬਣਾਉਣ ਦੀ ਤਜਵੀਜ਼ ਸੀ ਜਿਸ ਤਹਿਤ ਕਿਸਾਨਾਂ ਨੂੰ ਸਿਰਫ 2-4 ਲੱਖ ਰੁਪਏ ਪ੍ਰਤੀ ਏਕੜ ਮੁਆਵਜਾ ਮਿਲਣਾ ਸੀ ਜਿਸ ਨੂੰ ਅਸੀਂ ਇਲਾਕਾ ਨਿਵਾਸੀਆਂ ਅਤੇ ਕਾਂਗਰਸ ਪਾਰਟੀ ਨੇ ਸੰਘਰਸ਼ ਕਰਕੇ ਬਣਨ ਤੋਂ ਰੋਕਿਆ। ਅੱਜ ਉੱਥੇ ਜ਼ਮੀਨ ਦਾ ਭਾਅ ਤਕਰੀਬਨ 2 ਕਰੋੜ ਰੁਪਏ ਪ੍ਰਤੀ ਏਕੜ ਹੈ।

ਲੋਕ ਨਿਰਮਾਣ ਬਾਰੇ : ਸਪੀਕਰ ਸਾਹਿਬ, ਮੈਂ ਲੰਮੀ ਗੱਲ ਨਾ ਕਰਦਾ ਹੋਇਆ ਆਪਣੇ ਇਲਾਕੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਖਰੜ-ਕੁਰਾਲੀ, ਕੁਰਾਲੀ-ਮੋਰਿੰਡਾ ਹਾਈਵੇਜ਼ ਦੀ ਬਹੁਤ ਖਸਤਾ ਹਾਲਤ ਹੈ, ਵੱਡੇ-ਵੱਡੇ ਟੋਏ ਪਏ ਹੋਏ ਹਨ, ਹਰ ਰੋਜ਼ ਐਕਸੀਡੈਂਟ ਹੁੰਦੇ ਹਨ। ਇਸ ਤੋਂ ਇਲਾਵਾ ਖਰੜ ਸ਼ਹਿਰ ਵਿਚੋਂ ਲੰਘਦੇ ਖਰੜ-ਲਾਂਡਰਾ ਰੋਡ ਦੀ ਵੀ ਖਸਤਾ ਹਾਲਤ ਹੈ ਅਤੇ ਬਲਾਕ ਮਾਜਰੀ ਅਤੇ ਖਰੜ ਦੀਆਂ ਲਿੰਕ ਸੜਕਾਂ ਜੋ ਕਿ ਬਹੁਤ ਸਾਲਾਂ ਤੋਂ ਬਣੀਆਂ ਹੋਈਆਂ ਹਨ, ਦੀ ਹਾਲਤ ਤਰਸਯੋਗ ਹੈ ਅਤੇ ਆਵਾਜਾਈ ਵਿੱਚ ਰੋਜ਼ ਬਹੁਤ ਵਿਘਨ ਪੈ ਰਿਹਾ ਹੈ। ਖਰੜ ਸ਼ਹਿਰ ਯਾਨੀ ਖਾਨਪੁਰ ਦਾ ਪੁਲ, ਜੋ ਆਉਣ-ਜਾਣ ਵਾਲੀ ਟ੍ਰੈਫਿਕ ਦਾ ਇੱਕ ਕਿਸਮ ਦਾ ਕਾਰੀਡੋਰ ਹੈ ਅਤੇ ਖਾਨਪੁਰ ਦੇ ਪੁਲ ਤੇ ਰੋਜ਼ਾਨਾ ਹਜ਼ਾਰਾਂ ਗੱਡੀਆਂ ਲੰਘਦੀਆਂ ਹਨ। ਇਹ ਪੁਲ ਬਹੁਤ ਪੁਰਾਣਾ ਬਣਿਆ ਹੋਇਆ ਅਤੇ ਤੰਗ ਹੈ। ਇੱਥੇ ਤਕਰੀਬਨ ਅੱਧੇ-ਅੱਧੇ ਘੰਟੇ ਦਾ ਜਾਮ ਲਗਦਾ ਹੈ ਜਿਸ ਨਾਲ ਟਾਈਮ ਅਨਰਜੀ ਆਦਿ ਸਭ ਖਰਾਬ ਹੁੰਦੀ ਹੈ। ਮੈਂ ਸਰਕਾਰ ਨੂੰ ਅਪੀਲ ਕਰਦਾ ਹਾਂ ਤੇ ਪੁਰਜ਼ੋਰ ਮੰਗ ਕਰਦਾ ਹਾਂ ਕਿ ਤੁਰੰਤ

ਮਿਤੀਬੱਧ ਤਰੀਕੇ ਨਾਲ ਖਾਨਪੁਰ ਦਾ ਪੁਲ ਚੌੜਾ ਕੀਤਾ ਜਾਵੇ ਜਾਂ ਅਲਟਰਨੇਟਿਵ ਰਸਤਾ ਬਣਾਇਆ ਜਾਵੇ। ਖਰੜ-ਮੋਹਾਲੀ ਬਾਈਪਾਸ ਵੀ ਲੋਕ ਹਿੱਤ ਵਿੱਚ ਜਲਦੀ ਬਣਾਉਣ ਦੀ ਲੋੜ ਹੈ। ਖਰੜ ਸਬ-ਡਵੀਜ਼ਨ ਹੈੱਡ ਕੁਆਟਰ ਹੈ। ਇੱਥੇ ਵੀ ਤੁਰੰਤ ਬੱਸ-ਸਟੈਂਡ ਮੁਹੱਈਆ ਕਰਾਉਣ ਦੀ ਖੇਚਲ ਕੀਤੀ ਜਾਵੇ। ਖਰੜ ਅਤੇ ਕੁਰਾਲੀ ਵਿਖੇ ਪੀ.ਡਬਲਿਊ.ਡੀ. ਵਿਸ਼ਰਾਮ ਘਰਾਂ ਦੀ ਬਹੁਤ ਖਸਤਾ ਹਾਲਤ ਹੈ, ਇਨ੍ਹਾਂ ਨੂੰ ਵੀ ਤੁਰੰਤ ਮੁਰੰਮਤ ਕਰਾਉਣ ਲਈ ਬੇਨਤੀ ਕਰਦਾ ਹਾਂ। ਇਸ ਤੋਂ ਇਲਾਵਾ ਚੰਡੀਗੜ੍ਹ-ਕੁਰਾਲੀ, ਚੰਡੀਗੜ੍ਹ-ਮੋਰਿੰਡਾ, ਚੰਡੀਗੜ੍ਹ-ਮੁੱਲਾਂਪੁਰ ਗਰੀਬਦਾਸ, ਮਾਜਰਾ-ਕੁਰਾਲੀ ਹਾਈਵੇਜ਼ ਤੇ ਵਧਦੀ ਟ੍ਰੈਫਿਕ ਨੂੰ ਵੇਖਦੇ ਹੋਏ ਲੋੜ ਮੁਤਾਬਿਕ 6 ਲੇਨਿੰਗ ਸੜਕਾਂ ਬਣਾਉਣ ਦੀ ਸਰਕਾਰ ਖੇਚਲ ਕਰੇ। ਘਾੜ ਦੇ ਇਲਾਕੇ/ਮਾਜਰੀ ਬਲਾਕ ਵਿੱਚ ਬਹੁਤ ਸਾਰੀਆਂ ਛੋਟੀਆਂ ਨਦੀਆਂ-ਨਾਲਿਆਂ ਤੇ ਪੁੱਲ ਲੱਗਣੇ ਹਨ ਜਿਨ੍ਹਾਂ ਨੂੰ ਤਰਜੀਹ ਦੇ ਕੇ ਤੁਰੰਤ ਬਣਾਇਆ ਜਾਏ।

ਸਥਾਨਕ ਸਰਕਾਰ ਦੇ ਮਹਿਕਮੇ ਥੱਲੇ ਪੰਜਾਬ ਦੇ ਸਾਰੇ ਛੋਟੇ-ਵੱਡੇ ਸ਼ਹਿਰਾਂ ਵਿੱਚ ਸਰਵਪੱਖੀ ਵਿਕਾਸ ਅਤੇ ਬੁਨਿਆਦੀ ਢਾਂਚੇ ਨੂੰ ਉੱਤੇ ਚੁੱਕਣ ਲਈ ਕਾਫੀ ਗੱਲਾਂ ਕੀਤੀਆਂ ਹਨ ਪ੍ਰੰਤੂ ਮੈਂ ਆਪਣੇ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਸ਼ਹਿਰਾਂ ਜਿਵੇਂ ਕੁਰਾਲੀ, ਖਰੜ ਅਤੇ ਐਨ.ਏ.ਸੀ. ਨਵਾਂ ਗਾਉਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਖਰੜ, ਕੁਰਾਲੀ ਵਿੱਚ ਸੀਵਰੇਜ਼ ਜੋ ਕਿ ਗਮਾਡਾ ਵਲੋਂ ਪਾਇਆ ਜਾ ਰਿਹਾ ਹੈ, ਦਾ ਮਿਆਰ ਬਹੁਤ ਘਟੀਆ ਹੈ, ਕੋਈ ਲੈਵਲ ਚੈੱਕ ਨਹੀਂ ਕੀਤੇ ਗਏ, ਸੜਕਾਂ ਪੁੱਟੀਆਂ ਪਈਆਂ ਹਨ। ਇਸ ਬਾਰੇ ਮਿਊਂਸਿਪਲ ਕਮੇਟੀਆਂ ਦੇ ਨੁਮਾਇੰਦਿਆਂ ਨੇ ਕਈ ਵਾਰ ਗਮਾਡਾ ਨੂੰ ਸ਼ਿਕਾਇਤ ਕੀਤੀ ਹੈ ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋ ਸਕੀ ਅਤੇ ਇਨ੍ਹਾਂ ਕੰਮਾਂ ਦੇ ਠੇਕੇ ਸਰਕਾਰ ਨੇ ਆਪਣੇ ਚਹੇਤਿਆਂ ਨੂੰ ਦਿੱਤੇ ਹੋਏ ਹਨ, ਇਨ੍ਹਾਂ ਦੀ ਤੁਰੰਤ ਇਨਕੁਆਰੀ ਕਰਾ ਕੇ ਵਧੀਆ ਸੀਵਰੇਜ਼ ਅਤੇ ਸ਼ਹਿਰਾਂ ਵਿੱਚ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਦੇ ਨਾਲ ਲਗਦੀ ਐਨ.ਏ.ਸੀ. ਨਵਾਂ ਗਾਉਂ, ਪਿਛਲੀ ਕਾਂਗਰਸ ਸਰਕਾਰ ਵੇਲੇ 18 ਅਕਤੂਬਰ, 2006 ਨੂੰ ਹੋਂਦ ਵਿੱਚ ਆਈ ਸੀ। ਉਸ ਉਪਰੰਤ ਅੱਜ ਉਥੋਂ ਦੀ ਅਬਾਦੀ ਵੱਧ ਕੇ 40-50 ਹਜ਼ਾਰ ਦੀ ਹੋ ਚੁੱਕੀ ਹੈ ਪਰ ਅੱਜ ਵੀ ਉਹ ਲੋਕ ਸਾਰੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸਦੇ ਹਨ। ਸੜਕਾਂ, ਗਲੀਆਂ-ਨਾਲੀਆਂ, ਸੀਵਰੇਜ਼, ਸਟਰੀਟ ਲਾਈਟਾਂ ਦਾ ਮਾੜਾ ਹਾਲ ਹੈ। ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਇੱਥੋਂ ਤੱਕ ਕਿ ਹੁਣ ਤੱਕ ਉੱਥੋਂ ਦੇ ਮਕਾਨਾਂ ਦੇ ਨਕਸ਼ੇ ਕਮੇਟੀ ਵੱਲੋਂ ਪਾਸ ਨਹੀਂ ਕੀਤੇ ਜ਼ਾਂਦੇ। ਮੇਰੀ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਥਾਨਕ ਸਰਕਾਰ ਮੰਤਰੀ ਨੂੰ ਬੇਨਤੀ ਹੈ ਕਿ ਐਨ.ਏ.ਸੀ. ਨਵਾਂ ਗਾਉਂ ਲਈ ਸਪੈਸ਼ਲ ਫੰਡ ਮੁਹੱਈਆ ਕਰਾਏ ਜਾਣ ਤਾਂ ਜੋ ਸਰਵ-ਪੱਖੀ ਵਿਕਾਸ ਹੋ ਸਕੇ ਅਤੇ ਲੋਕਾਂ ਨੂੰ ਰਾਹਤ ਮਿਲ ਸਕੇ।

ਕਜੌਲੀ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਚੰਡੀਗੜ੍ਹ ਨੂੰ ਆਉਂਦੀ ਹੈ ਜਿਵੇਂ ਕਿ ਆਮ ਤੌਰ ਤੇ ਗਰਾਉਂਡ ਵਾਟਰ ਲੈਵਲ ਘਟਦਾ ਜਾ ਰਿਹਾ ਹੈ ਅਤੇ ਸ਼ਹਿਰਾਂ ਵਿੱਚ ਪੀਣ ਲਈ ਲੱਗੇ ਟਿਊਬਵੈਲ ਬੰਦ ਹੁੰਦੇ ਜਾ ਰਹੇ ਹਨ। ਇਸ ਲਈ ਲੋਕ ਹਿੱਤ ਵਿੱਚ ਪੀਣ ਵਾਲੇ

ਪਾਣੀ ਦੀ ਸਪਲਾਈ ਮੋਰਿੰਡਾ-ਕੁਰਾਲੀ, ਖਰੜ ਅਤੇ ਮੋਹਾਲੀ ਨੂੰ ਕਜੌਲੀ ਵਾਟਰ ਵੱਰਕਸ ਤੋਂ ਕਰਾਈ ਜਾਵੇ, ਜਿਸ ਦਾ ਕੇਸ ਮੈਂ ਪਿਛਲੀ ਕਾਂਗਰਸ ਸਰਕਾਰ ਵੇਲੇ ਬਤੌਰ ਸਿੰਚਾਈ ਮੰਤਰੀ ਸ਼ੁਰੂ ਕਰਵਾਇਆ ਸੀ।

ਜਿੱਥੋਂ ਤੱਕ ਪੰਜਾਬ ਦੇ ਪਾਣੀਆਂ ਦਾ ਸਵਾਲ ਹੈ ਇਸ ਨੂੰ ਹੱਲ ਕਰਨ ਬਾਰੇ ਵੀ ਅਕਾਲੀ ਦਲ ਨੇ ਕਦੇ ਵੀ ਕੋਈ ਠੋਸ ਕਦਮ ਨਹੀਂ ਚੁੱਕੇ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਥੱਲੇ ਕਾਂਗਰਸ ਸਰਕਾਰ ਨੇ ਵਿਧਾਨ ਸਭਾ ਵਿੱਚ ਪੁਰਾਣੇ ਸਾਰੇ ਮਤੇ ਰੱਦ ਕਰਕੇ ਲੋਕ ਅਤੇ ਕਿਸਾਨ ਹਿੱਤ ਵਿੱਚ ਪੰਜਾਬ ਦੇ ਪਾਣੀਆਂ ਬਾਰੇ ਫੈਸਲਾ ਲਿਆ ਸੀ ਕਿ ਜੋ ਕਿ ਸਾਰਾ ਪੰਜਾਬ ਅਤੇ ਕਿਸਾਨ ਵਰਗ ਜਾਣਦਾ ਹੈ।

ਸਪੀਕਰ ਸਾਹਿਬ, ਰਾਜਪਾਲ ਦੇ ਐਡਰੈਸ ਦੀ ਬਹਿਸ ਉੱਤੇ ਰੂਲਿੰਗ ਪਾਰਟੀ ਦੇ ਕੁਝ ਵਿਧਾਇਕਾਂ ਨੇ ਯੂ.ਪੀ.ਏ. ਚੇਅਰਪਰਸਨ ਬਾਰੇ ਕੁੱਝ ਗੈਰ ਵਾਜਬ ਢੰਗ ਨਾਲ ਹੰਗਾਮਾ ਕੀਤਾ ਜੋ ਕਿ ਅੱਛੀ ਗੱਲ ਨਹੀਂ ਹੈ। ਸਵ: ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਦੀ ਧਰਮ ਪਤਨੀ, ਯੂ.ਪੀ.ਏ. ਦੀ ਚੇਅਰਪਰਸਨ, ਉਹੀ ਮਹਾਨ ਨੇਤਾ ਹੈ ਜਿਸ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਨੂੰ ਠੁਕਰਾ ਕੇ ਇੱਕ ਦੁਨੀਆ ਦੇ ਵੱਡੇ ਅਰਥ ਸ਼ਾਸ਼ਤਰੀ, ਸਿੱਖੀ ਅਤੇ ਪੰਜਾਬੀਆਂ ਦੀ ਆਨ ਅਤੇ ਸ਼ਾਨ, ਸੱਚੇ -ਸੁੱਚੇ ਅਕਸ ਰੱਖਣ ਵਾਲੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾ ਕੇ ਨਿਵਾਜਿਆ ਸੀ। ਇਸ ਲਈ ਸ਼੍ਰੀਮਤੀ ਸੋਨੀਆ ਗਾਂਧੀ ਨੂੰ ਤਿਆਗ ਦੀ ਮੂਰਤੀ ਕਿਹਾ ਜਾਂਦਾ ਹੈ।

ਸਪੀਕਰ ਸਾਹਿਬ, ਇੱਥੇ ਮੈਂ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਇਹ ਉਹੀ ਅਕਾਲੀ ਦਲ ਹੈ ਜਿਸ ਨੇ ਆਪਣੇ ਸੌੜੇ ਹਿੱਤਾਂ ਲਈ ਐਨ.ਡੀ.ਏ. ਦੀਆਂ ਗੱਲਾਂ ਵਿੱਚ ਆ ਕੇ ਭਾਰਤ ਵਿੱਚ ਹੋਣ ਵਾਲੀ ਨਿਊਕਲੀਅਰ ਪ੍ਰਮਾਣੂ ਸੰਧੀ ਦੇ ਖਿਲਾਫ ਵੋਟ ਪਾਈ ਸੀ ਜਿਸ ਨਾਲ ਕਿ ਸ਼ਾਇਦ ਕੇਂਦਰ ਸਰਕਾਰ ਗਿਰ ਸਕਦੀ ਸੀ ਅਤੇ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਵਜੋਂ ਹਟ ਸਕਦੇ ਸਨ, ਫਿਰ ਕਿੱਥੇ ਗਈ ਇਨ੍ਹਾਂ ਅਕਾਲੀ ਵੀਰਾਂ ਦੀ ਸਿੱਖੀ ਅਤੇ ਪੰਜਾਬੀਅਤ ਪ੍ਰਤੀ ਸ਼ਰਧਾ? ਹਮੇਸ਼ਾ ਇਨ੍ਹਾਂ ਦੇ ਦੋਗਲੇ ਮਾਪ-ਦੰਡ ਰਹੇ ਹਨ ਅਤੇ ਇਨ੍ਹਾਂ ਨੇ ਆਪਣੇ ਸੌੜੇ ਹਿੱਤਾਂ ਨੂੰ ਹਮੇਸ਼ਾ ਤਰਜੀਹ ਦਿੱਤੀ ਹੈ ਅਤੇ ਪੰਜਾਬ, ਪੰਜਾਬੀਅਤ ਦੀਆਂ ਕੀਮਤਾਂ, ਕਦਰਾਂ ਨੂੰ ਅਣਗੌਲਿਆ ਕਰਕੇ ਪਿੱਛੇ ਰੱਖਿਆ ਹੈ ਜੋ ਕਿ ਬੜੀ ਮੰਦਭਾਗੀ ਗੱਲ ਹੈ।

ਸਪੀਕਰ ਸਾਹਿਬ, ਬੜੀ ਹਾਸੋਹੀਣੀ ਗੱਲ ਹੈ ਕਿ ਮੁੱਖ ਮੰਤਰੀ ਬਾਦਲ ਸਾਹਿਬ ਜਦੋਂ ਦਿੱਲੀ ਜਾਂਦੇ ਹਨ ਤਾਂ ਪ੍ਰਧਾਨ ਮੰਤਰੀ ਜੀ ਦਾ ਅਤੇ ਹੋਰ ਕੇਂਦਰੀ ਲੀਡਰਸ਼ਿਪ ਦਾ ਉਨ੍ਹਾਂ ਵਲੋਂ ਦਿੱਤੀਆਂ ਰਾਹਤਾਂ/ਫੰਡਾਂ ਦਾ ਧੰਨਵਾਦ ਕਰਕੇ ਆਉਂਦੇ ਹਨ ਅਤੇ ਹਰਿਆਣਾ ਬਾਰਡਰ ਕਰਾਸ ਕਰਕੇ ਪੰਜਾਬ ਵਿੱਚ ਆਉਂਦਿਆਂ ਹੀ ਕਹਿਣ ਲੱਗ ਜਾਂਦੇ ਹਨ ਕਿ ਕੇਂਦਰ ਸਰਕਾਰ ਸਾਡੇ ਨਾਲ ਵਿਤਕਰਾ ਕਰਦੀ ਹੈ। ਇਹ ਡਬਲ ਸਟੈਂਡਰਡ ਨਹੀਂ ਤਾਂ ਹੋਰ ਕੀ ਹੈ?

ਸਪੀਕਰ ਸਾਹਿਬ, ਸੂਬੇ ਵਿੱਚ ਪੈਨਸ਼ਨਾਂ, ਸ਼ਗਨ ਸਕੀਮਾਂ ਅਕਾਲੀ ਦਲ-ਭਾਜਪਾ

ਸਰਕਾਰ ਆਪਣੇ ਚਹੇਤਿਆਂ ਨੂੰ ਦੇ ਰਹੀ ਹੈ ਤੇ ਅਸਲੀ ਲਾਭਪਾਤਰੀ ਵਾਂਝੇ ਰਹਿ ਜਾਂਦੇ ਹਨ। ਇਸ ਲਈ ਮੈਂ ਆਪ ਜੀ ਨੂੰ ਬੇਨਤੀ ਕਰਾਂਗਾ ਕਿ ਵਿਧਾਨ ਸਭਾ ਵਿੱਚ ਇੱਕ ਜੁਆਇੰਟ ਕਮੇਟੀ ਬਣਾ ਕੇ ਇਨਕੁਆਰੀ ਕੀਤੀ ਜਾਏ ਅਤੇ ਲੋੜੀਂਦੇ ਕਦਮ ਚੁੱਕੇ ਜਾਣ।

ਸਪੀਕਰ ਸਾਹਿਬ, ਜਿੱਥੋਂ ਤੱਕ ਸਰਕਾਰ ਦੇ ਖਜ਼ਾਨੇ ਦਾ ਸਵਾਲ ਹੈ, ਖਜ਼ਾਨੇ ਵਿੱਚ ਕਰੋੜਾਂ ਰੁਪਏ ਦੇ ਬਿੱਲ ਪੈਂਡਿੰਗ ਪਏ ਹਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਾਦਲ ਸਾਹਿਬ ਨੇ ਸੂਬੇ ਵਿੱਚ ਬੇ-ਸ਼ੁਮਾਰ ਸੰਗਤ ਦਰਸ਼ਨ ਕਰਕੇ ਜਨਤਾ ਦਾ ਪੈਸਾ ਲੁਟਾਇਆ ਹੈ ਕਿਉਂਕਿ ਉਨ੍ਹਾਂ ਨੂੰ ਆਸ ਸੀ ਕਿ ਅਸੀਂ ਦੁਬਾਰਾ ਸਰਕਾਰ ਵਿੱਚ ਨਹੀਂ ਆਉਣਾ ਅਤੇ ਕਾਂਗਰਸ ਸਰਕਾਰ ਦੇ ਗਲ ਮਰਿਆ ਸੱਪ ਪਾ ਦਿਓ ਤਾਂ ਜੋ ਉਹ ਆਪੇ ਹੀ ਨਿਬੜਦੀ ਰਹੇ। ਪੰਜਾਬ ਦੀ ਮਾਲੀ ਹਾਲਤ ਬਾਰੇ ਮੈਂ ਪੰਜਾਬੀ ਦੇ ਮੁਹਾਵਰੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ –

'ਪੱਲੇ ਨਹੀਂ ਧੇਲਾ, ਕਰਦੀ ਮੇਲਾ, ਮੇਲਾ।

ਸਪੀਕਰ ਸਾਹਿਬ, ਮੈਂ ਆਖਰ ਵਿੱਚ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਸਰਕਾਰ ਦੀ ਤਾਰੀਫ ਦਾ ਝੂਠਾ ਪੁਲੰਦਾ, ਹਵਾਈ ਮਹਿਲ ਅਤੇ ਤੱਥਾਂ ਤੋਂ ਕੋਹਾਂ ਦੂਰ, ਗੁਮਰਾਹਕੁੰਨ ਦਸ਼ਤਾਵੇਜ ਹੈ ਜਿਸ ਦੀ ਵਿਆਖਿਆ ਮੈਂ ਪੰਜਾਬੀ ਦੇ ਇੱਕ ਮੁਹਾਵਰੇ ਰਾਹੀਂ ਕਰਦਾ ਹਾਂ।

"ਗੱਲੀ ਬਾਤੀਂ ਮੈਂ ਬੜੀ, ਕਰਤੂਤੋਂ ਬੜੀ ਜਠਾਣੀ"

ਧੰਨਵਾਦ।

ਸਰਦਾਰ ਕੇਵਲ ਸਿੰਘ ਢਿੱਲੋਂ (ਬਰਨਾਲਾ) : 21 ਮਾਰਚ 2012 ਨੂੰ ਪੰਜਾਬ ਦੇ ਮਾਨਯੋਗ ਰਾਜਪਾਲ ਵਲੋਂ ਵਿਧਾਨ ਸਭਾ ਵਿਖੇ ਦਿੱਤੇ ਭਾਸ਼ਣ, ਜਿਸ ਵਿੱਚ ਸਰਕਾਰ ਦੀ ਨੀਤੀਆਂ ਦਾ ਜ਼ਿਕਰ ਤਰੋੜ-ਮਰੋੜ ਕੇ ਕੀਤਾ ਗਿਆ ਹੈ, ਬਾਰੇ ਕੁਝ ਸਪੱਸ਼ਟੀਕਰਨ ਦੀ ਲੋੜ ਹੈ।

1. **Finance** : ਭਾਸ਼ਣ ਦਾ ਪੈਰਾ ਨੰ: 14 ਦੇ ਤੱਥ ਗਲਤ ਹਨ ਕਿ ਸਾਲ 2007 ਤੋਂ ਮਾਲੀਆ ਵਧਾਉਣ ਅਤੇ ਸਰਕਾਰੀ ਖਰਚ ਨੂੰ ਤਰਕਪੂਰਨ ਬਨਾਉਣ ਲਈ ਕੋਈ ਯਤਨ ਨਹੀਂ ਕੀਤਾ। ਕਾਂਗਰਸ ਸਰਕਾਰ ਵਲੋਂ ਸਾਲ 2003 ਵਿੱਚ Fiscal Responsibility and Budget Management Act ਪਾਸ ਕੀਤਾ ਗਿਆ ਸੀ, ਜਿਸ ਦੇ ਤਹਿਤ fiscal and revenue deficit ਦੀ ਸੀਮਾ ਨਿਸ਼ਚਿਤ ਕੀਤੀ ਗਈ। ਕਾਂਗਰਸ ਸਰਕਾਰ ਨੇ ਇਸ ਸੀਮਾ ਦਾ ਪਾਲਣ ਕੀਤਾ, ਜਿਸ ਦੇ ਸਿੱਟੇ ਵਜੋਂ ਪੰਜਾਬ ਦੀ ਆਰਥਿਕਤਾ ਦਾ ਸੁਧਾਰ ਹੋਇਆ ਅਤੇ ਕਦੇ ਵੀ ਖਜ਼ਾਨੇ ਬੰਦ ਕਰਨ ਦੀ ਲੋੜ ਨਹੀਂ ਪਈ।

ਮੈਨੂੰ ਬਹੁਤ ਦੁੱਖ ਹੈ ਕਿ ਸਰਕਾਰ ਵਲੋਂ 77,585 ਕਰੋੜ ਰੁਪਏ ਦੇ ਕਰਜ਼ੇ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਹੈ ਅਤੇ ਤੱਥਾਂ ਨੂੰ ਤਰੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਭਾਸ਼ਣ ਦੇ ਪੈਰਾ ਨੰ: 78 ਵਿੱਚ ਵਾਰ-ਵਾਰ Debt. & G.S.D.P. (Gross State Domestic Product) ਅਨੁਪਾਤ ਦੇ 29.91 ਪ੍ਰਤੀਸ਼ਤ ਦੀ ਗੱਲ ਕੀਤੀ ਜਾ ਰਹੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਨੇ 49 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਛੱਡਿਆ

ਸੀ, ਜੋ ਪਿਛਲੇ 5 ਸਾਲਾਂ ਵਿੱਚ 58 ਪ੍ਰਤੀਸ਼ਤ ਵੱਧ ਚੁੱਕਾ ਹੈ। ਸਪੀਕਰ ਸਾਹਿਬ, ਸਰਕਾਰ ਸਦਨ ਨੂੰ ਦੱਸਣ ਦੀ ਖੇਚਲ ਕਰੇ ਕਿ ਇਸ ਨੂੰ ਕਾਬੂ ਕਰਨ ਲਈ ਕੀ ਕਦਮ ਚੁੱਕੇ ਗਏ ਹਨ?

ਭਾਸ਼ਣ ਦੇ ਪੈਰਾ ਨੰ: 24 ਵਿੱਚ ਕਿਹਾ ਗਿਆ ਹੈ ਕਿ ਸੂਬੇ ਵਿੱਚ ਵਿਕਾਸ ਦੀ ਹਨੇਰੀ ਆਈ ਹੈ ਪਰ ਇਸ ਸਬੰਧੀ ਅੰਕੜੇ ਪੇਸ਼ ਨਹੀਂ ਕੀਤੇ ਗਏ। ਜੇਕਰ ਪੰਜਾਬ ਦੀ ਕੁੱਲ ਘਰੇਲੂ ਉਤਪਾਦਨ ਦੀ ਗ੍ਰੋਥ ਨੂੰ ਵੇਖਿਆ ਜਾਵੇ ਤਾਂ ਪੰਜਾਬ ਆਪਣਾ ਮੋਹਰੀ ਸਥਾਨ ਪੂਰੀ ਤਰ੍ਹਾਂ ਗੁਆ ਚੁੱਕਾ ਹੈ। ਪੰਜਾਬ ਅੱਜ ਬਹੁਤ ਰਾਜਾਂ ਤੋਂ ਪਿੱਛੇ ਹੈ ਅਤੇ ਇਸ ਦਾ ਗ੍ਰੋਥ ਰੇਟ ਸਰਬ ਭਾਰਤ ਦੇ Average ਰੇਟ ਤੋਂ ਵੀ ਥੱਲੇ ਹੈ। ਮੈਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਦੌਰਾਨ ਪੰਜਾਬ ਦਾ growth rate ਹਰ ਸਾਲ ਭਾਰਤ ਦੇ growth rate ਤੋਂ ਥੱਲੇ ਗਿਆ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਸਰਕਾਰ ਦੇ ਅੰਤਿਮ ਵਰ੍ਹੇ, ਸਾਲ 2006-07 ਵਿੱਚ ਪੰਜਾਬ ਦਾ growth rate 10.16 ਪ੍ਰਤੀਸ਼ਤ ਸੀ ਜੋ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਸਭ ਤੋਂ ਉੱਚਾ ਸੀ ਅਤੇ ਉਸ ਸਾਲ ਦੇ ਸਰਵ ਭਾਰਤ ਦੇ ਉਸ ਰੇਟ ਨਾਲੋਂ ਵੀ ਉੱਚਾ ਸੀ। ਇਹ growth rate ਅਕਾਲੀ ਸਰਕਾਰ ਦੀਆਂ ਨੀਤੀਆਂ ਕਾਰਨ ਸਾਲ 2009-10 ਵਿੱਚ ਘੱਟ ਕੇ 7% ਹੋ ਗਿਆ ਹੈ। ਇਸ ਤਰ੍ਹਾਂ Per-Capita Income ਵਿੱਚ ਪੰਜਾਬ ਦਾ ਸਥਾਨ ਦੂਜੇ ਮੁੱਖ ਰਾਜਾਂ ਦੇ ਮੁਕਾਬਲੇ ਲਗਾਤਾਰ ਪਿਛੜਦਾ ਜਾ ਰਿਹਾ ਹੈ। ਗੁਜਰਾਤ, ਹਰਿਆਣਾ, ਮਹਾਂਰਾਸ਼ਟਰ ਵਰਗੇ ਰਾਜ ਪੰਜਾਬ ਤੋਂ ਬਹੁਤ ਜ਼ਿਆਦਾ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ ਜਿਸ ਕਾਰਨ ਇਨ੍ਹਾਂ ਰਾਜਾਂ ਦੀ Per-Capita Income ਵੀ ਪੰਜਾਬ ਤੋਂ ਵੱਧ ਹੋ ਚੁੱਕੀ ਹੈ।

2. **Power** : ਭਾਸ਼ਣ ਦੇ ਪੈਰਾ ਨੰ: 31 ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਵਾਫਰ ਊਰਜਾਵਾਲਾ ਸੂਬਾ ਬਣ ਗਿਆ ਹੈ ਅਤੇ ਇਸ ਨੇ ਦੂਸਰੇ ਰਾਜਾਂ ਨੂੰ ਬਿਜਲੀ ਵੇਚਣੀ ਸ਼ੁਰੂ ਕਰ ਦਿੱਤੀ ਹੈ ਕੀ ਸਰਕਾਰ ਇਸ ਸਬੰਧੀ ਅੰਕੜੇ ਪੇਸ਼ ਕਰੇਗੀ ਕਿ ਕਿਨ੍ਹਾਂ-ਕਿਨ੍ਹਾਂ ਰਾਜਾਂ ਨੂੰ ਕਿੰਨੀ-ਕਿੰਨੀ ਬਿਜਲੀ ਵੇਚੀ ਹੈ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਅਤੇ ਉਦਯੋਗਿਕ ਸੈਕਟਰਾਂ ਨੂੰ ਸਰਕਾਰ ਰੋਜ਼ਾਨਾ ਕਿੰਨੇ ਘੰਟੇ ਬਿਜਲੀ ਦਿੰਦੀ ਹੈ? ਮੈਂ ਇੱਥੇ ਇਹ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਬਿਜਲੀ ਸਬੰਧੀ ਨਵੇਂ ਪ੍ਰੋਜੈਕਟਾਂ ਦਾ ਮੁੱਢਲਾ ਕੰਮ ਕਾਂਗਰਸ ਸਰਕਾਰ ਨੇ ਹੀ ਸ਼ੁਰੂ ਕੀਤਾ ਸੀ।

3. **Employment** (ਰੋਜ਼ਗਾਰ) : ਭਾਸ਼ਣ ਦੇ ਪੈਰਾ ਨੰ: 22 ਵਿੱਚ ਠੇਕੇ ਤੇ ਅਤੇ ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨ ਦੀ ਗੱਲ ਕੀਤੀ ਗਈ ਹੈ ਪਰੰਤੂ ਕੋਈ ਠੋਸ ਅੰਕੜੇ ਪੇਸ਼ ਨਹੀਂ ਕੀਤੇ ਗਏ। ਮੈਂ ਚਾਹਾਂਗਾ ਕਿ ਸਦਨ ਵਿੱਚ ਇਸ ਸਬੰਧੀ ਠੋਸ ਅੰਕੜੇ ਪੇਸ਼ ਕੀਤੇ ਜਾਣ।

ਭਾਸ਼ਣ ਦੇ ਪੈਰਾ ਨੰ: 21 ਵਿੱਚ ਸਰਕਾਰ ਵਲੋਂ 1,20,000 ਯੁਵਕਾਂ ਨੂੰ ਨੌਕਰੀ ਦੇਣ ਦੀ ਗੱਲ ਕੀਤੀ ਗਈ ਹੈ। ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਸਬੰਧ ਵਿੱਚ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਹ ਨੌਕਰੀਆਂ ਰੈਗੂਲਰ ਤੌਰ ਤੇ ਦਿੱਤੀਆਂ ਹਨ ਜਾਂ ਭਾਰਤ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ, ਜਿਵੇਂ ਕਿ National Rural Health

Mission ਅਤੇ Sarav Sikhiya Abhiyan ਆਦਿ ਵਿੱਚ ਦਿੱਤੀਆਂ Contractual Appointments ਵੀ ਸ਼ਾਮਲ ਹਨ? ਮੈਂ ਚਾਹੁੰਦਾ ਹਾਂ ਕਿ ਸਰਕਾਰ ਸਦਨ ਵਿੱਚ ਪੂਰੇ ਅੰਕੜੇ ਪੇਸ਼ ਕਰੇ ਜਿਸ ਵਿੱਚ ਕੇਂਦਰੀ ਸਕੀਮਾਂ ਅਧੀਨ Contractual Appointments ਦੇ ਵੇਰਵੇ ਵੀ ਸ਼ਾਮਲ ਹੋਣ।

ਭਾਸ਼ਣ ਦੇ ਪੈਰਾ ਨੰ: 72 ਵਿੱਚ ਸਰਕਾਰ ਵਲੋਂ 10 ਲੱਖ ਨਵੇਂ ਰੋਜ਼ਗਾਰ ਪੈਦਾ ਕਰਨ ਬਾਰੇ ਕਿਹਾ ਗਿਆ ਹੈ। ਇਹ ਗੱਲ ਹਾਸੋ-ਹੀਣੀ ਲਗਦੀ ਹੈ ਕਿਉਂਕਿ ਸਰਕਾਰ ਆਪਣੇ ਕਹਿਣ ਅਨੁਸਾਰ ਪਿਛਲੇ ਪੰਜ ਸਾਲਾਂ ਵਿੱਚ ਇੱਕ ਲੱਖ ਵੀਹ ਹਜ਼ਾਰ ਨੌਕਰੀਆਂ ਮੁਹੱਈਆ ਕਰਵਾ ਸਕੀ ਹੈ ਜਿਸ ਵਿੱਚ ਮੇਰੇ ਅਨੁਸਾਰ ਜ਼ਿਆਦਾ ਕੇਂਦਰੀ ਸਕੀਮਾਂ ਤਹਿਤ Contractual Appointments ਹੀ ਹੋਣਗੀਆਂ। ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ 10 ਲੱਖ ਨਵੇਂ ਰੋਜ਼ਗਾਰਾਂ ਸਬੰਧੀ ਪੂਰੇ ਵੇਰਵੇ ਸਦਨ ਨੂੰ ਪੇਸ਼ ਕਰੇ ਅਤੇ ਦੱਸਣ ਦੀ ਖੇਚਲ ਕਰੇ ਕਿ ਜਦੋਂ ਉਹ ਮੌਜੂਦਾ ਮੁਲਾਜ਼ਮਾਂ ਨੂੰ ਹੀ ਤਨਖਾਹ ਬਹੁਤ ਮੁਸ਼ਕਿਲ ਨਾਲ ਦੇ ਰਹੀ ਹੈ ਤਾਂ ਨਵੇਂ ਮੁਲਾਜ਼ਮਾਂ ਦੀ ਤਨਖਾਹ ਕਿਵੇਂ ਦੇਵੇਗੀ? ਕੀ ਉਹ ਅਜਿਹਾ ਵਿਕਾਸ ਦੀ ਕੀਮਤ ਤੇ ਕਰੇਗੀ?

4. **Planning** : ਭਾਸ਼ਣ ਦੇ ਪੈਰਾ ਨੰ: 125 ਵਿੱਚ ਸਾਲ 2010-11 ਦੀ ਪਲਾਨ ਦੇ 9,150 ਕਰੋੜ ਰੁਪਏ ਹੋਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਸਾਲ 2011-12 ਦੀ ਸਾਲਾਨਾ ਯੋਜਨਾ 11,520 ਕਰੋੜ ਰੁਪਏ ਅਤੇ ਸਾਲ 2012-13 ਲਈ ਚੌਖੇ ਵਾਧੇ ਦੀ ਗੱਲ ਕੀਤੀ ਗਈ ਹੈ, ਮੈਂ ਚਾਹਾਂਗਾ ਕਿ ਸਰਕਾਰ ਸਦਨ ਨੂੰ ਦੱਸੇ ਕਿ ਇਨ੍ਹਾਂ ਸਾਲਾਂ ਦੌਰਾਨ ਪਲਾਨ ਫੰਡਾਂ ਦੀ Utilization ਕਿੰਨੇ ਪ੍ਰਤੀਸ਼ਤ ਰਹੀ ਹੈ? ਜੇਕਰ ਇਹ ਪਲਾਨਾਂ 100% ਨਹੀਂ ਹੋ ਸਕਦੀਆਂ ਤਾਂ ਸਰਕਾਰ ਵੱਲੋਂ ਅਗਲੇ ਸਾਲਾਂ ਦੌਰਾਨ ਪਲਾਨ size ਵਧਾਉਣ ਦਾ ਕੋਈ ਮਤਲਬ ਹੈ, ਖਾਸ ਕਰਕੇ ਉਦੋਂ ਜਦੋਂ ਸਰਕਾਰ ਕੋਲ ਵਿਕਾਸ ਦੇ ਕੰਮਾਂ ਲਈ ਕੋਈ ਸਾਧਨ ਹੀ ਨਹੀਂ ਹਨ? ਸਰਕਾਰ ਸਦਨ ਨੂੰ ਦੱਸਣ ਦੀ ਖੇਚਲ ਕਰੇ ਕਿ ਪੰਜਾਬ ਦੇ ਮੁਕਾਬਲੇ ਗੁਆਂਢੀ ਅਤੇ ਬਰਾਬਰ ਦੇ ਸੂਬੇ ਹਰਿਆਣਾ ਦੀ ਪਲਾਨ ਦਾ ਸਾਈਜ਼ ਕੀ ਹੈ ਤਾਂ ਜੋ ਸਦਨ ਨੂੰ ਪੰਜਾਬ ਦੀ ਅਸਲ ਸਥਿਤੀ ਦਾ ਪਤਾ ਚੱਲ ਸਕੇ।

5. **Urban Development** : ਭਾਸ਼ਣ ਦੇ ਪੈਰਾ ਨੰ: 95 ਵਿੱਚ ਕਈ ਸ਼ਹਿਰਾਂ ਦੇ ਵਿਕਾਸ ਲਈ ਜੋ ਮਾਸਟਰ ਪਲਾਨ ਅਧਿਸੂਚਿਤ ਕੀਤੇ ਗਏ ਹਨ ਉਹ ਸ਼ਹਿਰ ਕਿਸ ਅਧਾਰ ਤੇ ਚੁਣੇ ਗਏ ਹਨ ਅਤੇ ਇਸ ਵਿੱਚ ਉਦਯੋਗਿਕ ਸੈਂਟਰ ਜ਼ਿਲ੍ਹਾ ਹੈਡਕੁਆਟਰ ਹੋਣ ਦੇ ਬਾਵਜੂਦ "ਬਰਨਾਲਾ" ਕਿਉਂ ਨਹੀਂ ਚੁਣਿਆ ਗਿਆ?

6. **Higher Education** : ਭਾਸ਼ਣ ਦੇ ਪੈਰਾ ਨੰ: 69 ਵਿੱਚ 10 ਰਾਜ ਪੱਧਰ ਦੀਆਂ ਯੂਨੀਵਰਸਿਟੀਆਂ ਅਤੇ 48 ਸਰਕਾਰੀ ਕਾਲਜ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਇਹ ਬੜੇ ਦੁੱਖ ਦੀ ਗੱਲ ਹੈ ਕਿ ਬਰਨਾਲਾ ਵਿਖੇ ਕੋਈ ਵੀ ਸਰਕਾਰੀ ਕਾਲਜ ਨਹੀਂ ਹੈ।

ਮਾਨਯੋਗ ਸਪੀਕਰ ਸਾਹਿਬ, ਕੀ ਮੈਂ ਜਾਣ ਸਕਦਾ ਹਾਂ ਕਿ ਸਰਕਾਰੀ ਕਾਲਜ ਖੋਲ੍ਹਣ ਸਬੰਧੀ ਫੈਸਲਾ ਕਿਸ ਅਧਾਰ ਤੇ ਕੀਤਾ ਜਾਂਦਾ ਹੈ ਅਤੇ ਬਰਨਾਲਾ ਨਾਲ ਵਿਤਕਰਾ ਕਿਉਂ?

7. **Health Services** : ਭਾਸ਼ਨ ਦੇ ਪੈਰਾ ਨੰ: 897 ਦੇ ਸਬੰਧ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਬਰਨਾਲਾ ਵਿਖੇ ਕੋਈ ਵੀ Multi Speciality Hospital ਨਹੀਂ ਹੈ ਜਿਸ ਕਰਕੇ ਇੱਥੋਂ ਦੇ ਮਰੀਜ਼ਾਂ ਨੂੰ ਇਲਾਜ ਕਰਵਾਉਣ ਲਈ ਲੁਧਿਆਣਾ ਜਾਂ ਚੰਡੀਗੜ੍ਹ ਜਾਣਾ ਪੈਂਦਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਬਰਨਾਲਾ ਵਿਖੇ ਵੀ ਹੋਰ ਸ਼ਹਿਰਾਂ ਦੀ ਤਰ੍ਹਾਂ Mutli Speciality Hospital ਖੋਲ੍ਹਣ ਦੀ ਕੋਈ ਤਜਵੀਜ਼ ਹੈ?

Published under the authority of the Punjab Vidhan Sabha and printed by the Controller, Printing & Stationery, Punjab at Govt. Press, S.A.S. Nagar.

7682/05-2012/305/Punjab Govt. Press, S.A.S. Nagar

S. Harpreet Singh

PUNJAB VIDHAN SABHA

DEBATES

Vol. I – No. 6

OFFICIAL REPORT

CONTENTS

Wednesday, the 28th March, 2012

		Page
Matters raised during Zero Hour	..	(6) 1
Papers Laid on the Table of the House	..	(6) 11
Motion under Rule 16	..	(6) 12
Financial Business	..	(6) 12
(i) Presentation of Supplementary Demands for Grants for Expenditure of the Government of Punjab for the year 2011-2012	..	(6) 12
(ii) Supplementary Demands for Grants for Expenditure of the Government of Punjab for the year 2011-2012	..	(6) 13
(1) Discussion on the Estimates of the Expenditure charged on the Revenue of the State.	..	(6) 13
(2) Discussion and Voting on the Demands for Supplementary Grants.	..	(6) 13
(iii) The Punjab Appropriation Bill, 2012	..	(6) 24

Punjab Vidhan Sabha Secretariat, Chandigarh.

Price : Rs.________.

(iv) Presentation of Vote-on-Account for Expenditure of the Government of Punjab 2012-2013 .. (6) 29

(v) Motion Regarding Vote-on-Account for Three Months .. (6) 56

(vi) The Punjab Appropriation (Vote-on-Account) Bill, 2012 .. (6) 59

Legislative Business:

1. The Punjab Panchayati Raj (Amendment) Bill, 2012 .. (6) 61

PUNJAB VIDHAN SABHA

Wednesday, the 28th March, 2012

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Doctor Charnjit Singh Atwal) in the Chair.

ਮਾਨਯੋਗ ਸਪੀਕਰ : ਪਹਿਲੀ ਆਈਟਮ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

ਸ਼੍ਰੀ ਸੁਨੀਲ ਜਾਖੜ : ਸਰ, ਜ਼ੀਰੋ ਆਵਰ ਜੀ।

ਮਾਨਯੋਗ ਸਪੀਕਰ : ਚਲੋ, ਪਹਿਲਾਂ ਜ਼ੀਰੋ ਆਵਰ ਹੀ ਕਰ ਲਵੋ।

MATTERS RAISED DURING ZERO HOUR

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਕੱਲ੍ਹ ਮੁੱਖ ਮੰਤਰੀ ਸਾਹਿਬ ਨੇ ਬੜੇ ਸਪੱਸ਼ਟ ਲਫਜ਼ਾਂ ਵਿਚ ਆਖਿਆ ਸੀ ਕਿ ਵੈਨਡੈਟਾ ਪਾਲਿਟਿਕਸ ਨਹੀਂ ਹੋਵੇਗੀ। ਸਾਨੂੰ ਵੀ ਸੁਣਕੇ ਖੁਸ਼ੀ ਹੋਈ ਕਿ ਸ਼ਾਇਦ ਐਤਕੀਂ ਹਾਲਾਤ ਬਦਲੇ ਹੋਣਗੇ ਪਰ ਅਨਫਾਰਚੂਨੇਟਲੀ ਇਹ ਗਰਾਊਂਡ ਰਿਆਲਿਟੀ ਨਹੀਂ ਹੈ। ਮੇਰੇ ਹਲਕੇ ਦੇ ਵਿੱਚ ਇੱਕ ਡੋਗਰ ਪਿੰਡ ਹੈ ਜਿੱਥੇ ਸ਼ਰਾਬ ਦਾ ਰੇਡ ਹੋਇਆ।

ਮਾਨਯੋਗ ਸਪੀਕਰ : ਕਿੰਨੀ ਦੇਰ ਹੋਈ

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : 5-7 ਦਿਨ ਹੋ ਗਏ ਹਨ ਜੀ ਅਤੇ ਸ਼ਰਾਬ ਦੇ ਰੇਡ ਵਿੱਚ ਕਿਸੇ ਕੋਲੋਂ ਕੁਝ ਨਹੀ ਫੜਿਆ ਗਿਆ। ਮੁੜ ਕੇ ਥਾਣੇਦਾਰ ਨੂੰ ਹੁਕਮ ਹੋਇਆ ਕਿ ਕਾਂਗਰਸੀਆਂ ਤੇ ਪਰਚਾ ਦਰਜ ਕਰਨਾ ਸੀ, ਅੱਧੇ ਘੰਟੇ ਵਿੱਚ ਕਰਕੇ ਦੱਸ। ਐਕਸ ਸਰਪੰਚ ਅਤੇ ਚਹੁੰ ਹੋਰਾਂ ਤੇ ਵੀ ਪਰਚਾ ਦਰਜ ਕੀਤਾ ਅਤੇ ਇੱਕ ਪੱਪੂ ਨਾਮ ਦੇ ਬੰਦੇ ਤੇ ਵੀ ਪਰਚਾ ਦਰਜ ਕੀਤਾ ਜਿਸ ਨੂੰ ਮਰੇ 5 ਸਾਲ ਹੋ ਗਏ ਹਨ। ਇਹ ਹਾਲਾਤ ਹਨ ਕਿ ਮਰੇ ਬੰਦੇ ਤੇ ਸ਼ਰਾਬ ਦਾ ਕੇਸ ਪਾ ਦਿੱਤਾ।

(ਇੱਕ ਅਵਾਜ਼-ਉਸ ਦੀ ਆਤਮਾ ਆ ਗਈ ਹੋਵੇਗੀ)

ਆਤਮਾ ਆ ਗਈ ਹੋਵੇਗੀ, ਠੀਕ ਹੈ, ਤੁਸੀਂ ਦੇਖੀ ਹੋਵੇਗੀ (ਹਾਸਾ), ਸਪੀਕਰ ਸਾਹਿਬ, ਥੋੜ੍ਹਾ ਜਿਹਾ.......

ਮਾਨਯੋਗ ਸਪੀਕਰ : ਇਹ ਪਬਲਿਕ ਅਰਜੈਂਸੀ ਦਾ ਮਾਮਲਾ ਨਹੀਂ ਹੈ, ਇੰਡਵਿਜੂਅਲ ਹੈ, ਕੋਈ ਐਸੀ ਗੱਲ ਨਹੀਂ (ਵਿਘਨ)

ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ : ਮਜੀਠਾ ਸਾਹਿਬ ਗੱਲ ਇਹ ਹੈ.....

ਮਾਨਯੋਗ ਸਪੀਕਰ : ਤੁਸੀਂ ਬੈਠੋ, ਲੀਡਰ ਆਫ ਦਿ ਆਪੋਜੀਸ਼ਨ ਖੜ੍ਹੇ ਹਨ। ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇੰਡਵਿਜੂਅਲ ਹੁੰਦਾ ਤਾਂ ਮੈਂ ਤੁਹਾਨੂੰ ਤਕਲੀਫ ਨਾ ਦਿੰਦਾ ਸਾਡੇ ਹਰੇਕ ਕੁਲੀਗ ਕੋਲ ਇਸ ਤਰ੍ਹਾਂ ਦੇ ਮਸਲੇ ਹਨ। ਜਿਸ ਤਰ੍ਹਾਂ ਬਾਦਲ ਸਾਹਿਬ ਨੂੰ ਕੱਲ੍ਹ

[ਸ਼੍ਰੀ ਸੁਨੀਲ ਜਾਖੜ]

ਲਿਸਟ ਦਿੱਤੀ ਹੈ, ਇਹ ਵੱਧਦੀ ਜਾ ਰਹੀ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਬਾਦਲ ਸਾਹਿਬ ਜਾਂ ਬਾਦਲ ਸਾਹਿਬ ਦੀ ਸਰਕਾਰ ਇਸ ਮਸਲੇ ਤੇ ਸੀਰੀਅਸ ਨਹੀਂ ਹੈ ਅਤੇ ਲਿਪਾ-ਪੋਤੀ ਦਾ ਕੰਮ ਕੀਤਾ ਜਾ ਰਿਹਾ ਹੈ। ਮਰੇ ਹੋਏ ਬੰਦਿਆਂ ਤੇ ਪਰਚੇ ਦਰਜ ਹੋ ਰਹੇ ਹਨ।

ਮਾਨਯੋਗ ਸਪੀਕਰ : ਮੇਰੇ ਕਹਿਣ ਦਾ ਮਤਲਬ ਹੈ ਕਿ ਉਨ੍ਹਾਂ ਨੇ ਕੱਲ੍ਹ ਐਸਿਓਰੈਂਸ ਦਿੱਤੀ ਹੈ ਅਤੇ ਅਜੇ ਤਾਂ ਆਪਾਂ ਨੇ ਉਨ੍ਹਾਂ ਨੂੰ ਟਾਈਮ ਹੀ ਨਹੀਂ ਦਿੱਤਾ ਕਿ ਉਸ ਤੇ ਕੰਮ ਕਰਨ। ਇਸ ਲਈ ਜੇਕਰ ਆਪਣੀ ਕੋਈ ਇਹੋ ਜਿਹੀ ਪ੍ਰਾਬਲਮ ਹੈ ਅਤੇ ਆਪਣਾ ਮਸਲਾ ਹੱਲ ਨਾ ਹੋਇਆ ਤਾਂ ਅਗਲੇ ਸੈਸ਼ਨ ਵਿੱਚ ਲੈ ਆਉਣਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸੈਸ਼ਨ ਤਾਂ 2 ਮਹੀਨੇ ਤੱਕ ਆਉਣਾ ਹੈ, ਉਦੋਂ ਤੱਕ ਇਨ੍ਹਾਂ ਨੇ ਬੰਦਿਆ ਦਾ ਵਾਹਣ ਕਰ ਦੇਣਾ ਹੈ। ਚਲੋ, ਹਾਊਸ ਦੇ ਨੋਟਿਸ ਦੇ ਵਿੱਚ ਇਹ ਲਿਆਉਣਾ ਸਾਡਾ ਫਰਜ਼ ਹੈ ਕਿ ਮਰੇ ਹੋਏ ਬੰਦਿਆਂ ਤੇ ਪਰਚੇ ਦਰਜ ਹੋ ਰਹੇ ਹਨ।

ਮਾਨਯੋਗ ਸਪੀਕਰ : ਕੱਲ੍ਹ ਉਨ੍ਹਾਂ ਨੇ ਆਪਾਂ ਨੂੰ ਐਸ਼ਿਊਰੈਂਸ ਦਿਵਾਈ ਹੈ, ਇਮੀਜ਼ੀਏਟ ਤਾ ਇਫੈਕਟ ਹੋ ਨਹੀਂ ਸਕਦਾ, ਆਖਰ ਆਪਾਂ ਨੂੰ ਉਨ੍ਹਾਂ ਨੂੰ ਟਾਈਮ ਤਾਂ ਦੇਣਾ ਹੀ ਪੈਣਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮਰੇ ਹੋਏ ਬੰਦਿਆਂ ਤੇ ਪਰਚਾ ਪਾਉਣਾ ਤਾਂ ਬਹੁਤ ਮਾੜੀ ਗੱਲ ਹੈ, it is not a laughing matter.ਇਸ ਤੇ ਹੱਸਕੇ ਆਪਾਂ ਇਸ ਨੂੰ ਟਾਲ ਦੇਈਏ ਤਾਂ ਇਹ ਬੜਾ ਸੀਰੀਅਸ ਮਸਲਾ ਹੈ। ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਹੈ ਕਿ ਜਿਹੜੇ ਇਸ ਕਿਸਮ ਤੇ ਹੋਰ ਮਸਲੇ ਆਏ ਹਨ, we will like to add on those to this list. ਤੁਹਾਡੇ ਥਰੂ ਅਸੀਂ ਸਰਕਾਰ ਨੂੰ ਭੇਜ ਦਿੰਦੇ ਹਾਂ ਅਤੇ ਇਸ ਦੇ ਵਿੱਚ ਐਡ ਕਰਵਾ ਦੇਣਾ।

ਮਾਨਯੋਗ ਸਪੀਕਰ : ਤੁਹਾਡੇ ਲੀਡਰ ਨਾਲ ਗੱਲ ਹੋ ਗਈ ਹੈ ਕਿ ਜਿਹੜਾ ਕਿਸੇ ਦਾ ਕੋਈ ਮਸਲਾ ਹੈ ਉਹ ਉਸ ਲਿਸਟ ਵਿੱਚ ਐਡ ਕਰ ਦੇਣਾ ਹੈ। ਬਾਦਲ ਸਾਹਿਬ ਉਸ ਤੇ ਐਕਸ਼ਨ ਕਰਵਾ ਦੇਣਗੇ। ਹਾਂ ਜੀ, ਮੋਫਰ ਸਾਹਿਬ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਸਦਨ ਦੇ ਧਿਆਨ ਵਿਚ ਇੱਕ ਮਸਲਾ ਲਿਆਉਣਾ ਚਾਹੁੰਦਾ ਹਾਂ। ਇਹ ਫੂਡ ਐਂਡ ਸਪਲਾਈ ਵਿਭਾਗ ਦੇ ਨਾਲ ਸੰਬਧਤ ਹੈ ਲੇਬਰ ਯੂਨੀਅਨਾਂ ਦੁਆਰਾ ਬੜੇ ਧਰਨੇ ਹੋ ਰਹੇ ਹਨ, ਮੁਜ਼ਾਹਰੇ ਹੋ ਰਹੇ ਹਨ। ਉਹ ਗਰੀਬ ਲੇਬਰਰ ਵਿਚਾਰੇ ਲੋਡਿੰਗ-ਅਨਲੋਡਿੰਗ ਕਰਕੇ ਆਪਣੀ ਰੋਜੀ-ਰੋਟੀ ਕਮਾਉਂਦੇ ਹਨ। ਮਿਤੀ 17.2.2012 ਨੂੰ, ਫੂਡ ਐਂਡ ਸਪਲਾਈ ਵਿਭਾਗ ਵਲੋਂ ਟੈਂਡਰ ਕੱਢਣ ਵਾਸਤੇ ਨੋਟਿਸ ਆਇਆ, ਡਿਪਟੀ ਡਾਇਰੈਕਟਰ ਦੇ ਥਰੂ 3-3 ਲੱਖ ਰੁਪਏ ਦੇ ਚੈਕ ਮਿਤੀ 26.2.2012 ਨੂੰ ਲਏ ਅਤੇ ਉਸ ਤੋਂ ਬਾਅਦ ਉਹ ਵਿਚਾਰੇ ਉਡੀਕ ਰਹੇ ਸਨ ਕਿ ਸਾਡੇ ਟੈਂਡਰ ਨਿਕਲਣਗੇ ਪਰ ਇਨ੍ਹਾਂ ਨੇ ਨਵੀਂ ਪਾਲਿਸੀ ਫਲੋਟ ਕਰ ਦਿੱਤੀ। New tenders were called on 7th of March. 3 ਲੱਖ ਦੇ ਦੁਬਾਰਾ ਡਰਾਫਟ ਕਾਲ ਕਰ ਲਏ। ਮੈਂ ਇਹੀ ਬੇਨਤੀ ਕਰਾਂਗਾ ਕਿ ਗਰੀਬਾਂ ਨਾਲ ਮਜ਼ਾਕ ਨਾ ਕੀਤਾ ਜਾਵੇ। ਠੇਕੇਦਾਰ ਨੇ ਤਾਂ ਕਮਾਈ ਕਰ ਹੀ ਲੈਣੀ ਹੈ।, ਉਸਨੇ ਖੱਬਿਓਂ ਜਾਂ ਸੱਜਿਉਂ ਪ੍ਰਬੰਧ ਕਰ ਹੀ ਲੈਣੇ ਹਨ ਪਰ ਤੁਸੀਂ ਗਰੀਬਾਂ ਦਾ ਜ਼ਰੂਰ ਖਿਆਲ ਰੱਖੋ। ਤੁਸੀਂ ਗਰੀਬਾਂ ਦੇ ਬੜੇ ਹਮਦਰਦ ਬਣਦੇ ਹੋ ਕਿਉਂਕਿ ਉਹ ਤੁਹਾਨੂੰ ਵੋਟਾਂ ਪਾਉਂਦੇ ਹਨ ਅਤੇ ਕੱਲ੍ਹ ਹੀ ਇੱਕ ਹੋਰ ਟੈਂਡਰ ਕੱਢ ਦਿੱਤਾ। ਸਪੀਕਰ ਸਾਹਿਬ, ਇਕ ਕੇਸ ਹੋਰ ਹੈ, ਕੱਲ੍ਹ

ਇੱਕ ਕੇਸ ਮੇਰੇ ਹਲਕੇ ਵਿੱਚ ਹੋਇਆ। ਇੱਕ ਕ੍ਰਿਮੀਨਲ ਬੰਦਾ ਹੈ ਜਿਸ ਨੇ ਪੁਲਿਸ ਦਾ ਇੱਕ ਇੰਸਪੈਕਟਰ ਕੁੱਟਿਆ।

ਮਾਨਯੋਗ ਸਪੀਕਰ : ਨਹੀਂ ਜੀ, ਜ਼ੀਰੋ ਆਵਰ ਵਿੱਚ ਇਕ ਹੀ ਮੈਟਰ ਮਿਲਣਾ ਹੈ। ਪਹਿਲਾ ਕੇਸ ਤੁਹਾਡਾ ਨੋਟਿਸ ਵਿੱਚ ਆ ਗਿਆ ਹੈ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਇੱਕ ਬਹੁਤ ਹੀ ਅਹਿਮ ਮਸਲਾ ਹੈ। 15-20 ਦਿਨ ਹੋ ਗਏ ਹਨ। ਜਿਹੜੇ ਸੁਨਿਆਰੇ ਹਨ, ਉਹ ਪੂਰੇ ਹਿੰਦੁਸਤਾਨ ਵਿੱਚ ਸਟਰਾਈਕ ਉਤੇ ਹਨ। ਜਿਹੜੀ ਐਕਸਾਈਜ਼ ਡਿਊਟੀ ਲਗਾਈ ਗਈ ਹੈ, ਉਸ ਨਾਲ ਲਗਭਗ ਦੋ ਕਰੋੜ ਲੋਕ ਪ੍ਰਭਾਵਿਤ ਹੋਏ ਹਨ। ਇਸੇ ਤਰ੍ਹਾਂ ਕਲਚਰ ਐਂਡ ਕਰਾਫਟਸਮੈਨਜ਼ ਦਾ ਵੀ ਮਸਲਾ ਹੈ। ਸੋ, ਇਸ ਲਈ ਮੈਂ ਤੁਹਾਡੇ ਅਤੇ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਲੀਡਰ ਆਫ ਦਿ ਹਾਊਸ ਅੱਜ ਭਾਵੇਂ ਨਹੀਂ ਹਨ ਪਰ ਉਹ ਕੇਂਦਰ ਸਰਕਾਰ ਨਾਲ ਇਹ ਮਾਮਲਾ ਟੇਕ ਅੱਪ ਕਰਨ ਕਿ ਜਿਹੜੀ ਐਕਸਾਈਜ਼ ਡਿਊਟੀ ਲਗਾਈ ਹੈ, ਉਸ ਨੂੰ ਵਿਦਡਰਾਅ ਕੀਤਾ ਜਾਵੇ ਕਿਉਂਕਿ ਇਸ ਨਾਲ ਕਈ ਪਰਿਵਾਰ ਅਫੈਕਟਿਡ ਹੋਏ ਹਨ।

ਮਾਨਯੋਗ ਸਪੀਕਰ : ਹਾਂ ਜੀ, ਚੰਨੀ ਜੀ।

ਸਰਦਾਰ ਚਰਨਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ ਸ਼੍ਰੀ ਸੁਨੀਲ ਜਾਖੜ ਆਪਣੀ ਸੀਟ ਤੇ ਖੜ੍ਹੇ ਸਨ।)

ਮਾਨਯੋਗ ਸਪੀਕਰ : ਜਾਖੜ ਸਾਹਿਬ, ਸੌਰੀ, ਮੈਂ ਪਹਿਲਾਂ ਤੁਹਾਨੂੰ ਦੇਖਿਆ ਨਹੀਂ ਸੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਪੰਜਾਬ ਦੇ ਹਾਲਾਤ ਜਿਸ ਪਾਸੇ ਜਾ ਰਹੇ ਹਨ, ਜਿਸ ਤਰ੍ਹਾਂ ਦੇ ਹਾਲਾਤ ਹਨ ਤੇ ਸਰਕਾਰ ਉਨ੍ਹਾਂ ਤੇ ਕੰਟਰੋਲ ਨਹੀਂ ਕਰ ਪਾ ਰਹੀ, ਇਹ ਇੱਕ ਵੱਖਰਾ ਇਸ਼ੂ ਹੈ। ਲੇਕਿਨ ਅੱਜ ਪੰਜਾਬ ਦੇ ਵਿੱਚ ਲੁਟੇਰੇ ਐਕਟਿਵ ਹੋ ਗਏ ਹਨ। ਮੇਰੇ ਹਲਕੇ ਵਿੱਚ ਬਾਬਾ ਸੋਢਲ ਪਿੰਡ ਪੈਂਦਾ ਹੈ। ਇਹ ਪਿੰਡ ਕੁਰਾਲੀ ਦੇ ਨੇੜੇ ਹੈ।

ਮਾਨਯੋਗ ਸਪੀਕਰ : ਇਹ ਕਦੋਂ ਦੀ ਗੱਲ ਹੈ

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਇਹ ਤਿੰਨ ਦਿਨ ਪਹਿਲਾਂ ਦੀ ਗੱਲ ਹੈ, ਕੋਈ ਪੁਰਾਣੀ ਗੱਲ ਨਹੀਂ ਹੈ। ਮੈਂ ਲੇਟੈਸਟ ਗੱਲ ਜੋ ਜ਼ੀਰੋ ਆਵਰ ਵਿੱਚ ਰੱਖੀ ਜਾ ਸਕਦੀ ਹੈ, ਉਸ ਬਾਰੇ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਬੇਨਤੀ ਹੈ ਕਿ ਲੁਟੇਰੇ ਜਦੋਂ ਮੇਰੇ ਹਲਕੇ ਵਿੱਚ ਪਹੁੰਚੇ ਤੇ ਇਹ ਉਨ੍ਹਾਂ ਦੀ ਛੇਵੀਂ ਵਾਰਦਾਤ ਸੀ। ਛੇ ਵਾਰਦਾਤਾਂ ਪਿੱਛੇ ਕਰਕੇ ਆਏ ਸੀ। ਬੰਦੇ ਤੋਂ ਪੈਸੇ ਮੰਗੇ ਤੇ ਜਦੋਂ ਉਸ ਨੇ ਜਵਾਬ ਦਿੱਤਾ ਤਾਂ ਉਨ੍ਹਾਂ ਨੇ ਉਹ ਬੰਦਾ ਮਾਰ ਦਿੱਤਾ। ਕਤਲ ਹੋਇਆ। ਇਸ ਤਰ੍ਹਾਂ ਦੀ ਇੱਕ ਵਾਰਦਾਤ ਨਹੀਂ, ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਬਹੁਤ ਵਾਰਦਾਤਾਂ ਹੋ ਚੁੱਕੀਆਂ ਹਨ। ਮੈਂ ਆਪ ਜੀ ਦੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਹਾਲਤਾਂ ਨੇ ਪਹਿਲਾਂ ਵੀ ਪੰਜਾਬ ਨੂੰ ਬਹੁਤ ਖਰਾਬ ਕੀਤਾ ਹੈ ਤੇ ਨੁਕਸਾਨ ਹੋਇਆ ਹੈ। ਅੱਜ ਉਸੇ ਤਰੀਕੇ ਨਾਲ ਸ਼੍ਰੋਮਣੀ

[ਸਰਦਾਰ ਚਰਨਜੀਤ ਸਿੰਘ ਚੰਨੀ]

ਅਕਾਲੀ ਦਲ ਦੇ ਮੈਂਬਰ ਵੀ, ਲੀਡਰ ਵੀ ਗੁਰਦੁਆਰਿਆਂ ਵਿੱਚ ਮੀਟਿੰਗਾਂ ਕਰਕੇ ਪੰਜਾਬ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਲੁਟੇਰਿਆਂ ਦਾ ਜੋ ਕੰਮ ਹੈ (ਵਿਘਨ) (ਸ਼ੋਰ), ਉਨ੍ਹਾਂ ਨੂੰ ਬੰਦ ਕਰਕੇ ਪੰਜਾਬ ਸਰਕਾਰ ਆਪਣੀ ਲਾਅ ਐਂਡ ਆਰਡਰ ਦੀ ਜ਼ੁੰਮੇਵਾਰੀ ਨੂੰ ਸਮਝੇ। ਪੰਜਾਬ ਦੇ ਲੋਕਾਂ ਨੂੰ ਜੋ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ, ਉਸ ਨੂੰ ਰੁਕਵਾਇਆ ਜਾਵੇ।

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਦੇ ਇੱਕ ਸਕੂਲ ਵਿੱਚੋਂ ਸ਼ਾਮ ਚਾਰ ਵਜੇ ਇੱਕ ਨੌਜਵਾਨ ਲੜਕੇ ਨੂੰ ਚੁੱਕ ਕੇ ਲੈ ਗਏ। ਉਸ ਦਾ ਕੋਈ ਥਹੁ ਪਤਾ ਨਹੀਂ। ਉਥੇ ਮੁੰਡਿਆਂ ਦੀਆਂ ਟੋਲੀਆਂ ਆਉਂਦੀਆਂ ਹਨ, 100-100, 200-200, ਜ਼ਬਰਦਸਤੀ ਖੰਭਿਆਂ ਤੇ ਚੜ੍ਹ ਕੇ ਝੰਡੀਆਂ ਲਗਾਈਆਂ ਜਾ ਰਹੀਆਂ ਹਨ।

ਮਾਨਯੋਗ ਸਪੀਕਰ : ਜਿਹੜੇ ਇੰਡਵਿਜ਼ੂਅਲ ਕੇਸ ਹਨ, ਉਨ੍ਹਾਂ ਦੀ ਲਿਸਟ ਬਾਦਲ ਸਾਹਿਬ ਨੂੰ ਦੇ ਦਿਓ।

ਸਰਦਾਰ ਗੁਰਚਰਨ ਸਿੰਘ : ਪਿੰਡ ਰਾਜੋਆਣਾ ਮੇਰੇ ਹਲਕੇ ਵਿੱਚ ਪੈਂਦਾ ਹੈ। ਕੱਲ੍ਹ ਸ਼ਾਮ ਚਾਰ ਵਜੇ ਸਕੂਲ ਵਿੱਚੋਂ ਬੱਚੇ ਨੂੰ ਚੁੱਕ ਕੇ ਲੈ ਗਏ ਹਨ ਔਰ ਉਸ ਦਾ ਕੋਈ ਥਹੁ ਪਤਾ ਨਹੀਂ ਲੱਗਾ।

ਸਰਦਾਰ ਮਨਪ੍ਰੀਤ ਸਿੰਘ ਇਯਾਲੀ : ਉਹ ਬੱਚਾ ਬਰਾਮਦ ਕਰ ਲਿਆ ਗਿਆ ਹੈ।

ਮਾਨਯੋਗ ਸਪੀਕਰ : ਇਯਾਲੀ ਸਾਹਿਬ, ਤੁਸੀਂ ਬੈਠ ਜਾਓ। ਤੁਸੀਂ ਇਸ ਤਰ੍ਹਾਂ ਕਰੋ ਕਿ ਜਿਹੜਾ ਤੁਹਾਡੇ ਕੋਲ ਮੈਟਰ ਹੈ, ਕੋਈ ਐਸੀ ਰਿਪੋਰਟ ਹੈ, ਉਹ ਲਿਸਟ ਨਾਲ ਅਟੈਚ ਕਰ ਦਿਓ। ਜਦੋਂ ਪਹਿਲਾਂ ਗੱਲ ਤੈਅ ਹੋ ਗਈ ਕਿ ਜਿਹੜੇ ਲੇਟੈਸਟ ਕੇਸ ਹਨ, ਉਹ ਬਾਦਲ ਸਾਹਿਬ ਦੇ ਨੋਟਿਸ ਵਿਚ ਲਿਆ ਦਿਓ।

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਕੱਲ੍ਹ ਸ਼ਾਮ ਚਾਰ ਵਜੇ ਦੀ ਗੱਲ ਹੈ। ਸਕੂਲ ਵਿੱਚੋਂ ਚੁੱਕ ਕੇ ਲੈ ਕੇ ਗਏ। (ਵਿਘਨ) (ਸ਼ੋਰ) ਬਹੁਤ ਸੀਰੀਅਸ ਮਸਲਾ ਹੈ। (ਵਿਘਨ) ਦੂਸਰੀ ਗੱਲ,..........

ਮਾਨਯੋਗ ਸਪੀਕਰ : ਇੱਕ ਸਮੇਂ ਤੇ ਇੱਕੋ ਹੀ ਮਸਲਾ ਉਠਾ ਸਕਦੇ ਹੋ।

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਨਗਰ ਕੌਂਸਲ 42 ਲੋਕਾਂ ਦੀਆਂ ਦੁਕਾਨਾਂ ਢਾਹ ਰਹੀ ਹੈ, ਉਸ ਤੇ ਵੀ ਗੌਰ ਕੀਤਾ ਜਾਵੇ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਲੋਕਾਂ ਦਾ ਉਜਾੜਾ ਨਾ ਕੀਤਾ ਜਾਵੇ। ਉਨ੍ਹਾਂ ਨੂੰ ਵਸਾਇਆ ਜਾਵੇ।

ਸਰਦਾਰ ਹਰਦਿਆਲ ਸਿੰਘ ਕੰਬੋਜ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਦੋ ਦਿਨ ਪਹਿਲਾਂ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਹੈ। ਰਾਜਪੁਰਾ ਐਜੂਕੇਸ਼ਨ ਦਾ ਹੱਬ ਹੈ। ਅਸੀਂ ਦੇਖਦੇ ਹਾਂ ਕਿ ਹਰ ਕਾਲਜ ਵਿੱਚ, ਹਰ ਐਜੂਕੇਸ਼ਨਲ ਇੰਸਟੀਚਿਊਸ਼ਨ ਵਿੱਚ ਅਤੇ ਉਨ੍ਹਾਂ ਦੇ ਬਾਹਰ ਸਮੈਕ ਸ਼ਰੇਆਮ ਵਿਕ ਰਹੀ ਹੈ। ਜਿਹੜੇ ਵੇਚਣ ਵਾਲੇ ਹਨ ਦਸ ਪੁੜੀਆਂ ਨਾਲ ਇੱਕ-ਇੱਕ ਪੁੜੀ ਬੱਚੇ ਨੂੰ ਫਰੀ ਦਿੰਦੇ ਹਨ, ਉਨ੍ਹਾਂ ਨੂੰ ਐਨਕਰੇਜ ਕੀਤਾ ਜਾਂਦਾ ਹੈ ਕਿ ਤੁਸੀਂ ਇਹ ਵੇਚੋ। ਪਿਛਲੇ ਸਾਲ 28 ਬੱਚੇ ਸਮੈਕ ਪੀ ਕੇ ਮਰੇ ਹਨ ਪਰ

ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਸਮੈਕ ਦੇ ਜੋ ਵੱਡੇ ਸਰਗਨਾ ਹਨ, ਜਿਹੜੇ ਹੈਡ ਹਨ, ਮੈਨੂੰ ਹੁਣੇ ਪਤਾ ਲੱਗਾ ਹੈ ਕਿ ਕਿਸੇ ਸੀਨੀਅਰ ਅਫਸਰ ਨੇ ਉਨ੍ਹਾਂ ਨੂੰ ਇਨੋਵਾ ਗੱਡੀ ਦਿੱਤੀ ਹੈ।

ਮਾਨਯੋਗ ਸਪੀਕਰ : ਕੋਈ ਪਰੂਫ ਤੋਂ ਬਗੈਰ ਕਿਸੇ ਦਾ ਨਾਮ ਲੈ ਕੇ ਗੱਲ ਨਹੀਂ ਕਰਨੀ।

ਸਰਦਾਰ ਹਰਦਿਆਲ ਸਿੰਘ ਕੰਬੋਜ : ** **

ਮਾਨਯੋਗ ਸਪੀਕਰ : Not allowed.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ...

ਮਾਨਯੋਗ ਸਪੀਕਰ : ਹਾਂ ਜੀ, ਜਾਖੜ ਸਾਹਿਬ, ਤੁਸੀਂ ਦੱਸੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, 2-3 ਬਹੁਤ ਅਹਿਮ ਮਸਲੇ ਹਨ, ਜਿਹੜੇ ਪੰਜਾਬ ਨਾਲ ਸਬੰਧਤ ਭਖਦੇ ਮਸਲੇ ਹਨ। ਅੱਜ ਆਪਣਾ ਸਦਨ ਖਤਮ ਹੋ ਜਾਣਾ ਹੈ, ਉਸ ਤੋਂ ਪਹਿਲਾਂ ਕਿਸਾਨੀ ਨਾਲ ਸਬੰਧਤ ਬਹੁਤ ਜ਼ਰੂਰੀ ਮਸਲਾ ਹੈ। ਕਿਉਂਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਇਥੇ ਬੈਠੇ ਨਹੀਂ ਹਨ ਮੈਂ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਇਹ ਮਸਲਾ ਲੈ ਕੇ ਆਉਣਾ ਚਾਹਾਂਗਾ। ਸਾਡੇ ਸ਼ੈਡੋ ਐਗਰੀਕਲਚਰ ਮਨਿਸਟਰ ਵਲਟੋਹਾ ਸਾਹਿਬ ਵੀ ਬੈਠੇ ਹਨ, ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਪਤਾ ਹੈ। ਸਰ, ਪਿਛਲੀ ਵਾਰੀ ਪੰਜਾਬ ਦੇ ਅੰਦਰ ਬੀ.ਟੀ. ਬੀਜ ਵੇਚਿਆ ਗਿਆ। ਮੈਂ ਉਸ ਦਾ ਰੇਟ ਦੱਸ ਰਿਹਾ ਹਾਂ। ਪੰਜਾਬ ਦੇ ਵਿੱਚ ਬੀ.ਟੀ-II ਜਿਆਦਾ ਵਿਕਦਾ ਹੈ, ਆਪਣੇ ਇਥੇ ਪੰਜਾਬ ਸਰਕਾਰ ਨੇ ਇੱਕ ਪੈਕੇਟ ਦਾ 1000 ਰੁਪਿਆ ਰੇਟ ਨਿਰਧਾਰਿਤ ਕੀਤਾ। ਮੱਧ ਪ੍ਰਦੇਸ਼, ਮਹਾਂਰਾਸ਼ਟਰਾ, ਆਂਧਰਾ ਪ੍ਰਦੇਸ਼, ਗੁਜਰਾਤ ਅਤੇ ਕਰਨਾਟਕਾ ਵਿੱਚ ਉਹੀ ਬੀਜ 930 ਰੁਪਏ ਵਿਕੀ ਜਾਂਦਾ ਸੀ। ਇੱਕ ਪੈਕੇਟ ਪਿਛੇ 70 ਰੁਪਏ ਦਾ ਤਾਂ ਆਫੀਸ਼ੀਅਲ ਫਰਕ ਸੀ। ਜਿਹੜੇ ਇਥੇ ਸਾਰੇ ਜਿਮੀਂਦਾਰ ਸਾਥੀ ਬੈਠੇ ਹਨ, ਉਨ੍ਹਾਂ ਸਭ ਨੂੰ ਪਤਾ ਹੈ ਕਿ 1200 ਰੁਪਏ ਤੋਂ ਘੱਟ ਇਥੇ ਕਿਸੇ ਨੂੰ ਮਿਲਿਆ ਨਹੀਂ। ਤਕਰੀਬਨ 19 ਲੱਖ ਪੈਕੇਟ ਤੋਂ ਲੈ ਕੇ 28 ਲੱਖ ਪੈਕੇਟ ਦਾ ਟੀਚਾ ਡਿਪਾਰਟਮੈਂਟ ਨੇ ਐਸਟੀਮੇਟ ਬਣਾ ਕੇ ਉਪਲਬਧ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। 20 ਕਰੋੜ ਰੁਪਏ ਦਾ ਐਡੀਸ਼ਨਲ ਬਰਡਨ ਪਿਛਲੀ ਵਾਰੀ ਕਿਸਾਨ ਤੇ ਪਾ ਦਿੱਤਾ। ਚਲੋ ਜੀ, ਉਹ ਮਸਲਾ ਇਥੇ ਬਹੁਤ ਚੁੱਕਿਆ ਗਿਆ ਪਰ ਗੱਲ ਰਹਿ ਗਈ। ਹੁਣ ਫਿਰ, ਸਪੀਕਰ ਸਾਹਿਬ, ਮੈਂ ਹਾਊਸ ਦਾ ਕੀਮਤੀ ਸਮਾਂ ਇਸ ਕਰਕੇ ਲਿਆ ਹੈ ਕਿਉਂਕਿ ਜਦੋਂ ਆਪਾਂ ਫਿਰ ਜੁਲਾਈ ਦੇ ਸੈਸ਼ਨ ਵਿੱਚ ਮਿਲਣਾ ਹੈ, ਉਦੋਂ ਤੱਕ ਤਾਂ ਬਿਜਾਈ ਹੋ ਜਾਣੀ ਹੈ। ਹੁਣ ਕੀ ਕੀਤਾ ਹੈ, ਮੰਤਰੀ ਸਾਹਿਬ ਦੇ ਨੋਟਿਸ ਵਿੱਚ ਲੈ ਕੇ ਆਏ ਹਨ ਜਾਂ ਡਿਪਾਰਟਮੈਂਟ ਨੇ ਆਪਣੇ ਤੌਰ ਤੇ ਕਰ ਦਿੱਤਾ ਹੈ। ਇਸ ਬਾਰੇ ਕੋਈ ਪਤਾ ਨਹੀਂ। ਇਨ੍ਹਾਂ ਨੇ ਵੀ ਬੀ.ਟੀ. ਵੰਨ ਦਾ ਰੇਟ ਰੱਖਿਆ ਹੈ 875/- ਰੁਪਏ ਅਤੇ ਬੀ.ਟੀ. ਟੂ ਦਾ ਰੇਟ 1050/- ਰੁਪਏ ਰੱਖਿਆ ਹੈ। ਇਸ ਨੂੰ ਮਹਾਂਰਾਸ਼ਟਰਾ, ਕਰਨਾਟਕਾ ਅਤੇ ਗੁਜਰਾਤ ਦੇ ਨਾਲ ਫਿਰ ਕੰਪੇਅਰ ਕਰੋ। ਮਹਾਂਰਾਸ਼ਟਰਾ, ਗੁਜਰਾਤ ਅਤੇ ਕਰਨਾਟਕਾ ਵਿੱਚ ਬੀ.ਟੀ.ਟੂ ਦਾ ਰੇਟ 930 ਰੁਪਏ ਹੈ ਤਕਰੀਬਨ 120/- ਰੁਪਏ ਪੈਕੇਟ ਪਿੱਛੇ ਜਿਆਦਾ ਹੈ। ਹਰਿਆਣੇ ਵਿੱਚ ਵੀ ਘੱਟ ਰੇਟ ਤੇ ਵਿਕੀ ਜਾਂਦਾ ਹੈ, ਉਥੇ 1000/- ਰੁਪਏ ਨੂੰ ਵਿਕੀ ਜਾਂਦਾ ਹੈ। ਤਕਰੀਬਨ 26 ਕਰੋੜ ਰੁਪਏ ਦਾ ਐਡੀਸ਼ਨਲ ਬਰਡਨ ਕਿਸਾਨ ਦੇ ਉਤੇ ਪਾਇਆ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਭਖਦਾ ਮਸਲਾ ਹੈ, ਇਸ ਤੇ ਤੁਰੰਤ ਐਕਸ਼ਨ ਲੈਣ, ਇਸ ਸਬੰਧੀ

** Not recorded as ordered by the Chair.

[ਸ੍ਰੀ ਸੁਨੀਲ ਜਾਖੜ]

ਇਥੇ ਫਲੋਰ ਦੇ ਉਤੇ ਆਸ਼ਵਾਸਨ ਦੇਣ। ਮੰਤਰੀ ਸਾਹਿਬ ਅੱਜ ਹੈ ਨਹੀਂ, ਪਤਾ ਨਹੀਂ ਹਾਊਸ ਨੂੰ ਕਿਸ ਦੇ ਹਵਾਲੇ ਛੱਡ ਕੇ ਗਏ ਹਨ? ਕੀ ਬਾਇ ਹਿਰਾਰਕੀ ਆਡਰ ਆਉਣਾ ਹੈ ਜਾਂ ਇਥੇ ਚੂੰਨੀ ਲਾਲ ਜੀ ਹਨ, In his absence, who is running this House? ਇਸ ਬਾਰੇ ਆਸ਼ਵਾਸਨ ਕੌਣ ਦੇਵੇਗਾ?

ਸਰਦਾਰ ਬਿਕਰਮ ਸਿੰਘ ਮਜੀਠੀਆ (ਬੈਠੇ-ਬੈਠੇ) : ਤੁਹਾਡਾ ਸਤਿਕਾਰ ਹੈ।

Shri Sunil Jakhar : We want to see you here Speaker Sahib, this is not laughing matter. I am sorry, we are trying to divert from this issue. This is a very serious issue and we would like an assurance through you from the Government that this discrepancy will be tackled immediately. ਕਿਸਾਨ ਦੇ ਉੱਤੇ ਆਹ ਬੋਝ ਨਾ ਪਾਓ। ਜਦੋਂ ਇਹ ਹੋ ਜਾਂਦਾ ਹੈ ਤਾਂ we all become very intelligent afterwards. ....(ਵਿਘਨ)........... ਇੱਕ ਮਿੰਟ ਮੈਂ ਇਹ ਖਤਮ ਕਰ ਲਵਾਂ। ਪੰਜਾਬ ਦਾ ਮਸਲਾ ਹੈ, ਭਾਵੇਂ ਕਿੰਨਾ ਵੀ ਲੰਮਾ ਹੋ ਜਾਵੇ, ਆਪਾਂ ਵੀ ਘਰੇ ਜਾ ਕੇ ਕੀ ਕਰਨਾ ਹੈ? ਸਪੀਕਰ ਸਾਹਿਬ, ਐਸ਼ੋਰੈਂਸ ਚਾਹੀਦੀ ਹੈ ਕਿ ਕੀ ਨਕਲੀ ਬੀਜ ਦੇ ਉਤੇ ਰੋਕ ਲਗਾਈ ਜਾਵੇਗੀ? ਬਲੈਕ ਦੇ ਉੱਤੇ ਰੋਕ ਲਗਾਈ ਜਾਵੇਗੀ, ਬਲੈਕ ਨਹੀਂ ਹੋਵੇਗੀ। May be our Honble Minister is not aware but I would like an assurance from him that he will look into the matter and take all necessary steps.

ਸੈਕਿੰਡ ਸਰ, ਜਿਹੜਾ ਮਸਲਾ ਕਾਲੀਆ ਜੀ ਨੇ ਉਠਾਇਆ ਹੈ। ਬਿਲਕੁਲ ਸਾਡੀ ਸਵਰਨਕਾਰ ਬਰਾਦਰੀ ਦੇ ਅੰਦਰ ਇਸ ਗੱਲ ਦਾ ਬੜਾ ਰੋਸ ਹੈ। ਉਨ੍ਹਾਂ ਤੇ ਬੋਝ ਪਿਆ ਹੈ। ਜਿਵੇਂ ਸਾਰੇ ਸਾਥੀਆਂ ਨੇ ਕਿਹਾ ਹੈ, ਇਹ ਮਸਲਾ ਸੈਂਟਰ ਗੌਰਮਿੰਟ ਦਾ ਹੈ। ਸੈਂਟਰ ਗੌਰਮਿੰਟ ਨੂੰ ਸਾਰੇ ਸਾਥੀ ਲਿਖਣ। ਅਸੀਂ ਵੀ ਉਸ ਦੇ ਵਿੱਚ ਮੱਦਦ ਕਰਾਂਗੇ। ਪੰਜਾਬ ਦਾ ਜਿਥੇ ਹੱਕ ਹੈ, ਉਸ ਦੇ ਨਾਲ ਅਸੀਂ ਖੜ੍ਹੇ ਹਾਂ। We will put up the case but ਜਿਹੜਾ ਕੰਮ ਇਥੇ ਹੋਣ ਵਾਲਾ ਹੈ, ਉਹ ਕਰਦੇ ਨਹੀਂ। They made a promise. 24 ਦਸੰਬਰ ਨੂੰ ਬੀ.ਜੇ.ਪੀ. ਦੀ ਰੈਲੀ ਸੀ। ਕਾਲੀਆ ਸਾਹਿਬ, ਤੁਹਾਡੇ ਜਲੰਧਰ ਵਿੱਚ ਸੀ। ਬਾਦਲ ਸਾਹਿਬ ਉਥੇ ਖੁਦ ਗਏ। 4.30 ਵਜੇ ਤੁਸੀਂ ਨੋਟੀਫਿਕੇਸ਼ਨ ਕਰ ਦਿੱਤਾ।

ਮਾਨਯੋਗ ਸਪੀਕਰ : ਮੇਰਾ ਖਿਆਲ ਹੈ ਕੱਲ੍ਹ ਬਹਿਸ ਹੋ ਗਈ ਹੈ।

ਸ੍ਰੀ ਸੁਨੀਲ ਜਾਖੜ : ਨਹੀਂ, ਸਾਹਿਬ। ਰੋਜ਼ ਦਾ ਬੋਝ ਪੈ ਰਿਹਾ ਹੈ ਪੈਟਰੋਲੀਅਮ ਪ੍ਰੋਡਕਟਸ ਦੇ ਉਪਰ ਜੋ ਆਕਟਰਾਏ ਇਨ੍ਹਾਂ ਨੇ ਖਤਮ ਕੀਤੀ ਸੀ, why are they not implementing it? (ਵਿਘਨ) This is not a Point of Order. I am on Zero Hour and I have a right. ਮਿੱਤਲ ਸਾਹਿਬ, ਤੁਸੀਂ ਕਹਿ ਦਿਉ ਕਿ ਜਿਹੜਾ ਮਸਲਾ ਮੈਂ ਉਠਾਇਆ ਹੈ, ਉਹ ਪੰਜਾਬ ਦੇ ਨਾਲ ਸਬੰਧਤ ਨਹੀਂ ਹੈ? (ਵਿਘਨ) ਜੇ ਇਹ ਪੰਜਾਬ ਦੇ ਨਾਲ ਸਬੰਧਤ ਨਾ ਹੋਵੇ ਤਾਂ ਮੈਂ ਬਹਿ ਜਾਂਦਾ ਹਾਂ। ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਦੇ ਉੱਤੇ ਹਰ ਰੋਜ਼ ਵਜ਼ਨ ਪੈ ਰਿਹਾ ਹੈ ਅਤੇ ਇਹ ਇੱਕ ਪਰਸੈਂਟ ਸੈਸ ਜਿਹੜਾ ਪੈਟਰੋਲ ਦੇ ਉੱਤੇ ਲਗਾਇਆ ਹੈ ਇਸ ਨਾਲ 80 ਪੈਸੇ ਘੱਟ ਹੁੰਦਾ ਹੈ ਤੇ ਡੀਜ਼ਲ ਦੇ ਉੱਤੇ ਜਿਹੜਾ ਸੈਸ ਲਗਾਇਆ ਹੈ ਉਹ ਇਨ੍ਹਾਂ ਨੇ ਪ੍ਰਾਮਿਸ ਕੀਤਾ ਕਿ ਅੱਜ ਤੋਂ ਬਾਅਦ ਇਲੈਕਸ਼ਨ ਕਮਿਸ਼ਨ ਨਾਲ ਜਾ ਕੇ ਝਗੜਾ ਵੀ ਕੀਤਾ ਕਿ ਪੰਜ ਵਜੇ ਤੁਹਾਡਾ ਕੋਡ ਆਫ ਕੰਡਕਟ ਲੱਗਿਆ ਹੈ ਅਤੇ ਅਸੀਂ ਨੋਟੀਫਿਕੇਸ਼ਨ ਸਾਢੇ ਚਾਰ ਵਜੇ ਕਰ ਦਿੱਤੀ ਸੀ। ਉਸ ਨੂੰ ਕਿਉਂ ਨਹੀਂ ਇੰਪਲੀਮੈਂਟ ਕਰਦੇ, ਕਿਉਂ ਉਧਰ

ਪ੍ਰਧਾਨ ਮੰਤਰੀ ਕੋਲ ਭੇਜਣ ਦੀ ਗੱਲ ਕਰਦੇ ਹੋ, ਕਿਉਂ ਲੋਕਾਂ ਨੂੰ ਲੋਲੀਪਾਪ ਦੇਣ ਦੀ ਗੱਲ ਕਰਦੇ ਹੋ। thirdly the most important issue. we cannot brush aside what our colleagues have said.

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ।

ਸ਼੍ਰੀ ਸੁਨੀਲ ਜਾਖੜ : ਨਹੀਂ ਸਰ, ਪੁਆਇੰਟ ਨਹੀਂ ਆਇਆ। ਇਹ ਲਾਅ ਐਂਡ ਆਰਡਰ ਦੀ ਗੱਲ ਹੈ ਅੱਜ ਦੇ ਦਿਨ ਪੰਜਾਬ ਦੇ ਵਿਚ ਅੱਗ ਲੱਗੀ ਪਈ ਹੈ ਤੇ ਅਸੀਂ ਆਪਣੀਆਂ ਅੱਖਾਂ ਦੇ ਉੱਤੇ ਪੱਟੀ ਬੰਨ੍ਹ ਕੇ ਬਹਿ ਜਾਈਏ। ਅਸੀਂ ਆਪਣੀਆਂ ਅੱਖਾਂ ਤੇ ਪੱਟੀ ਬੰਨ ਕੇ ਕਿਵੇਂ ਬਹਿ ਜਾਈਏ? ਆਹ ਐਨ.ਕੇ.ਸ਼ਰਮਾ ਜੀ ਦੀ ਫੋਟੋ ਲੱਗੀ ਹੈ, ਇਹ ਸਾਹਮਣੇ ਬੈਠੇ ਹਨ। ਸਪੀਕਰ ਸਾਹਿਬ, ਐਨ.ਕੇ.ਸ਼ਰਮਾ ਜੀ ਦੀ ਫੋਟੋ ਲੱਗੀ ਹੈ (ਅਖਬਾਰ ਵਿਖਾਉਂਦੇ ਹੋਏ) ਜਦੋਂ ਵਾੜ ਖੇਤ ਨੂੰ ਖਾਣ ਲੱਗੀ ਹੋਵੇ..........

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਅਸੀਂ ਇਸਨੂੰ ਅਲਾਓ ਨਹੀਂ ਕਰਦੇ।

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਕੋਈ ਜਵਾਬ ਦੇਣਾ ਚਾਹੁੰਦੇ ਹਨ। ਜੇ ਕੋਈ ਮਨਿਸਟਰ ਜਵਾਬ ਦੇਣਾ ਚਾਹੁੰਦਾ ਹੈ ਤਾਂ ਉਸ ਨੂੰ ਰੋਕਿਆ ਨਹੀਂ ਜਾ ਸਕਦਾ (ਵਿਘਨ)

(ਇਸ ਸਮੇਂ ਸਦਨ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਖੜ੍ਹੇ ਹੋ ਕੇ ਬਿਨ੍ਹਾਂ ਇਜਾਜ਼ਤ ਤੋਂ ਬੋਲ ਰਹੇ ਸਨ ਤੇ ਹਾਊਸ ਵਿਚ ਕਾਫੀ ਸ਼ੋਰ ਸੀ।)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਾਂ..........ਵਿਘਨ

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਗੱਲ ਹੈ। (ਵਿਘਨ)

ਮਾਨਯੋਗ ਸਪੀਕਰ : ਜਾਖੜ ਸਾਹਿਬ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜੇ ਕੋਈ ਮਨਿਸਟਰ ਜਵਾਬ ਦੇਣਾ ਚਾਹੁੰਦਾ ਹੈ ਜਾਂ ਕੋਈ ਗੱਲ ਕਹਿਣੀ ਚਾਹੁੰਦਾ ਹੈ ਤਾਂ we cannot refuse.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਸਾਡੀ ਗੱਲ ਸੁਣ ਤਾਂ ਲੈਣ। (ਵਿਘਨ)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਤੁਸੀਂ ਖੜ੍ਹੇ ਹੋ ਕੇ ਹਾਊਸ ਦੀ ਕਾਰਵਾਈ ਬੰਦ ਕਰਨਾ ਚਾਹੁੰਦੇ ਹੋ?.....ਵਿਘਨ

ਸ਼੍ਰੀ ਸੁਨੀਲ ਜਾਖੜ : ਕੀ ਇਹ ਲਾਅ ਐਂਡ ਆਰਡਰ ਤੇ ਜਵਾਬ ਦੇਣਾ ਚਾਹੁੰਦੇ ਹਨ, ਇਹ ਕਾਹਦੇ ਤੇ ਜਵਾਬ ਦੇ ਰਹੇ ਹਨ, ਉਹ ਦੱਸ ਦੇਣ। Is he going to explain why the MLA ਜਾ ਕੇ ਬੰਦ ਕਰਵਾਉਣ ਲਈ ਅਸੀਂ ਕਹਿ ਰਹੇ ਹਾਂ ਬਾਦਲ ਸਾਹਿਬ ਕਿ ਅਸੀਂ ਤੁਹਾਡੇ ਨਾਲ ਪੂਰਾ ਕੋਆਪਰੇਟ ਕਰਨ ਨੂੰ ਤਿਆਰ ਹਾਂ। ਪੰਜਾਬ ਦੇ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਅਸੀਂ ਪੂਰੀ

[ਸ਼੍ਰੀ ਸੁਨੀਲ ਜਾਖੜ]

ਤਰ੍ਹਾਂ ਕੋਆਪਰੇਟ ਨੂੰ ਤਿਆਰ ਹਾਂ (ਵਿਘਨ) ਇਹ ਇਨ੍ਹਾਂ ਦੀ ਫੋਟੋ ਆਈ ਹੈ.......... (ਅਖਬਾਰ ਲਹਿਰਾਉਂਦੇ ਹੋਏ।)

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ, ਨਹੀਂ ਜੀ, ਇਹ ਅਲਾਉ ਨਹੀਂ ਹੈ ਕਿ ਅਖਬਾਰ ਲਹਿਰਾਇਆ ਜਾਵੇ, ਅਖਬਾਰ ਲਹਿਰਾਉਣ ਦੀ ਕੋਈ ਆਗਿਆ ਨਹੀਂ ਹੈ। ਜਾਖੜ ਸਾਹਿਬ, ਇਹ ਗੱਲ ਨਹੀਂ ਹੈ, ਜਾਖੜ ਜੀ, ਤੁਹਾਡਾ ਪੁਆਇੰਟ ਆ ਗਿਆ ਹੈ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਹ ਕੋਈ ਤਰੀਕਾ ਨਹੀਂ ਹੈ। It is an abuse of the right of Zero Hour, total abuse. (ਵਿਘਨ) ਇਹ ਸੁਣਨ ਹੀ ਨਹੀਂ ਦਿੰਦੇ। ਮੇਰਾ ਖਿਆਲ ਹੈ ਕਿ ਅੱਜ ਅਖੀਰੀ ਦਿਨ ਹੈ ਤੇ ਕੁਝ ਕਰਨਾ ਕਰਾਉਣਾ ਲੱਗਦਾ ਹੈ।

(ਇਸ ਸਮੇਂ ਸਦਨ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਰੂਲਿੰਗ ਪਾਰਟੀ ਦੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨ੍ਹਾਂ ਇਜਾਜ਼ਤ ਤੋਂ ਬੋਲ ਰਹੇ ਸਨ ਤੇ ਹਾਊਸ ਵਿਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ : ਅਖਬਾਰ ਤੇ ਆਪਾਂ ਰਿਲਾਈ ਵੀ ਨਹੀਂ ਕਰ ਸਕਦੇ। ਅਖਬਾਰ ਨੂੰ ਆਪਾਂ ਕੋਟ ਕਰ ਸਕਦੇ ਹਾਂ, ਉਸ ਤੇ ਰਿਲਾਈ ਨਹੀਂ ਕਰ ਸਕਦੇ। ਲਾਅ ਐਂਡ ਆਰਡਰ ਦੇ ਬਾਰੇ ਬਾਦਲ ਸਾਹਿਬ ਨੇ ਕੱਲ੍ਹ ਕਹਿ ਦਿੱਤਾ ਹੈ, ਕੀ ਹੁਣ ਦੁਬਾਰਾ ਕਹਿਣ ਦੀ ਕੋਈ ਲੋੜ ਹੈ?

ਸ਼੍ਰੀ ਸੁਨੀਲ ਜਾਖੜ : ਹਾਂ ਜੀ, ਮੈਂ ਖੜ੍ਹਾ ਹਾਂ। (ਵਿਘਨ)

Mr. Speaker : Please sit down. sit down. ਜਾਖੜ ਸਾਹਿਬ, ਇੱਕ ਮਿੰਟ ਲਈ ਮਿੱਤਲ ਸਾਹਿਬ ਨੂੰ ਸੁਣ ਲੈਣ ਦਿਉ। (ਵਿਘਨ) ਆਪਾਂ ਨੂੰ ਉਨ੍ਹਾਂ ਨੂੰ ਸੁਣਨ ਨੂੰ ਕੋਈ ਇਤਰਾਜ਼ ਹੈ? ਤੁਸੀਂ ਉਨ੍ਹਾਂ ਨੂੰ ਸੁਣ ਤਾਂ ਲਵੋ, ਕਿ ਕੀ ਕਹਿੰਦੇ ਹਨ। ਜੋ ਕਾਲੀਆ ਸਾਹਿਬ ਨੇ ਕਿਹਾ ਹੈ, ਹੋ ਸਕਦਾ ਹੈ ਕਿ ਉਹ ਉਸ ਦਾ ਜਵਾਬ ਦੇ ਰਹੇ ਹੋਣ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਅਸੀਂ ਵਿਰੋਧੀ ਪਾਰਟੀ ਦੇ ਨੇਤਾਵਾਂ ਦਾ ਬੜਾ ਆਦਰ ਕਰਦੇ ਹਾਂ। ਅਸੀਂ ਵੀ ਉਧਰ ਬੈਠੇ ਰਹੇ ਹਾਂ, ਇਹ ਵੀ ਇਧਰ ਬੈਠੇ ਰਹੇ ਹਨ। ਇਹ ਕੋਈ ਬਹੁਤਾ ਜ਼ਿਆਦਾ ਫਰਕ ਨਹੀਂ ਹੈ, ਇਹ ਸਾਰੇ ਇਸ ਹਾਊਸ ਦੇ ਮੈਂਬਰ ਹਨ ਔਰ Speaker Sahib is in the Chair and we are members, ਇਕ ਫੈਮਿਲੀ ਹੈ। ਤੁਸੀਂ ਵੀ ਪੂਰਾ ਸਤਿਕਾਰ ਕਰਕੇ, ਜੋ ਜੀਰੋ ਆਵਰ ਦਾ ਪੀਰੀਅਡ ਹੈ, ਉਸ ਤੋਂ ਵੱਧ ਸਮਾਂ ਦੇ ਦਿੱਤਾ, ਅਸੀਂ ਤਾਂ ਵੀ ਕੋਈ ਇਤਰਾਜ਼ ਨਹੀਂ ਕੀਤਾ। (ਵਿਘਨ) ਕੋਈ ਨਹੀਂ ਤੁਹਾਨੂੰ ਬਾਅਦ ਵਿੱਚ ਸੁਣ ਲਵਾਂਗੇ। ਸਰ, ਮੈਂ ਇਹ ਕਹਿਣਾ ਚਾਹੁੰਦਾ ਹਾਂ.... (ਵਿਘਨ), ਅਸੀਂ ਤੁਹਾਡਾ ਰਾਈਟ ਨਹੀਂ ਖੋਹਦੇ। ਮੈਂ ਸਿਰਫ ਇੰਨੀ ਬੇਨਤੀ ਕਰਨੀ ਹੈ ਕਿ ਜ਼ੀਰੋ ਆਵਰ ਦੇ ਵਿਚ ਜਿਹੜੀ ਗੱਲ ਕਹਿਣੀ ਹੈ ਕਹਿਣ, ਸਾਨੂੰ ਉਸ ਦੀ ਕੋਈ ਤਕਲੀਫ ਨਹੀਂ। ਜ਼ੀਰੋ ਆਵਰ ਵਿੱਚ ਜਿਹੜੀ ਗੱਲ ਕਹਿਣੀ ਹੈ it should not be treated as a debate. ਇਹ ਆਪੋ-ਆਪਣਾ ਮਸਲਾ ਪੁਆਇੰਟ ਆਊਟ ਕਰਨ, ਸਰਕਾਰ ਨੋਟ ਕਰੇਗੀ। ਜਾਖੜ ਸਾਹਿਬ ਪੁਰਾਣੇ ਮੈਂਬਰ ਹਨ, ਅਸੀਂ ਲੀਡਰ ਆਫ਼ ਦਿ ਆਪੋਜ਼ੀਸ਼ਨ ਦੇ ਤੌਰ ਤੇ ਇਨ੍ਹਾਂ ਦਾ ਮਾਣ ਕਰਦੇ ਹਾਂ।

ਸਪੀਕਰ ਸਾਹਿਬ, ਅਗਲੀ ਗੱਲ ਮੈਂ ਇਹ ਕਹਿੰਦਾ ਹਾਂ ਕਿ ਤੁਸੀਂ ਇੱਕ ਮੈਂਬਰ ਨੂੰ ਇੱਕ ਸਵਾਲ ਅਲਾਓ ਕਰੋ।

ਮਾਨਯੋਗ ਸਪੀਕਰ : ਇੱਕ ਹੀ ਅਲਾਓ ਕੀਤਾ ਹੈ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ : ਇਹ 3-3, 4-4, ਸਵਾਲ ਕਰ ਰਹੇ ਹਨ।

ਮਾਨਯੋਗ ਸਪੀਕਰ : ਜਾਖੜ ਸਾਹਿਬ ਨੇ ਹੀ ਕੀਤੇ ਹਨ, ਹੋਰ ਕਿਸੇ ਨੇ ਨਹੀਂ ਕੀਤੇ।

SHRI SUNIL JAKHAR : Speaker Sahib, he has not answered any Question ਜਿਹੜਾ ਮੇਨ ਭਖਦਾ ਮੁੱਦਾ ਸੀ ਕਿ ਵਾੜ ਹੀ ਖੇਤ ਨੂੰ ਖਾ ਰਹੀ ਹੈ, ਰੈਡ ਅਲਰਟ ਲੱਗਿਆ ਹੋਵੇ ਅਤੇ ਧੱਕੇ ਨਾਲ ਘਰ-ਘਰ ਜਾ ਕੇ ਝੰਡੇ ਲਗਾਏ ਜਾ ਰਹੇ ਹਨ, ਖੁਲ੍ਹੇਆਮ ਗੱਡੀਆਂ ਵਿੱਚ ਲੋਕ ਫਿਰ ਰਹੇ ਹਨ। ਇਹ ਇਸ ਦਾ ਜਵਾਬ ਦੇਣ। ਬਾਦਲ ਸਾਹਿਬ ਤਾਂ ਬੈਠੇ ਨਹੀਂ ਹਨ, ਫਿਰ ਅਸੀਂ ਇਸ ਦਾ ਜਵਾਬ ਕਿਸ ਤੋਂ ਲਈਏ? Speaker Sahib, we are not honourable just by becoming Members of this House. I do not agree with Mittal Sahib. We become Honourable by our conduct. ਅੱਜ ਪੰਜਾਬ ਦੇ ਲੋਕ ਆਪਣੇ ਵੱਲ ਦੇਖ ਰਹੇ ਹਨ। ਲੋਕ ਤੁਹਾਡੇ ਵੱਲ ਵੀ ਦੇਖ ਰਹੇ ਹਨ ਕਿ ਬੀ.ਜੇ.ਪੀ. ਚੁੱਪ ਕਿਉਂ ਹੈ? ਬੀ.ਜੇ.ਪੀ. ਇਸ ਸਬੰਧੀ ਆਪਣਾ ਸਟੈਂਡ ਕਲੀਅਰ ਕਰੇ। ** ** This is a serious matter. There should be somebody responsible from the Government side to answer why this all is happening? (ਸ਼ੋਰ, ਵਿਘਨ)

ਮਾਨਯੋਗ ਸਪੀਕਰ : ਜੇ ਚੀਫ਼ ਮਨਿਸਟਰ ਸਾਹਿਬ ਹਾਜ਼ਰ ਨਹੀਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ...(ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) : ਸਪੀਕਰ ਸਾਹਿਬ, ਬੇਨਤੀ ਹੈ ਕਿ ਇੱਕ ਖ਼ਬਰ ਅਖ਼ਬਾਰ ਦੀ ਖ਼ਬਰ ਨੂੰ ਮੁੱਖ ਬਣਾ ਕੇ ਇਨ੍ਹਾਂ ਨੇ ਆਪਣੀ ਗੱਲ....

ਮਾਨਯੋਗ ਸਪੀਕਰ : ਮੈਂ ਅਲਾਓ ਨਹੀਂ ਕੀਤਾ ਜੀ, ਅਖਬਾਰ ਨੂੰ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ : ਸਪੀਕਰ ਸਾਹਿਬ, ਇਹ ਕਹਿ ਰਹੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਮੈਂਬਰ ਹਾਲਾਤ ਖਰਾਬ ਕਰ ਰਹੇ ਹਨ। ਇੱਕ ਆਨਰੇਬਲ ਮੈਂਬਰ ਦਾ ਲੋਕਾਂ ਵਿੱਚ ਵਿਚਰਨ ਦਾ ਫਰਜ਼ ਵੀ ਬਣਦਾ ਹੈ। ਜੇ ਕੋਈ ਤਣਾਓ ਵਾਲਾ ਮਾਹੌਲ ਬਣਿਆ ਹੈ ਤਾਂ ਉਹ ਸਾਡੇ ਕਰਕੇ ਨਹੀਂ ਬਣਿਆ। ਸਿਚੂਏਸ਼ਨ ਨੂੰ ਇਹ ਬਾਖੂਬੀ ਸਮਝਦੇ ਹਨ। ਐਮ.ਐਲ.ਏ. ਸਾਹਿਬ ਇੱਥੇ ਬੈਠੇ ਹਨ, ਜਿਨ੍ਹਾਂ ਨੇ ਮੈਨੂੰ ਦੱਸਿਆ ਹੈ ਕਿ ਲੋਕ ਬੰਦ ਦੀ ਗੱਲ ਕਰ ਰਹੇ ਸੀ ਅਤੇ ਮੈਂ ਜਾ ਕੇ ਉਨ੍ਹਾਂ ਨੂੰ ਇੰਨੀ ਬੇਨਤੀ ਕੀਤੀ ਕਿ ਮਾਹੌਲ ਨਾ ਖ਼ਰਾਬ ਹੋਵੇ। ਕੋਈ ਇਹੋ ਜਿਹਾ ਕਦਮ ਨਾ ਪੁੱਟੋ ਜਿਸ ਨਾਲ ਪੰਜਾਬ ਦੀ ਅਮਨ ਸ਼ਾਂਤੀ ਤੇ ਕੋਈ ਅਸਰ ਪਵੇ। ਕੀ ਇਹ ਐਮ.ਐਲ.ਏ. ਦਾ ਫਰਜ਼ ਨਹੀਂ ਬਣਦਾ? ਐਵੇਂ ਅਖ਼ਬਾਰ ਫੜ੍ਹ ਕੇ ਲਹਿਰਾਉਣਾ, ਮੈਂ ਇਨ੍ਹਾਂ ਦਾ ਸਤਿਕਾਰ ਕਰਦਾ ਹਾਂ ਕਿ ਜਾਖੜ ਸਾਹਿਬ ਇੰਨੇ

** Expunged as ordered by the Chair.

[ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ]

ਸਿਆਣੇ ਅਤੇ ਸੂਝਵਾਨ ਮੈਂਬਰ ਹਨ ਪਰ he should not fall in this trap. ਸਾਰੇ ਐਮ.ਐਲ.ਏ. ਬੈਠੇ ਹਨ, with due respect we all are worried about the situation. ਕਿਹੜਾ ਹੈ ਜਿਹੜਾ ਭੜਕਾਊ ਗੱਲ ਕਰ ਜਾਵੇ? ਮੈਂਬਰ ਸਾਹਿਬ ਨੇ ਇੱਥੇ ਇੱਕ ਗੱਲ ਕਰ ਦਿੱਤੀ। ਜਿਹੜੀਆਂ ਭੜਕਾਊ ਗੱਲਾਂ ਇੱਥੇ ਕੀਤੀਆਂ ਜਾ ਰਹੀਆਂ ਸਨ ਕੀ ਇਨ੍ਹਾਂ ਗੱਲਾਂ ਦਾ ਅੱਜ ਇੱਥੇ ਕੋਈ ਫਾਇਦਾ ਹੋਣਾ ਹੈ? ਮਾਹੌਲ ਖਰਾਬ ਕੌਣ ਕਰਦਾ ਹੈ, ਇਸ ਬਾਰੇ ਬੱਚਾ-ਬੱਚਾ ਜਾਣਦਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਮੁੱਦੇ ਨੂੰ ਸ਼ਾਂਤ ਰੱਖਣ ਦੀ ਲੋੜ ਹੈ। ਜਾਖੜ ਸਾਹਿਬ ਅਜਿਹੀ ਗੱਲ ਕਰਨ ਦਾ ਕੋਈ ਫਾਇਦਾ ਨਹੀਂ। ਕਈਆਂ ਹੋਰਾਂ ਤੋਂ ਅਸੀਂ ਇਹ ਆਸ ਨਹੀਂ ਰੱਖਦੇ ਜੋ ਅਸੀਂ ਤੁਹਾਡੇ ਤੋਂ ਰੱਖਦੇ ਹਾਂ। ਤੁਸੀਂ ਤਾਂ ਬਹੁਤ ਸਿਆਣੇ ਹੋ।

Shri Sunil Jakhar : I appreciate his concern. He has been very kind. ਪਰ ਇਹ ਜਿਹੜੀ ਗੱਲ ਹੈ ਇਹ ਆਨਰੇਬਲ ਮੈਂਬਰ ਸਾਹਿਬ ਕਿਉਂ ਨਹੀਂ ਕਹਿ ਸਕਦੇ? ਉੱਧਰ ਮਿੱਤਲ ਸਾਹਿਬ ਖੜ੍ਹੇ ਹੋਏ ਹਨ, why he cannot clear his stand? He is a Member of this House. ਝੰਡੇ ਲੱਗ ਰਹੇ ਹਨ, ਇਸ ਗੱਲ ਤੇ ਬੀ.ਜੇ.ਪੀ. ਚੁੱਪ ਕਿਉਂ ਹੈ? ਇਹ ਪਾਰਟਨਰ ਹਨ ਪਰ for how long they are partners? ਕਿੰਨੇ ਦਿਨ ਇਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੈ? (ਸ਼ੋਰ)

ਮਾਨਯੋਗ ਸਪੀਕਰ : ਜਾਖੜ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। Zero Hour is over. ਹੁਣ ਤੁਸੀਂ ਬੈਠ ਜਾਓ। (ਸ਼ੋਰ, ਵਿਘਨ) ਅਗਲੀ ਆਈਟਮ। ਮਜੀਠੀਆ ਜੀ, ਜ਼ੀਰੋ ਆਵਰ ਖ਼ਤਮ ਹੁੰਦਾ ਹੈ। (ਸ਼ੋਰ, ਵਿਘਨ) Please sit down.

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਸਾਰੇ ਪੰਜਾਬ ਨਾਲ ਅਤੇ ਟ੍ਰੈਫਿਕ ਦੇ ਮੁੱਦੇ ਨਾਲ ਜੁੜਿਆ ਹੋਇਆ ਹੈ।

ਮਾਨਯੋਗ ਸਪੀਕਰ : ਤੁਸੀਂ ਰੈਪੀਟੀਸ਼ਨ ਤਾਂ ਨਹੀਂ ਕਰਨੀ?

ਸਰਦਾਰ ਜਗਮੋਹਨ ਸਿੰਘ ਕੰਗ : ਨਹੀਂ ਜੀ, ਇਹ ਟ੍ਰੈਫਿਕ ਨਾਲ ਜੁੜਿਆ ਮਸਲਾ ਹੈ ਅਤੇ ਮੈਨੂੰ ਆਸ ਹੈ ਕਿ ਪੂਰਾ ਹਾਊਸ ਇਸ ਦੀ ਪ੍ਰੋੜਤਾ ਕਰੇਗਾ। ਮੇਰੇ ਵਿਧਾਨ ਸਭਾ ਹਲਕੇ ਖਰੜ ਵਿੱਚ ਖਾਨਪੁਰ ਦੇ ਪੁਲ ਤੇ ਰੋਜ਼ ਐਕਸੀਡੈਂਟ ਹੁੰਦੇ ਹਨ। ਕੱਲ੍ਹ ਵੀ ਉਸ ਰੋਡ ਤੇ ਐਕਸੀਡੈਂਟ ਹੋਇਆ ਹੈ ਅਤੇ ਰੋਜ਼ ਉਥੇ ਲੋਕਾਂ ਦਾ ਬੇਇੰਤਹਾ ਟਾਈਮ ਖਰਾਬ ਹੁੰਦਾ ਹੈ। ਮੁੱਖ ਮੰਤਰੀ ਜੀ ਨੂੰ ਅਤੇ ਪੀ.ਡਬਲਿਊ.ਡੀ. ਮੰਤਰੀ ਜੀ ਨੂੰ ਮੇਰੀ ਬੇਨਤੀ ਹੈ ਕਿ ਖਰੜ-ਮੋਹਾਲੀ ਬਾਈਪਾਸ ਅਤੇ ਖਾਨਪੁਰ ਦੇ ਪੁਲ ਨੂੰ ਚੌੜਾ ਕਰਨ ਦੀ ਖੇਚਲ ਕੀਤੀ ਜਾਵੇ।

ਸ਼੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

ਮਾਨਯੋਗ ਸਪੀਕਰ : ਕਾਲੀਆ ਸਾਹਿਬ, ਤੁਹਾਨੂੰ ਟਾਈਮ ਮਿਲ ਚੁੱਕਿਆ ਹੈ। ਮੈਨੂੰ ਹੁਣ ਬੈਂਸ ਸਾਹਿਬ ਦੀ ਗੱਲ ਸੁਣ ਲੈਣ ਦਿਉ। (ਵਿਘਨ) ਪਹਿਲਾਂ ਬੈਂਸ ਸਾਹਿਬ ਦੀ ਗੱਲ ਸੁਣ ਕੇ ਫਿਰ ਮੈਂ ਤੁਹਾਡੀ ਗੱਲ ਸੁਣਾਂਗਾ।

ਸਰਦਾਰ ਬਲਵਿੰਦਰ ਸਿੰਘ ਬੈਂਸ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਮੈਂ ਉਸ ਸ਼ਹਿਰ ਵਿਚੋਂ ਆਇਆ ਹਾਂ ਜਿਹੜਾ ਸਟੇਟ ਦਾ ਸਾਰਿਆਂ ਤੋਂ ਵੱਡਾ ਇੰਡਸਟਰੀਅਲ ਟਾਊਨ ਹੈ। ਆਪਾਂ ਗੱਲਾਂ ਤਾਂ ਕੀਤੀਆਂ ਹਨ ਕਿ ਸੈਂਟਰ ਗੌਰਮਿੰਟ ਨੇ ਬਾਹਰ

ਦੀਆਂ ਸਟੇਟਾਂ ਨੂੰ ਟੈਕਸ ਰਿਬੇਟ ਦੇ ਦਿੱਤੀ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਲੁਧਿਆਣੇ ਦੀ ਇੰਡਸਟਰੀ ਦਾ ਕਰੋੜਾਂ ਰੁਪਏ ਦੇ ਵੈਟ ਦਾ ਰਿਫੰਡ ਪੈਂਡਿੰਗ ਪਿਆ ਹੈ ਜਿਹੜਾ ਕਿ ਇੰਡਸਟਰੀਲਿਸਟਜ਼ ਦੀ ਸਰਕਾਰ ਕੋਲ ਅਮਾਨਤ ਹੁੰਦੀ ਹੈ। ਇਸ ਨੂੰ ਕਿੰਨੇ ਹੀ ਮਹੀਨੇ ਹੋ ਗਏ ਹਨ ਪਰ ਇਹ ਰਿਫੰਡ ਨਹੀਂ ਹੋ ਰਿਹਾ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਇਹ ਵੈਟ ਰਿਫੰਡ ਹੈ, ਇਹ ਇੰਡਸਟਰੀ ਨੂੰ ਤੁਰੰਤ ਦਿੱਤਾ ਜਾਵੇ ਤਾਂ ਕਿ ਲੁਧਿਆਣੇ ਦੀ ਇੰਡਸਟਰੀ ਸਰਵਾਈਵ ਹੋ ਸਕੇ। (ਆਪੋਜੀਸ਼ਨ ਵਲੋਂ ਥੰਪਿੰਗ)

ਮਾਨਯੋਗ ਸਪੀਕਰ : ਠੀਕ ਹੈ ਜੀ। ਸ੍ਰੀ ਕਾਲੀਆ ਜੀ।

ਸ੍ਰੀ ਮਨੋਰੰਜਨ ਕਾਲੀਆ : ਸਪੀਕਰ ਸਾਹਿਬ, ਜਿਹੜਾ ਮੈਂ ਮਸਲਾ ਸਵਰਨਕਾਰਾਂ ਬਾਰੇ ਲੈ ਕੇ ਆਇਆ ਸੀ, ਉਸ ਨਾਲ ਲੀਡਰ ਆਫ ਦਿ ਹਾਊਸ ਵੀ ਸਹਿਮਤੀ ਪ੍ਰਗਟਾਈ ਹੈ ਜੀ। (ਵਿਘਨ)

ਮਾਨਯੋਗ ਸਪੀਕਰ : (ਵਿਘਨ) ਤੁਸੀਂ ਨਵੀਂ ਬਹਿਸ ਨਾ ਸ਼ੁਰੂ ਕਰ ਦਿਓ।

ਸ੍ਰੀ ਮਨੋਰੰਜਨ ਕਾਲੀਆ : ਮਾਨਯੋਗ ਸਪੀਕਰ ਸਾਹਿਬ, ਮੇਰੀ ਪ੍ਰਾਰਥਨਾ ਹੈ ਕਿ ਹਾਊਸ ਵਲੋਂ ਇੱਕ ਰੈਜ਼ੋਲਿਊਸ਼ਨ ਹੋ ਜਾਵੇ ਕਿ ਸੋਨੇ ਤੇ ਇਥੇ ਐਕਸਾਈਜ਼ ਡਿਊਟੀ ਵਿਦਡਰਾਅ ਹੋਣੀ ਚਾਹੀਦੀ ਹੈ। ਆਪਾਂ ਕੇਂਦਰ ਸਰਕਾਰ ਨੂੰ ਅਪੀਲ ਕਰ ਦੇਈਏ ਕਿ ਜਿਹੜਾ ਯੂਨੀਅਨ ਬਜਟ ਲੈ ਕੇ ਆਏ ਹਨ, ਉਸ ਵਿੱਚ ਸਵਰਨਕਾਰ ਭਰਾਵਾਂ ਦਾ ਜਿਹੜਾ ਮਸਲਾ ਹੈ, ਉਸ ਨੂੰ ਅਸੀਂ ਯੂਨੈਨੀਮਸਲੀ ਪਾਸ ਕਰਕੇ ਅਪੀਲ ਕਰੀਏ, ਸੋਨੇ ਤੇ ਐਕਸਾਈਜ਼ ਡਿਊਟੀ ਵਿਦਡਰਾਅ ਹੋਵੇ ਜੀ।

PAPERS LAID ON THE TABLE OF THE HOUSE

ਮਾਨਯੋਗ ਸਪੀਕਰ : ਮਿੱਤਲ ਸਾਹਿਬ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਸੰਵਿਧਾਨ ਦੇ ਵੱਖ-ਵੱਖ ਨਿਯਮਾਂ ਅਧੀਨ ਲੋੜੀਂਦਾ ਹੈ-

1. i) ਸਾਲ 2010-2011 ਲਈ ਰਾਜ ਦੀ ਵਿੱਤੀ ਵਿਵਸਥਾ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ-ਪੰਜਾਬ ਸਰਕਾਰ;

ii) ਸਾਲ 2010-2011 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ)-ਪੰਜਾਬ ਸਰਕਾਰ;

iii) ਸਾਲ 2010-2011 ਲਈ ਰਾਜ ਦੇ ਆਬਕਾਰੀ ਵਿਭਾਗ ਦੇ ਕੰਮਕਾਰ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ)-ਪੰਜਾਬ ਸਰਕਾਰ;

iv) ਸਾਲ 2010-2011 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ)-ਪੰਜਾਬ ਸਰਕਾਰ;

v) ਸਾਲ 2010-2011 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ)-ਪੰਜਾਬ ਸਰਕਾਰ;

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

vi) ਸਾਲ 2010-2011 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ (ਭਾਗ I ਅਤੇ II); ਅਤੇ

vii) ਸਾਲ 2010-2011 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ,

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ।

2. ਪਹਿਲੀ ਤਿੰਨ ਤਿਮਾਹੀਆਂ ਅਰਥਾਤ 1.4.2011 ਤੋਂ 31.12.2011 ਤੱਕ ਬਜਟ ਦੇ ਸਬੰਧ ਵਿਚ ਪ੍ਰਾਪਤੀਆਂ ਅਤੇ ਖਰਚਿਆਂ ਦਾ ਵ੍ਰਿਵਰਣ, ਜਿਵੇਂ ਕਿ ਪੰਜਾਬ ਵਿੱਤੀ ਜਿੰਮੇਵਾਰੀ ਅਤੇ ਬਜਟ ਮੈਨੇਜਮੈਂਟ ਐਕਟ, 2003 ਦੀ ਧਾਰਾ 6(1) ਅਧੀਨ ਲੋੜੀਂਦਾ ਹੈ।

3. 31 ਮਾਰਚ, 2009 ਨੂੰ ਖਤਮ ਹੋਏ ਸਾਲ ਲਈ ਪੰਜਾਬ ਅਨਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਬੈਲੰਸ ਸ਼ੀਟ ਅਤੇ ਲਾਭ ਅਤੇ ਹਾਨੀ ਦੇ ਲੇਖੇ, ਜਿਵੇਂ ਕਿ ਪੰਜਾਬ ਅਨਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27(5) ਅਧੀਨ ਲੋੜੀਂਦਾ ਹੈ।

MOTION UNDER RULE 16

ਮਾਨਯੋਗ ਸਪੀਕਰ : ਨਿਯਮ 16 ਅਧੀਨ ਪ੍ਰਸਤਾਵ। ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਮਾਨਯੋਗ ਸਪੀਕਰ : ਪ੍ਰਸ਼ਨ ਕੀਤਾ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

FINANCIAL BUSINESS

(i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2011-12

ਮਾਨਯੋਗ ਸਪੀਕਰ : ਵਿੱਤ ਮੰਤਰੀ ਸਾਲ 2011-2012 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾ ਲਈ ਅਨੁਪੂਰਕ ਮੰਗਾਂ ਪੇਸ਼ ਕਰਨਗੇ।

ਵਿੱਤ,ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 2011-2012 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

(ii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2011-2012.

1. DISCUSSION ON THE ESTIMATES OF THE EXPENDITURE CHARGED ON THE REVENUE OF THE STATE.

ਮਾਨਯੋਗ ਸਪੀਕਰ : ਜੇ ਕੋਈ ਮੈਂਬਰ ਕਿਸੇ ਚਾਰਜ਼ਡ ਆਈਟਮ ਤੇ ਬਹਿਸ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ?

(ਕੋਈ ਵੀ ਮਾਨਯੋਗ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।

2. DISCUSSION AND VOTING ON THE DEMANDS FOR SUPPLEMENTORY GRANTS.

ਮਾਨਯੋਗ ਸਪੀਕਰ : ਅੱਜ ਦੀ ਕਾਰਜ-ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 24 ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਅਨੁਪੂਰਕ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇੱਕਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ। ਜਿਹੜੇ ਮਾਨਯੋਗ ਮੈਂਬਰ ਕਿਸੇ ਮੰਗ ਤੇ ਬੋਲਣਾ ਚਾਹੁੰਦੇ ਹਨ, ਉਹ ਮੰਗ ਨੰਬਰ ਦਾ ਜ਼ਿਕਰ ਜ਼ਰੂਰ ਕਰਨ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮੰਗ ਨੰ: 1

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 19,81,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 2

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,78,55,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,61,55,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 3

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 74,75,35,000 ਰੁਪਏ ਅਤੇ ਪੂੰਜੀਗਤ ਲੇਖੇ ਤੇ

[ਮਾਨਯੋਗ ਸਪੀਕਰ]

82,72,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 5

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 10,03,42,89,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,74,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 6

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 67,72,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 7

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 24,67,03,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 8

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,48,27,48,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 9

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,29,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 91,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 10

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14,11,16,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,90,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 11

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,13,03,07,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 12

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,27,62,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,27,26,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 13

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,67,35,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 14

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 41,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 15

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,27,05,25,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,00,68,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 17

ਇੱਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 91,03,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 18

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 18,13,88,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 19

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,59,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,79,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

ਮੰਗ ਨੰ: 22

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,15,15,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 24,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 23

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,22,09,15,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,56,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 24

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 25

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,86,83,58,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੇ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 26

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,55,12,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 27

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 28

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 21,81,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ

1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮਾਨਯੋਗ ਸਪੀਕਰ : ਬਹਿਸ। ਹਾਂ ਜੀ, ਚੰਨੀ ਸਾਹਿਬ।

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਜਿਹੜਾ ਵੀ ਦਸਤਾਵੇਜ਼ ਇੱਥੇ ਪਾਸ ਹੋਣ ਲਈ ਆਉਂਦਾ ਹੈ, ਉਹ ਜਦੋਂ ਪਾਸ ਹੋਣ ਲਈ ਬੋਲ ਦਿੱਤਾ ਜਾਂਦਾ ਹੈ ਉਦੋਂ ਹੀ ਸਾਨੂੰ ਸਰਵ ਹੁੰਦਾ ਹੈ। ਸਪੀਕਰ ਸਾਹਿਬ, ਤੁਸੀਂ ਤਾਂ ਬਹੁਤ ਉੱਚ ਅਹੁਦੇ ਤੇ ਵੀ ਰਹੇ ਹੋ। ਮੈਂ ਤੁਹਾਨੂੰ ਸਨਿਮਰ ਬੇਨਤੀ ਕਰਦਾ ਹਾਂ ਕਿ ਐਮ.ਐਲ.ਏ. ਦਾ ਕੰਮ ਸਿਰਫ ਇਹੀ ਨਹੀਂ ਹੈ ਕਿ ਕਾਗਜ਼ ਉਪਰ ਤੋਂ ਆਇਆ ਅਤੇ ਇਸ ਤੇ 'ਹਾਂ' ਜਾਂ 'ਨਾਂਹ' ਹੋ ਗਈ। ਜੇ ਸਾਨੂੰ ਲੋਕਾਂ ਨੇ ਵਿਧਾਨਕਾਰ ਚੁਣਿਆ ਹੈ, ਸਾਨੂੰ ਸੰਵਿਧਾਨ ਨੇ ਰਾਈਟ ਦਿੱਤਾ ਹੈ, ਘੱਟੋ-ਘੱਟ ਇੱਕ ਹਫ਼ਤਾ ਜਾਂ ਦੋ-ਚਾਰ ਦਿਨ ਪਹਿਲਾਂ ਸਾਨੂੰ ਉਹ ਕਾਗਜ਼-ਪੱਤਰ ਤਾਂ ਦਿਆ ਕਰੋ ਜੀ ਜੋ ਕਿ ਸਾਡੇ ਤੋਂ ਪਾਸ ਕਰਵਾਉਣਾ ਹੈ।

ਮਾਨਯੋਗ ਸਪੀਕਰ : ਨਹੀਂ-ਨਹੀਂ, ਇਹ ਆਉਣਾ ਹੀ ਹੁਣ ਸੀ। ਜੋ ਮੈਨੂੰ ਦੱਸਿਆ ਗਿਆ ਹੈ ਕਿ ਪੇਸ਼ ਹੋਣ ਤੋਂ ਬਾਅਦ ਹੀ ਤੁਹਾਡੇ ਕੋਲ ਆਉਣਾ ਸੀ, ਪਹਿਲਾਂ ਨਹੀਂ ਸੀ ਆਉਣਾ, ਕਿਉਂਕਿ ਇਹ ਬਜਟ ਨਾਲ ਸਬੰਧਤ ਹੈ, ਇਸ ਕਰਕੇ ਆਉਣਾ ਹੀ ਹੁਣ ਸੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਕੋਈ ਵੀ ਕਾਗਜ਼ ਜੋ ਪਾਸ ਹੋਣਾ ਹੁੰਦਾ ਹੈ, ਸਾਨੂੰ ਪਹਿਲਾਂ ਮਿਲਦਾ ਹੀ ਨਹੀਂ ਹੈ। ਮੈਂ ਕੋਈ ਅੱਜ ਦੀ ਗੱਲ ਨਹੀਂ ਕਰਦਾ, 5 ਸਾਲ ਪਹਿਲਾਂ ਵੀ ਇੱਥੇ ਬੈਠ ਕੇ ਗਿਆ ਹਾਂ ਲੇਕਿਨ ਹਰ ਕਾਗਜ਼ ਸਾਨੂੰ ਮੌਕੇ ਤੇ ਹੀ ਦਿੱਤਾ ਜਾਂਦਾ ਹੈ, ਉਸ ਨੂੰ ਅਸੀਂ ਕਿਵੇਂ ਪੜ੍ਹੀਏ? ਇੰਨੇ ਸਮੇਂ ਵਿੱਚ ਤਾਂ ਅਸੀਂ ਉਸ ਨੂੰ ਪੜ੍ਹ ਹੀ ਨਹੀਂ ਸਕਦੇ ਜਿੰਨੇ ਵਿੱਚ ਤੁਸੀਂ ਪਾਸ ਵੀ ਕਰ ਦਿੰਦੇ ਹੋ।

ਮਾਨਯੋਗ ਸਪੀਕਰ : ਮੇਰੀ ਬੇਨਤੀ ਸੁਣੋ, ਤੁਹਾਡੇ ਕੋਲ ਆਈਟਮਾਂ ਦੀ ਲਿਸਟ ਆਈ ਹੈ। ਜੋ ਫਿਗਰਾਂ ਸਰਕੂਲੇਟ ਹੋਈਆਂ ਹਨ, ਪਹਿਲਾਂ ਤੁਹਾਨੂੰ ਮੈਟੀਰਿਅਲ ਮਿਲ ਗਿਆ ਹੈ ਜੇ ਤੁਸੀਂ ਨਹੀਂ ਵੇਖਿਆ ਤਾਂ ਅੱਗੇ ਤੋਂ ਵੇਖ ਲਿਆ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਇਹ ਹੁਣ ਆਇਆ ਹੈ ਜੀ, ਇਸ ਨੂੰ ਮੈਂ ਇੰਨੀ ਛੇਤੀ ਕਿਵੇਂ ਦੇਖ ਲਵਾਂ ਜੀ, ਇਹ 10 ਪੇਜਾਂ ਦਾ ਹੈ ਜੀ?

ਮਾਨਯੋਗ ਸਪੀਕਰ : ਚਲੋ, ਮੈਂ ਇਸ ਬਾਰੇ ਕਹਾਂਗਾ। ਇਹ ਪਹਿਲਾਂ ਆ ਜਾਇਆ ਕਰੇਗਾ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਤੁਸੀਂ ਇਸ ਦਾ ਕੋਈ ਹੱਲ ਕੱਢੋ।

ਸ਼੍ਰੀ ਸੁਨੀਲ ਜਾਖੜ (ਅਬੋਹਰ) : ਚਲੋ, ਜੋ ਆਪਣੀ ਨਾਲਿਜ ਵਿਚ ਹੈ, ਅਸੀਂ ਉਹ ਤਾਂ ਡਿਸਕਸ ਕਰ ਲਈਏ। ਸਪੀਕਰ ਸਾਹਿਬ, ਸਪਲੀਮੈਂਟਰੀ ਗਰਾਂਟਸ ਵਾਸਤੇ ਫਾਇਨਾਂਸ ਮਨਿਸਟਰ ਸਾਹਿਬ ਨੇ ਇਹ ਮੂਵ ਕੀਤਾ ਹੈ ਐਂਰ ਆਫ ਕੋਰਸ ਸਰਕਾਰ ਹੁਣੇ ਬਣੀ ਹੈ, they have to prepare, ਜੋ ਕੁਝ ਵੀ ਇਨ੍ਹਾਂ ਦੇ ਪਿਛਲੇ ਸਾਲ ਦੇ ਵਿੱਚ ਸੀ, ਕਿਉਂਕਿ ਸਾਡੇ ਬਹੁਤ ਸਾਰੇ ਨਵੇਂ ਸਾਥੀ ਆਏ ਹਨ

[ਸ਼੍ਰੀ ਸੁਨੀਲ ਜਾਖੜ]

and for their benefit ਕੱਲ੍ਹ ਆਨਰੇਬਲ ਸੀ.ਐਮ. ਸਾਹਿਬ ਨੇ 2 ਘੰਟਿਆਂ ਦੀ ਸਪੀਚ ਦੇ ਵਿੱਚ ਅੱਧਾ ਘੰਟਾ ਵਿਆਖਿਆਨ ਕਰਨ ਵਿਚ ਲਗਾ ਦਿੱਤਾ। ਮੈਂ ਉਨ੍ਹਾਂ ਵਾਂਗੂ ਨਾ ਤਾਂ ਸਿਆਣਾ ਹਾਂ, ਨਾ ਮੈਨੂੰ ਗਿਆਨ ਹੈ। ਸਪਲੀਮੈਂਟਰੀ ਡਿਮਾਂਡਜ਼ ਦਾ ਮਤਲਬ ਕਿ ਜਿਹੜਾ ਪਹਿਲਾਂ ਬਜਟ ਪਾਸ ਕੀਤਾ ਸੀ ਉਸ ਤੋਂ ਫਾਲਤੂ ਜਿਹੜਾ ਐਕਸਪੈਂਡੀਚਰ ਹੋਇਆ ਹੈ ਉਸ ਬਾਰੇ ਇਹ ਸਦਨ ਦਾ ਵੋਟ ਚਾਹੁੰਦੇ ਹਨ ਕਿ ਇਹ ਅਪਰੂਵ ਕਰ ਦਿੱਤਾ ਜਾਵੇ। ਸਪੀਕਰ ਸਾਹਿਬ, ਚੰਨੀ ਜੀ ਨੇ ਬਿਲਕੁਲ ਸਹੀ ਕਿਹਾ ਹੈ ਕਿ ਹੁਣ ਸਾਡੇ ਕੋਲ ਇਹ ਰਿਪੋਰਟਸ ਆਈਆਂ ਹਨ, ਜ਼ਿਆਦਾ ਬਹਿਸ ਲਈ ਸਾਡੇ ਕੋਲ ਕੁਝ ਹੈ ਨਹੀਂ but there are certain issues ਮੈਂ ਤੁਹਾਡੇ ਥਰੂ ਫਾਇਨਾਂਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਜਦੋਂ ਇਹ ਡਿਸਕਸ਼ਨ ਦਾ ਜਵਾਬ ਦੇਣ, ਇਹ ਸਪਲੀਮੈਂਟਰੀ ਡਿਮਾਂਡਜ਼ ਵਿੱਚ ਜਿਹੜੀ ਸਪਲੀਮੈਂਟਰੀ ਗਰਾਂਟਸ ਮੰਗ ਰਹੇ ਹਨ, ਮੈਂ ਤੁਹਾਡੇ ਰਾਹੀਂ ਜਾਨਣਾ ਚਾਹਾਂਗਾ ਕਿ ਅੱਜ ਦੇ ਦਿਨ ਉਸ ਪੰਜਾਬ ਸਰਕਾਰ ਦੇ ਖਜ਼ਾਨੇ ਦੇ ਵਿੱਚ, ਜਿਸ ਬਾਰੇ ਸਾਡੇ ਮੁੱਖ ਮੰਤਰੀ ਜੀ ਕਹਿੰਦੇ ਹਨ ਕਿ ਸਾਡੇ ਖਜ਼ਾਨੇ ਲਬਾ-ਲਬ ਭਰੇ ਪਏ ਹਨ, ਕਿੰਨੇ ਅਨਪੇਡ ਬਿਲਜ਼ ਟਰੇਜ਼ਰੀ ਦੇ ਵਿੱਚ ਪਏ ਹਨ ਜਿਸ ਤੇ ਇਹ ਵਿਆਖਿਆਨ ਕਰਨਗੇ? ਕਿੰਨੇ ਪੈਸੇ ਦੇ ਟਰੇਜ਼ਰੀ ਦੇ ਵਿੱਚ ਚੈਕ ਕੱਟੇ ਪਏ ਹਨ? ਜਿਸ ਦੀ ਅਪਰੂਵਲ ਸਾਡੇ ਕੋਲੋਂ ਲੈ ਰਹੇ ਹਨ, ਜਿਸਦੇ ਉੱਤੇ ਸਾਡੀ ਮੁਹਰ ਲਗਵਾ ਰਹੇ ਹਨ, ਜਿਹੜੇ ਖਰਚੇ ਕਰੀ ਬੈਠੇ ਹਨ ਅਸਲ ਵਿੱਚ ਪੈਸੇ ਖਜ਼ਾਨੇ ਵਿੱਚ ਨਹੀਂ ਹਨ। ਇਹ ਵੀ ਦੱਸ ਦੇਣ ਕਿ ਕਿੰਨੇ ਦਿਨਾਂ ਤੋਂ ਪੈਸੇ ਲਟਕੇ ਪਏ ਹਨ and what is the total amount? Second, Speaker Sahib, Hon'ble Agriculture Minister Sahib ਬੈਠੇ ਹਨ। ਮੈਂ ਹਰ ਗੱਲ ਵਿੱਚ ਵਿਚਾਲੇ ਬੋਲਣਾ ਮੁਨਾਸਿਬ ਨਹੀਂ ਸਮਝਦਾ। ਬਾਦਲ ਸਾਹਿਬ ਸਤਿਕਾਰਯੋਗ ਹਨ He is Leader of the House, Chief Minister of the State and Fifth time Chief Minister, ਸੋ ਹਰੇਕ ਗੱਲ ਵਿੱਚ ਮੈਂ ਨੁਕਤਾਚੀਨੀ ਕਰਦਾ ਠੀਕ ਨਹੀਂ ਲਗਦਾ। ਉਨ੍ਹਾਂ ਨੇ ਕੱਲ੍ਹ ਸਪੈਸੀਫਿਕਲੀ ਜਦੋਂ ਸੈਂਟਰ ਦੀ ਗਰਾਂਟਸ ਦੀ ਗੱਲ ਕੀਤੀ, ਉਨ੍ਹਾਂ ਨੇ ਆਰ.ਕੇ.ਵੀ.ਵਾਈ ਦਾ ਪਰਟੀਕੁਲਰਲੀ ਰੈਫਰ ਕੀਤਾ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ) ਬਾਰੇ ਪਰਟੀਕੁਲਰਲੀ ਰੈਫਰ ਕੀਤਾ ਕਿ ਸੈਂਟਰ ਸਾਨੂੰ 50% ਤਾਂ ਉਸ ਤਰ੍ਹਾਂ ਮੋੜ ਦਿੰਦਾ ਹੈ, ਬਾਕੀ ਸਾਨੂੰ ਜੋ ਕੁਝ ਮਿਲਦਾ ਹੈ ਉਸ ਦੇ ਨਾਲ ਸਾਡਾ ਖਰਚਾ ਪੂਰਾ ਨਹੀਂ ਹੁੰਦਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਐਗਰੀਕਲਚਰ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲੈ ਕੇ ਆਉਣਾ ਚਾਹਾਂਗਾ ਕਿ ਸਾਲ 2011-12 ਵਾਸਤੇ 138.87 ਕਰੋੜ ਰੁਪਏ ਆਰ.ਕੇ.ਵੀ.ਵਾਈ ਤਹਿਤ ਪੰਜਾਬ ਸਰਕਾਰ ਨੂੰ ਸੈਂਕਸ਼ਨ ਹੋਏ। ਉਸ ਵਿੱਚੋਂ 64.40 ਕਰੋੜ ਰੁਪਿਆ ਮਾਰਚ ਮਹੀਨੇ ਦੇ ਵਿੱਚ ਇਨ੍ਹਾਂ ਕੋਲ ਉਥੋਂ ਆ ਗਏ। ਇਨ੍ਹਾਂ ਨੇ ਉਹ ਪੈਸਾ ਜਿਹੜਾ ਇਨ੍ਹਾਂ ਨੂੰ ਮਾਰਚ ਵਿੱਚ ਉਥੋਂ ਰਿਸੀਵ ਹੋ ਗਿਆ, 18 ਦਸੰਬਰ ਨੂੰ ਡਿਪਾਰਟਮੈਂਟ ਨੂੰ ਰਿਲੀਜ਼ ਕੀਤਾ। ਦੇਖੋ ਗੈਪ ਕਿੰਨਾ ਹੈ? ਗੌਰਮਿੰਟ ਤੋਂ ਪੈਸਾ ਇਨ੍ਹਾਂ ਨੂੰ ਆ ਗਿਆ, ਰਿਲੀਜ਼ ਕੀਤਾ ਡਿਪਾਰਟਮੈਂਟ ਨੂੰ 18 ਦਸੰਬਰ ਨੂੰ ਔਰ 18 ਦਸੰਬਰ ਨੂੰ ਹੀ ਯੂਜ਼ ਕਰਕੇ ਯੂਟੀਲਾਈਜੇਸ਼ਨ ਸਰਟੀਫਿਕੇਟ ਨਾਲ ਦੀ ਨਾਲ ਭੇਜ ਦਿੰਦੇ ਹਨ। ਯੂਟੀਲਾਈਜੇਸ਼ਨ ਸਰਟੀਫਿਕੇਟ ਨਾਲ ਦੀ ਨਾਲ ਜਾਂਦਾ ਰਿਹਾ ਹੈ, ਭਾਵੇਂ ਕਿ ਪੈਸੇ ਹਾਲੇ ਡਿਪਾਰਟਮੈਂਟ ਦੇ ਖਾਤੇ ਵਿੱਚ ਕਰੈਡਿਟ ਹੋਏ ਨਹੀਂ, ਯੂਟੀਲਾਈਜੇਸ਼ਨ ਸਰਟੀਫਿਕੇਟ ਜਾਂਦਾ ਹੈ, ਕਿਉਂ? ਕਿਉਂਕਿ ਜਿਹੜੀ ਬਕਾਇਆ ਰਕਮ ਸੀ, ਉਹ ਅੱਧੀ ਲੈਣ ਵਾਸਤੇ ਇਨ੍ਹਾਂ ਨੇ ਯੂਟੀਲਾਈਜੇਸ਼ਨ ਸਰਟੀਫਿਕੇਟ ਬਣਾ ਦਿੱਤਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹਾਂਗਾ, because he may not have seen the files, ਇਸ ਲਈ ਹਾਊਸ ਦੇ ਫਲੋਰ ਤੇ ਖੜ੍ਹੇ ਹੋ ਕੇ ਕੋਈ ਆਸ਼ਵਾਸਨ ਜਾਂ ਕੋਈ ਇਹੋ ਜਿਹੀ ਗੱਲ ਨਾ ਕਹਿ ਜਾਣ ਜਿਸ ਕਰਕੇ ਕੱਲ ਕੋਈ ਬ੍ਰੀਚ ਆਫ

ਪ੍ਰਿਵਲੇਜ਼ ਬਣ ਜਾਵੇ, ਮੈਂ ਇੰਨੀ ਹੀ ਰਿਕੁਐਸਟ ਕਰਾਂਗਾ, ਕਿਉਂਕਿ ਖੇਤੀਬਾੜੀ ਖੇਤਰ ਕੋਈ ਹਾਸੋਹੀਣੀ ਗੱਲ ਨਹੀਂ, he should look into the matter, ਕਿਉਂਕਿ ਜਦੋਂ ਪਿਛਲੀ ਵਾਰੀ ਇੱਥੇ ਲੰਗਾਹ ਸਾਹਿਬ ਬੈਠੇ ਸੀ ਤਾਂ ਬਾਅਦ ਵਿੱਚ ਉਹ ਮੈਨੂੰ ਏਅਰ ਪੋਰਟ ਤੇ ਮਿਲ ਗਏ ਤਾਂ ਉਹ ਮੈਨੂੰ ਕਹਿਣ ਲੱਗੇ ਕਿ, ਜਾਖੜ ਸਾਹਿਬ, ਮੈਂ ਤੁਹਾਨੂੰ ਕੀ ਦੱਸਾਂ ਕਿ ਪਤਾ ਨਹੀਂ ਅਫਸਰ ਕੀ-ਕੀ ਗਲਤ ਲਿਖ ਕੇ ਪਕੜਾ ਦਿੰਦੇ ਹਨ ਅਤੇ ਮੈਂ ਬੋਲ ਦਿੰਦਾ ਹਾਂ। ਪਹਿਲਾਂ ਇਹ ਸਾਰੇ ਮਸਲੇ ਨੂੰ ਘੋਖ ਲੈਣ। ਇਹ ਨਹੀਂ ਹੋਣਾ ਚਾਹੀਦਾ ਕਿ ਜੋ ਤੁਹਾਡੇ ਮਨ ਵਿੱਚ ਆਵੇ, ਉਹ ਕੇਂਦਰ ਸਰਕਾਰ ਨੂੰ ਕਹਿ ਦਿੱਤਾ ਜਾਵੇ। ਕੇਂਦਰ ਸਰਕਾਰ ਆਪਾਂ ਨੂੰ ਜੋ ਵਿੱਤੀ ਸਹਾਇਤਾ ਦਿੰਦੀ ਹੈ, ਉਸ ਪੈਸੇ ਦੀ ਤਾਂ ਘੱਟੋ-ਘੱਟ ਸਹੀ ਵਰਤੋਂ ਕਰ ਲਈ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਦਸੰਬਰ ਦੇ ਵਿੱਚ ਪੈਸੇ ਆ ਜਾਂਦੇ ਹਨ, ਮਾਰਚ ਦੇ ਵਿਚ ਅਗਲੇ ਪੈਸੇ ਲੈਣ ਵਾਸਤੇ ਹੁਣ ਕੀ ਹੋਏਗਾ ਜਿਵੇਂ ਕਿ ਆਪਾਂ ਸਾਰੇ ਹੀ ਦੇਖਦੇ ਹਾਂ ਕਿ ਮਹਿਕਮੇ ਕੋਲ ਪੈਸਾ ਆਉਂਦਾ ਹੈ, ਕਾਰਵਾਈ ਪਾਉਣ ਵਾਸਤੇ ਫਰਜ਼ੀ ਅਤੇ ਝੂਠੇ ਬਿਲ ਪਾ ਕੇ ਕੰਮ ਨੂੰ ਨਿਬੇੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਤਰ੍ਹਾਂ ਤਾਂ ਪੈਸਾ ਖਰਾਬ ਹੀ ਹੋਏਗਾ। ਪੈਸਾ ਬਹੁਤ ਇੰਪਾਰਟੈਂਟ ਹੈ। ਇੱਕ ਪਾਸੇ ਤਾਂ ਆਪਾਂ ਲੜੀ ਜਾਂਦੇ ਹਾਂ ਕਿ ਕੇਂਦਰ ਸਰਕਾਰ ਸਾਨੂੰ ਪੈਸਾ ਹੋਰ ਦੇਵੇ ਪਰ ਦੂਜੇ ਪਾਸੇ ਜਿਹੜਾ ਪੈਸਾ ਆਉਂਦਾ ਹੈ, ਉਸ ਦੀ ਸਹੀ ਵਰਤੋਂ ਕਰਦੇ ਨਹੀਂ, ਉਸ ਪੈਸੇ ਦੀ ਦੁਰਵਰਤੋਂ ਕਰੀ ਜਾਂਦੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਖੇਤੀਬਾੜੀ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਬੜਾ ਸੀਰੀਅਸ ਨੋਟਿਸ ਲੈਣ, ਇਸ ਦੀ ਘੋਖ ਕਰਨ ਅਤੇ ਜਿਸ ਦਿਨ ਸੈਸ਼ਨ ਦੁਬਾਰਾ ਇਕੱਤਰ ਹੋਵੇ, ਉਸ ਦਿਨ ਲਈ ਮੇਰੇ ਵੱਲੋਂ ਇਹ ਸਵਾਲ ਲੱਗਿਆ ਸਮਝ ਲਵੋ। ਇਹ ਨਾ ਕਹਿਓ ਕਿ ਇਸ ਸਬੰਧੀ ਕੋਈ ਪ੍ਰਸ਼ਨ ਨਹੀਂ ਆਇਆ, ਨਹੀਂ ਤਾਂ ਪ੍ਰਸ਼ਨ ਕਾਲ ਵਿੱਚ ਫਿਰ ਰੌਲਾ ਪੈ ਜਾਵੇਗਾ। It is a very important matter relating to Agriculture. ਇਸ ਬਾਰੇ ਕੋਈ ਗਲਤ ਜਵਾਬ ਨਾ ਦਿੱਤਾ ਜਾਵੇ। ਜੇਕਰ ਤੁਸੀਂ ਲੋੜ ਮਹਿਸੂਸ ਕਰਦੇ ਹੋ ਤਾਂ ਤੁਸੀਂ ਬੇਸ਼ੱਕ ਮੈਨੂੰ ਬੁਲਾ ਲੈਣਾ, ਮੈਂ ਤੁਹਾਡੇ ਕੋਲ ਆ ਕੇ ਤੁਹਾਨੂੰ ਸਾਰੇ ਦਸਤਾਵੇਜ਼ ਦੇ ਦਿਆਂਗਾ। ਇਸ ਦੀ ਪੂਰੀ ਤਰ੍ਹਾਂ ਘੋਖ ਕਰਵਾ ਲੈਣਾ ਤਾਂ ਕਿ ਅਫਸਰਸ਼ਾਹੀ ਤੇ ਨਕੇਲ ਪਵੇ ਅਤੇ ਨਾਲ ਦੀ ਨਾਲ ਇਹ ਜਿਹੜਾ ਬੀਜ ਵਾਲਾ ਮਸਲਾ ਹੈ, ਇਸ ਦਾ ਜਵਾਬ ਦੇਣ ਸਬੰਧੀ ਵੀ ਮੈਂ ਮਾਨਯੋਗ ਮੰਤਰੀ ਜੀ ਤੋਂ ਉਮੀਦ ਕਰਾਂਗਾ ਕਿਉਂਕਿ ਤੁਸੀਂ ਕਿਸਾਨੀ ਨਾਲ ਜੁੜੇ ਹੋਏ ਲੋਕ ਹੋ। ਭਾਵੇਂ ਮਿੱਤਲ ਸਾਹਿਬ ਨੇ ਕਹਿ ਦਿੱਤਾ ਹੈ ਕਿ ਇਸ ਦਾ ਜਵਾਬ ਦੇਣ ਦੀ ਲੋੜ ਨਹੀਂ ਸੀ ਪਰ ਸੱਚ ਇਹ ਹੈ ਕਿ ਪੰਜਾਬ ਦਾ ਕਿਸਾਨ ਜਵਾਬ ਮੰਗਦਾ ਹੈ। ਅੱਜ ਬਾਦਲ ਸਾਹਿਬ ਭਾਵੇਂ ਨਹੀਂ ਬੈਠੇ ਲੇਕਿਨ ਹਾਊਸ ਵਿੱਚ ਤੁਸੀਂ ਸੀਨੀਅਰ ਹੋ, you are one of the senior most leader of the Akali Dal. ਤੁਸੀਂ ਖੜ੍ਹੇ ਹੋ ਕੇ, ਉਠ ਕੇ ਕਹੋ ਕਿ ਮੈਂ ਬੀਜ ਦਾ ਰੇਟ ਮਹਾਂਰਾਸ਼ਟਰ ਨਾਲੋਂ ਘੱਟ ਕਰਾਂਗਾ। Thank you, Speaker Sahib.

ਖੇਤੀਬਾੜੀ ਮੰਤਰੀ (ਸਰਦਾਰ ਤੋਤਾ ਸਿੰਘ) : ਸਪੀਕਰ ਸਾਹਿਬ, ਜਿਹੜੇ ਜਾਖੜ ਸਾਹਿਬ ਦੇ ਵਿਚਾਰ ਹਨ, ਮੈਂ ਇਨ੍ਹਾਂ ਦਾ ਸਵਾਗਤ ਕਰਦਾ ਹਾਂ ਅਤੇ ਇਨ੍ਹਾਂ ਨੂੰ ਭਰੋਸਾ ਵੀ ਦਿਵਾਉਂਦਾ ਹਾਂ ਕਿ ਜਿੱਥੋਂ ਤੱਕ ਬੀਜ ਦੇ ਰੇਟ ਦੀ ਗੱਲ ਹੈ, ਮੈਂ ਆਪ ਇਸ ਦੇ ਨਾਲ ਡੀਲ ਨਹੀਂ ਕੀਤਾ। ਸੀ.ਐਮ. ਸਾਹਿਬ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ ਸੀ। ਮੈਨੂੰ ਕੱਲ੍ਹ ਪਤਾ ਲੱਗਿਆ ਹੈ। ਉਨ੍ਹਾਂ ਦੇ ਧਿਆਨ ਵਿੱਚ ਲਿਆ ਕੇ, ਜਾਖੜ ਸਾਹਿਬ ਨੂੰ ਵੀ ਬੁਲਾ ਲਵਾਂਗੇ ਅਤੇ ਕਿਸਾਨਾਂ ਵਾਸਤੇ ਜੋ ਕੁਝ ਕਰ ਸਕਦੇ ਹੋਵਾਂਗੇ, ਜ਼ਰੂਰ ਕਰਾਂਗੇ। ਦੂਸਰਾ, ਮੈਂ ਕੱਲ੍ਹ ਜ਼ਿਲ੍ਹਾ ਅਫਸਰਾਂ ਦੀ ਮੀਟਿੰਗ ਬੁਲਾਈ ਹੈ, ਉਸ ਵਿੱਚ ਹਦਾਇਤਾਂ ਕੀਤੀਆਂ ਹਨ ਕਿ ਜਿਹੜਾ ਵੀ ਕੋਈ ਬੀਜ ਆਵੇ ਉਸ ਦੇ ਸਬੰਧ ਵਿੱਚ ਬਲਾਕ ਵਿਚ ਲਿਸਟ

[ਖੇਤੀਬਾੜੀ ਮੰਤਰੀ]

ਲਗਾਈ ਜਾਵੇ ਅਤੇ ਕਿਸਾਨਾਂ ਤੋਂ ਉਸ ਦੀ ਲਾਟਰੀ ਕਢਵਾਈ ਜਾਵੇ। ਇਹ ਨਾ ਹੋਵੇ ਕਿ ਇੱਕ ਨੂੰ 10 ਥੈਲੇ ਦੇ ਦਿਓ ਅਤੇ ਇੱਕ ਨੂੰ ਮੰਗ ਮੁਤਾਬਕ ਮਿਲੇ ਹੀ ਨਾ। ਬਕਾਇਦਾ ਸਿਸਟਮ ਦੇ ਨਾਲ ਬੀਜ ਵੰਡਿਆ ਜਾਵੇ। ਜਿੱਥੋਂ ਤੱਕ ਨਰਮੇ ਅਤੇ ਬੀ.ਟੀ.ਕਾਟਨ ਦਾ ਸਬੰਧ ਹੈ, ਸਾਨੂੰ ਇਸ ਵਿੱਚ ਬਲੈਕ ਹੋਣ ਦਾ ਸ਼ੱਕ ਨਹੀਂ ਹੈ ਕਿਉਂਕਿ 38 ਲੱਖ ਪੈਕਟਾਂ ਦਾ ਪ੍ਰਬੰਧ ਕੀਤਾ ਹੈ, ਜਿਹੜੀ ਕੱਲ੍ਹ ਮੀਟਿੰਗ ਹੋਈ ਹੈ ਉਸ ਵਿਚ ਮੈਨੂੰ ਦੱਸਿਆ ਹੈ, ਪਰੰਤੂ ਸਾਨੂੰ ਲੋੜ 25 ਲੱਖ ਪੈਕਟਾਂ ਦੀ ਹੈ। ਲੇਕਿਨ ਦੁੱਖ ਇਸ ਗੱਲ ਦਾ ਹੈ ਕਿ 28 ਕੰਪਨੀਆਂ ਹਨ, ਉਨ੍ਹਾਂ ਵਿੱਚੋਂ ਕੇਵਲ 6-7 ਕੰਪਨੀਆਂ ਹਨ ਜਿਨ੍ਹਾਂ ਦਾ ਬੀਜ ਕਿਸਾਨ ਲੈਣਾ ਪਸੰਦ ਕਰਦੇ ਹਨ। ਕਿਸਾਨ ਹਮੇਸ਼ਾਂ ਕਹਿੰਦਾ ਹੈ ਕਿ ਸ਼੍ਰੀਰਾਮ ਕੰਪਨੀ ਦਾ ਬੀਜ ਲੈਣਾ ਹੈ, ਮੈਂ ਉਸ ਦਾ ਲੈਣਾ ਹੈ, ਉਹ ਸਾਰਾ 12 ਕੁ ਲੱਖ ਬਣਦਾ ਹੈ। ਫਿਰ 12 ਲੱਖ ਦੀ ਘਾਟ ਆ ਜਾਂਦੀ ਹੈ। ਉਹ ਮੈਂ, ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ, ਇਨ੍ਹਾਂ ਦੀ ਵੀ ਰਾਏ ਲੈ ਲਵਾਂਗਾ, ਕਿਸਾਨਾਂ ਦੀ ਵੀ ਰਾਏ ਲੈ ਲਵਾਂਗਾ, ਪਹਿਲਾਂ ਕਿਸਾਨ ਹਨ।ਅਸੀਂ ਵੀ ਪਹਿਲਾਂ ਕਿਸਾਨ ਹਾਂ, ਬਾਅਦ ਵਿੱਚ ਕੁਝ ਹੋਰ। ਮੈਂ ਆਪ ਵੀ ਕਿਸਾਨ ਦਾ ਪੁੱਤ ਹਾਂ। ਇਸ ਲਈ ਇਨ੍ਹਾਂ ਨੂੰ ਪੂਰਾ ਭਰੋਸਾ ਦਿਵਾਉਂਦਾ ਹਾਂ ਕਿ ਕਿਸਾਨ ਨੂੰ ਇਨਸਾਫ ਮਿਲੇਗਾ।

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਅਨੁਪੂਰਕ ਮੰਗਾਂ ਇਕੱਠੀਆਂ ਹੀ ਸਦਨ ਦੀ ਪ੍ਰਾਵਨਗੀ ਲਈ ਰੱਖ ਦਿੱਤੀਆਂ ਜਾਣ?

(ਆਵਾਜਾਂ, ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਮੰਗ ਨੰ: 1

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 19,81,83,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 2

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,78,55,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,61,55,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 3

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 74,75,35,000 ਰੁਪਏ ਅਤੇ ਪੂੰਜੀਗਤ ਲੇਖੇ ਤੇ 82,72,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 5

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 10,03,42,89,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,74,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ

ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 6

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 67,72,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 7

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 24,67,03,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 8

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,48,27,48,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 9

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5,29,45,000 ਰੁਪਏ ਅਤੇ ਪੂੰਜੀਗਤ ਲੇਖੇ ਤੇ 91,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 10

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14,11,16,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,90,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 11

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,13,03,07,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 12

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,27,62,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 21,27,26,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ

[ਮਾਨਯੋਗ ਸਪੀਕਰ]

ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 13

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,67,35,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 14

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 41,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 15

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,27,05,25,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,00,68,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 17

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 91,03,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 18

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 18,13,88,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 19

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,59,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,79,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 22

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,15,15,72,000 ਰੁਪਏ ਅਤੇ ਪੂੰਜੀਗਤ ਲੇਖੇ ਤੇ

24,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 23

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,22,09,15,000 ਰੁਪਏ ਅਤੇ ਪੂੰਜੀਗਤ ਲੇਖੇ ਤੇ 5,56,25,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 24

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22,90,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 25

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,86,83,58,000 ਰੁਪਏ ਅਤੇ ਪੂੰਜੀਗਤ ਲੇਖੇ ਤੇ 13,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੇ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 26

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,55,12,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 27

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 28

ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 21,81,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2012 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਵਾਬ ਤਾਂ ਵਿੱਤ ਮੰਤਰੀ ਜੀ ਨੇ ਦਿੱਤਾ ਨਹੀਂ। ਉਸ ਤੋਂ ਬਾਅਦ ਅਸੀਂ 'ਹਾਂ' ਜਾਂ 'ਨਾਂਹ' ਦਾ ਫੈਸਲਾ ਕਰੀਏ। ਇਹ ਪਹਿਲਾਂ ਇਹ ਤਾਂ ਦੱਸ ਦੇਣ ਕਿ ਖਜ਼ਾਨਿਆਂ ਦੇ ਵਿੱਚ ਹੁਣ ਤੱਕ ਕਿੰਨੇ ਬਿਲ ਪੈਂਡਿੰਗ ਪਏ ਹਨ? ਫਿਰ ਉਸ ਤੋਂ ਬਾਅਦ ਅਸੀਂ ਫੈਸਲਾ ਕਰ ਦਿਆਂਗੇ ਕਿ ਅਸੀਂ ਇਨ੍ਹਾਂ ਦੇ ਨਾਲ ਸਹਿਮਤ ਹਾਂ ਜਾਂ ਨਹੀਂ।

ਮਾਨਯੋਗ ਸਪੀਕਰ : ਤੁਹਾਨੂੰ ਸਰਦਾਰ ਤੋਤਾ ਸਿੰਘ ਹੋਰਾਂ ਨੇ ਭਰੋਸਾ ਦਿਵਾ ਦਿੱਤਾ ਹੈ। ਉਹ ਅਜੇ ਅੱਜ ਹੀ ਤੁਹਾਨੂੰ ਕੀ ਜਵਾਬ ਦੇਣਗੇ?

(iii) THE PUNJAB APPROPRIATION BILL, 2012

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਪੰਜਾਬ ਨਮਿੱਤਣ ਬਿਲ ਪੇਸ਼ ਕਰਨਗੇ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਨਮਿੱਤਣ ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਐਫ.ਐਮ. ਸਾਹਿਬ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਸਰਕਾਰ ਦੇ ਖਜ਼ਾਨੇ ਵਿਚ ਪਏ ਪੈਂਡਿੰਗ ਬਿਲਾਂ ਬਾਰੇ ਜਾਣਕਾਰੀ ਦੇਣੀ ਚਾਹੁੰਦਾ ਹਾਂ। ਲੀਡਰ ਆਫ ਦਿ ਆਪੋਜ਼ੀਸ਼ਨ ਨੇ ਇਸ ਬਾਰੇ ਪੁੱਛਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਟਰੈਜ਼ਰੀ ਵਿਚ ਹਮੇਸ਼ਾ ਹੀ ਬਿਲ ਪੈਂਡਿੰਗ ਪਏ ਰਹਿੰਦੇ ਹਨ। ਕਦੇ ਵੀ ਇਹ ਨਹੀਂ ਹੋਇਆ ਕਿ ਸਾਰੇ ਦੇ ਸਾਰੇ ਪਾਸ ਹੋ ਗਏ ਹੋਣ। ਮੈਂ ਪ੍ਰੈਜ਼ੈਂਟ ਬਿਲਾਂ ਦੀ ਐਗਜ਼ੈਕਟ ਫਿਗਰ ਤਾਂ ਨਹੀਂ ਦੱਸ ਸਕਦਾ ਕਿਉਂਕਿ ਬਿਲ ਆਉਂਦੇ ਰਹਿੰਦੇ ਹਨ ਅਤੇ ਪਾਸ ਹੁੰਦੇ ਰਹਿੰਦੇ ਹਨ ਪਰ ਅੰਦਾਜ਼ਨ ਇਸ ਵੇਲੇ ਖਜ਼ਾਨੇ ਵਿਚ 1,000 ਕਰੋੜ ਰੁਪਏ ਦੇ ਬਿਲ ਪੈਂਡਿੰਗ ਪਏ ਹਨ। ਇਨ੍ਹਾਂ ਬਿਲਾਂ ਵਿਚੋਂ 700-800 ਕਰੋੜ ਰੁਪਏ ਦੇ ਬਿਲ ਇਸ ਸਾਲ ਦੇ ਅੰਤ ਭਾਵ 31 ਮਾਰਚ ਤੱਕ ਕਲੀਅਰ ਕਰ ਦਿੱਤੇ ਜਾਣਗੇ। ਜਿਹੜੇ ਬਾਕੀ ਅਮਾਊਂਟ ਦੇ ਬਿਲ ਹਨ, ਉਨ੍ਹਾਂ ਨੂੰ ਨਵੇਂ ਵਿੱਤੀ ਸਾਲ ਦੇ ਪਹਿਲੇ ਮਹੀਨੇ ਵਿਚ ਕਲੀਅਰ ਕਰ ਦਿੱਤਾ ਜਾਵੇਗਾ। ਇਹ ਖਜ਼ਾਨੇ ਦੇ ਬਿਲਾਂ ਦਾ ਅੱਜ ਦਾ ਸਟੇਟਸ ਹੈ।

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਦੇ ਧਿਆਨ ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਸ਼ੈਲਰਾਂ ਸਬੰਧੀ

ਵੱਡੀ ਪ੍ਰਾਬਲਮ ਲਿਆਉਣੀ ਚਾਹੁੰਦਾ ਹਾਂ। ਇਹ ਪ੍ਰਾਬਲਮ ਕਿਸਾਨਾਂ ਨਾਲ ਜੁੜੀ ਹੋਈ ਹੈ ਅਤੇ ਐਗਰੀਕਲਚਰ ਮਹਿਕਮੇ ਨਾਲ ਵੀ ਤਾਅਲੁੱਕ ਰੱਖਦੀ ਹੈ। (...ਵਿਘਨ...) ਸ਼ੈਲਰਾਂ ਤੋਂ ਸਰਕਾਰ ਨੂੰ ਕਮਾਈ ਹੁੰਦੀ ਹੈ ਜੀ। (...ਵਿਘਨ...) ਬਿਲ ਦੇ ਨਾਲ ਹੀ ਸਬੰਧ ਰੱਖਦਾ ਹੈ।

ਮਾਨਯੋਗ ਸਪੀਕਰ : ਚਲੋ, ਦੋ ਮਿੰਟ ਬੋਲ ਲੈਣ ਦਿਉ। ਬਾਜਵਾ ਜੀ, ਤੁਸੀਂ ਇਧਰ ਚੇਅਰ ਨੂੰ ਐਡਰੈਸ ਕਰਕੇ ਬੋਲਣਾ ਹੈ। ਮੈਂਬਰਾਂ ਨੂੰ ਐਡਰੈਸ ਨਹੀਂ ਕਰਨਾ।

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਗੁਰਦਾਸਪੁਰ ਜ਼ਿਲ੍ਹੇ ਦੇ ਸਾਰੇ ਸ਼ੈਲਰ ਬੰਦ ਹੋਣ ਜਾ ਰਹੇ ਹਨ, ਉਨ੍ਹਾਂ ਖਿਲਾਫ ਪਰਚੇ ਦਰਜ ਹੋ ਰਹੇ ਹਨ ਅਤੇ ਉਹ ਡਿਫਾਲਟਰ ਬਣ ਰਹੇ ਹਨ।

ਮਾਨਯੋਗ ਸਪੀਕਰ : ਇਸ ਦਾ ਬਿਲ ਨਾਲ ਕੀ ਸਬੰਧ ਹੈ? ਤੁਸੀਂ ਇਹ ਦੱਸੋ ਕਿ ਤੁਸੀਂ ਕਿਹੜੀ ਮੰਗ ਤੇ ਬੋਲ ਰਹੇ ਹੋ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਸਪੀਕਰ ਸਾਹਿਬ, ਬਿਲਕੁਲ ਬਿਲ ਨਾਲ ਸਬੰਧ ਹੈ। ਸ਼ੈਲਰਾਂ ਤੋਂ ਸਰਕਾਰ ਦੇ ਖਜ਼ਾਨੇ ਨੂੰ ਕਮਾਈ ਹੁੰਦੀ ਹੈ। ਇਹ ਸਿਵਲ ਸਪਲਾਈ ਦੇ ਵਿਭਾਗ ਨਾਲ ਸਬੰਧਤ ਹੈ ਅਤੇ ਮੰਗ ਨੰਬਰ 9 ਉਤੇ ਮੈਂ ਬੋਲ ਰਿਹਾ ਹਾਂ। ਸਪੀਕਰ ਸਾਹਿਬ, ਜਿਹੜਾ ਜੱਟਾਂ ਨੂੰ ਬੀਜ ਦਿੱਤਾ ਜਾਂਦਾ ਹੈ, ਉਹ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਪਾਸ ਹੁੰਦਾ ਹੈ। ਫਿਰ ਉਹ ਬੀਜ ਜੱਟ ਬੀਜਦੇ ਹਨ। ਸਰਦਾਰ ਤੋਤਾ ਸਿੰਘ ਜੀ ਦੇ ਵੀ ਧਿਆਨ ਵਿਚ ਲਿਆਉਣ ਵਾਲੀ ਗੱਲ ਹੈ ਕਿ ਜਿਹੜੀ ਰਿਸਰਚ ਐਗਰੀਕਲਚਰ ਯੂਨੀਵਰਸਿਟੀ ਕਰਦੀ ਹੈ ਉਹ ਕੇਵਲ ਜੱਟਾਂ ਦੇ ਪੱਖ ਤੋਂ ਹੀ ਰਿਸਰਚ ਕਰਦੀ ਹੈ ਕਿ ਕਿੰਨਾ ਝਾੜ ਪ੍ਰਤੀ ਏਕੜ ਮਿਲੇਗਾ। ਪ੍ਰੰਤੂ ਉਸ ਦਾ ਬਰੋਕਨ (ਟੋਟਾ) ਕਿੰਨਾ ਬਣੇਗਾ, ਉਸ ਗੱਲ ਵੱਲ ਰਿਸਰਚ ਖਤਮ ਖੜ੍ਹੀ ਹੈ। ਝੋਨਾ ਸ਼ੈਲਰਾਂ ਕੋਲ ਚਲਾ ਜਾਂਦਾ ਹੈ। ਉਥੇ ਬਰੋਕਨ ਦੀ ਪ੍ਰਤੀਸ਼ਤ ਵਧ ਰਹੀ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਸ਼ੈਲਰਾਂ ਦਾ ਬਰੋਕਨ 55% ਹੋ ਰਿਹਾ ਹੈ ਅਤੇ ਚੌਲ ਲੱਗ ਨਹੀਂ ਰਿਹਾ। ਸ਼ੈਲਰ ਬੰਦ ਹੋਣ ਦੇ ਕਿਨਾਰੇ ਪਏ ਹਨ। ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਕਿਉਂਜੋ ਸ਼ੈਲਰਾਂ ਤੋਂ ਖਜ਼ਾਨੇ ਨੂੰ ਕਮਾਈ ਹੁੰਦੀ ਹੈ, ਇਸ ਲਈ ਇਨ੍ਹਾਂ ਨੂੰ ਬੰਦ ਨਾ ਹੋਣ ਦਿੱਤਾ ਜਾਵੇ। ਇਹ ਪੰਜਾਬ ਵਿਚ ਇੱਕੋ-ਇੱਕ ਹੀ ਵੱਡੀ ਐਗਰੋ-ਬੇਸਡ ਇੰਡਸਟਰੀ ਹੈ। ਇਸ ਵੱਲ ਮੰਤਰੀ ਜੀ ਧਿਆਨ ਦੇਣ ਅਤੇ ਇਨ੍ਹਾਂ ਸਾਰੇ ਸ਼ੈਲਰਾਂ ਵਾਲਿਆਂ ਨੂੰ ਬਚਾਇਆ ਜਾਵੇ।

ਸਰਦਾਰ ਸੋਹਣ ਸਿੰਘ ਠੰਡਲ (ਚੱਬੇਵਾਲ, ਐਸ.ਸੀ.) : ਸਪੀਕਰ ਸਾਹਿਬ, ਮੈਂ ਮੰਗ ਨੰਬਰ 25 ਤੇ ਕੁਝ ਕਹਿਣਾ ਚਾਹੁੰਦਾ ਹਾਂ ਜਿਹੜੀ ਕਿ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ ਸਰਕਾਰ ਵੱਲੋਂ ਰੱਖੇ ਗਏ ਸ਼ਗਨ ਸਕੀਮ ਦੇ ਫੰਡਾਂ ਨਾਲ ਸਬੰਧਤ ਹੈ। ਪਿਛਲੇ ਕੁਝ ਸਮੇਂ ਤੋਂ ਸ਼ਗਨ ਸਕੀਮ ਦੀਆਂ ਅਰਜ਼ੀਆਂ ਪੈਂਡਿੰਗ ਚਲੀਆਂ ਆ ਰਹੀਆਂ ਸਨ। ਇਸ ਵਿਚ ਜਿਹੜੇ ਫੰਡ ਇਲੈਕਸ਼ਨਾਂ ਤੋਂ ਪਹਿਲਾਂ ਜਾਰੀ ਕੀਤੇ ਗਏ ਸਨ, ਉਹ ਗਲਤੀ ਨਾਲ ਜਿਹੜੇ ਪਿਛਲੇ ਅਰਜ਼ੀਆਂ ਵਾਲੇ ਸਨ, ਉਨ੍ਹਾਂ ਨੂੰ ਜਾਰੀ ਹੋ ਗਏ ਅਤੇ ਪਹਿਲਾਂ ਵਾਲੇ ਵਾਂਝੇ ਰਹਿ ਗਏ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਹੁਣ ਫੰਡ ਜਾਰੀ ਹੋਣ ਤਾਂ ਪਹਿਲਾਂ ਪੈਂਡਿੰਗ ਪਈਆਂ ਅਰਜ਼ੀਆਂ ਵਾਲਿਆਂ ਨੂੰ ਪਰੀਓਰਿਟੀ ਦੇ ਕੇ ਉਨ੍ਹਾਂ ਦੇ ਚੈੱਕ ਜਾਰੀ ਕੀਤੇ ਜਾਣ ਤਾਂ ਜੋ ਸਾਰੀ ਸਕੀਮ ਤਰਤੀਬਵਾਰ ਚਲਦੀ ਰਹੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਵੇਖਣ ਵਾਲੀ ਗੱਲ ਇਹ ਹੈ ਕਿ ਕਿਧਰੇ ਜਾਣ-ਬੁੱਝ ਕੇ ਤਾਂ ਨਹੀਂ ਰੱਖੇ ਰਏ, ਦੇਣ ਦੀ ਨੀਅਤ ਵੀ ਹੈ ਜਾਂ ਨਹੀਂ? (ਹਾਸਾ)

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ : ਸਪੀਕਰ ਸਾਹਿਬ, ਜਿਹੜੇ ਪਿਛਲੇ ਕੁਝ ਪੈਂਡਿੰਗ ਬਿਲ ਹਨ, ਉਨ੍ਹਾਂ ਨੂੰ ਪ੍ਰਰਿਓਰਿਟੀ ਦੇ ਆਧਾਰ ਤੇ ਅਗਲੇ ਸਾਲ ਕਲੀਅਰ ਕਰ ਦਿਆਂਗੇ ਜੀ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਮੈਂ ਵਿੱਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ...

ਮਾਨਯੋਗ ਸਪੀਕਰ : ਪੁੱਛਣਾ ਨਹੀਂ ਤੁਸੀਂ ਸੁਜੈਸ਼ਨ ਦਿਓ, ਅਜੇ ਤਾਂ ਕੰਮ ਸ਼ੁਰੂ ਹੋਣਾ ਹੈ, ਤੁਸੀਂ ਸੁਜੈਸ਼ਨ ਦਿਓ।

ਰਾਣਾ ਗੁਰਮੀਤ ਸਿੰਘ ਸੋਢੀ (ਗੁਰੂ ਹਰਸਹਾਏ) : ਚਲੋ ਠੀਕ ਹੈ ਜੀ, ਪੁੱਛਦਾ ਨਹੀਂ, ਮੈਂ 25ਵੀਂ ਮੰਗ ਦੀ ਹੀ ਗੱਲ ਕਰ ਰਿਹਾ ਹਾਂ ਜੀ। ਇਹ ਜਿਹੜੀਆਂ ਬੁਢਾਪਾ ਤੇ ਵਿਧਵਾ ਪੈਨਸ਼ਨਾਂ ਅਤੇ ਸ਼ਗਨ ਸਕੀਮਾਂ ਸਡਿਊਲਡ ਕਾਸਟ ਅਤੇ ਹੋਰ ਦਲਿਤਾਂ ਦੀਆਂ ਪੈਂਡਿੰਗ ਪਈਆਂ ਹਨ, ਕੀ ਜੋ ਤੁਸੀਂ ਨਵੀਂ ਰਾਸ਼ੀ ਇਨਕਰੀਜ਼ ਕੀਤੀ ਹੈ, ਉਸਦੇ ਹਿਸਾਬ ਨਾਲ ਪੁਰਾਣੀਆਂ ਪੈਂਡਿੰਗ ਸਕੀਮਾਂ ਤਹਿਤ ਪੈਸਾ ਦੇਵੋਗੇ ਜਾਂ ਪਹਿਲਾਂ ਮਿਲਦੀ ਰਾਸ਼ੀ ਦੇ ਹਿਸਾਬ ਨਾਲ ਹੀ ਦਿਓਗੇ?

ਮਾਨਯੋਗ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ ਜੀ। ਹਾਂ ਜੀ ਬੈਂਸ ਸਾਹਿਬ।

ਸਰਦਾਰ ਬਲਵਿੰਦਰ ਸਿੰਘ ਬੈਂਸ (ਲੁਧਿਆਣਾ ਦੱਖਣੀ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿੱਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਕਿਹਾ ਹੈ ਕਿ 800 ਕਰੋੜ ਰੁਪਏ ਕਲੀਅਰ ਕਰ ਦਿਆਂਗੇ, ਇਹ ਵੀ ਦੱਸਿਆ ਜਾਵੇ ਕਿ ਜਿਹੜਾ ਵੈਟ ਰਿਫੰਡ ਹੈ, ਉਹ ਕਿਹੜੀ ਡੇਟ ਤੱਕ ਮੋੜ ਦੇਣਗੇ Upto which date? ਕਿਸ ਤਰੀਕ ਤੱਕ ਦਾ ਵਾਪਸ ਕਰ ਦੇਣਗੇ upto which date? ਪਿਛਲੀ ਤਰੀਕ ਤਾਂ ਕੋਈ ਦੱਸ ਦੇਣ ਕਿ ਇਥੋਂ ਤੱਕ ਦਾ ਦੇ ਦਿਆਂਗੇ, ਇੱਥੋਂ ਤੱਕ ਦਾ ਮੋੜ ਦਿਆਂਗੇ। ਕੋਈ ਪੱਕੀ ਤਰੀਕ ਦੱਸ ਦੇਣ।

ਮਾਨਯੋਗ ਸਪੀਕਰ : ਬੈਂਸ ਜੀ, ਤੁਹਾਡਾ ਪੁਆਇੰਟ ਆ ਗਿਆ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ (ਐਸ.ਏ.ਐਸ. ਨਗਰ) : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਇਹ ਜਿਹੜੀ 800 ਕਰੋੜ ਵਾਪਸ ਕਰਨ ਦੀ ਗੱਲ ਕਰ ਰਹੇ ਹਨ, ਸਾਡੇ ਪਿਛਲੇ 2 ਸਾਲ ਤੋਂ ਬਹੁਤ ਸਾਰੇ ਇੰਪਲਾਈਜ ਰਿਟਾਇਰ ਹੋਏ ਹੋਏ ਹਨ, ਉਨ੍ਹਾਂ ਵਿਚਾਰਿਆਂ ਦੀ ਗਰੈਚੂਟੀ ਜਾਂ ਹੋਰ ਉਨ੍ਹਾਂ ਦੀ ਕਮਾਈ ਦੇ ਪੈਸੇ ਸਰਕਾਰ ਨੇ ਰੋਕੇ ਹੋਏ ਹਨ। ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ 31 ਮਾਰਚ ਤੱਕ ਸਾਰੇ ਦੇ ਸਾਰੇ ਦਿੱਤੇ ਜਾਣਗੇ ਅਤੇ ਕੀ ਇਹ ਇਸਦੇ ਵਿਚ ਸ਼ਾਮਿਲ ਹਨ?

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਮੈਂ ਮੰਗ ਨੰਬਰ 20 ਤੇ ਬੋਲਣਾ ਚਾਹੁੰਦਾ ਹਾਂ। ਗੌਰਮਿੰਟ ਆਫ ਇੰਡੀਆ ਤੋਂ ਪੰਜਾਬ ਸਰਕਾਰ ਦੇ ਬਹੁਤ ਸਾਰੇ ਵੱਖੋ-ਵੱਖਰੇ ਮਹਿਕਮੀਆਂ ਲਈ ਗਰਾਂਟ ਦਿੱਤੀ ਜਾਂਦੀ ਹੈ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਕਾਹਦੇ ਲਈ ਰੌਲਾ ਪਾ ਰਹੇ ਹੋ, ਤੁਹਾਡਾ ਮੈਂਬਰ ਬੋਲ ਰਿਹਾ ਹੈ ਅਤੇ ਤੁਸੀਂ ਕਾਹਦੇ ਲਈ ਰੌਲਾ ਪਾ ਰਹੇ ਹੋ?

ਸ੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਇਹ ਜਿਹੜੀ ਗਰਾਂਟ ਹੈ, ਜਿਸ ਤਰ੍ਹਾਂ ਕਿ ਜਵਾਹਰ ਲਾਲ ਨਹਿਰੂ ਅਰਬਨ ਰਿਨੀਊਅਲ ਮਿਸ਼ਨ, ਏ.ਆਈ.ਬੀ.ਪੀ., ਆਰ.ਕੇ.ਵੀ.ਵਾਈ. ਅਤੇ ਹੋਰ ਬਹੁਤ ਸਾਰੀਆਂ ਸਕੀਮਾਂ ਵਾਸਤੇ ਕੇਂਦਰ ਸਰਕਾਰ ਵੱਲੋਂ 83% ਤੱਕ ਗਰਾਂਟ ਦਿੱਤੀ ਜਾਂਦੀ ਹੈ ਅਤੇ ਪਿਛਲੇ ਸਾਲਾਂ ਵਿਚ ਦੇਖਿਆ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਕੁਝ ਸਕੀਮਾਂ ਤਹਿਤ ਪੰਜਾਬ ਸਰਕਾਰ ਨੂੰ ਸਹਾਇਤਾ ਨਹੀਂ ਦਿੱਤੀ ਗਈ ਕਿਉਂਕਿ ਇੱਥੋਂ ਜੋ ਮੈਚਿੰਗ ਗਰਾਂਟ 17% ਦਿੱਤੀ ਜਾਣੀ ਹੁੰਦੀ ਹੈ, ਉਹ ਨਹੀਂ ਮਿਲਦੀ। ਇਸ ਨਾਲ ਪੰਜਾਬ ਦੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਮੈਂ ਸਟੱਡੀ ਕੀਤਾ ਹੈ, ਜਿਸ ਤਰ੍ਹਾਂ Southern States ਹਨ ਜਾਂ Eastern States ਹਨ, ਉਨ੍ਹਾਂ ਨੇ ਆਪਣੀਆਂ ਪਰਿਆਰੀਟੀਜ਼ ਇਨ੍ਹਾਂ ਗਰਾਂਟਸ ਤੇ ਜੋ ਕਿ ਕੇਂਦਰ ਸਰਕਾਰ ਤੋਂ ਮਿਲਦੀਆਂ ਹਨ, ਤੇ ਰੱਖੀਆਂ ਹਨ ਅਤੇ ਉਹ ਮੈਚਿੰਗ ਗਰਾਂਟ ਦੇ ਕੇ ਕੇਂਦਰ ਤੋਂ ਬਹੁਤ ਜ਼ਿਆਦਾ ਫਾਇਦਾ ਉਠਾ ਰਹੀਆਂ ਹਨ। ਸਾਡੀ ਸਟੇਟ, ਮੈਨੂੰ ਲਗਦਾ ਹੈ ਕਿ ਇੱਥੇ ਇਹ ਰਿਵਾਇਤ ਹੀ ਨਹੀਂ ਹੈ ਕਿ ਮੈਚਿੰਗ ਗਰਾਂਟ ਦੇ ਕੇ ਕੇਂਦਰ ਤੋਂ ਪੈਸੇ ਲਿਆਂਦੇ ਜਾਣ। ਪੰਜਾਬ ਦੇ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਮੈਂ ਵਿੱਤ ਮੰਤਰੀ ਸਾਹਿਬ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਹ ਪਰਿਆਰਿਟੀ ਨੰਬਰ ਇੱਕ ਤੇ ਰੱਖਣੀ ਚਾਹੀਦੀ ਹੈ ਕਿਉਂਕਿ 17% ਦੇ ਕੇ ਕੇਂਦਰ ਤੋਂ 83% ਪੈਸੇ ਲਿਆ ਸਕਦੇ ਹਾਂ ਅਤੇ ਅਗਲਾ ਜਿਹੜਾ ਬਜਟ ਆਉਣਾ ਹੈ, ਉਸ ਦੇ ਵਿੱਚ ਇਸ ਨੂੰ ਜ਼ਰੂਰ ਪਰਿਆਰਿਟੀ ਦਿੱਤੀ ਜਾਵੇ ਤਾਂ ਕਿ ਅਸੀਂ ਕੇਂਦਰ ਤੋਂ ਵੱਧ ਤੋਂ ਵੱਧ ਪੈਸਾ ਲਿਆ ਸਕੀਏ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਨਮਿੱਤਣ ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼ਡਿਊਲ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼-1

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼-1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਨਮਿੱਤਣ ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

(iv) PRESENTATION OF VOTE-ON-ACCOUNT FOR EXPENDITURE OF THE GOVERNMENT OF PUNJAB 2012-2013

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਸਾਲ 2012-13 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਤਿੰਨ ਮਹੀਨਿਆਂ ਲਈ ਲੇਖਾ-ਅਨੁਦਾਨ ਪੇਸ਼ ਕਰਨਗੇ। ਵਿੱਤ ਮੰਤਰੀ ਜੀ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ, ਮੈਂ ਸਾਲ 2012-13 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਤਿੰਨ ਮਹੀਨਿਆਂ ਲਈ ਲੇਖਾ-ਅਨੁਦਾਨ ਪੇਸ਼ ਕਰਦਾ ਹਾਂ।

ਪੰਜਾਬ ਸਰਕਾਰ ਦੇ ਖਰਚ ਲਈ ਲੇਖਾ-ਅਨੁਦਾਨ

2012-2013

ਵਿਆਖਿਆਤਮਕ ਮੈਮੋਰੰਡਮ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 206 ਦੇ ਅਨੁਸ਼ਰਨ ਵਿੱਚ, ਪੰਜਾਬ ਵਿਧਾਨ ਸਭਾ ਨੂੰ ਤਿੰਨ ਮਹੀਨੇ ਅਰਥਾਤ ਅਪ੍ਰੈਲ, ਮਈ ਅਤੇ ਜੂਨ, 2012 ਦੇ ਸਮੇਂ ਵਿੱਚ ਆਉਣ ਵਾਲੇ ਖਰਚੇ ਲਈ ਇਸ ਨਾਲ ਨੱਥੀ ਅਨੁਸੂਚੀ ਲੇਖਾ-ਅਨੁਦਾਨ ਪਾਸ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ। ਸਾਲ 2012-2013 ਦੇ ਖਰਚੇ ਲਈ ਗ੍ਰਾਂਟਾਂ ਸਬੰਧੀ ਵਿਸਤ੍ਰਿਤ ਮੰਗਾਂ ਨੂੰ ਪੇਸ਼/ਵਿਚਾਰ ਲਈ ਅਜੇ ਲੰਬਿਤ ਰੱਖਿਆ ਜਾਣਾ ਹੈ।

ਮੋਟੇ ਤੌਰ ਤੇ, ਅਨੁਸੂਚੀ ਵਿੱਚ ਦਿੱਤੇ ਗਏ ਉਪਬੰਧ ਉਕਤ ਮੰਗਾਂ ਵਿੱਚ ਸ਼ਾਮਲ ਅਨੁਮਾਨਤ ਖਰਚ ਦਾ 3/12 ਹਿੱਸਾ ਦਰਸਾਉਂਦੇ ਹਨ।

ਲੇਖੇ ਦੇ ਹੋਰ ਵਰਗੀਕਰਣ ਅਧੀਨ ਪਲਾਨ, ਨਾਨ-ਪਲਾਨ ਅਤੇ ਕੇਂਦਰੀ ਪ੍ਰਯੋਜਿਤ ਸਕੀਮਾਂ ਦੇ ਸਾਲ 2011-2012 ਦੇ ਸੋਧੇ ਅਨੁਮਾਨ ਐਲੋਕੇਸ਼ਨ ਦਾ ਇੱਕ ਚੌਥਾਈ ਖਰਚ ਕੀਤਾ ਜਾਵੇਗਾ, ਪਰ ਤਨਖਾਹਾਂ ਲਈ ਤਨਖਾਹਾਂ ਦੇ ਸੋਧੇ ਅਨੁਮਾਨ 2011-2012 ਦਾ 40% ਹੋਵੇਗਾ।

ਕੁੱਲ ਰਕਮ ਜੋ ਮੰਗੀ ਗਈ ਹੈ ਉਹ ਰੁਪਏ 1,42,45,95,53,000 (ਚੌਦਾਂ ਹਜ਼ਾਰ ਦੋ ਸੌ ਪੰਤਾਲੀ ਕਰੋੜ ਪਚੰਨਵੇਂ ਲੱਖ ਤਰਵੰਜਾ ਹਜ਼ਾਰ) ਦੀ ਹੈ।

[ਵਿੱਤ ਮੰਤਰੀ]

ਲੇਖਾ ਅਨੁਦਾਨ 2012-2013

31 ਮਾਰਚ, 2013 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਦੇ ਮਹੀਨਾ ਅਪ੍ਰੈਲ, ਮਈ ਅਤੇ ਜੂਨ, 2012 ਤੱਕ ਦੇ ਸਮੇਂ ਲਈ ਦਾ ਲੇਖਾ-ਅਨੁਦਾਨ ਸਬੰਧੀ ਖਰਚ ਦਾ ਅਨੁਮਾਨ

(ਰੁਪਏ ਹਜਾਰਾਂ ਵਿੱਚ)

		ਕੁੱਲ ਰਕਮ ਦਾ (ਸੋਧੇ ਅਨੁਮਾਨ ਨਾਨ ਪਲਾਨ, ਪਲਾਨ ਅਤੇ ਸੀ.ਐਸ.ਐਸ. 11-12)			ਲੇਖਾ ਅਨੁਦਾਨ ਲਈ ਲੋੜੀਂਦੀ ਰਕਮ		
ਮੰਗ ਨੰ:	ਸੇਵਾਵਾਂ/ਵਿਭਾਗ/ਮੁੱਖ ਮੱਦਾਂ	ਵੋਟਿਡ	ਚਾਰਜ਼ਡ	ਕੁੱਲ	ਵੋਟਿਡ	ਚਾਰਜ਼ਡ	ਕੁੱਲ
01	**ਖੇਤੀਬਾੜੀ ਅਤੇ ਜੰਗਲਾਤ**						
2401	ਫ਼ਸਲ ਪਾਲਣ	3,13,93,39	20,20	3,14,1359	99,54,19	5,05	99,59,24
2402	ਭੂਮੀ ਤੇ ਜਲ ਸੰਭਾਲ	77,54,47	50	77,54,97	26,13,62	13	26,13,75
2406	ਵਣ ਪਾਲਣ ਤੇ ਜੰਗਲੀ ਜੀਵ	83,23,48	10,00	83,33,48	29,84,71	2,50	29,87,21
2415	ਖੇਤੀਬਾੜੀ ਸਬੰਧੀ ਖੋਜ ਤੇ ਸਿਖਿਆ	1,11,21,80	0	1,11,21,80	27,80,45	0	27,80,45
2435	ਹੋਰ ਖੇਤੀਬਾੜੀ ਪ੍ਰੋਗਰਾਮ	5,25,96	0	5,25,96	2,09,06	0	2,09,06
2702	ਛੋਟੀ ਸਿੰਚਾਈ	7,38,93	0	7,38,93	2,88,19	0	2,88,19
2810	ਸ਼ਕਤੀ ਤੇ ਗੈਰ ਪਰੰਪਰਾਗਤ ਸਰੋਤ	1,21,50	0	1,21,50	47,78	0	47,78
2851	ਗ੍ਰਾਮ ਤੇ ਲਘੂ ਉਦਯੋਗ	1,91,16	10	1,91,26	75,21	3	75,24
	ਕੁੱਲ ਮੰਗ (ਮਾਲ)	**6,01,70,69**	**30,80**	**6,02,01,49**	**1,89,53,21**	**7,71**	**1,89,60,92**
4059	ਲੋਕ ਕਾਰਜਾਂ ਤੇ ਪੂੰਜੀਗਤ ਲਾਗਤ	1,52,75	0	1,52,75	59,04	0	59,04
4401	ਫਸਲ ਪਾਲਣ ਤੇ ਪੂੰਜੀਗਤ ਲਾਗਤ	10	0	10	3	0	3
4402	ਭੂਮੀ ਅਤੇ ਜਲ ਸੰਭਾਲ ਤੇ ਪੂੰਜੀਗਤ ਲਾਗਤ	8,20,44	0	8,20,44	2,05,11	0	2,05,11

4406	ਵਣ ਪਾਲਣ ਅਤੇ ਜੰਗਲੀ ਜੀਵਾਂ ਤੇ ਪੂੰਜੀਗਤ ਲਾਗਤ	50,00	0	50,00	12,50	0	12,50
4435	ਹੋਰ ਖੇਤੀਬਾੜੀ ਪ੍ਰੋਗਰਾਮਾਂ ਤੇ ਪੂੰਜੀਗਤ ਲਾਗਤ	0	0	0	0	0	0
4810	ਬਿਜਲੀ ਦੇ ਗੈਰ ਪਰੰਪਰਾਗਤ ਸਾਧਨਾਂ ਤੇ ਪੂੰਜੀਗਤ ਲਾਗਤ	0	0	0	0	0	0
6401	ਫ਼ਸਲ ਪਾਲਣ ਲਈ ਕਰਜ਼ੇ	1,00,00	0	1,00,00	25,00	0	25,00
6402	ਭੂਮੀ ਅਤੇ ਜਲ ਸੰਭਾਲ ਲਈ ਕਰਜ਼ੇ	0	0	0	0	0	0
	ਕੁੱਲ ਮੰਗ (ਪੂੰਜੀ)	**11,23,29**	**0**	**11,23,29**	**3,01,68**	**0**	**3,01,68**
	ਕੁੱਲ ਮੰਗ (ਪੂੰਜੀ ਅਤੇ ਮਾਲ)	**6,12,93,98**	**30,80**	**6,13,24,78**	**1,92,54,89**	**7,71**	**1,92,62,60**
02	**ਪਸ਼ੂ ਪਾਲਣ ਤੇ ਮੱਛੀ ਪਾਲਣ**						
2403	ਪਸ਼ੂ ਪਾਲਣ	2,83,33,00	6,00	2,83,39,00	1,08,35,05	1,50	1,08,36,55
2404	ਡੇਅਰੀ ਵਿਕਾਸ	18,99,03	0	18,99,03	6,05,07	0	6,05,07
2405	ਮੱਛੀ ਪਾਲਣ	20,45,53	0	20,45,53	7,12,24	0	7,12,34
2415	ਖੇਤੀਬਾੜੀ ਸਬੰਧੀ ਖੋਜ ਤੇ ਸਿੱਖਿਆ	40,50,00	0	40,50,00	10,12,50	0	10,12,50
	ਕੁੱਲ ਮੰਗ (ਮਾਲ)	**3,63,27,56**	**6,00**	**3,63,33,56**	**1,31,64,96**	**1,50**	**1,31,66,46**
4403	ਪਸ਼ੂ ਪਾਲਣ ਤੇ ਪੂੰਜੀਗਤ ਲਾਗਤ	19,07,00	0	19,07,00	4,76,75	0	4,76,75
4404	ਡੇਅਰੀ ਵਿਕਾਸ	0	0	0	0	0	0
4405	ਮੱਛੀ ਪਾਲਣ ਤੇ ਪੂੰਜੀਗਤ ਲਾਗਤ	1,17,00	0	1,17,00	29,25	0	29,25
	ਕੁੱਲ ਮੰਗ (ਪੂੰਜੀ)	**20,24,00**	**0**	**20,24,00**	**5,06,00**	**0**	**5,06,00**
	ਕੁੱਲ ਮੰਗ (ਪੂੰਜੀ ਅਤੇ ਮਾਲ)	**3,83,51,56**	**6,00**	**3,83,57,56**	**1,36,70,96**	**1,50**	**1,36,72,46**

03	**ਸਹਿਕਾਰਤਾ**						
2230	ਕਿਰਤ ਤੇ ਰੁਜ਼ਗਾਰ	0	0	0	0	0	0
2404	ਡੇਅਰੀ ਵਿਕਾਸ	5,12,50	0	5,12,50	1,28,13	0	1,28,13
2425	ਸਹਿਕਾਰਤਾ	1,64,03,95	37,69	1,64,41,64	54,03,75	9,42	54,13,17
2851	ਗ੍ਰਾਮ ਤੇ ਲਘੂ ਉਦਯੋਗ	0	0	0	0	0	0
	ਕੁੱਲ ਮੰਗ (ਮਾਲ)	**1,69,16,45**	**37,69**	**1,69,54,14**	**55,31,88**	**9,42**	**55,41,30**
4404	ਡੇਅਰੀ ਵਿਕਾਸ ਤੇ ਪੂੰਜੀਗਤ ਲਾਗਤ	0	0	0	0	0	0
4425	ਸਹਿਕਾਰਤਾ ਤੇ ਪੂੰਜੀਗਤ ਲਾਗਤ	0	0	0	0	0	0
4851	ਗ੍ਰਾਮ ਅਤੇ ਛੋਟੇ ਉਦਯੋਗਾਂ ਤੇ ਪੂੰਜੀਗਤ ਲਾਗਤ	0	0	0	0	0	0
6425	ਸਹਿਕਾਰਤਾ ਲਈ ਕਰਜ਼ੇ	1,28,72,00	0	1,28,72,00	32,18,00	0	32,18,00
	ਕੁੱਲ ਮੰਗ (ਪੂੰਜੀ)	**1,28,72,00**	**0**	**1,28,72,00**	**32,18,00**	**0**	**32,18,00**
	ਕੁੱਲ ਮੰਗ (ਪੂੰਜੀ ਅਤੇ ਮਾਲ)	**2,97,88,45**	**37,69**	**2,98,26,14**	**87,49,88**	**9,42**	**87,59,30**
04	**ਸੁਰੱਖਿਆ ਸੇਵਾਵਾਂ ਭਲਾਈ**						
2235	ਸਮਾਜਿਕ ਸੁਰੱਖਿਆ ਤੇ ਭਲਾਈ	24,56,25	10	24,56,35	7,12,29	3	7,12,32
3604	ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮੁਆਵਜ਼ਾ ਅਤੇ ਕੰਮ	2,00,50	0	2,00,50	50,13	0	50,13
	ਕੁੱਲ ਮੰਗ (ਮਾਲ)	**26,56,75**	**10**	**26,56,85**	**7,62,42**	**3**	**7,62,45**
4235	ਸਮਾਜਿਕ ਸੁਰੱਖਿਆ ਅਤੇ ਭਲਾਈ ਤੇ ਪੂੰਜੀਗਤ ਲਾਗਤ	1,75,00	0	1,75,00	43,75	0	43,75
	ਕੁੱਲ ਮੰਗ (ਪੂੰਜੀ)	**1,75,00**	**0**	**1,75,00**	**43,75**	**0**	**43,75**
	ਕੁੱਲ ਮੰਗ (ਪੂੰਜੀ ਅਤੇ ਮਾਲ)	**28,31,75**	**10**	**28,31,85**	**8,06,17**	**3**	**8,06,20**

05	**ਸਿੱਖਿਆ**						
2058	ਛਪਾਈ ਤੇ ਸਟੇਸ਼ਨਰੀ	36,80,74	77,57	37,58,31	11,95,85	19,39	12,15,24
2071	ਪੈਨਸ਼ਨ ਤੇ ਹੋਰ ਸੇਵਾ ਨਵਿਰਤੀ ਲਾਭ	40,00,00	0	40,00,00	10,00,00	0	10,00,00
2075	ਫੁਟਕਲ ਆਮ ਸੇਵਾਵਾਂ	10,00	0	10,00	2,50	0	2,50
2202	ਆਮ ਸਿੱਖਿਆ	52,67,24,48	23,02,10	52,90,26,58	19,57,04,42	5,75,53	19,62,79,95
2204	ਖੇਲ ਕੁੱਦ ਤੇ ਯੁਵਕ ਸੇਵਾਵਾਂ	1,05,71,67	80	1,05,72,47	31,40,96	20	31,41,16
2205	ਕਲਾ ਤੇ ਸਭਿਆਚਾਰ	2,95,59	0	2,95,59	1,14,50	0	1,14,50
	ਕੁੱਲ ਮੰਗ (ਮਾਲ)	**54,52,82,48**	**23,80,47**	**54,76,62,95**	**20,11,58,23**	**5,95,12**	**20,17,53,35**
4058	ਛਪਾਈ ਅਤੇ ਲਿਖਣ ਸਮੱਗਰੀ ਉੱਤੇ ਪੂੰਜੀਗਤ ਲਾਗਤ	10,00	0	10,00	2,50	0	2,50
4202	ਸਿੱਖਿਆ, ਖੇਲ ਕੁੱਦ ਕਲਾ ਅਤੇ ਸਭਿਆਚਾਰ ਤੇ ਪੂੰਜੀਗਤ ਲਾਗਤ	2,43,43,51	0	2,43,43,51	60,85,88	0	60,85,88
	ਕੁੱਲ ਮੰਗ (ਪੂੰਜੀ)	**2,43,53,51**	**0**	**2,43,53,51**	**60,88,38**	**0**	**60,88,38**
	ਕੁੱਲ ਮੰਗ (ਪੂੰਜੀ ਅਤੇ ਮਾਲ)	**56,96,35,99,**	**23,80,47**	**57,20,16,46**	**20,72,46,61**	**5,95,12**	**20,78,41,73**
06	**ਚੋਣਾਂ**						
2015	ਚੋਣਾਂ	1,32,27,55	11	1,32,27,66	34,92,89	3	34,92,92
2075	ਫੁਟਕਲ ਆਮ ਸੇਵਾਵਾਂ	17,86,65	0	17,86,65	4,58,21	0	4,58,21
	ਕੁੱਲ ਮੰਗ (ਮਾਲ)	**1,50,14,20**	**11**	**1,50,14,31**	**39,51,10**	**3**	**39,51,13**
	ਕੁੱਲ ਮੰਗ (ਪੂੰਜੀ)	**0**	**0**	**0**	**0**	**0**	**0**
	ਕੁੱਲ ਮੰਗ (ਪੂੰਜੀ ਅਤੇ ਮਾਲ)	**1,50,14,20**	**11**	**1,50,14,31**	**39,51,10**	**3**	**39,51,13**
07	**ਆਬਕਾਰੀ ਅਤੇ ਕਰਬੰਦੀ**						
2039	ਰਾਜ ਆਬਕਾਰੀ	41,31,58	10	41,31,68	15,12,90	3	15,12,93

2040	ਵਿਕਰੀ ਤੇ ਵਪਾਰ ਤੇ ਕਰ ਆਦਿ	1,12,60,95	18,50	1,12,79,45	41,65,24	4,63	41,69,87
	ਕੁੱਲ ਮੰਗ (ਮਾਲ)	**1,53,92,53**	**18,60**	**1,54,11,13**	**56,78,14**	**4,66**	**56,82,80**
	ਕੁੱਲ ਮੰਗ (ਪੂੰਜੀ)	**0**	**0**	**0**	**0**	**0**	**0**
	ਕੁੱਲ ਮੰਗ (ਪੂੰਜੀ ਅਤੇ ਮਾਲ)	**1,53,92,53**	**18,60**	**1,54,11,13**	**56,78,14**	**4,66**	**56,82,80**
08	**ਵਿੱਤ**						
2047	ਹੋਰ ਮਾਲੀ ਸੇਵਾਵਾਂ	20,26,56	1,00	20,27,56	5,27,78	25	5,28,03
2049	ਵਿਆਜ ਦੀਆਂ ਅਦਾਇਗੀਆਂ	0	62,70,87,01	62,70,87,01	0	15,67,71,75	15,67,71,75
2052	ਸਕੱਤਰੇਤ ਆਮ ਸੇਵਾਵਾਂ	2,28,09	1,02	2,29,11	84,85	26	85,11
2054	ਖਜ਼ਾਨਾ ਤੇ ਲੇਖਾ ਪ੍ਰਸ਼ਾਸਨ	51,45,25	1,00	51,46,25	19,50,36	25	19,50,61
2070	ਹੋਰ ਪ੍ਰਬੰਧਕੀ ਸੇਵਾਵਾਂ	5,44,32	0	5,44,32	1,68,03	0	1,68,03
2071	ਪੈਨਸ਼ਨ ਤੇ ਹੋਰ ਸੇਵਾ ਨਵਿਰਤੀ ਲਾਭ	47,63,28,33	0	47,63,28,33	11,90,82,08	0	11,90,82,08
2075	ਫੁਟਕਲ ਆਮ ਸੇਵਾਵਾਂ	48,10,00	0	48,10,00	12,02,50	0	12,02,50
2235	ਸਮਾਜਿਕ ਸੁਰੱਖਿਆ ਤੇ ਭਲਾਈ	27,67,00	0	27,67,00	6,91,75	0	6,91,75
3451	ਸਕੱਤਰੇਤ ਆਰਥਿਕ ਸੇਵਾਵਾਂ	1,51,53	0	1,51,53	54,63	0	54,63
	ਕੁੱਲ ਮੰਗ (ਮਾਲ)	**49,20,01,08**	**62,70,90,03**	**1,11,90,91,11**	**12,37,61,98**	**15,67,72,51**	**28,05,34,49**
6003	ਸਰਕਾਰ ਦੇ ਅੰਦਰੂਨੀ ਕਰਜ਼ੇ	0	84,16,27,82	84,16,27,82	0	21,04,06,96	21,04,06,96
6004	ਕੇਂਦਰੀ ਸਰਕਾਰ ਪਾਸੋਂ ਕਰਜ਼ੇ ਤੇ ਪੇਸ਼ਗੀਆਂ	0	2,08,63,75	2,08,63,75	0	52,15,94	52,15,94
7610	ਸਰਕਾਰੀ ਕਰਮਚਾਰੀਆਂ ਆਦਿ ਲਈ ਕਰਜੇ	47,11,60	0	47,11,60	11,77,90	0	11,77,90
	ਕੁੱਲ ਮੰਗ (ਮਾਲ)	**47,11,60**	**86,24,91,57**	**86,72,03,17**	**11,77,90**	**21,56,22,90**	**21,68,00,80**
	ਕੁੱਲ ਮੰਗ (ਪੂੰਜੀ ਅਤੇ ਮਾਲ)	**49,67,12,68**	**1,48,95,81,60**	**1,98,62,94,28**	**12,49,39,88**	**37,23,95,41**	**49,73,35,29**

09	**ਖੁਰਾਕ ਅਤੇ ਸਪਲਾਈ**						
3456	ਸਿਵਲ ਸਪਲਾਈ	4,76,17,84	8,40	4,76,26,24	1,35,65,73	2,10	1,35,67,83
3475	ਹੋਰ ਆਮ ਆਰਥਿਕ ਸੇਵਾਵਾਂ	2,57,41	0	2,57,41	1,00,89	0	1,00,89
	ਕੁੱਲ ਮੰਗ (ਮਾਲ)	**4,78,75,25**	**8,40**	**4,78,83,65**	**1,36,66,62**	**2,10**	**1,36,68,72**
4408	ਖੁਰਾਕ ਭੰਡਾਰ ਅਤੇ ਗੋਦਾਮਾਂ ਤੇ ਪੂੰਜੀਗਤ ਲਾਗਤ	1	0	1	0	0	0
5475	ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ	19,23	0	19,23	4,81	0	4,81
	ਕੁੱਲ ਮੰਗ (ਮਾਲ)	**19,24**	**0**	**19,24**	**4,81**	**0**	**4,81**
	ਕੁੱਲ ਮੰਗ (ਪੂੰਜੀ ਅਤੇ ਮਾਲ)	**4,78,94,49**	**8,40**	**4,79,02,89**	**1,36,71,43**	**2,10**	**1,36,73,53**
10	**ਆਮਰਾਜ ਪ੍ਰਬੰਧ**						
2012	ਰਾਸ਼ਟਰਪਤੀ, ਉਪ ਰਾਸ਼ਟਰਪਤੀ, ਰਾਜਪਾਲ, ਪ੍ਰਸ਼ਾਸਕ ਕੇਂਦਰ ਸ਼ਾਸਤ ਪ੍ਰਦੇਸ਼	0	7,45,24	7,45,24	0	2,52,31	2,52,31
2013	ਮੰਤਰੀ ਪਰਿਸ਼ਦ	15,51,90	0	15,51,90	4,25,48	0	4,25,48
2052	ਸਕੱਤਰੇਤ ਆਮ ਸੇਵਾਵਾਂ	98,46,76	0	98,46,76	36,00,34	0	36,00,34
2053	ਜ਼ਿਲ੍ਹਾ ਪ੍ਰਸ਼ਾਸਨ	50	0	50	20	0	20
2070	ਹੋਰ ਪ੍ਰਬੰਧਕੀ ਸੇਵਾਵਾਂ	15,00,23	0	15,00,23	5,14,15	0	5,14,15
2075	ਫੁਟਕਲ ਆਮ ਸੇਵਾਵਾਂ	2,16,98	0	2,16,98	54,25	0	54,25
2235	ਸਮਾਜਿਕ ਸੁਰੱਖਿਆ ਤੇ ਭਲਾਈ	14,85,50	0	14,85,50	3,71,38	0	3,71,38
2251	ਸਕੱਤਰੇਤ ਸਮਾਜਿਕ ਸੇਵਾਵਾਂ	21,71,50	0	21,71,50	8,27,88	0	8,27,88
3451	ਸਕੱਤਰੇਤ ਆਰਥਿਕ ਸੇਵਾਵਾਂ	5,60,99	0	5,60,99	2,19,75	0	2,19,75
	ਕੁੱਲ ਮੰਗ (ਮਾਲ)	**1,73,34,36**	**7,45,24**	**1,80,79,60**	**60,13,43**	**2,52,31**	**62,65,74**

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

4070	ਹੋਰ ਪ੍ਰਬੰਧਕੀ ਸੇਵਾਵਾਂ ਤੇ ਪੂੰਜੀਗਤ ਲਾਗਤ	24,34,00	0	24,34,00	6,08,50	0	6,08,50
	ਕੁੱਲ ਮੰਗ (ਮਾਲ)	**24,34,00**	**0**	**24,34,00**	**6,08,50**	**0**	**6,08,50**
	ਕੁੱਲ ਮੰਗ (ਪੂੰਜੀ ਅਤੇ ਮਾਲ)	**1,97,68,36**	**7,45,24**	**2,05,13,60**	**66,21,93**	**2,52,31**	**68,74,24**
11	**ਸਿਹਤ ਅਤੇ ਪਰਿਵਾਰ ਭਲਾਈ**						
2210	ਮੈਡੀਕਲ ਤੇ ਜਨ ਸਿਹਤ	14,78,72,99	19,21	14,78,92,20	5,56,98,85	4,80	5,57,03,65
2211	ਪਰਿਵਾਰ ਭਲਾਈ	1,73,23,09	0	1,73,23,09	69,09,37	0	69,09,37
2235	ਸਮਾਜਿਕ ਸੁਰਖਿਆ ਤੇ ਭਲਾਈ	75,17,86	39,00	75,56,86	18,79,47	9,75	18,89,22
	ਕੁੱਲ ਮੰਗ (ਮਾਲ)	**17,27,13,94**	**58,21**	**17,27,72,15**	**6,44,87,69**	**14,55**	**6,45,02,24**
4210	ਮੈਡੀਕਲ ਅਤੇ ਜਨ ਸਿਹਤ ਤੇ ਪੂੰਜੀਗਤ ਲਾਗਤ	1,27,32,52	0	1,27,32,55	31,83,13	0	31,83,13
	ਕੁੱਲ ਮੰਗ (ਪੂੰਜੀ)	**1,27,32,52**	**0**	**1,27,32,52**	**31,83,13**	**0**	**31,83,13**
	ਕੁੱਲ ਮੰਗ (ਪੂੰਜੀ ਅਤੇ ਮਾਲ)	**18,54,46,46**	**58,21**	**18,55,04,67**	**6,76,70,82**	**14,55**	**6,76,85,37**
12	**ਗ੍ਰਹਿ ਮਾਮਲੇ ਤੇ ਨਿਆਂ**						
2014	ਨਿਆਂ ਪ੍ਰਬੰਧ	2,97,16,14	55,05,56	3,52,21,70	1,09,27,00	20,39,43	1,29,66,43
2053	ਜ਼ਿਲ੍ਹਾ ਪ੍ਰਸ਼ਾਸਨ	64,94	0	64,94	25,97	0	25,97
2055	ਪੁਲਿਸ	29,19,43,92	2,53,62	29,21,97,54	11,36,46,05	63,42	11,37,09,46
2056	ਜੇਲ੍ਹਾਂ	1,41,43,54	48	1,41,44,02	50,79,84	12	50,79,96
2070	ਹੋਰ ਪ੍ਰਬੰਧਕੀ ਸੇਵਾਵਾਂ	1,70,41,94	3,10	1,70,45,04	45,84,87	78	45,85,65
2235	ਸਮਾਜਿਕ ਸੁਰੱਖਿਆ ਤੇ ਭਲਾਈ	10,72,26	1	10,72,27	3,28,41	0	3,28,41
2250	ਹੋਰ ਸਮਾਜਿਕ ਸੇਵਾਵਾਂ	29,68	1	29,69	11,55	0	11,55
	ਕੁੱਲ ਮੰਗ (ਮਾਲ)	**35,40,12,42**	**57,62,78**	**35,97,75,20**	**13,46,03,69**	**21,03,74**	**13,67,07,43**

4055	ਕੈਪੀਟਲ ਆਊਟਲੇ ਆਨ ਪੁਲਿਸ	1,14,65,58	0	1,14,65,58	28,66,40	0	28,66,40
4059	ਲੋਕ ਕਾਰਜਾਂ ਤੇ ਪੂੰਜੀਗਤ ਲਾਗਤ	4,82,95	0	4,82,95	1,20,74	0	1,20,74
4070	ਹੋਰ ਪ੍ਰਬੰਧਕੀ ਸੇਵਾਵਾਂ ਤੇ ਪੂੰਜੀਗਤ ਲਾਗਤ ਲਾਗਤ	59,33	0	59,33	14,83	0	14,83
4235	ਸਮਾਜਕ ਸੁਰੱਖਿਆ ਅਤੇ ਭਲਾਈ ਤੇ ਪੂੰਜੀਗਤ ਲਾਗਤ	48,21	0	48,21	12,05	0	12,05
	ਕੁੱਲ ਮੰਗ (ਪੂੰਜੀ)	**1,20,56,07**	**0**	**1,20,56,07**	**30,14,02**	**0**	**30,14,02**
	ਕੁੱਲ ਮੰਗ (ਪੂੰਜੀ ਅਤੇ ਮਾਲ)	**36,60,68,49**	**57,62,78**	**37,18,31,27**	**13,76,17,71**	**21,03,74**	**13,97,21,45**
13	**ਉਦਯੋਗ**						
2057	ਸਪਲਾਈ ਤੇ ਨਿਪਟਾਰੇ	2,08,95	0	2,08,95	82,09	0	82,09
2230	ਕਿਰਤ ਤੇ ਰੋਜ਼ਗਾਰ	28,69	0	28,69	11,01	0	11,01
2235	ਸਮਾਜਿਕ ਸੁਰਖਿਆ ਤੇ ਭਲਾਈ	75	0	75	19	0	19
2851	ਗ੍ਰਾਮ ਤੇ ਲਘੂ ਉਦਯੋਗ	58,91,20	0	58,91,20	21,84,81	0	21,84,81
2852	ਉਦਯੋਗ	32,50,00	0	32,50,00	8,12,50	0	8,12,50
2853	ਗੈਰ ਫੋਲਾਦੀ ਖਾਨਾਂ ਖੋਦਨਾ ਤੇ ਧਾਤ ਸਬੰਧੀ ਉਦਯੋਗ	6,46,65	0	6,46,65	1,91,84	0	1,91,84
	ਕੁੱਲ ਮੰਗ (ਪੂੰਜੀ)	**1,00,26,24**	**0**	**1,00,26,24**	**32,82,44**	**0**	**32,82,44**
4851	ਗ੍ਰਾਮ ਅਤੇ ਛੋਟੇ ਉਦਯੋਗਾਂ ਤੇ ਪੂੰਜੀਗਤ ਲਾਗਤ	7,70,80	0	7,70,80	1,92,70	0	1,92,70
6851	ਗ੍ਰਾਮ ਅਤੇ ਛੋਟੇ ਉਦਯੋਗਾਂ ਲਈ ਕਰਜ਼ੇ	0	0	0	0	0	0
	ਕੁੱਲ ਮੰਗ (ਪੂੰਜੀ)	**7,70,80**	**0**	**7,70,80**	**1,92,70**	**0**	**1,92,70**
	ਕੁੱਲ ਮੰਗ (ਪੂੰਜੀ ਅਤੇ ਮਾਲ)	**1,07,97,04**	**0**	**1,07,97,04**	**34,75,14**	**0**	**34,75,14**

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

14	**ਸੂਚਨਾ ਅਤੇ ਲੋਕ ਸੰਪਰਕ**						
2220	ਸੂਚਨਾ ਅਤੇ ਪ੍ਰਚਾਰ	34,64,35	0	34,64,35	11,21,09	0	11,21,09
2235	ਸਮਾਜਿਕ ਸੁਰੱਖਿਆ ਤੇ ਭਲਾਈ	2,50	0	2,50	63	0	63
		0	0	0	0	0	0
	ਕੁੱਲ ਮੰਗ (ਮਾਲ)	**34,66,85**	**0**	**34,66,85**	**11,21,72**	**0**	**11,21,72**
4220	ਸੂਚਨਾ ਅਤੇ ਪ੍ਰਚਾਰ ਤੇ ਪੂੰਜੀਗਤ ਲਾਗਤ	40,00	0	40,00	10,00	0	10,00
	ਕੁੱਲ ਮੰਗ (ਪੂੰਜੀ)	**40,00**	**0**	**40,00**	**10,00**	**0**	**10,00**
	ਕੁੱਲ ਮੰਗ (ਪੂੰਜੀ ਅਤੇ ਮਾਲ)	**35,06,85**	**0**	**35,0685**	**11,31,72**	**0**	**11,31,72**
15	**ਸਿੰਚਾਈ ਅਤੇ ਬਿਜਲੀ**						
2045	ਵਸਤਾਂ ਤੇ ਸੇਵਾਵਾਂ ਉੱਤੇ ਹੋਰ ਕਰ ਅਤੇ ਡਿਊਟੀਆਂ	3,82,69	0	3,82,69	1,49,19	0	1,49,19
2070	ਹੋਰ ਪ੍ਰਬੰਧਕੀ ਸੇਵਾਵਾਂ	45,41	0	45,41	17,98	0	1798
2700	ਵੱਡੀ ਸਿੰਚਾਈ-ਕਮਰਸ਼ੀਅਲ	7,51,62,43	0	7,51,62,43	2,88,04,31	0	2,88,04,31
2701	ਦਰਮਿਆਨੀ ਸਿੰਚਾਈ	1,72,60,68	0	1,72,60,68	54,11,34	0	54,11,34"
2702	ਛੋਟੀ ਸਿੰਚਾਈ	1,27,73,87	0	1,27,73,87	34,17,99	0	34,17,99
2711	ਹੜ੍ਹ ਕੰਟਰੋਲ ਅਤੇ ਜਲ ਨਿਕਾਸ	1,06,05,00	0	1,0605,00	41,89,47	0	41,89,47
2801	ਬਿਜਲੀ	32,06,99,00	0	32,06,99,00	8,01,74,75	.0	8,01,74,75
	ਕੁੱਲ ਮੰਗ (ਮਾਲ)	**43,69,29,08**	**0**	**43,69,29,08**	**12,21,65,03**	**0**	**12,21,65,03**
4700	ਵੱਡੀ ਸਿੰਚਾਈ ਤੇ ਪੂੰਜੀਗਤ ਲਾਗਤ	1,26,97,82	0	1,26,97,82	38,30,63	0	38,30,63
4701	ਦਰਮਿਆਨੀ ਸਿੰਜਾਈ ਤੇ ਪੂੰਜੀਗਤ ਲਾਗਤ	2,81,27,68	0	2,81,27,68	72,87,49	0	72,87,49

4702	ਛੋਟੀ ਸਿੰਚਾਈ ਤੇ ਪੂੰਜੀਗਤ ਲਾਗਤ	58,89,00	0	58,89,00	15,88,57	0	15,88,57
4705	ਕਮਾਂਡ ਖੇਤਰ ਵਿਕਾਸ ਤੇ ਪੂੰਜੀਗਤ ਲਾਗਤ	1,94,90,42	0	1,94,90,42	48,72,61	0	48,72,61
4711	ਹੜ੍ਹ ਕੰਟਰੋਲ ਪ੍ਰਾਜੈਕਟਾਂ ਤੇ ਪੂੰਜੀਗਤ ਲਾਗਤ	1,44,09,00	0	1,44,09,00	37,58,25	0	37,58,25
4801	ਬਿਜਲੀ ਪ੍ਰਾਜੈਕਟਾਂ ਤੇ ਪੂੰਜੀਗਤ ਲਾਗਤ	0	0	0	0	0	0
	ਕੁੱਲ ਮੰਗ (ਪੂੰਜੀ)	**8,06,13,92**	**0**	**8,06,13,92**	**2,13,37,55**	**0**	**2,13,37,55**
	ਕੁੱਲ ਮੰਗ (ਪੂੰਜੀ ਅਤੇ ਮਾਲ)	**51,75,43,00**	**0**	**51,7543,00**	**14,35,02,58**	**0**	**14,35,02,58**
16	**ਕਿਰਤ ਅਤੇ ਰੁਜ਼ਗਾਰ**						
2230	ਕਿਰਤ ਤੇ ਰੋਜ਼ਗਾਰ	46,38,78	0	46,38,78	16,25,90	0	16,25,90
	ਕੁੱਲ ਮੰਗ (ਮਾਲ)	**46,38,78**	**0**	**46,38,78**	**16,25,90**	**0**	**16,25,90**
4070	ਹੋਰ ਪ੍ਰਬੰਧਕੀ ਸੇਵਾਵਾਂ ਤੇ ਪੂੰਜੀਗਤ ਲਾਗਤ	0	0	0	0	0	0
	ਕੁੱਲ ਮੰਗ (ਪੂੰਜੀ)	**0**	**0**	**0**	**0**		**0**
	ਕੁੱਲ ਮੰਗ (ਪੂੰਜੀ ਅਤੇ ਮਾਲ)	**46,38,78**	**0**	**46,38,78**	**16,25,90**	**0**	**16,25,90**
17	**ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ**						
2217	ਸ਼ਹਿਰੀ ਵਿਕਾਸ	27,40,06	0	27,40,06	10,47,31	0	10,47,31
3454	ਜਨਗਣਨਾ ਸਰਵੇ ਅਤੇ ਅੰਕੜੇ	5,68,28	0	5,68,28	2,18,94	0	2,18,94
3604	ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮੁਆਵਜ਼ਾ ਅਤੇ ਕੰਮ	3,48,27,06	0	3,48,27,06	87,06,77	0	87,06,77
	ਕੁੱਲ ਮੰਗ (ਮਾਲ)	**3,81,35,40**	**0**	**3,81,35,40**	**99,73,02**	**0**	**99,73,02**
4216	ਮਕਾਨ ਉਸਾਰੀ ਤੇ ਪੂੰਜੀਗਤ ਲਾਗਤ	19,56	0	19,56	4,89	0	4,89

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

4217	ਸ਼ਹਿਰੀ ਵਿਕਾਸ ਤੇ ਪੂੰਜੀਗਤ ਲਾਗਤ	6,39,59,00	0	6,39,59,00	1,59,89,75	0	1,59,89,75
	ਕੁੱਲ ਮੰਗ (ਪੂੰਜੀ)	**6,39,78,56**	**0**	**6,39,78,56**	**1,59,94,64**	**0**	**1,59,94,64**
	ਕੁੱਲ ਮੰਗ (ਪੂੰਜੀ ਅਤੇ ਮਾਲ)	**10,21,13,96**	**0**	**10,21,13,96**	**2,59,67,66**	**0**	**2,59,67,66**
18	**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ**						
2051	ਲੋਕ ਸੇਵਾ ਆਯੋਗ	3,59,05	6,65,97	10,25,02	1,09,04	2,27,99	3,37,03
2070	ਹੋਰ ਪ੍ਰਬੰਧਕੀ ਸੇਵਾਵਾਂ	26,76,10	0	26,76,10	6,69,03	0	6,69,03
	ਕੁੱਲ ਮੰਗ (ਮਾਲ)	30,35,15	6,65,97	37,01,12	7,78,07	2,27,99	10,06,06
4070	ਹੋਰ ਪ੍ਰਬੰਧਕੀ ਸੇਵਾਵਾਂ ਤੇ ਪੂੰਜੀਗਤ ਲਾਗਤ	2,31,90	0	2,31,90	57,98	0	57,98
	ਕੁੱਲ ਮੰਗ (ਪੂੰਜੀ)	**2,31,90**	**0**	**2,31,90**	**57,98**	**0**	**57,98**
	ਕੁੱਲ ਮੰਗ (ਪੂੰਜੀ ਅਤੇ ਮਾਲ)	**32,67,05**	**6,65,97**	**39,33,02**	**8,36,05**	**2,27,99**	**10,64,04**
19	**ਯੋਜਨਾਬੰਦੀ**						
3451	ਸਕੱਤਰੇਤ ਆਰਥਿਕ ਸੇਵਾਵਾਂ	76,92,02	0	76,92,02	19,87,07	0	19,87,07
3454	ਜਨਗਣਨਾ ਸਰਵੇ ਅਤੇ ਅੰਕੜੇ	25,36,16	1,00	25,37,16	9,62,84	25	9,63,09
	ਕੁੱਲ ਮੰਗ (ਮਾਲ)	**1,02,28,188**	**1,00**	**1,02,29,18**	**29,49,91**	**25**	**29,50,16**
5475	ਹੋਰ ਆਮ ਆਰਥਿਕ ਸੇਵਾਵਾਂ ਤੇ ਪੂੰਜੀਗਤ ਲਾਗਤ	1,33,44,82	0	1,33,44,82	33;36,21	0	33,36,21
	ਕੁੱਲ ਮੰਗ (ਪੂੰਜੀ)	**1,33,44,82**	**0**	**1,33,44,82**	**33,36,21**	**0**	**33,36,21**
	ਕੁੱਲ ਮੰਗ (ਪੂੰਜੀ ਅਤੇ ਮਾਲ)	**2,35,73,00**	**1,00**	**2,35,74,00**	**62,86,12**	**25**	**62,86,37**

20	**ਪ੍ਰੋਗਰਾਮ ਲਾਗੂਕਰਨ**						
3451	ਸਕੱਤਰੇਤ ਆਰਥਿਕ ਸੇਵਾਵਾਂ	0	0	0	0	0	0
	ਕੁੱਲ ਮੰਗ (ਮਾਲ)	**0**	**0**	**0**	**0**	**0**	**0**
	ਕੁੱਲ ਮੰਗ (ਪੂੰਜੀ)	**0**	**0**	**0**	**0**	**0**	**0**
	ਕੁੱਲ ਮੰਗ (ਪੂੰਜੀ ਅਤੇ ਮਾਲ)	**0**	**0**	**0**	**0**	**0**	**0**
21	**ਲੋਕ ਨਿਰਮਾਣ**						
2059	ਲੋਕ ਕਾਰਜ	4,98,21,53	8,20,00	5,06,41,53	1,89,55,94	2,05,94	1,91,60,94
2215	ਜਲ ਸਪਲਾਈ ਤੇ ਸਫ਼ਾਈ	4,49,10,76	0	4,49,10,76	1,66,80,49	0	1,66,80,49
3054	ਸੜਕਾਂ ਤੇ ਪੁਲ	2,90,41,00	5,00,00	2,95,41,00	72,60,25	1,25,00	73,85,25
	ਕੁੱਲ ਮੰਗ (ਮਾਲ)	**12,37,73,29**	**13,20,00**	**12,50,93,29**	**4,28,96,68**	**3,30,00**	**4,32,26,68**
4059	ਲੋਕ ਕਾਰਜਾਂ ਤੇ ਪੂੰਜੀਗਤ ਲਾਗਤ	1,92,61,00	0	1,92,61,00	48,15,25	0	48,15,25
4202	ਆਮ ਸਿੱਖਿਆ	0	0	0	0	0	0
4215	ਜਲ ਸਪਲਾਈ ਅਤੇ ਸਫ਼ਾਈ ਤੇ ਪੂੰਜੀਗਤ ਲਾਗਤ	1,42,32,15	0	1,42,32,15	35,58,04	0	35,58,04
5053	ਸ਼ਹਿਰੀ ਹਵਾਬਾਜ਼ੀ ਤੇ ਪੂੰਜੀਗਤ ਲਾਗਤ	7,71,00	0	7,71,00	1,92,75	0	1,92,75
5054	ਸੜਕਾਂ ਤੇ ਪੁਲਾਂ ਤੇ ਪੂੰਜੀਗਤ ਲਾਗਤ	4,25,66,03	0	4,25,66,03	1,06,41,51	0	1,06,41,51
	ਕੁੱਲ ਮੰਗ (ਪੂੰਜੀ)	**7,68,30,18**	**0**	**7,68,30,18**	**1,92,07,55**	**0**	**1,92,07,55**
	ਕੁੱਲ ਮੰਗ (ਪੂੰਜੀ ਅਤੇ ਮਾਲ)	**20,06,03,47**	**13,20,00**	**20,19,23,47**	**6,21,04,23**	**3,30,00**	**6,24,34,23**
22	**ਮਾਲ ਅਤੇ ਮੁੜ ਵਸਾਊ**						
2029	ਭੌਂ ਮਾਲੀਆ	2,23,06,13	5,10	2,23,11,23	88,35,47	1,28	88,36,75
2030	ਅਸ਼ਟਾਮ ਅਤੇ ਰਜਿਸਟਰੇਸ਼ਨ	30,90,20	2,45	30,92,65	7,72,55	61	7,73,16

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

2052	ਸਕੱਤਰੇਤ ਆਮ ਸੇਵਾਂਵਾਂ	33,19,72	1,00	33,20,72	12,96,73	25	12,96,98
2053	ਜ਼ਿਲ੍ਹਾ ਪ੍ਰਸ਼ਾਸਨ	2,16,99,88	60,01	2,17,59,89	80,03,44	15,00	80,18,44
2235	ਸਮਾਜਿਕ ਸੁਰੱਖਿਆ ਤੇ ਭਲਾਈ	37,43,66	0	37,43,66	9,37,64	0	9,37,64
2245	ਕੁਦਰਤੀ ਆਫ਼ਤਾਂ ਕਰਕੇ ਰਾਹਤ	6,90,08,00	0	6,90,08,00	1,72,52,00	0	1,72,52,00
3604	ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ	15	0	15	4	0	4
	ਕੁੱਲ ਮੰਗ (ਮਾਲ)	**12,31,67,74**	**68,56**	**12,32,36,30**	**3,70,97,87**	**17,14**	**3,71,15,01**
4059	ਲੋਕ ਕਾਰਜਾਂ ਤੇ ਪੂੰਜੀਗਤ ਲਾਗਤ	8,25,00	0	8,25,00	2,06,25	0	2,06,25
	ਕੁੱਲ ਮੰਗ (ਪੂੰਜੀ)	**8,25,00**	**0**	**8,25,00**	**2,06,25**	**0**	**2,06,25**
	ਕੁੱਲ ਮੰਗ (ਪੂੰਜੀ ਅਤੇ ਮਾਲ)	**12,39,92,74**	**68,56**	**12,40,61,30**	**3,73,04,12**	**17,14**	**3,73,21,26**
23	**ਪੇਂਡੂ ਵਿਕਾਸ ਅਤੇ ਪੰਚਾਇਤਾਂ**						
2202	ਆਮ ਸਿੱਖਿਆ	1,15,60	0	1,15,60	28,90	0	28,90
2415	ਖੇਤੀਬਾੜੀ ਸਬੰਧੀ ਖੋਜ ਤੇ ਸਿੱਖਿਆ	1,99,57	0	1,99,57	79,14	0	79,14
2501	ਦਿਹਾਤੀ ਵਿਕਾਸ ਲਈ ਵਿਸ਼ੇਸ਼ ਪ੍ਰੋਗਰਾਮ	10,90,00	0	10,90,00	2,72,50	0	2,72,50
2515	ਹੋਰ ਦਿਹਾਤੀ ਵਿਕਾਸ ਪ੍ਰੋਗਰਾਮ	1,63,35,99	10	1,63,36,09	57,01,37	3	57,01,40
3604	ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ	14,08,94,21	0	14,08,94,21	3,52,23,55	0	3,52,23,55
	ਕੁੱਲ ਮੰਗ (ਮਾਲ)	**15,86,35,37**	**10**	**15,86,35,47**	**4,13,05,46**	**3**	**4,13,05,49**
4515	ਹੋਰ ਦਿਹਾਤੀ ਵਿਕਾਸ ਪ੍ਰੋਗਰਾਮ ਤੇ ਪੂੰਜੀਗਤ ਲਾਗਤ	2,28,32,25	0	2,28,32,25	57,08,06	0	57,08,06
	ਕੁੱਲ ਮੰਗ (ਪੂੰਜੀ)	**2,28,32,25**	**0**	**2,28,32,25**	**57,08,06**	**0**	**57,08,06**
	ਕੁੱਲ ਮੰਗ (ਪੂੰਜੀ ਅਤੇ ਮਾਲ)	**18,14,67,62**	**10**	**18,14,67,72**	**4,70,13,52**	**3**	**4,70,13,55**

24	**ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ**						
3425	ਹੋਰ ਵਿਗਿਆਨਕ ਖੋਜ	5,03,06	0	5,03,06	1,25,77	0	1,25,77
3435	ਪਰਿਸਥਿਤੀ ਵਿਗਿਆਨ ਅਤੇ ਵਾਤਾਵਰਣ	7,04,30	0	7,04,30	1,76,08	0	1,76,08
	ਕੁੱਲ ਮੰਗ (ਮਾਲ)	**12,07,36**	**0**	**12,07,36**	**3,01,85**	**0**	**3,01,85**
5425	ਹੋਰ ਵਿਗਿਆਨਿਕ ਅਤੇ ਵਾਤਾਵਰਣ ਸਬੰਧੀ ਖੋਜ ਤੇ ਪੂੰਜੀਗਤ ਲਾਗਤ	2,57,00	0	2,57,00	64,25	0	64,25
	ਕੁੱਲ ਮੰਗ (ਪੂੰਜੀ)	**2,57,00,**	**0**	**2,57,00**	**64,25**	**0**	**64,25**
	ਕੁੱਲ ਮੰਗ (ਪੂੰਜੀ ਅਤੇ ਮਾਲ)	**14,64,36**	**0**	**14,64,36**	**3,66,10**	**0**	**3,66,10**
25	**ਸਮਾਜਿਕ ਅਤੇ ਮਹਿਲਾ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ**						
2225	ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ	11,92,44,55	1,01	11,92,45,56	3,01,01,85	25	3,01,02,10
2235	ਸਮਾਜਿਕ ਸੁਰੱਖਿਆ ਤੇ ਭਲਾਈ	11,48,84,56	7,00	11,48,91,56	3,27,69,19	1,75	3,27,70,94
2236	ਅਹਾਰ ਪੁਸ਼ਟੀ	1,68,38,80	0	1,68,38,80	42,09,70	0	42,09,70
	ਕੁੱਲ ਮੰਗ (ਮਾਲ)	**25,09,67,91**	**8,01**	**25,09,75,92**	**6,70,80,74**	**2,00**	**6,70,82,74**
4225	ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਤੇ ਪੂੰਜੀਗਤ ਲਾਗਤ	5,94,96,71	0	5,94,96,71	1,48,74,18	0	1,48,74,18

4235	ਸਮਾਜਿਕ ਸੁਰੱਖਿਆ ਅਤੇ ਭਲਾਈ	14,07,62	0	14,07,62	3,51,91	0	3,51,91
	ਕੁੱਲ ਮੰਗ (ਪੂੰਜੀ)	**6,09,0433**	**0**	**6,09,04,33**	**1,52,26,09**	**0**	**1,52,26,09**
	ਕੁੱਲ ਮੰਗ (ਪੂੰਜੀ ਅਤੇ ਮਾਲ)	**31,18,72,24**	**8,01**	**31,18,80,25**	**8,23,06,83**	**2,00**	**8,23,08,83**
26	**ਰਾਜ ਵਿਧਾਨ ਸਭਾ**						
2011	ਸੰਸਦ ਰਾਜ ਸੰਘ ਖੇਤਰ ਵਿਧਾਨ ਸਭਾ	30,01,00	90,00	30,9100	10,20,25	27,00	10,47,25
2235	ਸਮਾਜਿਕ ਸੁਰੱਖਿਆ ਤੇ ਭਲਾਈ	77,62	0	77,62	19,41	0	19,41
	ਕੁੱਲ ਮੰਗ (ਮਾਲ)	**30,78,62**	**90,00**	**31,68,62**	**10,39,66**	**27,00**	**10,66,66**
	ਕੁੱਲ ਮੰਗ (ਪੂੰਜੀ)	**0**	**0**	**0**	**0**	**0**	**0**
	ਕੁੱਲ ਮੰਗ (ਪੂੰਜੀ ਅਤੇ ਮਾਲ)	**30,78,62**	**90,00**	**31,68,62**	**10,39,66**	**27,00**	**10,66,66**
27	**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ**						
2203	ਤਕਨੀਕੀ ਸਿੱਖਿਆ	82,88,66	0	82,88,66	28,92,52	0	28,92,52
2225	ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ	1,58,24	0	1,58,24	61,90	0	61,90
2230	ਕਿਰਤ ਤੇ ਰੁਜ਼ਗਾਰ	1,10,98,61	2,00	1,11,00,61	41,33,93	50	41,34,43
	ਕੁੱਲ ਮੰਗ (ਮਾਲ)	**1,95,45,51**	**2,00**	**1,95,47,51**	**70,88,35**	**50**	**70,88,85**
4202	ਸਿੱਖਿਆ, ਖੇਲ ਕੁੱਦ, ਕਲਾ ਅਤੇ ਸਭਿਆਚਾਰ	96,42,25	0	96,42,25	24,10,56	0	24,10,56

4250	ਹੋਰ ਸਮਾਜਿਕ ਸੇਵਾਵਾਂ ਤੇ ਪੂੰਜੀਗਤ ਲਾਗਤ	24,59,12	0	24,59,12	6,14,78	0	6,14,78
	ਕੁੱਲ ਮੰਗ (ਪੂੰਜੀ)	**1,21,01,37**	**0**	**1,21,01,37**	**30,25,34**	**0**	**30,25,34**
	ਕੁੱਲ ਮੰਗ (ਪੂੰਜੀ ਅਤੇ ਮਾਲ)	**3,16,46,88**	**2,00**	**3,16,48,88**	**1,01,13,69,50**	**50**	**1,01,14,19**
28	**ਸੈਰਸਪਾਟਾ ਅਤੇ ਸਭਿਆਚਾਰਕ ਮਾਮਲੇ**						
2205	ਕਲਾ ਅਤੇ ਸਭਿਆਚਾਰ	60,48,82	1	60,48,83	16,44,34	0	16,44,34
3452	ਸੈਰਸਪਾਟਾ	17,34,57	0	17,34,57	4,46,39	0	4,46,39
	ਕੁੱਲ ਮੰਗ (ਮਾਲ)	**77,83,39**	**1**	**77,83,40**	**20,90,73**	**0**	**20,90,73**
4202	ਸਿੱਖਿਆ, ਖੇਲ ਕੁੱਦ, ਕਲਾ ਅਤੇ ਸਭਿਆਚਾਰ	12,98,50	0	12,98,50	3,24,63	0	3,24,63
5452	ਸੈਰ ਸਪਾਟੇ ਤੇ ਪੂੰਜੀਗਤ ਲਾਗਤ	41,43	0	41,43	10,36	0	10,36
	ਕੁੱਲ ਮੰਗ (ਪੂੰਜੀ)	**13,39,93**	**0**	**13,39,93**	**3,34,99**	**0**	**3,34,99**
	ਕੁੱਲ ਮੰਗ (ਪੂੰਜੀ ਅਤੇ ਮਾਲ)	**91,23,32**	**1**	**91,23,33**	**24,25,72**	**0**	**24,25,72**
29	**ਢੋ ਢੋਆਈ**						
2013	ਮੰਤਰੀ ਪਰਿਸ਼ਦ	22,32,00	0	22,32,00	6,91,95	0	6,91,95
2041	ਗੱਡੀਆਂ ਤੇ ਕਰ	17,36,25	0	17,36,25	6,09,47	0	6,09,47
3053	ਸ਼ਹਿਰੀ ਹਵਾਬਾਜੀ	2,03,10	0	2,03,10	56,78	0	56,78
3055	ਸੜਕ ਟਰਾਂਸਪੋਰਟ	2,82,80,75	0	2,82,80,75	1,03,19,30	0	1,03,19,30
	ਕੁੱਲ ਮੰਗ (ਮਾਲ)	**3,24,52,10**	**0**	**3,24,52,10**	**1,16,77,50**	**0**	**1,16,77,50**
5055	ਸੜਕ ਟ੍ਰਾਂਸਪੋਰਟ ਤੇ ਪੂੰਜੀਗਤ ਲਾਗਤ	7,67,60	0	7,67,60	1,91,90	0	1,91,90

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

7055	ਸੜਕ ਟ੍ਰਾਂਸਪੋਰਟ ਲਈ ਕਰਜ਼ੇ	0	0	0	0	0	0
	ਕੁੱਲ ਮੰਗ (ਪੂੰਜੀ)	**7,67,60**	**0**	**7,67,60**	**1,91,90**	**0**	**1,91,90**
	ਕੁੱਲ ਮੰਗ (ਪੂੰਜੀ ਅਤੇ ਮਾਲ)	**3,32,19,70**	**0**	**3,32,19,70**	**1,18,69,40**	**0**	**1,18,69,40**
30	**ਚੌਕਸੀ**						
2070	ਹੋਰ ਪ੍ਰਬੰਧਕੀ ਸੇਵਾਵਾਂ	34,59,20	28,25	34,87,45	13,35,64	10,66	13,46,30
	ਕੁੱਲ ਮੰਗ (ਮਾਲ)	**34,59,20**	**28,25**	**34,87,45**	**13,35,64**	**10,66**	**13,46,30**
4070	ਹੋਰ ਪ੍ਰਬੰਧਕੀ ਸੇਵਾਵਾਂ ਤੇ ਪੂੰਜੀਗਤ ਲਾਗਤ	39,10	0	39,10	9,78	0	9,78
	ਕੁੱਲ ਮੰਗ (ਪੂੰਜੀ)	**39,10**	**0**	**39,10**	**9,78**	**0**	**9,78**
	ਕੁੱਲ ਮੰਗ (ਪੂੰਜੀ ਅਤੇ ਮਾਲ)	**34,98,30**	**28,25**	**35,26,55**	**13,45,42**	**10,66**	**13,56,08**
	ਕੁੱਲ ਜੋੜ (ਮਾਲ)	3,00,62,27,88	63,83,22,33	3,64,45,50,21	94,55,43,92	16,03,79,25	1,10,59,23,17
	ਕੁੱਲ ਜੋੜ (ਪੂੰਜੀ)	40,73,77,99	86,24,91,57	1,26,98,69,56	10,30,49,46	21,56,22,90	31,86,72,36
	ਕੁੱਲ ਜੋੜ (ਪੂੰਜੀ ਅਤੇ ਮਾਲ)	3,41,36,05,87	1,50,08,13,90	4,91,44,19,77	1,04,85,93,38	37,60,02,15	1,42,45,95,53

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :

ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਸ ਅਜ਼ੀਮ ਸੂਬੇ ਦੇ ਲੋਕਾਂ ਪ੍ਰਤੀ ਆਪਣਾ ਆਭਾਰ ਪ੍ਰਗਟ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਪੰਜਾਬ ਦੇ ਸਿਰਮੌਰ ਆਗੂ ਸਤਿਕਾਰਯੋਗ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਬੜੀ ਹੀ ਸਿਆਣਪ ਨਾਲ ਆਪਣੇ ਵੋਟ ਦੀ ਵਰਤੋਂ ਕਰਦੇ ਹੋਏ ਮੁੜ ਚੁਣਿਆ ਹੈ। ਪੰਜਾਬ ਰਾਜ ਦੇ ਸੂਬੇ ਵਿੱਚ ਸਾਡੀ ਸਾਂਝੀ ਸਰਕਾਰ ਦੀ ਇਹ ਇਕ ਇਤਿਹਾਸਕ ਸਫ਼ਲਤਾ ਹੈ। ਪੰਜਾਬ ਦੇ ਲੋਕਾਂ ਨੇ ਸਾਡੀ ਸਾਂਝੀ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਆਪਣਾ ਬੇਮਿਸਾਲ ਸਮਰਥਨ ਦਿੱਤਾ ਹੈ ਅਤੇ ਸਾਨੂੰ ਆਪਣੇ ਲੋਕ-ਪੱਖੀ ਅਤੇ ਸਮਾਜਿਕ-ਆਰਥਿਕ-ਵਿਕਾਸ ਤੇ ਆਧਾਰਿਤ ਏਜੰਡੇ ਨੂੰ ਅਮਲ ਵਿਚ ਲਿਆਉਣ ਲਈ ਤਾਜ਼ਾ ਜਨਮਤ ਦਿੱਤਾ ਹੈ।

2. ਮੈਂ, ਇਸ ਅਜ਼ੀਮ ਸਦਨ ਦੇ ਮਾਣਯੋਗ ਮੈਂਬਰ ਸਾਹਿਬਾਨ ਸਾਹਮਣੇ ਪਹਿਲੀ ਅਪ੍ਰੈਲ ਤੋਂ 30 ਜੂਨ, 2012 ਤੱਕ ਦੇ ਸਮੇਂ ਲਈ ਪੰਜਾਬ ਸਰਕਾਰ ਦਾ ਲੇਖਾ ਅਨੁਦਾਨ ਪੇਸ਼ ਕਰਨ ਨੂੰ ਆਪਣਾ ਨਿੱਜੀ ਵਿਸ਼ੇਸ਼-ਸਨਮਾਨ ਸਮਝਦਾ ਹਾਂ। ਇਸ ਤਰ੍ਹਾਂ ਰਾਜ ਸਰਕਾਰ ਨੂੰ ਵੱਖ-2 ਮਹਿਕਮਿਆਂ ਦੇ ਨਿੱਤਾਪ੍ਰਤੀ ਖ਼ਰਚੇ ਨੂੰ ਪੂਰਾ ਕਰਨ ਦੇ ਸਮਰੱਥ ਬਣਾਇਆ ਜਾ ਸਕੇਗਾ। ਮੈਂ ਵਿੱਤੀ ਸਾਲ 2012-13 ਦੇ ਕੇਵਲ ਪਹਿਲੇ ਤਿੰਨ ਮਹੀਨਿਆਂ ਵਾਸਤੇ ਲੇਖਾ-ਅਨੁਦਾਨ ਪੇਸ਼ ਕਰਨ ਦਾ ਫ਼ੈਸਲਾ ਇਸ ਕਰਕੇ ਲਿਆ ਹੈ ਕਿਉਂਕਿ ਰਾਜ ਸਰਕਾਰ ਨੇ ਹੁਣੇ ਜਿਹੇ ਹੀ ਕਾਰਜਭਾਰ ਸੰਭਾਲਿਆ ਹੈ ਅਤੇ ਯੋਜਨਾਬੰਦੀ ਕਮਿਸ਼ਨ ਨਾਲ ਸਲਾਹ-ਮਸ਼ਵਰਾ ਕਰਕੇ ਸਾਲਾਨਾ ਯੋਜਨਾ 2012-13 ਨੂੰ ਅੰਤਿਮ ਰੂਪ ਦੇਣ ਦੀ ਅਮਲੀ ਕਾਰਵਾਈ ਵੀ ਅਜੇ ਮੁਕੰਮਲ ਨਹੀਂ ਹੋਈ ਹੈ। ਸਾਨੂੰ ਬਜਟ ਸਬੰਧੀ ਆਪਣੀਆਂ ਵਿਉਂਤਬੰਦੀਆਂ ਤਿਆਰ ਕਰਨ ਲਈ ਵੀ ਕੁਝ ਸਮਾਂ ਲੋੜੀਂਦਾ ਹੈ ਤਾਂ ਜੋ ਪੰਜਾਬ ਦੇ ਲੋਕਾਂ ਨਾਲ ਕੀਤੀਆਂ ਆਪਣੀਆਂ ਮੁਕੱਦਸ ਵਚਨਬੱਧਤਾਵਾਂ ਪੂਰੀਆਂ ਕਰ ਸਕੀਏ। ਮੈਂ, ਜੂਨ, 2012 ਤੱਕ ਪੂਰਾ ਬਜਟ ਪੇਸ਼ ਕਰਨ ਲਈ ਇਸ ਪਵਿੱਤਰ ਸਦਨ ਵਿਚ ਦੁਬਾਰਾ ਆਉਣ ਦੀ ਆਸ ਕਰਦਾ ਹਾਂ।

3. ਇਹ ਲੇਖਾ-ਅਨੁਦਾਨ ਚਾਲੂ ਵਿੱਤੀ ਸਾਲ ਦੇ ਬਜਟ/ਸੋਧੇ ਅਨੁਮਾਨਾਂ ਉੱਤੇ ਆਧਾਰਿਤ ਹੈ। ਮੈਂ ਸਰਕਾਰ ਦੀ ਪਹਿਲੀ ਵਚਨਬੱਧਤਾ ਦੇ ਮੁਤਾਬਿਕ ਰਾਜ ਸਰਕਾਰ ਦੇ ਮੁਲਾਜ਼ਮਾਂ ਨੂੰ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਵਧੀਆਂ ਤਨਖ਼ਾਹਾਂ ਦੇ 30 ਫ਼ੀ ਸਦ ਬਕਾਇਆਂ ਦੀ ਅਦਾਇਗੀ ਜੂਨ, 2012 ਵਿੱਚ ਕਰਨ ਵਾਸਤੇ ਲੇਖਾ-ਅਨੁਦਾਨ ਦੇ ਅਨੁਮਾਨਾਂ ਵਿੱਚ ਉਪਬੰਧ ਵੀ ਕੀਤਾ ਹੈ। ਮੇਰਾ ਇਹ ਪ੍ਰਸਤਾਵ ਹੈ ਕਿ ਸਾਲ 2012-13 ਦਾ ਬਾਕਾਇਦਾ ਬਜਟ ਇਸ ਅਜ਼ੀਮ ਸਦਨ ਦੇ ਸਾਹਮਣੇ ਇਲੈਕਟ੍ਰੌਨਿਕ-ਰੂਪ ਵਿਚ ਪੇਸ਼ ਕੀਤਾ ਜਾਵੇ ਜੋ ਕਿ ਪਰਿਆਵਰਣ-ਪੱਖੀ ਇਕ ਛੋਟੀ ਪ੍ਰੰਤੂ ਮਹੱਤਵਪੂਰਨ ਪਹਿਲ ਹੋਵੇਗੀ। ਸਰਕਾਰ ਇਸ ਪਵਿੱਤਰ ਸਦਨ ਦੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬਜਟ ਤਜਵੀਜ਼ਾਂ ਨੂੰ ਵਾਚਣ ਅਤੇ ਵਿਕਾਸ ਪ੍ਰੋਗਰਾਮਾਂ ਦੀ ਮੋਨੀਟਰਿੰਗ ਕਰਨ ਲਈ ਉਚ-ਗੁਣਵੱਤਾ ਵਾਲੇ ਲੈਪਟਾਪ ਮੁਹੱਈਆ ਕਰਵਾਏਗੀ।

4. ਪਰਮ ਸਤਿਕਾਰਯੋਗ ਪੰਜਾਬ ਦੇ ਰਾਜਪਾਲ ਜੀ ਨੇ ਇਸ ਮਹਾਨ ਸਦਨ ਸਾਹਮਣੇ ਦਿੱਤੇ

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

ਆਪਣੇ ਭਾਸ਼ਣ ਵਿਚ ਪਹਿਲਾਂ ਹੀ ਇਸ ਸਰਕਾਰ ਦੇ ਭਲਾਈ ਤੇ ਵਿਕਾਸ ਪ੍ਰੋਗਰਾਮਾਂ ਨੂੰ ਵਿਸਤਾਰਪੂਰਵਕ ਪੇਸ਼ ਕੀਤਾ ਹੈ। ਮੈਂ ਉਨ੍ਹਾਂ ਨੂੰ ਦੁਹਰਾਉਣ ਤੋਂ ਗੁਰੇਜ਼ ਕਰਾਂਗਾ। ਮੈਂ ਆਪਣਾ ਧਿਆਨ ਸੂਬੇ ਦੀ ਮਾਲੀ, ਵਿੱਤੀ ਅਤੇ ਆਰਥਿਕ ਸਥਿਤੀ ਅਤੇ ਸਰਕਾਰੀ ਵਿੱਤਾਂ ਉੱਤੇ ਕੇਂਦਰਿਤ ਕਰਾਂਗਾ, ਜਿਨ੍ਹਾਂ ਨੂੰ ਸਾਡੇ ਸਨਮਾਨਯੋਗ ਵਿਰੋਧੀਆਂ ਵੱਲੋਂ ਗਲਤ ਰੂਪ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਹੈ। ਮੈਂ ਦੁਬਾਰਾ ਪੰਜਾਬ ਦੇ ਲੋਕਾਂ ਦਾ ਆਭਾਰ ਪ੍ਰਗਟ ਕਰਦਾ ਹਾਂ, ਜਿਨ੍ਹਾਂ ਨੇ ਇਸ ਝੂਠੇ ਪ੍ਰਚਾਰ ਨੂੰ ਪਹਿਚਾਣਿਆ ਅਤੇ ਸਾਡੇ ਵੱਲੋਂ ਦਿੱਤੇ ਗਏ ਬਿਹਤਰੀਨ ਨਤੀਜਿਆਂ ਤੇ ਹੀ ਸਾਡੀ ਕਾਰਗੁਜ਼ਾਰੀ ਦਾ ਮੁੱਲਾਂਕਣ ਕੀਤਾ ਹੈ।

5. ਕਿਸੇ ਰਾਜ ਦੀ ਮਾਲੀ ਹਾਲਤ ਦਾ ਅੰਦਾਜ਼ਾ ਮੁੱਖ ਵਿੱਤੀ ਸੂਚਕਾਂ ਅਰਥਾਤ ਰਾਜ ਦੇ ਕਰਜ਼ੇ ਦੀ ਕੁੱਲ ਘਰੇਲੂ ਉਤਪਾਦ ਨਾਲ ਅਨੁਪਾਤ, ਵਿੱਤੀ ਘਾਟਾ, ਮਾਲੀ ਘਾਟਾ, ਰਾਜ ਦੀ ਕਰ ਆਮਦਨ, ਰਾਜ ਦਾ ਕੁੱਲ ਘਰੇਲੂ ਉਤਪਾਦ ਅਤੇ ਇਸ ਦੀ ਵਿਕਾਸ ਦਰ, ਸਾਲਾਨਾ ਯੋਜਨਾ ਦਾ ਅਕਾਰ ਅਤੇ ਯੋਜਨਾ ਦੀ ਕਾਰਗੁਜ਼ਾਰੀ ਦੁਆਰਾ ਲਗਾਇਆ ਜਾਂਦਾ ਹੈ। ਮੈਂ ਹੁਣ ਇਨ੍ਹਾਂ ਦਾ ਇਕ-ਇਕ ਕਰਕੇ ਵਿਸਤਾਰ ਨਾਲ ਜ਼ਿਕਰ ਕਰਨਾ ਚਾਹਾਂਗਾ।

ਰਾਜ ਦੇ ਕਰਜ਼ੇ ਦਾ ਕੁੱਲ ਘਰੇਲੂ ਉਤਪਾਦ ਨਾਲ ਅਨੁਪਾਤ

6. ਰਾਜ ਦਾ ਕਰਜ਼ਾ ਅਕਸਰ ਗੁੰਮਰਾਹਕੁਨ ਪ੍ਰਾਪੇਗੰਡੇ ਦਾ ਵਿਸ਼ਾ ਰਿਹਾ ਹੈ। ਰਾਜ ਦੇ ਕਰਜ਼ੇ ਦਾ ਅਸਲ ਸੂਚਕ ਉਸ ਦੀ ਕੁੱਲ ਘਰੇਲੂ ਉਤਪਾਦ ਨਾਲ ਅਨੁਪਾਤ ਹੁੰਦਾ ਹੈ ਜਦੋਂ ਕਿ ਅੰਕੜੇ ਨਿਰੋਲ ਰੂਪ ਵਿੱਚ ਪੇਸ਼ ਕੀਤੇ ਜਾਂਦੇ ਰਹੇ ਹਨ। ਵਿੱਤੀ ਸਾਲ 2006-07 ਦੇ ਅੰਤ ਤਕ ਰਾਜ ਦੇ ਸਿਰ ਕੁਲ ਬਕਾਇਆ ਕਰਜ਼ਾ 48344 ਕਰੋੜ ਰੁਪਏ ਸੀ ਜੋ ਕਿ ਰਾਜ ਦੇ ਕੁੱਲ ਘਰੇਲੂ ਉਤਪਾਦ ਦਾ 38.03 ਫ਼ੀ ਸਦ ਬਣਦਾ ਹੈ। ਸਾਲ 2011-12 ਦੇ ਅੰਤ ਤਕ ਕੁੱਲ ਬਕਾਇਆ ਕਰਜ਼ਾ 77585 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ ਜੋ ਕਿ ਰਾਜ ਦੇ ਕੁਲ ਘਰੇਲੂ ਉਤਪਾਦ ਦਾ, 13ਵੇਂ ਵਿੱਤ ਕਮਿਸ਼ਨ ਵਲੋਂ ਤੈਅ ਕੀਤੇ 41.80 ਫ਼ੀ ਸਦ ਦੇ ਟੀਚੇ ਦੇ ਮੁਕਾਬਲੇ 29.91 ਫ਼ੀ ਸਦ ਹੋਵੇਗਾ। 10ਵੀਂ ਯੋਜਨਾ ਦੇ ਸਮੇਂ 2002-07 ਦੌਰਾਨ ਰਾਜ ਦੇ ਔਸਤ ਕਰਜ਼ੇ ਦਾ ਕੁੱਲ ਘਰੇਲੂ ਉਤਪਾਦ ਨਾਲ ਅਨੁਪਾਤ 44.04 ਫ਼ੀ ਸਦ ਸੀ ਜਦੋਂ ਕਿ 11ਵੀਂ ਯੋਜਨਾ ਦੇ ਸਮੇਂ 2007-12 ਦੇ ਦੌਰਾਨ ਇਹ 31.98 ਫ਼ੀ ਸਦ ਹੋਵੇਗਾ। ਇਸ ਤਰ੍ਹਾਂ ਪਿਛਲੇ ਪੰਜ ਸਾਲਾਂ ਦੌਰਾਨ ਰਾਜ ਦੇ ਕਰਜ਼ੇ ਦੇ ਕੁੱਲ ਘਰੇਲੂ ਉਤਪਾਦ ਨਾਲ ਅਨੁਪਾਤ ਵਿੱਚ ਚੋਖਾ ਸੁਧਾਰ ਹੋਇਆ ਹੈ।

ਵਿੱਤੀ ਘਾਟਾ

7. ਸਾਲ 2011-12 ਦੌਰਾਨ ਵਿੱਤੀ ਘਾਟਾ ਅਰਥਾਤ ਰਾਜ ਦੀਆਂ ਕਰਜ਼ਾ ਰਹਿਤ ਪ੍ਰਾਪਤੀਆਂ, ਮਨਫ਼ੀ ਖਰਚੇ, ਤੇਰਵੇਂ ਵਿੱਤ ਕਮਿਸ਼ਨ ਵਲੋਂ ਤੈਅ ਕੀਤੇ ਗਏ 3.5 ਫ਼ੀ ਸਦ ਦੇ ਮੁਕਾਬਲੇ 3.39 ਫ਼ੀ ਸਦ ਰਿਹਾ। ਇਸ ਸਰਕਾਰ ਦੇ 5 ਸਾਲਾਂ ਦੀ ਅਵਧੀ (2007-12) ਦੌਰਾਨ ਔਸਤਨ ਵਿੱਤੀ ਘਾਟਾ, ਜੀ.ਐੱਸ.ਡੀ.ਪੀ. ਦੀ ਪ੍ਰਤੀਸ਼ਤਤਾ ਵਜੋਂ 3.29 ਫ਼ੀ ਸਦ ਰਹਿਣ ਦੀ ਸੰਭਾਵਨਾ ਹੈ ਜਦ ਕਿ ਇਹ ਘਾਟਾ 10ਵੀਂ ਯੋਜਨਾ 2002-07 ਦੌਰਾਨ 4.18 ਫ਼ੀ ਸਦ ਸੀ।

ਮਾਲੀ ਘਾਟਾ

8. ਜੀ.ਐੱਸ.ਡੀ.ਪੀ. ਦੀ ਪ੍ਰਤੀਸ਼ਤਤਾ ਵੱਜੋਂ ਔਸਤਨ ਮਾਲੀ ਘਾਟਾ ਜੋ ਕਿ 2002-07 ਦੌਰਾਨ 2.91 ਸੀ, ਤੋਂ ਘੱਟ ਕੇ 2007-12 ਦੌਰਾਨ 2.19 ਰਹਿ ਗਿਆ ਹੈ। ਚਾਲੂ ਵਿੱਤੀ ਸਾਲ ਲਈ ਰਾਜ ਦਾ ਤਜਵੀਜ਼ਤ ਮਾਲੀ ਘਾਟਾ ਜੀ. ਐਸ. ਡੀ. ਪੀ. ਦਾ, 13ਵੇਂ ਵਿੱਤ ਕਮਿਸ਼ਨ ਵੱਲੋਂ ਤੈਅ ਕੀਤੇ 1.80 ਫ਼ੀ ਸਦ ਟੀਚੇ ਦੇ ਮੁਕਾਬਲੇ 1.30 ਫ਼ੀ ਸਦ ਹੈ। ਇਸ ਟੀਚੇ ਦੀ ਪ੍ਰਾਪਤੀ ਵਿੱਚ ਅਸਥਾਈ ਤੌਰ ਤੇ ਹੇਠਾਂ ਖਿਸਕਣ ਦੀ ਸੰਭਾਵਨਾ ਹੈ, ਜੋ ਕਿ ਮੁੱਖ ਤੌਰ ਤੇ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਕਰਕੇ, ਤਨਖਾਹ ਦੇ 40 ਫ਼ੀ ਸਦ ਬਕਾਇਆਂ, ਤਨਖਾਹ ਸੋਧ ਕਾਰਨ ਪੈਨਸ਼ਨ ਦੇ 33 ਫ਼ੀ ਸਦ ਬਕਾਇਆ ਅਤੇ ਬਿਜਲੀ ਸਬਸਿਡੀ, ਜੋ ਸਾਡੇ ਕਿਸਾਨਾਂ ਨੂੰ ਨਿਰੰਤਰ ਪ੍ਰਦਾਨ ਕਰਨ ਦੀ ਲੋੜ ਹੈ, ਦੀ ਅਦਾਇਗੀ ਦੇ ਫਲਸਰੂਪ ਹੈ। ਫਿਰ ਵੀ ਸਾਡੀ ਸਰਕਾਰ ਸਾਲ 2014-15 ਤੱਕ ਮਾਲੀ ਅਧਿਸ਼ੇਸ਼ ਦੀ ਪ੍ਰਾਪਤੀ ਲਈ ਪੂਰਨ ਤੌਰ ਤੇ ਵਚਨਬੱਧ ਹੈ।

ਕਰ ਮਾਲੀਆ

9. ਰਾਜ ਕਰ ਮਾਲੀਆ: ਰਾਜ ਦਾ ਕੁੱਲ ਕਰ ਮਾਲੀਆ 2011-12 ਦੌਰਾਨ 20408 ਕਰੋੜ ਰੁਪਏ ਹੋਣ ਦੀ ਆਸ ਹੈ ਜਦਕਿ 2010-11 ਦੌਰਾਨ ਇਹ 16828 ਕਰੋੜ ਰੁਪਏ ਸੀ। ਇਸ ਤਰ੍ਹਾਂ ਰਾਜ ਦੇ ਕਰ ਮਾਲੀਆ ਦੀ ਵਿਕਾਸ ਦਰ 21.27 ਫ਼ੀ ਸਦ ਹੈ।ਸਾਲ 2006-07 ਵਿਚ 9017 ਕਰੋੜ ਰੁਪਏ ਦੇ ਮੁਕਾਬਲੇ ਰਾਜ ਦੀ ਕਰ ਆਮਦਨ ਦੋ ਗੁਣਾਂ ਤੋਂ ਵੀ ਜ਼ਿਆਦਾ ਵੱਧ ਕੇ ਸਾਲ 2011-12 ਵਿੱਚ 20,408 ਕਰੋੜ ਰੁਪਏ ਹੋ ਗਈ ਹੈ। 2002 ਤੋਂ 2007 ਦੇ ਪਿਛਲੇ ਪੰਜ ਸਾਲਾਂ ਦੌਰਾਨ ਕਰ ਮਾਲੀਏ ਵਿੱਚ ਔਸਤਨ ਵਾਧਾ 13.77 ਫ਼ੀ ਸਦ ਸੀ ਜਦਕਿ ਇਸ ਸਰਕਾਰ ਦੇ ਪੰਜ ਸਾਲਾਂ ਦੌਰਾਨ ਇਸ ਦੇ 18.29 ਫ਼ੀ ਸਦ ਹੋ ਜਾਣ ਦੀ ਸੰਭਾਵਨਾ ਹੈ।

ਕੁੱਲ ਰਾਜ ਘਰੇਲੂ ਉਤਪਾਦ ਅਤੇ ਵਿਕਾਸ ਦਰ

10. ਸਾਲ 2011-12 ਦੌਰਾਨ ਜੀ.ਐੱਸ.ਡੀ.ਪੀ. 2.59 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਸਾਲ 2006-07 ਦੌਰਾਨ ਜੀ.ਐਸ.ਡੀ.ਪੀ. 1.27 ਲੱਖ ਕਰੋੜ ਰੁਪਏ ਸੀ। ਪਿਛਲੇ ਪੰਜ ਸਾਲਾਂ ਦੌਰਾਨ ਕੁੱਲ ਰਾਜ ਘਰੇਲੂ ਉਤਪਾਦ ਦੋ ਗੁਣਾਂ ਤੋਂ ਵੀ ਵਧੇਰੇ ਵੱਧ ਚੁੱਕਿਆ ਹੈ।

11. 10ਵੀਂ ਯੋਜਨਾ ਦੇ ਪੰਜ ਸਾਲਾਂ (2002-2007) ਦੌਰਾਨ ਰਾਜ ਦੀ ਆਰਥਿਕ ਵਿਕਾਸ 5.11 ਫ਼ੀ ਸਦ ਸੀ ਜਦ ਕਿ ਯੋਜਨਾ ਕਮਿਸ਼ਨ ਵੱਲੋਂ ਰਾਜ ਲਈ ਤੈਅ ਕੀਤਾ ਗਿਆ ਟੀਚਾ 6.42 ਫ਼ੀ ਸਦ ਸੀ। ਹਾਲਾਂਕਿ ਉਸ ਸਮੇਂ ਰਾਸ਼ਟਰੀ ਆਰਥਿਕ ਵਿਕਾਸ 7.80 ਫ਼ੀ ਸਦ ਸੀ। 11ਵੀਂ ਯੋਜਨਾ 2007-12 ਦੌਰਾਨ ਸਾਲਾਨਾ ਆਰਥਿਕ ਵਿਕਾਸ ਦਰ 6.87 ਫ਼ੀ ਸਦ ਰਹੀ ਹੈ ਜਦ ਕਿ ਯੋਜਨਾ ਕਮਿਸ਼ਨ ਵਲੋਂ ਇਸ ਦਾ ਤੈਅ ਕੀਤਾ ਗਿਆ ਇਹ ਟੀਚਾ 5.90 ਫ਼ੀ ਸਦ ਸੀ। ਇਸ ਦਾ ਮਤਲਬ ਹੈ ਕਿ ਪੰਜਾਬ ਨੇ ਯੋਜਨਾ ਕਮਿਸ਼ਨ ਵੱਲੋਂ ਤੈਅ ਕੀਤੇ ਟੀਚੇ ਨਾਲੋਂ ਵੱਧ ਵਿਕਾਸ ਕੀਤਾ ਹੈ। ਇਸੇ ਸਮੇਂ ਦੌਰਾਨ ਦੇਸ ਦੀ ਆਰਥਿਕ ਵਿਕਾਸ ਦਰ 7.95 ਫ਼ੀ ਸਦ ਰਹੀ ਹੈ। ਰਾਜ ਦੇ ਆਰਥਿਕ ਵਿਕਾਸ ਦੀ ਦਰ ਹੁਣ ਰਾਸ਼ਟਰੀ ਆਰਥਿਕ ਵਿਕਾਸ ਦਰ ਦੇ ਨਜ਼ਦੀਕ ਪਹੁੰਚ ਚੁੱਕੀ ਹੈ।

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

ਯੋਜਨਾ ਅਕਾਰ ਅਤੇ ਪ੍ਰਾਪਤੀਆਂ

12. ਸਾਲ 2011-12 ਦਾ ਸਾਲਾਨਾ ਯੋਜਨਾ ਅਕਾਰ ਸਾਲ 2006-07 ਦੇ 4000 ਕਰੋੜ ਰੁਪਏ ਦੇ ਮੁਕਾਬਲੇ 11520 ਕਰੋੜ ਰੁਪਏ ਹੈ। (ਥੰਪਿੰਗ) ਇਸ ਤਰ੍ਹਾਂ ਯੋਜਨਾ ਆਕਾਰ ਵਿੱਚ ਤਿੰਨ ਗੁਣਾ ਦਾ ਵਾਧਾ ਦਰਜ ਹੋਇਆ ਹੈ। ਸਾਲ 2012-13 ਦੀ ਸਾਲਾਨਾ ਯੋਜਨਾ ਨੂੰ ਯੋਜਨਾਂ ਕਮਿਸ਼ਨ ਦੀ ਸਲਾਹ ਨਾਲ ਜਲਦੀ ਹੀ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਸਾਲ 2002-07 ਦੌਰਾਨ ਔਸਤ ਯੋਜਨਾ ਕਾਰਗੁਜ਼ਾਰੀ 85 ਫ਼ੀ ਸਦ ਸੀ ਜਦੋਂ ਕਿ 2007-12 ਦੌਰਾਨ ਇਹ 87 ਫ਼ੀ ਸਦ ਹੋਵੇਗੀ। 2002-07 ਦੌਰਾਨ ਅਸਲ ਸਾਲਾਨਾ ਔਸਤਨ ਪੂੰਜੀਗਤ ਖ਼ਰਚਾ 1189 ਕਰੋੜ ਰੁਪਏ ਸੀ ਜਦੋਂ ਕਿ 2007-12 ਦੌਰਾਨ ਇਹ ਖਰਚਾ 3000 ਕਰੋੜ ਰੁਪਏ ਰਹੇਗਾ।

ਬੰਦਸ਼ਾਂ

13. ਸਾਡੇ ਸਤਿਕਾਰਯੋਗ ਆਗੂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਹੇਠ ਸਰਕਾਰ ਨੇ ਰਾਜ ਦੇ ਲੋਕਾਂ ਨਾਲ ਕੀਤੇ ਵਾਅਦੇ ਸਫ਼ਲਤਾਪੂਰਵਕ ਪੂਰੇ ਕੀਤੇ ਹਨ। ਸਰਕਾਰ ਨੇ ਵਿੱਤੀ ਅਨੁਸ਼ਾਸਨ ਦੀ ਸਖ਼ਤੀ ਨਾਲ ਪਾਲਣਾ ਕੀਤੀ ਹੈ ਅਤੇ ਸਾਰੇ ਵਿੱਤੀ ਸੂਚਕਾਂ ਨੂੰ ਗੰਭੀਰ ਬੰਦਸ਼ਾਂ ਦੇ ਬਾਵਜੂਦ ਟੀਚਿਆਂ ਦੇ ਅੰਦਰ ਹੀ ਰੱਖਿਆ ਹੈ।

ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਅਮਲ

14. ਸਰਕਾਰ ਨੇ ਨਾ ਕੇਵਲ ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਹੈ ਬਲਕਿ ਕਰਮਚਾਰੀਆਂ ਦੀਆਂ ਵੱਖ-2 ਸ਼੍ਰੇਣੀਆਂ ਨੂੰ ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਵਾਧੂ ਲਾਭ ਵੀ ਦਿੱਤੇ ਹਨ। ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ 1-1-2006 ਤੋਂ ਲਾਗੂ ਕੀਤਾ ਗਿਆ ਹੈ ਅਤੇ ਪੈਨਸ਼ਨਰਾਂ ਦੇ 67 ਫ਼ੀ ਸਦ ਤੇ ਕਰਮਚਾਰੀਆਂ ਦਾ 40 ਫ਼ੀ ਸਦ ਬਕਾਇਆ ਅਦਾ ਕੀਤਾ ਜਾ ਚੁੱਕਿਆ ਹੈ ਅਤੇ ਬਾਕੀ ਬਚਦੇ ਬਕਾਇਆਂ ਦੀ ਰਕਮ 2012-13 ਤੇ 2013-14 ਦੌਰਾਨ ਅਦਾ ਕੀਤੀ ਜਾਵੇਗੀ।

15. ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਕਾਰਨ 3000 ਕਰੋੜ ਰੁਪਏ ਪ੍ਰਤੀ ਸਾਲ ਵਾਧੂ ਵਿੱਤੀ ਬੋਝ ਪਿਆ ਹੈ ਅਤੇ ਬਕਾਇਆਂ ਦੀ ਅਦਾਇਗੀ ਲਈ ਸਾਲ 2010-11 ਤੋਂ 2013-14 ਤੱਕ 7200 ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਪਵੇਗਾ। ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਵੱਧ ਕੇ ਲਾਭ ਦੇਣ ਨਾਲ 1500 ਕਰੋੜ ਰੁਪਏ ਪ੍ਰਤੀ ਸਾਲ ਦਾ ਵਾਧੂ ਵਿੱਤੀ ਬੋਝ ਪਿਆ ਹੈ। ਪਰੰਤੂ ਕੇਂਦਰੀ ਸਰਕਾਰ ਨੇ ਰਾਜ ਸਰਕਾਰ ਨੂੰ ਇਸ ਦੇਣਦਾਰੀ ਦੀ ਅਦਾਇਗੀ ਲਈ ਕਿਸੇ ਤਰ੍ਹਾਂ ਦੀ ਵੀ ਕੋਈ ਮਦਦ ਮੁਹੱਈਆ ਨਹੀਂ ਕਰਵਾਈ, ਬਾਵਜੂਦ ਇਸ ਦੇ ਕਿ ਰਾਜ ਸਰਕਾਰਾਂ ਨੂੰ ਤਨਖ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਕੇਂਦਰ ਸਰਕਾਰ ਦੀ ਤਰਜ਼ ਤੇ ਹੀ ਲਾਗੂ ਕਰਨੀਆਂ ਪੈਂਦੀਆਂ ਹਨ।

ਕਿਸਾਨਾਂ ਲਈ ਸਹਾਇਤਾ

16. ਸਾਡੇ ਕਿਸਾਨਾਂ ਵੱਲੋਂ ਖੇਤੀਬਾੜੀ ਦੀ ਪੈਦਾਵਾਰ ਵਿੱਚ ਸਥਾਪਿਤ ਕੀਤੇ ਉੱਚ-ਮਿਆਰਾਂ ਨੂੰ ਕਾਇਮ ਰੱਖਣ ਲਈ ਉਨ੍ਹਾਂ ਦੀ ਲਗਾਤਾਰ ਮਦਦ ਦੀ ਜ਼ਰੂਰਤ ਹੈ। ਅਜਿਹਾ ਇਸ ਲਈ ਵੀ

ਜ਼ਰੂਰੀ ਹੋ ਗਿਆ ਹੈ ਕਿਉਂਕਿ ਭਾਰਤ ਸਰਕਾਰ ਕਿਸਾਨਾਂ ਦੀ ਪੈਦਾਵਾਰ ਦਾ ਉਚਿਤ ਘੱਟ ਤੋਂ ਘੱਟ ਸਮਰਥਨ ਮੁੱਲ ਦੇਣ ਵਿਚ ਅਸਫਲ ਰਹੀ ਹੈ। ਖੇਤੀਬਾੜੀ ਸਮੱਗਰੀ ਜਿਵੇਂ ਕਿ ਬੀਜ, ਖਾਦ ਆਦਿ ਦੀ ਕੀਮਤ ਵਿਚ ਵਾਧਾ ਹੋਇਆ ਹੈ ਅਤੇ ਕਿਸਾਨਾਂ ਨੂੰ ਢੁੱਕਵੀਆਂ ਮਾਲੀ ਕੀਮਤਾਂ ਤੋਂ ਵਾਂਝੇ ਰੱਖਿਆ ਗਿਆ ਹੈ। ਖੇਤੀਬਾੜੀ ਨੂੰ ਹੁਣ ਨਫੇ ਵਾਲਾ ਅਤੇ ਆਰਥਿਕ ਨਿਰਭਰਤਾ ਵਾਲਾ ਧੰਦਾ ਸਮਝਿਆ ਨਹੀਂ ਜਾਂਦਾ। ਇਸ ਲਈ ਰਾਜ ਨੂੰ ਮਜਬੂਰਨ ਪੀ.ਐਸ. ਈ.ਬੀ./ਪੀ.ਐਸ.ਪੀ.ਸੀ.ਐੱਲ. ਨੂੰ ਸਬਸਿਡੀ ਦੇਣੀ ਪੈਂਦੀ ਹੈ। ਇਹ ਸਬਸਿਡੀ ਬਿਲ ਸਾਲ 2006-07 ਦੇ ਸਿਰਫ 1427 ਕਰੋੜ ਰੁਪਏ ਦੇ ਮੁਕਾਬਲੇ ਸਾਲ 2011-12 ਦੌਰਾਨ ਤਕਰੀਬਨ 4200 ਕਰੋੜ ਰੁਪਏ ਹੋ ਗਿਆ ਹੈ, ਜਿਹੜਾ ਕਿ ਸਾਲ 2012-13 ਦੌਰਾਨ ਹੋਰ ਵੱਧ ਕੇ 6000 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ।

ਵੰਚਿਤ ਵਰਗਾਂ ਪ੍ਰਤੀ ਵਚਨਬੱਧਤਾ

17. ਸਾਡੀ ਸਰਕਾਰ ਵੱਲੋਂ ਆਟਾ-ਦਾਲ ਸਕੀਮ, ਬੁਢਾਪਾ ਸਕੀਮ ਅਤੇ ਸ਼ਗਨ ਸਕੀਮ ਪ੍ਰਤੀ ਨਾ ਕੇਵਲ ਵਚਨਬੱਧਤਾਵਾਂ ਨੂੰ ਨਿਭਾਇਆ ਗਿਆ ਹੈ ਬਲਕਿ ਇਨ੍ਹਾਂ ਦੇ ਦਾਇਰੇ ਵਿਚ ਵਾਧਾ ਵੀ ਕੀਤਾ ਗਿਆ ਹੈ। ਸਮਾਜਿਕ ਖੇਤਰ ਦੀਆਂ ਸਕੀਮਾਂ ਵਿਚ 30,000 ਰੁਪਏ ਸਾਲਾਨਾ ਆਮਦਨ ਤੱਕ ਦੇ ਪਰਿਵਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਕੇਂਦਰੀ ਕਰਾਂ ਵਿਚੋਂ ਘਟਦਾ ਹਿੱਸਾ

18. ਕੇਂਦਰ ਸਾਰੇ ਰਾਜਾਂ ਨੂੰ ਆਪਣੇ ਕਰ ਮਾਲੀਏ ਵਿਚੋਂ ਕੇਵਲ 32 ਫ਼ੀ ਸਦ ਹਿੱਸਾ ਦਿੰਦਾ ਹੈ ਅਤੇ ਬਾਕੀ 68 ਫ਼ੀ ਸਦ ਆਪ ਰੱਖਦਾ ਹੈ। ਕੇਂਦਰ ਸਰਕਾਰ ਵਲੋਂ ਇਸ ਹਿੱਸੇ ਵਿੱਚ, ਰਾਜ ਸਰਕਾਰਾਂ ਵੱਲੋਂ ਇਸ ਨੂੰ ਘੱਟੋ ਘੱਟ 50 ਫ਼ੀ ਸਦ ਕਰਨ ਦੀ ਮੰਗ ਕਰਨ ਦੇ ਬਾਵਜੂਦ ਵੀ ਯੋਗ ਵਾਧਾ ਨਹੀਂ ਕੀਤਾ ਗਿਆ।

19. ਪੰਜਾਬ ਵਰਗੇ ਵਿਕਸਤ ਸੂਬਿਆਂ ਲਈ ਫੰਡਾਂ ਦੀ ਵੰਡ ਸਬੰਧੀ ਨਿਰਧਾਰਤ ਮਾਪਦੰਡ ਅਨੁਕੂਲ ਨਹੀਂ ਹਨ ਅਤੇ ਕੇਂਦਰੀ ਕਰਾਂ ਵਿਚ ਸਾਡਾ ਹਿੱਸਾ ਸਾਲ 1970-75 ਵਿਚ 2.450 ਫ਼ੀ ਸਦ ਤੋਂ ਘੱਟ ਕੇ ਸਾਲ 2010-15 ਵਿਚ 1.389 ਫ਼ੀ ਸਦ ਰਹਿ ਗਿਆ। ਕਰਾਂ ਦੀ ਵੰਡ ਲਈ ਮਾਪਦੰਡ ਹੇਠਾਂ ਦਿੱਤੇ ਅਨੁਸਾਰ ਹਨ:-

i) ਆਬਾਦੀ (25 ਫ਼ੀ ਸਦ)

ii) ਖੇਤਰਫਲ (10 ਫ਼ੀ ਸਦ)

iii) ਮਾਲੀ ਸਮਰੱਥਾ ਅੰਤਰ (47.5 ਫ਼ੀ ਸਦ) ਅਤੇ

iv) ਮਾਲੀ ਅਨੁਸ਼ਾਸਨ (17.5 ਫ਼ੀ ਸਦ)

ਯੋਜਨਾ ਸਹਾਇਤਾ

20. ਉਪਰੋਕਤ ਕੇਂਦਰੀ ਕਰਾਂ ਦੇ ਹਿੱਸੇ ਤੋਂ ਇਲਾਵਾ ਰਾਜ ਨੂੰ ਯੋਜਨਾ ਕਮਿਸ਼ਨ ਦੁਆਰਾ ਯੋਜਨਾ ਸਹਾਇਤਾ ਵੀ ਪ੍ਰਾਪਤ ਹੁੰਦੀ ਹੈ। ਇਸ ਯੋਜਨਾ ਸਹਾਇਤਾ ਵਿਚੋਂ ਸਿਰਫ 17 ਫ਼ੀ ਸਦ ਹੀ ਆਮ ਕੇਂਦਰੀ

[ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ]

ਸਹਾਇਤਾ ਵਜੋਂ ਬਿਨਾਂ ਕਿਸੇ ਸ਼ਰਤ ਤੋਂ ਦਿੱਤੀ ਜਾਂਦੀ ਹੈ ਅਤੇ ਬਾਕੀ ਦੀ 83 ਫ਼ੀ ਸਦ ਸਹਾਇਤਾ ਵੱਖ-2 ਕੇਂਦਰੀ ਸਕੀਮਾਂ ਜਿਵੇਂ ਕਿ ਐਕਸਲਰੇਟਡ ਇਰੀਗੇਸ਼ਨ ਬੈਨਿਫਿਟ ਪ੍ਰੋਗਰਾਮ, ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਊਅਲ ਮਿਸ਼ਨ, ਰਾਸ਼ਟਰੀਆ ਕ੍ਰਿਸ਼ੀ ਵਿਕਾਸ ਯੋਜਨਾ, ਨੈਸ਼ਨਲ ਸੋਸ਼ਲ ਅਸਿਸਟੈਂਸ ਪ੍ਰੋਗਰਾਮ ਆਦਿ ਵਜੋਂ ਦਿੱਤੀ ਜਾਂਦੀ ਹੈ। ਰਾਜ ਸਰਕਾਰ ਇਹ ਪੁਰਜ਼ੋਰ ਮੰਗ ਕਰਦੀ ਰਹੀ ਹੈ ਕਿ ਘੱਟੋ-ਘੱਟ 50 ਫ਼ੀ ਸਦ ਕੇਂਦਰੀ ਸਹਾਇਤਾ ਬੰਧਨ ਮੁਕਤ ਹੋਣੀ ਚਾਹੀਦੀ ਹੈ।

21. ਭਾਰਤ ਸਰਕਾਰ ਦੀਆਂ ਵੱਖ-2 ਫਲੈਗਸ਼ਿਪ ਸਕੀਮਾਂ ਅਧੀਨ ਫੰਡਾਂ ਦੀ ਵੰਡ ਲਈ ਨਿਰਧਾਰਤ ਮਾਪਦੰਡ ਵਿਕਸਤ ਸੂਬਿਆਂ ਦੇ ਪੱਖ ਵਿਚ ਨਹੀਂ ਹਨ। ਜ਼ਿਆਦਾਤਰ ਫੰਡ ਨਵੇਂ ਬੁਨਿਆਦੀ ਢਾਂਚੇ ਦੀ ਸਿਰਜਣਾ ਲਈ ਦਿੱਤੇ ਜਾਂਦੇ ਹਨ ਅਤੇ ਪੁਰਾਣੇ ਬਣੇ ਢਾਂਚੇ ਦੀ ਸਾਂਭ-ਸੰਭਾਲ ਲਈ ਕੋਈ ਫੰਡ ਨਹੀਂ ਦਿੱਤੇ ਜਾਂਦੇ ਹਨ। ਪੰਜਾਬ ਵਰਗੇ ਰਾਜਾਂ ਨੂੰ ਜਿਨ੍ਹਾਂ ਨੇ ਕਿ ਪਹਿਲਾਂ ਹੀ ਲੋੜੀਂਦਾ ਬੁਨਿਆਦੀ ਢਾਂਚਾ ਜਿਵੇਂ ਕਿ ਪੇਂਡੂ ਲਿੰਕ ਸੜਕਾਂ, ਸਕੂਲ, ਸਿਹਤ ਸੰਸਥਾਵਾਂ, ਪਿੰਡਾਂ ਆਦਿ ਦਾ ਬਿਜਲੀਕਰਨ ਆਦਿ ਬਣਾ ਲਿਆ ਹੈ, ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਸਰਵ ਸਿੱਖਿਆ ਅਭਿਆਨ, ਨੈਸ਼ਨਲ ਰੂਰਲ ਹੈਲਥ ਮਿਸ਼ਨ, ਰਾਜੀਵ ਗਾਂਧੀ ਗ੍ਰਾਮ ਵਿਕਾਸ ਯੋਜਨਾ ਅਧੀਨ ਬਹੁਤ ਹੀ ਘੱਟ ਫੰਡ ਪ੍ਰਾਪਤ ਹੁੰਦੇ ਹਨ।

ਕੇਂਦਰੀ ਸਹਾਇਤਾ ਲਈ ਮਾਪਦੰਡਾਂ ਵਿਚ ਤਬਦੀਲੀ

22. ਰਾਜ ਸਰਕਾਰ ਦੀ ਭਾਰਤ ਸਰਕਾਰ, ਵਿੱਤ ਕਮਿਸ਼ਨ ਅਤੇ ਯੋਜਨਾ ਕਮਿਸ਼ਨ ਨੂੰ ਪੁਰਜ਼ੋਰ ਮੰਗ ਰਹੀ ਹੈ ਕਿ ਕੇਂਦਰ ਤੋਂ ਰਾਜਾਂ ਨੂੰ ਸਾਧਨ ਦੇਣ ਵੇਲੇ ਰਾਜ ਦੀ ਕੁੱਲ ਆਬਾਦੀ ਵਿਚ ਅਨੁਸੂਚਿਤ ਜਾਤੀ ਆਬਾਦੀ ਦੀ ਪ੍ਰਤੀਸ਼ਤਤਾ ਅਤੇ ਰਾਜ ਵੱਲੋਂ ਕੌਮੀ ਅੰਨ ਭੰਡਾਰ ਵਿਚ ਦਿੱਤੇ ਯੋਗਦਾਨ ਨੂੰ ਯੋਗ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਪਰ ਸਾਡੀ ਮੰਗ ਅਜੇ ਤੱਕ ਮੰਨੀ ਨਹੀਂ ਗਈ ਹੈ। ਅਸੀਂ ਇੱਕ ਵਾਰੀ ਫਿਰ ਭਾਰਤ ਸਰਕਾਰ ਅਤੇ ਯੋਜਨਾ ਕਮਿਸ਼ਨ ਤੋਂ ਮੰਗ ਕਰਦੇ ਹਾਂ ਕਿ ਕੇਂਦਰ ਵੱਲੋਂ ਰਾਜਾਂ ਨੂੰ ਫੰਡਜ਼ ਆਦਿ ਦੇਣ ਵੇਲੇ ਇਨ੍ਹਾਂ ਤੱਥਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

ਰਾਜ ਲਈ ਕਰਜ਼ਾ ਰਾਹਤ

23. 13ਵੇਂ ਵਿੱਤ ਕਮਿਸ਼ਨ ਨੇ ਕੇਰਲਾ, ਪੱਛਮੀ ਬੰਗਾਲ ਅਤੇ ਪੰਜਾਬ ਤਿੰਨ ਆਮ ਸ਼੍ਰੇਣੀ ਰਾਜਾਂ ਦੀ ਕਰਜ਼ਾ ਪ੍ਰਭਾਵਿਤ ਰਾਜਾਂ ਵਜੋਂ ਸ਼ਨਾਖਤ ਕੀਤੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਰਾਜਾਂ ਦੀ ਮਾਲੀ ਹਾਲਤ ਸੁਖਾਵੀਂ ਬਣਾਉਣ ਦੇ ਉਪਾਅ ਲੱਭਣ ਲਈ ਭਾਰਤ ਸਰਕਾਰ ਦੇ ਵਿੱਤ ਮੰਤ੍ਰਾਲੇ ਦੇ ਸਕੱਤਰ ਖਰਚਾ ਦੀ ਪ੍ਰਧਾਨਗੀ ਹੇਠ ਜੁਲਾਈ, 2010 ਵਿਚ ਇਕ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਵੱਲੋਂ ਆਪਣੀ ਰਿਪੋਰਟ ਅਗਸਤ 2010 ਤੱਕ ਭਾਰਤ ਸਰਕਾਰ ਨੂੰ ਸੌਂਪੇ ਜਾਣ ਦੀ ਸੰਭਾਵਨਾ ਸੀ।

24. ਕਮੇਟੀ ਨੇ ਅਜੇ ਤੱਕ ਆਪਣੀ ਰਿਪੋਰਟ ਭਾਰਤ ਸਰਕਾਰ ਨੂੰ ਪੇਸ਼ ਨਹੀਂ ਕੀਤੀ ਹੈ। ਅਸੀ ਭਾਰਤ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਕਰਜ਼ਾ ਪ੍ਰਭਾਵਿਤ ਰਾਜਾਂ ਲਈ 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਤੁਰੰਤ ਕਾਰਵਾਈ ਕੀਤੀ ਜਾਵੇ।

ਰਾਜ ਦੀਆਂ ਏਜੰਸੀਆਂ ਦੇ ਐਫ. ਸੀ. ਆਈ. ਵੱਲ ਬਣਦੇ ਬਕਾਏ

25. ਰਾਜ ਸਰਕਾਰ ਦੇ ਦੋ ਵਿਸ਼ੇਸ਼ ਮੁੱਦੇ ਭਾਰਤ ਸਰਕਾਰ ਦੇ ਖੁਰਾਕ ਮੰਤਰਾਲੇ ਵਿਚ ਲੰਬਿਤ ਪਏ

ਹਨ। ਸਾਲ 2011 ਦੇ ਅੰਤ ਦੀ ਸਥਿਤੀ ਅਨੁਸਾਰ ਰਾਜ ਦੀਆਂ ਖਰੀਦ ਏਜੰਸੀਆਂ ਵੱਲੋਂ ਫੂਡ ਕਾਰਪੋਰੇਸ਼ਨ ਆਫ ਇੰਡੀਆ ਤੋਂ 7461 ਕਰੋੜ ਰੁਪਏ ਵਸੂਲੀ ਯੋਗ ਹਨ ਪਰ ਐਫ.ਸੀ.ਆਈ./ ਭਾਰਤ ਸਰਕਾਰ ਵਲੋਂ ਅਜੇ ਤੱਕ ਕੋਈ ਵੀ ਸਾਕਾਰਾਤਮਕ ਉੱਤਰ ਨਹੀਂ ਮਿਲਿਆ। ਦੂਜਾ ਵਿਸ਼ਾ ਇਹ ਹੈ ਕਿ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ ਅਨਾਜ ਦੀ ਖਰੀਦ ਤੇ ਤਿੰਨ ਫੀ ਸਦ ਦਾ ਸੈੱਸ ਲਗਾਇਆ ਗਿਆ ਹੈ ਪਰੰਤੂ ਐਫ.ਸੀ.ਆਈ. ਇਹ ਸੈੱਸ ਕੇਵਲ ਦੋ ਫੀ ਸਦ ਤੇ ਹੀ ਅਦਾ ਕਰ ਰਹੀ ਹੈ ਹਾਲਾਂਕਿ ਉਨ੍ਹਾਂ ਦੇ ਇਸ ਦਾਅਵੇ ਨੂੰ ਮਾਨਯੋਗ ਹਾਈ ਕੋਰਟ ਵੱਲੋਂ ਖਾਰਜ ਕਰ ਦਿੱਤਾ ਗਿਆ ਹੈ।

ਸਾਲਾਨਾ ਯੋਜਨਾ 2012-13

26. ਰਾਜ ਸਰਕਾਰ ਯੋਜਨਾ ਕਮਿਸ਼ਨ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਆਪਣੀ ਸਾਲਾਨਾ ਯੋਜਨਾ 2012-13 ਨੂੰ ਅੰਤਿਮ ਰੂਪ ਦੇਵੇਗੀ। ਸਾਲਾਨਾ ਯੋਜਨਾ 2012-13 ਦੇ ਖ਼ਰਚ ਵਿਚ ਚੋਖਾ ਵਾਧਾ ਕੀਤਾ ਜਾਵੇਗਾ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ, ਊਰਜਾ, ਖੇਤੀਬਾੜੀ, ਰੋਜ਼ਗਾਰ ਅਤੇ ਹੁਨਰ ਵਿਕਾਸ, ਸਿਹਤ, ਸਿੱਖਿਆ, ਕਮਜ਼ੋਰ ਵਰਗਾਂ ਦੀ ਭਲਾਈ ਅਤੇ ਇਸਤਰੀ ਤੇ ਬਾਲ ਵਿਕਾਸ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਪੰਜਾਬ ਦੇ ਲੋਕਾਂ ਪ੍ਰਤੀ ਵਚਨਬੱਧਤਾ

27. ਪੰਜਾਬ ਦੇ ਲੋਕਾਂ ਨੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਦੂਰ ਦ੍ਰਿਸ਼ਟੀ ਤੇ ਪੂਰਨ ਵਿਸ਼ਵਾਸ਼ ਅਤੇ ਭਰੋਸਾ ਪ੍ਰਗਟਾਇਆ ਹੈ। ਅਸੀਂ ਰਾਜ ਦੇ ਲੋਕਾਂ ਨਾਲ ਕੁਝ ਵਾਅਦੇ ਕੀਤੇ ਹਨ। ਜਿਵੇਂ ਕਿ ਮੈਂ ਆਪਣੇ ਭਾਸ਼ਣ ਵਿਚ ਪਹਿਲਾਂ ਵੀ ਜ਼ਿਕਰ ਕੀਤਾ ਹੈ ਰਾਜ ਵਿੱਤੀ ਖੇਤਰ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਕੇਂਦਰ ਤੋਂ ਵੀ ਕੋਈ ਖਾਸ ਸਹਾਇਤਾ ਨਹੀਂ ਮਿਲ ਰਹੀ ਹੈ। ਸਾਡੀ ਸਰਕਾਰ ਲੋਕਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਅੰਤ ਵਿੱਚ ਮੈਂ ਇਕ ਵਾਰ ਫੇਰ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪ੍ਰਤੀ ਵਿਸ਼ਵਾਸ ਬਣਾਈ ਰੱਖਿਆ ਹੈ ਅਤੇ ਸਾਨੂੰ ਇਸ ਯੋਗ ਬਣਾਇਆ ਹੈ ਕਿ ਅਸੀਂ ਆਪਣੇ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰ ਸਕੀਏ। ਸਾਡੇ ਵੱਲੋਂ ਕੀਤੇ ਗਏ ਇਹਨਾਂ ਪਵਿੱਤਰ ਵਾਅਦਿਆਂ ਨੂੰ ਨਿਭਾਉਣ ਲਈ ਅਸੀ ਪੂਰੀ ਤਰ੍ਹਾਂ ਵਚਨਬੱਧ ਹਾਂ ਅਤੇ ਰਾਜ ਦੇ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮੈਂ ਇਸ ਅਜ਼ੀਮ ਸਦਨ ਦੇ ਸਹਿਯੋਗ ਅਤੇ ਆਸ਼ੀਰਵਾਦ ਦੀ ਕਾਮਨਾ ਕਰਦਾ ਹਾਂ।

28. ਸ਼੍ਰੀਮਾਨ ਜੀਓ, ਇਨ੍ਹਾਂ ਸ਼ਬਦਾਂ ਨਾਲ ਮੈਂ ਵਿੱਤੀ ਸਾਲ 2012-13 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੂਨ) ਲਈ 14245.95 ਕਰੋੜ ਰੁਪਏ ਦੇ ਵੋਟ-ਆਨ-ਅਕਾਊਂਟ ਨੂੰ ਇਸ ਅਜ਼ੀਮ ਸਦਨ ਦੀ ਪ੍ਰਵਾਨਗੀ ਲਈ ਪੇਸ਼ ਕਰਦਾ ਹਾਂ।

ਧੰਨਵਾਦ,

ਜੈ ਹਿੰਦ।

ਸ੍ਰੀ ਸੁਨੀਲ ਜਾਖੜ (ਅਬੋਹਰ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਮੈਂ ਸਭ ਤੋਂ ਪਹਿਲਾਂ ਢੀਂਡਸਾ ਸਾਹਿਬ ਨੂੰ ਵਧਾਈ ਦੇਣੀ ਚਾਹਾਂਗਾ। ਜਿਸ ਤਰ੍ਹਾਂ ਉਨ੍ਹਾਂ ਨੇ ਆਪਣਾ ਭਾਸ਼ਣ ਸ਼ੁਰੂ ਕਰਦੇ ਹੋਏ ਕਿਹਾ ਹੈ ਕਿ ਮੈਂ ਇਸ ਗੱਲ ਦਾ ਬਹੁਤ ਸਨਮਾਨ ਮਹਿਸੂਸ ਕਰ ਰਿਹਾ ਹਾਂ, ਬਿਲਕੁਲ ਠੀਕ ਗੱਲ ਹੈ। It is a very great honour for him. ਇਸ ਉਮਰ ਦੇ ਵਿੱਚ ਇੱਕ ਜਵਾਨ ਸਾਥੀ ਪੰਜਾਬ ਦੇ ਫਾਈਨਾਂਸ ਮਨਿਸਟਰ ਦੇ ਅਹੁਦੇ ਤੇ ਬੈਠਿਆ ਹੈ। I wish him all the luck and I have my best wishes for him. He is a very fine man and I hope he will live upto the expectations of the people. ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਵੋਟ-ਆਨ-ਅਕਾਊਂਟ ਦੇ ਵਿੱਚ ਜੋ ਮੈਨਸ਼ਨ ਕੀਤਾ, ਉਸ ਦਾ ਵੀ ਸਵਾਗਤ ਕਰਦੇ ਹਾਂ ਕਿ ਜਿਹੜੇ ਇਨ੍ਹਾਂ ਨੇ ਇੰਪਲਾਈਜ਼ ਨਾਲ ਪ੍ਰੋਮਿਸਿਜ਼ ਕੀਤੇ ਸੀ, ਉਨ੍ਹਾਂ ਦਾ ਜਿਹੜਾ ਬਕਾਇਆ ਪਿਆ ਹੈ, ਉਸ ਦਾ 30% ਦੇਣ ਦੀ ਇਨ੍ਹਾਂ ਨੇ ਗੱਲ ਕੀਤੀ ਹੈ ਪਰ ਇੱਕ ਗੱਲ ਹੈ, ਬਿਲਕੁਲ ਠੀਕ ਹੈ, ਜਿਵੇਂ ਤੁਸੀਂ ਕਿਹਾ ਹੈ ਕਿ ਅਸੀਂ ਨਵੇਂ-ਨਵੇਂ ਮੰਤਰੀ ਬਣੇ ਹਾਂ, there is no question of anything and I am not here to harassing him. ਇੱਕ ਸੁਝਾਅ ਹੈ, ਚਾਹੇ ਉਸ ਦੇ ਵਿੱਚ ਸਾਡਾ ਸਹਿਯੋਗ ਸਮਝ ਲਵੋ। ਤੁਸੀਂ ਆਖਰ ਵਿੱਚ ਆਪਣਾ ਭਾਸ਼ਣ ਖਤਮ ਕਰਦਿਆਂ ਹੋਇਆਂ ਕਿਹਾ ਕਿ ਸਾਡੀ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਸਰਕਾਰ ਉਨ੍ਹਾਂ ਪ੍ਰਤੀ ਵਚਨਬੱਧ ਹੈ। ਸਪੀਕਰ ਸਾਹਿਬ, ਇਕੱਲੀ ਵਚਨਬੱਧਤਾ ਨਾਲ ਕੰਮ ਨਹੀਂ ਚੱਲਣਾ। ਗਿੱਦੜਬਾਹੇ ਇਲੈਕਸ਼ਨ ਦੇ ਦੌਰਾਨ ਹੋਈ ਰੈਲੀ ਵਿੱਚ ਬਾਦਲ ਸਾਹਿਬ ਨੇ ਕਿਹਾ ਸੀ, ਇੱਥੇ ਸ੍ਰੀ ਅਮਰਿੰਦਰ ਸਿੰਘ ਜੀ ਬੈਠੇ ਹਨ, ਉਨ੍ਹਾਂ ਨੂੰ ਬੇਸ਼ੱਕ ਪੁੱਛ ਲਵੋ, ਉਥੇ ਬਾਦਲ ਸਾਹਿਬ ਨੇ ਸਾਡੇ ਪੁਰਾਣੇ ਐਕਸ-ਫਾਈਨਾਂਸ ਮਨਿਸਟਰ ਨੂੰ ਰੈਫਰ ਕਰਦੇ ਹੋਏ ਕਿਹਾ ਸੀ ਕਿ ਉਹ ਤਾਂ ਇਸ ਤਰ੍ਹਾਂ ਹੀ ਕਹਿ ਰਿਹਾ ਹੈ, ਜੋ ਵੀ ਸਾਰੀ ਗੱਲ ਹੈ, ਉਹ ਵਹੀ-ਖਾਤਿਆਂ ਵਿੱਚ ਹੈ, ਮੇਰੇ ਕਹਿਣ ਦਾ ਭਾਵ ਹੈ ਕਿ ਜਿਹੜਾ ਕੰਮ ਵਹੀ-ਖਾਤਿਆਂ ਨਾਲ ਹੋਣ ਵਾਲਾ ਹੈ, ਮਤਲਬ ਕਿ ਜਿਹੜਾ ਕੰਮ ਰੁਪਏ ਨਾਲ ਹੋਣ ਵਾਲਾ ਹੈ, ਉਹ ਰੁਪਈਆਂ ਦੇ ਨਾਲ ਹੀ ਹੋਵੇਗਾ, ਇਹ ਇਕੱਲੀ ਵਚਨਬੱਧਤਾ ਨਾਲ ਨਹੀਂ ਹੋਣਾ। ਤੁਸੀਂ ਮੈਨਸ਼ਨ ਕੀਤਾ ਹੈ ਕਿ ਤੁਸੀਂ ਇੰਪਲਾਈਜ਼ ਦਾ ਬਕਾਇਆ ਪੂਰਾ ਕਰੋਗੇ, ਸਾਡਾ ਸਹਿਯੋਗ ਹੈ। ਜਦੋਂ ਵੋਟ-ਆਨ-ਅਕਾਊਂਟ ਤੇ ਤੁਸੀਂ ਬੋਲ ਰਹੇ ਸੀ ਤਾਂ ਮੈਂ ਮਾੜੀ ਜਿਹੀ ਰਫ਼ ਕੈਲਕੁਲੇਸ਼ਨ ਕੀਤੀ ਸੀ। ਬਾਦਲ ਸਾਹਿਬ ਨੇ ਸਾਲ 2009 ਵਿੱਚ ਇੰਪਲਾਇਮੈਂਟ ਐਕਸਚੇਂਜ਼ਿਜ਼ ਦੇ ਅਨਇੰਪਲਾਇਮੈਂਟ ਯੂਥ ਦੀ ਗਿਣਤੀ ਸਬੰਧੀ ਇੱਕ ਸਰਵੇ ਵੀ ਕਰਵਾਇਆ ਸੀ। ਉਨ੍ਹਾਂ ਦੀ ਗਿਣਤੀ 9 ਲੱਖ ਤੋਂ ਉਤੇ ਸੀ ਪਰ ਐਟ ਪਰੈਜ਼ੈਂਟ ਤਕਰੀਬਨ 4 ਲੱਖ ਤੋਂ ਵੱਧ ਅਨਇੰਪਲਾਇਡ ਯੂਥ ਇੰਪਲਾਇਮੈਂਟ ਐਕਸਚੇਂਜਿਜ ਦੇ ਵਿੱਚ ਰਜਿਸਟਰਡ ਹਨ। ਉਨ੍ਹਾਂ ਨੂੰ ਜਿਹੜਾ 1000/- ਰੁਪਿਆ ਭੱਤਾ ਦੇਣ ਦੀ ਗੱਲ ਕੀਤੀ ਹੈ, I would like you to include this into that ਕਿ ਉਹ ਤਿੰਨ ਮਹੀਨਿਆਂ ਲਈ ਕਿਉਂ ਵਾਂਝੇ ਰਹਿਣ। ਮੋਟੇ ਜਿਹੇ ਹਿਸਾਬ ਨਾਲ ਜੇ 4 ਲੱਖ ਮੰਨ ਕੇ ਚੱਲੋ ਤਾਂ 40 ਕਰੋੜ ਰੁਪਿਆ ਮਹੀਨੇ ਦਾ ਤਾਂ ਉਹ ਖਰਚਾ ਹੈ ਜੀ। ਤਿੰਨ ਮਹੀਨਿਆਂ ਦਾ ਤੁਸੀਂ ਲੈ ਰਹੇ ਹੋ, so it amounts to Rs. 120 crore. ਫਿਰ 20 ਲੱਖ ਪੈਨਸ਼ਨਧਾਰੀ ਹਨ, ਉਨ੍ਹਾਂ ਦਾ ਤੁਸੀਂ 250 ਰੁਪਿਆ ਪ੍ਰਤੀ ਮਹੀਨਾ ਹੋਰ ਵਧਾਉਣ ਦੀ ਗੱਲ ਕੀਤੀ ਹੈ ਪਰ ਤੁਹਾਡੇ ਮੈਨੀਫੈਸਟੋ ਦੇ ਵਿੱਚ ਇਸ ਅਮਾਊਂਟ ਦਾ ਵੀ ਫਰਕ ਹੈ, ਜਿਹੜਾ ਤੁਹਾਡਾ ਇੰਗਲਿਸ਼ ਭਾਸ਼ਾ ਦਾ ਮੈਨੀਫੈਸਟੋ ਹੈ, ਉਸ ਦੇ ਵਿੱਚ 500 ਰੁਪਿਆ ਲਿਖਿਆ ਹੈ ਅਤੇ ਪੰਜਾਬੀ ਭਾਸ਼ਾ ਵਾਲੇ ਮੈਨੀਫੈਸਟੋ ਵਿੱਚ ਇਹ ਪੈਸਾ 600 ਰੁਪਿਆ ਲਿਖਿਆ ਹੈ। So, whichever you go by, ਘੱਟੋ-ਘੱਟ ਗਰੀਬ ਨੂੰ ਕੁਝ ਮਿਲਣਾ ਚਾਹੀਦਾ ਹੈ। ਜੇ ਉਸ ਦੇ ਹਿਸਾਬ ਨਾਲ ਲਾਉ ਤਾਂ ਰਫ਼ਲੀ 50

ਕਰੋੜ ਰੁਪਿਆ ਮਹੀਨੇ ਦਾ ਉਹ ਬਣਦਾ ਹੈ। ਤਿੰਨ ਮਹੀਨਿਆਂ ਦਾ 150 ਕਰੋੜ ਰੁਪਿਆ ਉਹ ਲਗਾ ਲਵੋ ਅਤੇ ਮਗਰਲੇ 3 ਮਹੀਨਿਆਂ ਦਾ till the time of election, ਕਿਉਂਕਿ ਜਦੋਂ ਤੋਂ ਤੁਸੀਂ ਦੂਜੀ ਹੋਰ ਬੈਕਵਰਡ ਕਲਾਸਿਜ਼ ਨੂੰ ਸ਼ਗਨ ਸਕੀਮ ਦੇ ਵਿੱਚ ਸ਼ਾਮਲ ਕੀਤਾ ਸੀ though earlier 70,000 applications in shagun scheme ਬਕਾਇਆ ਪਈਆਂ ਸਨ over a period of 1-1/2 years ਪਰ ਮਗਰਲੇ ਜਿਹੜੇ 3 ਮਹੀਨੇ ਸੀ ਉਸ ਦੇ ਵਿਚ 30,000 ਹੋਰ ਹੋ ਗਿਆ ਸੀ ਕਿਉਂਕਿ catchment area of people who were benficiaries has increased. ਇਸ ਨਾਲ ਇਹ ਗਿਣਤੀ ਹੋਰ ਵੱਧ ਗਈ। Going by that standard ਇਨ੍ਹਾਂ 3 ਮਹੀਨਿਆਂ ਵਿੱਚ 30,000 ਹੋਰ ਸਮਝ ਲਓ, 90 ਕਰੋੜ ਰੁਪਿਆ 3 ਮਹੀਨਿਆਂ ਦਾ ਉਹ ਲਗਾ ਲਓ। My humble suggestion is this that we will support you ਕਿ ਉਹ ਵਿਚਾਰਾ ਅਨਅੰਪਲਾਇਡ ਯੂਥ, ਉਹ ਗਰੀਬ ਵਿਚਾਰਾ ਤੱਕੀ ਜਾਂਦਾ ਹੈ, ਉਸਨੇ ਬਾਦਲ ਸਾਹਿਬ ਨੂੰ ਵੋਟ ਪਾਏ ਹਨ ਕਿ ਮੇਰੀ ਪੈਨਸ਼ਨ ਵੱਧ ਜਾਵੇਗੀ 250 ਰੁਪਏ ਪ੍ਰਤੀ ਮਹੀਨਾ ਤੋਂ 500 ਰੁਪਏ ਪ੍ਰਤੀ ਮਹੀਨਾ ਮਿਲਣ ਲੱਗ ਜਾਵੇਗੀ। ਜਿਹੜੀ ਗਰੀਬ ਦੀ ਬੱਚੀ ਦਾ ਵਿਆਹ ਹੋਣਾ ਹੈ ਜਿਹੜਾ ਤੁਸੀਂ ਕਹਿ ਰਹੇ ਹੋ ਕਿ ਵਿਆਹ ਵਾਲੇ ਦਿਨ ਉਸਨੂੰ ਰਾਸ਼ੀ ਮਿਲ ਜਾਵੇਗੀ। ਅਸੀਂ ਚਾਹੁੰਦੇ ਹਾਂ ਕਿ ਉਸ ਨੂੰ ਵੇਟ ਨਾ ਕਰਨਾ ਪਵੇ ਕਿਉਂਕਿ ਹਾਲੇ ਸਾਡਾ ਅਜ਼ੀਮ ਸਦਨ ਹੁਣ ਤੋਂ ਬਾਅਦ ਜੂਨ ਵਿੱਚ ਬੈਠੇਗਾ, ਫਿਰ ਇਹ ਪਾਸ ਹੋਵੇਗਾ, so that should also be included. We are here for Constructive Opposition and we will support you. ਇਸ ਨੂੰ ਵੀ ਉਸ ਦੇ ਵਿੱਚ ਪਾ ਲਓ। I do not know whether that has been added into it, ਤੁਸੀਂ ਇਹ ਕੰਮ ਕੱਲ੍ਹ ਤੋਂ ਚਾਲੂ ਕਰਵਾਓ and we are with you. Thank you, Speaker Sahib.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) (ਬੈਠੇ-ਬੈਠੇ) : ਸਾਨੂੰ ਪੈਕੇਜ ਸੋਨੀਆ ਗਾਂਧੀ ਤੋਂ ਦਿਵਾ ਦਿਓ, ਅਸੀਂ ਦੇ ਦਿਆਂਗੇ।

Shri SunilJakkar : Speaker Sahib, that brings me to another point.

ਮਾਨਯੋਗ ਸਪੀਕਰ : ਬੈਠੋ ਜੀ, ਪ੍ਰਸਤਾਵ ਪਾਸ ਕਰਨਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਨਹੀਂ ਜੀ, ਬੜਾ ਜ਼ਰੂਰੀ ਹੈ ਜੀ। ਸਵਾ ਗਿਆਰਾਂ ਵੱਜੇ ਹਨ, ਹਾਲੇ ਇੰਨੀ ਕੀ ਕਾਹਲ ਹੈ ਜੀ? ਸਪੀਕਰ ਸਾਹਿਬ, ਦੇਖੋ, ਕੱਲ੍ਹ ਬਾਦਲ ਸਾਹਿਬ ਨੇ ਗੱਲ ਕਰਦਿਆਂ ਕਿਹਾ ਕਿ ਜਾਖੜ ਸਾਹਿਬ ਨੇ ਕਿਹਾ ਸੀ ਕਿ ਅਸੀਂ unemployed youth ਲਿਜਾ ਕੇ ਉਥੇ ਰਜਿਸਟ੍ਰੇਸ਼ਨ ਚਾਲੂ ਕਰਵਾ ਦਿੰਦੇ ਹਾਂ ਤੇ ਅਸੀਂ ਤਾਂ ਉਥੇ ਜਾ ਕੇ ਹਾਲੇ ਖਾਤੇ ਫਰੋਲਣੇ ਹਨ। ਸਪੀਕਰ ਸਾਹਿਬ, ਲੋਕਾਂ ਦਾ ਇੰਨਾ ਵਿਸ਼ਵਾਸ ਸੀ ਕਿ ਬਾਦਲ ਸਾਹਿਬ ਸਿਆਣੇ ਬੰਦੇ ਹਨ, ਸਾਰਾ ਕੁਝ ਸੂਝ-ਬੂਝ ਨਾਲ ਕਰਨਗੇ ਕਿਉਂਕਿ ਤੁਸੀਂ ਤਾਂ ਪਹਿਲਾਂ ਵੀ ਸਰਕਾਰ ਵਿੱਚ ਬੈਠੇ ਸੀ, ਅਸੀਂ ਤਾਂ ਕਹਿ ਸਕਦੇ ਸੀ ਕਿ ਸਾਨੂੰ ਪਤਾ ਨਹੀਂ ਅੰਦਰਲੀ ਕੀ ਗੱਲ ਹੈ। ਬਾਦਲ ਸਾਹਿਬ ਜਿਵੇਂ ਬਾਹਰ ਲੋਕਾਂ ਵਿੱਚ ਕਹਿੰਦੇ ਸੀ ਕਿ ਉਸਦਾ ਤਾਂ ਰਿਸ਼ਤਾ ਵੀ ਨਹੀਂ ਹੁੰਦਾ ਜਿਹੜਾ ਕਹਿ ਦੇਵੇ ਕਿ ਮੈਂ ਕੰਗਾਲ ਹਾਂ ਪਰ ਤੁਹਾਨੂੰ ਤਾਂ ਪਤਾ ਹੀ ਸੀ ਕਿ ਤੁਹਾਡੇ ਹਾਲਾਤ ਕੀ ਹਨ? ਲੋਕ ਸਮਝਦੇ ਹਨ ਕਿ ਜਿਹੜੇ ਵਾਅਦੇ ਕੀਤੇ ਹਨ ਆਪਣੇ ਖਾਤੇ ਫਰੋਲ ਕੇ ਹੀ ਕੀਤੇ ਹੋਣੇ ਹਨ। So people expect that you have worked out everything to the last. ਸਵੇਰੇ ਹੀ ਇਹ ਕੰਮ ਆਪ ਚੱਲ ਕੇ ਸ਼ੁਰੂ ਕਰਵਾਉ, ਨਾਲ ਲੋਕਾਂ ਨੂੰ

[ਸ਼੍ਰੀ ਸੁਨੀਲ ਜਾਖੜ]

ਵੰਡੀਏ, ਆਪਾਂ ਲੋਕਾਂ ਨੂੰ ਐਂਪਲਾਇੰਮੈਂਟ ਐਕਸਚੇਂਜ਼ਿਜ਼ ਵਿੱਚ ਲੈ ਕੇ ਜਾਈਏ, ਉਨ੍ਹਾਂ ਦੇ ਕੰਮ ਚਾਲੂ ਕਰਵਾਈਏ। ਸੋ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਉਸਦੇ ਵਿੱਚ ਐਡ ਕਰ ਲੈਣ ਕਿ ਤਿੰਨ ਮਹੀਨਿਆਂ ਦਾ ਕਿੰਨਾ ਕੁ ਖਰਚਾ ਬਣਦਾ ਹੈ, ਇਹ ਕੈਲਕੁਲੇਟ ਕਰਕੇ ਇਸਨੂੰ ਵੀ ਪਾਸ ਕਰਾਓ।

(v) MOTION REGARDING VOTE-ON-ACCOUNT FOR THREE MONTHS

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਜੀ ਪ੍ਰਸਤਾਵ ਪੇਸ਼ ਕਰਨ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਤਿੰਨ ਮਹੀਨਿਆਂ (ਅਰਥਾਤ ਅਪ੍ਰੈਲ, ਮਈ ਅਤੇ ਜੂਨ 2012) ਲਈ ਲੇਖਾ-ਅਨੁਦਾਨ ਜਿਨ੍ਹਾਂ ਦੀ ਰਕਮ 1,42,45,95,53,000 ਰੁਪਏ ਬਣਦੀ ਹੈ, ਜਿਵੇਂ ਕਿ ਇਸ ਨਾਲ ਨੱਥੀ ਅਨੁਸੂਚੀ ਵਿੱਚ ਦੱਸੇ ਗਏ ਹਨ ਤੇ ਤੁਰੰਤ ਵਿਚਾਰ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

> ਕਿ ਤਿੰਨ ਮਹੀਨਿਆਂ (ਅਰਥਾਤ ਅਪ੍ਰੈਲ, ਮਈ ਅਤੇ ਜੂਨ 2012) ਲਈ ਲੇਖਾ-ਅਨੁਦਾਨ ਜਿਨ੍ਹਾਂ ਦੀ ਰਕਮ 1,42,45,95,53,000 ਰੁਪਏ ਬਣਦੀ ਹੈ, ਜਿਵੇਂ ਕਿ ਇਸ ਨਾਲ ਨੱਥੀ ਅਨੁਸੂਚੀ ਵਿੱਚ ਦੱਸੇ ਗਏ ਹਨ ਤੇ ਤੁਰੰਤ ਵਿਚਾਰ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਪਾਸ ਕੀਤਾ ਜਾਵੇ।

ਕੀ ਕੋਈ ਮੈਂਬਰ ਬੋਲਣਾ ਚਾਹੁੰਦਾ ਹੈ?

ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) : ਸਪੀਕਰ ਸਾਹਿਬ, ਕੁਝ ਮਸਲੇ ਸਾਡੇ ਸੀ.ਐਲ.ਪੀ ਦੇ ਲੀਡਰ ਸਾਹਿਬ ਨੇ ਉਠਾਏ ਹਨ, ਉਨ੍ਹਾਂ ਨੂੰ ਮੈਂ ਰਿਪੀਟ ਨਹੀਂ ਕਰਾਂਗਾ ਕਿ ਇਨ੍ਹਾਂ ਨੇ ਦਸ ਹਜ਼ਾਰ ਕਰੋੜ ਰੁਪਏ ਦੇ ਵਾਅਦੇ ਲੋਕਾਂ ਦੇ ਨਾਲ ਕਰਕੇ ਇਹ ਇਲੈਕਸ਼ਨ ਜਿੱਤੀ ਹੈ...

ਮਾਨਯੋਗ ਸਪੀਕਰ : ਮੇਨ ਬਜਟ ਤਾਂ ਹਾਲੇ ਆਉਣਾ ਹੈ, ਹਾਲੇ ਕੰਮ ਸ਼ੁਰੂ ਕਰਨਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਉਹ ਗੱਲ ਨਹੀਂ ਕਰਦਾ ਲੇਕਿਨ ਮੈਂ ਇੱਕਲੇ ਦੋ ਹੋਰ ਪੁਆਇੰਟਸ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਪਹਿਲਾਂ ਮੈਂ ਸਾਡੇ ਬਹੁਤ ਹੀ ਹੋਣਹਾਰ ਨੌਜਵਾਨ ਫਾਇਨਾਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਇੱਥੇ ਵਿੱਤ ਮੰਤਰੀ ਵਜੋਂ ਪਹਿਲਾ ਭਾਸ਼ਣ ਦਿੱਤਾ ਹੈ ਔਰ ਸਾਨੂੰ ਇਨ੍ਹਾਂ ਤੋਂ ਬੜੀਆਂ ਉਮੀਦਾਂ ਹਨ ਔਰ ਉਮੀਦ ਕਰਦਾ ਹਾਂ ਕਿ ਇਹ ਉਨ੍ਹਾਂ ਤੇ ਪੂਰਾ ਉਤਰਨਗੇ ਔਰ ਮੈਂ ਇਨ੍ਹਾਂ ਲਈ ਅਰਦਾਸ ਵੀ ਕਰਦਾ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਹ ਹਮੇਸ਼ਾਂ ਹੀ ਸਫ਼ਲ ਹੋਣ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਕੰਮ ਖ਼ਤਮ ਹੋਣ ਦਿਓ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਪੰਜਾਬ ਬਚੇ, ਜੇ ਤੁਸੀਂ ਸਾਡੇ ਕੋਲੋਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੀ ਅਰਦਾਸ ਕਰਵਾਉਣਾ ਚਾਹੁੰਦੇ ਹੋ ਤਾਂ ਅਸੀਂ ਸੱਚੇ ਮਨੋਂ ਉਥੇ ਜਾ ਕੇ ਵੀ ਪੰਜਾਬ ਦੇ ਵਾਸਤੇ ਅਤੇ ਪੰਜਾਬ ਦੀ ਬਿਹਤਰੀ ਵਾਸਤੇ ਅਰਦਾਸ ਕਰਨ ਨੂੰ ਤਿਆਰ ਹਾਂ।

ਮਾਨਯੋਗ ਸਪੀਕਰ : ਜਿਹੜਾ ਤੁਸੀਂ ਪੁਆਇੰਟ ਕਹਿਣਾ ਚਾਹੁੰਦੇ ਹੋ, ਉਹ ਕਹੋ, ਇੱਧਰ-ਉੱਧਰ ਦੀਆਂ ਗੱਲਾਂ ਨਾ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ : ਪੰਜਾਬ ਦੀ ਆਰਥਿਕ ਸਥਿਤੀ ਚੰਗੀ ਹੋਵੇ, ਅਸੀਂ ਇਸ ਵਾਸਤੇ ਸਾਰਾ ਕੁਝ ਕਰਨ ਲਈ ਤਿਆਰ ਹਾਂ।

ਮਾਨਯੋਗ ਸਪੀਕਰ : ਠੀਕ ਹੈ ਜੀ, ਤੁਹਾਡਾ ਧੰਨਵਾਦ ਜੀ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਤਾਂ ਦਿਓ ਜੀ।

ਮਾਨਯੋਗ ਸਪੀਕਰ : ਤੁਸੀਂ ਬਜਟ ਤੇ ਬੋਲ ਲੈਣਾ, ਬਜਟ ਹਾਲੇ ਪੇਸ਼ ਹੋਣਾ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ : ਡਿਸਕਸ਼ਨ ਕਰਨਾ ਤਾਂ ਇੱਕ ਰਾਈਟ ਹੈ ਜੀ। ਜੇਕਰ ਤੁਸੀਂ ਕਹੋ ਤਾਂ ਮੈਂ ਬੈਠ ਜਾਂਦਾ ਹਾਂ ਜੀ। ਇਸ ਤੇ ਮੈਨੂੰ ਕਿਉਂ ਨਹੀਂ ਬੋਲਣ ਦਿੱਤਾ ਜਾਂਦਾ?

ਮਾਨਯੋਗ ਸਪੀਕਰ : ਚਲੋ ਦੱਸੋ, ਤੁਸੀਂ ਕੀ ਕਹਿਣਾ ਚਾਹੁੰਦੇ ਹੋ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸੇ ਵੀ ਰਾਜ ਦੀ ਜਿਹੜੀ ਮਾਲੀ ਹਾਲਤ ਹੈ, ਉਹ ਉਸ ਦੇ ਮਾਲੀਏ ਤੋਂ ਨਹੀਂ ਸਗੋਂ ਉਸ ਦੇ ਲੋਕਾਂ ਦਾ ਜਿਸ ਤਰ੍ਹਾਂ ਜੀਵਨ ਨਿਰਬਾਹ ਹੋ ਰਿਹਾ ਹੈ, ਜਿਸ ਤਰ੍ਹਾਂ ਲੋਕ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਸ ਰਹੇ ਹਨ ਉਹ ਜਿਸ ਤਰ੍ਹਾਂ ਦਾ ਜੀਵਨ ਬਤੀਤ ਕਰ ਰਹੇ ਹਨ, ਉਸ ਪੱਖ ਤੋਂ ਦੇਖਣਾ ਚਾਹੀਦਾ ਹੈ। ਅੱਜ ਕਾਫੀ ਥੰਪਿੰਗ ਹੋਈ ਹੈ ਕਿ ਸ਼ੁਭ-ਸ਼ਗਨ ਸਾਡੀ ਆਮਦਨ ਵਧੀ ਹੈ। ਇਕੱਲੀ ਆਮਦਨ ਵਧਣਾ ਹੀ ਕਿਸੇ ਸਰਕਾਰ ਲਈ ਸ਼ੁਭ-ਸ਼ਗਨ ਨਹੀਂ ਹੈ ਸਗੋਂ ਉਸ ਦੇ ਲੋਕਾਂ ਦੇ ਜੀਵਨ ਨਿਰਬਾਹ ਦਾ ਜੋ ਤਰੀਕਾ ਹੈ ਉਸ ਵਿੱਚ ਚੰਗਿਆਈ ਤੇ ਪ੍ਰਫੁਲਤਾ ਆਉਣ ਵਿੱਚ ਹੈ। ਅੱਜ ਪੰਜਾਬ ਦੇ ...(ਵਿਘਨ) ਕਿਰਪਾ ਕਰੋ। ਅੱਜ ਪੰਜਾਬ ਦੇ ਗਰੀਬ ਦੀ ਜੋ ਹਾਲਤ ਹੈ, ਉਹ ਇਹ ਹੈ ਕਿ ਪੰਜਾਬ ਦਾ ਗਰੀਬ ਚਾਹੇ ਉਹ ਸ਼ਡਿਊਲਡ ਕਾਸਟ ਨਾਲ ਸਬੰਧਤ ਹੈ, ਚਾਹੇ ਉਹ ਗਰੀਬ ਕਿਸਾਨ ਹੈ, ਉਹ ਚਾਹੁੰਦਾ ਹੈ ਕਿ ਮੈਨੂੰ ਫਰੀ ਬਿਜਲੀ ਮਿਲੇ ਕਿਉਂਕਿ ਉਸ ਦੇ ਕੋਲ ਸਹੀ ਸਾਧਨ ਨਹੀਂ ਹੈ, ਉਸ ਕੋਲ ਪੈਸੇ ਨਹੀਂ ਹਨ। ਗਰੀਬ ਆਟਾ-ਦਾਲ ਚਾਰ ਰੁਪਏ ਕਿੱਲੋ ਲੈ ਕੇ ਆਪਣੇ ਆਪ ਨੂੰ ਬੜਾ ਧੰਨਭਾਗੀ ਮਹਿਸੂਸ ਕਰ ਰਿਹਾ ਹੈ ਕਿਉਂਕਿ ਉਸ ਦੇ ਕੋਲ ਆਪਣਾ ਪੈਸਾ ਨਹੀਂ ਹੈ ਕਿ ਉਹ ਆਪਣਾ ਜੀਵਨ ਨਿਰਬਾਹ ਕਰ ਸਕੇ। ਇਨ੍ਹਾਂ ਨੇ ਲੋਕਾਂ ਨੂੰ ਚਾਰ ਰੁਪਏ ਕਿੱਲੋ ਆਟਾ ਦੇ ਕੇ ਲੋਕਾਂ ਨੂੰ ਮੰਗਤੇ ਬਣਾ ਦਿੱਤਾ ਹੈ। ਉਹ ਮੰਗ ਕੇ ਖਾਣਾ ਪਸੰਦ ਕਰ ਰਿਹਾ ਹੈ ਲੇਕਿਨ...(ਵਿਘਨ)...

ਮਾਨਯੋਗ ਸਪੀਕਰ : ਕੋਈ ਸੁਜ਼ੈਸ਼ਨ ਦੇਣਾ ਹੈ ਤਾਂ ਦਿਓ।

ਸਰਦਾਰ ਚਰਨਜੀਤ ਸਿੰਘ ਚੰਨੀ : ਸਪੀਕਰ ਸਾਹਿਬ, ਮੈਂ ਪੰਜਾਬ ਦੀ ਸਥਿਤੀ ਬਾਰੇ ਗੱਲ ਕਰ ਰਿਹਾ ਹਾਂ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ...

ਮਾਨਯੋਗ ਸਪੀਕਰ : ਨਹੀਂ, ਚੰਨੀ ਜੀ, ਹੁਣ ਤੁਸੀਂ ਬੈਠ ਜਾਓ। ਜੋ ਤੁਸੀਂ ਕਹਿਣਾ ਸੀ, ਮੈਂ ਸੁਣ ਲਿਆ ਹੈ। Please sit down. (ਵਿਘਨ) ਸੇਖੜੀ ਸਾਹਿਬ, ਤੁਸੀਂ ਬੋਲੋ (ਵਿਘਨ) ਚੰਨੀ ਸਾਹਿਬ, ਤੁਹਾਡੀ ਸੁਜ਼ੈਸ਼ਨ ਦਾ ਮੈਂ ਵੈਲਕਮ ਕਰ ਸਕਦਾ ਹਾਂ, ਤੁਹਾਨੂੰ ਟਾਈਮ ਦੇ ਸਕਦਾ ਹਾਂ ਪਰ ਤੁਸੀਂ ਤਾਂ ਕਿਸੇ ਹੋਰ ਪਾਸੇ ਹੀ ਤੁਰੀ ਜਾ ਰਹੇ ਹੋ। Please sit down.

ਸ਼੍ਰੀ ਅਸ਼ਵਨੀ ਸੇਖੜੀ (ਬਟਾਲਾ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਢੀਂਡਸਾ ਸਾਹਿਬ, ਜਿਹੜੇ ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਹਨ, ਜਿਸ ਤਰ੍ਹਾਂ ਕਿ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਵਧਾਈ ਦਿੱਤੀ ਹੈ, ਮੈਂ ਵੀ ਆਪਣੇ ਵੱਲੋਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਇਹ ਸਾਡੇ ਯੰਗ ਵਿੱਤ ਮੰਤਰੀ ਹਨ। ਅੱਜ ਇਨ੍ਹਾਂ ਨੇ ਪਹਿਲਾਂ ਵੋਟ-ਆਨ-ਅਕਾਊਂਟ ਪੇਸ਼ ਕੀਤਾ ਹੈ ਅਤੇ ਆਉਣ ਵਾਲੇ ਤਿੰਨ ਮਹੀਨਿਆਂ ਵਿੱਚ ਇਹ ਆਪਣਾ ਪਹਿਲਾ ਬਜਟ ਪੇਸ਼ ਕਰਨ ਵਾਲੇ ਹਨ। ਸਪੀਕਰ ਸਾਹਿਬ, ਇਹ ਵੋਟ-ਆਨ-ਅਕਾਊਂਟ ਮੈਂ ਕਾਹਲੀ-ਕਾਹਲੀ ਵਿੱਚ ਪੜ੍ਹਿਆ ਹੈ। ਇਸ ਚੀਜ਼ ਤੇ ਮੈਂ ਇਨਸਿਸਟ ਕਰਾਂਗਾ ਕਿ ਸਾਡੇ ਪੰਜਾਬ ਦੇ ਜਿਹੜੇ 138 ਸ਼ਹਿਰ ਹਨ ਉਹ ਅੱਜ ਸਲੱਮਜ਼ ਦੇ ਵਿੱਚ ਬਦਲਦੇ ਜਾ ਰਹੇ ਹਨ ਕਿਉਂਕਿ ਪਾਪੂਲੇਸ਼ਨ ਦਾ ਜ਼ੋਰ ਸ਼ਹਿਰਾਂ ਦੇ ਵਿੱਚ ਹੈ ਅਤੇ ਸ਼ਹਿਰਾਂ ਵਿਚ ਸੀਵਰੇਜ਼ ਤੇ ਵਾਟਰ ਸਪਲਾਈ ਦੀ ਪ੍ਰਾਬਲਮ ਆ ਗਈ ਹੈ। ਬਸਤੀਆਂ ਦੇ ਵਿੱਚ ਜਿੱਥੇ ਗਰੀਬ ਲੋਕ ਰਹਿੰਦੇ ਹਨ, ਮੁਹੱਲਿਆਂ ਦੇ ਵਿੱਚ ਪਾਣੀ ਖੜ੍ਹਾ ਹੈ ਅਤੇ ਲੋਕਾਂ ਨੂੰ ਨਰਕ ਦੀ ਜ਼ਿੰਦਗੀ ਜਿਊਣੀ ਪੈ ਰਹੀ ਹੈ। ਪਿੰਡਾਂ ਦੇ ਵਿੱਚ ਤਾਂ ਖੁੱਲੀ ਹਵਾ ਹੁੰਦੀ ਹੈ। ਪਿੰਡਾਂ ਵਿੱਚ ਕਾਫੀ ਕੰਮ ਵੀ ਹੋਇਆ ਹੈ ਲੇਕਿਨ ਸ਼ਹਿਰ ਅੱਜ ਸਲੱਮਜ਼ ਦੇ ਵਿੱਚ ਕਨਵਰਟ ਹੁੰਦੇ ਜਾ ਰਹੇ ਹਨ। ਜਿਸ ਤਰ੍ਹਾਂ ਅੱਜ ਵੋਟ-ਆਨ-ਅਕਾਊਂਟ ਦੇ ਵਿੱਚ ਵਿੱਤ ਮੰਤਰੀ ਜੀ ਨੇ ਆਉਣ ਵਾਲੇ 3 ਮਹੀਨਿਆਂ ਦੇ ਲਈ 14245.95/- ਕਰੋੜ ਰੁਪਏ ਦੇ ਖਰਚ ਲਈ ਸਦਨ ਦੀ ਅਪਰੂਵਲ ਮੰਗੀ ਹੈ, ਮੈਂ ਜ਼ਰੂਰ ਇਨਸਿਸਟ ਕਰਾਂਗਾ ਕਿ ਗੌਰਮਿੰਟ ਆਫ ਇੰਡੀਆ ਵੀ ਸ਼ਹਿਰਾਂ ਦੇ ਵਾਸਤੇ ਜਵਾਹਰ ਲਾਲ ਨਹਿਰੂ ਅਰਬਨ ਰਿਨੀਊਅਲ ਮਿਸ਼ਨ ਲਈ, ਅੱਜ ਵੀ ਦਿੱਲੀ ਦੇ ਵਿੱਚ ਮੀਟਿੰਗ ਹੋ ਰਹੀ ਹੈ, ਉਸ ਵਿੱਚ ਪੰਜਾਬ ਦੇ ਲਈ ਵੀ ਕੁਝ ਸ਼ਹਿਰਾਂ ਦਾ ਪ੍ਰਾਜੈਕਟ ਬਣ ਕੇ ਗਿਆ ਹੈ। ਜਿੰਨਾ ਚਿਰ ਪੰਜਾਬ ਦੀ ਸਰਕਾਰ ਪੈਸਾ ਨਹੀਂ ਦੇਵੇਗੀ, ਜਿੰਨਾ ਚਿਰ ਸਾਡੀ ਗੌਰਮਿੰਟ ਉਨ੍ਹਾਂ ਨੂੰ ਬਣਦੀ ਮੈਚਿੰਗ 17% ਗਰਾਂਟ ਨਹੀਂ ਦੇਵੇਗੀ ਤਾਂ ਉਹ ਪੈਸਾ ਸਾਨੂੰ ਨਹੀਂ ਮਿਲੇਗਾ। ਜੇ ਵਿੱਤ ਮੰਤਰੀ ਜੀ ਐਗਰੀ ਕਰਨ ਤਾਂ ਮੈਂ ਇੱਕ ਅਮੈਂਡਮੈਂਟ ਪਰੋਪੋਜ਼ ਕਰਦਾ ਹਾਂ ਕਿਉਂਜੋ ਇਸ ਨਾਲ ਪੰਜਾਬ ਦਾ ਬੜਾ ਭਲਾ ਹੋ ਸਕਦਾ ਹੈ। ਜੇਕਰ ਅਸੀਂ 1% ਵੀ ਰੱਖੀਏ ਤਾਂ ਇਹ ਰਕਮ 142 ਕਰੋੜ ਬਣਦੀ ਹੈ ਜਿਹੜੀ ਕਿ 17% ਮੈਚਿੰਗ ਗਰਾਂਟ ਜਿੰਨੀ ਹੁੰਦੀ ਹੈ। ਇਸ ਤਰ੍ਹਾਂ ਕਰਨ ਨਾਲ ਸਾਨੂੰ ਸੈਂਟਰ ਤੋਂ ਤਕਰੀਬਨ 800 ਕਰੋੜ ਰੁਪਿਆ ਆ ਸਕਦਾ ਹੈ। ਮੇਰੀ ਸਾਡੇ ਆਨਰੇਬਲ ਸੈਂਟਰ ਦੇ ਮਨਿਸਟਰ ਕੁਮਾਰੀ ਸ਼ੈਲਜਾ ਜੀ ਨਾਲ ਅੱਜ ਸਵੇਰੇ ਹੀ ਗੱਲ ਹੋਈ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਪੰਜਾਬ ਦੇ ਪ੍ਰੋਜੈਕਟ ਜ਼ਰੂਰ ਅਪਰੂਵ ਕਰਾਂਗੇ ਪਰ ਇਸ ਅਪਰੂਵਲ ਦਾ ਫਾਇਦਾ ਤਾਂ ਹੀ ਹੋ ਸਕੇਗਾ ਜੇਕਰ ਅਸੀਂ ਮੈਚਿੰਗ ਗਰਾਂਟ ਭੇਜਾਂਗੇ। ਇਸ ਲਈ ਮੈਂ ਅਮੈਂਡਮੈਂਟ ਪਰੋਪੋਜ਼ ਕਰਦਾ ਹਾਂ ਕਿ 1% ਦੇ ਹਿਸਾਬ ਨਾਲ 142 ਕਰੋੜ ਰੁਪਿਆ ਇਨ੍ਹਾਂ ਮੰਗਾਂ ਵਿੱਚ ਜ਼ਰੂਰ ਰੱਖਿਆ ਜਾਵੇ।

ਮਾਨਯੋਗ ਸਪੀਕਰ : ਫਾਈਨੈਂਸ਼ੀਅਲ ਬਿਲ ਵਿਚ ਕੋਈ ਅਮੈਂਡਮੈਂਟ ਨਹੀਂ ਹੁੰਦੀ।

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਤਿੰਨ ਮਹੀਨਿਆਂ (ਅਰਥਾਤ ਅਪ੍ਰੈਲ, ਮਈ ਅਤੇ ਜੂਨ 2012) ਲਈ ਲੇਖਾ-ਅਨੁਦਾਨ ਜਿਨ੍ਹਾਂ ਦੀ ਰਕਮ 1,42,45,05,53,000 ਰੁਪਏ ਬਣਦੀ ਹੈ, ਜਿਵੇਂ ਕਿ ਇਸ ਨਾਲ ਨੱਥੀ ਅਨੁਸੂਚੀ ਵਿਚ ਦੱਸੇ ਗਏ ਹਨ ਤੇ ਤੁਰੰਤ ਵਿਚਾਰ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

(vi) THE PUNJAB APPROPRIATION (VOTE-ON-ACCOUNT) BILL, 2012

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਜੀ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਪੇਸ਼ ਕਰਨਗੇ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼ਡਿਊਲ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼-1

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼-1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

LEGISLATIVE BUSINESS

THE PUNJAB PANCHAYATI RAJ (AMENDMENT) BILL, 2012

ਮਾਨਯੋਗ ਸਪੀਕਰ : ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012-ਸਰਦਾਰ ਸੁਰਜੀਤ ਸਿੰਘ ਰੱਖੜਾ ਜੀ ਪੇਸ਼ ਕਰਨ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ? ਹਾਂ ਜੀ, ਬਾਜਵਾ ਜੀ।

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ) : ਸਪੀਕਰ ਸਾਹਿਬ, ਇਹ ਹੁਣ ਜਿਹੜੀਆਂ ਪੰਚਾਇਤਾਂ ਦੀਆਂ ਅਗਲੀਆਂ ਇਲੈਕਸ਼ਨਾਂ ਹਨ, ਇਹ ਪਿੰਡਾਂ ਦੀ ਵਾਰਡਬੰਦੀ ਹੋ ਕੇ ਫਿਰ ਹੋਣਗੀਆਂ। ਇਹ ਬੜੀ ਚੰਗੀ ਪ੍ਰੋਪੋਜ਼ਲ ਹੈ ਪਰ ਇਸ ਸਬੰਧ ਵਿੱਚ ਮੈਂ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਪਿੰਡ ਦੀ ਵਾਰਡਬੰਦੀ ਦਾ ਜਿਹੜਾ ਆਬਜੈਕਸ਼ਨ ਦਾ ਪੀਰੀਅਡ ਹੈ, ਇਹ ਇੱਕ ਹਫਤੇ ਦਾ ਹੀ ਹੈ। ਇਹ ਬਹੁਤ ਘੱਟ ਹੈ। ਜਦੋਂ ਵਾਰਡਬੰਦੀ ਹੋਣੀ ਹੈ ਅਤੇ ਪਿੰਡ ਵਾਲਿਆਂ ਨੇ ਵਾਰਡਬੰਦੀ ਦੇਖਣੀ ਹੈ ਤਾਂ ਉਸ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਆਬਜੈਕਸ਼ਨ ਦੇਣਾ ਕੋਈ ਸੌਖਾ ਕੰਮ ਨਹੀਂ ਹੋਵੇਗਾ। ਮੇਰੀ ਸੁਜੈਸ਼ਨ ਹੈ ਕਿ ਇਸ ਪੀਰੀਅਡ ਨੂੰ ਘੱਟੋ-ਘੱਟ 15 ਦਿਨ ਦਾ ਕਰ ਦਿੱਤਾ ਜਾਵੇ। ਦੂਜੀ ਗੱਲ ਹੈ ਕਿ ਜਿਹੜਾ ਵਾਰਡਬੰਦੀ ਦਾ ਨੋਟਿਸ ਹੈ, ਉਹ ਬੀ.ਡੀ.ਪੀ.ਓ. ਦੇ ਦਫਤਰ ਦੇ ਬਾਹਰ ਲੱਗਣਾ ਹੈ ਕਿ ਪਿੰਡ ਦੀ ਇਹ ਵਾਰਡਬੰਦੀ ਹੋਈ ਹੈ, ਉਸ ਦਾ ਨਕਸ਼ਾ ਬਣਨਾ ਹੈ। ਬੀ.ਡੀ.ਪੀ.ਓ. ਦੇ ਦਫਤਰ ਦੇ ਬਾਹਰ ਨੋਟਿਸ ਲੱਗਣ ਕਾਰਨ ਉਥੇ ਕੋਈ ਗਰੰਟੀ ਨਹੀਂ ਕਿ ਕੋਈ ਸ਼ਰਾਰਤੀ ਬੰਦਾ ਇਸ ਨੂੰ ਲਾਹ ਕੇ ਲੈ ਜਾਵੇ ਅਤੇ ਲੋਕਾਂ ਨੂੰ ਨੋਟਿਸ ਦਾ ਪਤਾ ਹੀ ਨਾ ਲੱਗੇ। ਜੇਕਰ ਉਸਦੀ ਗਜ਼ਟ ਨੋਟੀਫਿਕੇਸ਼ਨ ਕਰਵਾ ਦਿੱਤੀ ਜਾਵੇ ਜਾਂ ਅਖਬਾਰਾਂ ਵਿੱਚ ਕਢਵਾ ਦਿੱਤਾ ਜਾਵੇ ਤਾਂ ਚੰਗਾ ਹੋਵੇਗਾ। ਤੀਜੀ ਗੱਲ ਹੈ ਕਿ ਤੁਸੀਂ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਦੀ ਰਿਜ਼ਰਵੇਸ਼ਨ ਕਰਨੀ ਹੈ। ਜੇ ਇਸ ਰਿਜ਼ਰਵੇਸ਼ਨ ਦੇ ਵਿੱਚ ਬੈਕਵਰਡ ਕਲਾਸਿਜ਼ ਨੂੰ ਵੀ ਅਤੇ ਕ੍ਰਿਸਚਨਜ਼ ਨੂੰ ਵੀ ਇਨਕਲੂਡ ਕਰ ਲਿਆ ਜਾਵੇ ਤਾਂ ਬਹੁਤ ਚੰਗੀ ਗੱਲ ਹੋਵੇਗੀ। ਇਨ੍ਹਾਂ ਵਰਗਾਂ ਨੂੰ ਵੀ ਸਰਪੰਚਾਂ ਅਤੇ ਪੰਚਾਂ ਵਿੱਚ ਰਿਜ਼ਰਵੇਸ਼ਨ ਮਿਲੇ। ਚੌਥੀ ਗੱਲ ਹੈ ਕਿ ਇਹ ਜਿਹੜੀ ਰੋਟੇਸ਼ਨ ਹੈ, ਇਹ ਵਾਰਡਬੰਦੀ ਕਿੰਨੇ ਚਿਰ ਪਿੱਛੋਂ ਨਵੇਂ ਸਿਰਿਓਂ ਹੋਇਆ ਕਰੇਗੀ, ਇਹ ਵੀ ਦੱਸਿਆ ਜਾਵੇ। ਬਾਕੀ ਮੈਂ ਆਸ ਕਰਦਾ ਹਾਂ ਕਿ ਇਹ ਜਿਹੜੀਆਂ ਇਲੈਕਸ਼ਨਜ਼ ਹਨ, ਇਹ ਪਿਛਲੀਆਂ ਇਲੈਕਸ਼ਨਾਂ ਵਾਂਗ ਪੇਪਰ ਲੇਅ ਕਰਵਾ ਕੇ ਨਹੀਂ ਹੋਣਗੀਆਂ, ਐਤਕੀਂ ਵੋਟਾਂ ਪਾਉਣ ਦਾ ਹੱਕ ਲੋਕਾਂ ਨੂੰ ਦਿੱਤਾ ਜਾਵੇਗਾ। ਪਿਛਲੀ ਵਾਰ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿੱਚ ਧੱਕਾ ਹੋਇਆ ਸੀ। ਅਸੀਂ ਆਸ ਕਰਦੇ ਹਾਂ ਕਿ ਨਵੀਂ ਚੁਣੀ ਜਿਹੜੀ ਸਰਕਾਰ ਹੈ, ਇਹ ਨਵੀਆਂ ਰਵਾਇਤਾਂ ਪਾਵੇਗੀ ਅਤੇ ਲੋਕਾਂ ਨੂੰ ਆਪਣੇ ਪੰਚ-ਸਰਪੰਚ ਚੁਣਨ ਦਾ ਹੱਕ ਦੇਵੇਗੀ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ-2 ਤੋਂ 10

ਮਾਨਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਤੋਂ 10 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 10 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦਾ ਬਹੁਤ-ਬਹੁਤ ਧੰਨਵਾਦੀ ਹਾਂ, ਖਾਸ ਕਰਕੇ ਵਿਰੋਧੀ ਧਿਰ ਦੇ ਲੀਡਰ ਸਾਹਿਬਾਨ ਦਾ, ਸਾਰੇ ਮੈਂਬਰ ਸਾਹਿਬਾਨ ਦਾ ਜਿਨ੍ਹਾਂ ਨੇ ਸਦਭਾਵਨਾ ਦਿਖਾਉਂਦੇ ਹੋਏ ਪਿਛਲੇ ਕਈ ਸਾਲਾਂ ਤੋਂ ਚੱਲੀ ਆ ਰਹੀ ਗਲਤ ਪ੍ਰਥਾ, ਜਿਵੇਂ ਰਾਜਪਾਲ ਜੀ ਦੇ ਭਾਸ਼ਣ ਤੇ ਵਾਕ-ਆਊਟ ਕਰਨਾ, ਮਾਨਯੋਗ ਮੁੱਖ ਮੰਤਰੀ ਸਾਹਿਬ ਜੀ, ਸਪੀਕਰ ਅਤੇ ਵਿੱਤ ਮੰਤਰੀ ਵੱਲੋਂ ਦਿੱਤੇ ਜਾਂਦੇ ਖਾਣੇ ਤੋਂ ਗੈਰ--ਹਾਜ਼ਰ ਰਹਿਣਾ, ਨੂੰ ਪਿੱਛੇ ਛੱਡਦੇ ਹੋਏ ਰਾਜਪਾਲ ਜੀ ਦੇ ਭਾਸ਼ਣ ਦਾ ਬਾਈਕਾਟ ਨਾ ਕਰਕੇ ਬਹਿਸ ਵਿੱਚ ਉਸਾਰੂ ਯੋਗਦਾਨ ਪਾ ਕੇ ਅਤੇ ਮੇਰੇ ਵੱਲੋਂ ਦਿੱਤੇ ਗਏ ਖਾਣੇ ਵਿੱਚ ਹਾਜ਼ਰ ਹੋ ਕੇ ਇੱਕ ਬਹੁਤ ਹੀ ਚੰਗਾ ਅਤੇ ਸ਼ਲਾਘਾਯੋਗ ਕਦਮ ਚੁੱਕਿਆ ਹੈ ਜਿਸ ਦੇ ਫਲਸਰੂਪ ਸਮੁੱਚੇ ਹਾਊਸ ਦੀ ਕਾਰਵਾਈ ਨੂੰ ਨਿਰਵਿਘਨ ਚਲਾਉਣ ਅਤੇ ਸੰਪੰਨ ਕਰਨ ਵਿੱਚ ਆਪਣਾ ਪੂਰਨ ਸਹਿਯੋਗ ਦਿੱਤਾ ਹੈ। ਸਾਰੇ ਮੈਂਬਰ ਸਾਹਿਬਾਨ ਨੇ ਦੋਹਾਂ ਪਾਸਿਆਂ ਤੋਂ ਆਪਸ ਵਿੱਚ ਇੱਕ ਦੂਸਰੇ ਦੇ ਵਿਚਾਰ ਸਹਿਣਸ਼ੀਲਤਾ ਨਾਲ ਸੁਣੇ ਅਤੇ ਅੱਛੇ ਹਾਂ-ਪੱਖੀ ਅਤੇ ਉਸਾਰੂ ਵਿਚਾਰ ਪੇਸ਼ ਕੀਤੇ ਗਏ ਹਨ। ਮੈਂ ਆਸ ਕਰਦਾ ਹਾਂ ਕਿ ਅਜਿਹਾ ਮਾਹੌਲ ਪੰਜਾਬ ਦੀ ਤਰੱਕੀ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ। ਮੈਨੂੰ ਉਮੀਦ ਹੈ ਕਿ ਭਵਿੱਖ ਵਿਚ ਵੀ ਮੈਨੂੰ ਸਾਰੇ ਮੈਂਬਰ ਸਾਹਿਬਾਨ ਇਸੇ ਤਰ੍ਹਾਂ ਹੀ ਪੂਰਨ ਸਹਿਯੋਗ ਦਿੰਦੇ ਰਹਿਣਗੇ।

ਮਾਨਯੋਗ ਸਪੀਕਰ : ਹੁਣ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਕੀਤਾ ਜਾਂਦਾ ਹੈ।

*11.36 ਵਜੇ ਪੂਰਵ ਦੁਪਹਿਰ

(ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।)

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

7677/02-2013/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

PUNJAB VIDHAN SABHA
DEBATES

Thursday, the 21st June, 2012

Vol. II - No. 3

OFFICIAL REPORT

CONTENTS

	Page No.
Starred Questions and Answers	(3) 1
Written Answers to Starred Questions Laid on the Table of the House under Rule 38	(3) 37
Announcement by the Hon'ble Speaker reg. Panel of Chairmen	(3) 46
Announcement by the Secretary	(3) 46
Call Attention Notices under Rule 66	(3) 47
Presentation of the First Report of the	(3) 44
Business Advisory Committee.	(3) 54
Papers Re-Laid on the Table	(3) 57
Matters raised during Zero Hour and Statement by the Chief Minister/Ministers thereon	(3) 57
RESOLUTION REG.	
Recommendation to the State Government to take up the matter with the Central Govt. for taking immediate necessary steps to find a solution to the serious problem of Food-grains storage in the State	(3) 76
Short Adjournment of the House	(3) 78
Matters raised during Zero Hour	
Dharna	(3) 87
Appendix	

Punjab Vidhan Sabha Secretariat, Chandigarh

Price : Rs. __________.

PUNJAB VIDHAN SABHA

Thursday, the 21st June, 2012

The Vidhan Sabha met in the Punjab Vidhan Sabha Hall, Vidhan Bhavan. Sector-1. Chandigarh at 10.00 A.M. Mr. Speaker (Doctor Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਪ੍ਰਸ਼ਨ ਕਾਲ । ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ।

ਸਰਦਾਰ ਸੁਖਜਿੰਦਰ ਸਿੰਘ : ਸਰ, ਉਹ ਅਥਾਰਟੀ ਮੈਨੂੰ ਦੇ ਕੇ ਗਏ ਹਨ।

ਮਾਨਯੋਗ ਸਪੀਕਰ : ਠੀਕ ਹੈ ਜੀ।

ਗੰਨੇ ਦੀ ਖ੍ਰੀਦ ਬਦਲੇ ਅਦਾਇਗੀ

*61. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਸਰਦਾਰ ਸੁਖਜਿੰਦਰ ਸਿੰਘ ਵਲੋਂ ਪੇਸ਼ ਕੀਤਾ ਗਿਆ) : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 2011-12 ਦੌਰਾਨ ਰਾਜ ਵਿੱਚ ਸਹਿਕਾਰੀ ਖੰਡ ਮਿੱਲਾਂ ਦੁਆਰਾ ਮਿਲ-ਵਾਰ ਪੀੜੇ ਗਏ ਗੰਨੇ ਦੀ ਕੁੱਲ ਮਾਤਰਾ ਕਿੰਨੀ ਸੀ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਗੰਨੇ ਦੀ ਅਦਾਇਗੀ ਕਿਸਾਨਾਂ ਨੂੰ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਮਿਲ-ਵਾਰ ਹੁਣ ਤੱਕ ਰਹਿੰਦੀਆਂ ਬਕਾਇਆ ਰਕਮਾਂ ਦੇ ਵੇਰਵੇ ਕੀ ਹਨ ਅਤੇ ਉਕਤ ਅਦਾਇਗੀ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ:

ੳ) ਸਾਲ 2011-12 ਦੌਰਾਨ ਰਾਜ ਵਿੱਚ ਸਹਿਕਾਰੀ ਖੰਡ ਮਿਲਾਂ ਦੁਆਰਾ 141.43 ਲੱਖ ਕੁਇੰਟਲ ਗੰਨਾ ਪੀੜਿਆ ਹੈ। ਮਿਲ-ਵਾਰ ਪੀੜੇ ਗਏ ਗੰਨੇ ਦਾ ਵੇਰਵਾ **ਅਨੁਲਗ** "ੳ" ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ਅ) ਨਹੀਂ ਜੀ।

2. ਸਾਲ 2011-12 ਦੀ ਕਿਸਾਨਾਂ ਨੂੰ ਦਿੱਤੇ ਜਾਣ ਵਾਲੀ ਕੁੱਲ ਰਾਸ਼ੀ 321.75 ਕਰੋੜ ਰੁਪਏ ਹੈ, ਜਿਸ ਵਿੱਚੋਂ 228.64 ਕਰੋੜ ਰੁਪਏ

(ਮੁੱਖ ਮੰਤਰੀ)

ਅਦਾ ਕਰ ਦਿੱਤੀ ਹੈ ਅਤੇ ਬਾਕੀ 93.11 ਕਰੋੜ ਰੁਪਏ ਦੀ ਅਦਾਇਗੀ ਕਰਨੀ ਹਾਲੇ ਬਾਕੀ ਹੈ। ਮਿਲ-ਵਾਰ ਕੀਤੀ ਗਈ ਅਦਾਇਗੀ ਅਤੇ ਬਕਾਇਆ ਅਦਾਇਗੀ ਦਾ ਵੇਰਵਾ **ਅਨੁਲੱਗ "ਅ"** ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

3. ਗੰਨੇ ਦੀ ਬਕਾਇਆ ਰਾਸ਼ੀ ਤਿੰਨ ਬਰਾਬਰ ਕਿਸ਼ਤਾਂ ਵਿੱਚ ਅਦਾ ਕੀਤੀ ਜਾਵੇਗੀ। ਪਹਿਲੀ ਕਿਸ਼ਤ ਦੀ ਅਦਾਇਗੀ ਜੁਲਾਈ ਦੇ ਪਹਿਲੇ ਹਫਤੇ, ਦੂਜੀ ਕਿਸ਼ਤ ਦੀ ਅਦਾਇਗੀ ਅਗਸਤ ਦੇ ਪਹਿਲੇ ਹਫਤੇ ਅਤੇ ਤੀਜੀ ਕਿਸ਼ਤ ਦੀ ਅਦਾਇਗੀ ਸਤੰਬਰ ਦੇ ਪਹਿਲੇ ਹਫਤੇ ਕਰ ਦਿੱਤੀ ਜਾਵੇਗੀ।

ਅਨੁਲੱਗ ੳ

ਸਾਲ 2011-12 ਦਾ ਮਿਲ-ਵਾਰ ਗੰਨੇ ਦੀ ਪਿੜਾਈ ਦਾ ਵੇਰਵਾ:

ਲੜੀ ਨੰ:	ਮਿੱਲ ਦਾ ਨਾਮ	ਕੁੱਲ ਗੰਨਾ ਪੀੜਿਆ (ਲੱਖ ਕੁਇੰਟਲ)
1.	ਗੁਰਦਾਸਪੁਰ	19.03
2.	ਬਟਾਲਾ	12.98
3.	ਨਵਾਂ ਸ਼ਹਿਰ	26.88
4.	ਮੋਰਿੰਡਾ	21.37
5.	ਭੋਗਪੁਰ	11.22
6.	ਨਕੋਦਰ	11.87
7.	ਬੁੱਢੇਵਾਲ	14.05
8.	ਅਜਨਾਲਾ	11.49
9.	ਫਾਜ਼ਿਲਕਾ	12.54
	ਕੁੱਲ	141.43

ਅਨੁਲੱਗ ਅ

ਸਾਲ 2011-12 ਦਾ ਮਿਲ-ਵਾਰ ਕੀਤੀ ਗਈ ਗੰਨੇ ਦੀ ਕੀਮਤ ਦੀ ਅਦਾਇਗੀ ਅਤੇ ਬਕਾਏ ਦਾ ਵੇਰਵਾ ।

(ਰਾਸ਼ੀ ਕਰੋੜ ਰੁਪਏ ਵਿੱਚ)

ਲੜੀ ਨੰ:	ਮਿੱਲ ਦਾ ਨਾਮ	ਕੁੱਲ ਗੰਨੇ ਦੀ ਰਕਮ ਜਿੰਨੀ ਬਣਦੀ ਹੈ	ਅਦਾ ਕੀਤੀ ਗਈ ਰਕਮ	ਬਕਾਇਆ ਰਹਿੰਦੀ ਰਕਮ
1.	ਗੁਰਦਾਸਪੁਰ	43.25	26.64	16.61
2.	ਬਟਾਲਾ	29.60	18.22	11.38
3.	ਨਵਾਂ ਸ਼ਹਿਰ	61.31	61.31	0.00
4.	ਮੋਰਿੰਡਾ	48.35	29.39	18.96
5.	ਭੋਗਪੁਰ	25.63	17.64	7.99
6.	ਨਕੋਦਰ	26.99	15.71	11.28
7.	ਬੁੱਢੇਵਾਲ	31.70	29.95	1.75
8.	ਅਜਨਾਲਾ	26.24	12.54	13.70
9.	ਫਾਜ਼ਿਲਕਾ	28.68	17.24	11.44
	ਕੁੱਲ	321.75	228.64	93.11

ਸਰਦਾਰ ਸੁਖਜਿੰਦਰ ਸਿੰਘ: ਮਾਨਯੋਗ ਸਪੀਕਰ ਸਾਹਿਬ, ਇਹ ਕਿਸਾਨਾਂ ਦੀ ਅਦਾਇਗੀ ਕਰਨ ਨੂੰ ਤਕਰੀਬਨ ਇੱਕ ਸਾਲ ਲਗ ਜਾਵੇਗਾ। ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸਾਨਾਂ ਨੂੰ ਇਸ ਦੇ ਉਤੇ ਕੋਈ ਇੰਟਰੈਸਟ ਵੀ ਦਿੱਤਾ ਜਾਵੇਗਾ ਜਾਂ ਨਹੀਂ।

ਮੁੱਖ ਮੰਤਰੀ: ਨਹੀਂ ਜੀ, ਇੰਟਰੈਸਟ ਤਾਂ ਕੋਈ ਨਹੀਂ ਦਿੱਤਾ ਜਾਵੇਗਾ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਕੋਲ ਸਾਰਾ ਡਾਟਾ ਹੋਵੇਗਾ, ਸਾਲ 2006-07 ਵਿੱਚ ਜਿਹੜਾ ਰਕਬਾ ਗੰਨੇ ਦੇ ਹੇਠਾਂ ਸੀ ਉਹ ਤਕਰੀਬਨ ਇੱਕ ਲੱਖ 14 ਹਜ਼ਾਰ ਹੈਕਟੇਅਰ ਸੀ but over a period of time ਹੁਣ ਉਹ ਘੱਟ ਕੇ 70 ਹਜ਼ਾਰ ਹੈਕਟੇਅਰ ਦੇ ਕਰੀਬ ਆ ਗਿਆ ਹੈ। This may not be by itself sufficient to run these nine mills which are functioning. ਇਹ ਕਿਉਂ ਹੋ ਰਿਹਾ ਹੈ ਜਦੋਂ ਤੁਹਾਡੇ ਕੋਲ ਇੰਨਾ ਕੁਝ ਹੈ ਔਰ ਜਿਹੜੀ ਇਸ ਨਾਲ ਇਨ੍ਹਾਂ ਨੇ ਬੋਂਡਿੰਗ ਕਰਵਾਈ ਹੈ ਸਿਰਫ 40 ਹਜ਼ਾਰ ਏਕੜ ਦੀ ਕਰਵਾਈ ਹੈ ਔਰ ਉਹ 40 ਹਜ਼ਾਰ ਏਕੜ ਵਿੱਚੋਂ ਤੁਹਾਨੂੰ ਵੀ ਪਤਾ ਹੈ ਕਿ ਜਦੋਂ ਭਾਅ ਠੀਕ ਹੋਣ ਤਾਂ ਪ੍ਰਾਈਵੇਟ ਮਿੱਲਾਂ ਵਾਲੇ ਖਿੱਚ ਕੇ ਲੈ ਜਾਂਦੇ ਹਨ ਅਤੇ ਸਰਕਾਰੀ ਮਿਲਾਂ ਨੂੰ ਉਸਦਾ ਨੁਕਸਾਨ ਭੁਗਤਣਾ ਪੈਂਦਾ ਹੈ। ਮੇਰੀ ਤੁਹਾਡੇ ਰਾਹੀਂ ਸਪੀਕਰ ਸਾਹਿਬ, ਮਾਨਯੋਗ

(ਸ਼੍ਰੀ ਸੁਨੀਲ ਜਾਖੜ)

ਮੁੱਖ ਮੰਤਰੀ ਸਾਹਿਬ ਨੂੰ ਗੁਜਾਰਿਸ਼ ਹੈ ਕਿ ਕਿਉਂ ਨਹੀਂ ਆਪਾਂ ਇਸ ਬਾਰੇ ਜਿਹੜਾ ਇਨ੍ਹਾਂ ਦਾ ਪੈਸਾ ਹੈ ਇਸ ਬਾਰੇ ਬਜਟ ਵਿੱਚ ਹੀ ਪ੍ਰੋਵੀਜ਼ਨ ਕਰ ਦਿੰਦੇ। ਹੁਣ ਜਿਹੜਾ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਤੁਸੀਂ ਤਿੰਨ ਕਿਸ਼ਤਾਂ ਵਿੱਚ ਦੇਵੋਗੇ। ਜ਼ਿਮੀਂਦਾਰ ਦੀ ਜਿਹੜੀ ਬੁਰੀ ਪੁਜੀਸ਼ਨ ਹੈ ਆਪਾਂ ਸਾਰਿਆਂ ਨੂੰ ਪਤਾ ਹੈ ਔਰ ਆਪਾਂ ਕਹਿੰਦੇ ਹਾਂ ਕਿ ਜ਼ਿਮੀਂਦਾਰ ਨੂੰ ਹਰ ਔਕੜ ਝੱਲਨੀ ਪੈਂਦੀ ਹੈ। ਅਸੀਂ ਖੇਤੀ ਵਿਭਿੰਨਤਾ ਦੀ ਗੱਲ ਕਰਦੇ ਹਾਂ, ਡਾਇਵਰਸੀਫਿਕੇਸ਼ਨ ਦੀ ਗੱਲ ਕਰਦੇ ਹਾਂ, ਇਹ ਡਾਇਵਰਸੀਫਿਕੇਸ਼ਨ ਆਪਣੇ ਆਪ ਵਿੱਚ ਫੋਲਡ ਹੁੰਦੀ ਜਾ ਰਹੀ ਹੈ। ਕਈ ਮਿੱਲਾਂ ਆਪਣੀਆਂ ਬੰਦ ਹੋ ਗਈਆਂ। ਹੁਣ ਨੌਂ ਮਿੱਲਾਂ ਆਪਣੇ ਕੋਲ ਫੰਕਸ਼ਨਲ ਹਨ, ਇਸ ਬਾਰੇ ਕੋਈ ਸੋਚ ਕਰੋਗੇ ਕਿਉਂਕਿ ਜਿਹੜੀ ਮੇਰੇ ਆਪਣੇ ਫਾਜ਼ਿਲਕਾ ਵਿੱਚ ਮਿੱਲ ਹੈ, ਉਸ ਦਾ 311 ਕਰੋੜ 43 ਲੱਖ ਰੁਪਏ ਬਕਾਇਆ ਪਿਆ ਹੈ। ਸਪੀਕਰ ਸਾਹਿਬ, ਸਾਡੇ ਇਲਾਕੇ ਦੇ ਤਾਂ ਲੋਕ ਗੰਨਾ ਲਗਾਉਣਾ ਛਡ ਗਏ ਹਨ ਔਰ ਆਲੇ ਦੁਆਲੇ ਤੋਂ ਰਾਜਸਥਾਨ ਤੋਂ ਗੰਨਾ ਆ ਰਿਹਾ ਹੈ, ਉਸ ਦੇ ਨਾਲ ਮਿੱਲਾਂ ਚਲ ਰਹੀਆਂ ਹਨ। ਮੇਰੀ ਸਬਮਿਸ਼ਨ ਹੈ ਕਿ ਜੋ ਮਾਨਯੋਗ ਮੁੱਖ ਮੰਤਰੀ ਜੀ ਠੀਕ ਸਮਝਣ, ਇਸ ਗੱਲ ਦੀ ਪੂਰੀ ਡੂੰਘਾਈ ਵਿੱਚ ਜਾ ਕੇ ਇਸ ਦਾ ਜਾਇਜ਼ਾ ਲੈਣ ਕਿ ਕਿਹੜੇ ਕਦਮ ਚੁੱਕਣ ਦੀ ਲੋੜ ਹੈ ਜਿਹੜੇ ਇਸ ਲਈ ਚੁੱਕੇ ਜਾ ਸਕਦੇ ਹਨ and it is not just a part of agriculture, it is where you have an established agro processing industry also and employment generation. ਪੰਜ ਹਜ਼ਾਰ ਰੋਜ਼ਗਾਰ ਉਸ ਵਿੱਚ ਡਾਇਰੈਕਟ ਲਗੇ ਹੋਏ ਹਨ ਔਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਨਾਲ ਐਲਾਈਡ ਲੱਖ ਤੋਂ ਉਪਰ ਫੈਮਲੀਜ਼ ਹਨ ਜਿਹੜੀਆਂ ਡਿਪੈਂਡ ਹਨ। ਕੋਈ ਛਿੱਲਣ ਵਾਲਾ ਹੈ, ਟਰਾਲੀਆਂ ਵਾਲੇ ਹਨ, ਹੋਰ ਹਨ, so rather than going for any fancy tricks to enhance employment ਕਿ 250 ਕਰੋੜ ਰੁਪਿਆ ਹਰ ਸਾਲ ਆਪਾਂ ਰਿਫਾਈਨਰੀ ਨੂੰ ਦੇ ਰਹੇ ਹਾਂ as a grant or interest free loan. ਇਸ ਪਾਸੇ ਮੈਂ ਸਮਝਦਾ ਹਾਂ ਕਿ ਧਿਆਨ ਦੇਣ ਦੀ ਲੋੜ ਹੈ। ਸਪੀਕਰ ਸਾਹਿਬ, ਇਸ ਮਾਮਲੇ ਤੇ ਮਾਨਯੋਗ ਮੁੱਖ ਮੰਤਰੀ ਜੀ ਧਿਆਨ ਦੇਣ, ਇਹ ਮੇਰੀ ਤੁਹਾਡੇ ਰਾਹੀਂ ਗੁਜਾਰਿਸ਼ ਹੈ।

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਥੋਂ ਤੱਕ ਇਹ ਸਵਾਲ ਸੀ, ਉਹ ਤਾਂ ਗੰਨੇ ਦੀ ਬਕਾਇਆ ਰਕਮ ਦੇਣ ਦਾ ਸੀ। ਮੈਂ ਠੀਕ ਸਮਝਦਾ ਹਾਂ ਕਿ ਗੰਨੇ ਦੀ ਕੀਮਤ ਕਿਸਾਨਾਂ ਨੂੰ ਮੌਕੇ ਤੇ ਹੀ ਮਿਲਣੀ ਚਾਹੀਦੀ ਹੈ ਅਤੇ ਸ਼ੂਗਰ ਮਿੱਲਾਂ ਨੂੰ ਹਦਾਇਤ ਵੀ ਹੈ ਕਿ ਉਹ ਤੁਰੰਤ ਪੇਮੈਂਟ ਦੇਣ। ਵੇਖਿਆ ਜਾਵੇ ਜੇ ਸ਼ੂਗਰ ਮਿੱਲਾਂ ਨਹੀਂ ਦੇ ਸਕਦੀਆਂ ਤਾਂ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਹ ਪੈਸਾ ਬਜਟ ਵਿੱਚੋਂ ਦਿੱਤਾ ਗਿਆ ਹੈ। ਜੋ ਚੌਧਰੀ ਸਾਹਿਬ ਨੇ ਸੁਝਾਓ ਦਿੱਤਾ ਹੈ ਕਿ ਇਸ ਤੇ ਗੌਰ ਕੀਤਾ ਜਾਵੇ, ਉਸ ਉਤੇ ਪੂਰਾ ਗੌਰ ਕੀਤਾ ਜਾਵੇਗਾ ਕਿ ਇਸ ਸਿਸਟਮ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ।

Shri Sunil Jakhar: Hon'ble Chief Minister has been very kind that he has accepted something needs to be done. ਇਸ ਦੇ ਨਾਲ ਹੀ ਮੈਂ ਮਾਨਯੋਗ ਮੁੱਖ ਮੰਤਰੀ ਜੀ ਦੀ ਨਿਗਾਹ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਬਕਾ ਕੋ-ਆਪਰੇਸ਼ਨ ਮੰਤਰੀ ਕੈਪਟਨ ਕੰਵਲਜੀਤ ਸਿੰਘ ਜੀ ਨੇ ਸਦਨ ਵਿੱਚ ਆਸ਼ਵਾਸਨ ਦਿੱਤਾ ਸੀ ਕਿ ਉਹ ਇਨ੍ਹਾਂ ਮਿੱਲਾਂ ਨੂੰ ਚਲਾਉਣਗੇ to make them run on a viable basis not as a white horse just for creating employment. ਇਸ ਵਾਸਤੇ ਉਨ੍ਹਾਂ ਨੇ ਕੋ-ਜੈਨਰੇਸ਼ਨਲ ਪਲਾਂਟ ਲਗਾਉਣ ਦਾ ਸੁਝਾਓ ਦਿੱਤਾ ਸੀ। ਇਸ ਮੰਤਵ ਵਾਸਤੇ ਉਨ੍ਹਾਂ ਨੇ 5 ਫੈਕਟਰੀਆਂ ਆਈਡੈਂਟੀਫਾਈ ਵੀ ਕੀਤੀਆਂ ਸਨ। ਕੁਝ ਵਿਚ ਕੰਮ ਸ਼ੁਰੂ ਵੀ ਹੋਇਆ। ਇਨ੍ਹਾਂ ਫੈਕਟਰੀਆਂ ਵਿਚ ਫਾਜ਼ਿਲਕਾ, ਅਜਨਾਲਾ, ਨਕੋਦਰ, ਨਵਾਂ ਸ਼ਹਿਰ, ਮੋਰਿੰਡਾ ਤੇ ਭੋਗਪੁਰ ਸਨ। ਇਥੇ ਪਾਵਰ ਜੈਨਰੇਸ਼ਨ ਦੇ ਪਲਾਂਟ ਲੱਗਣੇ ਸਨ that would have made them viable. ਉਨ੍ਹਾਂ ਵਿਚੋਂ ਇਕ ਵੀ ਪਲਾਂਟ ਚਾਲੂ ਨਹੀਂ ਹੋਇਆ। ਸਾਡੇ ਜਿਹੜਾ ਪਾਵਰ ਜੈਨਰੇਸ਼ਨ ਦਾ ਪਲਾਂਟ ਲੱਗਿਆ ਹੈ, ਉਸ ਵਾਸਤੇ ਕੋਈ ਚਾਈਨੀਜ਼ ਟੈਕਨਾਲੋਜੀ ਲਿਆਂਦੀ ਗਈ ਹੈ ਪਰ ਉਸ ਨੇ ਪੂਰਾ ਲੋਡ ਹੀ ਨਹੀਂ ਚੁੱਕਿਆ। The same is the case with the other plants also. ਦੋਵਾਂ ਪਲਾਂਟਸ ਤੇ ਕੰਮ ਬਿਲਕੁਲ ਚਾਲੂ ਨਹੀਂ ਹੋਇਆ i.e. one aspect. The second aspect is ਇਹ ਹੈ ਕਿ ਜਿਹੜਾ ਆਪਣਾ ਕੇਨ ਕਮਿਸ਼ਨਰ ਹੈ he has to perform his job to ensure that ਕਿ ਜਿਹੜਾ ਅਸੀਂ ਕਿਸਾਨਾਂ ਨਾਲ ਬੌਂਡ ਕਰਵਾਉਂਦੇ ਹਾਂ ਕਿ ਅਸੀਂ ਤੁਹਾਡੇ ਕੋਲੋਂ ਇੰਨਾ ਗੰਨਾ ਖਰੀਦਾਂਗੇ। ਇਸ ਦੇ ਵਿਚ ਵੀ ਅਗਰ ਮੁੱਖ ਮੰਤਰੀ ਸਾਹਿਬ, ਤੁਸੀਂ ਪਿਛਲੇ ਪੰਜ ਸਾਲ ਦਾ ਰਿਕਾਰਡ ਕਢਵਾ ਕੇ ਵੇਖੋ ਤਾਂ ਪਤਾ ਚੱਲੇਗਾ ਕਿ ਵਿਭਾਗ ਕੇਵਲ ਖਜ਼ਾਨੇ ਉਤੇ ਭਾਰ ਹੀ ਹੈ। ਕੋਈ ਕਿਸੇ ਕਿਸਮ ਦਾ ਨੋਟਿਸ ਕਿਸੇ ਕਿਸਾਨ ਨੂੰ ਨਹੀਂ ਗਿਆ ਕਿ ਉਸ ਨਾਲ ਬੌਂਡ ਕੀਤਾ ਹੋਇਆ ਹੈ। ਇਸ ਦੇ ਉਲਟ ਪ੍ਰਾਈਵੇਟ ਮਿੱਲਾਂ ਵਾਲੇ ਗੰਨਾ ਲਈ ਜਾ ਰਹੇ ਹਨ। No incentive or any other thing......

ਮਾਨਯੋਗ ਸਪੀਕਰ: ਤੁਸੀਂ ਕੁਐਸਚਨ ਕਰੋ।

ਸ਼੍ਰੀ ਸੁਨੀਲ ਜਾਖੜ: ਮੈਂ ਇਸ ਬਾਰੇ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

ਮੁੱਖ ਮੰਤਰੀ: ਸਪੀਕਰ ਸਾਹਿਬ, ਸਵਾਲ ਤਾਂ ਬੜਾ ਲਿਮਟਿਡ ਜਿਹਾ ਸੀ ਪਰੰਤੂ ਚੌਧਰੀ ਸਾਹਿਬ ਨੇ ਇਸ ਦਾ ਬੜਾ ਵਾਈਡ ਸਕੋਪ ਕਰ ਦਿੱਤਾ ਹੈ। ਮੈਂ ਯਕੀਨ ਦਿਵਾਉਂਦਾ ਹਾਂ ਕਿ ਜੋ ਵੀ ਸਟੈਪਸ ਲੈਣੇ ਹਨ, ਭਾਵੇਂ ਉਹ ਕੋ-ਜੈਨਰੇਸ਼ਨ ਦਾ ਹੋਵੇ ਜਾਂ ਕੋਈ ਹੋਰ ਕਦਮ ਚੁੱਕਣਾ ਹੋਵੇ, we are seized of the situation. ਅਸੀਂ ਇਸ ਬਾਰੇ ਮੀਟਿੰਗ ਕਰ ਰਹੇ ਹਾਂ, ਹੋਰ ਵੀ ਕਰਾਂਗੇ ਅਤੇ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਨ੍ਹਾਂ ਮਿੱਲਾਂ ਦਾ ਸੁਧਾਰ ਕਰਨ ਦਾ ਯਤਨ ਕੀਤਾ ਜਾਵੇਗਾ।

ਲਿੰਕ ਸੜਕਾਂ ਦੀ ਮੁਰੰਮਤ

* 53. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਮੰਡੀ ਬੋਰਡ ਵੱਲੋਂ ਸ਼ੁਰੂ ਕੀਤੀਆਂ ਹੇਠ ਲਿਖੀਆਂ ਸੜਕਾਂ ਜਿਨ੍ਹਾਂ ਦਾ ਟੈਂਡਰ ਮਿਤੀ 2 ਮਾਰਚ, 2009 ਨੂੰ ਹੋਇਆ ਸੀ, ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ:-

1. ਜੀ.ਟੀ. ਰੋਡ ਤੋਂ ਬਹਾਦਰਕੇ;
2. ਫਿਰੋਜ਼ਪੁਰ ਰੋਡ ਤੋਂ ਝਾਂਡੇ;
3. ਜੀ.ਟੀ. ਰੋਡ ਤੋਂ ਆਲੋਵਾਲ;
4. ਜੀ.ਟੀ. ਰੋਡ ਤੋਂ ਤਲਵੰਡੀ ਕਲਾਂ;
5. ਜੀ.ਟੀ. ਰੋਡ ਤੋਂ ਮੰਝਫੱਗੋਵਾਲ;
6. ਨੂਰਪੁਰ ਬੇਟ ਤੋਂ ਮਲਕਪੁਰ;
7. ਪੱਖੋਵਾਲ ਰੋਡ ਤੋਂ ਝਾਂਡੇ ਤੱਕ; ਅਤੇ
8. ਜੱਸੋਵਾਲ ਤੋਂ ਕਿਲਾ ਰਾਏਪੁਰ ।

ਸਰਦਾਰ ਪਰਕਾਸ਼ ਸਿੰਘ ਬਾਦਲ :

1. ਮਿਤੀ 2 ਮਾਰਚ, 2009 ਦੇ ਟੈਂਡਰ ਵਿੱਚ ਇਹ ਸੜਕਾਂ ਸ਼ਾਮਿਲ ਨਹੀਂ ਸਨ।
2. ਬਾਅਦ ਵਿੱਚ ਇਨ੍ਹਾਂ 8 ਸੜਕਾਂ ਵਿਚੋਂ 7 ਸੜਕਾਂ ਦੇ ਟੈਂਡਰ ਹੋ ਚੁੱਕੇ ਹਨ ਅਤੇ ਇਨ੍ਹਾਂ ਸੜਕਾਂ ਦੇ ਕੰਮ ਦੀ ਪ੍ਰਗਤੀ ਅਨੁਲੱਗ-ੳ ਤੇ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ "ੳ"

ਲੜੀ ਨੰ:	ਸੜਕ ਦਾ ਨਾਂ	ਪ੍ਰਬੰਧਕੀ ਪ੍ਰਵਾਨਗੀ			ਫੰਡਾਂ ਦਾ ਸੋਮਾ	ਕੰਮ ਦੀ ਮੌਜੂਦਾ ਸਥਿਤੀ
		ਮਿਤੀ:	ਲੰਬਾਈ (ਕਿ.ਮੀ)	ਲਾਗਤ (ਲੱਖਾਂ ਵਿੱਚ)		
1.	ਜੀ.ਟੀ.ਰੋਡ ਤੋਂ ਬਹਾਦਰਕੇ	5-10-11	1.65	31.00	ਮ:ਕ: ਲੋਨ ਪ੍ਰੋਜੈਕਟ	ਕੰਮ ਮੁਕੰਮਲ ਹੈ
2.	ਫਿਰੋਜ਼ਪੁਰ ਰੋਡ ਤੋਂ ਝਾਂਡੇ	5-10-11	1.30	20.00	ਮ:ਕ: ਲੋਨ ਪ੍ਰੋਜੈਕਟ	ਕੰਮ ਮੁਕੰਮਲ ਹੈ

3.	ਜੀ.ਟੀ.ਰੋਡ ਤੋਂ ਆਲੋਵਾਲ	5-10-11	1.05	17.95	ਮ:ਕ: ਲੋਨ ਪ੍ਰੋਜੈਕਟ	ਪੱਥਰ ਦੀ ਕੁਟਾਈ ਤੱਕ ਮੁਕੰਮਲ ਹੈ। ਮਿਤੀ:15-8-12 ਤੱਕ ਮੁਕੰਮਲ ਹੋ ਜਾਵੇਗਾ।
4.	ਜੀ.ਟੀ.ਰੋਡ ਤੋਂ ਤਲਵੰਡੀ ਕਲਾਂ	5-10-11	2.00	36.00	ਮ:ਕ:ਲੋਨ ਪ੍ਰੋਜੈਕਟ	ਪੱਥਰ ਦੀ ਕੁਟਾਈ ਤੱਕ ਮੁਕੰਮਲ ਹੈ। ਮਿਤੀ:15-8-12 ਤੱਕ ਮੁਕੰਮਲ ਹੋ ਜਾਵੇਗਾ।
5.	ਨੂਰਪੁਰ ਬੇਟ ਤੋਂ ਮਲਕਪੁਰ	9-2-11	2.13	27.50	ਮੰਡੀ ਬੋਰਡ	ਕੰਮ ਮੁਕੰਮਲ ਹੈ।
6.	ਪੱਖੋਵਾਲ ਰੋਡ ਤੋਂ ਝਾਂਡੇ ਤੱਕ। (ਸੂਆ ਪੱਖੋਵਾਲ ਤੋਂ ਬੱਦੋਵਾਲ ਲਲਤੋ ਰੋਡ)	28-7-11	4.80	477.76	ਗਲਾਡਾ	3.20 ਕਿ.ਮੀ. ਪੱਥਰ ਦੀ ਕੁਟਾਈ ਮੁਕੰਮਲ ਹੈ। 1.20 ਕਿ.ਮੀ. ਪੀ.ਸੀ. ਪੈ ਚੁੱਕੀ ਹੈ। ਮਿਤੀ: 15-8-12 ਤੱਕ ਮੁਕੰਮਲ ਹੋ ਜਾਵੇਗਾ
7.	ਜੱਸੋਵਾਲ ਤੋਂ ਕਿਲਾ ਰਾਏਪੁਰ	5-10-11	2.86	31.89	ਮ:ਕ: ਲੋਨ ਪ੍ਰੋਜੈਕਟ	ਸਟਰੈਂਥਨਿੰਗ ਪੋਰਸ਼ਨ ਤੇ ਪੱਥਰ ਦੀ ਕੁਟਾਈ ਮੁਕੰਮਲ ਹੈ। ਮਿਤੀ: 15-8-12 ਤੱਕ ਮੁਕੰਮਲ ਹੋ ਜਾਵੇਗਾ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ: ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਧੰਨਵਾਦ ਕਰਦਾ ਹਾਂ ਕਿ ਇੰਹ ਸਾਰੀਆਂ ਸੜਕਾਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਮੁਕੰਮਲ ਹੋਣ ਦੇ ਨੇੜੇ ਹਨ।

ਕੂੜਾ ਡੰਪ ਨੂੰ ਸ਼ਿਫਟ ਕਰਨਾ

*42. **ਸਰਦਾਰ ਇਕਬਾਲ ਸਿੰਘ ਝੂੰਦਾਂ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਮਤੋਈ ਰੋਡ ਉਤੇ ਮਲੇਰਕੋਟਲਾ ਮਿਊਂਸਿਪਲ ਕਮੇਟੀ ਵੱਲੋਂ ਬਣਾਏ ਗਏ ਕੂੜੇ ਦੇ ਡੰਪ ਨੂੰ ਮੇਨ ਰੋਡ ਤੋਂ ਕਿਤੇ ਦੂਰ ਸ਼ਿਫਟ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਦਿੱਤੇ ਜਾਣ?

ਸ੍ਰੀ ਚੂਨੀ ਲਾਲ ਭਗਤ: ਨਹੀਂ ਜੀ।

ਸਰਦਾਰ ਇਕਬਾਲ ਸਿੰਘ ਝੂੰਦਾਂ: ਮਾਨਯੋਗ ਸਪੀਕਰ ਸਾਹਿਬ, ਇਹ ਜੋ ਮਲੇਰਕੋਟਲਾ ਮਿਊਂਸਿਪਲ ਕਮੇਟੀ ਦਾ ਡੰਪ ਹੈ, ਇਹ ਤਕਰੀਬਨ 10 ਪਿੰਡ ਜੋ ਹਨ, ਨੈਨ-ਇਬਰਾਹੀਮਪੁਰਾ, ਮਤੋਈ, ਜੋਇਤੀਵਾਲ, ਬੇਗੋਵਾਲਬਾਠਾਂ, 10 ਪਿੰਡਾਂ ਦਾ ਇਹ ਮੁੱਖ ਰਸਤਾ ਹੈ ਅਤੇ ਤਕਰੀਬਨ 9 ਏਕੜ ਦੇ ਕਰੀਬ ਜ਼ਮੀਨ ਮਿਊਂਸਿਪਲ ਕਮੇਟੀ, ਮਲੇਰਕੋਟਲਾ ਨੇ ਉਸ ਰਸਤੇ ਤੇ ਲਈ ਹੈ। ਉਥੋਂ ਬੱਚੇ ਵੀ ਲੰਘਦੇ ਹਨ ਅਤੇ 10 ਪਿੰਡਾਂ ਦਾ ਉਹ ਮੁੱਖ ਰਸਤਾ ਹੈ। ਸੜਕ ਦੇ ਦੋਵੇਂ ਪਾਸੇ ਉਹ ਜ਼ਮੀਨ ਹੈ ਅਤੇ ਦੋਵੇਂ ਪਾਸੇ ਕੋਈ ਦਰੱਖਤ ਨਹੀਂ ਲੱਗੇ ਹੋਏ, ਕੋਈ ਦੀਵਾਰ ਨਹੀਂ, ਸਾਰੀ ਸੜਕ ਦੇ ਦੋਵੇਂ ਪਾਸੇ ਗੰਦਗੀ ਦੇ ਢੇਰ ਲੱਗੇ ਹੋਏ ਹਨ। ਅਵਾਰਾ ਕੁੱਤੇ ਅਤੇ ਪਸ਼ੂ ਉਥੇ ਫਿਰਦੇ ਹਨ ਔਰ ਸਕੂਲ ਦੇ ਬੱਚਿਆਂ ਲਈ ਖਾਸ ਤੌਰ ਤੇ ਅਤੇ ਹਰ ਵਿਅਕਤੀ ਲਈ ਉਥੋਂ ਦੀ ਲੰਘਣਾ ਬੜਾ ਮੁਸ਼ਕਲ ਹੋਇਆ ਹੋਇਆ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਸਿਫਟ ਕਰਨ ਵਿੱਚ ਜੇਕਰ ਉਨ੍ਹਾਂ ਨੂੰ ਕੋਈ ਪ੍ਰਾਬਾਲਮ ਹੈ ਤਾਂ ਸੜਕ ਦੇ ਦੋਵੇਂ ਪਾਸੇ 20-20, 25-25 ਫੁੱਟ ਰਸਤਾ ਛੱਡ ਕੇ ਦਰੱਖਤ ਲਗਾਏ ਜਾਣ ਅਤੇ 20-25 ਫੁੱਟ ਰਸਤੇ ਤੋਂ ਬਾਅਦ ਦੀਵਾਰ ਕੀਤੀ ਜਾਵੇ ਜਿਸ ਦੇ ਨਾਲ ਲੋਕਾਂ ਦੀ ਸਮੱਸਿਆ ਦਾ ਹੱਲ ਹੋ ਸਕੇ ਅਤੇ ਸਮਾਂ ਪੈਣ ਤੇ ਜੇਕਰ ਉਹ ਸਿਫਟ ਹੋ ਜਾਵੇ ਤਾਂ ਚੰਗੀ ਗੱਲ ਹੈ। 10 ਪਿੰਡ ਜਿਹੜੇ ਉਥੋਂ ਦੀ ਲੰਘਦੇ ਹਨ, ਉਨ੍ਹਾਂ ਨੂੰ ਸਹੀ ਮਾਰਗ ਮਿਲ ਸਕੇ। ਕੀ ਮੰਤਰੀ ਜੀ ਇਸਦੇ ਬਾਰੇ ਵਿਸ਼ਵਾਸ ਦਿਵਾਉਣਗੇ ਕਿ ਇਸ ਤਰ੍ਹਾਂ ਦਾ ਕੋਈ ਪ੍ਰਾਵਧਾਨ ਕਰਨਗੇ ਅਤੇ ਕਦੋਂ ਤੱਕ ਕਰ ਦੇਣਗੇ ਇਸ ਦੇ ਬਾਰੇ ਵੀ ਜਾਣਕਾਰੀ ਦੇਣ ਦੀ ਖੇਚਲ ਕਰਨ।

ਮਾਨਯੋਗ ਸਪੀਕਰ: ਮੇਨ ਤਾਂ ਇਨ੍ਹਾਂ ਦਾ ਸਵਾਲ ਹੈ ਕਿ 10-10 ਫੁੱਟ ਜਗ੍ਹਾ ਛੱਡ ਕੇ ਦੋਵੇਂ ਪਾਸੇ ਦੀਵਾਰ ਖੜ੍ਹੀ ਕੀਤੀ ਜਾਵੇ। ਹਾਂ ਜੀ ਭਗਤ ਚੂਨੀ ਲਾਲ ਜੀ।

ਮੰਤਰੀ: ਸਪੀਕਰ ਸਾਹਿਬ, ਇਹ ਜ਼ਮੀਨ ਜਿੱਥੇ ਕੂੜਾ ਕਰਕਟ ਸੁੱਟਣਾ ਹੈ, ਇਹ ਜ਼ਮੀਨ ਜਿਹੜੀ ਹੈ, 10 ਸਾਲ ਵਾਸਤੇ ਲੀਜ਼ ਤੇ ਲਈ ਗਈ ਸੀ ਪਰ ਅੱਗੋਂ ਪੰਜਾਬ ਵਿੱਚ 8 ਕਲੱਸਟਰ ਜਿਹੜੇ ਬਣਨੇ ਹਨ, ਮਲੇਰਕੋਟਲਾ, ਜਿਹੜਾ ਪਟਿਆਲਾ ਵਿਖੇ ਕਲੱਸਟਰ ਬਣਨਾ ਹੈ, ਉਸਦੇ ਨਾਲ ਜੋੜਿਆ ਗਿਆ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਹ ਲੀਜ਼ ਖਤਮ ਹੋਣ ਤੇ ਇਹ ਕਲੱਸਟਰ ਨਾਲ ਜੋੜ ਕੇ ਲੋਕਾਂ ਦੀ ਇਹ ਜਿਹੜੀ ਤਕਲੀਫ ਹੈ, ਉਸਨੂੰ ਦੂਰ ਕੀਤਾ ਜਾਵੇ।

ਸਰਦਾਰ ਇਕਬਾਲ ਸਿੰਘ ਝੂੰਦਾਂ: ਸਪੀਕਰ ਸਾਹਿਬ, ਇਹ ਤਾਂ ਇਨ੍ਹਾਂ ਨੇ 10 ਸਾਲ ਦਾ ਥੜਾ ਲਗਾ ਦਿੱਤਾ ਹੈ ਜੀ। ਇਹ ਤਾਂ ਬੜੀ ਲੰਮੀ ਕਹਾਣੀ ਹੈ, ਕੋਈ ਟੈਂਪਰੇਰੀ ਹੱਲ ਥੋੜ੍ਹੇ ਪੈਸੇ ਨਾਲ ਉਥੇ ਕਰਨ ਤਾਂ ਕਿ ਲੋਕਾਂ ਨੂੰ ਲੰਘਣ ਦਾ ਰਸਤਾ ਤਾਂ ਬਣੇ। ਉਥੇ ਨਾ ਕੋਈ ਸਫਾਈ, ਨਾ ਕੋਈ ਦਰੱਖਤ, ਨਾ ਉਥੇ ਕੋਈ ਕੰਧ। ਇਹ ਟੈਂਪਰੇਰੀ ਹੀ ਉਥੇ 5-4 ਫੁੱਟ ਉਚੀ ਦੀਵਾਰ ਬਣਾ ਦੇਣ। ਸਿਰਫ 500 ਫੁੱਟ ਦੀ ਜਗ੍ਹਾ ਹੈ ਦੋਵੇਂ ਪਾਸੇ, ਜੇ ਮਿਊਂਸਿਪਲ ਕਮੇਟੀ 5-10 ਲੱਖ ਰੁਪਏ ਖਰਚ ਵੀ ਦੇਵੇਗੀ ਤਾਂ ਮੇਰਾ ਖਿਆਲ ਹੈ ਕਿ ਇਹ ਕੋਈ ਵੱਡਾ ਮਸਲਾ ਤਾਂ ਹੈ ਨਹੀਂ, ਇਸਦੇ ਨਾਲ 10 ਪਿੰਡਾਂ ਨੂੰ ਰਾਹਤ ਮਿਲ ਜਾਵੇਗੀ, ਇਹ ਕਰ ਦੇਣਾ ਚਾਹੀਦਾ ਹੈ।

ਮਾਨਯੋਗ ਸਪੀਕਰ: ਰਸਤਾ ਛੱਡ ਕੇ 10-10 ਫੁੱਟ ਦੀਵਾਰ ਬਣਾਈ ਜਾਵੇ।

ਸਰਦਾਰ ਇਕਬਾਲ ਸਿੰਘ ਝੂੰਦਾਂ: ਮੰਤਰੀ ਜੀ ਇਸਦਾ ਜ਼ਰੂਰ ਕੋਈ ਹੱਲ ਕਰੋ ਜੀ।

ਮੰਤਰੀ: ਸਪੀਕਰ ਸਾਹਿਬ, ਮੈਂ ਇੱਥੋਂ ਬੰਦੇ ਭੇਜ ਕੇ ਇਸ ਗੱਲ ਦਾ ਸਾਰਾ ਤਖਮੀਨਾ ਲੈ ਲਵਾਂਗਾ ਅਤੇ ਉਸ ਤੋਂ ਅੱਗੇ ਸਾਰੀ ਕਾਰਵਾਈ ਜਿਹੜੀ ਹੈ, ਕੀਤੀ ਜਾਵੇਗੀ।

ਮਮਦੋਟ ਨੂੰ ਨਗਰ ਪੰਚਾਇਤ ਦਾ ਦਰਜਾ ਦੇਣਾ

* 52. **ਸਰਦਾਰ ਜੋਗਿੰਦਰ ਸਿੰਘ ਜਿੰਦੂ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਿਰੋਜ਼ਪੁਰ ਦੇ ਕਸਬਾ ਮਮਦੋਟ ਨੂੰ ਨਗਰ ਪੰਚਾਇਤ ਜਾਂ ਮਿਊਂਸਿਪਲ ਕੌਂਸਲ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਹ ਵਿਵਸਥਾ ਕਰ ਦਿੱਤੀ ਜਾਵੇਗੀ?

ਸ਼੍ਰੀ ਚੂਨੀ ਲਾਲ ਭਗਤ: ਨਹੀਂ ਜੀ।

ਚਮਕੌਰ ਸਾਹਿਬ ਵਿਖੇ ਥੀਮ ਪਾਰਕ ਦੀ ਉਸਾਰੀ

* 32. **ਸਰਦਾਰ ਚਰਨਜੀਤ ਸਿੰਘ ਚੰਨੀ:** ਕੀ ਸੱਭਿਆਚਾਰ ਮਾਮਲੇ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ ਵਿੱਚ ਥੀਮ ਪਾਰਕ ਦੀ ਉਸਾਰੀ ਦਾ ਕੰਮ ਲੰਬੇ ਸਮੇਂ ਤੋਂ ਰੋਕ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਉਕਤ ਪਾਰਕ ਦਾ ਕੰਮ ਕਦੋਂ ਤੱਕ ਮੁੜ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਸਰਵਣ ਸਿੰਘ ਫਿਲੌਰ: ਜੀ ਹਾਂ। ਇਹ ਪ੍ਰੋਜੈਕਟ ਹਾਲ ਦੀ ਘੜੀ ਰੁਕਿਆ ਹੋਇਆ ਹੈ। ਇਸ ਪ੍ਰੋਜੈਕਟ ਲਈ ਫੰਡ ਉਪਲਬਧ ਕਰਵਾਏ ਜਾ ਰਹੇ ਹਨ ਤਾਂ ਜੋ ਉਸਾਰੀ ਦਾ ਕੰਮ ਜਲਦੀ ਸ਼ੁਰੂ ਕੀਤਾ ਜਾ ਸਕੇ।

ਸਰਦਾਰ ਚਰਨਜੀਤ ਸਿੰਘ ਚੰਨੀ: ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਚਮਕੌਰ ਸਾਹਿਬ ਦੀ ਜਿਹੜੀ ਧਰਤੀ ਹੈ, ਇਹ ਸ਼ਹੀਦ ਸਿੰਘਾਂ ਦੇ ਨਾਲ ਜੁੜੀ ਹੋਈ ਹੈ, ਇਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਸ਼ਹਾਦਤ ਹੋਈ। ਇਸ ਧਰਤੀ ਤੇ ਸ਼ਹੀਦਾਂ ਦੀ ਯਾਦ ਵਿੱਚ, ਚਾਲੀ ਮੁਕਤਿਆਂ ਦੀ ਯਾਦ ਵਿੱਚ, ਇੱਕ ਥੀਮ ਪਾਰਕ ਦੇ ਨਾਂ ਤੇ ਇੱਕ ਯਾਦਗਾਰ ਕੈਪਟਨ ਅਮਰਿੰਦਰ ਸਿੰਘ ਜੀ ਦੀ ਸਰਕਾਰ ਵੇਲੇ ਬਣਾਉਣੀ ਸ਼ੁਰੂ ਕੀਤੀ ਗਈ ਸੀ। ਇਹ ਪ੍ਰੋਜੈਕਟ 27 ਕਰੋੜ ਰੁਪਏ ਦਾ ਸੀ ਤੇ ਉਸ ਤੇ 11 ਕਰੋੜ ਰੁਪਿਆ ਖਰਚ ਆ ਚੁੱਕਾ ਹੈ ਲੇਕਿਨ ਪਿਛਲੇ ਸਾਢੇ ਪੰਜ ਸਾਲ ਤੋਂ ਇਹ ਪ੍ਰੋਜੈਕਟ ਬੰਦ ਪਿਆ ਹੈ। ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਢੇ ਪੰਜ ਸਾਲ ਤੋਂ ਇਸ ਪ੍ਰਾਜੈਕਟ ਦਾ ਕੰਮ ਨਹੀਂ ਚੱਲ ਰਿਹਾ ਤੇ ਇਸ ਸਬੰਧ ਵਿੱਚ ਤਿੰਨ ਸਾਲ ਪਹਿਲਾਂ ਕੇਂਦਰ ਸਰਕਾਰ ਵੱਲੋਂ ਦੋ ਕਰੋੜ ਤੇਈ ਲੱਖ ਰੁਪਏ ਦੀ ਗਰਾਂਟ ਆਈ ਸੀ ਜਿਹੜੀ ਕਿ ਸੈਰ ਸਪਾਟਾ ਵਿਭਾਗ ਵੱਲੋਂ ਚਮਕੌਰ ਸਾਹਿਬ ਵਿਖੇ ਸੈਰ ਸਪਾਟੇ ਨੂੰ ਉਭਾਰਨ ਲਈ ਖਰਚ ਕੀਤੀ ਜਾਣੀ ਸੀ। ਇਸ ਦੀ ਚਾਰ ਦੀਵਾਰੀ ਤੇ ਇਹ ਫੰਡਜ਼ ਲੱਗਣੇ ਸਨ। ਉਹ ਵੀ ਤਿੰਨ ਸਾਲ ਤੋਂ ਖਰਚ ਨਹੀਂ ਕੀਤਾ ਗਿਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹਨ ਕਿ ਇਹ ਪੈਸੇ ਖਰਚ ਨਹੀਂ ਹੋ ਰਹੇ? ਇਹ ਪ੍ਰਾਜੈਕਟ ਅੱਗੇ ਕਿਉਂ ਨਹੀਂ ਵੱਧ ਰਿਹਾ ਤੇ ਇਸ ਨੂੰ ਹੁਣ ਕਦੋਂ ਸ਼ੁਰੂ ਕੀਤਾ ਜਾਵੇਗਾ ਅਤੇ ਇਸ ਬਜਟ ਵਿਚ ਹੁਣ ਕਿੰਨੇ ਪੈਸੇ ਦਾ ਉਪਬੰਧ ਕੀਤਾ ਗਿਆ ਹੈ? ਇਸ ਬਾਰੇ ਮੰਤਰੀ ਜੀ ਦੱਸਣ।

ਮੁੱਖ ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਸਵਾਲ ਪੁੱਛਿਆ ਹੈ, ਇਸ ਦੀ ਬੜੀ ਅਹਿਮੀਅਤ ਹੈ ਔਰ ਮੈਂ ਐਮ.ਐਲ.ਏ. ਸਾਹਿਬ ਨੂੰ ਵੀ ਅਤੇ

ਹਾਊਸ ਨੂੰ ਵੀ ਇਹ ਯਕੀਨ ਦਿਵਾਉਂਦਾ ਹਾਂ ਕਿ ਇਸੇ ਸਾਲ ਹੀ ਇਸ ਕੰਮ ਨੂੰ ਜੰਗੀ ਪੱਧਰ ਤੇ ਸ਼ੁਰੂ ਕੀਤਾ ਜਾਵੇਗਾ ਅਤੇ ਜਲਦੀ ਹੀ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਹੋਰ ਵੀ ਸਿੱਖਾਂ ਦੀਆਂ ਯਾਦਗਾਰਾਂ ਬਣਾਈਆਂ ਹਨ। ਇਨ੍ਹਾਂ ਨੇ ਜੋ ਐਸ਼ਿਓਰੈਂਸ ਦਿਵਾਈ ਹੈ, ਉਸ ਲਈ ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ। ਮੈਂ ਬੇਨਤੀ ਵੀ ਕਰਾਂਗਾ ਕਿ ਇਸ ਕੰਮ ਨੂੰ ਤੁਰੰਤ ਸ਼ੁਰੂ ਕਰਕੇ ਸਿਰੇ ਚੜ੍ਹਾਇਆ ਜਾਵੇ। ਜਿਸ ਖੁੱਲ੍ਹਦਿਲੀ ਨਾਲ ਮੁੱਖ ਮੰਤਰੀ ਜੀ ਨੇ ਕਿਹਾ ਹੈ, ਮੈਂ ਟਾਈਮ ਬਾਊਂਡ ਕਰਨ ਨੂੰ ਨਹੀਂ ਕਹਾਂਗਾ। ਮੈਨੂੰ ਪੂਰਨ ਉਮੀਦ ਹੈ ਕਿ ਇਹ ਕੰਮ ਸਮੇਂ ਸਿਰ ਹੋ ਜਾਵੇਗਾ। ਬਹੁਤ ਬਹੁਤ ਧੰਨਵਾਦ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1**

ਮਾਨਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਨਸ਼ਿਆਂ ਨੂੰ ਠੱਲ੍ਹ ਪਾਉਣਾ

* 25. **ਸਰਦਾਰ ਚਰਨਜੀਤ ਸਿੰਘ ਚੰਨੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਨੌਜਵਾਨਾਂ ਵਿੱਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਦੇ ਖਤਰੇ ਨੂੰ ਰੋਕਣ ਲਈ ਚੁੱਕੇ ਜਾ ਰਹੇ ਜਾਂ ਚੁੱਕੇ ਜਾਣੇ ਤਜਵੀਜ਼ਤ ਕਦਮ ਕੀ ਹਨ?

ਸ਼੍ਰੀ ਮਦਨ ਮੋਹਨ ਮਿੱਤਲ: ਸ਼੍ਰੀਮਾਨ ਜੀ,

ਰਾਜ ਸਰਕਾਰ ਨੇ ਨਸ਼ਿਆਂ ਦੀ ਸਮੱਸਿਆ ਨੂੰ ਸਿੱਧੇ ਤੌਰ ਤੇ ਨਜਿੱਠਣ ਦਾ ਫੈਸਲਾ ਕੀਤਾ ਹੈ। ਸਰਕਾਰ ਜਨਤਾ ਵੱਲੋਂ ਨਸ਼ੇ ਵਾਲੀਆਂ ਦਵਾਈਆਂ ਦੀ ਵਰਤੋਂ ਤੇ ਮੰਗ ਨੂੰ ਘਟਾਉਣ ਲਈ ਹੇਠ ਲਿਖੇ ਉਪਰਾਲੇ ਕਰ ਰਹੀ ਹੈ।

ੳ) **ਮੰਗ ਘਟਾਉਣ ਸਬੰਧੀ ਉਪਰਾਲੇ:** ਸਮੱਸਿਆ ਦੀ ਗੰਭੀਰਤਾ ਨੂੰ ਨਜ਼ਰ ਵਿੱਚ ਰੱਖਦੇ ਹੋਏ ਸਿਹਤ ਵਿਭਾਗ ਵਲੋਂ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਤਜਵੀਜ਼ਤ ਕਦਮ ਅਤੇ ਕੀਤੇ ਗਏ ਉਪਰਾਲੇ ਹੇਠ ਦਰਸਾਏ ਅਨੁਸਾਰ ਹਨ:-

---

* For Starred Questiosn No. 1 & reply thereto please see Appendix to this Debates

(ਸਿਹਤ ਪਰਿਵਾਰ ਭਲਾਈ ਮੰਤਰੀ)

ਪਹਿਲਾਂ ਚੁੱਕੇ ਗਏ ਕਦਮ

(1) ਸਿਹਤ ਵਿਭਾਗ ਵੱਲੋਂ ਰਾਜ ਦੇ 6 ਜ਼ਿਲ੍ਹਿਆਂ ਦੇ 7 ਸਿਵਲ ਹਸਪਤਾਲਾਂ ਦੀ ਬਿਲਡਿੰਗ ਵਿੱਚ ਵੱਖਰੇ ਤੌਰ ਤੇ ਡਰੱਗ ਡੀ.ਅਡਿਕਸ਼ਨ ਸੈਂਟਰ ਚਲਾਏ ਜਾ ਰਹੇ ਹਨ।

(2) ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਬਠਿੰਡਾ ਵਿਖੇ ਤਲਵੰਡੀ ਸਾਬੋ ਵਿੱਚ 20 ਬਿਸਤਰਿਆਂ ਵਾਲਾ ਰਾਜ ਪੱਧਰੀ ਨਸ਼ਾ ਛੁਡਾਉ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਇਹ ਕੇਂਦਰ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ।

(3) ਸਰਕਾਰ ਵੱਲੋਂ 50 ਬਿਸਤਰਿਆਂ ਦਾ ਰਾਜ ਪੱਧਰੀ ਨਸ਼ਾ ਛੁਡਾਉ ਕੇਂਦਰ, ਸਵਾਮੀ ਵਿਵੇਕਾਨੰਦ ਡਰੱਗ ਡੀ.ਅਡਿਕਸ਼ਨ ਸੈਂਟਰ ਗੌਰਮਿੰਟ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਸਥਾਪਿਤ ਕਰ ਦਿੱਤਾ ਗਿਆ ਹੈ ਜੋ ਕਿ ਜਨਵਰੀ, 2011 ਤੋਂ ਸੇਵਾਵਾਂ ਦੇ ਰਿਹਾ ਹੈ।

(4) ਰਾਜ ਸਰਕਾਰ ਨੇ ਰਾਜ ਵਿੱਚ ਦਸ ਥਾਵਾਂ ਅੰਮ੍ਰਿਤਸਰ, ਬਟਾਲਾ, ਫਿਰੋਜ਼ਪੁਰ, ਮੋਗਾ, ਹੁਸ਼ਿਆਰਪੁਰ, ਤਰਨਤਾਰਨ, ਮੋਰਿੰਡਾ, ਰੋਪੜ, ਜਲੰਧਰ ਅਤੇ ਲੁਧਿਆਣਾ ਵਿਖੇ ਨੈਸ਼ਨਲ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਟੀਕਿਆਂ ਰਾਂਹੀ ਨਸ਼ਾ ਕਰਨ ਵਾਲੇ ਮਰੀਜ਼ਾਂ ਦੀ ਵੱਧ ਰਹੀ ਗਿਣਤੀ ਨੂੰ ਕਾਬੂ ਕਰਨ ਲਈ ਓਪੀਆਡ ਸਬਸੀਚਿਊਸ਼ਨ ਸੈਂਟਰਾਂ ਦੀ ਸਥਾਪਨਾ ਕੀਤੀ ਹੈ।

(5) ਰਾਜ ਸਰਕਾਰ ਵੱਲੋਂ ਨਾਇਟਡ ਨੈਸ਼ਨ ਆਫਿਸ ਆਫ ਡਰੱਗਜ਼ ਐਂਡ ਕਰਾਇਮਜ਼ (ਯੂ.ਐਨ.ਓ.ਡੀ.ਸੀ) ਦੀ ਮਦਦ ਨਾਲ ਸਿਵਲ ਹਸਪਤਾਲ ਕਪੂਰਥਲਾ ਅਤੇ ਸਿਵਲ ਹਸਪਤਾਲ ਬਠਿੰਡਾ ਵਿਖੇ ਟੀਕਿਆਂ ਰਾਹੀਂ ਨਸ਼ਾ ਕਰਨ ਵਾਲੇ ਮਰੀਜ਼ਾਂ ਦੀ ਵੱਧ ਰਹੀ ਗਿਣਤੀ ਨੂੰ ਕਾਬੂ ਕਰਨ ਲਈ ਮੈਥਾਡੋਨ ਮੇਨਟੇਨੈਂਸ ਥੈਰੇਪੀ ਸੈਂਟਰਾਂ ਦੀ ਸਥਾਪਨਾ ਕੀਤੀ ਹੈ।

(6) ਰਾਜ ਸਰਕਾਰ ਨੇ ਰਾਜ ਦੇ ਹਰ ਜ਼ਿਲ੍ਹੇ ਵਿੱਚ ਇੱਕ ਸਾਈਕੈਟਰਿਸਟ ਦੀ ਪੋਸਟਿੰਗ ਕੀਤੀ ਹੈ ਤਾਂ ਜੋ ਨਸ਼ਾ ਛੁਡਾਉਣ ਲਈ ਸੇਵਾਵਾਂ ਹਰ ਜ਼ਿਲ੍ਹੇ ਵਿੱਚ ਉਪਲਬੱਧ ਹੋ ਸਕਣ।

(7) ਸਰਕਾਰ ਵੱਲੋਂ ਹਸਪਤਾਲਾਂ ਵਿੱਚ ਦਾਖਲ ਰਹਿ ਕੇ ਨਸ਼ਾ ਛੁਡਾਉਣ ਦੀ ਸੁਵਿਧਾ ਹਰ ਜ਼ਿਲ੍ਹਾ ਪੱਧਰੀ ਹਸਪਤਾਲ ਅਤੇ ਕੁਝ ਸਬ ਡਵੀਜ਼ਨ ਹਸਪਤਾਲਾਂ ਵਿੱਚ ਵੀ ਉਪਲੱਬਧ ਕਰਵਾਈ ਗਈ ਹੈ।

(8) 20 ਜ਼ਿਲ੍ਹਾ ਪੱਧਰੀ ਸੈਮੀਨਾਰ, 1475 ਫੋਕਸ ਗੁਰੱਪ ਵਿਚਾਰ ਸਬ-ਸੈਂਟਰ ਪੱਧਰ ਤੇ ਅਤੇ 24,000 ਪੇਂਡੂ ਸਿਹਤ ਅਤੇ ਸਫਾਈ ਕਮੇਟੀਆਂ ਦੀਆਂ ਮੀਟਿੰਗਾਂ ਰਾਹੀਂ ਆਮ ਲੋਕਾਂ ਵਿੱਚ ਸਿਹਤ ਪ੍ਰੋਗਰਾਮਾਂ ਦੀ ਜਾਗਰੂਕਤਾ ਦੇ ਨਾਲ-ਨਾਲ ਨਸ਼ਿਆਂ ਦੀ ਦੁਰਵਰਤੋਂ ਅਤੇ ਇਸ ਦੇ ਮਾੜੇ ਅਸਰ ਬਾਰੇ ਇਨ੍ਹਾਂ ਮੀਟਿੰਗਾਂ ਵਿੱਚ ਵਿਚਾਰ ਕੀਤਾ ਗਿਆ।

ਚੁੱਕੇ ਜਾ ਰਹੇ ਕਦਮ

(1) ਰਾਜ ਵਿੱਚ ਬਟਾਲਾ, ਹੁਸ਼ਿਆਰਪੁਰ ਅਤੇ ਖਿਆਲਾਂ ਕਲਾਂ ਵਿਖੇ 10 ਬਿਸਤਰਿਆਂ ਦੇ ਨਸ਼ਾ ਮੁਕਤੀ ਕੇਂਦਰਾਂ ਦੀ ਉਸਾਰੀ ਦਾ ਕੰਮ ਪੂਰਾ ਹੋਣ ਦੇ ਨਜ਼ਦੀਕ ਹੈ।

(2) ਰਾਜ ਵਿੱਚ 50-50 ਬਿਸਤਰਿਆਂ ਦੇ 3 ਹੋਰ ਮਾਡਲ ਡੀ.ਅਡੀਕਸ਼ਨ ਸੈਂਟਰ ਖੋਲ੍ਹਣ ਦੀ ਤਜਵੀਜ਼ ਹੈ। ਇਨ੍ਹਾਂ ਸੈਂਟਰਾਂ ਦਾ ਕੰਮ ਡਾਕਟਰ, ਪੈਰਾਮੈਡੀਕਲ ਸਟਾਫ ਨੂੰ ਟ੍ਰੇਨਿੰਗ ਦੇਣਾ ਅਤੇ ਹੋਰ ਸੈਂਟਰਾਂ ਤੋਂ ਰੈਫਰ ਕੀਤੇ ਮਰੀਜ਼ਾਂ ਦਾ ਇਲਾਜ ਕਰਨਾ ਹੋਵੇਗਾ। ਇਹ ਸੈਂਟਰ ਪਟਿਆਲਾ, ਫਰੀਦਕੋਟ ਅਤੇ ਜਲੰਧਰ ਵਿਖੇ ਤਜਵੀਜ਼ਤ ਹਨ।

(3) ਸਰਕਾਰ ਆਉਣ ਵਾਲੇ ਸਮੇਂ ਵਿੱਚ ਰਾਜ ਦੇ ਹਰ ਜ਼ਿਲ੍ਹਾ ਪੱਧਰੀ ਹਸਪਤਾਲ ਅਤੇ ਕਈ ਸਬ-ਡਵੀਜ਼ਨ ਪੱਧਰੀ ਹਸਪਤਾਲਾਂ ਵਿੱਚ 10 ਬੈਡਾਂ ਦੇ ਨਵੇਂ ਨਸ਼ਾ ਮੁਕਤੀ ਕੇਂਦਰ ਖੋਲ੍ਹਣ ਲਈ ਯਤਨਸ਼ੀਲ ਹੈ।

(4) ਇਸ ਦੇ ਨਾਲ ਹੀ ਸਰਕਾਰੀ ਮੈਡੀਕਲ ਕਾਲਜ, ਪਟਿਆਲਾ, ਅੰਮ੍ਰਿਤਸਰ ਅਤੇ ਫਰੀਦਕੋਟ ਵਿਖੇ ਦਾਖਲ ਰਹਿ ਕੇ ਨਸ਼ਾ ਛੁਡਾਉਣ ਦੀ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ।

(5) ਸਿਹਤ ਵਿਭਾਗ ਆਮ ਲੋਕਾਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਇਸ ਦੇ ਮਾੜੇ ਅਸਰ ਸਬੰਧੀ ਵੱਡੀ ਜਾਗਰੂਕਤਾ ਮੁੱਢਲਾ ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਪੱਧਰ ਤੇ ਲਿਆਉਣ ਲਈ ਇੱਕ ਯੋਜਨਾ ਉਲੀਕ ਰਿਹਾ ਹੈ।

(6) ਮੁੱਢਲਾ ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਪੱਧਰ ਤੇ ਲੱਗੇ ਡਾਕਟਰਾਂ ਦੀ ਟਰੇਨਿੰਗ ਕਰਵਾਈ ਜਾ ਰਹੀ ਹੈ ਤਾਂ ਜੋ ਨਸ਼ਾ ਛੁਡਾਉਣ ਦਾ ਇਲਾਜ ਮੁੱਢਲੇ ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਪੱਧਰ ਤੇ ਉਪਲਬਧ ਹੋ ਸਕੇ।

(ਸਿਹਤ ਪਰਿਵਾਰ ਭਲਾਈ ਮੰਤਰੀ)

(ਅ) **ਪੂਰਤੀ ਘਟਾਉਣ ਸਬੰਧੀ ਉਪਰਾਲੇ:** ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨੇ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਪੂਰਤੀ ਨੂੰ ਘਟਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਹੈ ਜਿਸ ਵਿੱਚ ਡਰੱਗ ਇੰਸਪੈਕਟਰਾਂ ਦੀਆਂ ਟੀਮਾਂ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਦੁਰਉਪਯੋਗ ਦੀ ਸਮੱਸਿਆ ਨੂੰ ਨਜਿੱਠਣ ਲਈ ਡਰੱਗ ਅਤੇ ਕਾਸਮੇਟਿਕ ਐਕਟ, 1940 ਦੀ ਉਲੰਘਣਾ ਅਧੀਨ ਛਾਪੇ ਮਾਰ ਰਹੀ ਹੈ।

ਮਾਨਯੋਗ ਸਪੀਕਰ : ਜਵਾਬ ਕਾਫੀ ਡਿਟੇਲ ਵਿੱਚ ਆ ਗਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇੱਕ ਬਹੁਤ ਹੀ ਸੰਵੇਦਨਸ਼ੀਲ ਵਿਸ਼ਾ ਹੈ।

ਮਾਨਯੋਗ ਸਪੀਕਰ: ਕੀ ਤੁਹਾਡੀ ਤਸੱਲੀ ਨਹੀਂ ਹੋਈ?

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਤਸੱਲੀ ਤਾਂ ਮੈਂ ਹੁਣ ਕਰਵਾਵਾਂਗਾ। (ਹਾਸਾ) ਮੈਂ ਕੋਸ਼ਿਸ਼ ਕਰਾਂਗਾ ਕਿ ਮੇਰੀ ਤਸੱਲੀ ਹੋ ਜਾਵੇ। ਇਹ ਕੋਈ ਆਮ ਗੱਲ ਨਹੀਂ ਹੈ। ਨਸ਼ਿਆਂ ਨਾਲ ਸਬੰਧਿਤ ਗੱਲ ਹੈ। ਕਿਰਪਾ ਕਰਕੇ ਮੈਨੂੰ ਪੁੱਛਣ ਦਿਓ। ਨਸ਼ੇ ਫੈਲੇ ਹੋਏ ਹਨ।

ਮਾਨਯੋਗ ਸਪੀਕਰ: ਮੈਂ ਤੁਹਾਨੂੰ ਡਿਸ-ਅਲਾਓ ਨਹੀਂ ਕਰ ਰਿਹਾ। ਮੈਂ ਤਾਂ ਇਹ ਕਿਹਾ ਸੀ ਕਿ ਜਵਾਬ ਕਾਫੀ ਡਿਟੇਲ ਵਿੱਚ ਆ ਗਿਆ ਹੈ। ਜੇ ਤੁਹਾਡੀ ਤਸੱਲੀ ਨਹੀਂ ਹੋਈ ਤਾਂ ਸਪਲੀਮੈਂਟਰੀ ਕਰ ਲਓ।

ਸਰਦਾਰ ਚਰਨਜੀਤ ਸਿੰਘ ਚੰਨੀ: ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਕੀ ਸਾਰੀ ਪੰਜਾਬ ਸਰਕਾਰ ਅਤੇ ਹੋਰ ਕੋਈ ਚਿੰਤਤ ਹੈ ਕਿ ਪੰਜਾਬ ਵਿੱਚ ਨਸ਼ੇ ਖਤਮ ਹੋਣੇ ਚਾਹੀਦੇ ਹਨ। ਇਸ ਲਈ ਕੀ ਮੰਤਰੀ ਜੀ ਅਤੇ ਸਰਕਾਰ ਨੇ ਕੋਈ ਸਰਵੇ ਕਰਵਾਇਆ ਹੈ ਕਿ ਪੰਜਾਬ ਵਿੱਚ ਕੁੱਲ ਕਿੰਨੇ ਨੌਜਵਾਨ ਨਸ਼ਿਆਂ ਵਿੱਚ ਗ੍ਰਸਤ ਹਨ ਅਤੇ ਉਹ ਕਿਹੜੇ ਕਿਹੜੇ ਨਸ਼ੇ ਕਰ ਰਹੇ ਹਨ? ਕੀ ਸਰਕਾਰ ਨਸ਼ਿਆਂ ਨੂੰ ਛੁਡਾਉਣ ਲਈ ਫਰੀ ਇਲਾਜ ਦਾ ਕੋਈ ਇੰਤਜ਼ਾਮ ਕਰ ਰਹੀ ਹੈ ਜਾਂ ਨਹੀਂ? ਇਸ ਦੇ ਨਾਲ ਹੀ ਇੱਕ ਹੋਰ ਗੱਲ ਬਿਲਕੁਲ ਕਲੀਅਰ ਹੈ ਕਿ ਜੋ ਸਰਕਾਰ ਦੀ ਨੀਤੀ ਹੈ, ਉਸ ਦੇ ਰਹਿੰਦਿਆਂ ਪੰਜਾਬ ਵਿੱਚ ਨਸ਼ੇ ਵਧਦੇ ਜਾ ਰਹੇ ਹਨ। ਇਸ ਲਈ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਨਵੀਂ ਨੀਤੀ ਲੈ ਕੇ ਆ ਰਹੇ ਹਨ, ਜਿਸ ਨਾਲ ਪੰਜਾਬ ਦੇ ਨਸ਼ੇ ਖਤਮ ਹੋ ਸਕਣ? ਇੱਕ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ....।

Mr. Speaker: One supplementary at one time.

ਸਰਦਾਰ ਚਰਨਜੀਤ ਸਿੰਘ ਚੰਨੀ: ਹੈ ਤਾਂ ਇੱਕੋ ਹੀ ਜੀ, ਉਸ ਦੀਆਂ ਅੱਗੇ ਕਲਾਜ਼ਾਂ ਹਨ ਜੀ। ਮੈਂ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਪੁਲਿਸ ਤੋਂ ਬਿਨਾਂ ਪੰਜਾਬ ਦੇ ਵਿੱਚ ਨਸ਼ਾ ਨਹੀਂ ਵਿੱਕ ਸਕਦਾ। ਕੀ ਇਹ ਇਸ ਚੀਜ਼ ਨੂੰ ਇਨਸ਼ੋਅਰ ਕਰਵਾਉਣਗੇ ਕਿ ਪੰਜਾਬ ਦੀ ਪੁਲਿਸ ਨਸ਼ੇ ਵਾਲਿਆਂ ਦੇ ਖਿਲਾਫ ਇੱਕ ਪਿੜ ਬੰਨੇਗੀ ਅਤੇ ਕਿਸੇ ਵੀ ਨਸ਼ੇ ਵੇਚਣ ਵਾਲੇ ਦੀ ਮੱਦਦ ਨਹੀਂ ਕਰੇਗੀ। ਮੈਂ ਇਹ ਗੱਲ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ।

ਮੰਤਰੀ: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਦੀ ਨਸ਼ਾ ਵੇਚਣ ਵਾਲੇ, ਇਸਤੇਮਾਲ ਕਰਨ ਵਾਲੇ, ਖਰੀਦਣ ਵਾਲੇ, ਕਿਸੇ ਨਾਲ ਵੀ ਸਾਡੀ ਹਮਦਰਦੀ ਨਹੀਂ ਹੈ। ਬਿਲਕੁੱਲ ਸਾਡਾ ਫੈਸਲਾ ਹੈ ਕਿ, ਪੰਜ ਦਰਿਆ ਤਾਂ ਹਨ ਅਤੇ ਛੇਵਾਂ ਦਰਿਆ ਜਿਹੜਾ ਨਸ਼ੇ ਦਾ ਹੈ, **** ਉਸ ਨੂੰ ਅਸੀਂ ਖਤਮ ਕਰਨਾ ਹੈ। (ਥੰਪਿੰਗ) ਅਗਲੀ ਗੱਲ ਮੈਂ ਮੈਂਬਰ ਸਾਹਿਬ ਨੂੰ ਦੱਸ ਦੇਵਾਂ ਕਿ ਮੁੱਖ ਮੰਤਰੀ ਜੀ ਨੇ ਇਸ ਦੇ ਵਾਸਤੇ ਕਮੇਟੀ ਬਣਾਈ ਹੈ .... (ਵਿਘਨ) .

ਸਰਦਾਰ ਬਲਬੀਰ ਸਿੰਘ ਸਿੱਧੂ: ਸਪੀਕਰ ਸਾਹਿਬ ......

ਮਾਨਯੋਗ ਸਪੀਕਰ: ਅਜੇ ਉਹ ਜਵਾਬ ਦੇ ਰਹੇ ਹਨ।

ਮੰਤਰੀ: ਸੁਣੋ ਹੁਣ, ਮੈਂ ਤੁਹਾਡੀ ਤਸੱਲੀ ਕਰਾਉਣ ਲੱਗਿਆ ਹਾਂ। ਮੁੱਖ ਮੰਤਰੀ ਜੀ ਨੇ ਸਪੈਸ਼ਲ ਦੋ ਮੀਟਿੰਗਾਂ ਕੀਤੀਆਂ ਹਨ ਔਰ ਉਸ ਦੇ ਵਿੱਚ ਜਿੰਨੇ ਵੀ ਮੈਡੀਕਲ ਕਾਲਜਿਜ਼ ਦੇ ਐਕਸਪਰਟ ਹਨ, ਜਿਹੜੇ ਬੜੇ ਅੱਛੇ ਜਾਣਕਾਰ ਲੋਕ ਸੀ, ਉਨ੍ਹਾਂ ਦੀ ਰਾਏ ਲਈ ਹੈ ਔਰ ਉਹ ਕਮੇਟੀ ਕੰਮ ਕਰ ਰਹੀ ਹੈ। ਉਸ ਦੇ ਵਿੱਚ ਪੁਲਿਸ ਦੇ ਮੁੱਖੀ ਵੀ ਬੁਲਾਏ ਸੀ ਔਰ ਹੋਮ ਸੈਕ੍ਰੇਟਰੀ, ਚੀਫ ਸੈਕ੍ਰੇਟਰੀ ਸਾਰਿਆਂ ਨੂੰ ਬੁਲਾਇਆ ਸੀ। ਉਹ ਕਮੇਟੀ ਆਪਣਾ ਕੰਮ ਕਰ ਰਹੀ ਹੈ। ਇਸ ਦੇ ਵਾਸਤੇ ਅਸੀਂ ਬੜੇ ਗੰਭੀਰ ਹਾਂ। ਮੈਂ ਆਨਰੇਬਲ ਮੈਂਬਰ ਨੂੰ ਅਗਲੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਕੋਈ ਵੀ ਅਗਰ ਸਾਨੂੰ ਜਾਣਕਾਰੀ ਦੇਵੇ ਤਾਂ ਅਸੀਂ ਆਪਣੇ ਤੌਰ ਤੇ ਚੈਕੱ ਕਰਦੇ ਹਾਂ। ਮੈਂ ਇਹ ਘੋਸ਼ਣਾ ਕੀਤੀ ਹੈ, ਆਪਣਾ ਟੈਲੀਫੋਨ ਨੰਬਰ ਸਾਰਿਆਂ ਨੂੰ ਦਿੱਤਾ ਹੈ ਕਿ ਕਿਸੇ ਕੋਲ ਵੀ ਕੋਈ ਜਾਣਕਾਰੀ ਹੈ, ਉਹ ਦੇਵੇ। ਉਹ ਕਾਲ ਸਟੋਰ ਨਹੀਂ ਕੀਤੀ ਜਾਵੇਗੀ। ਉਸ ਦਾ ਨੰਬਰ ਸਿਰਫ ਮੇਰੇ ਕੋਲ ਆਵੇਗਾ। ਮੈਂ ਵੀ ਕਿਤੇ ਨੋਟ ਨਹੀਂ ਕਰਦਾ। ਅਸੀਂ ਉਥੇ ਜਾ ਕੇ ਤੁਰੰਤ ਛਾਪਾ ਮਾਰਾਂਗੇ ਔਰ ਉਥੇ ਜੋ ਵੀ ਪਕੜਿਆ ਜਾਵੇਗਾ, ਉਸ ਨੂੰ ਬਖਸ਼ਾਂਗੇ ਨਹੀਂ। ਜਿੰਨੇ ਵੀ ਟੈਲੀਫੋਨ ਆਏ ਹਨ, ਅਸੀਂ ਉਨ੍ਹਾਂ ਨੂੰ ਪਕੜਿਆ ਹੈ ਅਤੇ ਮਾਲ ਵੀ ਬਰਾਮਦ ਕੀਤਾ ਹੈ। ਹੋਰ ਵੀ ਕੋਈ ਚੰਗਾ ਸੁਝਾਅ ਹੋਵੇਗਾ, ਉਸ ਨੂੰ ਲਾਗੂ ਕਰਾਂਗੇ। ਮੈਂ ਇੰਨਾ ਲੰਬਾ ਜਵਾਬ ਦਿੱਤਾ ਹੈ, ਉਸ ਵਿੱਚ ਦੱਸਿਆ ਹੈ ਕਿ ਡੀ-ਅਡਿਕਸ਼ਨ ਸੈਂਟਰ ਕਿਹੜੇ-ਕਿਹੜੇ ਕਾਲਜਾਂ ਵਿੱਚ ਖੋਲ੍ਹੇ ਹਨ। ਉਹ ਸਾਰਾ ਬੜਾ ਵਿਸਥਾਰ ਵਿੱਚ ਜਵਾਬ ਦਿੱਤਾ ਹੈ।

** Expunged as order by the Chair

ਮਾਨਯੋਗ ਸਪੀਕਰ: ਉਹ ਮੈਂ ਸਾਰਾ ਪੜ੍ਹ ਲਿਆ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੰਤਰੀ ਜੀ ਬੜੇ ਸੀਨੀਅਰ ਲੀਡਰ ਹਨ। ਮੇਰੇ ਜ਼ਿਲ੍ਹੇ ਦੇ ਵੀ ਹਨ ਅਤੇ ਮੇਰੇ ਵੀ ਸੀਨੀਅਰ ਹਨ। ਇਨ੍ਹਾਂ ਨੇ ਜਿਹੜੀ ਰਾਜਨੀਤਿਕ ਗੱਲ ਵਿੱਚ ਕੀਤੀ ਹੈ, ਉਹ ਨਸ਼ਿਆਂ ਦੇ ਵਿੱਚ ਨਹੀਂ ਕਰਨੀ ਚਾਹੀਦੀ ਸੀ। ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ******, ਮੇਰੀ ਬੇਨਤੀ ਹੈ ਕਿ ਇਹ ਲਫਜ਼ ਵਾਪਸ ਲੈਣ।

ਮਾਨਯੋਗ ਸਪੀਕਰ: ਚਲੋ ਵਾਪਸ ਲੈ ਲਓ।

ਸਰਦਾਰ ਚਰਨਜੀਤ ਸਿੰਘ ਚੰਨੀ: ਮੇਰੀ ਬੇਨਤੀ ਹੈ ਕਿ ਇੱਕ ਤਾਂ ਇਨ੍ਹਾਂ ਦੇ ਲਫਜ਼ ਡਿਲੀਟ ਕਰਵਾਓ। ਦੂਸਰੀ ਮੇਰੀ ਬੇਨਤੀ ਹੈ ਕਿ ਮੇਰੇ ਲਠੇਰੀ ਪਿੰਡ ਦੇ ਵਿੱਚ ਸੱਤ ਲੱਖ ਰੁਪਏ ਦੇ ਨਸ਼ੇ ਫੜੇ ਗਏ ਹਨ, ਉਥੇ ਕੋਈ ਪਰਚਾ ਨਹੀਂ ਹੋਇਆ, ਕੋਈ ਗੱਲ ਨਹੀਂ ਹੋਈ।

Shri Sunil Jakhar: Speaker Sahib, it is more of suggestions than a supplementary.

ਮਾਨਯੋਗ ਸਪੀਕਰ: ਕੁਐਸਚਨ ਆਵਰ ਦੇ ਵਿੱਚ ਸੁਜੈਸਨ ਨਹੀਂ, ਤੁਸੀਂ ਸਪਲੀਮੈਂਟਰੀ ਕਰੋ।

ਸ਼੍ਰੀ ਸੁਨੀਲ ਜਾਖੜ: ਚਲੋ ਮੈਂ ਸਪਲੀਮੈਂਟਰੀ ਕਰ ਲੈਂਦਾ ਹਾਂ। ਇਹ ਮੁੱਖ ਮੰਤਰੀ ਸਾਹਿਬ ਦੇ ਲੈਵਲ ਦਾ ਮਾਮਲਾ ਹੈ, ਇਕੱਲੇ ਹੈਲਥ ਮਨਿਸਟਰ ਦੇ ਵਸ ਦਾ ਰੋਗ ਨਹੀਂ ਹੈ। ਇਹ ਇੰਟਰ ਸਟੇਟ ਮੈਟਰ ਹੈ। ਬਾਦਲ ਸਾਹਿਬ ਨੂੰ ਪਤਾ ਹੈ ਕਿ ਰਾਜਸਥਾਨ ਦੇ ਵਿੱਚ ਠੇਕੇ ਖੁਲ੍ਹੇ ਹਨ। ਜਿਥੇ ਵੀ ਸਾਡਾ ਬਾਰਡਰ ਲਗਦਾ ਹੈ, ਉਥੇ ਉਨ੍ਹਾਂ ਨੇ ਠੇਕਾ ਖੋਲ੍ਹ ਦਿੱਤਾ ਹੈ। ਬਹੁਤ ਸਾਰੇ ਸਾਡੇ ਸਾਥੀ ਉਥੇ ਜਾਂਦੇ ਹਨ ਅਤੇ ਪੋਸਤ ਪੀ ਕੇ ਆ ਜਾਂਦੇ ਹਨ ਅਤੇ ਨਾਲ ਵੀ ਲੈ ਆਉਂਦੇ ਹਨ। That is an administrative problem and it is ongoing process. Would the Hon'ble C.M. give a thought to approach the Rajasthan Govt.? ਉਥੋਂ ਦਾ ਜਿਹੜਾ ਐਕਸਾਈਜ਼ ਮਨਿਸਟਰ ਹੈ, ਉਸ ਦਾ ਸੇਮ ਏਰੀਆ ਹੈ। I had checked with him. ਉਥੇ ਪੋਸਤ ਦਾ ਜਿਹੜਾ ਠੇਕਾ ਜਾਂਦਾ ਹੈ, it has never gone beyond 80 to 100 crore. Either we should approach them, split this case, put an end to it. In a worst case scenario, ਅਸੀਂ ਨਸ਼ਾ ਛਡਾਉ ਕੇਂਦਰਾਂ ਤੇ ਪੈਸੇ ਖਰਚਦੇ ਹਾਂ। ਜੇਕਰ 100 ਕਰੋੜ ਰੁਪਿਆ ਵੀ ਦੇਣਾ ਪੈ ਜਾਵੇ ਤਾਂ ਇਹ ਨਿਜਾਤ ਤਾਂ ਸਾਡੇ ਗਲੋਂ ਲਹਿ ਜਾਵੇਗੀ ਜਾਂ we can go to the Central Govt. ਕਿ ਉਥੇ 100 ਕਰੋੜ ਰੁਪਿਆ ਦੇ ਕੇ ਠੇਕੇ ਬੰਦ ਕਰਵਾਓ ਜਾਂ ਫਿਰ

** Expunged as order by the Chair

ਆਪਣੇ ਕੋਲੋਂ ਦੇਵੋ। Either way the guy can walk across the street. ਉਥੇ ਜਾਂਦਾ ਹੈ ਅਤੇ ਉਪਰੋਂ ਜਦੋਂ ਵਾਪਸ ਆਉਂਦਾ ਹੈ ਤਾਂ ਪੁਲਿਸ ਵਾਲੇ ਉਸ ਨੂੰ ਫੜ੍ਹ ਲੈਂਦੇ ਹਨ। ਕੋਈ ਨਾ ਕੋਈ ਕੰਨਫਰਮਿਟੀ ਹੋਣੀ ਚਾਹੀਦੀ ਹੈ ਕਿ it is not such a big deal. Moreover if we give a thought I think it is durable thing and it should be considered seriously.

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਬਦਕਿਸਮਤੀ ਹੈ ਕਿ ਕਸੂਰ ਕਿਸੇ ਦਾ ਹੁੰਦਾ ਹੈ ਤੇ ਜਵਾਬ ਕਿਸੇ ਨੂੰ ਦੇਣਾ ਪੈਂਦਾ ਹੈ। ਜੋ ਦੋ ਵੱਡੇ ਨਸ਼ੇ ਹਨ ਇਕ ਜਿਨ੍ਹਾਂ ਦਾ ਚੌਧਰੀ ਸਾਹਿਬ ਨੇ ਜ਼ਿਕਰ ਕੀਤਾ ਹੈ ਉਹ ਹੈ ਭੁੱਕੀ, ਜਿਹੜੀ ਰਾਜਸਥਾਨ ਤੋਂ ਆਉਂਦੀ ਹੈ। ਇਹ ਆਪਣੇ ਜੇ ਥੋੜ੍ਹੀ ਜਿਹੀ ਵੀ ਫੜੀ ਜਾਵੇ ਤਾਂ ਦਸ ਸਾਲ ਦੀ ਕੈਦ ਹੁੰਦੀ ਹੈ ਤੇ ਉਸ ਦੀ ਜ਼ਮਾਨਤ ਵੀ ਨਹੀਂ ਹੁੰਦੀ ਲੇਕਿਨ ਇਹ ਉਥੇ ਇਸ ਤਰ੍ਹਾਂ ਵਿਕਦੀ ਹੈ ਜਿਸ ਤਰ੍ਹਾਂ ਖੰਡ ਵਿਕਦੀ ਹੈ ...

ਮਾਨਯੋਗ ਸਪੀਕਰ: ਦੁਕਾਨਾਂ ਤੇ ਮਿਲਦੀ ਹੈ?

ਮੁੱਖ ਮੰਤਰੀ: ਹਾਂ ਜੀ, ਹਰ ਦੁਕਾਨ ਤੇ ਖੰਡ ਘੱਟ ਪਈ ਹੋਵੇਗੀ ਤੇ ਭੁੱਕੀ ਜ਼ਿਆਦਾ ਪਈ ਹੋਵੇਗੀ। ਇਸ ਲਈ ਮੈਂ ਚੌਧਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿਉਂਕਿ ਉਥੇ ਇਨ੍ਹਾਂ ਦਾ ਮੇਰੇ ਨਾਲੋਂ ਜ਼ਿਆਦਾ ਅਸਰ ਹੈ। ਉਥੇ ਚੀਫ ਮਨਿਸਟਰ ਸਾਹਿਬ ਨੂੰ ਮੈਂ ਵੀ ਆਖ ਚੁੱਕਿਆ ਹਾਂ ਤੇ ਮੈਂ ਬਿਆਨ ਵੀ ਦੇ ਚੁੱਕਿਆ ਹਾਂ। ਇਕ ਤਾਂ ਇਹ ਬਹੁਤ ਵੱਡਾ ਨਸ਼ਾ ਹੈ, ਦੂਜਾ ਵੱਡਾ ਨਸ਼ਾ ਕੁਕੀਨ ਦਾ ਹੈ। ਵੇਖੋ ਮੈਂ ਹਰ ਵਾਰੀ ਇਹੋ ਹੀ ਕਹਿੰਦਾ ਹਾਂ ਕਿ ਸਾਨੂੰ ਹਰ ਗੱਲ ਦੇ ਜਵਾਬਦੇਹ ਹੋਣਾ ਪੈਂਦਾ ਹੈ ਭਾਵੇਂ ਕਸੂਰ ਕਿਸੇ ਦਾ ਵੀ ਹੋਵੇ ਲੇਕਿਨ ਜਵਾਬਦੇਹ ਪੰਜਾਬ ਸਰਕਾਰ ਹੁੰਦੀ ਹੈ। ਇਹ ਸਾਰੀ ਅਫਗਾਨਿਸਤਾਨ ਤੋਂ ਆਉਂਦੀ ਹੈ, ਬਾਰਡਰ ਤੋਂ ਆਉਂਦੀ ਹੈ, ਸਮਗਲ ਹੋ ਕੇ ਆਉਂਦੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਜਿੰਨੀ ਕੁਕੀਨ ਸਾਰੇ ਹਿੰਦੁਸਤਾਨ ਦੇ ਵਿੱਚੋਂ ਫੜੀ ਗਈ ਹੋਵੇਗੀ ਉਸ ਦਾ 25-30 ਪਰਸੈਂਟ ਇਕੱਲੇ ਅਸੀਂ ਪੰਜਾਬ ਦੇ ਵਿੱਚੋਂ ਫੜੀ ਹੈ। ਵੇਖੋ ਬਾਰਡਰ ਤੇ ਤਾਂ ਸਾਡਾ ਕੋਈ ਕੰਟਰੋਲ ਨਹੀਂ ਹੈ ਉਹ ਬੀ.ਐਸ.ਐਫ. ਜਾਂ ਜਿਹੜੀਆਂ ਹੋਰ ਫੋਰਸਿਜ਼ ਹਨ ਉਨ੍ਹਾਂ ਦੇ ਅਧੀਨ ਹੁੰਦਾ ਹੈ। ਇਸ ਲਈ ਜਿੱਥੋਂ ਤੱਕ ਇਸ ਦਾ ਸਵਾਲ ਆਪਣੇ ਪੰਜਾਬ ਦੇ ਨਾਲ ਹੈ, ਹੁਣ ਬਾਰਡਰ ਵਾਲੇ ਕੁਝ ਨਹੀਂ ਕਰ ਸਕਦੇ, ਰਾਜਸਥਾਨ ਵਾਲੇ ਕੁਝ ਨਹੀਂ ਕਰ ਸਕਦੇ। ਜਿੰਨਾ ਇਥੇ ਅਸੀਂ ਵੱਧ ਤੋਂ ਵੱਧ ਕੋਸ਼ਿਸ਼ ਕਰਕੇ ਜਿਵੇਂ ਸਾਡੇ ਸਿਹਤ ਮੰਤਰੀ ਕਾਬਲ ਮੰਤਰੀ ਜੀ ਨੇ ਦੱਸਿਆ ਹੈ ਕਿ ਇਥੇ ਡੀਇਡੱਕਸ਼ਨ ਸੈਂਟਰ ਖੋਲ੍ਹ ਰਹੇ ਹਨ, ਹੋਰ ਵੀ ਤਜਵੀਜ਼ਾਂ ਕਰ ਰਹੇ ਹਾਂ। ਅਸੀਂ ਕੋਸ਼ਿਸ਼ ਕਰਾਂਗੇ ਕਿ ਇਸ ਮਸਲੇ ਦਾ ਕੋਈ ਪੱਕਾ ਹੱਲ, ਜਿਹੜਾ ਸਟੇਟ ਗੌਰਮਿੰਟ ਕਰ ਸਕਦੀ ਹੈ, ਉਹ ਜ਼ਰੂਰ ਕਰਾਂਗੇ। ਚੌਧਰੀ ਸਾਹਿਬ ਨੂੰ ਮੈਂ ਵੀ ਆਖਾਂਗਾ ਤੇ ਤੁਸੀਂ ਵੀ ਆਖੋ ਜੇ ਕਿਤੇ ਆਪਣੇ ਆਖੇ ਲਗ ਜਾਣ, ਆਪਾਂ ਜ਼ਰੂਰ ਕੋਸ਼ਿਸ਼ ਕਰਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 58

(ਸਬੰਧਿਤ ਮਾਨਯੋਗ ਮੈਂਬਰ ਸਾਹਿਬਾਨ ਦੇ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਵੰਡ

* 62. **ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ:** ਕੀ ਸਮਾਜਿਕ ਸੁਰੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) 1 ਜਨਵਰੀ, 2012 ਤੋਂ ਮਿਤੀ ਅੰਤ ਤੱਕ ਸਬ-ਡਵੀਜ਼ਨ ਸਰਦੂਲਗੜ੍ਹ ਵਿੱਚ ਬੁਢਾਪਾ, ਵਿਧਵਾ, ਅਨਾਥ ਅਤੇ ਅੰਗਹੀਣਾਂ ਨੂੰ ਵੰਡੀ ਗਈ ਪੈਨਸ਼ਨ ਦੇ ਲਾਭਪਾਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਸਬ-ਡਵੀਜ਼ਨ ਸਰਦੂਲਗੜ੍ਹ ਵਿਚ ਉਕਤ ਸਮੇਂ ਲਈ ਉਕਤ ਪੈਨਸ਼ਨਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤੱਕ ਪੈਨਸ਼ਨ ਵੰਡਣੀ ਪੈਂਡਿੰਗ ਪਈ ਹੈ ਅਤੇ ਇਸਦੇ ਕੀ ਕਾਰਣ ਹਨ ਅਤੇ ਉਕਤ ਪੈਂਡਿੰਗ ਪੈਨਸ਼ਨਾਂ ਦੀ ਕੁੱਲ ਕਿੰਨੀ ਰਕਮ ਬਣਦੀ ਹੈ;

(ੲ) ਉਪਰੋਕਤ ਸਾਰੀ ਪੈਨਸ਼ਨ ਕਦੋਂ ਤੱਕ ਵੰਡ ਦਿੱਤੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਮਦਨ ਮੋਹਨ ਮਿੱਤਲ: ਕ੍ਰਿਪਾ ਕਰਕੇ ਲੋੜੀਂਦੀ ਸੂਚਨਾ ਅਨੁਲੱਗ "ੳ" ਅਨੁਸਾਰ ਵੇਖੀ ਜਾਵੇ ਜੀ।

ਅਨੁਲੱਗ "ੳ"

ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਵੰਡ

(ੳ) ਜਨਵਰੀ, 2012 ਤੋਂ ਮਿਤੀ ਅੰਤ ਤੱਕ ਸਬ-ਡਵੀਜ਼ਨ ਸਰਦੂਲਗੜ੍ਹ ਵਿਚ ਬੁਢਾਪਾ, ਵਿਧਵਾ, ਅਨਾਥ ਅਤੇ ਅੰਗਹੀਣਾਂ ਨੂੰ ਵੰਡੀ ਗਈ ਪੈਨਸ਼ਨ ਦੇ ਲਾਭਪਾਤਰਾਂ ਦੀ ਕੁੱਲ ਗਿਣਤੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਬੁਢਾਪਾ ਪੈਨਸ਼ਨ ਸਕੀਮ	21,195
ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ	1,903
ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ	750

ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ	1,502
ਕੁੱਲ ਜੋੜ	25,350

(ਅ) ਸਬ ਡਵੀਜ਼ਨ ਸਰਦੂਲਗੜ੍ਹ ਵਿਚ ਉਕਤ ਸਮੇਂ ਲਈ ਉਕਤ ਪੈਨਸ਼ਨਾਂ ਦੀ ਕੁੱਲ ਗਿਣਤੀ 25,350 ਹੈ, ਜਿਨ੍ਹਾਂ ਨੂੰ ਮਹੀਨਾ ਜਨਵਰੀ, 2012 ਤੱਕ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਮਹੀਨਾ ਫਰਵਰੀ, 2012 ਦੀ ਅਦਾਇਗੀ ਲਈ ਵਿੱਤੀ ਸਾਲ 2011-12 ਦੌਰਾਨ ਬਿੱਲ ਪਾਸ ਨਾ ਹੋਣ ਕਾਰਣ ਅਦਾਇਗੀ ਨਹੀਂ ਕੀਤੀ ਗਈ। ਚਾਲੂ ਵਿੱਤੀ ਸਾਲ ਦੌਰਾਨ ਮਹੀਨਾ ਫਰਵਰੀ ਅਤੇ ਮਾਰਚ, 2012 ਦੀ ਅਦਾਇਗੀ ਲਈ ਰਾਸ਼ੀ ਜਾਰੀ ਹੋ ਚੁੱਕੀ ਹੈ। ਜਿਸ ਦੀ ਕੁੱਲ ਰਾਸ਼ੀ 1,26,75,000/- ਰੁਪਏ ਬਣਦੀ ਹੈ।

(ੲ) ਉਪਰੋਕਤ ਪੈਨਸ਼ਨ ਦੀ ਅਦਾਇਗੀ ਜਲਦੀ ਹੀ ਕਰ ਦਿੱਤੀ ਜਾਵੇਗੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮੈਟਰ ਹੈ ਕਿਉਂਕਿ ਸਰਕਾਰ ਗਰੀਬ, ਵਿਧਵਾ ਪੈਨਸ਼ਨ, ਬੁਢਾਪਾ ਪੈਨਸ਼ਨ, ਆਸਰਿਤ ਬੱਚਿਆਂ ਨੂੰ, ਅਪੰਗ ਵਿਅਕਤੀਆਂ ਦਾ ਇਨ੍ਹਾਂ ਨੇ ਵੇਰਵਾ ਦਿੱਤਾ ਹੈ। ਸਰਦੂਲਗੜ੍ਹ ਸਬ ਡਵੀਜ਼ਨ ਦੇ ਵਿੱਚ 25,350 ਲਾਭ ਪਾਤਰੀ ਹਨ। ਉਨ੍ਹਾਂ ਨੂੰ ਜਿੰਨੀ ਵੀ ਇਹ ਰਾਸ਼ੀ ਗਈ ਹੈ, ਇਸ ਨੂੰ ਵੰਡਣ ਦਾ ਤਰੀਕਾ ਦੋ ਵਾਰੀ ਬਦਲਿਆ ਗਿਆ ਹੈ। ਬੈਂਕਾਂ ਰਾਹੀਂ ਕਰ ਦਿੱਤਾ ਗਿਆ ਤਾਂ ਉਹ ਲੋਕ ਬੜੇ ਖੱਜਲ-ਖੁਆਰ ਹੋਏ, ਫਿਰ ਉਹ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਕਰ ਦਿੱਤਾ ਗਿਆ। ਇਸ ਦੇ ਵਿਚੋਂ ਮੇਰੇ ਕੋਲ ਤਕਰੀਬਨ 15 ਪਿੰਡਾਂ ਦੀ ਸ਼ਿਕਾਇਤ ਆਈ ਹੈ ਕਿ ਪਿੰਡਾਂ ਦੇ ਸਰਪੰਚਾਂ ਨੇ 25 ਪਰਸੈਂਟ ਉਸ ਦੇ ਵਿੱਚੋਂ ਪੈਨਸ਼ਨਾਂ ਆਪਣੇ ਕੋਲ ਹੀ ਰੱਖੀਆਂ ਤੇ ਦਿੱਤੀਆਂ ਨਹੀਂ ਔਰ ਵਾਰ ਵਾਰ ਬੀ.ਡੀ.ਪੀ.ਓ. ਵਗੈਰਾਂ ਨੂੰ ਕਹਿਣ ਤੇ ਬੁਲਾਇਆ ਵੀ ਗਿਆ ਤੇ ਕੁਝ ਦਿੱਤੀਆਂ ਵੀ ਗਈਆਂ। ਕੀ ਇਸ ਦੇ ਬਾਰੇ ਕੋਈ ਇਨਕੁਆਰੀ ਹੋਵੇਗੀ ਕਿਉਂਕਿ ਜਿਹੜੇ ਲਾਭਪਾਤਰੀ ਰਹਿ ਜਾਂਦੇ ਹਨ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ, ਕੋਈ ਉਨ੍ਹਾਂ ਨੂੰ ਪੁੱਛਦਾ ਨਹੀਂ ਔਰ ਕੋਈ ਉਸ ਪੰਚਾਇਤ ਦੀ ਜਾਂ ਜਿਹੜਾ ਸਰਪੰਚ ਹੈ ਜਾਂ ਜਿਹੜਾ ਵੰਡਣ ਵਾਲਾ ਜਾਂ ਵੰਡਵਾਉਣ ਵਾਲਾ ਅਫਸਰ ਹੁੰਦਾ ਹੈ, ਉਸਦੀ ਅਕਾਊਂਟੀਬਿਲਟੀ ਨਹੀਂ ਹੈ। ਇਸ ਤਰ੍ਹਾਂ ਸਾਰਾ ਪੈਸਾ ਗਰੀਬ ਬੰਦਿਆਂ ਦਾ ਉਥੇ ਹੀ ਰਹਿ ਜਾਂਦਾ ਹੈ। ਇਸ ਬਾਰੇ ਸਪੱਸ਼ਟ ਕੀਤਾ ਜਾਵੇ।

ਮੰਤਰੀ: ਸਪੀਕਰ ਸਾਹਿਬ, ਅਗਰ ਕਿਸੇ ਨੂੰ ਪੈਨਸ਼ਨ ਨਹੀਂ ਮਿਲੀ ਜਾਂ ਕਿਸੇ ਸਰਪੰਚ ਨੇ ਰੋਕ ਲਈ ਜਾਂ ਜਾਣ ਬੁੱਝ ਕੇ ਨਹੀਂ ਦਿੱਤੀ, ਮਾਨਯੋਗ ਮੈਂਬਰ ਸਾਹਿਬ ਲਿਖ ਕੇ ਦੇ ਦੇਣ, ਅਲੱਗ ਤੋਂ ਪੜਤਾਲ ਕਰਵਾ ਕੇ ਲੀਗਲ ਕਾਰਵਾਈ ਜੋ ਬਣਦੀ ਹੈ, ਉਹ ਕਰਵਾ ਦੇਵਾਂਗੇ। ਮੈਂ ਤੁਹਾਨੂੰ ਐਸ਼ਿਓਰ ਕਰਦਾ ਹਾਂ ਕਿ ਅਗਰ ਪੈਨਸ਼ਨ ਕਿਸੇ ਨੂੰ ਨਹੀਂ ਮਿਲੀ ਤਾਂ ਉਸ ਨੂੰ ਜ਼ਰੂਰ ਦਿੱਤੀ ਜਾਵੇਗੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਇਸ ਬਾਰੇ ਮੈਂ ਲਿਖ ਕੇ ਵੀ ਦੇ ਦੇਵਾਂਗਾ। ਪਿੰਡ ਚੋਟੀਆਂ, ਆਦਮਕੇ ਵਰਗੇ 8-10 ਪਿੰਡਾਂ ਵਿੱਚ ਤਾਂ ਮੈਂ ਪਰਸਨਲੀ ਜਾ ਕੇ ਵਿਜ਼ਟ ਕਰਕੇ ਆਇਆ ਹਾਂ।

ਮਾਨਯੋਗ ਸਪੀਕਰ: ਤੁਸੀਂ ਲਿਖ ਕੇ ਦੇ ਦੇਣਾ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਉਹ ਵੀ ਮੈਂ ਲਿਖ ਕੇ ਦੇ ਦੇਵਾਂਗਾ। ਦੂਜਾ, ਇਨ੍ਹਾਂ ਨੇ ਦੱਸਿਆ ਹੈ ਕਿ ਜਿਹੜੀ ਰਾਸ਼ੀ ਵੰਡੀ ਜਾ ਰਹੀ ਹੈ, ਉਹ ਹੈ 1,26,75,000 ਜੋ ਇਨ੍ਹਾਂ ਨੇ ਹੁਣ ਵੰਡਣੀ ਹੈ, ਰਾਸ਼ੀ ਜਾਰੀ ਹੋ ਚੁੱਕੀ ਹੈ। ਸਾਲ 2011-12 ਵਾਸਤੇ ਇਹ ਪਾਸ ਹੋਈ ਹੈ। ਹੁਣ ਜਿਹੜੀ ਇਹ ਰਾਸ਼ੀ ਵੰਡੀ ਜਾਣੀ ਹੈ ਇਹ ਕਿਹੜੇ ਸਿਸਟਮ ਅਧੀਨ ਵੰਡੀ ਜਾਣੀ ਹੈ? ਕੀ ਇਹ ਬੈਂਕਾਂ ਨੂੰ ਜਾਵੇਗੀ, ਲਾਭਪਾਤਰੀਆਂ ਦੇ ਅਕਾਊਂਟਾਂ ਵਿੱਚ ਜਾਵੇਗੀ ਜਾਂ ਫਿਰ ਪਹਿਲੇ ਸਿਸਟਮ ਨਾਲ ਹੀ ਦਿੱਤੀ ਜਾਵੇਗੀ?

ਮੰਤਰੀ: ਸਪੀਕਰ ਸਾਹਿਬ, ਜੋ ਪੁਰਾਣਾ ਸਿਸਟਮ ਹੈ, ਇਹ ਪੈਨਸ਼ਨ ਸਰਪੰਚਾਂ ਦੇ ਥਰੂ ਜਾਂਦੀ ਹੈ। ਲੇਕਿਨ ਅੱਗੇ ਵਾਸਤੇ ਪੰਜਾਬ ਸਰਕਾਰ ਨੇ ਬੈਂਕਾਂ ਨਾਲ ਕੁਝ ਪਾਇਲਟ ਪ੍ਰਾਜੈਕਟ ਬਣਾ ਕੇ ਇਸ ਨੂੰ ਕੁਝ ਜ਼ਿਲ੍ਹਿਆਂ ਵਿੱਚ ਪਹਿਲਾਂ ਆਲਰੇਡੀ ਟੈਸਟ ਕੀਤਾ ਸੀ। ਅੱਗੇ ਵਾਸਤੇ ਵੀ ਅਸੀਂ ਦੇਖ ਰਹੇ ਹਾਂ ਕਿ ਬੈਂਕਾਂ ਦੇ ਥਰੂ, ਬੈਂਕਾਂ ਦੇ ਕਰਮਚਾਰੀ ਜਾ ਕੇ ਆਪ ਡਿਸਟ੍ਰੀਬਿਊਟ ਕਰਨਗੇ। ਇਹ ਉਪਰਾਲਾ ਇਸ ਕਰਕੇ ਕੀਤਾ ਗਿਆ ਹੈ ਤਾਂ ਕਿ ਜਿਹੜੇ ਲੋਕਾਂ ਦੀ ਮੌਤ ਹੋ ਜਾਂਦੀ ਸੀ ਉਨ੍ਹਾਂ ਦੀ ਪੈਨਸ਼ਨ ਪਈ ਰਹਿੰਦੀ ਸੀ। ਇਸ ਕਰਕੇ ਬਹੁਤ ਸਾਰਾ ਪੈਸਾ ਮਿਸਐਪਰੋਪ੍ਰੀਏਟ ਹੁੰਦਾ ਸੀ। ਇਸ ਦੀ ਰੋਕਥਾਮ ਕਰਨ ਵਾਸਤੇ ਬੈਂਕਾਂ ਦੇ ਥਰੂ ਪੈਨਸ਼ਨਾਂ ਡਿਸਟ੍ਰੀਬਿਊਟ ਕਰ ਰਹੇ ਹਾਂ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਇਹ ਜਵਾਬ ਕਲੀਅਰ ਨਹੀਂ ਹੈ। ਇਹ ਠੀਕ ਹੈ ਕਿ ਇਨ੍ਹਾਂ ਨੇ ਦੱਸ ਦਿੱਤਾ ਹੈ ਕਿ ਅਸੀਂ ਬੈਂਕਾਂ ਰਾਹੀਂ ਕਰਾਂਗੇ। ਇਹ ਦੱਸ ਰਹੇ ਸੀ ਕਿ ਬੈਂਕਾਂ ਦੇ ਕਰਮਚਾਰੀ ਜਾ ਕੇ ਦੇਣਗੇ। ਜੋ ਗੱਲ ਇਹ ਸਦਨ ਵਿੱਚ ਕਹਿਣ ਉਸ ਨੂੰ ਲਾਗੂ ਕਰਨਾ ਚਾਹੀਦਾ ਹੈ। ਮੇਰੀ ਨਾਲਿਜ ਵਿੱਚ ਆਇਆ ਹੈ ਕਿ ਇਸ ਵਾਸਤੇ ਏ.ਟੀ.ਐਮ. ਕਾਰਡ ਦਿੱਤੇ ਜਾਣਗੇ। ਕੀ ਇਹ ਗੱਲ ਸਹੀ ਹੈ ਜਾਂ ਕੀ ਫਿਰ ਬੈਂਕਾਂ ਦੇ ਮੁਲਾਜ਼ਮ ਜਾ ਕੇ ਦੇਣਗੇ?

ਮੰਤਰੀ: ਬੈਂਕ ਦੇ ਮੁਲਾਜ਼ਮ ਜਾ ਕੇ ਦੇਣਗੇ ਜਿਸ ਨਾਲ ਬਕਾਇਦਾ ਇਹ ਸਰਟੀਫਾਈ ਹੋ ਜਾਵੇਗਾ ਕਿ ਜਿਸ ਨੂੰ ਅਸੀਂ ਪੈਨਸ਼ਨ ਦੇ ਰਹੇ ਹਾਂ ਉਹ ਬੰਦਾ ਐਗਜ਼ਿਸਟ ਕਰਦਾ ਹੈ ਕਿ ਨਹੀਂ।

ਮੋਹਲ ਗੁਆਰਾ ਮਾਈਨਰ ਨੂੰ ਪੱਕਾ ਕਰਨਾ

* 43. **ਸਰਦਾਰ ਇਕਬਾਲ ਸਿੰਘ ਝੂੰਦਾਂ**: ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਮੋਹਲ ਗੁਆਰਾ ਮਾਈਨਰ ਨੂੰ ਪੱਕਾ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਹੈ ਤਾਂ ਕਦੋਂ ਤੱਕ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਂ ਜੀ, ਮੋਹਲ ਗੁਆਰਾ ਰਜਬਾਹਾ ਸਿਸਟਮ ਨੂੰ ਪੱਕਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਸਕੀਮ ਲਈ ਵਾਟਰ ਸੈਕਟਰ ਗ੍ਰਾਂਟ ਅਧੀਨ ਭਾਰਤ ਸਰਕਾਰ ਤੋਂ ਫੰਡਜ਼ ਪ੍ਰਾਪਤ ਹੋ ਚੁੱਕੇ ਹਨ। ਮੋਹਲ ਗੁਆਰਾ ਰਜਬਾਹਾ ਸਿਸਟਮ ਨੂੰ ਪੱਕਾ ਕਰਨ ਦਾ ਕੰਮ ਇਸ ਵਿੱਤੀ ਸਾਲ 2012-13 ਦੌਰਾਨ ਕਰਵਾਉਣ ਦੀ ਤਜਵੀਜ਼ ਹੈ।

ਮਾਨਯੋਗ ਸਪੀਕਰ: ਕੋਈ ਸਪਲੀਮੈਂਟਰੀ ਹੈ?

ਸਰਦਾਰ ਇਕਬਾਲ ਸਿੰਘ ਝੂੰਦਾਂ: ਨਹੀਂ ਜੀ, ਸਪੀਕਰ ਸਾਹਿਬ। ਧੰਨਵਾਦ ਹੀ ਕਰਨਾ ਹੈ। ਮੈਂ ਸੇਖੋਂ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਸਾਡੇ ਇੱਕ ਬਹੁਤ ਅਹਿਮ ਮਸਲੇ ਨੂੰ ਹੱਲ ਕਰਨ ਦੀ ਜੋ ਸਾਲ 2012 ਅਧੀਨ ਤਜ਼ਵੀਜ਼ ਬਣਾਈ ਹੈ ਮੈਂ ਉਸ ਲਈ ਬਹੁਤ ਧੰਨਵਾਦ ਕਰਦਾ ਹਾਂ। ਇੱਕ ਬੇਨਤੀ ਮੈਂ ਜ਼ਰੂਰ ਇਨ੍ਹਾਂ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਰਜਵਾਹਾ 98 ਕਿਊਸਕ ਕੈਪੈਸਿਟੀ ਦਾ ਹੈ ਜਿਸ ਨਾਲ ਸਾਡੇ ਇਲਾਕੇ ਦੇ ਤਕਰੀਬਨ 36 ਪਿੰਡ ਜੁੜੇ ਹੋਏ ਹਨ। ਇਸ ਵਿਚੋਂ 19400 ਏਕੜ ਰਕਬੇ ਦੀ ਸਿੰਚਾਈ ਹੁੰਦੀ ਹੈ ਅਤੇ ਕੱਚਾ ਹੋਣ ਕਰਕੇ ਇਹ 60% ਕਪੈਸਿਟੀ ਲੈ ਰਿਹਾ ਹੈ। ਇਹ ਵੀ ਇਨ੍ਹਾਂ ਦਾ ਮਹਿਕਮਾ ਕਹਿੰਦਾ ਹੈ। ਮੇਰਾ ਖਿਆਲ ਹੈ ਕਿ 40-50 ਲੈਂਦਾ ਹੋਵੇਗਾ। ਇਸ ਨਾਲ ਅੱਧੀ ਸਿੰਚਾਈ ਹੋ ਰਹੀ ਹੈ। ਸੋ, ਤੁਹਾਡਾ ਧੰਨਵਾਦ ਇਸ ਨੂੰ ਜਲਦੀ ਤੋਂ ਜਲਦੀ ਸ਼ੁਰੂ ਕਰਵਾ ਰਹੇ ਹੋ ਜਿਸ ਨਾਲ ਸਾਡੇ ਇਲਾਕੇ ਦਾ ਮਸਲਾ ਹੱਲ ਹੋ ਜਾਵੇਗਾ ਅਤੇ ਲੋਕਾਂ ਨੂੰ ਵੱਡੀ ਸਹੂਲਤ ਪ੍ਰਦਾਨ ਕਰਨ ਵਿੱਚ ਸਰਕਾਰ ਕਾਮਯਾਬ ਹੋਵੇਗੀ। ਇਸ ਨੂੰ ਪ੍ਰਾਇਰਟੀ ਤੇ ਲੈ ਕੇ ਜਲਦੀ ਸ਼ੁਰੂ ਕਰਵਾਇਆ ਜਾਵੇ ਜੀ।

ਘੱਗਰ ਦਰਿਆ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ

* 63. **ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪਿਛਲੇ 15-20 ਸਾਲਾਂ ਤੋਂ ਸਰਦੂਲਗੜ੍ਹ ਹਲਕੇ ਵਿੱਚ ਦਰਿਆ ਘੱਗਰ ਨੂੰ ਗੰਦੇ ਪਾਣੀ ਅਤੇ ਸੀਵਰੇਜ ਦੇ ਪਾਣੀ ਨਾਲ ਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ/ ਉਦਯੋਗਿਕ ਇਕਾਈਆਂ ਦੇ ਵੇਰਵੇ ਕੀ ਹਨ;

(ਅ) ਦਰਿਆ ਘੱਗਰ ਨੂੰ ਹੋਰ ਦੂਸ਼ਿਤ ਹੋਣ ਤੋਂ ਬਚਾਉਣ ਲਈ ਉਕਤ ਦੂਸ਼ਿਤ ਤੱਤਾਂ ਦੀ ਰੋਕਥਾਮ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ:

(ੳ) ਹਾਂ ਜੀ, ਸਰਦੂਲਗੜ੍ਹ ਹਲਕੇ ਦੀ ਹੱਦ ਵਿੱਚ ਕਿਸੇ ਵੀ ਫੈਕਟਰੀ/ਉਦਯੋਗਿਕ ਇਕਾਈ ਵੱਲੋਂ ਦੂਸ਼ਿਤ ਪਾਣੀ ਨਹੀਂ ਪੈ ਰਿਹਾ। ਇਹ ਦੂਸ਼ਿਤ ਪਾਣੀ ਪਟਿਆਲਾ ਜਲ ਨਿਕਾਸ ਮੰਡਲ, ਪਟਿਆਲਾ ਦੀ ਹੱਦ ਅਧੀਨ ਕਸਬਾ ਡੇਰਾਬੱਸੀ ਤੋਂ ਹੇਠਾਂ ਦਰਿਆ ਘੱਗਰ ਵਿੱਚ ਪੈਂਦਾ ਹੈ, ਜਿਸ ਦੇ ਵੇਰਵੇ ਅਨੁਲੱਗ "ੳ"* ਨਾਲ ਨੱਥੀ ਹਨ।

(ਅ) ਦਰਿਆ ਘੱਗਰ ਨੂੰ ਹੋਰ ਦੂਸ਼ਿਤ ਹੋਣ ਤੋਂ ਬਚਾਉਣ ਲਈ ਪ੍ਰਦੂਸ਼ਿਤ ਕਰਨ ਵਾਲੀਆਂ ਯੂਨਿਟਾਂ ਨੂੰ ਬੰਦ ਕਰਨ ਸਬੰਧੀ ਸੈਕਸ਼ਨ 70 ਆਫ ਕੈਨਾਲ ਅਤੇ ਡਰੇਨੇਜ ਐਕਟ ਦੇ ਤਹਿਤ ਨੋਟਿਸ ਭੇਜੇ ਜਾਂ ਚੁੱਕੇ ਹਨ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪਟਿਆਲਾ ਨੂੰ ਵੀ ਕਾਰਵਾਈ ਕਰਨ ਲਈ ਲਿਖਿਆ ਜਾ ਚੁੱਕਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਹੀ ਪਾਣੀ ਦੂਸ਼ਿਤ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਦਾ ਹੈ **ਅਨੁਲੱਗ** "ਅ"*। ਇਸ ਸਬੰਧੀ ਸਿਵਲ ਪ੍ਰਸ਼ਾਸਨ ਨੂੰ ਵੀ ਕਾਰਵਾਈ ਕਰਨ ਲਈ ਲਿਖਿਆ ਜਾ ਰਿਹਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ। ਤਕਰੀਬਨ ਸਾਲ 1997 ਤੋਂ ਹਰ ਵਾਰੀ ਮੈਂ ਇਹ ਸਵਾਲ ਕਰਦਾ ਆ ਰਿਹਾ ਹਾਂ ਔਰ ਤੁਸੀਂ ਵੇਖੋ ਕਿ ਇਹ ਕਿੰਨੀ ਵੱਡੀ ਸੀਰੀਅਸ ਗੱਲ ਹੈ ਕਿ ਕੈਂਸਰ ਅਤੇ ਗੈਸਟਰੋਰਾਈਟਸ ਵਰਗੀਆਂ ਹੋਰ ਬਿਮਾਰੀਆਂ ਲੋਕਾਂ ਨੂੰ ਹੋ ਰਹੀਆਂ ਹਨ। ਉਸ ਪਾਣੀ ਨਾਲ ਪਸ਼ੂ ਵੀ ਬਿਮਾਰ ਹੋ ਰਹੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜਾ ਮੇਰਾ ਸਵਾਲ ਹੈ, ਉਸ ਵਿੱਚ ਮੈਂ ਇਹ ਪੁੱਛਿਆ ਹੈ ਕਿ ਪਿਛਲੇ 15-20 ਸਾਲਾਂ ਤੋਂ ਸਰਦੂਲਗੜ੍ਹ ਹਲਕੇ ਵਿੱਚ ਦਰਿਆ ਘੱਗਰ ਨੂੰ ਗੰਦੇ ਪਾਣੀ ਅਤੇ ਸੀਵਰੇਜ ਦੇ ਪਾਣੀ ਨਾਲ ਗੰਦੇ ਕਰਨ ਵਾਲੀਆਂ ਫੈਕਟਰੀਆਂ, ਮੈਂ ਇਹ ਨਹੀਂ ਪੁੱਛਿਆ ਕਿ ਸਰਦੂਲਗੜ੍ਹ ਵਿੱਚ ਫੈਕਟਰੀਆਂ

ਹਨ ਜਾਂ ਨਹੀਂ। ਮੇਰਾ ਖਿਆਲ ਹੈ ਕਿ ਮੰਤਰੀ ਸਾਹਿਬ, ਸਵਾਲ ਨੂੰ ਸਮਝੇ ਨਹੀਂ। ਇਨ੍ਹਾਂ ਨੇ ਇਸ ਦੇ ਵਿੱਚ ਡੇਰਾਬੱਸੀ ਦਾ ਵੇਰਵਾ ਦਿੱਤਾ ਹੈ ਔਰ ਮੈਂ ਇਕੱਲਾ ਡੇਰਾਬੱਸੀ ਦੀ ਫੈਕਟਰੀ ਬਾਰੇ ਹੀ ਨਹੀਂ ਦੱਸਣਾ, ਇਸ ਤੋਂ ਇਲਾਵਾ ਹੋਰ ਵੀ ਕਈ ਯੂਨਿਟਸ ਹਨ ਜਿਹੜੇ ਕਿ ਚੈਕੱ ਨਹੀਂ ਹੁੰਦੇ। ਹੋਰ ਉਥੇ ਜਿੰਨੇ ਸ਼ਹਿਰ ਪੈਂਦੇ ਹਨ, ਉਨ੍ਹਾਂ ਦਾ ਉਥੇ ਸੀਵਰੇਜ ਦਾ ਪਾਣੀ ਵੀ ਪੈ ਰਿਹਾ ਹੈ। ਉਥੇ ਕੋਈ ਟਰੀਟਮੈਂਟ ਪਲਾਂਟ ਨਹੀਂ ਲੱਗਿਆ ਹੋਇਆ। ਇਸ ਦੇ ਬਾਰੇ ਆਪਾਂ ਕਿੰਨੇ ਕੁ ਸੀਰੀਅਸ ਹਾਂ? ਇਨ੍ਹਾਂ ਨੇ ਨਾਲ ਇਹ ਵੀ ਦੇ ਦਿੱਤਾ ਕਿ ਸੈਕਸ਼ਨ 70 ਤਹਿਤ ਐਕਸ਼ਨ ਲਿਆ ਜਾ ਸਕਦਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਪਾਂ ਇਸ ਨੂੰ ਬੰਦ ਕਰਨ ਲਈ ਸੀਰੀਅਸ ਹਾਂ? ਕੀ ਉਸ ਪਾਣੀ ਨੂੰ, ਜੇ ਪਾਣੀ ਆਉਂਦਾ ਵੀ ਹੈ ਤਾਂ ਕੀ ਟਰੀਟਮੈਂਟ ਪਲਾਂਟ ਨਹੀਂ ਲੱਗ ਸਕਦੇ ਜਿਥੋਂ ਕਿਤੋਂ ਵੀ ਪੈਂਦਾ ਹੈ? ਸਪੀਕਰ ਸਾਹਿਬ, ਤੁਸੀਂ ਸਾਲ 1997 ਵਿੱਚ ਸਪੀਕਰ ਦੇ ਅਹੁਦੇ ਤੇ ਸੀ, ਜਿਹੜੀ ਬਰਨਾਲੇ ਵਿੱਚ ਟਰਾਈਡੈਂਟ ਫੈਕਟਰੀ ਹੈ, ਉਥੇ ਇਹੀ ਹਾਲ ਸੀ। ਤੁਸੀਂ ਉਦੋਂ ਇੱਕ ਕਮੇਟੀ ਗਠਿਤ ਕੀਤੀ ਸੀ ਔਰ ਅਸੀਂ ਪੰਜ ਯੂਨਿਟਸ ਚੈਕੱ ਕਰਕੇ ਆਏ ਸੀ ਔਰ ਵਿਦਇਨ 6 ਮੰਥਸ ਉਹ ਸਾਰਾ ਕੰਮ ਖਤਮ ਹੋ ਗਿਆ ਸੀ। ਉਥੇ ਉਸ ਨੇ ਬਿਲਕੁਲ ਟਰੀਟਮੈਂਟ ਪਲਾਂਟ ਲਗਾ ਦਿੱਤੇ ਸੀ। ਕੀ ਮੰਤਰੀ ਜੀ ਇਸ ਚੀਜ਼ ਬਾਰੇ ਸੀਰੀਅਸ ਹਨ? ਜਾਂ ਫਿਰ ਤੁਸੀਂ ਹਾਊਸ ਦੀ ਕੋਈ ਕਮੇਟੀ ਗਠਿਤ ਕਰ ਲਵੋ ਤਾਂ ਕਿ ਅਸੀਂ ਦੇਖ ਲਈਏ ਕਿ ਉਥੇ ਕਿੰਨੀਆਂ ਫੈਕਟਰੀਆਂ ਦਾ ਗੰਦਾ ਪਾਣੀ ਪੈ ਰਿਹਾ ਹੈ ਜਾਂ ਕੀ ਹੋ ਰਿਹਾ ਹੈ ਅਤੇ ਕਿੰਨਿਆਂ ਨੂੰ ਰੋਕਿਆ ਜਾ ਸਕਦਾ ਹੈ? ਕੀ ਟਰੀਟਮੈਂਟ ਪਲਾਂਟ ਉਥੇ ਲੱਗ ਸਕਦੇ ਹਨ, ਜਾਂ ਉਹ ਫੈਕਟਰੀ ਬੰਦ ਕੀਤੀ ਜਾ ਸਕਦੀ ਹੈ? ਇਸ ਦੇ ਬਾਰੇ ਕਲੈਰਿਟੀ ਦੇਣੀ ਚਾਹੀਦੀ ਹੈ।

ਮੰਤਰੀ: ਸਪੀਕਰ ਸਾਹਿਬ, ਇਸ ਘੱਗਰ ਨਦੀ ਵਿੱਚ ਕੋਈ 36 ਫੈਕਟਰੀਆਂ ਦਾ ਪਾਣੀ ਪੈਂਦਾ ਹੈ ਜੀ। 13 ਵਿਲੇਜਿਜ਼ ਦਾ ਅਤੇ 19 ਟਾਊਨਜ਼ ਦਾ, ਟੋਟਲ 63 ਪੁਆਇੰਟਸ ਹਨ, ਜਿਥੋਂ ਇਹ ਪਾਣੀ ਪੈ ਰਿਹਾ ਹੈ। ਇਨ੍ਹਾਂ ਵਿੱਚੋਂ 47-48 ਨੂੰ ਤਾਂ ਅਸੀਂ ਨੋਟਿਸ ਦਿੱਤੇ ਹਨ ਪਰ ਇਹ ਮੇਨ ਸਵਾਲ ਪਲਿਊਸ਼ਨ ਬੋਰਡ ਨਾਲ ਸਬੰਧਿਤ ਸੀ, ਮੇਰਾ ਇਹ ਸਵਾਲ ਨਹੀਂ ਸੀ। ਇਨ੍ਹਾਂ ਨੂੰ ਇਹ ਸਵਾਲ ਉੱਧਰ ਕਰਨਾ ਚਾਹੀਦਾ ਸੀ।

ਮਾਨਯੋਗ ਸਪੀਕਰ: ਚਲੋ, ਤੁਸੀਂ ਜਵਾਬ ਦੇ ਦਿੱਤਾ। ਠੀਕ ਹੈ ਜੀ, ਧੰਨਵਾਦ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਮਸਲੇ ਸਬੰਧੀ ਅਸੀਂ ਬੜੇ ਚਿੰਤਤ ਹਾਂ ਔਰ ਗੰਦਾ ਪਾਣੀ ਦੋ ਤਰ੍ਹਾਂ ਦਾ ਉੱਥੇ ਪੈਂਦਾ ਹੈ। ਇੱਕ ਹੈ ਸ਼ਹਿਰਾਂ ਦਾ ਸੀਵਰੇਜ ਦਾ ਗੰਦਾ ਪਾਣੀ ਅਤੇ ਦੂਜਾ ਫੈਕਟਰੀਆਂ ਦਾ ਗੰਦਾ ਪਾਣੀ ਹੈ। ਅਸੀਂ ਇਨ੍ਹਾਂ ਦਿਨਾਂ ਵਿੱਚ ਤਕਰੀਬਨ ਕਈ ਮੀਟਿੰਗਾਂ ਇਸ ਮਸਲੇ ਸਬੰਧੀ ਕੀਤੀਆਂ ਹਨ। ਇਨ੍ਹਾਂ ਬਾਰੇ ਸਾਰੇ ਫੰਡਜ਼ ਦਾ ਵੀ ਪ੍ਰਬੰਧ ਕਰ ਲਿਆ ਹੈ ਔਰ ਸਾਰੀ ਸਕੀਮ ਬਣਾ ਲਈ ਹੈ। ਮੈਂ ਆਨਰੇਬਲ ਮੈਂਬਰ

(ਮੁੱਖ ਮੰਤਰੀ)

ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਭਾਵੇਂ ਇਹ ਕੰਮ ਤਾਂ ਬੜਾ ਵੱਡਾ ਹੈ ਪਰ ਅਗਲੇ ਦੋ-ਢਾਈ ਸਾਲਾਂ ਵਿੱਚ ਇਹੋ ਜਿਹਾ ਪਾਣੀ ਤੁਹਾਡੇ ਸਰਦੂਲਗੜ੍ਹ ਪਹੁੰਚੇਗਾ ਕਿ ਭਾਵੇਂ ਤੁਸੀਂ ਉਹ ਪਾਣੀ ਪੀ ਲਿਆ ਕਰਨਾ। ਫਿਰ ਤੁਹਾਨੂੰ ਦੂਜਾ ਪਾਣੀ ਪੀਣ ਦੀ ਲੋੜ ਨਹੀਂ। (ਥੰਪਿੰਗ) ਲੇਕਿਨ ਦੋ-ਢਾਈ ਸਾਲ ਲੱਗਣਗੇ ਕਿਉਂਕਿ ਇਹ ਮਸਲਾ ਬੜਾ ਵੱਡਾ ਹੈ। ਹਜ਼ਾਰਾਂ ਕਰੋੜ ਰੁਪਿਆ ਇਸ ਸਾਰੇ ਕੰਮ ਤੇ ਲਗਣਾ ਹੈ ਲੇਕਿਨ ਅਸੀਂ ਪ੍ਰੋਜੈਕਟ ਸ਼ੁਰੂ ਕਰ ਲਿਆ ਹੈ, ਇਹ ਨਹੀਂ ਕਿ ਲਫਜ਼ੀ ਕਾਰਵਾਈ ਹੈ। ਤੁਸੀਂ ਮੇਰੇ ਕੋਲ ਕਦੇ ਆ ਜਾਣਾ ਤਾਂ ਮੈਂ ਤੁਹਾਨੂੰ ਡਿਟੇਲ ਵਿੱਚ ਦੱਸ ਦਿਆਂਗਾ ਕਿ ਇਸ ਸਬੰਧੀ ਅਸੀਂ ਕੀ ਕਦਮ ਚੁੱਕ ਰਹੇ ਹਾਂ। ਤੁਸੀਂ ਮਿਹਰਬਾਨੀ ਕਰਕੇ ਆਉਣਾ, ਨਾਲੇ ਤੁਹਾਨੂੰ ਮੈਂ ਚਾਹ ਦਾ ਪਿਆਲਾ ਪਿਲਾਵਾਂਗਾ ਅਤੇ ਨਾਲ ਹੀ ਗੰਦਾ ਪਾਣੀ ਸਾਫ ਕਰਾਂਗੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ .....

ਮਾਨਯੋਗ ਸਪੀਕਰ: ਉਨ੍ਹਾਂ ਨੇ ਐਸ਼ਿਓਰੈਂਸ ਦੇ ਦਿੱਤੀ ਹੈ। ਐਸ਼ਿਓਰੈਂਸ ਦੇਣ ਤੋਂ ਬਾਅਦ.....

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਜਦੋਂ ਬਾਦਲ ਸਾਹਿਬ ਦੀ ਸਰਕਾਰ ਆ ਜਾਂਦੀ ਹੈ ਤਾਂ ਇਹ ਬੜੇ ਸੀਰੀਅਸ ਹੋ ਜਾਂਦੇ ਹਨ। ਸਾਲ 1997 ਤੋਂ ਲੈ ਕੇ ਤਾਂ ਮੈਂ ਦੇਖ ਰਿਹਾ ਹਾਂ। ਪਿਛਲੇ ਪੰਜ ਸਾਲ ਵੀ ਟੱਪ ਗਏ ਅਤੇ ਆਹ ਨਵੇਂ ਪੰਜ ਸਾਲ ਫਿਰ ਆ ਗਏ। ਚਲੋ, ਪਰਮਾਤਮਾ ਨੇ ਬੜੀ ਵੱਡੀ ਕਿਰਪਾ ਕੀਤੀ ਹੈ ਕਿ ਇਨ੍ਹਾਂ ਨੂੰ ਟਾਈਮ ਦੁਬਾਰਾ ਮਿਲ ਗਿਆ। ਚਲੋ, ਇਨ੍ਹਾਂ ਨੇ ਦੋ-ਢਾਈ ਸਾਲ ਕਹੇ ਹਨ ਪਰ ਮੈਂ ਇੱਕ ਰਿਕੁਐਸਟ ਕਰਦਾ ਹਾਂ ਜੀ ....

ਮਾਨਯੋਗ ਸਪੀਕਰ: ਅਗਲਾ ਸਵਾਲ ......।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਨਹੀਂ ਜੀ, ਮੇਰੀ ਸਪਲੀਮੈਂਟਰੀ ਹੈ ਕਿ ਹਾਊਸ ਦੀ ਇੱਕ ਕਮੇਟੀ ਗਠਿਤ ਕਰ ਦਿਉ, ਇਹ ਜਿਹੜਾ ਦੋ-ਢਾਈ ਸਾਲ ਵਿੱਚ ਕੰਮ ਕਰਨਗੇ, ਅਸੀਂ ਐਟਲੀਸਟ ਦੇਖ ਕੇ ਪਰਾਪਰ ਰਿਪੋਰਟ ਤਾਂ ਉਸ ਦੀ ਕਰ ਸਕਾਂਗੇ।

ਮਾਨਯੋਗ ਸਪੀਕਰ : ਮੁੱਖ ਮੰਤਰੀ ਸਾਹਿਬ ਦੀ ਐਸ਼ਿਉਰੈਂਸ ਤੋਂ ਬਾਅਦ ਕਮੇਟੀ ਗਠਿਤ ਕਰਨ ਦੀ ਲੋੜ ਨਹੀਂ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਚਲੋ, ਉਮੀਦ ਤਾਂ ਬਣੀ ਹੈ ਜੀ। ਦੋ ਸਾਲ ਵੀ ਨੇੜੇ ਹੀ ਹਨ।

ਮਿਡ ਡੇ ਮੀਲ ਸਕੀਮ ਅਧੀਨ ਅਦਾਇਗੀ

*3. **ਸਰਦਾਰ ਬਲਬੀਰ ਸਿੰਘ ਸਿੱਧੂ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ-

(ੳ) ਮਿਡ ਡੇ ਮੀਲ ਸਕੀਮ ਅਧੀਨ ਕੰਮ ਕਰ ਰਹੇ ਸਟਾਫ ਨੂੰ ਕਿੰਨੀ ਤਨਖਾਹ ਦਿੱਤੀ ਜਾਂਦੀ ਹੈ;

(ਅ) ਕੀ ਇਸ ਸਟਾਫ ਨੂੰ ਤਨਖਾਹ ਦੀ ਅਦਾਇਗੀ ਸਮੇਂ ਸਿਰ ਅਤੇ ਹਰ ਮਹੀਨੇ ਹੁੰਦੀ ਹੈ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ:

(ੳ) ਮਿਡ-ਡੇ-ਮੀਲ ਸਕੀਮ ਅਧੀਨ ਕੰਮ ਕਰ ਰਹੇ ਸਟਾਫ ਨੂੰ ਹਰ ਮਹੀਨੇ ਹੇਠ ਲਿਖੇ ਅਨੁਸਾਰ ਤਨਖਾਹ ਦਿੱਤੀ ਜਾਂਦੀ ਹੈ:-

ਜਨਰਲ ਮੈਨੇਜਰ	21500/- ਰੁਪਏ
ਮੈਨੇਜਰ	16500/- ਰੁਪਏ
ਸਹਾਇਕ ਬਲਾਕ ਮੈਨੇਜਰ	7500/- ਰੁਪਏ
ਲੇਖਾਕਾਰ	11500/- ਰੁਪਏ
ਡਾਟਾ ਐਂਟਰੀ ਅਪਰੇਟਰ	ਡੀ.ਸੀ. ਰੇਟ ਅਨੁਸਾਰ
ਕੁੱਕ-ਕਮ-ਹੈਲਪਰ (ਪਾਰਟ ਟਾਈਮ)	1200/- ਰੁਪਏ

(ਅ) ਹਾਂ ਜੀ,

ਆਮ ਤੌਰ ਤੇ ਉਪਰੋਕਤ ਸਟਾਫ ਨੂੰ ਤਨਖਾਹ ਸਮੇਂ ਸਿਰ ਦਿੱਤੀ ਜਾਂਦੀ ਹੈ ਪਰ ਜਦੋਂ ਸਰਕਾਰ ਵੱਲੋਂ ਫੰਡਜ਼ ਰਿਲੀਜ਼ ਕਰਨ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਤਨਖਾਹ ਦੀ ਅਦਾਇਗੀ ਸਮੇਂ ਸਿਰ ਨਹੀਂ ਹੋ ਸਕਦੀ।

ਸਰਦਾਰ ਬਲਬੀਰ ਸਿੰਘ ਸਿੱਧੂ: ਸਪੀਕਰ ਸਾਹਿਬ, ਇਹ ਬੜਾ ਸੰਜੀਦਾ ਮਸਲਾ ਹੈ। ਪਹਿਲੀ ਗੱਲ ਤਾਂ ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਜੀ.ਐਮ. ਹੈ, ਮੈਨੇਜਰ ਹੈ, ਅਸਿਸਟੈਂਟ ਬਲਾਕ ਮੈਨੇਜਰ ਹੈ, ਲੇਖਾਕਾਰ ਹੈ, ਇਹ ਕਿੱਥੇ ਬੈਠਦੇ ਹਨ? ਡੀ.ਸੀ. ਦਫਤਰ ਬੈਠਦੇ ਹਨ ਜਾਂ ਬਲਾਕ ਲੈਵਲ ਤੇ ਬੈਠਦੇ ਹਨ? ਅੱਜ ਤੱਕ ਤਾਂ ਇਨ੍ਹਾਂ ਦੇ ਦਰਸ਼ਨ ਕਦੇ ਹੋਏ ਨਹੀਂ ਪਰ ਜਦ ਸਕੂਲਾਂ ਵਿੱਚ ਜਾਂਦੇ ਹਾਂ ਤਾਂ ਜਿਹੜੇ ਕੁੱਕ ਹਨ ਜਾਂ ਹੈਲਪਰ ਹਨ, ਸਿਰਫ ਉਨ੍ਹਾਂ ਦੇ ਦਰਸ਼ਨ ਹੁੰਦੇ ਹਨ ਔਰ

(ਸਰਦਾਰ ਬਲਬੀਰ ਸਿੰਘ ਸਿੱਧੂ)

ਉਨ੍ਹਾਂ ਕੁੱਕਾਂ ਦੀ ਹਾਲਤ ਇੰਨੀ ਨਿਘਰੀ ਹੋਈ ਹੈ ਕਿ ਉਹ ਵਿਚਾਰੇ ਸਵੇਰੇ 6.00 ਵਜੇ ਘਰੋਂ ਆ ਜਾਂਦੇ ਹਨ ਔਰ ਸਾਰੀ ਦਿਹਾੜੀ ਉਹ ਕੰਮ ਕਰਦੇ ਹਨ। ਪਹਿਲਾਂ ਉਹ ਖਾਣਾ ਬਣਾਉਂਦੇ ਹਨ ਫਿਰ ਉਸ ਤੋਂ ਬਾਅਦ ਬੱਚਿਆਂ ਨੂੰ ਖਵਾਉਂਦੇ ਹਨ, ਔਰ ਫਿਰ ਉਹ ਭਾਂਡੇ ਮਾਂਜ ਕੇ ਸ਼ਾਮ ਨੂੰ 5.00 ਵਜੇ ਵਿਹਲੇ ਹੁੰਦੇ ਹਨ ਪਰ ਉਨ੍ਹਾਂ ਵਾਸਤੇ ਜਿਹੜਾ ਵੇਤਨ ਹੈ ਉਹ ਸਿਰਫ 1200/- ਰੁਪਿਆ ਹੈ ਔਰ 1200/- ਰੁਪਏ ਵਿੱਚ ਇਸ ਜ਼ਮਾਨੇ ਵਿੱਚ ਤੁਸੀਂ ਇੱਕ ਬੱਚੇ ਦੀ ਪੜ੍ਹਾਈ ਵੀ ਨਹੀਂ ਕਰਵਾ ਸਕਦੇ। ਕੰਮ ਅਸੀਂ ਉਨ੍ਹਾਂ ਤੋਂ ਇੰਨਾ ਲੈਂਦੇ ਹਾਂ ਜਿੰਨਾ ਕਿ ਆਮ ਤੌਰ ਤੇ ਚਾਰ ਬੰਦੇ ਕਰਦੇ ਹਨ। ਸੋ, ਇੱਕ ਤਾਂ ਇਹ ਗੱਲ ਮੈਂ ਕਹਿਣਾ ਚਾਹੁੰਦਾ ਹਾਂ। ਦੂਜੀ ਗੱਲ, ਕੋਈ ਉਨ੍ਹਾਂ ਲਈ ਛੁੱਟੀ ਦਾ ਪ੍ਰਾਵਧਾਨ ਨਹੀਂ ਹੈ। ਜੇ ਉਹ ਬਿਮਾਰ ਹੋ ਜਾਣ ਤਾਂ ਉਨ੍ਹਾਂ ਦੀ ਤਨਖਾਹ ਕੱਟ ਲਈ ਜਾਂਦੀ ਹੈ, ਉਨ੍ਹਾਂ ਵਾਸਤੇ ਕੋਈ ਮੈਡੀਕਲ ਸਹੂਲਤ ਨਹੀਂ ਹੈ। ਉਨ੍ਹਾਂ ਨੂੰ ਕੋਈ ਵੀ ਐਸਾ ਬੈਨੀਫਿਟ ਸਰਕਾਰ ਵਲੋਂ ਨਹੀਂ ਦਿੱਤਾ ਜਾਂਦਾ ਜਿਸ ਨਾਲ ਉਹ ਆਪਣੇ ਪਰਿਵਾਰ ਦਾ ਸਹੀ ਢੰਗ ਨਾਲ ਪਾਲਣ ਪੋਸ਼ਣ ਕਰ ਸਕਣ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ 21500/- ਰੁਪਏ ਅਸੀਂ ਦਿੰਦੇ ਹਾਂ, ਕਿਹੜਾ ਬੰਦਾ ਹੈ ਮੈਂ ਤਾਂ ਅੱਜ ਤੱਕ ਦੇਖਿਆ ਨਹੀਂ ਹੈ। ਇੱਥੇ ਇੰਨੇ ਸਾਰੇ ਐਮ.ਐਲ.ਏ. ਸਾਹਿਬਾਨ ਬੈਠੇ ਹਨ ਇਹ ਦੱਸ ਦੇਣ ਕਿ ਜੀ ਅਸੀਂ ਦੇਖਿਆ ਹੈ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕੁੱਕ-ਕਮ-ਹੈਲਪਰ ਹਨ, ਇਨ੍ਹਾਂ ਦੀ ਤਨਖਾਹ ਪੰਜ ਹਜ਼ਾਰ ਰੁਪਏ ਤੋਂ ਘੱਟ ਨਹੀਂ ਹੋਣੀ ਚਾਹੀਦੀ। ਮੁੱਖ ਮੰਤਰੀ ਸਾਹਿਬ ਬੈਠੇ ਹਨ, ਇਹ ਹੋਣਾ ਚਾਹੀਦਾ ਹੈ। ਅਸੀਂ ਜਿਹੜੇ ਇੱਕ ਬੰਦੇ ਤੋਂ ਲੇਬਰ ਦਾ ਕੰਮ ਵੀ ਲੈਂਦੇ ਹਾਂ, ਅੱਜ ਆਮ ਦਿਹਾੜੀ ਵੀ 300/- ਰੁਪਏ ਤੋਂ ਘੱਟ ਨਹੀਂ ਹੈ (ਇੱਕ ਅਵਾਜ਼ : ਡੀ.ਸੀ.ਰੇਟ ਤੇ) ਹਾਂ ਜੀ, ਡੀ.ਸੀ.ਰੇਟ ਤੇ ਵੀ ਲਾ ਲਓ। ਡਾਟਾ ਐਂਟਰੀ ਆਪਰੇਟਰ ਹਨ ਉਨ੍ਹਾਂ ਨੂੰ ਡੀ.ਸੀ. ਰੇਟ ਹੈ ਪਰ ਇਨ੍ਹਾਂ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ? ਸੋ, ਇਸ ਲਈ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਲਈ ਜ਼ਰੂਰ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ।

ਮੰਤਰੀ: ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਜਿਹੜੇ ਅਫਸਰ ਲੱਗੇ ਹਨ, ਜਿਵੇਂ ਜਨਰਲ ਮੈਨੇਜਰ ਹੈ, ਇਹ ਸਟੇਟ ਲੈਵਲ ਤੇ ਬੈਠਦੇ ਹਨ। ਜਿਹੜਾ ਜ਼ਿਲ੍ਹਾ ਮੈਨੇਜਰ ਹੈ ਉਹ ਡਿਸਟ੍ਰਿਕਟ ਲੈਵਲ ਤੇ ਬੈਠਦਾ ਹੈ, ਜਿਹੜਾ ਸਹਾਇਕ ਬਲਾਕ ਮੈਨੇਜਰ ਹੈ ਉਹ ਬਲਾਕ ਲੈਵਲ ਤੇ ਬੈਠਦਾ ਹੈ। ਸੋ, ਅੱਡੋ-ਅੱਡ ਉਨ੍ਹਾਂ ਦੀਆਂ ਡਿਊਟੀਆਂ ਲੱਗੀਆਂ ਹੋਈਆਂ ਹਨ ਔਰ ਸਟੇਟ ਲੈਵਲ ਤੇ ਵੀ ਚੀਫ ਸੈਕਟਰੀ ਸਾਹਿਬ ਦੀ ਪ੍ਰਧਾਨਗੀ ਦੇ ਥੱਲੇ ਕਮੇਟੀ ਬਣੀ ਹੋਈ ਹੈ, ਉਹ ਮਾਨੀਟਰ ਕਰਦੀ ਹੈ। ਜ਼ਿਲ੍ਹਾ ਲੈਵਲ ਤੇ ਵੀ ਡੀ.ਸੀ. ਸਾਹਿਬ ਦੀ ਪ੍ਰਧਾਨਗੀ ਹੇਠ ਕਮੇਟੀ ਬਣੀ ਹੋਈ ਹੈ। ਉਸ ਵਿੱਚ ਹੋਰ ਵੀ ਅਫਸਰ ਹਨ, ਉਨ੍ਹਾਂ ਨੂੰ ਵੀ ਇਹ ਮਿਲ ਸਕਦੇ ਹਨ। ਉਹ ਵੀ ਹਰ ਮਹੀਨੇ ਮੀਟਿੰਗਾਂ ਕਰਕੇ ਕੰਮ-ਕਾਰ

ਰਿਵਿਊ ਕਰਦੇ ਰਹਿੰਦੇ ਹਨ। ਜਿੱਥੋਂ ਤੱਕ ਤਨਖਾਹਾਂ ਦੀ ਗੱਲ ਹੈ, ਇਹ ਤਾਂ ਨਹੀਂ ਹੈ ਕਿ ਉਨ੍ਹਾਂ ਤੋਂ ਪੰਜ ਵਜੇ ਤੱਕ ਕੰਮ ਲਿਆ ਜਾਂਦਾ ਹੈ। ਉਹ ਆਉਂਦੇ ਨੇ, ਖਾਣਾ ਬਣਾ ਕੇ ਚਲੇ ਜਾਂਦੇ ਹਨ। ਤਨਖਾਹ ਮੈਂ ਵੀ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਦੀ ਘੱਟ ਹੈ ਪਰ ਤਨਖਾਹ ਇਨ੍ਹਾਂ ਨੂੰ ਸੈਂਟਰ ਦੇ ਪੈਟਰਨ ਤੇ ਦਿੱਤੀ ਜਾਂਦੀ ਹੈ। 75% ਸੈਂਟਰ ਸਰਕਾਰ ਪਾਉਂਦੀ ਹੈ, 25% ਅਸੀਂ ਦਿੰਦੇ ਹਾਂ। ਉਸ ਦੇ ਵਿੱਚ ਅਸੀਂ 200/- ਰੁਪਏ ਸਟੇਟ ਦਾ ਹੋਰ ਲਾਇਆ ਹੈ। 75% ਸੈਂਟਰ ਦਿੰਦਾ ਹੈ। ਅਸੀਂ ਕੋਲੋਂ 200/- ਰੁਪਿਆ ਹੋਰ ਪਾ ਕੇ ਉਨ੍ਹਾਂ ਨੂੰ ਦਿੰਦੇ ਹਾਂ। ਜੇ ਇਹ ਸਾਡੇ ਨਾਲ ਸਹਿਯੋਗ ਕਰਨ, ਸੈਂਟਰ ਤੋਂ ਹੋਰ ਵਧਵਾ ਲੈਣ, ਅਸੀਂ ਵੀ ਉਨੀਂ ਆਪਣੀ 25% ਹੋਰ ਵਧਾ ਦਿਆਂਗੇ। ਇਸ ਵਿੱਚ ਕੋਈ ਪ੍ਰਾਬਲਮ ਨਹੀਂ ਹੈ।

ਸਰਦਾਰ ਬਲਬੀਰ ਸਿੰਘ ਸਿੱਧੂ: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸੈਂਟਰ ਤੋਂ 75% ਤਨਖਾਹ ਆਉਂਦੀ ਹੈ। ਕੀ ਅਸੀਂ 25% ਉਸ ਵਿੱਚ ਹੋਰ ਨਹੀਂ ਪਾ ਸਕਦੇ? ਅਸੀਂ ਹੋਰ ਥਾਵਾਂ ਤੇ ਬੜਾ ਪੈਸਾ ਖਰਚ ਕਰਦੇ ਹਾਂ। ਇਹ ਕਹਿੰਦੇ ਕਿ ਉਹ ਰੋਟੀ ਬਣਾ ਕੇ ਵਿਹਲੇ ਹੋ ਜਾਂਦੇ ਹਨ। ਰੋਟੀ ਬਣਾ ਕੇ ਭਾਂਡੇ ਅਗਲੇ ਦਿਨ ਵਾਸਤੇ ਸਾਫ ਕਰਕੇ ਰੱਖਣੇ ਹੁੰਦੇ ਹਨ। ਉਹ ਘੱਟੋ-ਘੱਟ ਵੀ 8-10 ਘੰਟੇ ਦਾ ਪ੍ਰਾਸੈਸ ਹੈ, ਐਂਰ ਮੈਂ ਹਰ ਸਾਲ ਸਕੂਲਾਂ ਵਿੱਚ ਇੱਕ ਰਾਊਂਡ ਲਗਾਉਂਦਾ ਹਾਂ, ਇਕੱਲੇ-ਇਕੱਲੇ ਸਕੂਲ ਵਿੱਚ ਜਾ ਕੇ ਦੇਖਦਾ ਹਾਂ, ਉਨ੍ਹਾਂ ਦੀ ਹਾਲਤ ਬਹੁਤ ਬਦਤਰ ਹੈ। ਸੋ, ਇਸ ਕਰਕੇ ਸਰਕਾਰ ਨੂੰ ਸਪੈਸ਼ਲ ਇਨ੍ਹਾਂ ਲਈ ਕੋਈ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਪ੍ਰਾਪਰਲੀ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਸਕਣ।

(**ਸਰਦਾਰ ਬਿਕਰਮ ਸਿੰਘ ਮਜੀਠੀਆ (ਬੈਠੇ-ਬੈਠੇ):** ਬਗੈਰ ਇਜਾਜ਼ਤ ਤੋਂ ਸਾਰਾ ਕੁਝ ਖੁਰਚ ਕੇ ਲੈ ਜਾਂਦੇ ਹਨ)

ਸਰਦਾਰ ਬਲਬੀਰ ਸਿੰਘ ਸਿੱਧੂ: ਨਹੀਂ ਜੀ, ਖੁਰਚ ਕੇ ਤਾਂ ਨਹੀਂ ਲਿਜਾਂਦੇ ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਵਿੱਚ ਕਿੰਨੇ ਕੁੱਕ ਹਨ, ਸਾਨੂੰ ਉਨ੍ਹਾਂ ਵਾਸਤੇ ਕੁਝ ਕਰਨਾ ਚਾਹੀਦਾ ਹੈ। (ਇੱਕ ਆਵਾਜ਼ : ਪ੍ਰਧਾਨ ਮੰਤਰੀ ਨੂੰ ਲਿਖੋ) ਅਸੀਂ ਪ੍ਰਧਾਨ ਮੰਤਰੀ ਨੂੰ ਵੀ ਲਿਖਾਂਗੇ, ਉਨ੍ਹਾਂ ਵਲੋਂ ਤਾਂ 75% ਤਨਖਾਹ ਦਿੱਤੀ ਜਾਂਦੀ ਹੈ, ਤੁਸੀਂ 75% ਕਿਉਂ ਨਹੀਂ ਪਾਉਂਦੇ (ਇੱਕ ਆਵਾਜ਼: ਗਰੀਬਾਂ ਨਾਲ ਮਜ਼ਾਕ ਹੋ ਰਿਹਾ ਹੈ) ਸਪੀਕਰ ਸਾਹਿਬ, ਇਸ ਹਾਊਸ ਦੇ ਵਿੱਚ ਗਰੀਬਾਂ ਨਾਲ ਮਜ਼ਾਕ ਹੋ ਰਿਹਾ ਹੈ, ਇਹ ਗਰੀਬਾਂ ਨਾਲ ਮਜ਼ਾਕ ਹੋ ਰਿਹਾ ਹੈ।

Hon'ble Speaker: Thank you. please sit down.

ਲਾਲਾ ਲਾਜਪਤ ਰਾਏ ਕਾਲਜ ਢੁਡੀਕੇ ਵਿਚ ਐਮ.ਏ. ਕਲਾਸਾਂ ਸ਼ੁਰੂ ਕਰਨਾ

*18. **ਸ਼੍ਰੀਮਤੀ ਰਾਜਵਿੰਦਰ ਕੌਰ ਭਾਗੀਕੇ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਲਾਲਾ ਲਾਜਪਤ ਰਾਏ ਸਰਕਾਰੀ ਕਾਲਜ, ਢੁਡੀਕੇ ਵਿੱਚ ਐਮ.ਏ. ਦੀਆਂ ਕਲਾਸਾਂ ਦਾ ਪ੍ਰਬੰਧ ਨਾ ਹੋਣ ਕਰਕੇ ਇਲਾਕੇ ਦੇ ਬੱਚਿਆਂ ਨੂੰ ਦੂਰ ਦੁਰਾਡੇ ਕਾਲਜਾਂ ਵਿੱਚ ਐਮ.ਏ. ਦੀ ਵਿਦਿਆ ਹਾਸਲ ਕਰਨ ਲਈ ਜਾਣਾ ਪੈਂਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਇਸ ਕਾਲਜ ਵਿੱਚ ਐਮ.ਏ. ਦੀਆਂ ਕਲਾਸਾਂ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਉਤੇ ਵਿਚਾਰ ਕਰੇਗੀ?

ਸਰਦਾਰ ਸਿਕੰਦਰ ਸਿੰਘ ਮਲੂਕਾ:

(ੳ) ਹਾਂ ਜੀ।

(ਅ) ਹਾਂ ਜੀ। ਲਾਲਾ ਲਾਜਪਤ ਰਾਏ ਸਰਕਾਰੀ ਕਾਲਜ ਢੁੱਡੀਕੇ (ਮੋਗਾ) ਦੇ ਪ੍ਰਿੰਸੀਪਲ ਤੋਂ ਐਮ.ਏ. (ਇਤਿਹਾਸ) ਸ਼ੁਰੂ ਕਰਨ ਸਬੰਧੀ ਤਜਵੀਜ਼ ਪ੍ਰਾਪਤ ਹੋਈ ਹੈ ਜੋ ਵਿਚਾਰ ਅਧੀਨ ਹੈ।

ਸ਼੍ਰੀਮਤੀ ਰਾਜਵਿੰਦਰ ਕੌਰ ਭਾਗੀਕੇ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਕਿ ਹਾਂ ਵਿੱਚ ਜਵਾਬ ਦਿੱਤਾ ਹੈ ਪਰ ਮੈਂ ਨਾਲ ਹੀ ਇਹ ਬੇਨਤੀ ਵੀ ਕਰਦੀ ਹਾਂ ਕਿ ਬੱਚਿਆਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਥੇ ਐਮ.ਏ. ਦੀਆਂ ਕਲਾਸਾਂ ਨੂੰ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾਵੇ।

ਪੇਂਡੂ ਖੇਤਰਾਂ ਵਿੱਚ ਪਖਾਨਿਆਂ ਦੀ ਉਸਾਰੀ

*54. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਰਾਜ ਦੇ ਦਿਹਾਤੀ ਇਲਾਕਿਆਂ ਵਿੱਚ ਪਖਾਨੇ ਬਣਾਉਣ ਲਈ ਕੁੱਲ ਕਿੰਨੀ ਰਕਮ ਸਰਕਾਰ ਵੱਲੋਂ ਮਦਦ ਦੇ ਤੌਰ ਤੇ ਦਿੱਤੀ ਜਾਂਦੀ ਹੈ;

(ਅ) ਹੁਣ ਤੱਕ ਰਾਜ ਦੇ ਕਿੰਨੇ ਪਿੰਡਾਂ ਵਿੱਚ ਪਖਾਨੇ ਬਣਾਏ ਜਾਂ ਚੁੱਕੇ ਹਨ ਤੇ ਕਿੰਨੇ ਅਜੇ ਤੱਕ ਬਣਾਉਣੇ ਬਾਕੀ ਰਹਿੰਦੇ ਹਨ;

(ੲ) ਕੀ ਸਰਕਾਰ ਭਾਗ (ੳ) ਅਤੇ (ਅ) ਵਿੱਚ ਵਰਣਿਤ ਪਖਾਨੇ ਬਣਾਉਣ ਦੇ ਕੰਮ ਨੂੰ ਜਲਦੀ ਮੁਕੰਮਲ ਕਰਨ ਲਈ ਕੋਈ ਵਿਸ਼ੇਸ ਕਦਮ ਚੁੱਕਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

ਸਰਦਾਰ ਸੁਰਜੀਤ ਸਿੰਘ ਰੱਖੜਾ:

ਸ਼੍ਰੀਮਾਨ ਜੀ,

(ੳ) ਇਸ ਵੇਲੇ ਸਰਕਾਰ ਵਲੋਂ 14500/- ਰੁਪਏ ਪ੍ਰਤੀ ਪਖਾਨੇ ਦੀ ਲਾਗਤ ਨਾਲ ਪਿੰਡਾਂ ਵਿੱਚ ਵਿਅਕਤੀਗਤ ਪਖਾਨੇ ਉਸਾਰੇ ਜਾ ਰਹੇ ਹਨ।

(ਅ) ਸਾਲ 2010-11 ਅਤੇ 2011-12 ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ 50,000 (ਪੰਜਾਹ ਹਜ਼ਾਰ) ਵਿਅਕਤੀਗਤ ਪਖਾਨਿਆਂ ਦੀ ਉਸਾਰੀ ਪੰਚਾਇਤਾਂ ਰਾਹੀਂ ਅਤੇ 30,690 (ਤੀਹ ਹਜ਼ਾਰ ਛੇ ਸੌ ਨੱਬੇ) ਪਖਾਨਿਆਂ ਦੀ ਉਸਾਰੀ ਲੋਕ ਨਿਰਮਾਣ ਵਿਭਾਗ (ਬੀ.ਐਂਡ ਆਰ.) ਅਤੇ ਮੰਡੀ ਬੋਰਡ ਵਿਭਾਗ ਵੱਲੋਂ ਕਰਵਾਈ ਗਈ ਹੈ। ਹਾਲ ਵਿੱਚ ਕਰਵਾਏ ਗਏ ਸਰਵੇ ਅਨੁਸਾਰ ਲਗਭਗ 5.50 ਲੱਖ ਵਿਅਕਤੀਗਤ ਪਖਾਨਿਆਂ ਦੀ ਉਸਾਰੀ ਕਰਵਾਈ ਜਾਣੀ ਹੈ।

(ੲ) ਸਲਾਨਾ ਪਲਾਨ 2012-13 ਵਿੱਚ 100.00 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਨਾਲ ਲਗਭਗ 69,000 (ਉਨੱਤਰ ਹਜ਼ਾਰ) ਵਿਅਕਤੀਗਤ ਪਖਾਨਿਆਂ ਦੀ ਉਸਾਰੀ ਕੀਤੀ ਜਾਵੇਗੀ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪਖਾਨੇ ਦੱਸੇ ਗਏ ਹਨ ਜੇਕਰ ਉਨ੍ਹਾਂ ਉਤੇ ਦੁਬਾਰਾ ਗੌਰ ਕਰ ਲੈਣ ਤਾਂ ਚੰਗੀ ਗੱਲ ਹੋਵੇਗੀ। ਮੰਤਰੀ ਜੀ ਨੂੰ ਜੋ ਵੀ ਥੱਲਿਉਂ ਸੂਚਨਾ ਆਈ ਹੈ, ਉਹ ਹਾਊਸ ਵਿਚ ਦੇ ਦਿੱਤੀ ਹੈ ਪ੍ਰੰਤੂ ਪ੍ਰੈਕਟੀਕਲ ਤੌਰ ਤੇ ਪਖਾਨੇ ਬਣ ਨਹੀਂ ਰਹੇ। ਖਾਸ ਕਰਕੇ ਸਾਡੇ ਹਲਕੇ ਵਿਚ ਤਾਂ ਇਨ੍ਹਾਂ ਦੇ ਹਿਸਾਬ ਨਾਲ 5% ਪਖਾਨੇ ਬਣਨੇ ਵੀ ਸ਼ੁਰੂ ਨਹੀਂ ਹੋਏ।

ਮਾਨਯੋਗ ਸਪੀਕਰ: ਤੁਸੀਂ ਸਵਾਲ ਪੁੱਛੋ, ਬੇਨਤੀ ਨਾ ਕਰੋ।

ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ: ਕੀ ਮੰਤਰੀ ਜੀ ਦੁਬਾਰਾ ਗੌਰ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਦੁਬਾਰਾ ਗੌਰ ਕਰ ਲਵਾਂਗੇ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਖਾਨਿਆਂ ਦੀ ਪੰਜਾਬ ਦੇ ਪਿੰਡਾਂ ਵਿਚ ਬੜੀ ਗੰਭੀਰ ਸਮੱਸਿਆ ਹੈ। ਜਦੋਂ ਅਸੀਂ

(ਸਰਦਾਰ ਚਰਨਜੀਤ ਸਿੰਘ ਚੰਨੀ)

ਪਿੰਡਾਂ ਵਿੱਚ ਜਾਂਦੇ ਹਾਂ ਤਾਂ ਗਰੀਬ ਬੀਬੀਆਂ ਸਾਨੂੰ ਘੇਰ ਕੇ ਖੜ੍ਹ ਜਾਂਦੀਆਂ ਹਨ ਅਤੇ ਕਹਿੰਦੀਆਂ ਹਨ ਕਿ ਉਨ੍ਹਾਂ ਨੂੰ ਬੜੀ ਔਖ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਨਾਲ ਦੇ ਰਾਜ .....

ਮਾਨਯੋਗ ਸਪੀਕਰ: ਤੁਸੀਂ ਸਵਾਲ ਕਰੋ, ਬੇਨਤੀ ਨਾ ਕਰੋ। ਸਵਾਲ ਪੁੱਛੋ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੈਂ ਪੂਰੀ ਗੱਲ ਦੀ ਭੂਮਿਕਾ ਦੱਸ ਰਿਹਾ ਸੀ ਕਿ ਸਾਡੇ ਨਾਲ ਦੇ ਰਾਜ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਅਤੇ ਹੋਰ ਰਾਜਾਂ ਵਿਚ 100% ਪਿੰਡ ਨਿਰਮਲ ਗਰਾਮ ਬਣ ਚੁੱਕੇ ਹਨ। ਸਾਡੇ ਰਾਜ ਵਿਚ ਅਜੇ ਕੇਵਲ 10% ਪਖਾਨੇ ਹੀ ਬਣੇ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਹਿਲਾਂ ਪਖਾਨੇ ਬਣ ਰਹੇ ਹਨ, ਉਹ ਕੱਚੀਆਂ ਇੱਟਾਂ ਤੇ ਬਿਨਾਂ ਸੀਮਿੰਟ ਤੋਂ ਟੋਆ ਪੁੱਟ ਕੇ ਬਣਾਏ ਜਾ ਰਹੇ ਹਨ ਅਤੇ ਉਹ ਬਿਲਕੁਲ ਵੀ ਵਰਕਿੰਗ ਕੰਡੀਸ਼ਨ ਵਿਚ ਨਹੀਂ ਹਨ। ਦੂਸਰਾ, ਅੱਜ ਪਿੰਡਾਂ ਦੇ 90% ਘਰਾਂ ਵਿਚ ਪਖਾਨੇ ਨਹੀਂ ਹਨ। ਇਹ ਕੇਂਦਰ ਸਰਕਾਰ ਤੋਂ ਜੋ ਪੈਸੇ ਆਉਂਦੇ ਹਨ, ਉਨ੍ਹਾਂ ਨਾਲ ਬਣਾਏ ਜਾਂਦੇ ਹਨ। ਉਨ੍ਹਾਂ ਵਿਚ ਪਿੱਕ ਐਂਡ ਚੂਜ਼ ਕੀਤਾ ਜਾਂਦਾ ਹੈ। ਜਿਹੜੇ ਅਸਲੀ ਲੋੜਵੰਦ ਹੁੰਦੇ ਹਨ, ਉਨ੍ਹਾਂ ਨੂੰ ਇਹ ਸਹੂਲਤ ਨਹੀਂ ਪਹੁੰਚ ਰਹੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਕੀ ਕਰਾਈਟੇਰੀਆ ਹੈ ਕਿ ਪਹਿਲ ਦੇ ਅਧਾਰ ਤੇ ਕਿਨ੍ਹਾਂ ਨੂੰ ਪਖਾਨੇ ਦੇਣੇ ਹਨ। ਦੂਸਰਾ, ਇਨ੍ਹਾਂ ਨੇ ਸਾਢੇ ਪੰਜ ਲੱਖ ਘਰ ਦੱਸੇ ਹਨ ਜਿਨ੍ਹਾਂ ਵਿਚ ਕਿ ਅਜੇ ਪਖਾਨੇ ਦੇਣੇ ਹਨ.....

ਮਾਨਯੋਗ ਸਪੀਕਰ: ਪਹਿਲਾਂ ਇਕ ਸਪਲੀਮੈਂਟਰੀ ਦਾ ਜਵਾਬ ਲੈ ਲਵੋ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਮੈਂ ਸਵਾਲ ਦੇ ਨਾਲ ਰਿਲੇਟਿਡ ਸਪਲੀਮੈਂਟਰੀ ਹੀ ਪੁੱਛ ਰਿਹਾ ਹਾਂ ਕੋਈ ਗਲਤ ਸਵਾਲ ਤਾਂ ਨਹੀਂ ਕਰ ਰਿਹਾ। ਉਨ੍ਹਾਂ ਨੇ ਕਿਹਾ ਹੈ ਕਿ ਅਜੇ ਸਾਢੇ ਪੰਜ ਲੱਖ ਪਖਾਨੇ ਬਣਨੇ ਰਹਿੰਦੇ ਹਨ। ਮੈਂ ਇਹ ਪੁੱਛ ਰਿਹਾ ਹਾਂ ਕਿ ਇਹ ਕਦੋਂ ਤੱਕ ਬਣ ਜਾਣਗੇ?

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਮੁੱਖ ਮੰਤਰੀ ਸਾਹਿਬ ਬਹੁਤ ਹੀ ਸੀਰੀਅਸ ਹਨ। ਉਹ 2-3 ਗੇੜੇ ਸੈਂਟਰ ਵਿੱਚ ਵੀ ਲਗਾ ਕੇ ਆਏ ਹਨ। ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਸਾਢੇ ਤਿੰਨ ਸਾਲਾਂ ਵਿੱਚ ਟੋਟਲ ਪੰਜਾਬ ਨੂੰ ਕਵਰ ਕਰ ਲਿਆ ਜਾਵੇਗਾ। (ਥੰਪਿੰਗ) ਕੋਈ ਵੀ ਪਿੰਡ ਜਾਂ ਵਿਅਕਤੀ ਅਜਿਹਾ ਨਹੀਂ ਰਹੇਗਾ ਜਿਸ ਨੂੰ ਕਿ ਪਖਾਨੇ ਦੀ ਸਹੂਲਤ ਨਾ ਹੋਵੇ। ਮੇਰਾ ਖਿਆਲ ਹੈ ਕਿ ਦੁਨੀਆ ਦੀ ਸਭ ਤੋਂ ਵਧੀਆ ਕੰਪਨੀ ਸੁਲਭ ਨੂੰ ਇਹ ਠੇਕਾ ਦੇਣ ਦੀ ਗੱਲ ਕਰ ਰਹੇ ਹਨ। ਉਹ ਬਹੁਤ ਵਧੀਆ ਬਣਾ ਕੇ ਦੇਣਗੇ।

ਮੋਗਾ-ਬਰਨਾਲਾ ਸੜਕ ਦੀ ਮੁਰੰਮਤ

* 17. **ਸ਼੍ਰੀਮਤੀ ਰਾਜਵਿੰਦਰ ਕੌਰ ਭਾਗੀਕੇ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਮੋਗਾ-ਬਰਨਾਲਾ ਸੜਕ ਦੇ ਬਧਨੀ ਕਲਾਂ ਤੋਂ ਹਿੰਮਤਪੁਰਾ ਡ੍ਰੇਨ ਦੇ ਪੁਲ ਤੱਕ ਦੇ ਹਿੱਸੇ ਦੀ ਖਸਤਾ ਹਾਲਤ ਦੇ ਮੱਦੇਨਜ਼ਰ ਇਸ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ: ਸ਼੍ਰੀਮਾਨ ਜੀ,

ਜੀ ਹਾਂ। ਮੋਗਾ-ਬਰਨਾਲਾ ਸੜਕ ਦੇ ਬਧਨੀ ਕਲਾਂ ਤੋਂ ਹਿੰਮਤਪੁਰਾ ਡ੍ਰੇਨ ਦੇ ਪੁਲ ਤੱਕ ਦੇ ਹਿੱਸੇ (ਕਿਲੋਮੀਟਰ 94.00 ਤੋਂ 114.00) ਨੂੰ ਰਿਪੇਅਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਸੜਕ ਦੀ ਮੁਰੰਮਤ ਦਾ ਕੰਮ ਸਾਲ 2012-13 ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਸਰਦਾਰ ਤੋਤਾ ਸਿੰਘ: ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਇਹ ਸੜਕ ਕੋਈ ਮੋਗਾ ਬਰਨਾਲਾ ਸੜਕ ਨਹੀਂ ਹੈ, ਇਹ ਨੈਸ਼ਨਲ ਹਾਈਵੇ ਸੜਕ ਹੈ। ਇਸਦਾ ਪਹਿਲਾਂ ਨੰਬਰ: 71 ਸੀ ਹੁਣ ਇਸਦਾ ਨੰਬਰ 703 ਹੋ ਗਿਆ ਹੈ ਅਤੇ ਇਹ ਜਲੰਧਰ ਤੋਂ ਵਾਇਆ ਮੋਗਾ, ਬਰਨਾਲਾ, ਸੰਗਰੂਰ, ਰੋਹਤਕ, ਜੀਂਦ ਤੋਂ ਦਿੱਲੀ ਜਾਂਦੀ ਹੈ। ਇਹ ਪੈਰਲਲ ਸੜਕ ਹੈ, ਇਹ ਜਲੰਧਰ ਤੋਂ ਲੁਧਿਆਣਾ, ਅੰਬਾਲਾ ਨੂੰ ਹੋ ਕੇ ਜਿਹੜੀ ਦਿੱਲੀ ਨੂੰ ਸੜਕ ਜਾਂਦੀ ਹੈ, ਉਸ ਤੋਂ ਇਸਦਾ ਫਾਸਲਾ ਘੱਟ ਹੈ। ਉਸਦਾ ਲੋਡ ਘਟਾਉਣ ਲਈ ਅਤੇ ਲੋਕਾਂ ਨੂੰ ਸਹੂਲਤ ਦੇਣ ਲਈ ਇਹ ਉਦੋਂ ਨੈਸ਼ਨਲ ਹਾਈਵੇ ਸੜਕ ਬਣਾਈ ਗਈ ਸੀ, ਜਦੋਂ 1997 ਵਿੱਚ ਸ਼ਰਦਾਰ ਪਰਕਾਸ਼ ਸਿੰਘ ਬਾਦਲ ਜੀ ਮੁੱਖ ਮੰਤਰੀ ਬਣੇ ਸਨ। ਸਪੀਕਰ ਸਾਹਿਬ, ਇਸ ਦੀ ਹਾਲਤ ਇਹ ਹੈ ਕਿ ਮੋਗਾ ਤੋਂ ਬਰਨਾਲਾ ਜਿਹੜੀ ਸੜਕ ਹੈ, ਪਹਿਲਾਂ 2010-11 ਦਾ ਜਿਹੜਾ ਸੈਂਟਰ ਦਾ ਪਲਾਨ ਹੈ, ਉਸ ਦੇ ਵਿੱਚ ਪਾਈ ਗਈ ਔਰ ਇਸ ਦਾ ਐਸਟੀਮੇਟ ਉਸ ਵੇਲੇ 56 ਕਰੋੜ 19 ਲੱਖ ਰੁਪਏ ਬਣਾਇਆ ਗਿਆ ਅਤੇ 28 ਮਾਰਚ ਨੂੰ ਇਸ ਦਾ ਐਸਟੀਮੇਟ ਪਾਸ ਕੀਤਾ ਗਿਆ। ਜਿਹੜੀ ਸੈਂਟਰ ਦੀ ਕਮੇਟੀ ਹੁੰਦੀ ਹੈ, 50 ਕਰੋੜ ਤੋਂ ਉਤੇ ਦੇ ਐਸਟੀਮੇਟ ਕੇਂਦਰ ਦੀ ਕਮੇਟੀ ਪਾਸ ਕਰਦੀ ਹੈ ਅਤੇ ਕੇਂਦਰ ਦੀ ਕਮੇਟੀ ਨੇ ਉਹ 56 ਕਰੋੜ 19 ਲੱਖ ਦਾ ਐਸਟੀਮੇਟ ਪਾਸ ਕੀਤਾ। 28 ਮਾਰਚ ਨੂੰ ਪਾਸ ਕੀਤਾ ਅਤੇ 29 ਮਾਰਚ ਨੂੰ ਢੀਂਡਸਾ ਸਾਹਿਬ, ਉਨ੍ਹਾਂ ਦੇ ਮਨਿਸਟਰ ਨੂੰ ਮਿਲੇ ਅਤੇ ਫਾਈਲ ਵੀ ਉਨ੍ਹਾਂ ਦੇ ਟੇਬਲ ਉਤੇ 28 ਤਰੀਕ ਨੂੰ ਹੀ ਪਹੁੰਚ ਗਈ ਸੀ ਤਾਂ ਕਿ 31 ਮਾਰਚ ਨੂੰ ਫੰਡਜ਼ ਲੈਪਸ ਨਾ ਹੋ ਜਾਣ ਅਤੇ 31 ਮਾਰਚ ਤੋਂ ਪਹਿਲਾਂ ਪਹਿਲਾਂ ਇਹ ਫੰਡਜ਼ ਮਿਲ ਜਾਣ ਅਤੇ ਇਸ ਸੜਕ ਦੀ ਸਾਰੀ ਦੀ ਮੁਰੰਮਤ ਹੋ ਜਾਵੇ। 42 ਕਿਲੋਮੀਟਰ ਦਾ ਹਿੱਸਾ ਇਸਦਾ ਜਿਹੜਾ

(ਸਰਦਾਰ ਤੋਤਾ ਸਿੰਘ)

ਹੈ, ਉਹ 7 ਮੀਟਰ ਚੌੜੀ ਹੈ, 56 ਕਰੋੜ 19 ਲੱਖ ਰੁਪਏ ਨਾਲ ਨਾਲ ਹੀ ਤਾਂ ਉਹ 7 ਤੋਂ 10 ਮੀਟਰ ਚੌੜੀ ਹੋਣੀ ਸੀ ਅਤੇ ਨਾਲ ਹੀ ਉਸਦੀ ਰਿਪੇਅਰ ਹੋਣੀ ਸੀ। ਉਹ ਮੁੜ ਕੇ ਫਾਈਲ ਕੱਢੀ ਨਾ ਗਈ ਅਤੇ ਉਹ ਫੰਡਜ਼ ਲੈਪਸ ਹੋ ਗਏ ਅਤੇ ਮੁੜ ਕੇ ਇਹ ਸਾਲ 2011-12 ਦੀ ਪਲੈਨ ਵਿੱਚ ਪਾਈ ਗਈ ਅਤੇ 2011-12 ਵਿੱਚ ਫੰਡਜ਼ ਨਹੀਂ ਦਿੱਤੇ ਗਏ। ਹੁਣ ਪੰਜਾਬ ਸਰਕਾਰ ਨੇ 2012-13 ਦੇ ਐਸਟੀਮੇਟ ਭੇਜਣੇ ਹਨ, ਮੈਂ ਪਿਛਲੇ 4 ਸਾਲ ਤੋਂ ਇਸ ਸੜਕ ਦੇ ਪਿੱਛੇ ਲੱਗਿਆ ਹੋਇਆ ਹਾਂ। ਮੁੱਖ ਮੰਤਰੀ ਜੀ ਨੇ ਸਾਡੇ ਸਾਹਮਣੇ 2 ਵਾਰ ਡੀ.ਓ. ਲਿਖ ਕੇ ਭੇਜਿਆ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਸਾਡੇ ਸਾਹਮਣੇ ਟੈਲੀਫੋਨ ਵੀ ਕੀਤਾ। ਉਸ ਦੇ ਕਹਿਣ ਤੋਂ ਕੈਬਨਿਟ ਸੈਕਟਰੀ ਨੇ ਕਮੇਟੀ ਦੇ ਵਿੱਚ ਉਹ ਪਾਸ ਕਰ ਦਿੱਤਾ। ਮੇਰੀ ਬੇਨਤੀ ਹੈ ਕਿ 42 ਕਿਲੋਮੀਟਰ ਸੜਕ ਤੇ ਕੋਈ ਬੰਦਾ ਲੰਘ ਨਹੀਂ ਸਕਦਾ, ਉਸਦਾ ਇਹ ਹਾਲ ਹੈ। ਇਹ ਬੜਾ ਸੀਰੀਅਸ ਮੈਟਰ ਹੈ। ਮੇਰੀ ਬੇਨਤੀ ਹੈ ਕਿ ਮੋਗੇ ਜ਼ਿਲ੍ਹੇ ਦਾ ਜਿੰਨਾ ਹਿੱਸਾ ਪੈਂਦਾ ਹੈ, ਬੁਘੀਪੁਰੇ ਤੋਂ ਲੈ ਕੇ ਮੋਗੇ ਜ਼ਿਲ੍ਹੇ ਦੀ ਹੱਦ 42 ਕਿਲੋਮੀਟਰ ਦੀ ਪੈਂਦੀ ਹੈ ...

ਮਾਨਯੋਗ ਸਪੀਕਰ: ਜਥੇਦਾਰ ਜੀ, ਇਹ ਸੈਂਟਰ ਨਾਲ ਰੀਲੇਟ ਕਰਦਾ ਹੈ, ਪੈਸੇ ਦਾ ਮਸਲਾ ਸੈਂਟਰ ਨਾਲ ਰੀਲੇਟ ਕਰਦਾ ਹੈ। ਇਸ ਦੇ ਵਿੱਚ ਬਾਦਲ ਸਾਹਿਬ ਕੀ ਕਰਨਗੇ।

ਸਰਦਾਰ ਤੋਤਾ ਸਿੰਘ: ਇਹ ਬਹੁਤ ਇੰਪਾਰਟੈਂਟ ਸੜਕ ਹੈ, ਮੈਂ 4 ਸਾਲ ਤੋਂ ਇਸ ਦੇ ਪਿੱਛੇ ਲੱਗਿਆ ਹੋਇਆ ਹਾਂ, ਦੱਸੋ ਅਸੀਂ ਕਿਸ ਨੂੰ ਕਹੀਏ ?

ਮਾਨਯੋਗ ਸਪੀਕਰ: ਜਥੇਦਾਰ ਜੀ, ਇਹ ਸੈਂਟਰ ਨਾਲ ਰੀਲੇਟ ਕਰਦਾ ਹੈ, ਪੈਸੇ ਦਾ ਮਸਲਾ ਸੈਂਟਰ ਨਾਲ ਰੀਲੇਟ ਕਰਦਾ ਹੈ। ਇਹ ਕੀ ਜਵਾਬ ਦੇਣਗੇ ?

ਮੰਤਰੀ: ਸਪੀਕਰ ਸਾਹਿਬ, ਇਸਦੇ ਵਿੱਚ ਕੋਈ ਸ਼ੱਕ ਨਹੀਂ ਹੈ, ਇਹ ਸੜਕ 7 ਮੀਟਰ ਤੋਂ 10 ਮੀਟਰ ਚੌੜੀ ਕਰਨ ਵਾਸਤੇ ਮੋਗਾ-ਰਾਮਗੜ੍ਹ ਦੇ ਹਿੱਸੇ ਲਈ 56343.75 ਲੱਖ ਦਾ ਅਨੁਮਾਨ ਸੀ, ਲੇਕਿਨ ਸੈਂਟਰ ਸਰਕਾਰ ਨੇ ਇਸ ਨੂੰ ਮਨਜ਼ੂਰੀ ਨਹੀਂ ਦਿੱਤੀ। ਲੇਕਿਨ ਮੈਂ ਮੈਂਬਰ ਸਾਹਿਬ ਨੂੰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਇਸਦੀ ਕੋਈ ਚਿੰਤਾ ਨਾ ਕਰਨ, ਅਸੀਂ ਬਹੁਤ ਵਧੀਆ ਤਰੀਕੇ ਦੇ ਨਾਲ ਲੱਗੇ ਹੋਏ ਹਾਂ ਇਸ ਨੂੰ ਹਰ ਹੀਲੇ ਵਿੱਚ ਮੁਕੰਮਲ ਕਰਾਂਗੇ।

ਜਲ ਸਪਲਾਈ ਸਕੀਮਾਂ ਦੀ ਗਿਣਤੀ

*60. **ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਤਹਿਸੀਲ ਬਟਾਲਾ ਵਿੱਚ ਪੈਂਦੇ ਉਨ੍ਹਾਂ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿੱਥੇ ਸਰਕਾਰ ਦੁਆਰਾ 2007 ਤੋਂ 2012 ਦੌਰਾਨ ਨਵੀਆਂ ਜਲ ਸਪਲਾਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਸਨ:

(ਅ) ਉਪਰੋਕਤ ਵਰਣਿਤ ਪਿੰਡਾਂ ਵਿੱਚੋਂ ਉਨ੍ਹਾਂ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿੱਥੇ ਉਕਤ ਸਕੀਮਾਂ ਨੂੰ ਮਿਤੀ ਅੰਤ ਤੱਕ ਪੂਰਾ ਕਰਨ ਉਪਰੰਤ ਚਾਲੂ ਕੀਤਾ ਗਿਆ ਹੈ;

(ੲ) ਅਜਿਹੇ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿੱਥੇ ਉਕਤ ਸਕੀਮਾਂ ਅਜੇ ਤੱਕ ਅਧੂਰੀਆਂ ਹਨ ਅਤੇ ਇਨ੍ਹਾਂ ਦੀ ਮੌਜੂਦਾ ਸਥਿਤੀ ਕੀ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ: ਇਸ ਪ੍ਰਸ਼ਨ ਦਾ ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ?

(ੳ) ਤਹਿਸੀਲ ਬਟਾਲਾ ਵਿੱਚ 352 ਰਿਹਾਇਸ਼ੀ ਪਿੰਡ ਹਨ। ਇਨ੍ਹਾਂ ਵਿੱਚੋਂ 167 ਪਿੰਡ ਮਿਤੀ 01-04-2007 ਤੋਂ 12-06-2012 ਦੌਰਾਨ 105 ਜਲ ਸਪਲਾਈ ਸਕੀਮਾਂ ਤਹਿਤ ਕਵਰ ਕਰਨ ਲਈ ਲਏ ਗਏ ਹਨ।

(ਅ) ਉਕਤ 167 ਪਿੰਡਾਂ ਵਿੱਚੋਂ 138 ਪਿੰਡਾਂ ਲਈ 87 ਜਲ ਸਪਲਾਈ ਸਕੀਮਾਂ ਦੇ ਕੰਮ ਮੁਕੰਮਲ ਹੋ ਚੁੱਕੇ ਹਨ ਅਤੇ ਜਲ ਸਪਲਾਈ ਚਾਲੂ ਕਰ ਦਿੱਤੀ ਗਈ ਹੈ।

(ੲ) 19 ਪਿੰਡਾਂ ਵਿਚ ਕੰਮ ਚੱਲ ਰਿਹਾ ਹੈ ਜੋ ਸਾਲ 2012-13 ਵਿਚ ਕੀਤਾ ਜਾਣਾ ਹੈ। 10 ਪਿੰਡਾਂ ਵਿਚ ਕੰਮ ਸ਼ੁਰੂ ਨਹੀਂ ਕਰਵਾਏ ਜਾ ਸਕੇ ਹਨ। ਇਨ੍ਹਾਂ 10 ਪਿੰਡਾਂ ਵਿਚੋਂ 7 ਪਿੰਡਾਂ ਵਿੱਚ (5 ਸਕੀਮਾਂ) ਜਗ੍ਹਾ ਦੀ ਉਪਲਬਧਤਾ ਨਾ ਹੋਣ ਕਾਰਨ ਕੰਮ ਸ਼ੁਰੂ ਨਹੀਂ ਕਰਵਾਏ ਜਾ ਸਕੇ ਹਨ ਅਤੇ 3 ਪਿੰਡਾਂ ਵਿਚ (3 ਸਕੀਮਾਂ) ਲਾਭ ਪ੍ਰਾਪਤੀਆਂ ਵਲੋਂ ਆਪਣਾ ਹਿੱਸਾ ਨਾ ਪਾਉਣ ਕਾਰਨ ਕੰਮ ਸ਼ੁਰੂ ਨਹੀਂ ਕਰਵਾਏ ਗਏ ਹਨ।

ਸਰਦਾਰ ਸੁਖਜਿੰਦਰ ਸਿੰਘ: ਸਪੀਕਰ ਸਾਹਿਬ, ਜਿਹੜੇ ਪਿੰਡਾਂ ਵਿੱਚ ਵਾਟਰ ਸਪਲਾਈ ਚੱਲ ਰਹੀ ਹੈ, ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਤਕਰੀਬਨ 360 ਪਿੰਡਾਂ ਵਿੱਚ ਵਾਟਰ ਸਪਲਾਈ ਚੱਲ ਰਹੀ ਹੈ ਪਰ ਉਥੇ ਚਾਰ-ਚਾਰ ਪਿੰਡਾਂ ਦਾ ਕਲਸਟਰ ਬਣਿਆ ਹੋਇਆ ਹੈ। ਇੱਕ ਪਿੰਡ ਵਿੱਚ ਤਾਂ ਵਾਟਰ ਸਪਲਾਈ ਆ ਜਾਂਦੀ ਹੈ ਪਰ ਬਾਕੀ ਤਿੰਨ ਪਿੰਡ

(ਸਰਦਾਰ ਸੁਖਜਿੰਦਰ ਸਿੰਘ)

ਪਾਣੀ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਨੂੰ ਪਾਣੀ ਨਹੀਂ ਮਿਲਦਾ, ਸਪਲਾਈ ਉਥੇ ਪਹੁੰਚਦੀ ਨਹੀਂ। ਪਿੱਛੇ ਜਿਹੇ ਸਾਡੇ ਗੁਰਦਾਸਪੁਰ ਡਿਸਟ੍ਰਿਕਟ ਦੀ ਮੀਟਿੰਗ ਵੀ ਹੋਈ ਸੀ। ਸਪੀਕਰ ਸਾਹਿਬ, ਉਸ ਵਿੱਚ ਵੀ ਕੋਈ ਤਸੱਲੀਬਖਸ਼ ਜਵਾਬ ਨਹੀਂ ਮਿਲਿਆ। ਬਟਾਲੇ ਵਿੱਚ ਜਿਵੇਂ ਭਾਗੋਵਾਲ ਪਿੰਡ ਹੈ, ਉਥੇ ਅਜੇ ਤੱਕ ਸਪਲਾਈ ਨਹੀਂ ਪਹੁੰਚੀ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਵਿੱਚ ਕਈ ਪਿੰਡ ਹਨ ਤੇ ਉਥੇ ਅਜੇ ਤੱਕ ਪਾਣੀ ਪਹੁੰਚਿਆ ਹੀ ਨਹੀਂ। ਕਿਰਪਾ ਕਰਕੇ ਜਿਨ੍ਹਾਂ ਪਿੰਡਾਂ ਵਿੱਚ ਪਾਣੀ ਨਹੀਂ ਜਾ ਰਿਹਾ, ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਪਿੰਡਾਂ ਵਿੱਚ ਕਦੋਂ ਪਾਣੀ ਪਹੁੰਚਾਇਆ ਜਾਵੇਗਾ? ਮੈਂ ਨਾਲ ਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿੱਚ ਲੋਕ ਆਪਣਾ ਹਿੱਸਾ ਨਹੀਂ ਪਾ ਸਕਦੇ, ਉਨ੍ਹਾਂ ਬਾਰੇ ਕੀ ਕੀਤਾ ਜਾ ਰਿਹਾ ਹੈ? ਇਹ ਬਾਰਡਰ ਦੇ ਪਿੰਡ ਹਨ। ਇਨ੍ਹਾਂ ਪਿੰਡਾਂ ਦੀ ਆਪਣੀ ਕੋਈ ਆਮਦਨ ਨਹੀਂ ਹੈ। ਲੋਕ ਬਹੁਤ ਗਰੀਬ ਹਨ। ਉਨ੍ਹਾਂ ਦਾ ਵੀ ਕੋਈ ਹੱਲ ਕੱਢਿਆ ਜਾਣਾ ਚਾਹੀਦਾ ਹੈ। ਜਿਹੜੇ ਪਿੰਡਾਂ ਦੇ ਲੋਕ ਬਿਲ ਨਹੀਂ ਭਰ ਸਕਦੇ, ਉਨ੍ਹਾਂ ਪਿੰਡਾਂ ਦੇ ਕੁਨੈਕਸ਼ਨ ਨਾ ਕੱਟੇ ਜਾਣ। ਇਸ ਬਾਰੇ ਮੁੱਖ ਮੰਤਰੀ ਜੀ ਦੱਸਣ।

ਮੁੱਖ ਮੰਤਰੀ: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਦੋ ਸਵਾਲ ਕੀਤੇ ਹਨ। ਇੱਕ ਤਾਂ ਇਹ ਹੈ ਕਿ ਜਿਹੜੇ ਪਿੰਡ ਹਿੱਸਾ ਨਹੀਂ ਪਾ ਸਕਦੇ, ਉਨ੍ਹਾਂ ਦਾ ਸਰਕਾਰ ਵੱਲੋਂ ਕੋਈ ਹੋਰ ਤਰੀਕਾ ਲੱਭਿਆ ਜਾਵੇ। ਇਸ ਵਿੱਚ ਮੈਂ ਬੇਨਤੀ ਕਰਦਾ ਹਾਂ ਕਿ ਦੋ ਹੀ ਸਕੀਮਾਂ ਹਨ। ਇੱਕ ਤਾਂ ਵਰਲਡ ਬੈਂਕ ਦੀ ਹੈ ਤੇ ਇੱਕ ਸੈਂਟਰਲ ਗੌਰਮਿੰਟ ਦੀ ਹੈ। ਦੋਵਾਂ ਨੇ ਵੱਡੀ ਸ਼ਰਤ ਰੱਖੀ ਹੈ ਕਿ ਆਬਾਦੀ ਦੇ ਹਿਸਾਬ ਨਾਲ ਹਿੱਸਾ ਪਾਇਆ ਜਾਵੇ। 800 ਰੁਪਿਆ ਜਨਰਲ ਪਰਿਵਾਰ ਤੇ 400 ਰੁਪਿਆ ਸ਼ਡਿਊਲਡ ਕਾਸਟ ਪਰਿਵਾਰ ਵਾਲੇ ਹਿੱਸਾ ਪਾਉਣ। ਮੈਂ ਕੋਸ਼ਿਸ਼ ਕਰਕੇ ਘਟਵਾ ਲਿਆ ਹੈ। ਹੁਣ ਜਨਰਲ 400 ਰੁਪਿਆ ਦੇਵੇਗਾ ਤੇ ਸ਼ਡਿਊਲਡ ਕਾਸਟ ਪਰਿਵਾਰ 200 ਰੁਪਿਆ ਦੇਵੇਗਾ ਪਰ ਉਨ੍ਹਾਂ ਦੀ ਇਹ ਡੈਫੀਨੇਟ ਸ਼ਰਤ ਹੈ। ਇਸ ਤੋਂ ਬਿਨਾਂ ਸਕੀਮ ਨਾ ਤਾਂ ਸੈਂਟਰ ਵਾਲੇ ਮਨਜ਼ੂਰ ਕਰਦੇ ਹਨ ਤੇ ਨਾ ਹੀ ਵਰਲਡ ਬੈਂਕ । ਇਸ ਦੀ ਇਹ ਪਰਾਬਲਮ ਹੈ ਲੇਕਿਨ ਤੁਹਾਡੇ ਤਾਂ ਥੋੜ੍ਹੇ ਜਿਹੇ ਹੀ ਰਹਿ ਗਏ। ਸਾਰਿਆਂ ਨੇ ਪੈਸੇ ਦੇ ਦਿੱਤੇ ਹਨ। ਹੌਲੀ ਹੌਲੀ ਲੋਕ ਦੇ ਰਹੇ ਹਨ। ਥੋੜ੍ਹੇ ਹੀ ਪਿੰਡ ਰਹਿ ਗਏ ਹਨ। ਦੂਜਾ, ਇਹ ਕਿ ਤੁਸੀਂ ਜੁਆਇੰਟ ਸਕੀਮਾਂ ਦੀ ਗੱਲ ਕੀਤੀ ਹੈ ਕਿ ਪਾਣੀ ਨਹੀਂ ਪਹੁੰਚਦਾ। ਉਸ ਦੀ ਰਿਪੋਰਟ ਮੈਂ ਮੰਗਵਾ ਲਵਾਂਗਾ। ਰਿਕਾਰਡ ਵਿੱਚ ਜੁਆਇੰਟ ਪਿੰਡ ਜਿਹੜੇ ਬਣੇ ਹਨ, ਉਥੇ ਵਾਟਰ ਵਰਕਸ ਰਾਹੀਂ ਪਾਣੀ ਦਿੱਤਾ ਜਾਂਦਾ ਹੈ। ਜਿੱਥੇ ਕੋਈ ਤਕਲੀਫ ਹੋਵੇਗੀ ਜਾਂ ਆਨਰੇਬਲ ਮੈਂਬਰ ਸਾਹਿਬ ਦੱਸਣਗੇ ਤਾਂ ਮੈਂ ਉਸ ਦੀ ਪੂਰੀ ਕੋਸ਼ਿਸ਼ ਕਰਾਂਗਾ ਕਿ ਇਹ ਪ੍ਰਾਬਲਮ ਠੀਕ ਕੀਤੀ ਜਾ ਸਕੇ।

ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇੱਕ ਹੋਰ ਬੇਨਤੀ ਕਰਦਾ ਹਾਂ ਰੂਲਿੰਗ ਪਾਰਟੀ ਵਿੱਚ ਵੀ ਬੈਠੇ ਹਨ, ਆਪੋਜੀਸ਼ਨ ਵਿੱਚ ਵੀ ਬੈਠੇ ਹਨ ਕਿ ਜਦੋਂ ਵੀ ਕੋਈ ਇਹੋ ਜਿਹੀ ਜਾਂ ਕੋਈ ਹਲਕੇ ਦੀ ਪਰਾਬਲਮ ਹੋ ਜਾਵੇ ਤਾਂ ਉਹ ਮੇਰੇ ਕੋਲ ਤਸ਼ਰੀਫ ਲੈ ਆਉਣ। ਮੈਨੂੰ ਟੈਲੀਫੂਨ ਕਰ ਦੇਣ। ਵੈਸੇ ਮੈਂ ਦੋ ਘੰਟੇ ਹਫਤੇ ਵਿੱਚ ਤਿੰਨ ਦਿਨ ਆਪਣੇ ਸੈਕਟਰੀਏਟ ਵਿੱਚ ਐਮ.ਐਲ.ਏ. ਸਾਹਿਬਾਨ ਤੇ ਵੀ.ਆਈ.ਪੀ. ਸਾਹਿਬਾਨ ਵਾਸਤੇ ਰੱਖੇ ਹਨ। ਕੋਈ ਉਸ ਟਾਈਮ ਵਿੱਚ ਆ ਜਾਵੇ। ਮੰਗਲਵਾਰ, ਬੁੱਧਵਾਰ ਤੇ ਵੀਰਵਾਰ ਸੈਕਟਰੀਏਟ ਵਿੱਚ। ਤੁਹਾਡਾ ਹੱਕ ਬਣਦਾ ਹੈ। ਇੰਡਵਿਜ਼ੂਅਲ ਆ ਜਾਓ। ਉਥੇ ਬੈਠ ਕੇ ਜ਼ਿਆਦਾ ਹੱਲ ਹੋ ਸਕਦਾ ਹੈ ਲੇਕਿਨ ਜਿਹੜੇ ਦੋ ਕੰਮ ਤੁਸੀਂ ਮੇਰੇ ਨੋਟਿਸ ਵਿੱਚ ਲਿਆਂਦੇ ਹਨ, ਇੱਕ ਦੀ ਤਾਂ ਮੇਰੀ ਮਜ਼ਬੂਰੀ ਹੈ, ਦੂਜਾ ਤੁਸੀਂ ਮੇਰੇ ਕੋਲ ਨੋਟ ਲਿਖ ਕੇ ਭੇਜ ਦੇਣਾ, I will do my best.

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਬਿਲਕੁਲ ਠੀਕ ਫੁਰਮਾਇਆ ਹੈ ਕਿ ਇਹ ਕੰਡੀਸ਼ਨਜ਼ ਹਨ, ਜਿਸ ਦੇ ਤਹਿਤ ਵਰਲਡ ਬੈਂਕ ਨੇ ਪੈਸਾ ਦਿੱਤਾ ਹੈ, utility charges have to be released. ਉਸ ਦੇ ਬਿਨਾਂ ਪੈਸੇ ਨਹੀਂ ਦੇਣੇ ਪਰ ਸਪੀਕਰ ਸਾਹਿਬ, ਇਸ ਵਿੱਚ ਕਈ ਵਾਰ ਐਕਸੈਪਸ਼ਨ ਹੋ ਜਾਂਦੀ ਹੈ। ਜਿਵੇਂ ਬਾਦਲ ਸਾਹਿਬ ਕਈ ਵਾਰ ਪਿੰਡਾਂ ਦੇ ਗੇੜੇ ਮਾਰਦੇ ਹਨ। ਸੰਗਤ ਦਰਸ਼ਨ ਵਿੱਚ ਇਨ੍ਹਾਂ ਨੇ ਪੈਸੇ ਰਿਲੀਜ਼ ਕਰ ਦਿੱਤੇ। ਫਿਰ ਸੰਗਤ ਦਰਸ਼ਨ ਵਿੱਚ ਪਿੰਡ ਦੇ ਸਰਪੰਚ ਤੇ ਹੋਰ ਲੋਕ ਆਏ, ਉਨ੍ਹਾਂ ਨੇ ਕਿਹਾ ਕਿ ਬਿਜਲੀ ਕੱਟ ਗਈ ਹੈ। ਇਨ੍ਹਾਂ ਨੇ ਮੌਕੇ ਤੇ ਅਫਸਰਾਂ ਨੂੰ ਕਹਿ ਦਿੱਤਾ, ਇਨ੍ਹਾਂ ਨੂੰ ਪੈਸੇ ਦੇ ਦਿਓ। ਉਨ੍ਹਾਂ ਦੀ ਬਿਜਲੀ ਚਾਲੂ ਹੋ ਗਈ ਪਰ ਇਸ ਦਾ ਗਲਤ ਸਿਗਨਲ ਇਹ ਜਾਂਦਾ ਹੈ ਕਿ ਦੂਜਾ ਬੰਦਾ ਇਹ ਕਹਿੰਦਾ ਹੈ ਕਿ ਸਾਡੇ ਜਦੋਂ ਮੁੱਖ ਮੰਤਰੀ ਜੀ ਆਉਣਗੇ, ਅਸੀਂ ਵੀ ਮੁਆਫ ਕਰਵਾ ਲਵਾਂਗੇ। ਅਸੀਂ ਕਮਲੇ ਹਾਂ, ਅਸੀਂ ਕਿਉਂ ਬਿਲ ਭਰੀਏ। ਸੋ, ਇੱਕ ਕੰਪੋਜ਼ਿਟ ਪਾਲਿਸੀ ਹੋਣੀ ਚਾਹੀਦੀ ਹੈ ......।

ਮੇਰਾ ਆਪਣਾ ਪਿੰਡ ਮੌਜਗੜ੍ਹ ਹੈ, ਉਥੇ ਡੇਢ ਮਹੀਨੇ ਤੋਂ ਬਿਜਲੀ ਕੱਟੀ ਹੋਈ ਹੈ .....

ਮਾਨਯੋਗ ਸਪੀਕਰ: ਪ੍ਰਸ਼ਨ ਕਾਲ ਖਤਮ ਹੁੰਦਾ ਹੈ ......

ਸ਼੍ਰੀ ਸੁਨੀਲ ਜਾਖੜ: ਜਿਹੜੀ ਕੁਲੈਕਸ਼ਨ ਹੈ, ਉਹ ਡਿਪਾਰਟਮੈਂਟ ਨੂੰ ਦੇ ਦਿਓ ਕਿਉਂਕਿ ਇਨ੍ਹਾਂ ਨੇ ਵੋਟਾਂ ਲੈਣੀਆਂ ਹਨ, ਇਹ ਕੁਨੈਕਸ਼ਨ ਕੱਟਦੇ ਹੀ ਨਹੀਂ। ਹੁਣ ਢੀਂਡਸਾ ਸਾਹਿਬ ਨੇ ਵੀ ਟੈਕਸ ਨਹੀਂ ਲਗਾਏ ਕਿਉਂਕਿ ਵੋਟਾਂ ਲੈਣ ਜਾਣਾ ਪੈਣਾ ਹੈ। ਇਸੇ ਤਰ੍ਹਾਂ ਸਰਪੰਚ ਵੀ ਕੁਨੈਕਸ਼ਨ ਨਹੀਂ ਕੱਟਦਾ, ਉਹ ਕਹਿੰਦਾ ਮੈਂ ਕਿਉਂ ਕਿਸੇ ਨਾਲ ਜਾ ਕੇ ਵੈਰ ਪਾਵਾਂ। ਇਸ ਤਰ੍ਹਾਂ ਕਰ ਲਓ ਕਿ ਕੁਲੈਕਸ਼ਨ ਡਿਪਾਰਟਮੈਂਟ ਕਰੇਗਾ ਅਤੇ ਅਦਰਵਾਈਜ਼ ਮੇਨਟੇਨੈਂਸ ਅਤੇ ਸੁਪਰਵੀਜ਼ਨ ਪੰਚਾਇਤ ਕੋਲ ਰਹਿਣ ਦਿਓ। ਨਹੀਂ ਤਾਂ ਪੈਸੇ ਇੱਕਠੇ ਕਰਨ ਦੇ ਪਿੱਛੋਂ ਪਿੰਡਾਂ ਵਿੱਚ ਲੜਾਈਆਂ ਵੀ ਹੋ ਗਈਆਂ ਹਨ। 26 ਦੇ ਪਰਚੇ ਦਰਜ ਹੋਏ ਪਏ ਹਨ। ਇੱਕ ਪਾਸੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ

(ਸ਼੍ਰੀ ਸੁਨੀਲ ਜਾਖੜ)

ਦੇ ਸਬੰਧ ਵਿੱਚ ਛਬੀਲਾਂ ਲੱਗ ਰਹੀਆਂ ਹਨ। ਪਹਿਲਾਂ ਇੱਕ-ਦੋ ਦਿਨ ਛਬੀਲਾਂ ਲਗਦੀਆਂ ਸੀ ਪਰ ਐਤਕੀਂ ਇੰਨੇ ਦਿਨ ਹੋ ਗਏ ਹਨ ਪਰ ਦੂਜੇ ਪਾਸੇ ਹਰ ਪਿੰਡ ਵਿੱਚ ਇਹੀ ਰੌਲਾ ਪਿਆ ਖੜ੍ਹਾ ਹੈ ਕਿ ਕੁਨੈਕਸ਼ਨ ਕੱਟੇ ਪਏ ਹਨ, ਬਿਜਲੀ ਦੇ ਬਿੱਲ ਹੈ ਨਹੀਂ। ਸਾਡੇ 8-10 ਪਿੰਡਾਂ ਵਿੱਚ ਬਿਜਲੀ ਦੇ ਕੁਨੈਕਸ਼ਨ ਕੱਟੇ ਹੋਏ ਹਨ।

ਮਾਨਯੋਗ ਸਪੀਕਰ: ਧੰਨਵਾਦ ਜੀ। ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਦੇ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਪੀਣ ਯੋਗ ਪਾਣੀ ਦੀ ਸਪਲਾਈ

*51. **ਸਰਦਾਰ ਜੋਗਿੰਦਰ ਸਿੰਘ ਜਿੰਦੂ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਫਿਰੋਜ਼ਪੁਰ ਦੀ ਸਬ-ਡਵੀਜ਼ਨ ਫਿਰੋਜ਼ਪੁਰ ਵਿੱਚ ਕਿੰਨੇ ਅਜਿਹੇ ਪਿੰਡ ਹਨ ਜਿੱਥੇ ਆਰ.ਓ. ਸਿਸਟਮ ਦਾ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾ ਚੁੱਕਾ ਹੈ ਤੇ ਬਾਕੀ ਕਿੰਨੇ ਪਿੰਡ ਅਜਿਹੇ ਹਨ ਜਿਥੇ ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਕਰਨਾ ਬਾਕੀ ਰਹਿੰਦਾ ਹੈ;

(ਅ) ਜਿਹੜੇ ਪਿੰਡਾਂ ਵਿੱਚ ਸਾਫ਼ ਪੀਣ ਵਾਲੇ ਪਾਣੀ ਦਾ ਪ੍ਰਬੰਧ ਅਜੇ ਤੱਕ ਨਹੀਂ ਹੋ ਸਕਿਆ ਉਥੇ ਆਰ.ਓ. ਦਾ ਸਾਫ਼ ਪੀਣ ਵਾਲਾ ਪਾਣੀ ਕਿੰਨੇ ਚਿਰ ਵਿੱਚ ਮੁਹੱਈਆ ਕਰਵਾ ਦਿੱਤਾ ਜਾਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ:

(ੳ) ਜ਼ਿਲ੍ਹਾ ਫਿਰੋਜ਼ਪੁਰ ਦੀ ਸਬ-ਡਵੀਜ਼ਨ ਫਿਰੋਜ਼ਪੁਰ ਵਿੱਚ ਕੁੱਲ 311 ਪਿੰਡਾਂ ਵਿੱਚੋਂ 76 ਪਿੰਡਾਂ ਵਿੱਚ ਆਰ.ਓ. ਸਿਸਟਮ ਦਾ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਚੁੱਕਾ ਹੈ ਅਤੇ ਇੱਕ ਪਿੰਡ ਵਿੱਚ ਕੰਮ ਪ੍ਰਗਤੀ ਅਧੀਨ ਹੈ। ਸਬ ਡਵੀਜ਼ਨ, ਫਿਰੋਜ਼ਪੁਰ ਵਿੱਚ 236 ਪਿੰਡਾਂ ਨੂੰ ਜਲ ਸਪਲਾਈ 136 ਟਿਊਬਵੈਲ ਸਕੀਮਾਂ ਰਾਹੀਂ ਦਿੱਤੀ ਜਾਂਦੀ ਹੈ। 9 ਪਿੰਡਾਂ ਨੂੰ ਜਲ ਸਪਲਾਈ 6 ਕੈਨਾਲ ਬੇਸਡ ਸਕੀਮਾਂ

ਰਾਹੀਂ ਦਿੱਤੀ ਜਾਂਦੀ ਹੈ ਅਤੇ 65 ਪਿੰਡਾਂ ਨੂੰ ਜਲ ਸਪਲਾਈ 65 ਡੂੰਘੇ ਇੰਡੀਆ ਮਾਰਕ-II ਹੈਂਡ ਪੰਪਾਂ ਰਾਹੀਂ ਦਿੱਤੀ ਜਾਂਦੀ ਹੈ। ਇਕ ਪਿੰਡ ਚੱਕ ਗੁਬਾਇਆ ਉਰਫ ਤਾਰਾਂਵਾਲੀ ਨੂੰ ਜਲ ਸਪਲਾਈ ਰਾਹੀਂ ਕਵਰ ਨਹੀਂ ਕੀਤਾ ਗਿਆ ਅਤੇ ਇਸ ਪਿੰਡ ਵਿੱਚ ਜਲ ਸਪਲਾਈ ਮਾਰਚ, 2013 ਤੱਕ ਚਾਲੂ ਕਰਨ ਦੀ ਤਜਵੀਜ਼ ਹੈ।

(ਅ) ਬਾਕੀ ਰਹਿੰਦੇ ਪਿੰਡਾਂ ਵਿੱਚ ਆਰ.ਓ. ਸਿਸਟਮ ਲਗਾਉਣ ਦੀ ਹਾਲ ਦੀ ਘੜੀ ਕੋਈ ਤਜਵੀਜ਼ ਨਹੀਂ ਹੈ।

ਪੰਚਾਇਤਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਦੀ ਗਿਣਤੀ

*23. **ਸਰਦਾਰ ਚਤਿੰਨ ਸਿੰਘ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਮਾਨਸਾ ਵਿੱਚ ਅਜਿਹੇ ਕਿੰਨੇ ਸਕੂਲ ਹਨ ਜੋ ਮਿਡਲ ਤੋਂ ਹਾਈ ਅਤੇ ਹਾਈ ਤੋਂ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਕੇ ਸਬੰਧਤ ਪੰਚਾਇਤਾਂ ਦੁਆਰਾ ਚਲਾਏ ਜਾ ਰਹੇ ਹਨ:

(ਅ) ਕੀ ਸਰਕਾਰ ਭਾਗ (ੳ) ਵਿੱਚ ਵਰਣਿਤ ਸਕੂਲਾਂ ਨੂੰ ਆਪਣੇ ਅਧੀਨ ਲੈ ਕੇ ਅਮਲੇ ਦੀਆਂ ਤਨਖਾਹਾਂ ਆਦਿ ਸਰਕਾਰੀ ਖਜਾਨੇ ਵਿੱਚੋਂ ਦੇ ਕੇ ਸਬੰਧਤ ਪੰਚਾਇਤਾਂ ਨੂੰ ਇਸ ਭਾਰੀ ਵਿੱਤੀ ਬੋਝ ਤੋਂ ਮੁਕਤ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

ਸਰਦਾਰ ਸਿਕੰਦਰ ਸਿੰਘ ਮਲੂਕਾ: (ੳ) ਜ਼ਿਲ੍ਹਾ ਮਾਨਸਾ ਵਿੱਚ 7 ਸਕੂਲ ਮਿਡਲ ਤੋਂ ਹਾਈ ਅਤੇ 5 ਸਕੂਲ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਕੇ ਸਬੰਧਤ ਪੰਚਾਇਤਾਂ ਦੁਆਰਾ ਚਲਾਏ ਜਾ ਰਹੇ ਹਨ। ਅਜਿਹੇ ਸਕੂਲਾਂ ਦੀ ਸੂਚੀ ਅਨੁਲੱਗ 'ੳ' ਤੇ ਨੱਥੀ ਹੈ।

(ਅ) ਨਹੀਂ ਜੀ। ਹਾਲ ਦੀ ਘੜੀ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮਾਨਸਾ ਜ਼ਿਲ੍ਹੇ ਵਿੱਚ 07 ਸਕੂਲ ਮਿਡਲ ਤੋਂ ਹਾਈ ਅਤੇ 05 ਸਕੂਲ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਕੇ ਸਬੰਧਤ ਪੰਚਾਇਤਾਂ ਦੁਆਰਾ ਚਲਾਏ ਜਾ ਰਹੇ ਹਨ।

ਅਨੁਲੱਗ 'ੳ'

ਮਿਡਲ ਤੋਂ ਹਾਈ:

ਲੜੀ ਨੰ:	ਸਕੂਲ ਦਾ ਨਾਂ	ਬਲਾਕ ਦਾ ਨਾਂ
1	ਸਮਸ ਭਾਵਾ	ਬੇਰਟਾ
2	ਸਮਸ ਖੁਡਾਲ ਕਲਾਂ	ਬੁਢਲਾਡਾ-2
3	ਸਮਸ ਬਹਾਦੁਰ ਪੁਰ	ਬੁਢਲਾਡਾ-2
4	ਸਮਸ ਮਘਾਣੀਆਂ	ਬੁਢਲਾਡਾ-2
5	ਸਮਸ ਕਲੀਪੁਰ	ਬੁਢਲਾਡਾ
6	ਸਮਸ ਮਲਕੋ	ਬੁਢਲਾਡਾ
7	ਸਮਸ ਬਰਨਾਲਾ	ਮਾਨਸਾ

ਹਾਈ ਤੋਂ ਸੈਕੰਡਰੀ:

ਲੜੀ ਨੰ:	ਸਕੂਲ ਦਾ ਨਾਂ	ਬਲਾਕ ਦਾ ਨਾਂ
1	ਸਹਸ ਰੱਲੀ	ਬੁਢਲਾਡਾ
2	ਸਹਸ ਰੰਘੜਿਆਲ	ਬੁਢਲਾਡਾ
3	ਸਹਸ ਬਖਸੀਵਾਲਾ	ਬੁਢਲਾਡਾ
4	ਸਹਸ ਰਾਮਗੜ੍ਹ ਸਾਹਪੁਰੀਆ	ਬੁਢਲਾਡਾ ਐਟ ਬੇਰਟਾ
5	ਸਹਸ ਕਿਸ਼ਨਗੜ੍ਹ	ਬੁਢਲਾਡਾ

ਲੁਧਿਆਣਾ ਸ਼ਹਿਰ ਵਿੱਚ ਡੇਂਗੂ ਦੀ ਰੋਕ ਥਾਮ

*59. **ਸਰਦਾਰ ਰਣਜੀਤ ਸਿੰਘ ਢਿੱਲੋਂ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਸ਼ਹਿਰ ਵਿੱਚ ਡੇਂਗੂ ਬੁਖਾਰ ਤੋਂ ਬਚਾਅ ਲਈ ਕੋਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਵੇਰਵੇ ਦਿੱਤੇ ਜਾਣ?

ਸ਼੍ਰੀ ਮਦਨ ਮੋਹਨ ਮਿੱਤਲ: ਹਾਂ, ਸ਼੍ਰੀਮਾਨ ਜੀ,

ਲੁਧਿਆਣਾ ਸ਼ਹਿਰ ਵਿੱਚ ਡੇਂਗੂ ਦੇ ਬਚਾਅ ਲਈ ਹੇਠ ਲਿਖੇ ਅਨੁਸਾਰ ਕਦਮ ਚੁੱਕੇ ਜਾ ਰਹੇ ਹਨ:-

1. ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਮਿਤੀ 30.5.2012 ਨੂੰ ਡੇਂਗੂ ਅਤੇ ਮਲੇਰੀਆ ਦੇ ਬਚਾਅ ਅਤੇ ਉਪਰਾਲੇ ਕਰਨ ਲਈ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕਰ ਲਈ ਗਈ ਹੈ। ਇਸ ਵਿੱਚ ਲਏ ਗਏ ਫੈਸਲਿਆਂ ਨੂੰ ਲਾਗੂ ਕਰ ਦਿੱਤਾ ਗਿਆ ਹੈ।

2. ਜ਼ਿਲ੍ਹੇ ਵਿੱਚ ਪ੍ਰਾਈਵੇਟ ਪ੍ਰੈਕਟੀਸ਼ਨਰਾਂ ਅਤੇ ਵੱਡੇ ਹਸਪਤਾਲਾਂ ਦੇ ਮੁਖੀਆਂ ਨਾਲ ਡੇਂਗੂ ਦੇ ਬਚਾਅ ਅਤੇ ਉਪਰਾਲਿਆਂ ਲਈ ਮਿਤੀ 23.4.2012 ਨੂੰ ਮੀਟਿੰਗ ਕੀਤੀ ਗਈ ਹੈ।

3 ਰੈਪਿਡ ਰਿਸਪੌਂਸ ਟੀਮ ਗਠਿਤ ਕੀਤੀ ਗਈ ਹੈ।

4 ਸਾਲ 2011 ਦੌਰਾਨ ਰਿਪੋਰਟ ਹੋਏ ਡੇਂਗੂ ਕੇਸਾਂ ਅਨੁਸਾਰ ਹਾਈ ਰਿਸਕ ਏਰੀਏ ਦੀ ਪਹਿਚਾਣ ਕੀਤੀ ਗਈ ਹੈ ਅਤੇ ਉਸ ਏਰੀਏ ਵਿੱਚ ਐਪੀਡੀਮਾਲੋਜੀਕਲ ਸਰਵੇ ਕਰਵਾਇਆ ਗਿਆ ਹੈ।

5 ਡੇਂਗੂ ਬੁਖਾਰ ਦੇ ਬਚਾਅ ਲਈ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਆਈ. ਈ. ਸੀ.। (ਸੂਚਨਾ, ਸਿੱਖਿਆ ਅਤੇ ਸੰਚਾਰ) ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਡੇਂਗੂ ਬੁਖਾਰ ਤੋਂ ਬਚਾਅ ਲਈ ਆਮ ਲੋਕਾਂ ਦੀ ਜਾਣਕਾਰੀ ਲਈ 25,000 ਪੇਂਫਲੈਟ ਵੰਡੇ ਗਏ ਅਤੇ 1,00,000 ਹੋਰ ਪ੍ਰਿੰਟ ਕਰਵਾ ਕੇ ਵੰਡੇ ਜਾ ਰਹੇ ਹਨ।

6 ਸਿਵਲ ਹਸਪਤਾਲ ਲੁਧਿਆਣਾ ਵਿਖੇ ਵੱਖਰਾ ਡੇਂਗੂ ਵਾਰਡ ਬਣਾਇਆ ਗਿਆ ਹੈ।

7 ਸਿਵਲ ਹਸਪਤਾਲ, ਲੁਧਿਆਣਾ ਵਿੱਚ ਡੇਂਗੂ ਮਰੀਜਾਂ ਦੇ ਟੈਸਟ ਲਈ ਲੋੜੀਂਦੀ ਮਾਤਰਾ ਵਿੱਚ ਡੇਂਗੂ ਟੈਸਟ ਕਿੱਟਾਂ ਉਪਲਬਧ ਹਨ, ਜਿਨ੍ਹਾਂ ਰਾਹੀਂ ਡੇਂਗੂ ਟੈਸਟ ਮੁਫਤ ਕੀਤਾ ਜਾਂਦਾ ਹੈ।

8 ਸਿਵਲ ਹਸਪਤਾਲ ਲੁਧਿਆਣਾ ਵਿੱਚ ਬਲੱਡ ਕੰਪੋਨੈਂਟ ਸੇਪਰੇਟਰ ਮਸ਼ੀਨ ਦੀ ਸਹੂਲਤ ਉਪਲਬਧ ਹੈ।

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)

9 ਸਿਵਲ ਹਸਪਤਾਲ ਲੁਧਿਆਣਾ ਵਿੱਚ ਪਲੇਟਲੇਟਸ ਦੀ ਸਹੂਲਤ ਲਈ ਐਫਰੇਸਿਸ ਮਸ਼ੀਨ ਦੀ ਸਹੂਲਤ ਉਪਲਬਧ ਹੈ।

ਆਸ਼ਾ ਵਰਕਰਾਂ ਦੇ ਮਿਹਨਤਾਨੇ ਵਿੱਚ ਵਾਧਾ

*68. **ਸ਼੍ਰੀ ਤਰਲੋਚਨ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਆਸ਼ਾ ਵਰਕਰਾਂ ਦਾ ਮਿਹਨਤਾਨਾ ਮੌਜੂਦਾ 100 ਰੁਪਏ ਪ੍ਰਤੀ ਕੇਸ ਦੀ ਦਰ ਤੋਂ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

ਸ਼੍ਰੀ ਮਦਨ ਮੋਹਨ ਮਿੱਤਲ: ਸ਼੍ਰੀਮਾਨ ਜੀ,

ਆਸ਼ਾ ਵਰਕਰਾਂ ਨੂੰ ਵੱਖ-ਵੱਖ ਕੰਮ ਕਰਨ ਦਾ ਬਣਦਾ ਵੱਖ-ਵੱਖ ਰੇਟਾਂ ਤੇ ਪ੍ਰੋਤਸਾਹਣ ਭੱਤਾ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਵੇਰਵਾ ਨਾਲ ਨੱਥੀ ਹੈ।

ਆਸ਼ਾ ਵਰਕਰਾਂ ਨੂੰ ਮਿਲਣ ਵਾਲੇ ਲਾਭ

(2012-13)

ਲੜੀ ਨੰ:	ਪ੍ਰੋਗਰਾਮ/ਗਤੀਵਿਧੀ	ਪ੍ਰੋਤਸਾਹਿਤ ਲਾਭ (Incentive)
1	ਹਰ ਗਰਭਵਤੀ ਔਰਤ ਨੂੰ ਤਿੰਨ ਮਹੀਨੇ ਦੇ ਦੌਰਾਨ ਰਜਿਸਟਰੇਸ਼ਨ ਕਰਵਾਉਣ ਲਈ	ਰੁਪਏ 100/- ਪ੍ਰਤੀ ਕੇਸ
2	(ੳ) ਹਰ ਗਰਭਵਤੀ ਔਰਤ ਨੂੰ ਸੰਪੂਰਨ Ante-natal checkup (ANC) ਲਈ ਪ੍ਰੇਰਿਤ ਕਰਨ, ਘੱਟੋ ਘੱਟ ਤਿੰਨ ਵਾਰੀ ਏ.ਐਨ.ਸੀ. ਨੂੰ ਜਾਂਚਣ, 2 Tetanus Toxoid (TT) ਟੀਕਾਕਰਨ ਅਤੇ ਸੁਰੱਖਿਅਤ ਸੰਸਥਾਗਤ ਜਣੇਪਾ ਯਕੀਨੀ ਕਰਵਾਉਣ ਲਈ।	ਰੁਪਏ 100/- ਪ੍ਰਤੀ ਕੇਸ

	(ਅ) ਹਰ ਗਰਭਵਤੀ ਔਰਤ ਨੂੰ 100 ਆਇਰਨ ਫੌਲਿਕ ਐਸਿਡ ਦੀਆਂ ਗੋਲੀਆਂ ਖਵਾਉਣੀਆਂ ਯਕੀਨੀ ਬਣਾਉਣਾ	ਰੁਪਏ 50/- ਪ੍ਰਤੀ ਕੇਸ
	(ੲ) ਆਸ਼ਾ ਵਰਕਰ ਜੇਕਰ ਗਰਭਵਤੀ ਔਰਤ ਨਾਲ ਜਣੇਪੇ ਲਈ ਰਾਤ ਨੂੰ ਹਸਪਤਾਲ ਵਿੱਚ ਠਹਿਰਦੀ ਹੈ	ਰੁਪਏ 50/- ਪ੍ਰਤੀ ਕੇਸ
3	ਜੇ ਗਰਭਵਤੀ ਔਰਤ ਜਨਨੀ ਸੁਰੱਖਿਆ ਯੋਜਨਾ ਅਧੀਨ ਹੈ ਤਾਂ ਉਸਦਾ ਸੁਰੱਖਿਅਤ ਸੰਸਥਾਗਤ ਜਣੇਪਾ ਕਰਵਾਉਣ ਲਈ	ਰੁਪਏ 200/- ਪ੍ਰਤੀ ਕੇਸ
4	ਨਵ ਜਨਮੇ ਬੱਚੇ ਅਤੇ ਪੋਸਟ ਪਾਰਟਮ ਮਾਂ ਦੀ ਦੇਖਭਾਲ ਲਈ ਘਰ ਦਾ ਦੌਰਾ ਕਰਨਾ ਸੰਸਥਾ ਵਿੱਚ ਡਿਲੀਵਰੀ ਹੋਣ ਦੇ ਕੇਸ ਵਿੱਚ 6 ਵਾਰੀ (ਦਿਨ ਤੀਜਾ, ਸੱਤਵਾਂ, ਚੌਦਵਾਂ, ਇੱਕੀਵਾਂ, ਅਠਾਈਵਾਂ ਅਤੇ ਬਿਆਲੀਇਵਾਂ) - ਘਰ ਵਿੱਚ ਡਿਲੀਵਰੀ ਹੋਣ ਦੇ ਕੇਸ ਵਿੱਚ 7 ਵਾਰੀ (ਦਿਨ ਪਹਿਲਾ, ਤੀਜਾ, ਸੱਤਵਾਂ, ਚੌਦਵਾਂ, ਇੱਕੀਵਾਂ, ਅਠਾਈਵਾਂ, ਅਤੇ ਬਿਆਲੀਈਵਾਂ)	ਰੁਪਏ 250/- ਪ੍ਰਤੀ ਕੇਸ
5	ਜਨਮ ਤੋਂ ਬਾਅਦ ਬੱਚੇ ਨੂੰ ਪਹਿਲੇ ਘੰਟੇ ਵਿਚ ਮਾਂ ਦਾ ਦੁੱਧ ਪਿਲਾਉਣ ਲਈ ਪ੍ਰੇਰਿਤ ਕਰਨ ਲਈ। ਇਹ ਰਕਮ ਉਸ ਆਸ਼ਾ ਨੂੰ ਦਿੱਤੀ ਜਾਵੇਗੀ, ਜੋ ਜਣੇਪੇ ਸਮੇਂ ਹਾਜ਼ਰ ਹੋਵੇਗੀ।	ਰੁਪਏ 50/- ਪ੍ਰਤੀ ਕੇਸ
6	ਜਣੇਪੇ ਦੇ 24 ਘੰਟੇ ਦੇ ਅੰਦਰ ਮਾਂ ਦੀ ਮੌਤ ਦੀ ਰਿਪੋਰਟ ਕਰਨਾ	ਰੁਪਏ 50/- ਪ੍ਰਤੀ ਕੇਸ
	ਜਨਮ ਤੋਂ 1 ਸਾਲ ਤੱਕ ਦੇ ਛੋਟੇ ਬੱਚਿਆਂ ਦੀ ਮੌਤ ਦੀ 24 ਘੰਟੇ ਦੇ ਅੰਦਰ ਅੰਦਰ ਰਿਪੋਰਟ ਕਰਨੀ	ਰੁਪਏ 100/- ਪ੍ਰਤੀ ਕੇਸ

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)

7	ਬੱਚੇ ਦਾ ਜਨਮ ਰਜਿਸਟਰੇਸ਼ਨ ਕਰਵਾਉਣ ਅਤੇ ਜਨਮ ਸਰਟੀਫਿਕੇਟ ਜਾਰੀ ਕਰਵਾਉਣਾ	ਰੁਪਏ 20/- ਪ੍ਰਤੀ ਕੇਸ
8	ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦਾ ਸਿਹਤ ਬੀਮਾ ਯੋਜਨਾ ਵਿਚ ਨਾਮਾਂਕਣ ਕਰਵਾਉਣ ਲਈ।	ਰੁਪਏ 30/- ਪ੍ਰਤੀ ਕੇਸ
9	ਗਰਭਵਤੀ ਔਰਤਾਂ/ਲਾਭਪਾਤਰੀਆਂ ਦੇ ਮਾਂ ਬਾਪ/ਹੋਰ ਵਿਭਾਗਾਂ ਨੂੰ ਪਿੰਡ ਦੀ ਮਾਹਵਾਰੀ ਮੀਟਿੰਗ ਵਿੱਚ ਮਮਤਾ ਦਿਵਸ ਬਾਰੇ ਜਾਗਰੂਕ ਕਰਨਾ	ਰੁਪਏ 100/- ਪ੍ਰਤੀ ਮੀਟਿੰਗ
10	ਪੇਂਡੂ ਸਿਹਤ ਅਤੇ ਸਫਾਈ ਕਮੇਟੀ ਦੀ ਹਰ ਮਹੀਨੇ ਇੱਕ ਮੀਟਿੰਗ ਕਰਵਾਉਣ ਲਈ	ਰੁਪਏ 40/- ਪ੍ਰਤੀ ਮੀਟਿੰਗ
11	ਬੱਚਿਆਂ ਨੂੰ ਟੀਕਾਕਰਣ ਵਾਲੇ ਦਿਨ ਟੀਕੇ ਲਗਵਾਉਣ ਲਈ ਲਿਆਉਣ ਅਤੇ ਪੂਰਾ ਸੈਸ਼ਨ ਅਟੈਂਡ ਕਰਨ ਲਈ	ਰੁਪਏ 150/- ਪ੍ਰਤੀ ਸੈਸ਼ਨ
12	ਪੀ ਐਚ ਸੀ ਪੱਧਰ ਤੇ ਮਹੀਨਾਵਾਰ ਮੀਟਿੰਗ ਅਟੈਂਡ ਕਰਨ ਲਈ	ਰੁਪਏ 100/- ਪ੍ਰਤੀ ਮੀਟਿੰਗ
13	ਮਰਦਾਂ ਨੂੰ ਨਸਬੰਦੀ ਲਈ ਪ੍ਰੇਰਿਤ ਕਰਨ ਅਤੇ ਨਸਬੰਦੀ ਕਰਵਾਉਣ ਲਈ	ਰੁਪਏ 200/- ਪ੍ਰਤੀ ਕੇਸ
14	ਔਰਤਾਂ ਨੂੰ ਨਲਬੰਦੀ ਲਈ ਪ੍ਰੇਰਿਤ ਕਰਨ ਅਤੇ ਨਲਬੰਦੀ ਕਰਵਾਉਣ ਲਈ।	ਰੁਪਏ 150/- ਪ੍ਰਤੀ ਕੇਸ
15	ਕੌਪਰ ਟੀ (IUCD) ਲਗਵਾਉਣ ਲਈ	ਰੁਪਏ 50/- ਪ੍ਰਤੀ ਕੇਸ
16	ਟੀ.ਬੀ. ਕੇਸ ਦੀ ਰਜਿਸਟਰੇਸ਼ਨ ਕਰਾਉਣਾ	ਰੁਪਏ 100/- ਪ੍ਰਤੀ ਕੇਸ

17	ਟੀ.ਬੀ. ਕੇਸ ਨੂੰ ਬਤੌਰ ਡਾਟ ਪ੍ਰਵਾਈਡਰ ਪੂਰਾ ਕੋਰਸ ਕਰਵਾਉਣ ਲਈ	ਰੁਪਏ 250/- ਪ੍ਰਤੀ ਕੇਸ
18	ਕਿਸੇ ਵੀ ਮਰਦ ਜਾਂ ਔਰਤ ਦਾ ਚਿੱਟੇ ਮੋਤੀਏ ਦਾ ਅਪ੍ਰੇਸ਼ਨ ਕਰਵਾਉਣ ਲਈ। (ਸਰਕਾਰੀ ਜਾਂ ਸਰਕਾਰ ਤੋਂ ਮਾਨਤਾ ਪ੍ਰਾਪਤ ਸੰਸਥਾ ਵਿੱਚ)	ਰੁਪਏ 175/- ਪ੍ਰਤੀ ਕੇਸ
19	ਕੁਸ਼ਟ ਰੋਗ ਦੇ ਮਰੀਜ਼ਾਂ ਨੂੰ ਰੈਫਰ ਕਰਨਾ	ਰੁਪਏ 100/- ਪ੍ਰਤੀ ਕੇਸ
20	ਪੀ.ਬੀ. (Paucibacillary) ਲੈਪਰੋਸੀ ਦੀ ਦਵਾਈ ਦਾ ਪੂਰਾ ਕੋਰਸ ਕਰਵਾਉਣ ਲਈ	ਰੁਪਏ 200/- ਪ੍ਰਤੀ ਕੇਸ
21	ਐਮ.ਬੀ. (Multibacillary) ਲੈਪਰੋਸੀ ਦੀ ਦਵਾਈ ਦਾ ਪੂਰਾ ਕੋਰਸ ਕਰਵਾਉਣ ਲਈ	ਰੁਪਏ 400/- ਪ੍ਰਤੀ ਕੇਸ
22	ਘਰਾਂ ਵਿੱਚ ਪੱਕੇ ਪਖਾਨੇ ਬਣਾਉਣ ਲਈ ਪ੍ਰੇਰਿਤ ਕਰਕੇ ਬਣਵਾਉਣ ਲਈ	ਰੁਪਏ 75/- ਪ੍ਰਤੀ ਕੇਸ
23	ਸਬੰਧਤ ਇਲਾਕੇ ਵਿੱਚ ਕਿਸੇ ਵੀ ਬੀਮਾਰੀ ਨੂੰ ਫੈਲਾਉਣ ਵਾਲੇ ਕਾਰਨਾਂ ਅਤੇ ਸਥਿਤੀ ਬਾਰੇ ਤੁਰੰਤ ਪਹਿਲੀ ਸਹੀ ਸੂਚਨਾ ਦੇਣਾ।	ਰੁਪਏ 100/- ਪ੍ਰਤੀ ਕੇਸ
24	ਸਕਰੀਨਿੰਗ ਕੈਂਪ ਦੇ ਦੌਰਾਨ ਸਹਾਇਤਾ ਅਤੇ ਸਮਰਥਣ ਦੇਣਾ	ਰੁਪਏ 50/- ਪ੍ਰਤੀ ਸਕੂਲ
25	ਡੀਹਾਈਡਰੇਟਿਡ (Dehydrated) ਮਰੀਜ਼ਾਂ ਨੂੰ ਸਮੇਂ ਸਿਰ ਰੈਫਰ ਕਰਨਾ	ਰੁਪਏ 30/- ਪ੍ਰਤੀ ਕੇਸ
26	ਬੱਚਿਆਂ ਵਿੱਚ ਜਨਮ ਤੋਂ ਹੋਣ ਵਾਲੀ ਅਯੋਗਤਾ ਖੂਨ ਦੀ ਘਾਟ (Anemia) -ਆਹਾਰ ਕੁਪੋਸਣ (Malnuturation) ਇਨ੍ਹਾਂ ਬਿਮਾਰੀਆਂ ਦੀ ਪਛਾਣ ਕਰਕੇ ਸੂਚਣਾ ਦੇਣੀ ਅਤੇ ਬੱਚੇ ਨੂੰ ਸਿਹਤ ਕੇਂਦਰ ਨਾਲ ਲੈ ਕੇ ਜਾਣਾ।	ਰੁਪਏ 100/- ਪ੍ਰਤੀ ਬੱਚਾ

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)

ਉਪਰੋਕਤ ਤੋਂ ਇਲਾਵਾ, ਹੇਠ ਦਰਸਾਏ ਪ੍ਰੋਤਸਾਹਿਤ ਲਾਭ ਜਲਦੀ ਹੀ ਸੂਚਿਤ ਕੀਤੇ ਜਾਣਗੇ:

ਆਸ਼ਾ ਨੂੰ ਮਿਲਣ ਵਾਲੇ ਲਾਭ
(2012-13)

ਲੜੀ ਨੰ:	ਪ੍ਰੋਗਰਾਮ/ਗਤੀਵਿਧੀ	ਪ੍ਰੋਤਸਾਹਿਤ ਲਾਭ (Incentive)
1	ਅਨੀਮਿਆ ਤੋਂ ਪੀੜਿਤ ਔਰਤ ਦਾ ਇਲਾਜ ਸੁਨਿਸ਼ਚਿਤ ਕਰਨ ਲਈ ਆਸ਼ਾ ਨੂੰ ਇੰਸੈਂਟਿਵ ਦੇਣਾ (ਏ.ਐਨ.ਸੀ) ਦੇ ਸਮੇਂ ਜੇਕਰ ਕਿਸੇ ਗਰਭਵਤੀ ਔਰਤ ਦਾ ਐਚ.ਬੀ. 7 ਗ੍ਰਾਮ ਤੋਂ ਘੱਟ ਹੈ ਤਾਂ ਜਣੇਪੇ ਦੇ ਸਮੇਂ ਤੱਕ ਐਚ.ਬੀ 9 ਗ੍ਰਾਮ ਤੱਕ ਪਹੁੰਚਾਉਣ ਲਈ)	ਰੁਪਏ 250/- ਪ੍ਰਤੀ ਕੇਸ ਉਪਰ ਦਰਸਾਏ 2(ਅ) ਦੇ ਇੰਸੇਂਟਿਵ ਇਲਾਵਾ
2	ਬੱਚੇ ਦਾ ਭਾਰ-ਇਹ ਸੁਨਿਸ਼ਚਿਤ ਕਰਨਾ ਕਿ ਘੱਟ ਭਾਰ ਵਾਲੇ ਜਨਮੇ ਬੱਚੇ ਦਾ ਭਾਰ ਵੱਧ ਜਾਵੇ	ਰੁਪਏ 200/- ਪ੍ਰਤੀ ਕੇਸ
3	ਕੈਂਸਰ/ਸਰਵਾਈਕਲ ਕੈਂਸਰ/ਬਰੈਸਟ ਕੈਂਸਰ ਅਤੇ ਹੋਰ ਕੈਂਸਰ ਦੇ ਪੀੜਿਤ ਮਰੀਜਾਂ ਦੀ ਪੜਤਾਲ ਲਈ ਨਾਲ ਲੈ ਕੇ ਜਾਣਾ ਅਤੇ ਸਬੰਧਤ ਮਰੀਜ਼ ਨੂੰ ਇਲਾਜ ਲਈ ਰੈਫਰ ਕਰਨਾ	ਰੁਪਏ 300/- ਪ੍ਰਤੀ ਕੇਸ
4	ਨਸ਼ੇ ਕਰਨ ਵਾਲਿਆਂ ਦੀ ਪਹਿਚਾਣ ਅਤੇ ਉਨ੍ਹਾਂ ਨੂੰ ਨਸ਼ਾ ਛੁੜਾਊ ਕੇਂਦਰ ਵਿੱਚ ਰੈਫਰ ਕਰਨਾ	ਰੁਪਏ 200/- ਪ੍ਰਤੀ ਕੇਸ
5	ਨਸ਼ਾ ਛੁਡਾਊ ਕੇਂਦਰ ਵਿੱਚ ਨਸ਼ੇ ਕਰਨ ਵਾਲਿਆਂ ਦਾ ਇਲਾਜ ਪੂਰਾ ਹੋਣਾ ਸੁਨਿਸ਼ਚਿਤ ਕਰਨਾ	ਰੁਪਏ 500/- ਪ੍ਰਤੀ ਕੇਸ

———

ANNOUNCEMENT BY THE HON'BLE SPEAKER REG. PANEL OF CHAIRMEN

ਮਾਨਯੋਗ ਸਪੀਕਰ: ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਮੈਂ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ -

1) ਸਰਦਾਰ ਗੁਰਤੇਜ ਸਿੰਘ ਘੁੜਿਆਣਾ
2) ਸਰਦਾਰ ਇਕਬਾਲ ਸਿੰਘ ਝੂੰਦਾਂ
3) ਸਰਦਾਰ ਲਾਲ ਸਿੰਘ
4) ਸ੍ਰੀ ਮਨੋਰੰਜਨ ਕਾਲੀਆ

ANNOUNCEMENT BY THE SECRETARY

ਸ੍ਰੀ ਸਕੱਤਰ: ਮੈਂ ਤੇਰ੍ਹਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਤੇਰ੍ਹਵੇਂ ਸਮਾਗਮ ਅਤੇ 14ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਪਹਿਲੇ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:

(1) ਪੰਜਾਬ ਵਿਧਾਨ ਸਭਾ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ) ਸੋਧਨਾ ਬਿਲ, 2011
(2) ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2012
(3) ਪੰਜਾਬ ਨਮਿੱਤਣ ਬਿਲ, 2012
(4) ਪੰਜਾਬ ਨਮਿੱਤਣ (ਲੇਖਾ ਅਨੁਦਾਨ) ਬਿਲ, 2012

CALL ATTENTION NOTICES UNDER RULE 66

ਮਾਨਯੋਗ ਸਪੀਕਰ: ਧਿਆਨ ਦਿਵਾਊ ਨੋਟਿਸ।

ਸ੍ਰੀ ਸੁਨੀਲ ਜਾਖੜ: ਸਰ, ਜ਼ੀਰੋ ਆਵਰ।

ਮਾਨਯੋਗ ਸਪੀਕਰ: ਪਹਿਲਾਂ ਧਿਆਨ ਦਿਵਾਊ ਨੋਟਿਸ ਕਰ ਲਓ, ਫਿਰ ਜ਼ੀਰੋ ਆਵਰ ਲੈ ਲਵਾਂਗੇ। ਮੈਨੂੰ ਥੋੜ੍ਹਾ ਜਿਹਾ ਸਰਕਾਰੀ ਕੰਮ ਕਰ ਲੈਣ ਦਿਓ। ਸਰਦਾਰ ਚਰਨਜੀਤ ਸਿੰਘ ਚੰਨੀ। .... (ਵਿਘਨ) ....

ਅਵਾਜ਼ਾਂ: ਜ਼ੀਰੋ ਆਵਰ ਪਹਿਲਾਂ ਹੁੰਦਾ ਹੈ ਜੀ।

ਮਾਨਯੋਗ ਸਪੀਕਰ: ਜ਼ੀਰੋ ਆਵਰ ਆਪਣੀ ਰਿਪੋਰਟ ਪੇਸ਼ ਹੋਣ ਤੋਂ ਬਾਅਦ ਹੁੰਦਾ ਹੈ। .... (ਵਿਘਨ) ..... ਕੁਐਸਚਨ ਆਵਰ ਤੋਂ ਬਾਅਦ ਧਿਆਨ ਦਿਵਾਊ ਮਤੇ। ਫਿਰ ਆਪਾਂ ਰਿਪੋਰਟ ਪੇਸ਼ ਕਰਨੀ ਹੈ। ਫਿਰ ਜ਼ੀਰੋ ਆਵਰ ਹੁੰਦਾ ਹੈ।

ਸ਼੍ਰੀ ਬ੍ਰਹਮ ਮਹਿੰਦਰਾ: ਸਰ, ਇਹ ਤਾਂ ਪ੍ਰੋਸੀਡਿੰਗਜ਼ ਸ਼ੁਰੂ ਹੋ ਗਈਆਂ, ਜ਼ੀਰੋ ਆਵਰ ਤਾਂ ਪਹਿਲਾਂ ਹੁੰਦਾ ਹੈ।

ਮਾਨਯੋਗ ਸਪੀਕਰ: ਜ਼ੀਰੋ ਆਵਰ ਜਿਹੜਾ ਹੈ ਉਹ ਬਾਅਦ ਵਿੱਚ ਹੁੰਦਾ ਹੈ। ਚਰਨਜੀਤ ਸਿੰਘ ਚੰਨੀ ਜੀ।

(SERIAL NO. 3)

SARDAR CHARANJIT SINGH CHANNI: Sir, I beg to draw the attention of the Government towards a matter of urgent public importance, namely, the miserable condition of hundreds of children in various age groups who are nature-challanged and unable to study for lack of required facilities and faculties in School. Since there is no reservation policy in School right from primary to secondary level, no school is ready to admit them and as such they are rendered helpless at the mercy of the society. Their helplessness gets aggravated by the apathy of government towards their welfare.

Keeping in view the obvious and urgent importance of the matter, the Minister concerned may please be asked to make a statement on the floor of the House.

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਕੁਦਰਤੀ ਚੁਣੌਤੀਆਂ ਕਾਰਨ ਤਰਸਯੋਗ ਹਾਲਾਤ ਦੇ ਬੱਚਿਆਂ ਲਈ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਹੇਠ ਦਰਸਾਈਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ:-

1. ਨੇਤਰਹੀਣਾਂ ਲਈ ਸਰਕਾਰੀ ਸੰਸਥਾ, ਜਮਾਲਪੁਰ, ਲੁਧਿਆਣਾ ਵਿਖੇ ਨੇਤਰਹੀਣ ਬੱਚਿਆਂ ਨੂੰ ਪਹਿਲੀ ਤੋਂ ਦਸਵੀਂ ਤੱਕ ਮੁਫਤ ਸਿੱਖਿਆ, ਰਿਹਾਇਸ਼ ਅਤੇ ਖਾਣ-ਪੀਣ ਦੀ ਸਹੂਲਤ ਦਿੱਤੀ ਜਾ ਰਹੀ ਹੈ, ਜਿਸ ਲਈ ਯੋਗ ਸਟਾਫ ਨਿਯੁਕਤ ਹੈ।

2. ਬਰੇਲ ਲਿੱਪੀ ਵਿਚ ਨੇਤਰਹੀਣ ਬੱਚਿਆਂ ਨੂੰ ਕਿਤਾਬਾਂ ਅਤੇ ਕੈਸਟਾਂ ਦੇਣ ਲਈ ਬਰੇਲ ਪ੍ਰੈਸ ਅਤੇ ਆਡੀਓ/ਵੀਡੀਓ ਕੈਸਟ ਲਾਇਬਰੇਰੀ ਜਮਾਲਪੁਰ, ਲੁਧਿਆਣਾ ਵਿਖੇ ਸਥਾਪਤ ਕੀਤੀ ਹੋਈ ਹੈ।

3. ਮੰਦਬੁੱਧੀ ਬੱਚਿਆਂ ਲਈ ਇਸ ਵਿਭਾਗ ਵਲੋਂ ਮੈਂਟਲੀ ਰਿਟਾਰਡਡ ਚਿਲਡਰਨ ਹੋਮ, ਕਪੂਰਥਲਾ ਵਿਖੇ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਬੱਚਿਆਂ ਨੂੰ ਖਾਣ-ਪੀਣ ਅਤੇ ਰਿਹਾਇਸ਼ ਦੀ ਮੁਫਤ ਵਿਵਸਥਾ ਕੀਤੀ ਹੋਈ ਹੈ ਅਤੇ ਸਾਂਭ ਸੰਭਾਲ ਲਈ ਲੋੜੀਂਦਾ ਸਟਾਫ ਨਿਯੁਕਤ ਹੈ।

4. ਦਿਮਾਗੀ ਤੌਰ ਤੇ ਕਮਜ਼ੋਰ ਬੱਚਿਆਂ/ਵਿਅਕਤੀਆਂ ਲਈ ਰਾਜਪੁਰਾ, ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਕਮਿਊਨਿਟੀ ਹੋਮ ਬਣਾਏ ਜਾ ਰਹੇ ਹਨ।

5. ਕੁਦਰਤੀ ਚੁਣੌਤੀਆਂ ਕਾਰਨ ਤਰਸਯੋਗ ਹਾਲਤ ਦੇ ਬੱਚਿਆਂ ਨੂੰ ਰਾਜ ਸਰਕਾਰ ਵੱਲੋਂ 250 ਰੁਪਿਆ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

ਸਰਦਾਰ ਚਰਨਜੀਤ ਸਿੰਘ ਚੰਨੀ: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਜਿਹੜਾ ਪੜ੍ਹਾਈ ਦਾ ਹੱਕ ਹੈ ਉਹ ਕਾਨੂੰਨੀ ਤੌਰ ਤੇ ਹੱਕ ਬਣ ਚੁੱਕਿਆ ਹੈ ਅਤੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਹਰ ਬੱਚੇ ਨੂੰ ਇਨ੍ਹਾਂ ਨੇ ਪੜ੍ਹਾਉਣਾ ਹੈ। ਇਸ ਲਈ ਜਿਹੜੇ ਵਿਕਲਾਂਗ ਬੱਚੇ ਹਨ ਉਨ੍ਹਾਂ ਪ੍ਰਤੀ ਸਾਡੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਅੱਜ ਪੰਜਾਬ ਦੇ ਵਿਚ ਬਹੁਤ ਸਾਰੇ ਅਜਿਹੇ ਬੱਚੇ ਹਨ ਜਿਹੜੇ ਅੱਖਾਂ ਤੋਂ ਨਹੀਂ ਵੇਖ ਸਕਦੇ, ਗੂੰਗੇ ਹਨ ਜਾਂ ਬੋਲੇ ਹਨ ਜਾਂ ਦਿਮਾਗੀ ਤੌਰ ਤੇ ਉਹ ਇੰਨੇ ਪ੍ਰਫੁੱਲਤ ਨਹੀਂ ਹਨ ਲੇਕਿਨ ਜਿਹੜੇ ਬਹੁਤ ਥੋੜ੍ਹੇ ਸਾਧਨ ਮੰਤਰੀ ਜੀ ਨੇ ਦੱਸੇ ਹਨ ਉਹ ਉਨ੍ਹਾਂ ਨੂੰ ਐਜੂਕੇਸ਼ਨ ਦੇਣ ਵਾਸਤੇ ਪੂਰੇ ਨਹੀਂ ਹਨ। ਜਿਹੜਾ ਬੱਚਾ ਖਰੜ, ਚਮਕੌਰ ਸਾਹਿਬ ਜਾਂ ਰੋਪੜ ਤੇ ਮੋਹਾਲੀ ਜ਼ਿਲ੍ਹੇ ਵਿਚ ਰਹਿਣ ਵਾਲਾ ਹੈ ਉਹ ਲੁਧਿਆਣੇ ਜਾਣ ਦੇ ਸਮਰੱਥ ਨਹੀਂ ਹੈ ਅਤੇ ਨਾਲ ਹੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਹਰ ਜ਼ਿਲ੍ਹੇ ਦੇ ਵਿੱਚ ਇਹ ਪੜ੍ਹਾਈ ਮੁਹੱਈਆ ਕਰਵਾਉਣ ਲਈ ਵਿਸ਼ਵਾਸ ਦਿਵਾਉਂਦੇ ਹਨ ਕਿ ਹਰ ਜ਼ਿਲ੍ਹੇ ਦੇ ਵਿਚ ਇਨ੍ਹਾਂ ਬੱਚਿਆਂ ਲਈ ਪੜ੍ਹਾਈ ਦਿਵਾਈ ਜਾਵੇਗੀ, ਟੀਚਰ ਰੱਖੇ ਜਾਣਗੇ, ਦੂਜੀ ਮੇਰੀ ਬੇਨਤੀ ਹੈ ....

ਮਾਨਯੋਗ ਸਪੀਕਰ: ਤੁਸੀਂ ਕੁਐਸਚਨ ਪੁੱਛਿਆ ਕਰੋ।

ਸਰਦਾਰ ਚਰਨਜੀਤ ਸਿੰਘ ਚੰਨੀ: ਠੀਕ ਹੈ ਜੀ।

ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਨੇ ਚਾਰ ਸਵਾਲ ਕਰ ਦਿੱਤੇ ਹਨ। ਇਨ੍ਹਾਂ ਨੇ ਪ੍ਰਸ਼ਨ ਕੀਤਾ ਹੈ ਕਿ ਸਾਰੇ ਜ਼ਿਲ੍ਹਿਆਂ ਦੇ ਵਿਚ ਪ੍ਰਬੰਧ ਹੋਵੇ, ਦੂਜਾ ਇਨ੍ਹਾਂ ਨੇ ਕਿਹਾ ਹੈ ਕਿ

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)
ਸਟਾਫ ਘੱਟ ਹੈ ਪਰ ਸਵਾਲ ਇਹ ਹੈ ਕਿ ਜਿਥੇ ਵੀ ਸਕੂਲ ਖੋਲ੍ਹਿਆ ਹੈ, ਲੁਧਿਆਣਾ ਵਿਖੇ, ਉਥੇ ਜਿੰਨੇ ਬੱਚੇ ਆਏ ਹਨ ਸਾਰਿਆਂ ਨੂੰ ਦਾਖਲਾ ਮਿਲਿਆ ਹੈ, ਸਾਰਿਆਂ ਦਾ ਪ੍ਰਬੰਧ ਹੈ। ਹੋਰ ਕਿਤੇ ਬੱਚੇ ਆਏ ਨਹੀਂ, ਜੇਕਰ ਬੱਚੇ ਆਉਣਗੇ ਤਾਂ ਉਨ੍ਹਾਂ ਦਾ ਪ੍ਰਬੰਧ ਕੀਤਾ ਜਾਵੇਗਾ। ਪਰ ਜੇ ਦੋ ਦੋ ਬੱਚੇ ਇਕ ਜ਼ਿਲ੍ਹੇ ਦੇ ਵਿਚ ਆਉਣਗੇ ਤਾਂ ਦੋ ਦੋ ਬੱਚਿਆਂ ਦੇ ਵਾਸਤੇ ਤਾਂ ਸਕੂਲ ਨਹੀਂ ਖੁਲ੍ਹ ਸਕੇਗਾ। ਇਸ ਲਈ ਜਿਹੜੇ ਬਲਾਈਂਡ ਹਨ, ਉਨ੍ਹਾਂ ਵਾਸਤੇ ਇਕ ਸੈਂਟਰਲ ਪੁਆਇੰਟ ਤੇ ਸਥਿਤ ਹੈ। ਇਸ ਤਰੀਕੇ ਦੇ ਨਾਲ ਮੰਦ ਬੁੱਧੀ ਵਾਲਿਆਂ ਵਾਸਤੇ ਉਥੇ ਇੰਨੇ ਬੱਚੇ ਹੀ ਨਹੀਂ ਹਨ, ਇਕ ਸਕੂਲ ਹੀ ਜਿਹੜਾ ਚੱਲ ਰਿਹਾ ਹੈ ਉਨ੍ਹਾਂ ਲਈ ਕਾਫੀ ਹੈ। ਤੁਸੀਂ ਜਿਹੜੇ ਜ਼ਿਲ੍ਹੇ ਦੀ ਗੱਲ ਕਰਦੇ ਹੋ ਇਹ ਮੈਂਟਲੀ ਰਿਟਾਰਡਿਡ ਸਕੂਲ, ਨੰਗਲ ਵਿਖੇ ਚਲਦਾ ਸੀ ਉਥੇ ਬਹੁਤ ਵਧੀਆ ਐਟਮੌਸਫੀਅਰ ਹੈ ਤੇ ਤੁਹਾਡੇ ਜਿਹੜੇ ਸਾਬਕਾ ਮੰਤਰੀ ਇਸ ਮਹਿਕਮੇ ਦੇ ਸਨ ਉਹ ਨੰਗਲ ਤੋਂ ਲੈ ਕੇ ਕਪੂਰਥਲੇ ਲੈ ਗਏ। ਅਸੀਂ ਤਾਂ ਉਥੇ ਵੀ ਬੱਚੇ ਭੇਜ ਦਿੱਤੇ ਹਨ ਤੇ ਪੂਰਾ ਸਟਾਫ਼ ਰੱਖਿਆ ਹੋਇਆ ਹੈ।

ਮਾਨਯੋਗ ਸਪੀਕਰ: ਹਾਂ ਜੀ, ਅਗਲੀ ਕਾਲ ਅਟੈਨਸ਼ਨ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਜੀ।

(ਕ੍ਰਮ ਨੰ: 4)

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਪੰਜਾਬ ਵਿੱਚ Rain Water Harvesting ਨੂੰ ਸਰਕਾਰ ਵੱਲੋਂ ਲਾਗੂ ਕਰਨ ਦੀ ਅਤਿ ਲੋੜ ਹੈ ਕਿਉਂ ਜੋ ਜ਼ਮੀਨੀ ਪਾਣੀ ਦਿਨੋਂ ਦਿਨ ਘੱਟ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਾਣੀ ਦੇ ਸੰਕਟ ਦਾ ਸਮਾਂ ਪੈਦਾ ਹੋ ਸਕਦਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਰਦਾਰ ਜਨਮੇਜਾ ਸਿੰਘ ਸੇਖੋਂ: ਹਾਂ ਸ੍ਰੀਮਾਨ ਜੀ, ਇਹ ਸੱਚ ਹੈ ਕਿ ਬਹੁਤ ਸਾਰੇ ਖੇਤਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਖਾਸ ਕਰਕੇ ਖੇਤੀਬਾੜੀ, ਰਾਜ ਵਿੱਚ ਧਰਤੀ ਹੇਠਲੇ ਪਾਣੀ ਦੇ ਸਰੋਤ ਘਟਦੇ ਜਾ ਰਹੇ ਹਨ ਅਤੇ ਇਹ ਦਿਨ-ਬ-ਦਿਨ ਵਧਦੀਆਂ ਪਾਣੀ ਜ਼ਰੂਰਤਾਂ ਕਰਕੇ ਬਹੁਤ ਹੀ ਘਟਦੇ ਜਾ ਰਹੇ ਹਨ। ਇਸ ਵਕਤ ਪੰਜਾਬ ਵਿੱਚ ਮੁੱਖ ਤੌਰ ਤੇ ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਲੁਧਿਆਣਾ, ਪਟਿਆਲਾ, ਫਤਿਹਗੜ੍ਹ ਸਾਹਿਬ ਅਤੇ ਮੋਗਾ ਆਦਿ ਜ਼ਿਲ੍ਹਿਆਂ ਵਿੱਚ ਤਕਰੀਬਨ 85 ਪ੍ਰਤੀਸ਼ਤ ਰਕਬੇ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਿਹ ਹੇਠਾਂ ਜਾ ਰਹੀ ਹੈ ਜਿਥੇ ਕਿ ਪਾਣੀ

ਖੇਤੀਬਾੜੀ ਦੇ ਯੋਗ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੇ ਨਾਲ ਨਾਲ ਜਲ ਸਾਧਨ ਵਾਤਾਵਰਣ ਡਾਇਰੈਕਟੋਰੇਟ, ਪੰਜਾਬ ਸਿੰਜਾਈ ਵਿਭਾਗ, ਚੰਡੀਗੜ੍ਹ ਨੇ ਪੰਜਾਬ ਰਾਜ ਦੀ ਮਾਰਚ, 2009 ਤੱਕ ਡਾਇਨੈਮਿਕ ਗਰਾਊਂਡ ਵਾਟਰ ਰਿਸੋਰਸਿਜ ਦੀ ਰਿਪੋਰਟ ਤਿਆਰ ਕੀਤੀ ਹੈ। ਇਸ ਰਿਪੋਰਟ ਮੁਤਾਬਿਕ, ਰਾਜ ਵਿੱਚ ਮੌਜੂਦਾ ਧਰਤੀ ਹੇਠਲੇ ਪਾਣੀ ਦੀ ਡਿਵੈਲਪਮੈਂਟ ਦੀ ਸਟੇਜ 166% ਹੈ। ਰਾਜ ਦੇ 138 ਬਲਾਕਾਂ ਦਾ ਸਰਵੇਖਣ ਕੀਤਾ ਗਿਆ ਹੈ, ਜਿਸ ਮੁਤਾਬਿਕ 110 ਬਲਾਕ ਓਵਰ ਐਕਸਪਲੋਆਟਿਡ, 3 ਬਲਾਕ ਕਰੀਟੀਕਲ, 2 ਬਲਾਕ ਸੈਮੀ ਕਰੀਟੀਕਲ ਅਤੇ 23 ਬਲਾਕ ਸੇਫ ਕੈਟਾਗਰੀ ਵਿੱਚ ਪਾਏ ਗਏ ਹਨ।

ਰੇਨ ਵਾਟਰ ਹਾਰਵੈਸਟਿੰਗ ਦੀ ਮਹੱਤਤਾ ਨੂੰ ਸਰਕਾਰ ਜਾਣਦੀ ਹੈ ਜੋ ਇੱਕ ਮਹੱਤਵਪੂਰਨ ਉਪਾਅ ਹੈ ਜਿਸ ਨਾਲ ਗਰਾਊਂਡ ਵਾਟਰ ਰਿਸੋਰਸਿਜ ਦੇ ਡਿੱਗਦੇ ਰੁਝਾਨ ਨੂੰ ਉਲਟਾਇਆ ਜਾ ਸਕਦਾ ਹੈ। ਰੇਨ ਵਾਟਰ ਹਾਰਵੈਸਟਿੰਗ ਦਾ ਮੁੱਦਾ ਬਹੁਤ ਸਾਰੇ ਮਹਿਕਮਿਆਂ ਨਾਲ ਸਬੰਧਤ ਹੈ, ਜਿਵੇਂ ਕਿ ਹਾਊਸਿੰਗ ਅਤੇ ਅਰਬਨ ਡਿਵੈਲਪਮੈਂਟ, ਖੇਤੀਬਾੜੀ, ਸੋਆਇਲ ਕੰਨਜਰਵੇਸ਼ਨ, ਸਿੰਜਾਈ ਅਤੇ ਪਬਲਿਕ ਹੈਲਥ ਆਦਿ ਜੋ ਕਿ ਰੇਨ ਵਾਟਰ ਹਾਰਵੈਸਟਿੰਗ ਦੀਆਂ ਭਿੰਨ-ਭਿੰਨ ਸਕੀਮਾਂ ਲਾਗੂ ਕਰ ਰਹੇ ਹਨ ਜਿਵੇਂ ਕਿ ਚੈਕ ਡੈਮਾਂ/ਲੋਅ ਡੈਮਜ ਦੀ ਉਸਾਰੀ, ਰੂਫ ਟਾਪ, ਰੇਨ ਵਾਟਰ ਹਾਰਵੈਸਟਿੰਗ ਨੂੰ ਲਾਗੂ ਕਰਨਾ, ਆਰਟੀਫੀਸ਼ੀਅਲ ਰੀਚਾਰਜ ਸਕੀਮਾਂ ਲਾਗੂ ਕਰਨਾ, ਨਹਿਰਾਂ ਦੀ ਸਾਈਡ ਲਾਇਨਿੰਗ ਆਦਿ।

ਪੰਜਾਬ ਸਰਕਾਰ ਦੇ ਸਿੰਜਾਈ ਵਿਭਾਗ ਵੱਲੋਂ ਰਾਜ ਵਿੱਚ ਰੇਨ ਵਾਟਰ ਹਾਰਵੈਸਟਿੰਗ ਲਈ ਕੀਤੇ ਜਾ ਰਹੇ ਉਪਰਾਲੇ ਅਤੇ ਭਵਿੱਖ ਵਿੱਚ ਕੀਤੇ ਜਾਣ ਵਾਲੇ ਉਪਰਾਲੇ ਹੇਠ ਲਿਖੇ ਹਨ:-

1. ਗਰਾਊਂਡ ਵਾਟਰ ਨੂੰ ਆਰਟੀਫੀਸ਼ੀਅਲ ਰੀਚਾਰਜ ਕਰਨ ਦੀਆਂ 8 ਨੰ: ਪਾਇਲਟ ਸਕੀਮਾਂ ਸਿੰਜਾਈ ਮਹਿਕਮੇ ਵਲੋਂ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਵਿੱਤੀ ਸਹਾਇਤਾ ਅਤੇ ਤਕਨੀਕੀ ਸਹਾਇਤਾ ਨਾਲ ਲਾਗੂ ਕੀਤੀਆਂ ਗਈਆਂ ਹਨ। ਇਹ ਸਕੀਮਾਂ ਹੇਠ ਲਿਖੇ ਅਨੁਸਾਰ ਹਨ:-

   i. ਧੂਰੀ ਲਿੰਕ ਡਰੇਨ ਸੰਗਰੂਰ ਜ਼ਿਲ੍ਹੇ ਵਿੱਚ।

   ii. ਧੂਰੀ ਡਰੇਨ ਸੰਗਰੂਰ ਜ਼ਿਲ੍ਹੇ ਵਿੱਚ।

   iii. ਬੱਸੀਆਂ ਡਰੇਨ ਮੋਗਾ ਜ਼ਿਲ੍ਹੇ ਵਿੱਚ।

   iv. ਸਰਹੰਦ ਚੋਅ ਪਟਿਆਲਾ ਜ਼ਿਲ੍ਹੇ ਵਿੱਚ।

   v. ਮੀਰਾਂਪੁਰ ਚੋਅ ਪਟਿਆਲਾ ਜ਼ਿਲ੍ਹੇ ਵਿੱਚ।

   vi. ਪਟਿਆਲਾ ਨਦੀ ਪਟਿਆਲਾ ਜ਼ਿਲ੍ਹੇ ਵਿੱਚ।

(ਸਿੰਜਾਈ ਮੰਤਰੀ)

vii. ਬਿਲਗਾ ਅਤੇ ਸਰੀਂਹ ਕੈਨਾਲ ਰੈਸਟ ਹਾਊਸਿਜ ਜ਼ਿਲ੍ਹਾ ਜਲੰਧਰ ਵਿੱਚ।

viii. ਭੱਟੀਆਂ ਕੈਨਾਲ ਕਲੋਨੀ ਜ਼ਿਲ੍ਹਾ ਲੁਧਿਆਣਾ ਵਿੱਚ ।

2. 55 ਰੈਸਟ ਹਾਊਸਾਂ ਤੇ ਨਹਿਰੀ ਪਾਣੀ ਰਾਹੀਂ ਜਮੀਨ ਦੋਜ ਪਾਣੀ ਨੂੰ ਰੀਚਾਰਜ ਕਰਨ ਲਈ ਨਾਬਾਰਡ ਆਰ. ਆਈ. ਡੀ. ਐਫ. - XIII ਅਧੀਨ ਸਕੀਮ ਪ੍ਰਵਾਨਿਤ ਹੈ। ਇਸ ਵਿੱਚੋਂ 6 ਸਕੀਮਾਂ ਤੇ ਯਾਨੀ ਸੀਲ, ਕੁੰਜਰ, ਆਦਮਪੁਰ, ਢੰਗੇਰੀਆਂ, ਪੋਲਾ ਤੇ ਕੋਕਰੀ ਰੈਸਟ ਹਾਊਸਾਂ ਤੇ ਫੀਲਡ ਵਿੱਚ ਕੰਮ ਤਕਰੀਬਨ ਖ਼ਤਮ ਹੋਣ ਤੇ ਹੈ।

3. ਕੰਢੀ ਏਰੀਏ ਵਿੱਚ 12 ਨੰ: ਨੀਵੇਂ ਬੰਨ ਉਸਾਰੇ ਜਾ ਚੁੱਕੇ ਹਨ ਅਤੇ 9 ਹੋਰ ਨੀਵੇਂ ਬੰਨ ਸਿੰਜਾਈ ਸਹੂਲਤਾਂ ਅਤੇ ਅਚਾਨਕ ਹੜ੍ਹਾਂ ਨੂੰ ਰੋਕਣ ਵਾਸਤੇ ਉਸਾਰਨ ਦੀ ਤਜਵੀਜ਼ ਹੈ ਜਿਸ ਨਾਲ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਅਤੇ ਪਾਣੀ ਦੇ ਪੱਧਰ ਨੂੰ ਹੇਠਾਂ ਜਾਣ ਤੋਂ ਰੋਕਣ ਲਈ ਮਦਦ ਮਿਲੇਗੀ।

4. ਰਾਜ ਦੇ ਡਿੱਗਦੇ ਗਰਾਊਂਡ ਵਾਟਰ ਰਿਸੋਰਸਿਜ ਏਰੀਏ ਵਿੱਚ ਜ਼ਿਆਦਾਤਰ ਨਹਿਰਾਂ ਦੀਆਂ ਸਿਰਫ ਸਾਈਡਾਂ (ਬੈਡ ਨਹੀਂ) ਦੀ ਲਾਈਨਿੰਗ ਕੀਤੀ ਜਾ ਰਹੀ ਹੈ ਤਾਂ ਜੋ ਸਰਫੇਸ ਵਾਟਰ ਕੁਦਰਤੀ ਤਰੀਕੇ ਨਾਲ ਗਰਾਊਂਡ ਵਾਟਰ ਰਿਸੋਰਸਿਜ ਵਿੱਚ ਪਰਵੇਸ਼ ਕਰ ਸਕਣ।

5. ਜ਼ਿਲ੍ਹਾ ਅੰਮ੍ਰਿਤਸਰ (ਮਜੂੱਪੁਰ ਅਤੇ ਕੌਹਾਲੀ ਰੈਸਟ ਹਾਊਸ) ਅਤੇ ਤਰਨ-ਤਾਰਨ (ਖਾਲੜਾ ਅਤੇ ਭੁੱਚਰ ਰੈਸਟ ਹਾਊਸ) ਵਿੱਚ ਨਹਿਰੀ ਪਾਣੀ ਰਾਹੀਂ ਆਰਟੀਫਿਸ਼ੀਅਲ ਰੀਚਾਰਜ ਸਕੀਮਾਂ, ਸੈਂਟਰਲ ਗਰਾਊਂਡ ਵਾਟਰ ਬੋਰਡ ਵਲੋਂ 80.88 ਲੱਖ ਲਈ ਪ੍ਰਵਾਨਿਤ ਅਤੇ ਟੈਂਡਰਾਂ ਨਾਲ ਆਈ 94.09 ਲੱਖ ਦੀ ਕੀਮਤ, ਲਗਾਈਆਂ ਜਾ ਰਹੀਆਂ ਹਨ।

6. ਕੰਪਰੀਹੈਨਸਿਵ ਪ੍ਰੋਪੋਜਲ "ਮੈਨੇਜਮੈਂਟ ਆਫ ਡਿਕਲਾਈਨਿੰਗ ਗਰਾਊਂਡ ਵਾਟਰ ਰਿਸੋਰਸਿਜ ਟੂ ਸਸਟੇਨ ਫੂਡ ਪ੍ਰੋਡਕਸ਼ਨ" ਸਮੇਤ ਆਰਟੀਫਿਸ਼ੀਅਲ ਰੀਚਾਰਜ ਕੰਪੋਨੈਂਟ, ਭਾਰਤ ਸਰਕਾਰ ਦੇ ਜਲ ਸਾਧਨ ਮੰਤਰਾਲੇ ਨੂੰ 3498.40 ਕਰੋੜ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਹਿੱਤ ਵਿਚਾਰਨ ਅਤੇ ਪ੍ਰਵਾਨਗੀ ਲਈ ਭੇਜਿਆ ਹੋਇਆ ਹੈ। ਇਹ ਕੰਪਰੀਹੈਨਸਿਵ ਪ੍ਰੋਪੋਜਲ ਇੱਕ ਅੰਤਰ ਵਿਭਾਗੀ ਵਿਸਤ੍ਰਿਤ ਤਜਵੀਜ ਹੈ ਜਿਸ ਵਿੱਚ ਭਿੰਨ-ਭਿੰਨ ਵਿਭਾਗਾਂ ਜਿਵੇਂ ਕਿ ਖੇਤੀਬਾੜੀ, ਸੋਆਇਲ ਤੇ ਵਾਟਰ ਕੰਨਜਰਵੇਸ਼ਨ, ਸਿੰਜਾਈ ਅਤੇ ਪੰਜਾਬ ਵਾਟਰ ਰਿਸੋਰਸਿਜ ਮੈਨੇਜਮੈਂਟ ਤੇ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਿਡ ਦੀਆਂ ਸਕੀਮਾਂ ਹਨ। ਇਸ ਤਜਵੀਜ਼ ਵਿੱਚ ਚੈਕਡੈਮਾਂ, ਲੋਅ ਡੈਮਾਂ, ਆਰਟੀਫੀਸ਼ਿਅਲ ਰੀਚਾਰਜ,

ਜ਼ਮੀਨ ਹੇਠਲੇ ਪਾਈਪ ਲਾਈਨ ਡਿਸਟਰੀਬਿਊਸ਼ਨ ਸਿਸਟਮ ਤੇ ਰੇਨ ਵਾਟਰ ਹਾਰਵੈਸਟਿੰਗ ਦੀ ਉਸਾਰੀ ਅਤੇ ਸਮੂਹਿਕ/ਵਿਅਕਤੀਗਤ ਵਾਟਰ ਸਟੋਰੇਜਟੈਂਕ, ਮਾਈਕਰੋ ਸਿੰਜਾਈ ਤਕਨੀਕਾਂ ਤੇ ਆਨ ਫਾਰਮ ਉਪਾਅ ਦਾ ਅਪਣਾਉਣਾ, ਨਵੇਂ ਸਰੋਤਾਂ ਦੀ ਖੋਜ ਸਬੰਧੀ ਆਰ.ਐਂਡ ਡੀ. ਅਤੇ ਜਾਗਰੂਕਤਾ ਲਿਆਉਣ ਦੀਆਂ ਸਕੀਮਾਂ ਹਨ।

ਦੂਸਰੇ ਵਿਭਾਗਾਂ ਵੱਲੋਂ ਹੋਰ ਕੋਸ਼ਿਸ਼ਾਂ ਹੇਠ ਲਿਖੇ ਅਨੁਸਾਰ ਹਨ:-

1. ਰੂਫ ਟਾਪ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਉਸਾਰਨਾ ਲਾਜਮੀ ਕਰਨ ਲਈ ਸਥਾਨਕ ਸਰਕਾਰ ਅਤੇ ਪੁੱਡਾ ਵੱਲੋਂ ਕ੍ਰਮਵਾਰ 200 ਵਰਗ ਗਜ ਅਤੇ 400 ਸੁਕੇਅਰ ਮੀਟਰ ਅਤੇ ਇਸ ਤੋਂ ਵੱਧ ਦੇ ਪਲਾਟ ਏਰੀਆ ਤੇ ਬਣਨ ਵਾਲੀਆਂ ਇਮਾਰਤਾਂ ਲਈ ਬਿਲਡਿੰਗ ਨਿਯਮਾਂ ਵਿੱਚ ਸੋਧ ਕੀਤੀ ਗਈ ਹੈ ਜੋ ਮੀਂਹ ਦੇ ਪਾਣੀ ਦੀ ਰੀਚਾਰਜਿੰਗ ਕੀਤੀ ਜਾ ਸਕੇ।
2. ਖੇਤੀਬਾੜੀ ਵਿਭਾਗ (ਸੋਆਇਲ ਕੰਨਜਰਵੇਸ਼ਨ) ਵੱਲੋਂ ਕੰਡੀ ਇਲਾਕੇ ਵਿਚ ਚੈਕ ਡੈਮਾਂ ਦੀ ਉਸਾਰੀ ਅਤੇ ਸਪਰਿੰਕਲਰ ਤੇ ਡਰਿੱਪ ਸਿੰਜਾਈ ਦੀਆਂ ਸਕੀਮਾਂ ਉਸਾਰੀਆਂ ਜਾ ਰਹੀਆਂ ਹਨ।
3. ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਦੇ ਛੱਪੜਾਂ ਦੀ ਸਫਾਈ ਕਰਵਾ ਕੇ ਮੀਂਹ ਦੇ ਪਾਣੀ ਨੂੰ ਰੀਚਾਰਜ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਜਿਹੜੇ ਡੇਂਜ਼ਰਸ ਕੈਟਾਗਰੀ ਵਿੱਚ ਪਾਏ ਗਏ ਹਨ ਉਨ੍ਹਾਂ ਵਿੱਚ ਰੇਨ ਵਾਟਰ ਹਾਰਵੈਸਟਿੰਗ ਦਾ ਪਾਇਲਟ ਪ੍ਰਾਜੈਕਟ ਜ਼ਰੂਰ ਸ਼ੁਰੂ ਕਰਨਾ ਚਾਹੀਦਾ ਹੈ।

(ਕ੍ਰਮ ਨੰ: 5)

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਬਿਸਤ ਦੁਆਬ ਨਹਿਰ ਦੀ ਸਫਾਈ ਹੋਇਆਂ ਨੂੰ ਬਹੁਤ ਜ਼ਿਆਦਾ ਸਮਾਂ ਹੋ ਗਿਆ ਹੈ ਅਤੇ ਇਸ ਨਹਿਰ ਦੀ Brick Lining ਹੋਣੀ ਬਹੁਤ ਜ਼ਰੂਰੀ ਹੈ। ਨਹਿਰ ਵਿੱਚ ਬਹੁਤ ਸਾਰੇ ਦਰਖੱਤ, ਝੀਡੇਂ ਅਤੇ ਬੂਝੇ ਉੱਗੇ ਹੋਏ ਹਨ ਜਿਸ ਦੇ ਸਿੱਟੇ ਵਜੋਂ ਨਹਿਰ ਨੂੰ ਆਪਣੀ ਕਪੈਸਟੀ ਤੋਂ ਘੱਟ ਪਾਣੀ ਮਿਲਣ ਕਾਰਨ ਕਿਸਾਨਾਂ ਨੂੰ ਪੂਰਾ ਪਾਣੀ ਨਹੀਂ ਮਿਲ ਰਿਹਾ, ਜਿਸ ਕਾਰਨ ਕਿਸਾਨਾਂ ਵਿੱਚ ਬੇਚੈਨੀ ਮਚੀ ਹੋਈ ਹੈ।

(ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ)

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਿੰਜਾਈ ਮੰਤਰੀ: ਬਿਸਤ ਦੁਆਬ ਨਹਿਰ ਰੋਪੜ ਹੈਡ ਵਰਕਸ ਦੇ ਸੱਜੇ ਪਾਸੇ ਤੋਂ ਨਿਕਲਦੀ ਹੈ। ਜਿਸ ਦੀ ਸਮਰੱਥਾ 1452 ਕਿਊਸਿਕ ਹੈ। ਬਿਸਤ ਦੁਆਬ ਨਹਿਰ ਸਿਸਟਮ ਦੀ ਕੁੱਲ ਲੰਬਾਈ 801 ਕਿ. ਮੀਟਰ ਹੈ। ਬਿਸਤ ਦੁਆਬ ਨਹਿਰ ਦੀ ਲੰਬਾਈ 43 ਕਿ.ਮੀਟਰ ਹੈ। ਬਿਸਤ ਦੁਆਬ ਨਹਿਰ ਸ਼ੁਰੂ ਵਿੱਚ 1.83 ਕਿ. ਮੀਟਰ ਅਤੇ ਜਲੰਧਰ ਬ੍ਰਾਂਚ ਬੁਰਜੀ 90000 ਤੋਂ 226000 ਤੱਕ 41.46 ਕਿ.ਮੀਟਰ ਰੀਚ ਵਿੱਚ ਪੱਕੀ ਹੈ ਅਤੇ ਬਾਕੀ ਨਹਿਰ ਅਤੇ ਇਸ ਦੇ ਰਜਬਾਹੇ ਅਤੇ ਮਾਈਨਰ ਕੱਚੇ ਹਨ। ਬਿਸਤ ਦੁਆਬ ਸਿਸਟਮ ਦਾ ਕੁੱਲ ਰਕਬਾ 1.99 ਲੱਖ ਹੈਕਟੇਅਰ ਹੈ ਜਿਸ ਵਿੱਚੋਂ ਕੇਵਲ 32200 ਹੈਕਟੇਅਰ ਰਕਬੇ ਦੀ ਸਿੰਜਾਈ ਹੁੰਦੀ ਹੈ। ਬਿਸਤ ਦੁਆਬ ਨਹਿਰ ਦੀ ਸਫ਼ਾਈ ਸਾਲ 2009-10 ਦੌਰਾਨ ਮਨਰੇਗਾ ਅਧੀਨ 40.09 ਲੱਖ ਰੁਪਏ ਖਰਚ ਕੇ 47.67 ਕਿ. ਮੀਟਰ ਲੰਬਾਈ ਵਿਚ ਚੀਮਾ ਮਾਈਨਰ, ਰਾਮਪੁਰ ਮਾਈਨਰ, ਆਦਮਪੁਰ ਰਜਬਾਹਾ, ਗਹੀਰ ਮਾਈਨਰ, ਜੰਡੂ ਸਿੰਘਾ ਰਜਬਾਹਾ, ਇਬਣ ਮਾਈਨਰ, ਰੂੜਕਾ ਮਾਈਨਰ, ਕਕਰਾਲੀ ਮਾਈਨਰ ਅਤੇ ਉਚੱਾ ਪਿੰਡ ਮਾਈਨਰ ਦੀ ਸਫ਼ਾਈ ਦਾ ਕੰਮ ਕਰਵਾਇਆ ਗਿਆ ਸੀ। ਸਾਲ 2010-11 ਦੌਰਾਨ ਪੰਜਾਬ ਸਰਕਾਰ ਵੱਲੋਂ ਨਾਨ ਪਲਾਨ ਅਧੀਨ ਮਿਲੇ 246.00 ਲੱਖ ਰੁਪਏ ਦੇ ਫੰਡਾਂ ਨਾਲ ਅਤਿ ਜ਼ਰੂਰੀ ਰੀਚਾਂ ਵਿੱਚ ਜਿਸ ਦੀ ਲੰਬਾਈ 56.03 ਕਿ.ਮੀਟਰ ਹੈ, ਨਾਲ ਬਿਸਤ ਦੁਆਬ ਨਹਿਰ, ਜਲੰਧਰ ਬ੍ਰਾਂਚ, ਜਲੰਧਰ ਰਜਬਾਹਾ, ਫਿਲੌਰ ਰਜਬਾਹਾ ਅਤੇ ਗੁਰਾਇਆ ਰਜਬਾਹਾ ਦੀ ਸਫਾਈ ਦਾ ਕੰਮ ਕਰਵਾਇਆ ਗਿਆ ਸੀ। ਸਾਲ 2012-13 ਦੌਰਾਨ ਜਲੰਧਰ ਬ੍ਰਾਂਚ ਦੀ ਪੰਜਾਬ ਸਰਕਾਰ ਵੱਲੋਂ ਆਰ.ਡੀ.ਐਫ. ਅਧੀਨ ਮਿਲੇ 64.80 ਲੱਖ ਰੁਪਏ ਦੇ ਫੰਡਾਂ ਨਾਲ 41.46 ਕਿਲੋ ਮੀਟਰ ਦੀ ਲੰਬਾਈ ਵਿਚ ਜਲੰਧਰ ਬ੍ਰਾਂਚ ਦੀ ਸਫ਼ਾਈ ਦਾ ਕੰਮ ਕਰਵਾਇਆ ਗਿਆ ਹੈ। ਬਿਸਤ ਦੁਆਬ ਸਿਸਟਮ ਦੀਆਂ ਸਾਰੀਆਂ ਨਹਿਰਾਂ ਦੀ ਬਰਿਕ ਲਾਈਨਿੰਗ ਕਰਨ ਦਾ ਪ੍ਰਾਜੈਕਟ, ਜਿਸ ਦੀ ਲਾਗਤ 210.90 ਕਰੋੜ ਰੁਪਏ ਹੈ, ਭਾਰਤ ਸਰਕਾਰ ਵੱਲੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ ਅਤੇ ਇਸ ਪ੍ਰਾਜੈਕਟ ਲਈ ਭਾਰਤ ਸਰਕਾਰ ਤੋਂ ਕੇਂਦਰੀ ਸਹਾਇਤਾ ਵਜੋਂ 59.998 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰਨ ਲਈ ਤਜਵੀਜ਼ ਸਾਲ 2011-12 ਦੌਰਾਨ ਭਾਰਤ ਸਰਕਾਰ ਨੂੰ ਭੇਜੀ ਗਈ ਸੀ ਪਰ ਭਾਰਤ ਸਰਕਾਰ ਵੱਲੋਂ ਫੰਡ ਜਾਰੀ ਨਹੀਂ ਸਨ ਕੀਤੇ ਗਏ। ਹੁਣ ਤਜਵੀਜ਼ ਦੁਬਾਰਾ ਸਾਲ 2012-13 ਦੌਰਾਨ ਭਾਰਤ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ। ਇਹ ਪ੍ਰਾਜੈਕਟ ਤਿੰਨ ਸਾਲਾਂ ਵਿੱਚ ਮੁਕੰਮਲ ਕੀਤਾ ਜਾਣਾ ਹੈ। ਲੋੜੀਂਦੇ ਫੰਡ ਪ੍ਰਾਪਤ ਹੋਣ ਤੇ ਬਿਸਤ ਦੁਆਬ ਸਿਸਟਮ ਨੂੰ ਪੱਕਾ ਕਰਨ ਦੇ ਕੰਮ ਨੂੰ ਸ਼ੁਰੂ ਕੀਤੇ ਜਾਣ ਦੀ ਤਜਵੀਜ਼ ਹੈ। ਇਹ ਕੰਮ ਕਰਵਾਉਣ ਉਪਰੰਤ ਬਿਸਤ ਦੁਆਬ ਸਿਸਟਮ ਦੀਆਂ ਨਹਿਰਾਂ ਵਿੱਚ ਸਮਰੱਥਾ ਅਨੁਸਾਰ ਪਾਣੀ ਚਲਾਇਆ ਜਾ ਸਕੇਗਾ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ: ਸਪੀਕਰ ਸਾਹਿਬ, ਜਿਹੜੀ ਬਿਸਤ ਦੁਆਬ ਤੋਂ ਛੋਟੇ ਰਜਬਾਹੇ ਜਾਂ ਛੋਟੀਆਂ ਨਹਿਰਾਂ ਨਿਕਲਦੀਆਂ ਹਨ, ਅਸੀਂ ਉਨ੍ਹਾਂ ਨੂੰ ਜਦੋਂ ਤੋਂ ਦੇਖ ਰਹੇ ਹਾਂ ਉਨ੍ਹਾਂ ਤੇ ਨਾ ਕੋਈ ਇੱਟ ਲੱਗੀ ਹੈ ਅਤੇ ਨਾ ਹੀ ਕੋਈ ਸਫਾਈ ਹੋਈ ਹੈ। ਬਹੁਤ ਲੰਬੇ ਸਮੇਂ ਤੋਂ ਉਨ੍ਹਾਂ ਵਿੱਚ ਬੂਝੇ, ਦਰਖੱਤ ਅਤੇ ਝੀਂਡੇ ਉੱਗੇ ਹੋਏ ਹਨ। ਇਸ ਨਾਲ ਉਨ੍ਹਾਂ ਖੇਤਰਾਂ ਵਿੱਚ ਕਿਸਾਨਾਂ ਨੂੰ ਪਾਣੀ ਬਹੁਤ ਘੱਟ ਮਿਲ ਰਿਹਾ ਹੈ ਅਤੇ ਗਰਾਊਂਡ ਵਾਟਰ ਬੜੀ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ। ਇਨ੍ਹਾਂ ਨਹਿਰਾਂ ਦੀ ਬਰਿੱਕ ਲਾਈਨਿੰਗ ਹੋ ਜਾਵੇ ਤਾਂ ਕਿਸਾਨਾਂ ਨੂੰ ਵੀ ਫਾਇਦਾ ਹੋ ਜਾਵੇਗਾ ਅਤੇ ਗਰਾਊਂਡ ਵਾਟਰ ਵੀ ਰੀਚਾਰਜ ਹੋ ਸਕੇਗਾ।

ਮੰਤਰੀ: ਸਪੀਕਰ ਸਾਹਿਬ, ਇਸ ਟੋਟਲ ਸਿਸਟਮ ਲਈ 210.90 ਕਰੋੜ ਰੁਪਿਆ ਭਾਰਤ ਸਰਕਾਰ ਤੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਇਸ ਪ੍ਰਾਜੈਕਟ ਲਈ ਭਾਰਤ ਸਰਕਾਰ ਤੋਂ ਕੇਂਦਰੀ ਸਹਾਇਤਾ ਵਜੋਂ 59.997 ਕਰੋੜ ਰੁਪਿਆ ਜਾਰੀ ਕਰਨ ਲਈ ਤਜਵੀਜ਼ 2011-12 ਦੌਰਾਨ ਭੇਜੀ ਗਈ ਸੀ ਪਰ ਭਾਰਤ ਸਰਕਾਰ ਵੱਲੋਂ ਫੰਡਜ਼ ਜਾਰੀ ਨਹੀਂ ਕੀਤੇ ਗਏ ਸਨ। ਹੁਣ ਤਜਵੀਜ਼ ਦੁਬਾਰਾ 2012-13 ਦੌਰਾਨ ਭਾਰਤ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ। ਇਹੋ ਪ੍ਰੋਜੈਕਟ ਤਿੰਨ ਸਾਲਾਂ ਵਿੱਚ ਮੁਕੰਮਲ ਕੀਤਾ ਜਾਣਾ ਹੈ। ਲੋੜੀਂਦੇ ਫੰਡਜ਼ ਪ੍ਰਾਪਤ ਹੋਣ ਤੇ ਬਿਸਤ ਦੁਆਬ ਸਿਸਟਮ ਨੂੰ ਪੱਕਾ ਕਰਨ ਦੇ ਕੰਮ ਨੂੰ ਸ਼ੁਰੂ ਕੀਤੇ ਜਾਣ ਦੀ ਤਜਵੀਜ਼ ਹੈ। ਇਸ ਲਈ ਇਹ ਸਾਰਾ ਸਿਸਟਮ ਪੱਕਾ ਕਰ ਦੇਣਾ ਹੈ।

PRESENTATION OF THE FIRST REPORT OF THE BUSINESS ADVISORY COMMITTEE

ਮਾਨਯੋਗ ਸਪੀਕਰ: ਧੰਨਵਾਦ। ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ (ਵਿਘਨ) ਮੈਂ ਸਿਸਟਮਵਾਈਜ਼ ਆ ਰਿਹਾ ਹਾਂ। ਇਹ ਨਹੀਂ ਕਿ ਇੱਕ ਬਿਜ਼ਨਸ ਨੂੰ ਛੱਡ ਕੇ ਦੂਜੇ ਨੂੰ ਇੰਪਾਰਟੈਂਸ ਦੇ ਰਿਹਾ ਹਾਂ। ਇਸ ਤੋਂ ਬਾਅਦ ਜ਼ੀਰੋ ਆਵਰ ਹੋਵੇਗਾ।

ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ। ਜੋ ਇਸ ਤਰ੍ਹਾਂ ਹੈ:-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 21.6.2012 ਤੋਂ 29.6.2012 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇ:-

ਵੀਰਵਾਰ, 21 ਜੂਨ 2012 (10.00 ਵਜੇ ਸਵੇਰੇ)	ਗੈਰ ਸਰਕਾਰੀ ਕੰਮ-ਕਾਰ

(ਮਾਨਯੋਗ ਸਪੀਕਰ)

ਸ਼ੁੱਕਰਵਾਰ, 22 ਜੂਨ 2012	ਖਾਲੀ ਦਿਨ।
ਸ਼ਨਿੱਚਰਵਾਰ, 23 ਜੂਨ 2012	ਛੁੱਟੀ
ਐਤਵਾਰ, 24 ਜੂਨ 2012	ਛੁੱਟੀ
ਸੋਮਵਾਰ, 25 ਜੂਨ 2012 (02.00 ਵਜੇ ਬਾਅਦ ਦੁਪਹਿਰ)	ਸਾਲ 2012-13 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ
ਮੰਗਲਵਾਰ, 26 ਜੂਨ 2012 (10.00 ਵਜੇ ਸਵੇਰੇ ਤੋਂ ਬਜਟ ਬਹਿਸ ਸਮਾਪਤ ਹੋਣ ਤੱਕ)	ਸਾਲ 2012-13 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਅਰੰਭ ਕਰਨਾ। (ਸਮਾਪਤ ਕੀਤੀ ਜਾਵੇਗੀ)
ਬੁੱਧਵਾਰ, 27 ਜੂਨ 2012 (10.00 ਵਜੇ ਸਵੇਰੇ)	i) ਸਾਲ 2012-13 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ ਅਤੇ ii) ਸਾਲ 2012-13 ਲਈ ਬਜਟ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ।
ਵੀਰਵਾਰ, 28 ਜੂਨ 2012 (10.00 ਵਜੇ ਸਵੇਰੇ)	ਗੈਰ ਸਰਕਾਰੀ ਕੰਮ-ਕਾਰ।
ਸ਼ੁੱਕਰਵਾਰ, 29 ਜੂਨ 2012 (10.00 ਵਜੇ ਸਵੇਰੇ)	i) ਵਿਧਾਨਕ ਕੰਮ-ਕਾਰ; ਅਤੇ ii) ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿੱਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।

ਜੇਕਰ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਮਾਨਯੋਗ ਸਪੀਕਰ: ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ। (ਵਿਘਨ)

ਰਾਣਾ ਗੁਰਮੀਤ ਸਿੰਘ ਸੋਢੀ: ਸਪੀਕਰ ਸਾਹਿਬ ....

ਮਾਨਯੋਗ ਸਪੀਕਰ: ਇਸ ਤੋਂ ਬਾਅਦ ਜ਼ੀਰੋ ਆਵਰ ਹੈ। ਜ਼ੀਰੋ ਆਵਰ ਆਉਣਾ ਹੈ, ਉਸ ਤੋਂ ਬਾਅਦ ਤੁਹਾਡਾ ਕੰਮ ਆਉਣਾ ਹੈ। ਮੈਨੂੰ ਇਹ ਕਾਗਜ਼ ਭੇਜ ਦਿਉ। ਇਹ ਸਰਕਾਰੀ ਕੰਮ ਹੈ। ਮੈਂ ਕੋਈ ਇਹੋ ਜਿਹੀ ਗੱਲ ਨਹੀਂ ਕਰ ਰਿਹਾ ਜਿਹੜੀ ਕੋਈ ਨਵੀਂ ਹੋਵੇ। ਜੋ ਤੁਹਾਡਾ ਪਹਿਲਾ ਸਿਸਟਮ ਚਲਿਆ ਆ ਰਿਹਾ ਹੈ, ਉਹੀ ਗੱਲ ਹੈ। ਜਿਹੜਾ ਇਹ ਸਿਸਟਮ ਹੈ, ਇਹ ਜਿਹੜਾ ਤੁਹਾਡਾ ਪਹਿਲਾਂ ਸਿਸਟਮ ਹੈ, ਜਿਹੜਾ ਤੁਸੀਂ ਸੈਟੱ ਕੀਤਾ ਹੋਇਆ ਹੈ, ਉਸ ਦੇ ਮੁਤਾਬਕ ਹੀ ਆ ਰਿਹਾ ਹੈ। ਇਸ ਤੋਂ ਬਾਅਦ ਜ਼ੀਰੋ ਆਵਰ ਆਉਣਾ ਹੈ। ਮੇਜ਼ ਤੇ ਕਾਗਜ਼ ਰੱਖੇ ਜਾਣ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ:-

ਕਿ ਇਹ ਸਦਨ ਕਾਰਜਕਾਰ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਮਾਨਯੋਗ ਸਪੀਕਰ: ਪ੍ਰਸਤਾਵ ਪੇਸ਼ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

(ਬਹਿਸ, ਜੇਕਰ ਕੋਈ ਹੋਵੇ? (ਵਿਘਨ)

(ਕੁਝ ਅਵਾਜ਼ਾਂ: ਨਹੀਂ ਜੀ, ਨਹੀਂ ਜੀ)

ਮਾਨਯੋਗ ਸਪੀਕਰ: ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

(ਸਰਦਾਰ ਚਰਨਜੀਤ ਸਿੰਘ ਚੰਨੀ ਵਲੋਂ ਵਿਘਨ)

ਮਾਨਯੋਗ ਸਪੀਕਰ: ਕੀ ਤੁਹਾਨੂੰ ਇਸ ਤੇ ਕੋਈ ਇਤਰਾਜ਼ ਹੈ? (ਵਿਘਨ) No this is not a good thing.

ਪ੍ਰਸਤਾਵ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ।

PAPERS RE-LAID ON THE TABLE

Hon'ble Speaker: Next item, Papers to be Re-laid on the Table. Mittal Ji.

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਸਪੀਕਰ ਸਾਹਿਬ, ਮੈਂ ਹੇਠ ਲਿਖੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:

i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀਜ਼/ਇੰਪਲਾਇਰਜ਼ ਨੂੰ ਸਿੰਗਲ ਪੁਆਇੰਟ ਸਪਲਾਈ ਕਰਨਾ। (ਪਹਿਲੀ ਸੋਧਨਾ) ਵਿਨਿਯਮਨ, 2010;

ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮਨ, 2010;

iii) ਪੰਜਾਬ ਰਾਜ ਗ੍ਰਿਡ ਕੋਡ (ਪਹਿਲੀ ਸੋਧਨਾ) ਵਿਨਿਯਮਨ, 2010;

iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਆਮ ਪਹੁੰਚ) (ਤੀਜੀ ਸੋਧਨਾ) ਵਿਨਿਯਮਨ, 2010;

v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜਿੰਮੇਵਾਰੀ ਅਤੇ ਉਸ ਦੀ ਪਾਲਣਾ) ਵਿਨਿਯਮਨ, 2011; ਅਤੇ

vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ ਰਾਜੀ ਆਮ ਪਹੁੰਚ ਲਈ ਸ਼ਰਤਾਂ) ਵਿਨਿਯਮਨ, 2011;

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

MATTERS RAISED DURING ZERO HOUR AND THE STATEMENTS MADE BY THE CHIEF MINISTER/ MINISTERS THEREON

ਮਾਨਯੋਗ ਸਪੀਕਰ: ਹਾਂ ਜੀ, ਜ਼ੀਰੋ ਆਵਰ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ। ਮੈਨੂੰ ਤਾਂ ਮਾਨਯੋਗ ਮੁੱਖ ਮੰਤਰੀ ਜੀ ਤੋਂ ਵੀ ਉਮੀਦ ਸੀ ਕਿ ਮੁੱਖ ਮੰਤਰੀ ਜੀ ਉਠ ਕੇ ਕੋਈ ਸਟੇਟਮੈਂਟ ਦੇਣਗੇ। ਕਿਉਂਕਿ ਪੰਜਾਬ ਦੇ ਜੋ ਹਾਲਾਤ ਹਨ, ਉਨ੍ਹਾਂ ਹਾਲਾਤਾਂ ਤੇ ਸਰਕਾਰ ਦੀ ਨੀਤੀ ਸਪੱਸ਼ਟ ਕਰਨਾ ਔਰ ਸਿਰਫ ਅਖਬਾਰਾਂ ਰਾਹੀਂ ਨਹੀਂ, ਜਦੋਂ ਇਹ ਅਜ਼ੀਮ ਸਦਨ ਹੁਣ ਇੱਥੇ ਜੁੜਿਆ ਹੈ ਔਰ ਜੋ

ਹਾਲਾਤ ਵਾਪਰੇ ਹਨ between the time when Vote on Account was taken up and now ਜਦੋਂ ਅਸੀਂ ਦੁਬਾਰਾ ਮਿਲੇ ਹਾਂ, ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਤੇ suo moto C.M. Sahib should have taken a stand and he should made his position clear. but he has not. I was fully confident that he is also concerned with what is happening. ਚਾਹੇ ਕਹਿਣ ਨੂੰ ਇਹ ਅਖ਼ਬਾਰਾਂ ਵਿੱਚ ਕਹਿ ਦਿੰਦੇ ਹਨ ਕਿ ਕਾਂਗਰਸ ਵਾਲਿਆਂ ਕੋਲ ਕੋਈ ਹੋਰ ਮੁੱਦੇ ਨਹੀਂ ਹਨ, ਇਸੇ ਕਰਕੇ ਭੜਕਾਊ ਗੱਲਾਂ ਕਰਨਗੇ ਕਿ ਉਨ੍ਹਾਂ ਦੀ ਗੱਲ ਵਿੱਚ ਕੋਈ ਵਜ਼ਨ ਨਹੀਂ। That is a normal standard. political phrase. which has been used by him also. ਪਰ ਇਨ੍ਹਾਂ ਦੇ ਦਿਮਾਗ ਵਿੱਚ ਇੱਕ ਹੋਰ ਗੱਲ ਸੀ and that was reflected when ਜਦੋਂ ਦੋ ਦਿਨ ਪਹਿਲਾਂ ਅਸੀਂ ਇੱਥੇ ਓਬਚੁ ਵਾਸਤੇ ਖੜ੍ਹੇ ਹੋਏ I think he made a phobia when he said that ਜੋਗੇ ਵਿੱਚ ਜੋ ਇੰਸੀਡੈਂਟ ਹੋਇਆ, ਉਸ ਬਾਰੇ ਇੱਥੇ ਸ਼ਰਧਾਂਜਲੀ ਦਿੱਤੀ ਜਾਵੇ। Everybody condemns the incident. ਸਾਰੇ ਇੱਥੇ ਬੈਠੇ ਉਸ ਦੀ ਨਿਖੇਧੀ ਕਰਦੇ ਹਨ। ਕਿਸੇ ਵੀ ਧਰਮ ਨਾਲ ਸਬੰਧ ਰੱਖਦੇ ਹੋਣ, ਸਾਰਾ ਹਿੰਦੁਸਤਾਨ ਸ਼ਰਧਾ ਨਾਲ ਵੇਖਦਾ ਹੈ। ਜੋ ਘਟਨਾ ਉਥੇ ਵਾਪਰੀ ਉਹ ਮੰਦਭਾਗੀ ਹੈ। ਪਰ ਸਪੀਕਰ ਸਾਹਿਬ, ਉਸਦੀ ਸ਼ਰਧਾਂਜਲੀ ਆਪਾਂ ਕਿਸ ਨੂੰ ਭੇਜਾਂਗੇ। He is senior most Statesman not only of our State ਔਰ ਹੁਣ ਤਾਂ ਮੇਰੇ ਖਿਆਲ ਵਿੱਚ ਹਿੰਦੁਸਤਾਨ ਵਿੱਚ ਵੀ ਇਨ੍ਹਾਂ ਦੇ ਹਾਣ ਦਾ ਇੰਨਾ ਸੀਨੀਅਰਮੋਸਟ ਲੀਡਰ ਹੀ ਨਹੀਂ ਰਿਹਾ, so nobody thought it proper to interrupt him. ਉਸ ਦੇ ਵਿੱਚ ਸ਼ਾਇਦ ਭਾਵਨਾ ਇਨ੍ਹਾਂ ਦੀ ਇਹੀ ਹੋਣੀ ਹੈ ਕਿ ਉਸ ਇੰਸੀਡੈਂਟ ਦੀ ਅਸੀਂ ਨਿਖੇਧੀ ਕਰਦੇ ਹਾਂ but making a reference in the obituaries, Speaker Sahib, you also out of grace made a note of it. But the fact is what I am trying to say Speaker Sahib. in this season of raising memorials, this memorial was also somewhere bitting at the back of his head. ਉਸ ਕਰਕੇ ਇਹ ਮੈਮੋਰੀਅਲ ਆ ਗਿਆ ਕਿ ਉਨ੍ਹਾਂ ਦਾ ਮੈਮੋਰੀਅਲ ਬਣਾ ਦਿਉ। Was it a purposeful thing?

ਮਾਨਯੋਗ ਸਪੀਕਰ: ਤੁਸੀਂ ਕਿਨ੍ਹਾਂ ਦੀ ਗੱਲ ਕਰਦੇ ਹੋ?

ਸ਼੍ਰੀ ਸੁਨੀਲ ਜਾਖੜ: ਮੈਂ ਬਾਦਲ ਸਾਹਿਬ ਦੀ ਗੱਲ ਕਰ ਰਿਹਾ ਹਾਂ ਜੀ।

ਮਾਨਯੋਗ ਸਪੀਕਰ: ਤੁਸੀਂ ਕਿਹੜੇ ਮੈਮੋਰੀਅਲ ਦੀ ਗੱਲ ਕਰਦੇ ਹੋ?

ਸ਼੍ਰੀ ਸੁਨੀਲ ਜਾਖੜ: ਜਿਹੜਾ ਇਨ੍ਹਾਂ ਨੇ ਜੋਗੇ ਦਾ ਮੈਮੋਰੀਅਲ ਬਾਰੇ ਕਿਹਾ ਹੈ। ਕਹਿਣ ਦਾ ਭਾਵ ਹੈ ਕਿ ਮੈਮੋਰੀਅਲ ਅੱਜ ਦੇ ਦਿਨ ਇਨ੍ਹਾਂ ਦੇ ਦਿਮਾਗ ਦੇ ਉਤੇ ਛਾਏ ਹੋਏ ਹਨ।

(ਸ਼੍ਰੀ ਸੁਨੀਲ ਜਾਖੜ)

ਕਿਉਂ, ਕਿਉਂਕਿ, there is some sort of religious flavour to this entire exercise. we are here as a government (ਇੱਕ ਅਵਾਜ਼: ਪੰਜਾਬੀ ਵਿੱਚ ਦੱਸ ਦਿਉ) ਪੰਜਾਬੀ ਵਿੱਚ ਦੱਸ ਦਿੰਦੇ ਹਾਂ, ਪੰਜਾਬੀ ਵਿੱਚ ਸੁਣ ਲਓ (ਵਿਘਨ, ਸ਼ੋਰ)

ਮਾਨਯੋਗ ਸਪੀਕਰ: ਪਲੀਜ਼ ਸਾਇਲੈਂਸ। ਤੁਹਾਡੇ ਲੀਡਰ ਸਾਹਿਬ ਬੋਲ ਰਹੇ ਹਨ।

ਸ਼੍ਰੀ ਸੁਨੀਲ ਜਾਖੜ: ਸੋ, ਇਹ ਇਨ੍ਹਾਂ ਦੇ ਦਿਲ ਵਿੱਚ ਸੀ ਗੱਲ ਜਿਹੜਾ "ਗਊ" ਵਾਲਾ ਮੈਮੋਰੀਅਲ ਹੈ, though later on he corrected himself ਇਨ੍ਹਾਂ ਨੇ ਗਊਆਂ ਵਾਸਤੇ ਕਿਹਾ ਕਿ ਅਸੀਂ ਤੀਹ ਰੁਪਏ ਪ੍ਰਤੀ ਗਊ ਦੇ ਹਿਸਾਬ ਨਾਲ ਉਥੇ ਗਊਸ਼ਾਲਾ ਵਿੱਚ ਦੇਵਾਂਗੇ though I was expecting that the statement of Chief Minister Sahib should have been reflected in the F.M's Budget but it has not been taken care of ਪਤਾ ਨਹੀਂ ਕਿੱਧਰੋਂ ਇਹ ਫੰਡਜ਼ ਦਾ ਕਰਨਗੇ that is a second story. ਜਿਸ ਮਸਲੇ ਕਰਕੇ ਮੈਂ ਖੜ੍ਹਾ ਹੋਇਆ ਹਾਂ। These memorials are causing great concern to him and he says ਕਿ ਕਾਂਗਰਸ ਐਵੇਂ ਬਾਲ ਦੀ ਖਾਲ ਕੱਢ ਰਹੀ ਹੈ ਕਿ ਇਸ ਮੁੱਦੇ ਤੇ ਕੋਈ ਹੋਰ ਰਾਜਨੀਤੀ ਕਰਨ ਦੀ ਲੋੜ ਨਹੀਂ। ਕੋਈ ਸਟੈਂਡ ਦੀ ਲੋੜ ਨਹੀਂ, ਵਾਪਰੀ ਘਟਨਾ ਹੈ, ਮੈਂ ਵੀ ਇਨ੍ਹਾਂ ਨਾਲ ਸਹਿਮਤ ਹਾਂ, ਸਪੀਕਰ ਸਾਹਿਬ। Something that had been done was most unfortunate incident in the history of Punjab. ਜਿਹੜੀ 1984 ਦੀ ਘਟਨਾ ਵਾਪਰੀ ਸੀ, ਉਸ ਦੀ ਨਿੰਦਾ ਕਰਨ ਲਈ ਸ਼ਬਦ ਨਹੀਂ ਹਨ। ਉਹ ਇਕ ਦੁਰਭਾਗਪੂਰਨ ਘਟਨਾ ਸੀ। ਕਿਸੇ ਵੀ ਧਰਮ ਜਾਂ ਕਿਸੇ ਵੀ ਜ਼ਾਤੀ ਉਤੇ ਕਿਸੇ ਕਿਸਮ ਦਾ ਕਿੰਤੂ-ਪ੍ਰੰਤੂ ਨਹੀਂ ਸੀ। ਅੱਜ ਅਸੀਂ ਉਹ ਮਸਲਾ ਡਿਸਕਸ ਨਹੀਂ ਕਰ ਰਹੇ। ਅੱਜ ਅਸੀਂ ਸਰਕਾਰ ਦੀ ਕਾਰਗੁਜ਼ਾਰੀ ਡਿਸਕਸ ਕਰ ਰਹੇ ਹਾਂ। ਅੱਜ ਸਰਕਾਰ ਹੱਥ ਝਾੜ ਕੇ ਬੈਠ ਗਈ ਹੈ ਕਿ ਸਾਡਾ ਤਾਂ ਕੋਈ ਲੈਣਾ-ਦੇਣਾ ਹੀ ਨਹੀਂ। ਅਗਰ ਕੋਈ ਲੈਣਾ-ਦੇਣਾ ਨਹੀਂ ਤਾਂ ਇਸ ਬੜੇ ਸੈਂਸੇਟਿਵ ਇਸ਼ੂ ਉਤੇ ਸ਼ਬਦਾਂ ਦੇ ਜਾਲ ਵਿਚ ਕੋਈ ਇਹੋ ਜਿਹੀ ਗੱਲ ਨਿਕਲ ਜਾਂਦੀ ਹੈ ਜਿਹੜੀ ਕਿ ਮੱਲ੍ਹਮ ਲਗਾਉਣ ਦੀ ਬਜਾਏ ਨਾਸੂਰ ਬਣ ਜਾਂਦੀ ਹੈ। ਇਕ ਸ਼ਾਇਰ ਨੇ ਕਿਹਾ ਹੈ:

"ਆਂਸੂ ਹਥੇਲੀਉਂ ਪੇ ਰੱਖ ਕੇ, ਲੋਗੋਂ ਕੋ ਦਿਖਲਾਣਾ ਕੈਸਾ।

ਜ਼ਖਮ ਪੁਰਾਣੇ ਭਰਨੇ ਦੇ, ਇਨ ਕੋ ਨਾਸੂਰ ਬਣਾਨਾ ਕੈਸਾ।

ਬੀਤ ਗਈ ਕੋ ਕਿਆ ਦੁਹਰਾਨਾ, ਵਰਤਮਾਨ ਕੇ ਗਮ ਹੀ ਕਿਆ ਕਮ ਹੈਂ,

ਸਾਰੇ ਜ਼ਖਮ ਪੂਰ ਦੇਤਾ ਹੈ ਵਕਤ ਘਾਇਲੋਂ ਕਾ ਮਰਹਮ" (ਅਪੋਜ਼ੀਸ਼ਨ ਵੱਲੋਂ ਥੰਪਿੰਗ)

Punjab has been so fortunate even in spite of ਜੋ ਕੁਝ ਵੀ ਸਾਡੇ ਨਾਲ ਵਾਪਰਿਆ ਹੈ, ਪੰਜਾਬ ਵਾਪਸ ਸ਼ਾਂਤੀ ਦੇ ਰਾਹ ਤੇ ਪੈ ਗਿਆ ਹੈ। ਲੋਕਾਂ ਦਾ ਭਾਈਚਾਰਾ ਫਿਰ ਉਸੇ

ਤਰ੍ਹਾਂ ਚੱਲਣ ਲੱਗਾ ਹੈ i.e. what has caused this concern ਕਾਂਗਰਸੀ ਤਾਂ ਸਭ ਝੂਠ ਬੋਲਦੇ ਹਨ, ਰਾਜਨੀਤੀ ਕਰ ਗਏ ਹਨ। I am quoting from their colleagues Gujral Sahib was nominated to the Rajya Sabha as an intellectual, as a journalist of great imminence. ਸ੍ਰੀ ਕੁਲਦੀਪ ਨਯੀਅਰ ਬਾਰੇ ਤੁਸੀਂ ਸਾਰਿਆਂ ਨੇ ਵੇਖਿਆ ਹੋਣਾ ਹੈ it has not come once, it has not come twice, it has come thrice. ਵਿਰਸਾ ਸਿੰਘ ਜੀ (ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲ ਇਸ਼ਾਰਾ) ਜੇਕਰ ਤੁਸੀਂ ਕਹੋ ਤਾਂ ਪੰਜਾਬੀ ਵਿਚ ਪੜ੍ਹ ਦਿੰਦਾਂ ਹਾਂ, ਇੰਗਲਿਸ਼ ਦਾ ਪੜ੍ਹ ਦਿੰਦਾਂ ਹਾਂ ਜਾਂ ਹਿੰਦੀ ਦਾ ਪੜ੍ਹ ਦਿੰਦਾ ਹਾਂ। But the underlying fact is the Title says it all and that causes the concern. ਪੰਜਾਬੀਆਂ ਦੇ ਦਿਲਾਂ ਵਿਚ ਇਕ ਖੌਫ਼ ਹੈ, "Playing with the fire in Punjab. Akalis owes an explanation to the nation." ਇਸ ਕਰਕੇ ਮੈਂ ਅੱਜ ਉਮੀਦ ਰੱਖਦਾ ਸੀ ਕਿ ਅੱਜ ਬਾਦਲ ਸਾਹਿਬ ਜ਼ਰੂਰ ਖੜ੍ਹੇ ਹੋ ਕੇ ਇਸ ਦੇ ਬਿਆਨ ਦੇਣਗੇ ਜਾਂ ਫਿਰ ਕੁਲਦੀਪ ਨਯੀਅਰ ਨੇ ਜੋ ਕੁਝ ਕਿਹਾ ਹੈ, ਉਸ ਉਤੇ ਤਾਂ ਦਾਅਵਾ ਠੋਕਣਗੇ।

...... (ਸ਼ੋਰ, ਵਿਘਨ ......)

ਮੁੱਖ ਮੰਤਰੀ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸੌਰੀ ਮੈਂ ਲੀਡਰ ਆਫ ਦੀ ਅਪੋਜ਼ੀਸ਼ਨ ਨੂੰ ਇੰਟਰੱਪਟ ਕੀਤਾ ਹੈ। ਮੈਨੂੰ ਇਹ ਤਾਂ ਪਤਾ ਨਹੀਂ ਸੀ ਕਿ ਮੈਂ ਬਿਆਨ ਕਿਸ ਚੀਜ਼ ਤੇ ਦੇਣਾ ਹੈ। ਮੈਂ ਤਾਂ ਇਹ ਐਕਸਪੈਕਟ ਵੀ ਨਹੀਂ ਕਰ ਸਕਦਾ ਸੀ ਕਿ ਲੀਡਰ ਆਫ ਦੀ ਅਪੋਜ਼ੀਸ਼ਨ ਉਹ ਗੱਲਾਂ ਕਰਨਗੇ ਜਿਹੜਾ ਪੰਜਾਬ ਦੇ ਅਮਨ ਤੇ ਸ਼ਾਂਤੀ ਵਿਚ ਫਰਕ ਪਾਵੇਗਾ, ਭਾਈਚਾਰੇ ਦੀ ਸਾਂਝ ਵਿਚ ਫਰਕ ਪਾਵੇਗਾ। ਇਨ੍ਹਾਂ ਨੇ ਆਖਿਆ ਹੈ ਕਿ ਮੈਂ ਬਿਆਨ ਦਿੰਦਾ ਹਾਂ। ਪਹਿਲਾਂ ਤੁਸੀਂ ਬਿਆਨ ਦੇ ਦਿਉ, ਫਿਰ ਮੈਂ ਬਿਆਨ ਦੇ ਦਿਆਂਗਾ। ਤੁਸੀਂ ਬਿਆਨ ਦਿਉ। ਲੈਕਚਰ ਵਾਸਤੇ ਤਾਂ ਬਜਟ ਸੈਸ਼ਨ ਹੈ, ਉਸ ਦੇ ਵਿਚ ਭਾਵੇਂ ਤੁਸੀਂ ਜਿੰਨਾ ਮਰਜੀ ਬੋਲ ਲਵੋ ਜਿਹੜੇ ਤੁਹਾਡੇ 2-3 ਵਲਵਲੇ ਹਨ, ਮੈਨੂੰ ਪਤਾ ਸੀ ਤੁਸੀਂ ਕੀ ਕਰਨਾ ਹੈ। ਮੈਂ ਉਨ੍ਹਾਂ ਤੇ ਬਿਆਨ ਦੇ ਦੇਵਾਂਗਾ। ਦੂਜਾ, ਤੁਸੀਂ ਕਿਹਾ ਕਿ ਸਾਡੇ ਉਤੇ ਮੁਕੱਦਮੇ ਬਣਾ ਦਿੱਤੇ, ਸਾਡੇ ਨਾਲ ਵੈਨਡੈੱਟਾ ਹੋ ਰਿਹਾ ਹੈ, ਉਸ ਦਾ ਆਪਣੀ ਤਰਫੋਂ ਬਿਆਨ ਦੇਣਾ ਹੈ। ਬਹਿਸ ਵਿੱਚ ਮੈਂ ਬੋਲ ਨਹੀਂ ਸਕਣਾ, ਕਿਉਂ ਜੋ ਇਹ ਪਰੈਰੋਗੇਟਿਵ ਫਾਈਨਾਂਸ ਮਨਿਸਟਰ ਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜੋ ਇਲਜ਼ਾਮ ਤੁਸੀਂ ਸਾਡੇ ਉਤੇ ਝੂਠੇ ਮੁਕੱਦਮੇ ਬਣਾਉਣ ਦਾ ਲਗਾਇਆ ਹੈ, ਉਸ ਲਈ ਮੈਨੂੰ ਟਾਈਮ ਦਿੱਤਾ ਜਾਵੇ ਤਾਂ ਜੋ ਉਸ ਦਾ ਮੈਂ ਵਿਸਥਾਰ ਦੇ ਸਕਾਂ। ਜਿਹੜਾ ਇਸ਼ੂ ਇਨ੍ਹਾਂ ਨੇ ਰੇਜ਼ ਕੀਤਾ ਹੈ, ਬੜਾ ਖਤਰਨਾਕ ਹੈ, ਗੈਰਵਾਜਬ ਹੈ। ਮੈਂ ਇਸ ਤੇ ਸਟੇਟਮੈਂਟ ਦੇਵਾਂਗਾ। ਜੇ ਮੇਰੀ ਪਹਿਲਾਂ ਸਟੇਟਮੈਂਟ ਸੁਣ ਲਵੋ ਤਾਂ ਸ਼ਾਇਦ ਤੁਸੀਂ ਬੋਲੋ ਹੀ ਨਾ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦੋ ਕੰਟਰਾਡਿਕਟਰੀ ਗੱਲਾਂ ਕੀਤੀਆਂ ਹਨ। ਪਹਿਲੀ ਇਹ ਕਿ ਮੈਨੂੰ ਪਤਾ ਨਹੀਂ ਸੀ ਕਿ ਲੀਡਰ ਆਫ ਦੀ ਅਪੋਜ਼ੀਸ਼ਨ ਇਹ ਗੱਲਾਂ ਕਰਨਗੇ। ਦੂਜਾ ਮੈਨੂੰ ਪਤਾ ਸੀ ਕਿ ਜੋ ਕੁਝ ਇਨ੍ਹਾਂ ਨੇ ਬੋਲਣਾ ਹੈ। ਸਪੀਕਰ ਸਾਹਿਬ, ਅਖਬਾਰਾਂ ਵਿਚ ਤੁਸੀਂ ਵੀ ਪੜ੍ਹਿਆ ਹੋਵੇਗਾ। ਮੈਂ ਤਾਂ ਉਮੀਦ ਰੱਖਦਾ ਸੀ ਕਿ ਉਸ ਦੇ ਖਿਲਾਫ ਡੈਫਾਮੇਸ਼ਨ ਦਾ ਕੇਸ ਕਰਨਗੇ ਕਿਉਂਕਿ ਉਨ੍ਹਾਂ ਨੇ ਬੜੀਆਂ ਸਖਤ ਗੱਲਾਂ ਲਿਖੀਆਂ ਹਨ। He is not holding the government to account ......

ਮੁੱਖ ਮੰਤਰੀ: ਚੌਧਰੀ ਜੀ, ਮੈਂ ਕੁਲਦੀਪ ਨਯੀਅਰ ਦਾ ਜਵਾਬ ਨਹੀਂ ਦੇਣਾ। ਮੈਂ ਤੁਹਾਡਾ ਜਵਾਬ ਦੇਣਾ ਹੈ। ਤੁਸੀਂ ਜੋ ਆਖੋਗੇ, ਮੈਂ ਉਨ੍ਹਾਂ ਗੱਲਾਂ ਦਾ ਜਵਾਬ ਦੇਣਾ ਹੈ। ਜਾਂ ਪਹਿਲਾਂ ਮੈਨੂੰ ਸੁਣ ਲਵੋ।

ਸ਼੍ਰੀ ਸੁਨੀਲ ਜਾਖੜ: ਤੁਸੀਂ ਸੁਣ ਲਓ ਜੀ, ਫਿਰ ਤੁਸੀਂ ਉਸ ਤੋਂ ਬਾਅਦ ਸਾਰੀਆਂ ਗੱਲਾਂ ਦੱਸ ਦੇਣਾ ਜੀ। ਮੈਂ ਆਪਣਾ ਸਾਰਾ ਨਿਚੋੜ ਕੱਢਕੇ ਕਹਿ ਰਿਹਾ ਹਾਂ।

(ਇਸ ਸਮੇਂ ਸ਼੍ਰੀ ਦੇਸ ਰਾਜ ਧੁੱਗਾ, ਮੁੱਖ ਸੰਸਦੀ ਸਕੱਤਰ ਅਤੇ ਸਰਦਾਰ ਸੋਹਣ ਸਿੰਘ ਠੰਡਲ, ਮੁੱਖ ਸੰਸਦੀ ਸਕੱਤਰ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ, ਜੋ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮੁੱਖ ਮੰਤਰੀ : ਮੈਂ ਆਪਣੇ ਸਾਰੇ ਆਨਰੇਬਲ ਬੀ.ਜੇ.ਪੀ. ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲੇ ਤਾਂ ਇਨ੍ਹਾਂ ਨੂੰ ਗੱਲ ਕਰ ਲੈਣ ਦਿਉ, ਜਦੋਂ ਆਪਣਾ ਪਲੜਾ ਭਾਰੀ ਹੈ ਅਤੇ ਅਸੀਂ ਤਾਕਤ ਵਿਚ ਹਾਂ ਤਾਂ ਆਪਾਂ ਨੂੰ ਰੌਲਾ ਪਾਉਣ ਦੀ ਕੀ ਲੋੜ ਹੈ। ਬੋਲੋ ਜੀ ਜਿੰਨਾ ਮਰਜ਼ੀ ਬੋਲੋ।

ਸ਼੍ਰੀ ਸੁਨੀਲ ਜਾਖੜ: ਅਗਜ਼ੈਕਟਲੀ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਜੇ ਇਨ੍ਹਾਂ ਦਾ ਪਲੜਾ ਭਾਰੀ ਹੈ ਤਾਂ ਫਿਰ ਇਹ ਕਿਉਂ ਹੋ ਰਿਹਾ ਹੈ।

(ਇਸ ਸਮੇਂ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲੇ ਮੰਤਰੀ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ: ਜਾਖੜ ਸਾਹਿਬ, Please continue. ਤੁਹਾਡੇ ਬੰਦੇ ਹੀ ਤੁਹਾਨੂੰ ਡਿਸਟਰਬ ਕਰ ਰਹੇ ਹਨ। ਹਾਂ ਜੀ, ਮਿੱਤਲ ਸਾਹਿਬ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਕੁਲਦੀਪ ਨਯੀਅਰ ਜਰਨਲਿਸਟ ਹੈ, ਚੰਗਾ ਜਰਨਲਿਸਟ ਹੈ, ਉਸ ਨੇ ਜੋ ਲਿਖਿਆ ਹੈ, ਉਹ ਸਭ ਨੇ ਪੜ੍ਹਿਆ ਹੈ। ਇਸ ਕਰਕੇ ਆਨਰੇਬਲ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਸੁਣਨ

ਵਾਸਤੇ ਬੈਠੇ ਹਾਂ, ਸਾਡੇ ਲੀਡਰ ਸਾਹਿਬ ਨੇ ਵੀ ਕਹਿ ਦਿੱਤਾ ਹੈ, ਸੁਣੋ, ਪਰ ਇਹ ਕੁਲਦੀਪ ਨਯੀਅਰ ਨੂੰ ਕੋਟ ਨਾ ਕਰਨ, ਇਨ੍ਹਾਂ ਦੇ ਆਪਣੇ ਜੋ ਵਿਚਾਰ ਹਨ ਦੱਸਣ, ਫਿਰ ਅਸੀਂ ਇਨ੍ਹਾਂ ਨੂੰ ਦੱਸਾਂਗੇ।

ਮਾਨਯੋਗ ਸਪੀਕਰ: ਕੁਲਦੀਪ ਨਯੀਅਰ ਜੀ ਦੇ ਆਪਣੇ ਵਿਚਾਰ ਵੀ ਹੋ ਸਕਦੇ ਹਨ। He can quote.

ਸ੍ਰੀ ਸੁਨੀਲ ਜਾਖੜ: ਚਲੋ ਜੀ, ਮੈਂ ਸਾਰਾ ਤਾਂ ਨਹੀਂ ਪੜ੍ਹਦਾ, ਮੈਂ ਕਿਹੜਾ ਆਰਟੀਕਲ ਪੜ੍ਹਨ ਲੱਗਿਆ ਹਾਂ ਜੀ, ਮੈਂ ਤਾਂ ਤਿੰਨ ਪੇਪਰ ਇਸ ਲਈ ਲੈ ਕੇ ਆਇਆ ਹਾਂ ਕਿ ਵਾਰੀ ਵਾਰੀ ਇਹ ਸਵਾਲ ਉਠਣ ਲੱਗੇ ਸੀ ਕਿ ਅੰਗਰੇਜ਼ੀ ਨਾ ਬੋਲੋ, ਹਿੰਦੀ ਨਾ ਬੋਲੋ, ਪੰਜਾਬੀ ਨਾ ਬੋਲੋ, ਇਸ ਕਰਕੇ ਹੀ ਮੈਂ ਤਿੰਨੇ ਹੀ ਲੈ ਕੇ ਆਇਆ ਹਾਂ ਜੀ। ਜਿਹੜੀ ਗੱਲ ਉਸ ਨੇ ਉਠਾਈ ਹੈ ਕਿ ਜਦੋਂ ਅਕਾਲੀ ਤਾਕਤ ਵਿੱਚ ਨਹੀਂ ਹੁੰਦੇ ਤਾਂ ਉਦੋਂ ਇਹ ਇਸ ਕਿਸਮ ਦਾ ਮੋਰਚਾ ਲਗਾਉਂਦੇ ਹਨ। "..... either they want to divert attention from problems like unemployment, drug trafficking and farmers' lessening incomes". He goes on to say, " Both Badals are in charge of law and order. In a way, they are custodians of the State". Can anybody deny that. Nobody can. I hold the Chief Minister not even just leader of the Akali Dal, but he is custodian of th House". ਹੋਰ ਕੋਈ ਅਜੰਡਾ ਨਹੀਂ। ਜਦੋਂ ਅੱਜ ਬਾਦਲ ਸਾਹਿਬ ਕਹਿ ਰਹੇ ਹਨ ਕਿ ਅਸੀਂ ਮਜ਼ਬੂਤੀ ਦੀ ਹਾਲਾਤ ਵਿੱਚ ਹਾਂ ਤਾਂ ਫਿਰ ਇਹ ਅਜੰਡਾ ਕਿਉਂ? He is custodian of aspirations of the people of Punjab. Speaker Sahib, it further says, "They have not realized that they cannot carry out their duty if they side with militants.

ਮਾਨਯੋਗ ਸਪੀਕਰ: ਤੁਸੀਂ ਤਾਂ ਅਖਬਾਰ read ਕਰ ਰਹੇ ਹੋ।

ਮੁੱਖ ਮੰਤਰੀ: ਸਪੀਕਰ ਸਾਹਿਬ, ਲੀਡਰ ਆਫ ਦੀ ਅਪੋਜੀਸ਼ਨ ਅਖਬਾਰ ਤੋਂ ਪੜ੍ਹ ਰਹੇ ਹਨ। ਇਹ ਜੋ ਕੁਝ ਕਹਿਣਾ ਹੈ, ਕਹਿਣ। ਆਪਣਾ ਵਿਊ ਦੇਣ। ਨਹੀਂ ਫਿਰ ਕੁਲਦੀਪ ਨਯੀਅਰ ਨੂੰ ਇੱਥੇ ਬੁਲਾ ਲੈਂਦੇ ਹਾਂ ਜੀ। ਉਸ ਨੂੰ ਸਾਰੇ ਹਾਊਸ ਦੇ ਸਾਹਮਣੇ ਕਰ ਦਿੰਦੇ ਹਾਂ ਕਿ ਨਯੀਅਰ ਜੀ ਤੁਸੀਂ ਆਪਣਾ ਬਿਆਨ ਦੇ ਦਿਉ, ਜੇਕਰ ਪੰਜਾਬ ਦਾ ਕੋਈ ਫਾਇਦਾ ਹੋ ਜਾਵੇ। ਤੁਸੀਂ ਆਪਣਾ ਵਿਊ ਦੱਸੋ, ਮੈਨਸ਼ਨ ਕਰ ਦਿਉ ਕਿ what you want ਜਾਂ ਮੈਨੂੰ ਸੁਣ ਲਓ ਜਾਂ ਆਪ ਸੁਣਾ ਦਿਉ, ਮੈਂ ਸਿਰਫ ਇੰਨੀ ਬੇਨਤੀ ਕਰਨੀ ਸੀ।

ਮਾਨਯੋਗ ਸਪੀਕਰ: ਹਾਂ ਜੀ ਜਾਖੜ ਸਾਹਿਬ।

ਸ੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਸੁਖਪਾਲ ਕੀ ਬੋਲਦਾ ਹੈ, ਵਿਰਸਾ ਸਿੰਘ ਵਲਟੋਹਾ ਕੀ ਬੋਲਦਾ ਹੈ ਅਤੇ ਹੋਰ ਕੋਈ ਸਾਥੀ ਕੀ ਬੋਲਦਾ ਹੈ, ਇਸਦਾ ਹਾਊਸ ਦੇ

(ਸ੍ਰੀ ਸੁਨੀਲ ਜਾਖੜ)

ਵਿੱਚ ਜਵਾਬ ਦੇਣ ਵਾਲਾ ਕੋਈ ਹੋਰ ਹੈ ਨਹੀਂ। ਇਸ ਹਾਊਸ ਵਿੱਚ ਇਸ ਦਾ ਜਵਾਬ ਲੀਡਰ ਆਫ ਦੀ ਹਾਊਸ ਨੂੰ ਦੇਣਾ ਪਵੇਗਾ। ਇਸ ਲਈ ਕਹਿੰਦੇ ਹਨ ਕਿ:

"ਤੂੰ ਇਧਰ ਉਧਰ ਕੀ ਬਾਤ ਨਾ ਕਰ,
ਕਿ ਯਹ ਬਤਾ ਕਿ ਕਾਫਲਾ ਕਿਉਂ ਲੁਟਾ।
ਹਮੇਂ ਰਾਹਜਨੋਂ ਸੇ ਗਿਲਾ ਨਹੀਂ,
ਤੇਰੀ ਰਹਿਬਰੀ ਕਾ ਸਵਾਲ ਹੈ।
(ਆਪੋਜ਼ੀਸ਼ਨ ਬੈਂਚਿਜ਼ ਵਲੋਂ ਥੰਪਿੰਗ)"

It is matter of Sardar Parkash Singh Badal leadership. ਲੋਕਾਂ ਦੀ ਆਸ ਬਾਦਲ ਸਾਹਿਬ ਤੁਹਾਡੇ ਵੱਲ ਹੈ। ਮੈਂ ਪਿਛਲੀ ਵਾਰੀ ਵੀ ਖੜ੍ਹੇ ਹੋ ਕੇ ਕਿਹਾ ਸੀ ਕਿ ਅਕਾਲੀ ਦਲ ਦੇ ਵਿੱਚ even though everybody claims ਕਿ ਸੁਖਬੀਰ ਬਾਦਲ ਜੀ ਦੀ ਮੈਨੇਜੀਰੀਅਲ ਸਕਿਲ ਕਰਕੇ ਗੌਰਮਿੰਟ ਆਈ ਹੈ ਪਰ the fact is that you are winning factor for this entire team. You are the USP. ਅਕਾਲੀ ਦਲ ਦੇ ਸੈਕੂਲਰ ਫੇਸ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਹਨ। ਭਾਵੇਂ ਇਹ ਕਹਿ ਲੈਣ ਕਿ ਅਸੀਂ ਸੋਸ਼ਲ ਇੰਜੀਨੀਅਰਿੰਗ ਕਰਕੇ ਜਿੱਤ ਕੇ ਆਏ ਹਾਂ। ਚਾਹੇ ਕਹਿ ਦੇਣ ਕਿ ਡਿਵੈਲਪਮੈਂਟ ਏਜੰਡੇ ਤੇ ਜਿੱਤ ਕੇ ਆਏ ਹਾਂ। You are the secular face of this. I think they are trying the balancing act. ਜੋ ਬੈਲੇਂਸਿੰਗ ਐਕਟ ਬਜਟ ਵਿੱਚ ਹੋਣਾ ਚਾਹੀਦਾ ਸੀ He is trying to balance the deficit of trust, the deficit of Governance. ਜੋ ਤੁਸੀਂ ਕੰਮ ਫੜਿਆ ਹੈ Their rising is a matter of double speak. ਜਦੋਂ ਇਹ ਕਹਿੰਦੇ ਹਨ ਇਹ ਕੰਮ ਤਾਂ ਸਾਡੇ ਧਾਰਮਿਕ ਗੁਰੂ ਕਰ ਰਹੇ ਹਨ। ਉਨ੍ਹਾਂ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ। The administration cannot wash its hands off.

ਮਾਨਯੋਗ ਸਪੀਕਰ: ਤੁਹਾਡਾ ਕੋਈ ਮਸਲਾ ਵੀ ਹੈ। ਕੇਵਲ ਅਖਬਾਰਾਂ ਹੀ ਕੋਟ ਕਰ ਰਹੇ ਹੋ।

ਸ੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਪੰਜਾਬ ਦੀ ਅਮਨ ਸ਼ਾਂਤੀ ਤੋਂ ਉਤੇ ਕੋਈ ਵੱਡਾ ਮਸਲਾ ਨਹੀਂ ਹੈ। ਮੈਂ ਇਹ ਕਹਿ ਰਿਹਾ ਹਾਂ ਕਿ ਉਥੇ ਯਾਦਗਾਰ ਕਿਉਂ ਬਣ ਰਹੀ ਹੈ? ਮੈਂ ਕਿਸੇ ਧਾਰਮਿਕ ਗੁਰੂ ਦਾ ਕੀ ਰਵੱਈਆ ਹੈ ਤੇ ਕੀ ਬਣਾਉਣਾ ਚਾਹੁੰਦੇ ਹਨ, ਮੈਂ ਉਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ। They are competent to do so. But there is not a theocratic state. ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਸਾਰਾ ਪੰਜਾਬ ਕਦਰ

ਕਰਦਾ ਹੈ। But, my concern is ਕਿ ਇਹ ਪੰਜਾਬ ਦੀ ਏਕਤਾ ਤੇ ਅਖੰਡਤਾ ਬਹਾਲ ਰੱਖਣਗੇ। ਉਹ ਏਕਤਾ ਤੇ ਅਖੰਡਤਾ ਨੂੰ ਬਹਾਲ ਰੱਖਣ ਵਾਸਤੇ he has taken oath that he is guardian of the secular state. ਮੇਰਾ ਕੋਈ ਲੈਣਾ ਦੇਣਾ ਨਹੀਂ। ਚਲੋ, ਇਸ ਨੂੰ ਛੱਡ ਦਿਉ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਪਲੀਜ਼, ਪਲੀਜ਼।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਇੱਕ ਇੱਕ ਜਵਾਬ ਲਵਾਂਗੇ। ਪੇਪਰ ਵਿੱਚ ਆਇਆ ਹੈ ਕਿ ਸਾਡਾ ਉਥੇ ਐਸ.ਜੀ.ਪੀ.ਸੀ. ਨਾਲ ਕੋਈ ਲੈਣਾ ਦੇਣਾ ਨਹੀਂ। But it has come in the paper that SAD-Sant Samaj Sweeps the SGPC ਸਾਡਾ ਇਨ੍ਹਾਂ ਨੂੰ ਕਹਿਣ ਦਾ ਕੋਈ ਰਾਹ ਹੀ ਨਹੀਂ ਬਣਦਾ ਸੀ। ਐਸ.ਜੀ.ਪੀ.ਸੀ. ਦੀ ਇਲੈਕਸ਼ਨ ਤੋਂ ਅਗਲੇ ਦਿਨ ਦੀ ਅਖਬਾਰ ਹੈ। ਇਸ ਵਿੱਚ ਕੀ ਲਿਖਿਆ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੇਨਤੀ ਕਰਾਂਗਾ ਕਿ ਜੋ ਮੇਰੀ ਸਟੇਟਮੈਂਟ ਹੈ, ਉਹ ਮੈਨੂੰ ਦੇ ਲੈਣ ਦਿਉ। ਉਸ ਤੋਂ ਬਾਅਦ ਜੇ ਕੋਈ ਗਿਲਾ ਹੋਵੇ ਜਾਂ ਕਮੀ ਹੋਵੇ ਤਾਂ ਤੁਸੀਂ ਦੱਸ ਦੇਣਾ। ਇਹ ਤੁਹਾਡੀ ਮਰਜ਼ੀ ਹੈ। ਮੇਰਾ ਚੌਧਰੀ ਸਾਹਿਬ ਅਤੇ ਸਪੈਸ਼ਲੀ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਪ੍ਰਤੀ ਬਹੁਤ ਰਿਗਾਰਡ ਹੈ। ਮੈਨੂੰ ਇਹ ਨਹੀਂ ਪਤਾ ਸੀ ਕਿ ਮੈਂ ਸਟੇਟਮੈਂਟ ਦੇਣੀ ਹੈ, ਪਤਾ ਨਹੀਂ ਇਹ ਕਿਹੜੀ ਸਟੇਟਮੈਂਟ ਮੰਗਦੇ ਹਨ। ਜੇ ਇਹ ਕਹਿਣ ਤਾਂ ਮੈਂ ਪਹਿਲਾਂ ਸਟੇਟਮੈਂਟ ਦੇ ਦਿੰਦਾ ਹਾਂ। ਨਹੀਂ ਤਾਂ ਇਹ ਆਪਣੀ ਗੱਲ ਕਰ ਲੈਣ, ਮੈਂ ਬਾਅਦ ਵਿੱਚ ਕਹਿ ਦਿਆਂਗਾ।

ਸ਼੍ਰੀ ਸੁਨੀਲ ਜਾਖੜ: ਅਸੀਂ ਪਹਿਲਾਂ ਗੱਲ ਕਹਿ ਲਈਏ। ਅਸੀਂ ਲੋਕਾਂ ਦੇ ਅੰਦੇਸ਼ੇ ਤੁਹਾਡੇ ਤੱਕ ਲੈ ਕੇ ਆ ਰਹੇ ਹਾਂ। (ਵਿਘਨ) (ਸ਼ੋਰ)

CHIEF MINISTER: I have the greatest regard for Choudhary Sahib and the Hon'ble Members, especially the Opposition.

ਸ਼੍ਰੀ ਸੁਨੀਲ ਜਾਖੜ: ਇਸ ਕਾਂਡ ਤੇ ਭਾਜਪਾ ਦੇ ਚੁੱਪ ਹੋਣ ਤੇ ਮੈਨੂੰ ਹੈਰਾਨੀ ਹੈ। ਭਾਜਪਾ ਪੰਜਾਬ ਸਰਕਾਰ ਵਿੱਚ ਭਾਈਵਾਲ ਹੈ। ਜਾਂ ਤਾਂ ਉਹ ਅੱਤਵਾਦੀਆਂ ਦਾ ਖਾਮੋਸ਼ ਸਮਰਥਨ ਕਰ ਰਹੀ ਹੈ ਜਾਂ ਫਿਰ ਨਿੱਜੀ ਲਾਭ ਲਈ ਭਾਜਪਾ ਦੇ ਮੰਤਰੀ ਕੁਰਸੀ ਨਾਲ ਚਿੰਬੜੇ ਹੋਏ ਹਨ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ)

ਮਾਨਯੋਗ ਸਪੀਕਰ: ਸਾਈਲੈਂਸ ਪਲੀਜ਼।

ਸ਼੍ਰੀ ਸੁਨੀਲ ਜਾਖੜ: ਮਿੱਤਲ ਸਾਹਿਬ, ਮੇਰੇ ਕੋਲ ਤੁਹਾਡੀ ਉਹ ਸਪੀਚ ਪਈ ਹੈ, ਜਿਹੜੀ ਤੁਸੀਂ ਇਸੇ ਸਦਨ ਵਿੱਚ ਸਰਦਾਰ ਬੇਅੰਤ ਸਿੰਘ ਜੀ ਦੇ ਨਾਲ ਦਿੱਤੀ ਸੀ। ਉਹ ਸਪੀਚ ਮੇਰੇ ਕੋਲ ਪਈ ਹੈ .....

ਮੁੱਖ ਮੰਤਰੀ: ਮੈਂ ਬੀ.ਜੇ.ਪੀ. ਅਤੇ ਅਕਾਲੀ ਦਲ ਦੇ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਦਾ ਤਾਂ ਮਸਲਾ ਮੁੱਕਿਆ ਪਿਆ ਹੈ, ਤੁਸੀਂ ਚੁੱਪ ਕਰ ਜਾਓ। ਮੈਂ ਜਵਾਬ ਦੇ ਦੇਵਾਂਗਾ। ਇਨ੍ਹਾਂ ਕੋਲ ਹੈ ਹੀ ਕੁਝ ਨਹੀਂ, ਇਹ ਤਾਂ ਫੋਕੇ ਪਟਾਕੇ ਹਨ, ਜਿੰਨੇ ਮਰਜ਼ੀ ਚਲਾ ਲਓ। (ਥੰਪਿੰਗ) ਪਹਿਲਾਂ ਤੁਸੀਂ ਕਹਿ ਲਓ, ਫਿਰ ਮੈਂ ਬੋਲ ਲੈਂਦਾ ਹਾਂ।

ਸ਼੍ਰੀ ਸੁਨੀਲ ਜਾਖੜ: ਅਸੀਂ ਵੀ ਚਾਹੁੰਦੇ ਹਾਂ ਕਿ ਇਹ ਫੋਕੇ ਪਟਾਕੇ ਹੀ ਰਹਿ ਜਾਣ, ਇਨ੍ਹਾਂ ਦਾ ਕੋਈ ਹੋਰ ਰੰਗ ਨਾ ਬਦਲ ਜਾਵੇ। ਤੁਹਾਡੀ ਸਰਕਾਰ ਦਾ ਰਵੱਈਆ ਲੋਕਾਂ ਸਾਹਮਣੇ ਪਤਾ ਲੱਗੇ ਕਿ ਇਨ੍ਹਾਂ ਹਾਲਾਤਾਂ ਵਿੱਚ ਤੁਹਾਡਾ ਸਟੈਂਡ ਕੀ ਹੈ।

ਮੁੱਖ ਮੰਤਰੀ (ਬੈਠੇ-ਬੈਠੇ) : ਮੈਂ ਦੱਸ ਰਿਹਾ ਹਾਂ।

ਸ਼੍ਰੀ ਸੁਨੀਲ ਜਾਖੜ: ਤੁਸੀਂ ਦੱਸ ਦਿਓ, ਇਨ੍ਹਾਂ ਨੂੰ (ਬੀ.ਜੇ.ਪੀ. ਵੱਲ ਇਸ਼ਾਰਾ) ਵੀ ਸੁਣ ਲੈਣ ਦਿਉ, ਮਿੱਤਲ ਸਾਹਿਬ ..... (ਵਿਘਨ) ......

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਤੁਸੀਂ ਸਟੈਂਡ ਸੁਣ ਕੇ ਗੱਲ ਕਰ ਲੈਣਾ ..... (ਵਿਘਨ) ....

ਮਾਨਯੋਗ ਸਪੀਕਰ: ਸਾਈਲੈਂਸ ਪਲੀਜ਼।

ਸਿਹਤ ਅਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਮੈਨੂੰ ਬੜੀ ਹੈਰਾਨੀ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੜਾ ਖੁੱਲ੍ਹਾ ਟਾਈਮ ਦਿੱਤਾ ਹੈ। ਬਾਦਲ ਸਾਹਿਬ ਨੇ ਵੀ ਬੜਾ ਕਲੀਅਰ ਕਹਿ ਦਿੱਤਾ ਕਿ ਤੁਸੀਂ ਜੋ ਬੋਲਣਾ ਹੈ, ਬੋਲ ਲਓ, ਮੈਂ ਜਵਾਬ ਦੇਵਾਂਗਾ। ਫਿਰ ਸਾਨੂੰ ਇੰਡਵਿਊਜ਼ਲ ਕਿਉਂ ਗੱਲ ਕਰਦੇ ਹਨ। ਸਾਡਾ ਲੀਡਰ ਬੋਲੇਗਾ। We have full confidence in him. ਪੂਰੀ ਗੱਲ ਸੁਣੋ। ਸਪੀਕਰ ਸਾਹਿਬ, ਮੈਂ ਬੜੀ ਕਲੀਅਰ ਗੱਲ ਕਰਨੀ ਚਾਹੁੰਦਾ ਹਾਂ.... (ਵਿਘਨ) ...... ਜ਼ਰਾ ਸੁਣ ਲਵੋ

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ ....

ਸਿਹਤ ਅਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਤੁਸੀਂ ਬੈਠੋਗੇ ਤਾਂ ਹੀ ਬੋਲਾਂਗਾ।

ਮਾਨਯੋਗ ਸਪੀਕਰ: ਜਾਖੜ ਸਾਹਿਬ, ਬੈਠ ਜਾਓ, ਪਹਿਲਾਂ ਉਨ੍ਹਾਂ ਦੀ ਗੱਲ ਸੁਣ ਲਵੋ।

ਸਿਹਤ ਅਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਸਵਾਲ ਕੀਤਾ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਪਣਾ ਸਟੈਂਡ ਤਾਂ ਹੁਣ ਤੱਕ ਭੁੱਲੇ ਨਹੀਂ ਜੀ। ਕਦੇ ਕੁਲਦੀਪ ਨਈਯਰ ਜੀ ਨੂੰ ਪੜ੍ਹ ਦਿੱਤਾ, ਕਦੇ ਕਿਸੇ ਨੂੰ ਪੜ੍ਹ

ਦਿੱਤਾ। ਬਾਅਦ ਵਿੱਚ ਬੀ.ਜੇ.ਪੀ. ਨੂੰ ਕਹਿ ਦਿੱਤਾ ਕਿ ਇਹ ਕੁਰਸੀਆਂ ਨਾਲ ਚਿੰਬੜੇ ਹਨ। ਤੁਸੀਂ ਦੱਸੋ, ਤੁਸੀਂ ਅੱਜ ਤੱਕ ਕੀ ਕੀਤਾ ਹੈ? I want to know your background.

ਮਾਨਯੋਗ ਸਪੀਕਰ: Thank you.

ਸਿਹਤ ਅਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਇੱਕ ਬੜੀ ਇੰਪਾਰਟੈਂਟ ਘਟਨਾ ਦੱਸਣੀ ਚਾਹੁੰਦਾ ਹਾਂ, ਜਿਹੜੀ ਕਿ ਰੈਲੇਵੈਂਟ ਹੈ। 1992 ਦਾ ਅਸੰਬਲੀ ਇਲੈਕਸ਼ਨ ਹੋ ਰਿਹਾ ਸੀ। ਸਾਨੂੰ ਪਤਾ ਲੱਗਿਆ ਕਿ ਕਾਂਗਰਸ ਨੇ ਰੈਗਿੰਗ ਕਰਨੀ ਹੈ। ਅਕਾਲੀ ਦਲ ਨੇ ਬਾਈਕਾਟ ਕੀਤਾ ਸੀ। ਮੈਂ, ਡਾ. ਬਲਦੇਵ ਪ੍ਰਕਾਸ਼ ਅਤੇ ਮਦਨ ਲਾਲ ਖੁਰਾਣਾ ਨੇ ਦਿੱਲੀ ਜਾ ਕੇ ਆਪਣੇ ਲੀਡਰਾਂ ਨੂੰ ਕਿਹਾ ਕਿ ਇਲੈਕਸ਼ਨਾਂ ਵਿੱਚ ਰੈਗਿੰਗ ਹੋਣੀ ਹੈ। ਅਟਲ ਬਿਹਾਰੀ ਵਾਜਪਾਈ ਅਤੇ ਬਾਕੀ ਲੀਡਰਾਂ ਨੇ ਪ੍ਰਾਈਮ ਮਨਿਸਟਰ ਨਰਸਿਮ੍ਹਾ ਰਾਓ ਨਾਲ ਗੱਲ ਕੀਤੀ। ਨਰਸਿਮ੍ਹਾ ਰਾਓ ਨੇ ਕਿਹਾ ਨਹੀਂ ਰੈਗਿੰਗ ਨਹੀਂ ਹੋਣੀ। ਆਪ ਆਪਣੇ ਲੀਡਰੋਂ ਕੋ ਮੇਰੇ ਪਾਸ ਭੇਜੋ। ਅੱਜ ਤੱਕ ਮੈਂ ਇਹ ਗੱਲ ਸਿਰਫ ਇੱਕ ਦੋ ਬੰਦਿਆਂ ਤੋਂ ਇਲਾਵਾ ਕਿਸੇ ਨਾਲ ਨਹੀਂ ਕੀਤੀ। ਸਾਨੂੰ ਉਨ੍ਹਾਂ ਨੇ ਰਾਤ 8.00 ਵਜੇ ਦਾ ਟਾਈਮ ਦਿੱਤਾ। ਮੈਂ ਡਾਕਟਰ ਸਾਹਿਬ ਦੇ ਨਾਲ ਉਥੇ ਗਿਆ। ਅਸੀਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਲੈਕਸ਼ਨਾਂ ਵਿੱਚ ਰੈਗਿੰਗ ਕਰਨੀ ਹੈ ਅਤੇ ਸਾਨੂੰ ਸਿਰਫ ਚਾਹੁੰਦੇ ਹੋ ਕਿ ਅਸੀਂ ਪਾਰਟੀਸਿਪੇਟ ਕਰਕੇ ਤੁਹਾਡੀਆਂ ਇਲੈਕਸ਼ਨਾਂ ਨੂੰ ਕਾਂਸਟੀਚਿਊਸ਼ਨਲੀ ਵੈਲੀਡੇਟ ਕਰ ਦੇਈਏ, ਇਸ ਕਰਕੇ ਅਸੀਂ ਪਾਰਟੀਸਿਪੇਟ ਨਹੀਂ ਕਰਨਾ। ਉਹ ਕਹਿੰਦੇ, ਡਾਕਟਰ ਸਾਹਿਬ, ਮਿੱਤਲ ਸਾਹਿਬ, ਐਸਾ ਨਹੀਂ ਹੈ। ਹਮ ਸਰਕਾਰ ਕੈਸੇ ਬਣਾ ਸਕਤੇ ਹੈਂ। ਹਮਾਰੇ ਉਪਰ ਤੋਂ ਲੋਗੋਂ ਕੋ ਵਿਸ਼ਵਾਸ ਹੀ ਨਹੀਂ ਹੈ। ਆਤੰਕਵਾਦ ਕੇ ਖਿਲਾਫ ਲੜਨਾ ਹੈ। ਹਮ ਇਨ ਕੇ ਲੀਡਰ ਕੈਪਟਨ ਅਮਰਿੰਦਰ ਸਿੰਘ ਕੋ ਮੁੱਖ ਮੰਤਰੀ ਬਣਾਨਾ ਚਾਹਤੇ ਹੈਂ ਔਰ ਆਪ ਉਸ ਮੇਂ ਸਾਂਝੀਦਾਰ ਬਨੇਂ ਕਿਉਂਕਿ ਆਤੰਕਵਾਦ ਕੇ ਖਿਲਾਫ ਹਮਾਰੇ ਲੋਕ ਲੜਾਈ ਨਹੀਂ ਲੜ ਸਕਤੇ। ਹਮਾਰੇ ਊਪਰ ਤੋ ਦੋਸ਼ ਹੈ ਕਿ ਹਮਨੇ ਆਤੰਕਵਾਦ ਪੈਦਾ ਕੀਆ ਹੈ। ਅਗਰ ਕੈਪਟਨ ਅਮਰਿੰਦਰ ਸਿੰਘ ਕੇ ਕੋਈ ਐਮ.ਐਲ.ਏ. ਕਮ ਹੋ ਜਾਏਂਗੇ ਤੋ ਹਮ ਕੈਪਟਨ ਅਮਰਿੰਦਰ ਸਿੰਘ ਕੋ ਅਪਨੇ ਐਮ.ਐਲ.ਏ. ਦੇ ਦੇਂਗੇ ਤਾਂ ਕਿ ਵੋਹ ਸਰਕਾਰ ਬਨਾ ਕੇ ਸਰਕਾਰ ਚਲਾਏਂ। ਹਮ ਚਾਹਤੇ ਹੈਂ ਕਿ ਆਪ ਪਾਰਟੀਸਿਪੇਟ ਕਰੇਂ। ਹਮਾਰੀ ਕੋਈ ਇਛਾ ਸਰਕਾਰ ਬਨਾਨੇ ਕੀ ਨਹੀਂ ਹੈ। ਤੁਹਾਡਾ ਪ੍ਰਾਈਮ ਮਨਿਸਟਰ ਇਹ ਕਹਿੰਦਾ ਹੈ ਕਿ ਆਤੰਕਵਾਦ ਤੁਸੀਂ ਲਿਆਂਦਾ ਹੈ ਔਰ ਤੁਹਾਡੇ ਵੱਡੇ ਵੱਡੇ ਲੀਡਰਾਂ ਨੇ ਪੰਜਾਬ ਵਿੱਚੋਂ ਪਲਾਨ ਕਰ ਲਿਆ, ਉਨ੍ਹਾਂ ਨੇ ਇਲੈਕਸ਼ਨ ਨਹੀਂ ਲੜਿਆ ..... (ਵਿਘਨ).... ਹੁਣ ਤੁਸੀਂ ਇੱਕ ਮਿੰਟ ਸੁਣ ਲਵੋ .... (ਵਿਘਨ) ... ਸੁਣ ਲਵੋ, ਤੁਹਾਡੀਆਂ ਕਰਤੂਤਾਂ ਦੱਸਣ ਲੱਗਿਆ ਹਾਂ। ਸਪੀਕਰ ਸਾਹਿਬ, 1984 ਦੇ ਵਿੱਚ ਜੋ

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)

ਕੁਝ ਕੀਤਾ ਹੈ, ਉਸ ਬਾਰੇ ਇਨ੍ਹਾਂ ਦਾ ਲੀਡਰ ਕਹਿ ਰਿਹਾ ਹੈ ਕਿ ਜਬ ਕੋਈ ਦਰੱਖਤ ਗਿਰਤਾ ਹੈ ਤੋ ਧਰਤੀ ਹਿਲਤੀ ਹੈ। ਇਹ ਧੱਬਾ ਇਨ੍ਹਾਂ ਤੇ ਲੱਗਿਆ ਹੈ। ਇਨ੍ਹਾਂ ਨੇ ਪੰਜਾਬ ਦੇ ਵਿੱਚ ਆਤੰਕਵਾਦ ਲਿਆਂਦਾ ਹੈ ਔਰ ਇਨ੍ਹਾਂ ਨੇ ਪੰਜਾਬ ਵਿੱਚ ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ। ਇਨ੍ਹਾਂ ਉਤੇ ਇਹ ਦੋਸ਼ ਹੈ, ਇਨ੍ਹਾਂ ਨੇ ਹਜ਼ਾਰਾਂ ਹੀ ਲੋਕ ਪੰਜਾਬ ਵਿੱਚ ਮਰਵਾਏ। ਉਸ ਗੱਲ ਦਾ ਜਵਾਬ ਇਨ੍ਹਾਂ ਤੋਂ ਲੈਣਾ ਚਾਹੀਦਾ ਹੈ। ਉਸ ਵਿੱਚ ਜਿਹੜੇ ਲੋਕਾਂ ਨੇ ਉਨ੍ਹਾਂ ਨੂੰ ਸ਼ਹਿ ਦਿੱਤੀ ਉਨ੍ਹਾਂ ਲੋਕਾਂ ਦੇ ਕੋਲੋਂ ਜਵਾਬ ਲੈਣਾ ਚਾਹੀਦਾ ਹੈ। ਮੈਂ ਬਤੌਰ ਸਟੇਟ ਪ੍ਰਧਾਨ, ਆਤੰਕਵਾਦ ਦੇ ਖਿਲਾਫ ਫਰੰਟ ਤੇ ਆ ਕੇ ਲੜਿਆ ਹਾਂ। ਮੈਂ ਆਪ ਜ਼ਿੰਦਗੀ ਔਰ ਮੌਤ ਨਿਕਲਦੀ ਵੇਖੀ ਹੈ, ਮੇਰੇ ਸਾਹਮਣੇ ਕੁਝ ਮੈਂਬਰ ਬੈਠੇ ਹਨ ਜਿਨ੍ਹਾਂ ਦੇ ਘਰ ਵਿੱਚੋਂ ਕਈ ਮੈਂਬਰ ਆਤੰਕਵਾਦ ਦੇ ਸ਼ਿਕਾਰ ਹੋਏ। ਇਸ ਕਰਕੇ ਫਜ਼ੂਲ ਗੱਲਾਂ ਕਰਕੇ ਇਹ ਜ਼ਖਮ ਹਰੇ ਨਾ ਕਰੋ (ਵਿਘਨ) ਬੜੀ ਮੁਸ਼ਕਲ ਦੇ ਨਾਲ ਸ਼ਾਂਤੀ ਆਈ ਹੈ ਔਰ ਬੜੀ ਕੀਮਤੀ ਸ਼ਾਂਤੀ ਹੈ, ਇਸ ਸ਼ਾਂਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰੋ। ਪੰਜਾਬ ਦੇ ਵਿਕਾਸ ਦੇ ਮੁੱਦੇ ਦੀ ਕੋਈ ਗੱਲ ਕਰੋ (ਵਿਘਨ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਪੀਕਰ ਸਾਹਿਬ, with all due respect ਜ਼ੀਰੋ ਆਵਰ ਦੇ ਵਿਚ and with all high regards ਜਾਖੜ ਸਾਹਿਬ ਬੇਨਤੀ ਹੈ, ਅਤੇ ਤੁਹਾਡੇ ਪ੍ਰਤੀ ਸਾਡੇ ਵਿੱਚ ਬਹੁਤ ਰਿਗਾਰਡ ਅਤੇ ਰਿਸਪੈਕਟ ਹੈ। ਤੁਸੀਂ ਇਕ ਇਸ਼ੂ ਨੂੰ ਛੇੜਿਆ ਹੈ। ਤੁਸੀਂ ਵੀ ਚਾਹੁੰਦੇ ਹੋ ਕਿ ਲਾਅ ਐਂਡ ਆਰਡਰ ਨੂੰ ਬਹਾਲ ਰੱਖਿਆ ਜਾਵੇ। ਤੁਸੀਂ ਵਾਰ ਵਾਰ ਇਹ ਗੱਲ ਕਹੀ ਜਾਂਦੇ ਹੋ ਕਿ Custodian of the House ਪੰਜਾਬ ਦੀ ਜ਼ਿੰਮੇਵਾਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਸਿਰ ਤੇ ਹੈ। ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਕੋਈ ਇਕ ਦਿਨ ਦਾ ਲੀਡਰ ਨਹੀਂ, ਸਰਦਾਰ ਪਰਕਾਸ਼ ਸਿੰਘ ਬਾਦਲ ਦੀ 70-80 ਸਾਲ ਦੀ ਸੇਵਾ ਹੈ। ਜੇ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਇਹ ਗੱਲ ਕਹਿ ਦਿੱਤੀ ਹੈ ਕਿ ਮੈਂ ਸਟੇਟਮੈਂਟ ਦੇ ਦਿੰਦਾ ਹਾਂ, ਜੇ ਤੁਹਾਨੂੰ ਲਾਅ ਐਂਡ ਆਰਡਰ ਦੀ ਚਿੰਤਾ ਹੈ। ਜੇਕਰ ਤੁਹਾਨੂੰ ਲਾਅ ਐਂਡ ਆਰਡਰ ਦੀ ਚਿੰਤਾ ਹੈ Let the Chief Minister make the statement and why are you playing to the gallery. ਐਵੇਂ ਤੁਸੀਂ ਖਬਰ ਲਗਾਉਣ ਲਈ, ਪੰਜਾਬ ਦੇ ਹਾਲਾਤ ਵਿਗਾੜਨ ਦੀ ਕੋਸ਼ਿਸ਼ ਤੁਸੀਂ ਪਹਿਲਾਂ ਵੀ ਕੀਤੀ ਹੈ ਤੇ ਫਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹੋ (ਵਿਘਨ) with all due respect Jakhar Sahib we expect leader of opposition then congress has had every time. With all due respect Speaker Sahib ....

Shri Sunil Jakhar: To create hungama here I would have mentioned whereas I have not mentioned any of these two incidents. I have not

even once mentioned because I am avoiding but what I am asking is I am questioning the leadership role with regard to these incidents. ਇਨ੍ਹਾਂ ਦਾ ਕੀ ਸਟੈਂਡ ਹੈ ਇਨ੍ਹਾਂ ਦੀ ਪਾਰਟੀ, ਬੀ.ਜੇ.ਪੀ. ਕਿੱਥੇ ਖੜ੍ਹੀ ਹੈ? ਇਹ ਇਸ ਦਾ ਜਵਾਬ ਦੇਣ। ਉਨ੍ਹਾਂ ਲੋਕਾਂ ਨੇ ਉਥੇ ਬੈਠ ਕੇ ਕੀ ਕੀਤਾ ਹੈ, they have all the right they are the dharam guru they decide their religious holy place but as a citizen of ਇਹ ਵੀ ਜਵਾਬ ਦੇਣਗੇ ਅਤੇ ਉਹ ਵੀ ਜਵਾਬ ਦੇਣਗੇ (ਵਿਘਨ)

Revenue & Rehabilitation, Information & Public Relation, NRI's Affairs & Non-Conventional Energy Minister (Sardar Bikram Singh Majithia): It is the Hon'ble Chief Minister who will decide as a Leader of the House....

ਸ਼੍ਰੀ ਸੁਨੀਲ ਜਾਖੜ: ਅਸੀਂ ਤਾਂ ਇਨ੍ਹਾਂ ਨੂੰ ਪਹਿਲਾਂ ਕਿਹਾ ਸੀ ਕਿ ਜਵਾਬ ਦੇਣ। ਗਲਤ ਬਾਤ ਕੋ ਖਾਮੋਸ਼ੀ ਸੇ ਸੁਣ ਲੈਣਾ। ਸਪੀਕਰ ਸਾਹਿਬ, ਅੱਜ ਕਾਲੀਆ ਸਾਹਿਬ ਨਹੀਂ ਬੈਠੇ ਹਨ ਉਹ ਜਾਵੇਦ ਅਖਤਰ ਦੇ ਬੜੇ ਫੈਨ ਹਨ।

"ਗਲਤ ਬਾਤ ਕੋ ਖਾਮੋਸ਼ੀ ਸੇ ਸੁਣ ਲੈਣਾ, ਔਰ ਹਾਮੀ ਭਰ ਦੇਣਾ
ਫਾਇਦੇ ਤੋ ਬਹੁਤ ਹੈਂ ਇਸ ਮੇਂ ਪਰ ਅੱਛਾ ਨਹੀਂ ਲੱਗਤਾ। (ਥੰਪਿੰਗ)"
"ਮੁਝੇ ਦੁਸ਼ਮਣ ਸੇ ਭੀ ਖੁਦਦਾਰੀ ਕੀ ਉਮੀਦ ਰਹਿਤੀ ਹੈ।।
ਸਿਰ ਕਿਸੀ ਕਾ ਭੀ ਹੋ ਕਦਮੋਂ ਮੇਂ ਪਰ ਅੱਛਾ ਨਹੀਂ ਲਗਤਾ।"

ਤੁਸੀਂ ਐਵੇਂ ਕੁਰਸੀਆਂ ਨਾਲ ਚਿੰਬੜੇ ਬੈਠੇ ਹੋ। ਗੱਲ ਤਾਂ ਕਰੋ, ਉਠ ਕੇ ਗੱਲ ਤਾਂ ਕਰੋ। (ਵਿਘਨ) why are you silent? Why are you silent? All we want is that they should explain their statement and where do they stand. ਇਨ੍ਹਾਂ ਦੀਆਂ ਮਜਬੂਰੀਆਂ ਹੋ ਸਕਦੀਆਂ ਹਨ।

ਮਾਨਯੋਗ ਸਪੀਕਰ: ਜਾਖੜ ਜੀ ਨਹੀਂ, ਤੁਸੀਂ ਬੈਠੋ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ. ਆਰ. ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਜਿਹੜੇ ਲੋਕ ਇਸ ਪਾਸੇ ਬੈਠੇ ਹਨ ਇਨ੍ਹਾਂ ਦੇ ਲੀਡਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਹਨ, ਇਹ ਲੀਡਰ ਨਾਲ ਗੱਲ ਕਰਨ (ਵਿਘਨ) and the leader has asked ....

ਮਾਨਯੋਗ ਸਪੀਕਰ: ਜਾਖੜ ਸਾਹਿਬ, ਨਹੀਂ, ਤੁਸੀਂ ਅਜੇ ਤੱਕ ਕੋਈ ਇਹੋ ਜਿਹੇ ਇਸ਼ੂ ਉਤੇ ਗੱਲ ਨਹੀਂ ਲਿਆਂਦੀ ਜਿਸ ਦਾ ਜਵਾਬ ਦੇਣ (ਵਿਘਨ) ।

Shri Sunil Jakhar: Speaker Sahib, they are coalition partners. All we want is that they should explain their statement regarding where they stand.

Revenue & Rehabilitation, Information & Public Relation, NRI's Affairs & Non-Conventional Energy Minister (Sardar Bikram Singh Majithia): Whether it is the Congress Party who will decide the coalition of Shiromani Akali Dal and the Bharatiya Janata Party?

Shri Sunil Jakhar: It is your prerogative but I am asking the question ......

ਮਾਨਯੋਗ ਸਪੀਕਰ: ਜਾਖੜ ਸਾਹਿਬ, ਇਕ ਮਿੰਟ ਲਈ ਮੇਰੀ ਬੇਨਤੀ ਸੁਣ ਲਵੋ। ਤੁਸੀਂ ਇੰਨਾ ਟਾਈਮ ਲਗਾਇਆ ਹੈ (ਵਿਘਨ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਇਹ ਮੇਰੇ ਕੋਲੋਂ ਪੁੱਛ ਲੈਣ (ਵਿਘਨ) ਮਗਰ ਮੈਂ ਇਨ੍ਹਾਂ ਦੀ ਆਦਤਾਂ ਤੋਂ ਵਾਕਫ ਹਾਂ ... (ਵਿਘਨ)

ਮਾਨਯੋਗ ਸਪੀਕਰ: Please sit down. Not to be recorded. ਜਾਖੜ ਸਾਹਿਬ ਇਕ ਮਿੰਟ ਲਈ ਮੇਰੀ ਗੱਲ ਸੁਣਨਾ। ਜਾਖੜ ਸਾਹਿਬ, ਆਪਾਂ ਇੰਨੀ ਦੇਰ ਬੋਲੇ ਹਾਂ, ਆਪਾਂ ਕੋਈ ਡਾਇਰੈਕਟ ਇਸ ਤਰ੍ਹਾਂ ਦਾ ਇੰਸੀਡੈਂਟ ਨਹੀਂ ਦੇ ਰਹੇ, ਇਸ ਤਰ੍ਹਾਂ ਦਾ ਸਬਜੈਕਟ ਨਹੀਂ ਦੇ ਰਹੇ ਜਿਸ ਤੇ ਉਹ ਸਟੇਟਮੈਂਟ ਕਰਨ, ਤੁਸੀਂ ਕੋਈ ਇੰਸੀਡੈਂਟ ਦਿਉ। (ਵਿਘਨ)

ਸ਼੍ਰੀ ਸੁਨੀਲ ਜਾਖੜ: ਚਲੋ, ਮੈਂ ਕਹਿ ਦਿੰਦਾ ਹਾਂ ਜੀ, It is not that the Hon'ble Chief Minister not aware of it. Speaker Sahib, we are talking about the raising of memorial in the Harmandir Sahib, we are talking about the honouring the killers of Sardar Beant Singh, we are talking about the figuring out of definition of Shaheed, ਕੌਣ ਹੋਣਗੇ, ਇਨ੍ਹਾਂ ਲੋਕਾਂ ਦੇ ਦਿਲ ਦੇ ਉਤੇ ਕੀ ਬੀਤ ਰਹੀ ਹੋਵੇਗੀ? ਤਰਲੋਚਨ ਹੁਰਾਂ ਨੂੰ ਪੁੱਛ ਕੇ ਤਾਂ ਵੇਖੋ? ਪਾਂਡੇ ਸਾਹਿਬ ਨੂੰ ਪੁੱਛੋ ਕਿ ਕਿਸ ਕਿਸਮ ਦੀ ਉਨ੍ਹਾਂ ਦੇ ਦਿਲ ਵਿਚ ਵੜ੍ਹੀ ਹੈ this is what we are talking about. We are talking about. ਤੁਸੀਂ ਇਹ ਕਹਾਉਣਾ ਚਾਹੁੰਦੇ ਹੋ because I don't want to vitiate the atmosphere ਰਮੇਸ਼ ਚੰਦਰ ਭਰੇ ਪਏ ਹਨ। ਉਨ੍ਹਾਂ ਨੂੰ ਪੁੱਛੋ, ਹਿਤ ਅਭਿਲਾਸ਼ੀ ਜੀ ਨੂੰ ਪੁੱਛ ਲਓ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਤੁਸੀਂ ਮੁੱਖ ਮੰਤਰੀ ਸਾਹਿਬ ਨੂੰ ਸਟੇਟਮੈਂਟ ਦੇ ਲੈਣ ਦਿਓ। ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੁਣੇ ਹੋ ਜਾਵੇਗਾ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕਦੀ ਹਾਲਾਤ ਖਰਾਬ ਨਹੀਂ ਹੋਣ ਦਿੱਤੇ ਨਾ ਹੋਣ ਦੇਣਗੇ। ਭਾਵੇਂ ਕਾਂਗਰਸੀ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲੈਣ। (ਟਰੈਜ਼ਰੀ ਬੈਂਚਿਂਗ ਵੱਲੋਂ ਥੰਪਿੰਗ) (ਸ਼ੋਰ, ਵਿਘਨ)

ਸ਼੍ਰੀ ਸੁਨੀਲ ਜਾਖੜ: ਮਜੀਠੀਆ ਸਾਹਿਬ, ਤੁਹਾਡੀ ਗੱਲ ਬਿਲਕੁਲ ਸਹੀ ਹੈ everybody and I also would like to have faith in him. ਅਸੀਂ ਇਨ੍ਹਾਂ ਵਿੱਚ ਉਮੀਦ ਦੇਖਦੇ ਸੀ that is why I said he is the only secular face. ਇਨ੍ਹਾਂ ਦੇ ਇੱਕ ਲੀਡਰ ਨੂੰ ਸੈਕੂਲਰ ਫੇਸ ਕਹਿੰਦੇ ਕਹਿੰਦੇ ਮੁਖੌਟਾ ਕਹਿਣ ਲੱਗ ਪਏ ਸੀ। We want to now judge the secular face.

"ਬਰਸੋਂ ਕੀ ਰਸਮੋਂ ਰਾਹ ਥੀ, ਏਕ ਦਿਨ ਉਸ ਨੇ ਛੋੜ ਦੀ (ਵਿਘਨ, ਸ਼ੋਰ)
ਵੈਸੇ ਤੋ ਹਮ ਭੀ ਕਮ ਨਾ ਥੇ, ਹਮ ਨੇ ਭੀ ਉਮੀਦ ਛੋੜ ਦੀ।"

ਬਾਦਲ ਸਾਹਿਬ, ਤੁਹਾਡੇ ਤੋਂ ਉਮੀਦ ਸੀ। We want to believe him but he has to make us believe in him. This is what is most disturbing that this thing is happening under your leadership, this double speak, this playing of double game. This is what you have to assure the House. ਇਹ ਜੋ ਸਾਰਾ ਕੁਝ ਹੋ ਰਿਹਾ ਹੈ ਇਹ ਕਿਸੇ ਸੋਸ਼ਲ ਇੰਜੀਨੀਅਰਿੰਗ ਕਰਕੇ ਨਹੀਂ ਹੋ ਰਿਹਾ। ਅਗਰ ਮੈਂ ਸੱਤ ਨੂੰ ਟਿਕਟਾਂ ਦਿਵਾ ਕੇ ਲੈ ਆਇਆ my core segment is now antagonized that is whey the title of this thing is that "Punjab is playing with fire".

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ...

ਮਾਨਯੋਗ ਸਪੀਕਰ: ਉਹ ਟਾਪਿਕ ਕਲੋਜ਼ ਕਰ ਰਹੇ ਸੀ। ਤੁਸੀਂ ਰੀਓਪਨ ਕਰ ਰਹੇ ਹੋ।

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਆਪਣੀ ਜ਼ਬਾਨ ਨਾਲ ਇਨ੍ਹਾਂ ਨੇ ਆਪ ਮੰਗ ਕੀਤੀ ਸੀ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਐਸ਼ਿਓਰ ਕਰਨ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਸਮਾਂ ਮੰਗਿਆ ਕਿ ਮੈਨੂੰ ਸਟੇਟਮੈਂਟ ਦੇ ਲੈਣ ਦਿਓ। ਮੈਨੂੰ ਸਮਝ ਨਹੀਂ ਆ ਰਹੀ, ਮੈਂ ਜਾਖੜ ਸਾਹਿਬ ਦੀ ਬਹੁਤ ਇੱਜ਼ਤ ਕਰਦਾ ਹਾਂ। ਇਹ ਗੱਲ

ਕਰਦੇ ਹਨ ਕਿ ਅਸੀਂ ਜਾਂ ਬੀ.ਜੇ.ਪੀ. ਵਾਲੇ ਕੁਰਸੀ ਨੂੰ ਚਿੰਬੜੇ ਹੋਏ ਹਾਂ। ਕੀ ਤੁਸੀਂ ਕੁਰਸੀ ਨੂੰ ਨਹੀਂ ਚਿੰਬੜੇ? ਸਰਦਾਰ ਕੇਵਲ ਸਿੰਘ ਢਿੱਲੋਂ ਜਿਹੜੇ ਇਨ੍ਹਾਂ ਦੇ ਨਾਲ ਹੀ ਬੈਠੇ ਹਨ, ਇਹ ਵੀ ਇਨ੍ਹਾਂ ਦੀ ਆਪਣੀ ਕੁਰਸੀ ਨੂੰ ਪਏ ਹੋਏ ਹਨ। (ਵਿਘਨ, ਸ਼ੋਰ) ਜਿਹੜੇ ਇਨ੍ਹਾਂ ਦੇ ਆਲੇ ਦੁਆਲੇ ਬੈਠੇ ਹਨ ਉਹ ਇਨ੍ਹਾਂ ਦੀ ਕੁਰਸੀ ਨੂੰ ਪਏ ਹੋਏ ਹਨ। ਇਸ ਕਰਕੇ ਵਾਰ ਵਾਰ ਇੱਥੇ ਨਹੀਂ ਆਉਂਦੇ, ਕੀ ਸਾਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ? (ਵਿਘਨ, ਸ਼ੋਰ)

ਮਾਨਯੋਗ ਸਪੀਕਰ: ਪਲੀਜ਼, ਕਲੋਜ਼ ਕਰੋ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮਸਲਾ ਪੰਜਾਬ ਵਿੱਚ** .... (ਸਰਦਾਰ ਕੇਵਲ ਸਿੰਘ ਢਿੱਲੋਂ ਵੱਲੋਂ ਵਿਘਨ, ਸ਼ੋਰ)

ਮਾਨਯੋਗ ਸਪੀਕਰ: ਤੁਹਾਡੇ ਲੀਡਰ ਸਾਹਿਬ ਬੋਲ ਰਹੇ ਹਨ ਤੁਸੀਂ ਕਿਉਂ ਉਨ੍ਹਾਂ ਨੂੰ ਡਿਸਟਰਬ ਕਰ ਰਹੇ ਹੋ? ਤੁਹਾਡੇ ਆਪਣੇ ਬੰਦੇ ਹੀ ਡਿਸਟਰਬ ਕਰੀ ਜਾਂਦੇ ਹਨ। (ਸ਼ੋਰ) ** This will not be recorded

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਬੜੇ ਸਿੰਪਲ ਜਿਹੇ ਸਵਾਲ ਹਨ ...

ਮਾਨਯੋਗ ਸਪੀਕਰ: ਇਸ ਟਾਪਿਕ ਨੂੰ ਕਲੋਜ਼ ਕਰੋ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਗੌਰਮਿੰਟ ਅਤੇ ਇਸ ਦੀ ਕੁਲੀਸ਼ਨ ਪਾਰਟੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਘਟਨਾਵਾਂ ਹੋ ਰਹੀਆਂ ਹਨ ਜੋ ਮੈਮੋਰੀਅਲ ਬਣੇ ਹਨ, ਜੋ ਆਨਰਿੰਗ ਹੋਈ ਹੈ, ਉਸ ਪ੍ਰਤੀ ਸਰਕਾਰ ਦਾ ਕੀ ਰਵੱਈਆ ਹੈ? Whether they have made any efforts. SGPC is nothing but another 'B' team of their. Had they made any rapprochement, make any effort or had they sort out with ਕਿ ਅਸੀਂ ਆਪਣੇ ਦੋਵੇਂ ਧੜੇ ਸਹੀ ਰੱਖਣੇ ਹਨ। ਬੀ.ਜੇ.ਪੀ. ਕਿੱਥੇ ਖੜ੍ਹੀ ਹੈ। ਬਾਹਰ ਜਾ ਕੇ ਬੁੜ ਬੁੜ ਕਰਦੇ ਹਨ। Even Lakshmi Kanta Chawla has written her soul. ਇਨ੍ਹਾਂ ਦੇ ਬਲਬੀਰ ਪੁੰਜ ਜੀ ਆਏ ਹਨ। ਉਨ੍ਹਾਂ ਨੇ ਬਿਆਨ ਲਾਇਆ ਹੈ ਕਿ ਅੱਗ ਲਗਾਉਣ ਲੱਗੇ ਹਨ। ਇਹ ਅੱਗ ਪੰਜਾਬ ਵਿੱਚ ਨਾ ਲੱਗੇ ਇਸ ਵਾਸਤੇ ਇਹ ਸਰਕਾਰ ਇਸ ਗੱਲ ਦਾ ਜਵਾਬ ਦੇਵੇ।

ਮਾਨਯੋਗ ਸਪੀਕਰ: ਮੁੱਖ ਮੰਤਰੀ ਸਾਹਿਬ ਹੁਣ ਸਟੇਟਮੈਂਟ ਦੇਣਗੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਚੌਧਰੀ ਸਾਹਿਬ ਬੜੇ ਸੁਲਝੇ ਹੋਏ ਸਿਆਸਤਦਾਨ ਹਨ, ਬੜੇ ਸੈਕੂਲਰ ਹਨ ਅਤੇ ਲੋਕਾਂ ਦੇ ਮਸਲਿਆਂ ਨੂੰ ਬੜੀ ਚੰਗੀ ਤਰ੍ਹਾਂ ਸਮਝਦੇ ਹਨ। ਮੈਂ ਤਾਂ ਕਦੇ ਸੋਚ ਵੀ ਨਹੀਂ ਸਕਦਾ ਸੀ ਕਿ ਚੌਧਰੀ

** Not recorded as ordered by the chair.

ਸਾਹਿਬ ਵਰਗਾ ਬੰਦਾ ਇਹੋ ਜਿਹਾ ਲੀਡਰ, ਇਹੋ ਜਿਹੀ ਗੱਲ ਛੇੜੇਗਾ ਜਿਸ ਨਾਲ ਪੰਜਾਬ ਦੀ ਭਾਈਚਾਰਕ ਸਾਂਝ, ਅਮਨ ਅਤੇ ਸ਼ਾਂਤੀ ਵਿੱਚ ਫਰਕ ਪਵੇਗਾ। ਮੈਂ ਇਸ ਇਸ਼ੂ ਉਤੇ ਸਟੇਟਮੈਂਟ ਦੇਣੀ ਚਾਹੁੰਦਾ ਹਾਂ, ਜੋ ਕਿ ਇਨ੍ਹਾਂ ਨੇ ਛੇੜਿਆ ਹੈ। ਮੈਂ ਕੋਈ ਬਹੁਤੇ ਮਸਾਲੇ ਆਦਿ ਨਹੀਂ ਲਗਾਉਣੇ। ਜਿਹੜੀ ਗੱਲ ਸਹੀ ਹੈ, ਮੈਂ ਉਹ ਸਦਨ ਦੇ ਸਾਹਮਣੇ ਅਤੇ ਪੰਜਾਬ ਦੇ ਸਾਹਮਣੇ ਸਪੱਸ਼ਟ ਰੱਖਣੀ ਚਾਹੁੰਦਾ ਹਾਂ। ਮੈਂ ਮਗਰੋਂ ਵੀ ਕਹਾਂਗਾ ਅਤੇ ਮੈਂ ਇਸ ਪਵਿੱਤਰ ਸਦਨ ਵਿਚ ਇਹ ਹਲਫ ਲੈ ਕੇ ਕਹਿੰਦਾ ਹਾਂ, ਕਿਉਂਕਿ ਇਹ ਬੜਾ ਪਵਿੱਤਰ ਸਦਨ ਹੈ ਕਿ ਜਦੋਂ ਤੱਕ ਮੇਰੀ ਜ਼ਿੰਦਗੀ ਵਿੱਚ ਇੱਕ ਸਾਹ ਵੀ ਹੈ, ਉਦੋਂ ਤੱਕ ਪੰਜਾਬ ਵਿੱਚ ਭਾਈਚਾਰਕ ਸਾਂਝ, ਅਮਨ ਤੇ ਸ਼ਾਂਤੀ ਜਿਹੜੀ ਹੈ, ਉਸਦੇ ਵਿੱਚ ਕੋਈ ਫਰਕ ਨਹੀਂ ਪੈਣ ਦਿਆਂਗਾ। (ਥੰਪਿੰਗ) ਇਸ ਦੇ ਵਾਸਤੇ ਜੇ ਕਦੇ ਲੋੜ ਪਈ, ਆਪਣੀ ਜਾਨ ਵੀ ਦੇ ਦਿਆਂਗਾ (ਥੰਪਿੰਗ) ਇਹ ਮੇਰਾ ਵਚਨ ਹੈ। (ਥੰਪਿੰਗ)

ਮੈਂ ਇਸ ਇਸ਼ੂ ਉਤੇ ਸਟੇਟਮੈਂਟ ਦੇਣੀ ਚਾਹੁੰਦਾ ਹਾਂ ਕਿ ਕਿਉਂਕਿ ਹਕੀਕਤ ਕੁਝ ਹੋਰ ਹੈ, ਆਪਾਂ ਹਕੀਕਤ ਨੂੰ ਸਮਝਦੇ ਨਹੀਂ। ਮਾਨਯੋਗ ਸਪੀਕਰ ਸਾਹਿਬ, ਜੂਨ 1984 ਵਿੱਚ ਜਦੋਂ ਉਦੋਂ ਦੀ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਸਚਖੰਡ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਦਰਦਨਾਕ ਹਮਲੇ ਦੇ ਸਾਕੇ ਦੀ ਯਾਦਗਾਰ ਨੂੰ ਲੈ ਕੇ, ਕਾਂਗਰਸ ਪਾਰਟੀ ਵੱਲੋਂ ਜੋ ਇੱਥੇ ਵਿਵਾਦ ਖੜ੍ਹਾ ਕੀਤਾ ਗਿਆ ਹੈ, ਉਸ ਉਤੇ ਮੈਨੂੰ ਬੇਹੱਦ ਹੀ ਦੁਖ ਅਤੇ ਅਫਸੋਸ ਹੈ। ਸਪੀਕਰ ਸਾਹਿਬ, ਕਾਂਗਰਸ ਪਾਰਟੀ ਵੱਲੋਂ ਖੜ੍ਹਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਅਤੇ ਗੈਰ ਦਾਨਸ਼ਮੰਦਾਨਾ ਹੈ। ਅਜਿਹਾ ਕਰਕੇ ਕਾਂਗਰਸ ਪਾਰਟੀ ਪੰਜਾਬ ਵਿੱਚ ਭਾਈਚਾਰਕ ਸਾਂਝ ਦੇ ਮਾਹੌਲ ਨੂੰ ਲਾਂਬੂ ਲਾਉਣਾ ਚਾਹੁੰਦੀ ਹੈ ਜੋ ਕਿ ਅਤਿਅੰਤ ਖਤਰਨਾਕ, ਦੁਖਦਾਈ ਅਤੇ ਨਿੰਦਣਯੋਗ ਹੈ। ਸਪੀਕਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਨੁੱਖਤਾ ਲਈ ਰੂਹਾਨੀਅਤ ਦਾ ਸੋਮਾ ਹੈ ਜਿਥੋਂ ਦਿਨ ਤੇ ਰਾਤ ਰਾਜ ਦੇ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਦੇ ਰਾਸ਼ਟਰੀ ਸੰਦੇਸ਼ ਦਾ ਨਿਰੰਤਰ ਪ੍ਰਵਾਹ ਹੁੰਦਾ ਹੈ।

"ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ" ਦੇ ਪਾਵਨ ਵਾਕ ਨੂੰ ਰੂਪਮਾਨ ਕਰਦੇ ਹੋਏ ਮਾਨਵਤਾ ਦੇ ਸਰਵਉੱਚ ਪਾਵਨ ਅਸਥਾਨ ਸ੍ਰੀ ਦਰਬਾਰ ਸਾਹਿਬ ਤੇ ਜੂਨ, 1984 ਵਿੱਚ ਉਦੋਂ ਦੀ ਕਾਂਗਰਸ ਪਾਰਟੀ ਦੀ ਕੇਂਦਰ ਸਰਕਾਰ ਵੱਲੋਂ ਦਰਦਨਾਕ ਫੌਜੀ ਹਮਲਾ ਕੀਤਾ ਗਿਆ। ਇਸ ਅਤਿਅੰਤ ਦੁਖਦਾਈ ਸਾਕੇ ਨੇ ਸਮੁੱਚੇ ਸਿੱਖ ਜਗਤ ਅਤੇ ਦੇਸ਼ ਅਤੇ ਦੁਨੀਆਂ ਵਿੱਚ ਹਰ ਸਹੀ ਸੋਚ ਵਾਲੇ ਵਿਅਕਤੀ ਦੇ ਮਨ ਤੇ ਗਹਿਰੇ ਜ਼ਖਮ ਛੱਡੇ। ਇਨ੍ਹਾਂ ਜ਼ਖਮਾਂ ਦੀ ਚੀਸ ਅਜੇ ਵੀ ਬਾਕੀ ਹੈ। ਇਸ ਹਮਲੇ ਨੇ ਦੇਸ਼ ਦੀ ਸਮੁੱਚੀ ਮਾਨਵਤਾ ਨੂੰ ਕਿਸ ਤਰ੍ਹਾਂ ਲਹੂ-ਲੁਹਾਨ ਕੀਤਾ, ਉਸ ਦਾ ਅੰਦਾਜ਼ਾ ਸਵਰਗੀ ਪ੍ਰਧਾਨ ਮੰਤਰੀ ਸ੍ਰੀ ਚੰਦਰ ਸ਼ੇਖਰ ਜੀ ਦੇ ਇਨ੍ਹਾਂ ਸ਼ਬਦਾਂ ਤੋਂ ਲਗ ਸਕਦਾ ਹੈ, ਚੰਦਰ ਸ਼ੇਖਰ ਜੀ ਨੇ ਆਖਿਆ ਹੈ:

(ਮੁੱਖ ਮੰਤਰੀ)

"Government of India has taken a leap in murdering the soul of humanity by sending Forces inside the Golden Temple and mounting the attack on the holiest shrine of the State".

ਹਜ਼ਾਰਾਂ ਹੀ ਲੋਕਾਂ ਨੇ ਇਸ ਤਰ੍ਹਾਂ ਦੇ ਬਿਆਨ ਦਿੱਤੇ। ਜਾਰਜ ਫਰਨਾਂਡਿਸ ਜਿਹੜਾ ਕਿੰਨਾ ਸੈਕੂਲਰ ਸੀ, ਉਨ੍ਹਾਂ ਨੇ ਕਿਹਾ .... (ਵਿਘਨ) ਮੈਂ ਦੋ-ਚਾਰ ਵੱਡੇ ਬੰਦਿਆਂ ਦੇ ਨਾਂ ਹੀ ਦੇਣੇ ਚਾਹੁੰਦਾ ਹਾਂ, ਕੁਲਦੀਪ ਨਈਯਰ ਦਾ ਨਹੀਂ ਦਿੰਦਾ:

Government not only divided the People but eroded the values of Secularism (Interruption) .....

ਸ੍ਰੀ ਸੁਨੀਲ ਜਾਖੜ: (ਵਿਘਨ) ਨਾਇਕ ਚੰਦਰ ਦਾ ਵੀ ਮੈਨਸ਼ਨ ਕਰ ਦਿਓ... (ਵਿਘਨ)

ਮੁੱਖ ਮੰਤਰੀ: ਚਲੋ, ਉਹ ਵੀ ਸਹੀ। ਉਹ ਵੀ ਕਰ ਦਿਓ ਜੀ। ਸਪੀਕਰ ਸਾਹਿਬ, ਜੂਨ, 1984 ਦਾ ਇਹ ਸਾਕਾ ਇਸ ਕਾਰਨ ਵੀ ਦੁਖਦਾਈ ਹੈ ਕਿ ਜਿਸ ਪਾਵਨ ਅਸਥਾਨ ਉਤੇ ਇਹ ਹਮਲਾ ਕੀਤਾ ਗਿਆ, ਉਹ ਸਭ ਧਰਮਾਂ ਦੇ ਵਰਗਾਂ ਨੂੰ ਮਾਨਵਤਾ ਦੇ ਪਿਆਰ ਦੀ ਲੜੀ ਵਿੱਚ ਪਰੋਂਦਾ ਹੈ। ਇਸ ਪਵਿੱਤਰ ਅਸਥਾਨ ਦੇ ਚਾਰ ਦੁਆਰ ਹਨ ਜੋ ਕਿ ਮਹਾਨ ਗੁਰੂ ਸਾਹਿਬਾਨ ਵੱਲੋਂ ਉਪਦੇਸ਼ "ਚਹੁੰ ਵਰਨਾ ਕੋ ਸਾਂਝਾ" ਅਤੇ "ਸਭੈ ਸਾਂਝੀਵਾਲ ਸਦਾਇਨ ਕੋਈ ਨਾ ਦਿਸੈ ਬਾਹਰਾ ਜੀਉ" ਦੇ ਆਦਰਸ਼ ਨੂੰ ਉਜਾਗਰ ਕਰਦਾ ਹੈ।

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਵਿੱਚ ਸੁਸ਼ੋਭਿਤ ਹਨ, ਸਭ ਧਰਮਾਂ ਅਤੇ ਵਰਗਾਂ ਦੇ ਮਹਾਂਪੁਰਸ਼ਾਂ ਦੀ ਬਾਣੀ ਦਾ ਸੰਦੇਸ਼ ਮਨੁੱਖਤਾ ਨੂੰ ਦਿੰਦੇ ਹਨ। ਇਹੀ ਕਾਰਣ ਸੀ ਕਿ ਇਕੱਲੇ ਸਿੱਖ ਜਗਤ ਹੀ ਨਹੀਂ ਬਲਕਿ ਦੇਸ਼ ਅਤੇ ਦੁਨੀਆਂ ਵਿੱਚ ਬੈਠੇ ਹਰ ਸਹੀ ਸੋਚ ਵਾਲੇ ਵਿਅਕਤੀ ਨੇ ਇਸ ਹਮਲੇ ਨੂੰ ਗਲਤ ਕਰਾਰ ਦਿੱਤਾ। ਹੁਣ ਉਸ ਪੁਆਇੰਟ ਤੇ ਮੈਂ ਆਉਂਦਾ, ਬਹੁਤ ਦੇਰ ਤੋਂ ਅਲਗ ਅਲਗ ਹਲਕਿਆਂ ਵਿੱਚ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਇਸ ਸਾਕੇ ਦੀ ਕੋਈ ਅਜਿਹੀ ਢੁੱਕਵੀਂ ਯਾਦਗਾਰ ਹੋਣੀ ਚਾਹੀਦੀ ਹੈ ਜੋ ਕਿ ਉਸ ਸੰਦੇਸ਼ ਨੂੰ, ਇਹ ਲਫਜ਼ ਜ਼ਰੂਰੀ ਹੈ, ਹੋਰ ਉਜਾਗਰ ਕਰੇ, ਜੋ ਕਿ ਪ੍ਰੇਮ ਅਤੇ ਰੂਹਾਨੀਅਤ ਦੇ ਇਸ ਪਾਵਨ ਸਥਾਨ ਤੋਂ ਹਮੇਸ਼ਾ ਹੀ ਸਮੁੱਚੀ ਮਾਨਵਤਾ ਨੂੰ ਮਿਲਦਾ ਰਿਹਾ ਹੈ। ਇਸ ਵਿਸ਼ੇ ਉਤੇ ਵਿਚਾਰਵਾਨ ਅਤੇ ਸਤਿਕਾਰਤ ਧਾਰਮਿਕ ਸ਼ਖਸੀਅਤਾਂ ਤੋਂ ਇਲਾਵਾ ਸਭ ਵਰਗਾਂ ਨਾਲ ਸਬੰਧਤ ਉਚੱ-ਬੁੱਧੀਜੀਵੀਆਂ ਨੇ ਗੰਭੀਰ ਅਤੇ ਵਿਸਥਾਰ ਪੂਰਬਕ ਵਿਚਾਰਾਂ ਕੀਤੀਆਂ ਕਿ ਇਸ ਸਾਕੇ ਦੀ ਯਾਦਗਾਰ ਦੀ ਰੂਪਰੇਖਾ ਕੀ ਹੋਵੇ? ਗਹਿਰੇ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਸਤਿਕਾਰਤ ਸ਼ਖਸੀਅਤਾਂ ਇਸ ਨਤੀਜੇ ਤੇ ਪਹੁੰਚੀਆਂ ਕਿ ਇਸ ਸਥਾਨ ਦੀ

ਪਵਿੱਤਰਤਾ ਅਤੇ ਰੂਹਾਨੀਅਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਯਾਦਗਾਰ ਇੱਕ ਧਾਰਮਿਕ ਸਥਾਨ ਵਜੋਂ ਬਣਾਈ ਜਾਵੇ ਜਿਸ ਵਿੱਚ ਸਮੁੱਚੀ ਮਾਨਵਤਾ ਨੂੰ ਪ੍ਰੇਮ ਅਤੇ ਰੂਹਾਨੀਅਤ ਦਾ ਸੰਦੇਸ਼ ਦਰਸਾਉਂਦੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਹੀ ਪ੍ਰਕਾਸ਼ ਹੋਵੇ। ਇਹ ਯਾਦਗਾਰ ਕਿਸੇ ਵੀ ਤਰ੍ਹਾਂ ਵਿਖੇਰਿਆਂ ਤੋਂ ਪਰ੍ਹੇ ਹੋਵੇ। ਸਪੀਕਰ ਸਾਹਿਬ, ਇਸ ਭਾਵਨਾ ਦੇ ਮੱਦੇ ਨਜ਼ਰ ਜੋ ਯਾਦਗਾਰ ਬਣਾਈ ਜਾ ਰਹੀ ਹੈ ਉਹ ਪਵਿੱਤਰ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਹੈ। ਉਥੇ ਕੋਈ ਯਾਦਗਾਰ ਨਹੀਂ ਕਿ ਕੋਈ ਲਾਟ ਬਣਾਉਣੀ ਹੈ। ਗੁਰਦੁਆਰਾ ਸਾਹਿਬ ਉਥੇ ਬਣ ਰਿਹਾ ਹੈ। ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਹੀ ਪ੍ਰਕਾਸ਼ ਹੋਣਾ ਹੈ, ਹੋਰ ਕੁਝ ਨਹੀਂ ਹੋਣਾ, ਤਾਂ ਜੋ ਇਸ ਰਾਹੀਂ ਗੁਰੂ ਸਾਹਿਬਾਨ ਦੁਆਰਾ ਮਾਨਵਤਾ ਨੂੰ ਦਿੱਤਾ ਗਿਆ ਪਿਆਰ ਅਤੇ ਸਰਵ ਸਾਂਝੀਵਾਲਤਾ ਦਾ ਸੰਦੇਸ਼ ਸਮੁੱਚੇ ਸੰਸਾਰ ਤੱਕ ਪਹੁੰਚੇ। (ਥੰਪਿੰਗ) ਸਪੀਕਰ ਸਾਹਿਬ, ਮੈਂ ਇੱਥੇ ਇਹ ਦੁਹਰਾਉਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਪਹਿਲੀ ਕਤਾਰ ਵਿੱਚ ਰਹਿ ਕੇ ਲੜਦਾ ਆਇਆ ਹੈ ਅਤੇ ਦੇਸ਼ ਅੰਦਰ ਅਮਨ ਅਤੇ ਭਾਈਚਾਰੇ ਪ੍ਰਤੀ ਸਮਰਪਿਤ ਰਿਹਾ ਹੈ। ਪੰਜਾਬ ਵਿੱਚ ਅਕਾਲੀ ਭਾਜਪਾ ਸਰਕਾਰ ਦਾ ਸਮਾਂ ਹਮੇਸ਼ਾ ਹੀ ਅਮਨ ਅਤੇ ਭਾਈਚਾਰਕ ਸਾਂਝ ਦਾ ਦੌਰ ਰਿਹਾ ਹੈ। ਅੱਜ ਵੀ ਮੈਂ ਇਹ ਗੱਲ ਫਖਰ ਨਾਲ ਕਹਿ ਸਕਦਾ ਹਾਂ ਕਿ ਜਦੋਂ ਬਾਕੀ ਦੇਸ਼ ਵਿੱਚ ਬਦਅਮਨੀ ਅਤੇ ਅਰਾਜਕਤਾ ਦਾ ਮਾਹੌਲ ਹੈ ਤਾਂ ਪੰਜਾਬ ਦੇਸ਼ ਦਾ ਸਭ ਤੋਂ ਵੱਧ ਅਮਨ-ਅਮਾਨ ਵਾਲਾ ਸੂਬਾ ਹੈ। ਸ਼੍ਰੋਮਣੀ ਅਕਾਲੀ ਦਲ - ਭਾਜਪਾ ਦੀ ਸਰਕਾਰ ਅਮਨ ਅਤੇ ਭਾਈਚਾਰਕ ਸਾਂਝ ਦੇ ਇਸ ਮਾਹੌਲ ਨੂੰ ਬਰਕਰਾਰ ਰੱਖਣ ਲਈ ਵਚਨਬਧ ਹੈ ਅਤੇ ਇਸ ਨੂੰ ਕਤਈ ਆਂਚ ਨਹੀਂ ਆਉਣ ਦੇਵੇਗੀ। ਸਰਕਾਰ ਆਪਣੀ ਇਸ ਜ਼ਿੰਮੇਵਾਰੀ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੈ। ਅਖੀਰ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਮੈਂ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਤਾਂ ਮੈਂ ਦੱਸ ਦਿੱਤਾ ਹੈ ਕਿ ਉਥੇ ਯਾਦਗਾਰ ਕਿਸ ਤਰ੍ਹਾਂ ਦੀ ਬਣਨੀ ਹੈ। ਗੁਰਦੁਆਰਾ ਸਾਹਿਬ ਹੈ, ਗੁਰੂ ਗ੍ਰੰਥ ਸਾਹਿਬ ਹੈ, ਨਾ ਕਿਸੇ ਦੀ ਫੋਟੋ ਹੈ, ਦਰਬਾਰ ਸਾਹਿਬ ਦੇ ਏਰੀਏ ਵਿੱਚ ਕੋਈ ਜੈਕਾਰਾ ਵੀ ਨਹੀਂ ਬੁਲਾ ਸਕਦਾ। ਇਸ ਲਈ ਇਹ ਭਰਮ ਭੁਲੇਖੇ ਕੱਢ ਦਿਓ। ਮੈਂ ਜੋ ਪਹਿਲੀ ਗੱਲ ਸ਼ੁਰੂ ਵਿੱਚ ਕਹੀ ਸੀ ਕਿ ਜੋ ਮੇਰੇ ਤੇ ਇਤਬਾਰ ਪੰਜਾਬ ਦੇ ਲੋਕਾਂ ਨੇ ਅੱਜ ਕੀਤਾ ਹੈ ਤਾਂ ਮੈਂ ਇਸ ਹਾਊਸ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਹਰ ਹਾਲਤ ਵਿੱਚ ਪੰਜਾਬ ਵਿੱਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਕਾਇਮ ਰੱਖੀ ਜਾਵੇਗੀ ਔਰ ਇਹ ਅਸੀਂ ਰੱਖੀ ਹੈ। ਪੰਜਾਬ ਵਿੱਚ ਜਿਵੇਂ ਹਾਲਾਤ ਵਿਗੜੇ ਸਨ, ਅਸੀਂ ਦੁਬਾਰਾ ਮਾਹੌਲ ਠੀਕ-ਠਾਕ ਕਰ ਦਿੱਤਾ ਹੈ। ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ ਹੈ। (ਥੰਪਿੰਗ) ਆਪਸੀ ਸਾਂਝ ਨੇ ਕੀਤਾ ਹੈ। ਮੈਂ ਉਸ ਹਿਸਟਰੀ ਵਿੱਚ ਨਹੀਂ ਜਾਣਾ ਚਾਹੁੰਦਾ ਅਤੇ ਮੈਂ ਪੁਰਾਣੇ ਜਖਮ ਜਿਹੜੇ ਹਨ, ਉਨ੍ਹਾਂ ਜਖਮਾਂ ਨੂੰ ਦੁਬਾਰਾ ਛੇੜਨਾ ਵੀ ਨਹੀਂ ਚਾਹੁੰਦਾ। ਇਸ ਕਰਕੇ ਮੈਂ ਤੁਹਾਨੂੰ ਵੀ ਹੱਥ ਬੰਨ ਕੇ ਬੇਨਤੀ ਕਰਦਾ ਹਾਂ ਕਿ

(ਮੁੱਖ ਮੰਤਰੀ)

ਪੰਜਾਬ ਵਾਸਤੇ, ਦੇਸ਼ ਵਾਸਤੇ, ਆਪਾਂ ਇਹ ਗੱਲਾਂ ਸਦਨ ਵਿੱਚ ਨਾ ਲੈਕੇ ਆਈਏ, ਅਤੇ ਅਜਿਹੀਆਂ ਗੱਲਾਂ ਨਾ ਕਰੀਏ। ਆਪਾਂ ਰਲ ਕੇ ਚਲੀਏ। ਅਜੇ ਵੀ ਕੁਝ ਅਜਿਹੀਆਂ ਸ਼ਕਤੀਆਂ ਹਨ ਜਿਹੜੀਆਂ ਇਹ ਚਾਹੁੰਦੀਆਂ ਹਨ ਕਿ ਅਜਿਹੀਆਂ ਗੱਲਾਂ ਪੰਜਾਬ ਵਿੱਚ ਉਠੱਣ। ਇਸ ਲਈ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਸ਼ਕਤੀਆਂ ਦੇ ਹੱਥ ਵਿੱਚ ਨਾ ਖੇਡੋ। ਉਹ ਅਜਿਹਾ ਮਾਹੌਲ ਬਣਾਉਣਾ ਚਾਹੁੰਦੇ ਹਨ। ਆਪਾਂ ਉਨ੍ਹਾਂ ਦੇ ਹੱਥਾਂ ਵਿੱਚ ਕਿਉਂ ਖੇਡਣਾ ਹੈ?

ਜੇਕਰ ਕੋਈ ਗਲਤੀ ਕਰ ਵੀ ਜਾਂਦਾ ਹੈ ਤਾਂ ਆਪਾਂ ਉਸ ਨੂੰ ਠੰਢਾ ਕਰੀਏ ਨਾ ਕਿ ਆਪਾਂ ਉਸ ਗੱਲ ਨੂੰ ਅੱਗ ਲਗਾਈਏ। ਅੱਗ ਲਾਉਣੀ ਬੜੀ ਸੌਖੀ ਹੈ ਪਰ ਬੁਝਾਉਣੀ ਬੜੀ ਔਖੀ ਹੁੰਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜਿਹੜੀ ਤੁਸੀਂ ਯਾਦਗਾਰ ਦੀ ਗੱਲ ਕਰਦੇ ਹੋ, ਇਹ ਠੀਕ ਹੈ ਕਿ ਉਥੇ ਸ਼੍ਰੋਮਣੀ ਕਮੇਟੀ ਹੈ ਪਰ ਮੈਂ ਸ਼੍ਰੋਮਣੀ ਕਮੇਟੀ ਕੋਲੋਂ ਸਾਰਾ ਕੁਝ ਪੁੱਛਿਆ ਹੈ। ਉਥੇ ਇਕ ਛੋਟਾ ਜਿਹਾ ਗੁਰਦੁਆਰਾ ਸਾਹਿਬ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਹੈ। ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਮੇਰੀ ਸਟੇਟਮੈਂਟ ਹੈ (ਸ਼ੋਰ, ਵਿਘਨ) ... ਮੇਰੀ ਗੱਲ ਤਾਂ ਸੁਣ ਲਵੋ। ਮੇਰੀ ਅਰਜ਼ ਤਾਂ ਸੁਣ ਲਵੋ ..... (ਸ਼ੋਰ, ਵਿਘਨ).... (ਇਸ ਸਮੇਂ ਬਹੁਤ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ।

Mr. Speaker: Please sit down.

ਮੁੱਖ ਮੰਤਰੀ: ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਅਵਤਾਰ ਸਿੰਘ ਮੱਕੜ ਦਾ ਬਿਆਨ ਹੈ, ਉਹ ਮੈਂ ਸਦਨ ਵਿੱਚ ਰੱਖਦਾ ਹਾਂ। ਉਨ੍ਹਾਂ ਨੇ ਜੋ ਬਿਆਨ ਦਿੱਤਾ ਹੈ ਉਸ ਵਿਚ ਉਨ੍ਹਾਂ ਨੇ ਸਾਰੀਆਂ ਗੱਲਾਂ ਦੱਸੀਆਂ ਹਨ। ਮਿਹਰਬਾਨੀ ਕਰਕੇ ਪੰਜਾਬ ਉਤੇ ਰਹਿਮ ਕਰੋ, ਪੰਜਾਬ ਨੇ ਬਹੁਤ ਕੁਝ ਗਵਾ ਲਿਆ ਹੈ। ਹੁਣ ਆਪਾਂ ਇਸ ਨੂੰ ਠੰਢਾ ਹੋਣ ਦੇਈਏ ਅਤੇ ਇਨ੍ਹਾਂ ਗੱਲਾਂ ਨੂੰ ਛੱਡ ਦੇਈਏ। ਮੈਂ ਇੰਨਾ ਕਹਿ ਕੇ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਖਾਸ ਕਰਕੇ ਬੇਨਤੀ ਕਰਦਾ ਹਾਂ ਕਿ ਮੈਂ ਤੁਹਾਡੇ ਕੋਲੋਂ ਇਹੋ ਜਿਹੀਆਂ ਗੱਲਾਂ ਐਕਸਪੈਕਟ ਨਹੀਂ ਕਰਦਾ। ਤੁਸੀਂ ਨਵੀਂ ਸ਼ੁਰੂਆਤ ਕੀਤੀ ਹੈ। ਇਸ ਸ਼ੁਰੂਆਤ ਨਾਲ ਆਪਾਂ ਰਲ ਕੇ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖੀਏ।

ਸਰਦਾਰ ਸਾਧੂ ਸਿੰਘ ਧਰਮਸੋਤ: ਸਪੀਕਰ ਸਾਹਿਬ, ਇਹ ਦੱਸਣ ਕਿ ਇਹ ਯਾਦਗਾਰ ਬਣਾਉਣ ਦੇ ਹੱਕ ਵਿਚ ਹਨ ਜਾਂ ਨਹੀਂ? ... (ਵਿਘਨ)...

ਮਾਨਯੋਗ ਸਪੀਕਰ: ਬੈਠ ਜਾਉ । Zero hour is over. (interruption) Zero hour is over. Next resolution, Sardar Iqbal Singh Jhundan.

RESOLUTION REG. RECOMMENDATON TO THE STATE GOVERNMENT TO TAKE UP THE MATTER WITH THE CENTRAL GOVERNMENT FOR TAKING IMMEDIATE NECESSARY STEPS TO FIND A SOLUTION TO THE SERIOUS PROBLEM OF FOOD GRAINS STORAGE IN THE STATE.

ਸਰਦਾਰ ਇਕਬਾਲ ਸਿੰਘ ਝੂੰਦਾਂ: ਸ਼੍ਰੀਮਾਨ ਜੀ, ਮੈਂ ਮਤਾ ਪੇਸ਼ ਕਰਦਾ ਹਾਂ:

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਰਾਜ ਵਿਚ ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਫੌਰੀ ਲੋੜੀਂਦੇ ਢੁਕਵੇਂ ਕਦਮ ਚੁੱਕੇ ਜਾਣ।"

(....ਸ਼ੋਰ... ਵਿਘਨ........) ਇਸ ਸਮੇਂ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ****** ਦੇ ਨਾਹਰੇ ਲਗਾਉਣੇ ਸ਼ੁਰੂ ਕਰ ਦਿੱਤੇ।

ਮਾਨਯੋਗ ਸਪੀਕਰ: ਇਹ ਨਾਹਰੇ ਰਿਕਾਰਡ ਨਾ ਕੀਤੇ ਜਾਣ।

ਮਾਨਯੋਗ ਸਪੀਕਰ: ਪ੍ਰਸਤਾਵ ਕੀਤਾ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਕੇਂਦਰੀ ਸਰਕਾਰ ਨਾਲ ਮਾਮਲਾ ਉਠਾਵੇ ਕਿ ਰਾਜ ਵਿੱਚ ਅਨਾਜ ਭੰਡਾਰ ਕਰਨ ਦੀ ਗੰਭੀਰ ਸਮੱਸਿਆ ਦੇ ਹੱਲ ਲਈ ਫੌਰੀ ਲੋੜੀਂਦੇ ਢੁੱਕਵੇਂ ਕਦਮ ਚੁੱਕੇ ਜਾਣ।"

(ਬਹਿਸ)

ਸਰਦਾਰ ਇਕਬਾਲ ਸਿੰਘ ਝੂੰਦਾਂ: ਸਪੀਕਰ ਸਾਹਿਬ, ਮੈਂ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਤੁਸੀਂ ਪੰਜਾਬ ਦੇ ਇਕ ਅਹਿਮ ਮੁੱਦੇ ਤੇ, ਜੋ ਅਨਾਜ ਭੰਡਾਰ ਦੀ ਸਮੱਸਿਆ ਹੈ ਅਤੇ ਪੰਜਾਬ ਨੂੰ ਇਸ ਸਮੇਂ ਵਿਚ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮੈਂ ਉਸ ਵੱਲ ਤੁਹਾਡਾ ਧਿਆਨ ਦਿਵਾਉਣ ਲਈ ਖੜ੍ਹਾ ਹੋਇਆ ਹਾਂ। ਮੈਂ ਇਸ ਮਤੇ ਰਾਹੀਂ ਜੋ ਪੰਜਾਬ ਦੀ ਇਹ ਸਮੱਸਿਆ ਹੈ ਅਤੇ ਪੰਜਾਬ ਨਾਲ ਹੋ ਰਹੇ ਵਿਤਕਰਿਆਂ ਦੀ ਲੰਮੀ ਕਹਾਣੀ ਹੈ, ਉਸ ਦਾ ਵਰਨਣ ਤੁਹਾਡੇ ਸਾਹਮਣੇ ਕਰਨਾ ਚਾਹੁੰਦਾ ਹਾਂ। ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਵੱਖ ਵੱਖ ਮੁੱਦਿਆਂ ਤੇ ਜੋ ਵਿਤਕਰੇ ਹੋ ਰਹੇ ਹਨ, ਭਾਵੇਂ ਉਨ੍ਹਾਂ ਦੀ ਬਹੁਤ ਲੰਮੀ ਦਾਸਤਾਨ ਹੈ ਅਤੇ ਅਨਾਜ ਭੰਡਾਰ ਦੇ ਸਬੰਧ ਵਿੱਚ (...ਸ਼ੋਰ .... ਵਿਘਨ....) ਜੋ ਵਿਤਕਰੇ ਪੰਜਾਬ ਨਾਲ ਕੀਤੇ ਗਏ ਹਨ, ਉਨ੍ਹਾਂ ਵਿਤਕਰਿਆਂ ਵਿਚ ਵੀ ਕਦੇ ਕੇਂਦਰ ਨੇ ਸਾਨੂੰ ਸਹਿਯੋਗ ਨਹੀਂ ਦਿੱਤਾ।...

** Expunged as ordered by the Chair

(ਸਰਦਾਰ ਇਕਬਾਲ ਸਿੰਘ ਝੂੰਦਾਂ)

(....ਸ਼ੋਰ...ਵਿਘਨ) ਇਸ ਸਮੇਂ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਦੇ ਖੜ੍ਹੇ ਸਨ ਅਤੇ ******* ਨਾਹਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਪੰਜਾਬ ਉਸ ਨਾਲ ਆਰਥਿਕ ਤਬਾਹੀ ਵੱਲ ਜਾ ਰਿਹਾ ਹੈ ਅਤੇ ਪੰਜਾਬ ਦੀਆਂ ਮੁਸ਼ਕਲਾਂ ਵਿਚ ਵਾਧਾ ਹੋ ਰਿਹਾ ਹੈ। ਜੋ ਮੰਗਾਂ ਫੈਡਰਲ ਸਿਸਟਮ ਰਾਹੀਂ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਹਮੇਸ਼ਾ ਕਰਦੇ ਰਹੇ ਹਨ, ਉਨ੍ਹਾਂ ਦੀ ਲੋੜ ਸਾਨੂੰ ਮਹਿਸੂਸ ਹੋ ਰਹੀ ਹੈ। ਕਿਸ ਤਰ੍ਹਾਂ ਕੇਂਦਰ ਸਰਕਾਰ ਕੋਲ ਛੋਟੇ ਤੋਂ ਛੋਟੇ ਮਸਲੇ ਲਈ ਵੀ ਜਾ ਕੇ ਬੇਨਤੀਆਂ ਕਰਨੀਆਂ ਪੈਂਦੀਆਂ ਹਨ। ਅਸੀਂ ਆਪਣੇ ਅਨਾਜ ਭੰਡਾਰਾਂ ਦੀ ਸਾਂਭ-ਸੰਭਾਲ ਤੋਂ ਅਸਮਰਥ ਹਾਂ। ਇਹ ਅਨਾਜ ਭੰਡਾਰਾਂ ਦਾ ਮੁੱਦਾ ਬੀਬੀ ਹਰਸਿਮਰਤ ਕੌਰ ਜੀ ਬਾਦਲ ਨੇ ਪਾਰਲੀਮੈਂਟ ਵਿਚ ਵੀ ਬੜੀ ਉੱਚੀ ਅਤੇ ਬੁਲੰਦ ਅਵਾਜ਼ ਵਿੱਚ ਉਠਾਇਆ। ਪੰਜਾਬ ਦੇ ਅਨਾਜ ਭੰਡਾਰਾਂ ਦੀ ਸਮੱਸਿਆ ਨੂੰ ਦੇਸ਼ ਦੀ ਪਾਰਲੀਮੈਂਟ ਵਿਚ ਲੋਕਾਂ ਦੇ ਸਾਹਮਣੇ ਰੱਖਿਆ ਗਿਆ ਪ੍ਰੰਤੂ ਉਸ ਦਾ ਕੋਈ ਹੱਲ ਕੇਂਦਰ ਸਰਕਾਰ ਨੇ ਨਹੀਂ ਕੀਤਾ। ਸਾਡੇ ਕੁਦਰਤੀ ਸੋਮੇ ਪਾਣੀ ਦੇ ਰੂਪ ਵਿੱਚ ਬਰਬਾਦ ਹੋਏ। ਸਾਡੇ ਪਾਣੀ ਦਾ ਪੱਧਰ ਹਰ ਸਾਲ ਥੱਲੇ ਜਾ ਰਿਹਾ ਹੈ ਅਤੇ ਪਿਛਲੇ 20 ਸਾਲਾਂ ਦੌਰਾਨ ਤਕਰੀਬਨ 8-10 ਗੁਣਾਂ ਪਾਣੀ ਥੱਲੇ ਚਲਾ ਗਿਆ ਹੈ ਜਿਸ ਨਾਲ ਸਾਡੇ ਕੁਦਰਤੀ ਸ੍ਰੋਤ ਵੀ ਖਤਮ ਹੁੰਦੇ ਜਾ ਰਹੇ ਹਨ। ਕੇਂਦਰ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਅਸੀਂ ਪੰਜਾਬ ਵਿੱਚ ਗੰਭੀਰ ਅਨਾਜ ਦੀ ਸਾਂਭ-ਸੰਭਾਲ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ।

(..... ਸ਼ੋਰ.....ਵਿਘਨ....) ਇਸ ਸਮੇਂ ਵੀ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ .....**** ਦੇ ਨਾਹਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ ਸਾਹਿਬ, ਮੈਂ ਕੁਝ ਅੰਕੜਿਆਂ ਅਤੇ ਤੱਥਾਂ ਦੇ ਅਧਾਰ ਤੇ ਤੁਹਾਨੂੰ ਬੇਨਤੀ ਕਰਦਾ ਹਾਂ ਅਤੇ ਸਦਨ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅਨਾਜ ਭੰਡਾਰ ਦੀ ਸਮੱਸਿਆ ਵਿੱਚ ਕੇਂਦਰ ਸਰਕਾਰ ਸਾਡੇ ਨਾਲ ਕਿਸ ਤਰ੍ਹਾਂ ਵਿਤਕਰੇ ਕਰ ਰਹੀ ਹੈ। ਇਹ ਕੁਝ ਅੰਕੜੇ ਹਨ ਜੋ ਸਰਕਾਰੀ ਤੱਥ ਬੋਲਦੇ ਹਨ। ਮਾਨਯੋਗ ਸਪੀਕਰ ਸਾਹਿਬ, ਇਸ ਸਾਲ 129 ਲੱਖ ਟਨ ਕਣਕ ਦੀ ਪੈਦਾਵਾਰ ਹੋਈ ਹੈ ...... (ਵਿਘਨ.....ਸ਼ੋਰ)

** Expunged as ordered by the chair.

SHORT ADJOURNMENT OF THE HOUSE

ਮਾਨਯੋਗ ਸਪੀਕਰ: ਸਦਨ 1.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

---

* 12.11 **ਵਜੇ ਬਾਅਦ ਦੁਪਹਿਰ**

(ਇਸ ਸਮੇਂ ਸਦਨ 1.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ)

(ਸਦਨ 1.00 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ)

MATTERS RAISED DURING ZERO HOUR AND THE STATEMENTS MADE BY THE CHIEF MINISTER/ MINISTERS THEREON

ਮਾਨਯੋਗ ਸਪੀਕਰ: ਸਰਦਾਰ ਇਕਬਾਲ ਸਿੰਘ ਜੀ ਝੂੰਦਾਂ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਬਾਦਲ ਸਾਹਿਬ ਆਏ ਨਹੀਂ ਹਨ। ਬੀ.ਜੇ.ਪੀ. ਦੇ ਮਿੱਤਲ ਸਾਹਿਬ ਵੀ ਨਹੀਂ ਆਏ ਹਨ। ਅਸੀਂ ਜਵਾਬ ਕਿਸ ਤੋਂ ਲਈਏ?

ਮਾਨਯੋਗ ਸਪੀਕਰ: ਉਹ ਆਉਂਦੇ ਹੀ ਹੋਣਗੇ। (ਵਿਘਨ) ਮੁੱਖ ਮੰਤਰੀ ਸਾਹਿਬ ਬੋਲ ਚੁੱਕੇ ਹਨ।

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਦਾ ਜਵਾਬ ਨਹੀਂ ਆਇਆ। ਉਹ ਸਿਰਫ ਮੈਮੋਰੀਅਲ ਤੇ ਹੀ ਬੋਲੇ ਹਨ। ਕੀ ਉਹ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦਾ ਖਿਤਾਬ ਦਿੱਤੇ ਜਾਣ ਦੇ ਹੱਕ ਵਿੱਚ ਹਨ ਜਾਂ ਨਹੀਂ? ਬੀ.ਜੇ.ਪੀ. ਵਾਲੇ ਇਸ ਮਸਲੇ ਤੇ ਆਪਣਾ ਬਿਆਨ ਦੇਣ।

ਮਾਨਯੋਗ ਸਪੀਕਰ: ਨਹੀਂ, ਇਹ ਨਹੀਂ। You cannot compel. ਤੁਸੀਂ ਜਵਾਬ ਲਈ ਕੰਪੈਲ ਨਹੀਂ ਕਰ ਸਕਦੇ।

ਸ਼੍ਰੀ ਸੁਨੀਲ ਜਾਖੜ: ਸਾਡਾ ਪੁੱਛਣਾ ਬਣਦਾ ਹੈ। ਉਨ੍ਹਾਂ ਨੇ ਜਵਾਬ ਨਹੀਂ ਦਿੱਤਾ। ਉਨ੍ਹਾਂ ਨੇ ਸਿਰਫ ਮੈਮੋਰੀਅਲ ਦੀ ਗੱਲ ਕੀਤੀ ਹੈ। ਰਾਜੋਆਣਾ ਨੂੰ ਆਨਰ ਕਰਨ ਦਾ ਮਸਲਾ ਉਨ੍ਹਾਂ ਨੇ ਵੀ ਨਹੀਂ ਚੁੱਕਿਆ। ਚਲੋ, ਜਦ ਤੱਕ ਬਾਦਲ ਸਾਹਿਬ ਆਉਂਦੇ ਹਨ, ਅਸੀਂ ਦੂਜਾ ਮਸਲਾ ਲੈ ਲੈਂਦੇ ਹਾਂ। ਤੁਸੀਂ ਬੈਠੇ ਹੋ (ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ)। ਤੁਸੀਂ ਸੈਕਿੰਡ ਇੰਚਾਰਜ ਹੋ, defacto. ਕੋਈ ਮੰਨੇ ਨਾ ਮੰਨੇ, ਤੁਸੀਂ defacto ਇਨਚਾਰਜ ਹੋ। ਸਪੀਕਰ ਸਾਹਿਬ, ਕੱਲ ਸਾਡੇ ਬੀ.ਜੇ.ਪੀ. ਦੇ ਸਾਥੀਆਂ ਨੇ 22 ਤਾਰੀਖ ਦੀ ਵਿਧਾਨ ਸਭਾ ਦੀ ਛੁੱਟੀ ਇਸ ਕਰਕੇ ਕਰਵਾਈ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਦੇ ਖਿਲਾਫ ਕੱਲ੍ਹ ਧਰਨਾ ਲਗਾਉਣਾ ਹੈ ਕਿ ਪੈਟਰੋਲ ਦੀਆਂ ਜੋ ਕੀਮਤਾਂ ਵਧਾਈਆਂ ਗਈਆਂ ਹਨ, ਉਨ੍ਹਾਂ ਨੂੰ ਘਟਾਇਆ ਜਾਵੇ। ਅਸੀਂ ਤੁਹਾਡੇ ਨਾਲ ਸਹਿਮਤ

(ਸ੍ਰੀ ਸੁਨੀਲ ਜਾਖੜ)

ਹਾਂ। ਪਹਿਲਾਂ ਇਸ ਵਿਧਾਨ ਸਭਾ ਵਿੱਚ ਆਪਾਂ ਸਟੇਟ ਗੌਰਮਿੰਟ ਨੇ ਜੋ ਵੈਟ ਲਗਾਇਆ ਹੈ ਤੇ ਜਿਹੜਾ ਸਾਰੇ ਦੇਸ਼ ਵਿੱਚ ਦੂਜੇ ਨੰਬਰ ਤੇ ਹੈ ਉਸ ਨੂੰ ਘਟਾਉਣ ਵਾਸਤੇ ਇਹ ਸਾਡੇ ਨਾਲ ਮਿਲ ਕੇ ਉਪਰਾਲੇ ਕਰਨ। ਅਸੀਂ ਇਨ੍ਹਾਂ ਨਾਲ ਉਪਰਾਲਾ ਕਰਾਂਗੇ। We can ask the Government. ਗੌਰਮਿੰਟ ਇਸ ਗੱਲ ਦਾ ਜਵਾਬ ਦੇਵੇਗੀ। ਸਾਡਾ ਮਸਲਾ ਹੈ, ਕੱਲ੍ਹ ਇਹ ਪੰਜਾਬ ਦੀ ਜਨਤਾ ਨੂੰ ਜਾ ਕੇ ਪ੍ਰੇਸ਼ਾਨ ਕਰਨਗੇ। ਧਰਨਾ ਲਗਾਉਣਗੇ, ਸੜਕਾਂ ਬਲਾਕ ਕਰਨਗੇ।

ਮਾਨਯੋਗ ਸਪੀਕਰ: ਜ਼ੀਰੋ ਆਵਰ ਖਤਮ ਹੁੰਦਾ ਹੈ।

ਸ੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਇਹ ਬੜਾ ਹੀ ਇੰਪਾਰਟੈਂਟ ਇਸ਼ੂ ਹੈ। ਸਟੇਟ ਗੌਰਮਿੰਟ ਤਾਂ ਕਮਾ ਰਹੀ ਹੈ। ਕੇਂਦਰ ਸਰਕਾਰ ਤੇ ਇਲਜ਼ਾਮ ਲਗਦਾ ਹੈ ਕਿ ਕੇਂਦਰ ਸਰਕਾਰ ਕਿੰਨਾ ਰੈਵੀਨਿਊ ਇਕੱਠਾ ਕਰ ਰਹੀ ਹੈ। ਇੱਕ ਕਰੋੜ ਤੇ ਸੱਠ ਲੱਖ ਰੁਪਿਆ ਰੈਵੀਨਿਊ ਇਹ ਸਰਕਾਰ ਇਕੱਠਾ ਕਰਦੀ ਹੈ।

RESOLUTION REG. RECOMMENDATION TO THE STATE GOVERNMENT TO TAKE UP THE MATTER WITH THE CENTRAL GOVERNMENT FOR TAKING IMMEDIATE NECESSARY STEPS TO FIND A SOLUTION TO THE SERIOUS PROBLEM OF FOOD GRAINS STORAGE IN THE STATE (RESUMPTION)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਬੇਨਤੀ ਕਰਦਾ ਹਾਂ ਕਿ ਮੈਂ ਜਾਖੜ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਸਟੀਫਾਈ ਕਰਦੇ ਹਨ ਕਿ ਜੋ ਪੈਟਰੋਲ ਦੀਆਂ ਕੀਮਤਾਂ, ਡੀਜ਼ਲ ਦੀਆਂ ਕੀਮਤਾਂ, ਐਲ.ਪੀ.ਜੀ. ਦੀਆਂ ਕੀਮਤਾਂ ਇਨ੍ਹਾਂ ਦੀ ਕਾਂਗਰਸ ਸਰਕਾਰ ਨੇ, ਸੈਂਟਰ ਦੀ ਸਰਕਾਰ ਨੇ, ਯੂ.ਪੀ.ਏ. ਦੀ ਸੋਨੀਆ ਗਾਂਧੀ ਦੀ ਸਰਕਾਰ ਵੱਲੋਂ ਵਧਾਈਆਂ ਗਈਆਂ ਹਨ ਅਤੇ ਆਮ ਆਦਮੀ ਦਾ ਕਚੂੰਬਰ ਕੱਢ ਦਿੱਤਾ ਹੈ ਤੇ ਮਹਿੰਗਾਈ ਇਸ ਪੱਧਰ ਤੇ ਪਹੁੰਚਾ ਦਿੱਤੀ ਹੈ, ਕੀ ਇਹ ਇਸ ਨੂੰ ਜਸਟੀਫਾਈ ਕਰਦੇ ਹਨ? ਪਹਿਲਾਂ ਇਹ ਇਸ ਦੀ ਗੱਲ ਕਰਨ। ਫਿਰ ਕਿਸੇ ਹੋਰ ਮੁੱਦੇ ਦੀ ਗੱਲ ਕਰਨ। VAT is not even the fraction of the issue. So please address the main issue. (ਵਿਘਨ) (ਸ਼ੋਰ) ਸਪੀਕਰ ਸਾਹਿਬ, ਜਦੋਂ ਵਾਜਪਾਈ ਸਾਹਿਬ ਦਾ ਰਾਜ ਸੀ, ਐਨ.ਡੀ.ਏ. ਦੀ ਸਰਕਾਰ ਸੀ ਤੇ 30/- ਰੁਪਏ ਪੈਟਰੋਲ ਦੀ ਕੀਮਤ ਸੀ ਤੇ ਹੁਣ 80/- ਰੁਪਏ ਤੇ ਪਹੁੰਚ ਗਈ ਹੈ। ਡੀਜ਼ਲ ਦਾ ਰੇਟ 16/- ਰੁਪਏ ਸੀ ਤੇ ਹੁਣ 40/- ਰੁਪਏ ਤੇ ਪਹੁੰਚ ਗਿਆ ਹੈ। ਕੀ ਇਹ ਜਸਟੀਫਾਈ ਕਰਦੇ ਹਨ?

ਸ਼੍ਰੀ ਸੁਨੀਲ ਜਾਖੜ: ਸਪੀਕਰ ਸਾਹਿਬ, ਮਜੀਠੀਆ ਸਾਹਿਬ ਨੇ ਬੜਾ ਵੈਲਿਡ ਪੁਆਇੰਟ ਉਠਾਇਆ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਤੁਹਾਡੇ ਲੀਡਰ ਬੋਲ ਰਹੇ ਹਨ ਤੇ ਤੁਸੀਂ ਆਪ ਹੀ ਉਨ੍ਹਾਂ ਨੂੰ ਡਿਸਟਰਬ ਕਰ ਰਹੇ ਹੋ। ਜਾਂ ਤਾਂ ਉਨ੍ਹਾਂ ਨੂੰ ਬਿਠਾ ਦਿਓ ਤੇ ਆਪ ਬੋਲ ਲਓ। (ਵਿਘਨ) (ਸ਼ੋਰ)

ਖੁਰਾਕ ਤੇ ਸਿਵਲ ਸਪਲਾਈ ਮੰਤਰੀ (ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ): ਸਪੀਕਰ ਸਾਹਿਬ, ਏਨਾ ਇੰਪਾਰਟੈਂਟ ਰੈਜ਼ੋਲਿਊਸ਼ਨ ਸ਼ੁਰੂ ਹੈ। ਆਪਾਂ ਰੈਜ਼ੋਲਿਊਸ਼ਨ ਨੂੰ ਚੱਲਣ ਦੇਈਏ। ਇਹ ਗੁਦਾਮਾਂ ਨਾਲ ਡੀਲ ਕਰਦਾ ਹੈ। We are interrupting such an important resolution. ਪਹਿਲਾਂ ਉਨ੍ਹਾਂ ਦੀ ਸਪੀਚ ਹੋਈ ਹੈ, ਉਹ ਵੀ ਧਿਆਨ ਨਾਲ ਨਹੀਂ ਸੁਣੀ ਗਈ। ਇਹ ਸ਼ੁਰੂ ਕਰਵਾਓ ਜੀ। ਪਤਾ ਨਹੀਂ ਉਸ ਦੀ ਗੱਲ ਨੂੰ ਕਿਉਂ ਜਾਣ ਕੇ ਟਾਲਿਆ ਜਾ ਰਿਹਾ ਹੈ। ਉਸ ਨੂੰ ਸ਼ੁਰੂ ਕਰੋ ਜੀ। ..... (ਵਿਘਨ).......

ਮਾਨਯੋਗ ਸਪੀਕਰ: ਤੁਹਾਡਾ ਲੀਡਰ ਬੋਲ ਰਿਹਾ ਹੈ ..... (ਵਿਘਨ)....

ਸ਼੍ਰੀ ਸੁਨੀਲ ਕੁਮਾਰ ਜਾਖੜ: ਸਪੀਕਰ ਸਾਹਿਬ, ਪੈਟਰੋਲੀਅਮ ਪ੍ਰੋਡੱਕਟਸ ਤੋਂ 1 ਕਰੋੜ 60 ਲੱਖ ਰੁਪਏ ਦੀ ਕੁਲੈਕਸ਼ਨ ਹੁੰਦੀ ਹੈ ...... (ਵਿਘਨ) .....

ਖੁਰਾਕ ਤੇ ਸਿਵਲ ਸਪਲਾਈ ਮੰਤਰੀ: ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਸ਼ੁਰੂ ਕਰਵਾਓ। ..... (ਵਿਘਨ).......

ਮਾਨਯੋਗ ਸਪੀਕਰ: ਮੈਨੂੰ ਪਤਾ ਹੈ ਜੀ।

ਸ਼੍ਰੀ ਸੁਨੀਲ ਕੁਮਾਰ ਜਾਖੜ: ਇਸ ਵਿਚੋਂ 50 ਫੀਸਦੀ ਸਟੇਟ ਕੋਲ ਹੈ ਅਤੇ 50 ਫੀਸਦੀ ਸੈਂਟਰ ਕੋਲ ਜਾ ਰਿਹਾ ਹੈ। ਲਗਭਗ 80 ਲੱਖ ਰੁਪਿਆ ਕੇਂਦਰ ਕੋਲ ਜਾ ਰਿਹਾ ਹੈ .... (ਵਿਘਨ) ......

ਡਾਕਟਰ ਦਲਜੀਤ ਸਿੰਘ ਚੀਮਾ: ਬਜਟ ਤੇ ਬਹਿਸ ਦੌਰਾਨ ਇਹ ਬੋਲ ਲੈਣਾ।

ਸ਼੍ਰੀ ਸੁਨੀਲ ਕੁਮਾਰ ਜਾਖੜ: ਸਰ, ਇਹ ਵੈਟ ਦਾ ਮਸਲਾ ਹੈ। ਕੱਲ੍ਹ ਇਹ ਧਰਨੇ ਦੇ ਰਹੇ ਹਨ ...... (ਵਿਘਨ) .... ਇਨ੍ਹਾਂ ਨੂੰ ਧਰਨੇ ਤੋਂ ਮਨਾ ਲਵੋ ...... (ਵਿਘਨ)....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ****** ਨਾਅਰੇ ਲਗਾ ਰਹੇ ਸਨ।)

ਸ਼੍ਰੀ ਸੁਨੀਲ ਕੁਮਾਰ ਜਾਖੜ: ਕੇਂਦਰ ਸਰਕਾਰ ਕੋਲ ਜੋ ਪੈਸਾ ਇਕੱਠਾ ਹੋ ਰਿਹਾ ਹੈ, ਉਹ ਪੈਸਾ ਕਰਾਸ ਸਬਸਿਡੀ ਵਾਸਤੇ ਇਸਤੇਮਾਲ ਹੋ ਰਿਹਾ ਹੈ...... (ਵਿਘਨ) .....

*** Expunged as ordered by the chair.

ਮਾਨਯੋਗ ਸਪੀਕਰ: ਸਭ ਨਾਅਰੇ ਕੱਟ ਦਿਓ।

ਸ੍ਰੀ ਸੁਨੀਲ ਕੁਮਾਰ ਜਾਖੜ: ਕੇਂਦਰ ਸਰਕਾਰ ਦਾ ਉਹ ਪੈਸਾ ਗੈਸ ਨੂੰ ਸਸਤਾ ਕਰਨ ਵਾਸਤੇ, ਕੈਰੋਸਿਨ ਨੂੰ ਸਸਤਾ ਕਰਨ ਵਾਸਤੇ, ਡੀਜ਼ਲ ਤੇ ਸਬਸਿਡੀ ਦੇਣ ਵਾਸਤੇ ਇਸਤੇਮਾਲ ਹੁੰਦਾ ਹੈ। ਸਟੇਟ ਗੌਰਮਿੰਟ ਜਿਹੜਾ ਪੈਸਾ ਇਕੱਠਾ ਕਰਦੀ ਹੈ, ਉਸ ਨਾਲ ਹੈਲੀਕਾਪਟਰ ਖਰੀਦਿਆ ਜਾਂਦਾ ਹੈ .... (ਵਿਘਨ) ....

ਮਾਨਯੋਗ ਸਪੀਕਰ: ਬੈਠੋ, ਤੁਹਾਡਾ ਪੁਆਇੰਟ ਆ ਗਿਆ ਹੈ .... (ਵਿਘਨ).......

ਸ੍ਰੀ ਸੁਨੀਲ ਜਾਖੜ: ਨਹੀਂ, ਖਤਮ ਨਹੀਂ ਹੋਇਆ ਜੀ। ਜਿਹੜੀ ਪੈਟਰੋਲ ਦੀ ਸੱਤ ਰੁਪਏ ਕੀਮਤ ਵਧੀ ਹੈ, ਉਸ ਨਾਲ ਪੰਜਾਬ ਸਰਕਾਰ ਨੂੰ 120 ਕਰੋੜ ਰੁਪਏ ਦਾ ਐਡੀਸ਼ਨਲ ਬੈਨੀਫਿਟ ਮਿਲਿਆ ਹੈ .... (ਵਿਘਨ) ....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): Do you justify Rs. 7 increase in the price of petrol? Do you justify this as a member of the House?

Shri Sunil Jakhar: We have already written to the Congress Party to get it removed but at the same time you should also reduce your VAT. .... (interruption) .... ਸਪੀਕਰ ਸਾਹਿਬ, 120 ਕਰੋੜ ਰੁਪਏ ਦਾ .... (ਵਿਘਨ)......... They are planning to buy helicopter and a jet.

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਇਸ ਗੱਲ ਦਾ ਰੈਜ਼ੋਲਿਊਸ਼ਨ ਲਿਆਓ ਕਿ ਤੁਸੀਂ ਇਸ ਵਾਧੇ ਨੂੰ ਕੰਡੈਮ ਕਰਦੇ ਹੋ ..... (ਵਿਘਨ) ..... ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਨੂੰ ਕੰਡੈਮ ਕਰਦੇ ਹੋ ...... (ਵਿਘਨ) .....

ਸ੍ਰੀ ਸੁਨੀਲ ਜਾਖੜ: ਤੁਸੀਂ ਵਾਪਸ ਕਰਾਓ ..... (ਵਿਘਨ) ....

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਸਪੀਕਰ ਸਾਹਿਬ, ਸਰਬਸੰਮਤੀ ਨਾਲ ਮਤਾ ਲਿਆਓ। .... (ਵਿਘਨ) .... ਆਮ ਆਦਮੀ ਦਾ ਕਚੂੰਮਰ ਕੱਢਿਆ ਗਿਆ, therefore we should condemn it. ਜਿਸ ਤਰੀਕੇ ਨਾਲ ਆਮ ਆਦਮੀ ਨੂੰ ਮਾਰ ਪੈ ਰਹੀ ਹੈ, ਜਿਸ ਤਰੀਕੇ ਨਾਲ ਪੈਟਰੋਲ ਦੀਆਂ ਕੀਮਤਾਂ 16 ਵਾਰੀ ਵਧੀਆਂ ਹਨ, ਕੀ ਉਸ ਨੂੰ ਕੰਡੈਮ ਕਰਦੇ ਹੋ? ਜੋ ਡੀਜ਼ਲ ਦੇ ਰੇਟ ਵਧੇ ਹਨ, ਕੀ ਉਸ ਨੂੰ ਕਾਂਗਰਸ ਪਾਰਟੀ ਕੰਡੈਮ ਕਰਦੀ ਹੈ? Let us bring a resolution on this. ਆਪਾਂ ਆਮ ਆਦਮੀ ਦੀ ਗੱਲ ਕਰੀਏ .... (ਵਿਘਨ) ....

ਸ਼੍ਰੀ ਸੁਨੀਲ ਜਾਖੜ: ਕੰਡੈਮ ਕਰਵਾ ਲਵੋ ਪਰ ਵੈਟ ਵੀ ਘਟਾਓ...... (ਵਿਘਨ) ਵੈਟ 20 ਪ੍ਰਤੀਸ਼ਤ ਤੇ ਲੈ ਕੇ ਆਓ। ਮਤਾ ਪੁਆ ਲਵੋ ਅਸੀਂ ਲਿਖ ਕੇ ਭੇਜ ਦਿੰਦੇ ਹਾਂ (ਵਿਘਨ) ....

ਮਾਨਯੋਗ ਸਪੀਕਰ: ਜਾਖੜ ਸਾਹਿਬ, ਤੁਹਾਡਾ ਪੁਆਇੰਟ ਆ ਗਿਆ ਹੈ।

ਸ਼੍ਰੀ ਸੁਨੀਲ ਜਾਖੜ: ਨਹੀਂ ਆਇਆ ਜੀ ..... (ਵਿਘਨ) .....

ਮਾਨਯੋਗ ਸਪੀਕਰ: ਮਿੱਤਲ ਸਾਹਿਬ ਆ ਗਏ ਹਨ ..... (ਵਿਘਨ) ..... ਜਾਖੜ ਜੀ, ਮਿੱਤਲ ਸਾਹਿਬ ਆ ਗਏ ਹਨ, ਉਹ ਕੁਝ ਕਹਿਣਾ ਚਾਹੁੰਦੇ ਹਨ, Please sit down.

ਸ਼੍ਰੀ ਸੁਨੀਲ ਜਾਖੜ: ਮਿੱਤਲ ਸਾਹਿਬ, ਕੀ ਤੁਸੀਂ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦਾ ਟਾਈਟਲ ਦੇਣ ਨਾਲ ਸਹਿਮਤ ਹੋ ਜਾਂ ਨਹੀਂ .. (ਵਿਘਨ).. ਬੀ.ਜੇ.ਪੀ. ਪਾਰਟੀ ...(ਵਿਘਨ) ...

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸਪੀਕਰ ਸਾਹਿਬ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ, ਹੁਣ ਤੁਸੀਂ ਬੋਲਣਾ ਨਹੀਂ (ਵਿਘਨ), ਸਰਦਾਰ ਲਾਲ ਸਿੰਘ ਬੈਠੋ। ਮੈਂ ਤੁਹਾਡਾ ਬੜਾ ਸਤਿਕਾਰ ਕਰਦਾ ਹਾਂ, ਤੁਸੀਂ ਮੇਰੇ ਨਾਨਕਿਆਂ ਦੇ ਐਮ.ਐਲ.ਏ. ਹੋ। ਬੈਠੋ, ਇਨ੍ਹਾਂ ਨਾਲ ਬੜੀ ਪੁਰਾਣੀ ਰਿਸ਼ਤੇਦਾਰੀ ਹੈ, (ਵਿਘਨ) ਇਹ ਕਦੇ ਕਦੇ ਤੋੜ ਦਿੰਦੇ ਹਨ ਪਰ ਮੈਂ ਤਾਂ ਪਾਈ ਹੋਈ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ (ਵਿਘਨ) ਹੁਣ ਤੁਸੀਂ ਵਿੱਚ ਨਾ ਬੋਲਣਾ, ਸੁਣ ਲਵੋ। (ਵਿਘਨ) ਤੁਹਾਨੂੰ ਬੋਲਣ ਦੀ ਲੋੜ ਹੀ ਨਹੀਂ ਪੈਣੀ (ਵਿਘਨ) ਤੁਹਾਡੇ ਪੱਖ ਦੀ ਗੱਲ ਹੀ ਕਰਾਂਗਾ। (ਵਿਘਨ) ਪਹਿਲਾਂ ਹੀ ਰੌਲਾ ਪਾਉਣ ਲੱਗ ਗਏ ਫਿਰ ਕਾਹਦੇ ਵਾਸਤੇ (ਵਿਘਨ) ਸਪੀਕਰ ਸਾਹਿਬ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਮੇਰੇ ਸਾਥੀਆਂ ਨੇ ਬਾਹਰ ਜਾ ਕੇ ਪ੍ਰੈਸ ਦੇ ਵਿਚ ਕਿਹਾ ਕਿ ਮਿੱਤਲ ਸਾਹਿਬ ਤਾਂ ਬੋਲੇ ਹੀ ਨਹੀਂ, ਅਸੀਂ ਕਹਿੰਦੇ ਬਥੇਰੇ ਉਂਗਲੀਆਂ ਕੀਤੀਆਂ, ਇਸ਼ਾਰੇ ਕੀਤੇ। ਸਵਾਲ ਇਹ ਹੈ ਕਿ ਪਹਿਲਾਂ ਤਾਂ ਮੈਂ ਇਸ ਮੁੱਦੇ ਤੇ ਗੱਲ ਕਰਨੀ ਚਾਹੁੰਦਾ ਹਾਂ ਅਤੇ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਉਸ ਬਾਰੇ ਵੀ ਕਹਿ ਦਿੰਦਾ ਹਾਂ। ਵੇਖੋ ਇਕ ਬੜਾ ਇੰਪਾਰਟੈਂਟ ਮੁੱਦਾ ਹੈ, ਇਥੇ ਤਰਲੋਚਨ ਸਿੰਘ ਜੀ ਨੇ ਕਿਸਾਨਾਂ ਦੇ ਹੱਕ ਦੀ ਗੱਲ ਕੀਤੀ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਖਿਲਾਫ ਗੱਲ ਕਰਦੀ ਹੈ। ਅਸੀਂ ਤਾਂ ਕਿਸਾਨਾਂ ਦੇ ਹੱਕ ਦੀ ਗੱਲ ਦਾ ਮਤਾ ਲਿਆਂਦਾ ਹੈ ਕਿ ਪੰਜਾਬ ਦੇ ਵਿਚ ਸਟੋਰੇਜ ਕਪੈਸਿਟੀ ਨਹੀਂ ਹੈ ਔਰ ਪੰਜਾਬ ਸਰਕਾਰ ਸਟੋਰੇਜ ਕਪੈਸਿਟੀ ਵਧਾਉਣਾ ਚਾਹੁੰਦੀ ਹੈ। ਮੈਨੂੰ ਯਾਦ ਹੈ ਕਿ ਜਦੋਂ 1997 ਦੀ ਸਰਕਾਰ ਦਾ ਪੀਰੀਅਡ ਸੀ ਤਾਂ ਫੂਡ ਡਿਪਾਰਟਮੈਂਟ ਮੇਰੇ ਪਾਸ ਸੀ (ਵਿਘਨ) ਮੈਂ ਦੋਨੋਂ ਗੱਲਾਂ ਬੋਲਾਂਗਾ। ਮੈਂ ਦੋਹਾਂ ਗੱਲਾਂ ਤੇ ਬੋਲਾਂਗਾ। You can not dictate me. (ਵਿਘਨ) ਤੁਸੀਂ ਸੁਣੋ ਜ਼ਰਾ, ਸੁਣਨ ਦੀ ਕਪੈਸਿਟੀ ਰੱਖੋ ਜ਼ਰਾ। (ਵਿਘਨ)

ਮਾਨਯੋਗ ਸਪੀਕਰ: ਸਰਦਾਰ ਲਾਲ ਸਿੰਘ ਜੀ, ਉਨ੍ਹਾਂ ਨੂੰ ਸੁਣਨ ਦੀ ਖੇਚਲ ਕਰੋ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਮੈਂ ਕਿਹਾ ਸੁਣਨ ਦੀ ਖੇਚਲ ਕਰੋ। (ਵਿਘਨ) ਹੁਣ ਤੁਹਾਡੇ ਲੀਡਰ ਨੇ 45 ਮਿੰਟ ਤਾਂ ਭੂਮਿਕਾ ਉਤੇ ਲਗਾ ਦਿੱਤੇ ਹਨ ਪਰ ਅਸਲੀ ਗੱਲ ਤਾਂ ਬੋਲੀ ਹੀ ਨਹੀਂ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਥੇ ਅਸੀਂ ਉਦੋਂ ਪਹਿਲੀ ਵਾਰ ਸਟੋਰੇਜ ਦਾ ਪ੍ਰਬੰਧ ਕਰਨ ਦਾ ਉਪਰਾਲਾ ਕੀਤਾ। ਅੱਜ ਮੁੱਦਾ ਜਿਹੜਾ ਹੈ ਉਹ ਸਟੋਰੇਜ ਦੀ ਕਪੈਸਿਟੀ ਦਾ ਹੈ ਇਸ ਕਰਕੇ ਮੈਂ ਆਪੋਜ਼ੀਸ਼ਨ ਵਾਲੇ ਪਾਸੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਇਹ ਪੰਜਾਬ ਦੇ ਬੜੇ ਹਿੱਤ ਦਾ ਮੁੱਦਾ ਹੈ ਤਾਂ ਕਿ ਸਟੋਰੇਜ ਕਪੈਸਿਟੀ ਵਧੇ ਉਸ ਤੇ ਤੁਸੀਂ ਵੀ ਵਿਚਾਰ ਕਰੋ (ਵਿਘਨ) ਦੂਜੀ ਗੱਲ, (ਵਿਘਨ), ਜੋ ਇਨ੍ਹਾਂ ਨੇ ਵੈਟ ਦੀ ਗੱਲ ਕੀਤੀ ਹੈ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ, ਸਰਦਾਰ ਸਾਧੂ ਸਿੰਘ, ਸ੍ਰੀ ਰਾਕੇਸ਼ ਪਾਂਡੇ ਅਤੇ ਸ੍ਰੀ ਤਰਲੋਚਨ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਸਨ।)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਤੁਸੀਂ ਪਹਿਲਾਂ ਸੁਣ ਤਾਂ ਲਵੋ। ਤੁਸੀਂ ਸ਼ਹਿਰੀਆਂ ਦਾ ਠੇਕਾ ਲਿਆ ਹੈ। ਮੈਂ ਤੁਹਾਡੇ ਨਾਲੋਂ ਵੱਡਾ ਕਿਸਾਨ ਹਾਂ, ਕਿਤੇ ਤੁਸੀਂ ਕਹਿੰਦੇ ਹੋ ਕਿ ਕਿਸਾਨ ਤੁਸੀਂ ਹੀ ਹੋ, ਮੈਂ ਤੁਹਾਡੇ ਨਾਲੋਂ ਵੱਡਾ ਕਿਸਾਨ ਹਾਂ। ਮੈਨੂੰ ਪਤਾ ਹੈ .... (ਵਿਘਨ) .... ਅਗਲੀ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਵੈਟ ਖਤਮ ਕਰ ਦਿਉ (ਵਿਘਨ) ਮੈਂ ਰਾਜੋਆਣਾ ਤੇ ਬੋਲਾਂਗਾ, ਸਭ ਤੋਂ ਅਖੀਰ ਤੇ ਬੋਲਾਂਗਾ। ਸਪੀਕਰ ਸਾਹਿਬ, ਮੈਂ ਦੂਜੀ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੈਟਰੋਲ ਡੀਜ਼ਲ ਦੇ ਉਤੇ ਵੈਟ ਦੀ ਗੱਲ ਕਹੀ। ਉਸ ਬਾਰੇ ਮੇਰੀ ਬੇਨਤੀ ਹੈ .....(ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ, ਸਰਦਾਰ ਸਾਧੂ ਸਿੰਘ, ਸ੍ਰੀ ਰਾਕੇਸ਼ ਪਾਂਡੇ ਅਤੇ ਸ੍ਰੀ ਤਰਲੋਚਨ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਸਨ।)

ਮਾਨਯੋਗ ਸਪੀਕਰ: ਸਰਦਾਰ ਲਾਲ ਸਿੰਘ ਜੀ, ਉਨ੍ਹਾਂ ਨੂੰ ਸੁਣੋ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਮੈਂ ਤੀਜੀ ਗੱਲ ਬਾਅਦ ਦੇ ਵਿਚ ਕਹਾਂਗਾ। ਜਿਹੜੀ ਗੱਲ ਤੁਹਾਨੂੰ ਸੂਟ ਕਰਦੀ ਹੈ ਉਹ ਕਿਉਂ ਕਹਾਂ (ਵਿਘਨ) ਅਸੀਂ 22 ਤਰੀਕ ਨੂੰ ਸਾਰੇ ਹਿੰਦੁਸਤਾਨ ਦੇ ਵਿਚ ਸਾਰਾ ਰੋਲ ਬੈਕ ਕਰਨ ਵਾਸਤੇ ਗ੍ਰਿਫਤਾਰੀਆਂ ਦੇ ਰਹੇ ਹਾਂ। ਜਿਹੜਾ ਸਾਢੇ ਸੱਤ ਰੁਪਿਆ ਪੈਟਰੋਲ ਦਾ ਰੇਟ ਵਧਿਆ ਹੈ ਅਗਰ ਇਹ ਉਸ ਨੂੰ ਘਟਾਉਣ ਦੇ ਹੱਕ ਵਿੱਚ ਹਨ, ਇਹ ਆਉਣ ਤੇ ਸਾਡੇ ਨਾਲ ਗ੍ਰਿਫਤਾਰੀਆਂ ਦੇਣ (ਵਿਘਨ) ਅਸੀਂ ਵੀ ਚਾਹੁੰਦੇ ਹਾਂ ਕਿ ਇਹ ਉਥੇ ਆਉਣ ਤੇ ਸਾਡੇ ਨਾਲ ਗ੍ਰਿਫਤਾਰੀਆਂ ਦੇਣ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਸਨ।)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਚੰਨੀ ਜੀ, ਤੁਸੀਂ ਜ਼ਰਾ ਬੈਠੋ। ਤੀਸਰੀ ਗੱਲ ਇਹ ਜਿਹੜੀ ਰਾਜੋਆਣੇ ਦੀ ਕਰਦੇ ਹਨ। ਸਾਡੀ ਪਾਰਟੀ ਦਾ ਬੜਾ ਕਲੀਅਰ ਸਟੈਂਡ ਹੈ, ਅਸੀਂ ਕਿਸੇ ਕਾਤਲ ਨੂੰ ਸ਼ਹੀਦ ਨਹੀਂ ਕਹਿੰਦੇ (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਠਹਿਰ ਜਾਉ, ਖੁਸ਼ ਨਾ ਹੋਵੋ, ਬਾਕੀ ਵੀ ਗੱਲਾਂ ਸੁਣੋ, ਤੁਸੀਂ ਇੰਨੀ ਕੁ ਗੱਲ ਦੀ ਖੁਸ਼ੀ ਨਾ ਵਿਖਾਉ। ਹੁਣ ਜ਼ਰਾ ਮੂੰਹ ਤਾਂ ਮਿੱਠਾ ਕਰਕੇ ਰੱਖੋ, ਸੁਣੋ, ਸੁਣੋ, ਸਾਰੀ ਗੱਲ ਸੁਣੋ। ਇਹ ਜੋ ਕੁਝ ਵੀ ਕਹਿ ਰਹੇ ਹਨ। ਇਹ ਉਸ ਆਦਮੀ ਨੂੰ ਕਹਿਣ ਦਾ ਹੱਕ ਹੈ ਜਿਹੜੇ ਬੰਦਿਆਂ ਨੇ ਆਤੰਕਵਾਦ ਦਾ ਵਿਰੋਧ ਕੀਤਾ ਹੋਵੇ। ਮੈਂ ਰਾਕੇਸ਼ ਜੀ ਨਾਲ ਸਹਿਮਤ ਹਾਂ ਕਿ ਇਨ੍ਹਾਂ ਦੇ ਪਿਤਾ ਦੀ ਸ਼ਹਾਦਤ ਹੋਈ। ਤਰਲੋਚਨ ਸਿੰਘ ਜੀ ਦੇ ਪਿਤਾ ਦੀ ਸ਼ਹਾਦਤ ਹੋਈ। ਇੱਥੇ ਕੋਟਲੀ ਬੈਠੇ ਹਨ, ਸਰਦਾਰ ਬੇਅੰਤ ਸਿੰਘ ਜੀ ਦੀ ਹੱਤਿਆ ਹੋਈ ਅਸੀਂ ਡੱਟ ਕੇ ਪਹਿਲੀ ਕਤਾਰ ਵਿੱਚ ਖੜ੍ਹੇ ਹੋ ਕੇ ਨਿੰਦਾ ਕੀਤੀ। ਨੈਸ਼ਨਲ ਲੀਡਰ ਇੱਥੇ ਆਏ, ਸਸਕਾਰ ਤੇ ਸਾਰਿਆਂ ਨੇ ਡੱਟ ਕੇ ਇਸ ਦਾ ਵਿਰੋਧ ਕੀਤਾ। ਅੱਤਵਾਦ ਦਾ ਬੀ.ਜੇ.ਪੀ. ਨੇ ਕਦੇ ਸਮਰਥਨ ਨਹੀਂ ਕੀਤਾ ਅਤੇ ਕਾਂਗਰਸ ਨਾਲੋਂ ਵੱਧ ਕੇ ਇਸ ਦਾ ਵਿਰੋਧ ਕੀਤਾ ਹੈ। ਇਨ੍ਹਾਂ ਨੇ ਕੰਪਰੋਮਾਈਜ਼ ਕੀਤਾ ਹੋਵੇਗਾ ਪਰ ਅਸੀਂ ਕਦੇ ਕੰਪਰੋਮਾਈਜ਼ ਨਹੀਂ ਕੀਤਾ। ਭਾਵੇਂ ਉਹ ਕਸ਼ਮੀਰ ਦਾ ਮਸਲਾ ਸੀ, ਭਾਵੇਂ ਅਸਾਮ ਦਾ ਮਸਲਾ ਸੀ ਭਾਵੇਂ ਮਾਓਇਸਟ ਮੂਵਮੈਂਟ ਜਿਹੜੀ ਅੱਜ ਰੈਡ ਲਾਈਨ ਚੱਲ ਰਹੀ ਹੈ, ਅਸੀਂ ਉਸ ਦਾ ਵੀ ਵਿਰੋਧ ਕੀਤਾ ਹੈ। ਸਾਡਾ ਸਟੈਂਡ ਸਭ ਨੂੰ ਪਤਾ ਹੈ। ਤਾਂ ਹੀ ਮੈਂ ਵਾਰ ਵਾਰ ਕਹਿੰਦਾ ਹਾਂ। ਮੈਨੂੰ ਪਤਾ ਲੱਗਾ ਕਿ ਬਾਹਰ ਪ੍ਰੈਸ ਵਾਲਿਆਂ ਨੂੰ ਕਹਿੰਦੇ ਕਿ ਮਿੱਤਲ ਸਾਹਿਬ ਬੋਲੇ ਨਹੀਂ। ਮੈਂ ਤਾਂ ਉਹ ਗੱਲਾਂ ਬੋਲੀਆਂ ਹਨ ਜਿਹੜੀਆਂ ਇਹ ਸੁਣ ਨਹੀਂ ਸਕਦੇ। ਮੈਂ ਤਾਂ ਜੋ ਇਥੇ ਪ੍ਰਧਾਨ ਮੰਤਰੀ ਬੋਲ ਕੇ ਗਏ ਸਨ ਉਹ ਰੀਪ੍ਰੋਡਿਊਸ ਕੀਤਾ ਹੈ। ਉਨ੍ਹਾਂ ਨੇ ਕਿਹਾ ਸੀ ਕਿ ਮਿੱਤਲ ਸਾਹਿਬ, ਹਮ ਤੋਂ ਆਪ ਕੀ ਪੁਕਾਰ ਸੁਨਾਨਾ ਚਾਹਤੇ ਹੈਂ ਆਤੰਕਵਾਦ ਕਾ ਮੁਕਾਬਲਾ ਕਾਂਗਰਸ ਨਹੀਂ ਕਰ ਸਕਤੀ। (ਵਿਘਨ, ਸ਼ੋਰ) ਚੁੱਪ ਕਰਕੇ ਹੁਣ ਜ਼ਰਾ ਸੁਣ ਲਓ। ਨਰਸਿਮਹਾ ਰਾਓ ਜੀ ਨੇ ਇਹ ਗੱਲ ਕਹੀ ਕਿ ਅਸੀਂ ਕੈਪਟਨ ਸਾਹਿਬ ਨੂੰ ਮੁੱਖ ਮੰਤਰੀ ਬਣਾਉਣਾ ਹੈ (ਵਿਘਨ, ਸ਼ੋਰ) ਇਨ੍ਹਾਂ ਦੇ ਪ੍ਰਧਾਨ ਮੰਤਰੀ ਨੇ ਇਹ ਗੱਲ ਕਹੀ ਕਿ ਕਾਂਗਰਸ ਪਾਰਟੀ ਨੇ ਆਤੰਕਵਾਦ ਪੈਦਾ ਕੀਤਾ ਹੈ, ਕਾਂਗਰਸ ਪਾਰਟੀ ਆਤੰਕਵਾਦ ਦੇ ਖਿਲਾਫ ਲੜ ਨਹੀਂ ਸਕਦੀ ਅਤੇ ਅਸੀਂ ਚਾਹੁੰਦੇ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਅਕਾਲੀ ਪਾਰਟੀ ਦਾ ਲੀਡਰ ਅਤੇ ਭਾਰਤੀ ਜਨਤਾ ਪਾਰਟੀ ਮਿਲ ਕੇ ਸਰਕਾਰ ਬਣਾਵੇ ਅਤੇ ਜੇਕਰ ਐਮ.ਐਲ.ਏ. ਘੱਟ ਗਏ ਤਾਂ ਕਾਂਗਰਸ ਦੇ ਐਮ. ਐਲ. ਏ. ਦੇ ਦਿਆਂਗੇ ।

(ਸਿਹਤ ਤੇ ਪਰਿਵਾਰ ਭਲਾਈ ਮੰਤਰੀ)

(ਵਿਘਨ, ਸ਼ੋਰ) ਹੁਣ ਅਗਲੀ ਗੱਲ ਸੁਣੋ, ਅਸੀਂ ਉਨ੍ਹਾਂ ਦੇ ਆਸ਼ਵਾਸਨ ਤੇ ਇਲੈਕਸ਼ਨ ਲੜਿਆ। (ਵਿਘਨ, ਸ਼ੋਰ) ਮੈਂ ਕਿਹਾ ਜੀ ਬੈਠ ਕੇ ਮੇਰੀ ਗੱਲ ਤਾਂ ਸੁਣੋ। (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ: ਹੁਣ ਸੁਣ ਲਓ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਆਤੰਕਵਾਦ ਦੇ ਬਾਰੇ ਹੁਣ ਪੂਰਾ ਸੁਣ ਤਾਂ ਲਓ ਕਿ ਆਤੰਕਵਾਦ ਕੀ ਸੀ? ਇਹ ਕਿਵੇਂ ਭੜਕਿਆ, ਆਤੰਕਵਾਦ ਕਿਸ ਨੇ ਲਿਆਂਦਾ? (ਸ਼ੋਰ) ਆਤੰਕਵਾਦ ਕਿਸ ਨੇ ਭੜਕਾਇਆ? ਆਤੰਕਵਾਦ ਦੇ ਖਿਲਾਫ ਕੌਣ ਲੜਿਆ? ਕਿਨ੍ਹਾਂ ਨੇ ਇਸ ਵਾਸਤੇ ਕੁਰਬਾਨੀ ਦਿੱਤੀ। ਸੁਣਦੇ ਤਾਂ ਤੁਸੀਂ ਨਹੀਂ। (ਵਿਘਨ, ਸ਼ੋਰ) ਤੁਹਾਡਾ ਹੋਮ ਮਨਿਸਟਰ ਜਿਹੜਾ ਆਤੰਕਵਾਦ ਦਾ ਸਮਰਥਨ ਕਰੇ, ਸਾਰੀ ਕਾਂਗਰਸ ਪਾਰਟੀ ਉਸ ਦਾ ਸਮਰਥਨ ਕਰੇ, ਦਿੱਲੀ ਵਿੱਚ ਬੈਠੀ ਕਾਂਗਰਸ ਪਾਰਟੀ ਉਸ ਦਾ ਸਮਰਥਨ ਕਰੇ (ਵਿਘਨ, ਸ਼ੋਰ)। ਤੁਸੀਂ ਕੀ ਗੱਲਾਂ ਕਰਦੇ ਹੋ? ਇੱਕ ਪਾਸੇ ਤਾਂ ਕਹਿੰਦੇ ਹਨ ਕਿ ਮਿੱਤਲ ਸਾਹਿਬ ਬੋਲਦੇ ਨਹੀਂ, ਹੁਣ ਮਿੱਤਲ ਸਾਹਿਬ ਬੋਲਣ ਲੱਗੇ ਹਨ ਤਾਂ ਇਹ ਸੁਣਦੇ ਨਹੀਂ। (ਵਿਘਨ, ਸ਼ੋਰ) ਸਿਆਣਾ ਹਾਂ ਪਰ ਤੁਸੀਂ ਮੈਨੂੰ ਬੋਲਣ ਨਹੀਂ ਦਿੰਦੇ।

ਮਾਨਯੋਗ ਸਪੀਕਰ: ਤੁਸੀਂ ਆਪ ਹੀ ਤਾਂ ਉਨ੍ਹਾਂ ਨੂੰ ਬੋਲਣ ਲਈ ਕਿਹਾ ਹੈ। ਤੁਹਾਡੇ ਲੀਡਰ ਸਾਹਿਬ ਨੇ ਕਿਹਾ ਹੈ ਕਿ ਬੋਲੋ। (ਵਿਘਨ, ਸ਼ੋਰ)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਮੈਂ ਤਾਂ ਦੱਸਣ ਲੱਗਿਆਂ ਹਾਂ ਕਿ ਆਤੰਕਵਾਦ ਕੀ ਸੀ, ਇਹ ਤੁਸੀਂ ਕਿਵੇਂ ਲਿਆਂਦਾ, ਮੈਂ ਇਹ ਤੁਹਾਨੂੰ ਦੱਸ ਰਿਹਾ ਹਾਂ। ਜੋ ਤੁਸੀਂ ਬੀਜਿਆ ਸੀ ਉਹ ਤਾਂ ਤੁਸੀਂ ਕੱਟਣਾ ਹੀ ਸੀ ਪਰ ਤੁਸੀਂ ਦੂਜਿਆਂ ਨੂੰ ਵੀ ਕਟਾਇਆ। ਤੁਹਾਡੀ ਜ਼ਿੰਮੇਵਾਰੀ ਆਤੰਕਵਾਦ ਨੂੰ ਬੜਾਵਾ ਦੇਣ ਦੀ ਸੀ। ਭਾਰਤੀ ਜਨਤਾ ਪਾਰਟੀ ਨੇ ਕਦੇ ਆਤੰਕਵਾਦ ਦਾ ਸਮਰਥਨ ਨਹੀਂ ਕੀਤਾ। (ਵਿਘਨ, ਸ਼ੋਰ)

ਮਾਨਯੋਗ ਸਪੀਕਰ: ਤੁਸੀਂ ਆਪ ਹੀ ਤਾਂ ਉਨ੍ਹਾਂ ਤੋਂ ਸਟੇਟਮੈਂਟ ਮੰਗੀ ਹੈ।

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਮੈਂ ਸਪੀਕਰ ਸਾਹਿਬ, ਬੜੇ ਫਖਰ ਨਾਲ ਕਹਿ ਰਿਹਾ ਹਾਂ ਕਿ ਪੰਜਾਬ ਵਿੱਚ ਦੋ ਪਾਰਟੀਆਂ ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟ ਪਾਰਟੀ....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਨਾਅਰੇ ਮਾਰਦੇ ਹੋਏ ਵੈਲ ਆਫ ਦਿ ਹਾਊਸ ਵਿੱਚ ਆ ਗਏ। ਸਦਨ ਵਿੱਚ ਕਾਫੀ ਸ਼ੋਰ ਸੀ।)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ: ਲੜਾਈ ਆਤੰਕਵਾਦ ਦੀ ਹੈ ਅਤੇ ਨਾਅਰੇ ਪੰਜਾਬ ਸਰਕਾਰ ਦੇ ਖਿਲਾਫ ਲਗਾਈ ਜਾ ਰਹੇ ਹਨ। (ਸ਼ੋਰ, ਵਿਘਨ) ਮੈਂ ਤਾਂ ਇਹ ਵੀ ਦੱਸਣਾ ਹੈ ਕਿ ਭਿੰਡਰਾਂ ਵਾਲੇ ਨੂੰ ਕੌਣ ਲੈ ਕੇ ਆਇਆ। (ਵਿਘਨ, ਸ਼ੋਰ)

Mr. Speaker: Please go to your seats. ਸੀਟਾਂ ਤੇ ਜਾਓ, ਚੰਗਾ ਤਾਂ ਇਹੀ ਹੈ। ਉਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ ਅਤੇ ਤੁਸੀਂ ਸੁਣ ਲਈ ਹੈ।

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ: ਤੁਸੀਂ ਸੁਣਨ ਲਈ ਤਿਆਰ ਨਹੀਂ ਹੋ, ਉਹ ਸਟੇਟਮੈਂਟ ਦੇ ਰਹੇ ਹਨ। ਆਪ ਹੀ ਤੁਸੀਂ ਮੰਗਦੇ ਹੋ .... (ਵਿਘਨ) (ਸ਼ੋਰ) Not to be recorded. ਕੁਝ ਵੀ ਰਿਕਾਰਡ ਨਹੀਂ ਕਰਨਾ। (ਵਿਘਨ, ਸ਼ੋਰ)

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।) (ਵਿਘਨ) (ਸ਼ੋਰ)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ): ਮੇਰੀ ਇਹ ਬੇਨਤੀ ਹੈ ਕਿ ਰੈਜ਼ੋਲਿਊਸ਼ਨ ਲਿਆਇਆ ਗਿਆ ਹੈ ਜੀ। (ਵਿਘਨ) ਕਿਸਾਨਾਂ ਦਾ ਸਟੋਰੇਜ ਦਾ ਬੜਾ ਵੱਡਾ ਮੁੱਦਾ ਹੈ। ਲੀਡਰ ਆਫ ਦਿ ਆਪੋਜ਼ੀਸ਼ਨ ਤੋਂ ਇੱਕ ਕਿਸਾਨ ਹਮਦਰਦ ਲੀਡਰ ਹੋਣ ਦੇ ਨਾਤੇ ਮੈਂ ਆਸ ਰੱਖਦਾ ਸੀ ਕਿ ਜੇ ਇਹ ਸਟੋਰੇਜ ਦਾ ਮਸਲਾ ਨਾ ਹੱਲ ਹੋਇਆ (ਵਿਘਨ) (ਸ਼ੋਰ) ਬਹੁਤ ਸਾਰੇ ਕਿਸਾਨਾਂ ਨੇ ਅੱਗੇ ਹੀ ਖੁਦਕੁਸ਼ੀਆਂ ਕਰ ਲਈਆਂ ਹਨ (ਵਿਘਨ) ਅੱਜ ਹਾਲਾਤ ਫਿਰ ਖੜ੍ਹੇ ਹੋ ਗਏ ਹਨ ਕਿ ਜੇ ਕਿਸਾਨਾਂ ਦਾ ਧਿਆਨ ਨਾ ਕੀਤਾ ਗਿਆ ਤਾਂ ਕਈ ਹਜ਼ਾਰ ਕਿਸਾਨ ਫਿਰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਜਾਣਗੇ (ਵਿਘਨ) ਇਹ ਅੱਜ ਦੀ ਮਜਬੂਰੀ ਸਮਝਣ। ਇਹ ਕੰਸਟ੍ਰਕਟਿਵ ਰੋਲ ਅਦਾ ਕਰਨ। ਬਹਿ ਕੇ ਗੱਲ ਸੁਣ ਲੈਣ।

** ** Expunged as ordered by the Chair

DHARNA

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਬੈਠ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

Mr. Speaker: Please go to your seats. ਤੁਹਾਡਾ ਪੁਆਇੰਟ ਆ ਗਿਆ ਹੈ। Go to your seats. (Interruption) Please go to your seats now. ਮਤਾ ਆਪਣਾ ਅਹਿਮ ਹੈ, ਉਸ ਨੂੰ ਪਾਸ ਹੋ ਲੈਣ ਦਿਓ। (ਵਿਘਨ) ਮਤਾ ਬੜਾ ਅਹਿਮ ਹੈ, ਉਸ ਨੂੰ ਪਾਸ ਹੋ ਲੈਣ ਦੇਈਏ। (ਵਿਘਨ) ਸਟੋਰੇਜ ਦਾ ਮਸਲਾ ਆਪਣੇ ਪੰਜਾਬ ਵਿੱਚ ਬਹੁਤ ਵੱਡਾ ਮਸਲਾ ਹੈ, ਇਸ ਨੂੰ ਪਾਸ ਹੋ ਲੈਣ ਦਿਉ।

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਗੈਰ ਰਵਾਇਤੀ ਊਰਜਾ ਤੇ ਐਨ.ਆਰ.ਆਈ. ਮਾਮਲੇ ਮੰਤਰੀ: ਇਹ ਤਾਂ ਬੜਾ ਵੱਡਾ ਮੁੱਦਾ ਹੈ। ਤੁਸੀਂ ਕਿਸਾਨ ਹਿਤੈਸ਼ੀ ਲੀਡਰ ਹੋ। ਆਪਾਂ ਮੁੱਦਾ ਡਿਸਕਸ ਕਰ ਲਈਏ ਜੀ। (ਵਿਘਨ) (ਸ਼ੋਰ) ਹੁਣ ਨਹੀਂ ਸੁਣਦਾ ਕੋਈ।

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ: ਹੁਣ ਸਦਨ ਸੋਮਵਾਰ, ਮਿਤੀ 25 ਜੂਨ, 2012 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

* 1.22 ਵਜੇ ਬਾਅਦ ਦੁਪਹਿਰ।

(*ਇਸ ਉਪਰੰਤ ਸਦਨ ਸੋਮਵਾਰ, ਮਿਤੀ 25 ਜੂਨ, 2012 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

** ** Expunged as ordered by the Chair

·APPENDIX

TO

PUNJAB VIDHAN SABHA DEBATES

Thrusday, the 26 June, 2012

Vol. II-- No. 3

STARRED QUESTION AND ANSWER

ਆਟਾ ਦਾਲ ਵੰਡਣ ਲਈ ਕਮਿਸ਼ਨ ਦੀ ਅਦਾਇਗੀ

ਸਰਦਾਰ ਬਲਬੀਰ ਸਿੰਘ ਸਿੱਧੂ: ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕ੍ਰਿਪਾ ਕਰਕੇ ਦੱਸਣ ਕਿ ਕੀ ਪੰਜਾਬ ਦੇ ਡਿਪੂ ਹੋਲਡਰਾਂ ਨੂੰ ਆਟਾ ਦਾਲ ਸਕੀਮ ਅਧੀਨ ਸਮੱਗਰੀ ਦੀ ਵੰਡ ਲਈ ਕੋਈ ਕਮਿਸ਼ਨ ਦੇ ਰਹੀ ਹੈ: ਜੇਕਰ ਅਜਿਹਾ ਹੋਵੇ ਤਾਂ ਕਿਸ ਦਰ ਨਾਲ ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ: ਰਾਜ ਸਰਕਾਰ ਡਿਪੂ ਹੋਲਡਰਾਂ ਨੂੰ ਆਟਾ ਸਕੀਮ ਅਧੀਨ ਦਾਲਾਂ ਦੀ ਵੰਡੀ ਗਈ ਮਾਤਰਾ ਤੇ 6 ਰੁਪਏ 60 ਪੈਸੇ ਪ੍ਰਤੀ ਕੁਇੰਟਲ ਦੀ ਦਰ ਨਾਲ ਮਾਰਜਨ ਮਨੀ ਦੀ ਅਦਾਇਗੀ ਕਰ ਰਹੀ ਹੈ। ਇਸ ਤੋਂ ਇਲਾਵਾ ਕਣਕ/ਦਾਲਾਂ ਦੀਆਂ ਖ਼ਾਲੀ ਬੋਰੀਆਂ ਵੀ ਡਿਪੂ ਹੋਲਡਰਾਂ ਵੱਲੋਂ ਆਪਣੇ ਪਾਸ ਰੱਖੀਆਂ ਜਾਂਦੀਆਂ ਹਨ।

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

7763/09-2012/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ

For checking. Please
5/3/15

ANNEXURE

TO

PUNJAB VIDHAN SABHA

DEBATES

Friday, the 29th June, 2012

Vol. II – No. 8

OFFICIAL REPORT

CONTENTS

	Page
Unstarred Questions (Converted as such from being Starred Questions) and Answers	.. (8) 1

Punjab Vidhan Sabha Secretariat, Chandigarh

Price : Rs.________.

PUNJAB VIDHAN SABHA

Friday, the 29th June, 2012

ANNEXURE

This Annexure contains Unstarred Questions (Converted as such from being Starred Questions) and Answers for the meeting dated 29th June, 2012.

UNSTARRED QUESTIONS (CONVERTED AS SUCH FROM BEING STARRED QUESTIONS) AND ANSWERS

ਰਿਹਾਇਸ਼ੀ ਇਮਾਰਤਾਂ ਵਿੱਚ ਨਰਸਿੰਗ ਹੋਮ

***2. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਮੋਹਾਲੀ ਵਿਖੇ ਰਿਹਾਇਸ਼ੀ ਬਿਲਡਿੰਗਾਂ ਵਿੱਚ ਕਿੰਨੇ ਨਰਸਿੰਗ ਹੋਮ ਚੱਲ ਰਹੇ ਹਨ ਅਤੇ ਉਨ੍ਹਾਂ ਤੋਂ ਕਿੰਨੇ ਕਿੰਨੇ ਕਨਵਰਸ਼ਨ ਚਾਰਜਿਜ਼ ਲਏ ਗਏ ਹਨ;

(ਅ) ਕੀ ਕੋਈ ਵਿਅਕਤੀ ਰਿਹਾਇਸ਼ੀ ਇਮਾਰਤ ਦੇ ਅੱਧੇ ਹਿੱਸੇ ਨੂੰ ਕਨਵਰਟ ਕਰਵਾ ਕੇ ਕਮਰਸ਼ੀਅਲ ਕੰਮ ਵਾਸਤੇ ਅਤੇ ਬਾਕੀ ਅੱਧੇ ਹਿੱਸੇ ਨੂੰ ਰਿਹਾਇਸ਼ ਵਜੋਂ ਵਰਤ ਸਕਦਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

ਸਰਦਾਰ ਸੁਖਬੀਰ ਸਿੰਘ ਬਾਦਲ : (ੳ) ਮੋਹਾਲੀ ਵਿਖੇ ਰਿਹਾਇਸ਼ੀ ਬਿਲਡਿੰਗਾਂ ਵਿਚ 7 ਨਰਸਿੰਗ ਹੋਮ ਚਲ ਰਹੇ ਹਨ। ਇਨ੍ਹਾਂ ਵਿਚੋਂ ਹੇਠ ਦਰਸਾਏ ਅਨੁਸਾਰ 2 ਨਰਸਿੰਗ ਹੋਮ ਦੇ ਮਾਲਕਾਂ ਵੱਲੋਂ ਗਮਾਡਾ ਤੋਂ ਪ੍ਰਵਾਨਗੀ ਲਈ ਹੋਈ ਹੈ। ਉਨ੍ਹਾਂ ਵੱਲੋਂ ਹੇਠ-ਲਿਖੇ ਅਨੁਸਾਰ ਕਨਵਰਸ਼ਨ ਚਾਰਜਿਜ਼ ਜਮ੍ਹਾਂ ਕਰਵਾਏ ਗਏ ਹਨ :-

(1) ਜੇ.ਪੀ. (ਆਈ ਹਸਪਤਾਲ) ਕੋਠੀ ਨੰ: 35, ਸੈਕਟਰ 61 ਦੇ ਮਾਲਕ ਵੱਲੋਂ 19,99,933/- ਰੁਪਏ

(2) ਲਿਬਰਟੀ ਹਸਪਤਾਲ ਕੋਠੀ ਨੰਬਰ 1800, ਸੈਕਟਰ 60 ਮੋਹਾਲੀ ਵੱਲੋਂ 26,33,600/- ਰੁਪਏ

(ਅ) ਨਹੀਂ ਜੀ। ਕਿਉਂਕਿ ਅਜਿਹਾ ਕਰਨ ਨਾਲ ਬਿਲਡਿੰਗ ਨਿਯਮਾਂ ਦੀ ਉਲੰਘਣਾ ਹੋਵੇਗੀ।

ਸਕੂਲਾਂ ਵਿੱਚ ਸਫਾਈ ਸੇਵਕਾਂ ਦੀ ਗਿਣਤੀ

***4. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਰਾਜ ਵਿਚ ਸਰਕਾਰੀ ਸਕੂਲਾਂ ਵਿੱਚ ਕੁੱਲ ਕਿੰਨੇ ਸਫਾਈ ਸੇਵਕ ਕੰਮ ਕਰ ਰਹੇ ਹਨ;

(ਅ) ਕੀ ਸਰਕਾਰੀ ਸਕੂਲਾਂ ਵਿਚ ਸਫਾਈ ਸੇਵਕਾਂ ਦੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਸਕੂਲਾਂ ਦੀ ਸਫਾਈ ਲਈ ਹੋਰ ਬਦਲਵੇਂ ਪ੍ਰਬੰਧ ਕੀਤੇ ਗਏ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ 1545 ਰੈਗੂਲਰ ਸਫਾਈ ਸੇਵਕ ਅਤੇ 1518 ਪਾਰਟ ਟਾਈਮ ਸਫਾਈ ਸੇਵਕ ਕੰਮ ਕਰ ਰਹੇ ਹਨ।

(ਅ) ਜੀ ਹਾਂ, ਸਕੂਲਾਂ ਵਿਚ ਸਫਾਈ ਸੇਵਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਬੰਧਤ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਅਸਥਾਈ ਤੌਰ ਤੇ ਸਕੂਲਾਂ ਦੀ ਸਫਾਈ ਦਾ ਲੋੜੀਂਦਾ ਪ੍ਰਬੰਧ ਕੀਤਾ ਹੋਇਆ ਹੈ।

ਮਨੌਲੀ ਵਾਸੀਆਂ ਨੂੰ ਪੀਣਯੋਗ ਪਾਣੀ ਦੀ ਸਪਲਾਈ

***5. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਪਿੰਡ ਮਨੌਲੀ, ਜ਼ਿਲ੍ਹਾ ਅਜੀਤਗੜ੍ਹ ਦਾ ਪਾਣੀ ਪੀਣ ਯੋਗ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪਿੰਡ ਦੇ ਵਾਸੀਆਂ ਨੂੰ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਚੁੱਕੇ ਜਾ ਰਹੇ ਕਦਮਾਂ ਦੇ ਵੇਰਵੇ ਕੀ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ :- ਪਿੰਡ ਦੀ ਧਰਤੀ ਦਾ ਹੇਠਲਾ ਪਾਣੀ ਠੀਕ ਹੈ ਅਤੇ ਪੀਣ ਯੋਗ ਹੈ। ਪਰੰਤੂ ਪਿਛਲੇ ਸਮੇਂ ਵਿੱਚ ਟਿਊਬਵੈੱਲ ਫੇਲ੍ਹ ਹੋਣ ਕਾਰਨ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਟੈਂਕਰਾਂ ਨਾਲ ਕੀਤੀ ਜਾ ਰਹੀ ਹੈ। ਪਿੰਡ ਵਿੱਚ ਨਵਾਂ ਟਿਊਬਵੈੱਲ ਲਗਾਉਣ ਦੀ ਤਜਵੀਜ ਹੈ ਤਾਂ ਜੋ ਲੋਕਾਂ ਨੂੰ ਪੀਣ ਵਾਲਾ ਪਾਣੀ ਸੁਚਾਰੂ ਢੰਗ ਨਾਲ ਦਿੱਤਾ ਜਾ ਸਕੇ।

ਸਰਕਾਰੀ ਸਕੂਲਾਂ ਦੇ ਬਿਜਲੀ/ਪਾਣੀ ਦੀ ਅਦਾਇਗੀ

***6. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਰਕਾਰੀ ਸਕੂਲਾਂ ਦੇ ਬਿਜਲੀ ਪਾਣੀ ਦੇ ਬਿੱਲਾਂ ਦੀ ਅਦਾਇਗੀ ਕੌਣ ਕਰਦਾ ਹੈ ਅਤੇ ਇਸ ਅਦਾਇਗੀ ਲਈ ਸਰੋਤ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : ਰਾਜ ਵਿੱਚ ਸਰਕਾਰੀ ਸਕੂਲਾਂ ਦੇ ਪਾਣੀ ਦੇ ਬਿਲਾਂ ਦੀ ਅਦਾਇਗੀ ਸਬੰਧਤ ਸਕੂਲਾਂ ਨੂੰ ਵਿੱਤ ਵਿਭਾਗ ਦੁਆਰਾ ਇਸ ਮੰਤਵ ਲਈ ਅਲਾਟ ਕੀਤੇ ਨਾਨ-ਪਲਾਨ ਬਜਟ ਵਿਚੋਂ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ (ਰਮਸਅ) ਵੱਲੋਂ ਮਨੁੱਖੀ ਸਰੋਤ ਵਿਕਾਸ ਮੰਤਰਾਲੇ, ਭਾਰਤ ਸਰਕਾਰ ਵੱਲੋਂ ਇਸ ਮੰਤਵ ਲਈ ਪ੍ਰਵਾਨਿਤ ਰਾਸ਼ੀ ਅਨੁਸਾਰ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਨੂੰ ਜਾਰੀ ਕੀਤੀ ਗਈ ਸਾਲਾਨਾ ਗਰਾਂਟ ਦੀ ਮੱਦ ਵਿਚ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਲਈ ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਉਨ੍ਹਾਂ ਵੱਲੋਂ ਜਾਰੀ ਕੀਤੀ ਸਲਾਨਾ ਸਕੂਲ ਗ੍ਰਾਂਟ ਵਿੱਚੋਂ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੇ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੀ ਅਦਾਇਗੀ ਕੀਤੀ ਜਾਂਦੀ ਹੈ।

ਪੁੱਡਾ ਦੀ ਜ਼ਮੀਨ ਉਤੇ ਅਣਅਧਿਕਾਰਤ ਕਬਜ਼ਾ

***7. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਸੈਕਟਰ 56/ਫੇਜ-6 ਮੋਹਾਲੀ ਵਿੱਚ ਪੁੱਡਾ ਦੀ ਜ਼ਮੀਨ ਉਤੇ ਅਣਅਧਿਕਾਰਤ ਤੌਰ ਤੇ ਮੀਟ ਅਤੇ ਮੱਛੀ ਮਾਰਕਿਟ ਲਗਦੀ ਹੈ ਜਿਸ ਨਾਲ ਉਸ ਦੇ ਆਲੇ ਦੁਆਲੇ ਦੇ ਵਸਨੀਕਾਂ ਨੂੰ ਦਿਕੱਤ ਪੇਸ਼ ਆਉਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਪੁੱਡਾ ਦੁਆਰਾ ਇਹ ਜ਼ਮੀਨ ਪੂਰੀ ਤਰ੍ਹਾਂ ਨਾਲ ਕਦੋਂ ਤੱਕ ਖਾਲੀ ਕਰਵਾ ਲਈ ਜਾਵੇ ਗੀ?

ਸਰਦਾਰ ਸੁਖਬੀਰ ਸਿੰਘ ਬਾਦਲ : ਸੈਕਟਰ 56/ ਫੇਜ਼ 6 ਮੋਹਾਲੀ ਵਿਖੇ ਕੁਝ ਵਿਅਕਤੀਆਂ ਵੱਲੋਂ ਅਣਅਧਿਕਾਰਤ ਤੌਰ ਤੇ ਗਮਾਡਾ ਦੀ ਜ਼ਮੀਨ ਤੇ ਸ਼ਾਮ ਦੇ ਸਮੇਂ ਮੀਟ ਅਤੇ ਮੱਛੀ ਵੇਚਣ ਦਾ ਕੰਮ ਕੀਤਾ ਜਾਂਦਾ ਸੀ। ਹੁਣ ਗਮਾਡਾ ਵੱਲੋਂ ਇਸ ਅਣ-ਅਧਿਕਾਰਤ ਕਾਰੋਬਾਰ ਨੂੰ ਬੰਦ ਕਰਵਾ ਦਿੱਤਾ ਗਿਆ ਹੈ ਅਤੇ ਹੁਣ ਇਹ ਜ਼ਮੀਨ ਖਾਲੀ ਹੈ ਅਤੇ ਗਮਾਡਾ ਦੇ ਕਬਜ਼ੇ ਅਧੀਨ ਹੈ।

ਜਮੀਨ ਐਕੁਆਇਰ ਬਦਲੇ ਪਲਾਟਾਂ ਦੀ ਅਲਾਟਮੈਂਟ

***8. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਜ਼ਿਮੀਦਾਰਾਂ ਦੀ ਜ਼ਮੀਨ ਐਕੁਆਇਰ ਹੋਣ ਬਦਲੇ ਸਰਕਾਰ ਉਨ੍ਹਾਂ ਜ਼ਿਮੀਦਾਰਾਂ ਨੂੰ ਲੈਂਡ ਪੂਲਿੰਗ ਵਿੱਚ ਕਿੰਨੇ-ਕਿੰਨੇ ਪਲਾਟ ਅਤੇ ਕਿਸ ਸਾਈਜ਼ ਦੇ ਦਿੰਦੀ ਹੈ;

(ਅ) ਕੀ ਇਸ ਵਿੱਚ ਜ਼ਿਮੀਦਾਰ ਤੋਂ ਵੀ ਪਲਾਟ/ਕਮਰਸ਼ੀਅਲ ਪ੍ਰਾਪਰਟੀ ਦੇ ਸਾਈਜ਼ ਸਬੰਧੀ ਰਾਏ ਲਈ ਜਾਂਦੀ ਹੈ?

ਸਰਦਾਰ ਸੁਖਬੀਰ ਸਿੰਘ ਬਾਦਲ : (ੳ) ਪ੍ਰਾਪਤ ਹੋਣ ਵਾਲੀ 1 ਏਕੜ ਭੋਂ ਬਦਲੇ 1000 ਵਰਗ ਗਜ਼ ਰਿਹਾਇਸ਼ੀ ਅਤੇ 100 ਵਰਗ ਗਜ਼ ਵਪਾਰਕ ਜਗ੍ਹਾ ਦਿੱਤੀ ਜਾਂਦੀ ਹੈ। 100 ਵਰਗ ਗਜ਼ ਵਪਾਰਕ ਰਕਬੇ ਵਿੱਚ 80 ਵਰਗ ਗਜ਼ ਉਸਾਰੀ ਯੋਗ ਅਤੇ 20 ਵਰਗ ਗਜ਼ ਖੁਲ੍ਹੀ ਜਗ੍ਹਾ ਹੈ। ਲੈਂਡ ਪੂਲਿੰਗ ਸਕੀਮ ਅਜੇ ਸਿਰਫ ਗਮਾਡਾ ਵੱਲੋਂ ਲਾਗੂ ਕੀਤੀ ਗਈ ਹੈ।

(ਅ) ਭੋਂ ਮਾਲਕ ਰਿਹਾਇਸ਼ੀ ਪਲਾਟ ਆਪਣੀ ਮਰਜ਼ੀ ਦੇ ਸਾਈਜ਼ ਦੇ ਚੁਣ ਸਕਦਾ ਹੈ, ਬਸ਼ਰਤੇ ਉਹ ਹਰ ਇੱਕ ਏਕੜ ਪਿੱਛੇ ਇੱਕ ਸਾਇਜ਼ ਦਾ ਇੱਕ ਪਲਾਟ ਹੀ ਚੁਣੇ। ਉਦਾਹਰਣ ਦੇ ਤੌਰ ਤੇ ਇੱਕ ਏਕੜ ਜ਼ਮੀਨ ਮਗਰ 500, 400, 100 ਵਰਗ ਗਜ਼ ਦੇ ਪਲਾਟ ਦਿੱਤੇ ਜਾ ਸਕਦੇ ਹਨ ਜਾਂ 500, 300, 200 ਵਰਗ ਗਜ਼ ਦੇ।

ਕਜੌਲੀ ਵਾਟਰ ਵਰਕਸ ਤੋਂ ਮੋਹਾਲੀ ਲਈ ਜਲ ਸਪਲਾਈ

***9. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਦੁਆਰਾ ਕਜੌਲੀ ਵਾਟਰ ਵਰਕਸ ਤੋਂ ਮੋਹਾਲੀ ਵਿਖੇ ਫੇਜ਼-5 ਲਿਆਉਣ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ?

ਸਰਦਾਰ ਸੁਖਬੀਰ ਸਿੰਘ ਬਾਦਲ : ਕਜੌਲੀ ਵਾਟਰ ਵਰਕਸ ਤੋਂ ਵਾਟਰ ਵਰਕਸ ਜੰਡਪੁਰ, ਮੋਹਾਲ਼ੀ ਵਿਖੇ ਰੋਜ਼ਾਨਾ 80 ਮਿਲੀਅਨ ਗੈਲਨ ਪਾਣੀ ਦੀ ਪਾਈਪ ਲਾਈਨ ਵਿਛਾਉਣ ਦਾ ਠੇਕਾ ਮਿਤੀ 1-3-2012 ਨੂੰ ਦਿੱਤਾ ਗਿਆ ਹੈ। ਇਹ ਕੰਮ 31-8-2014 ਤੱਕ ਮੁਕੰਮਲ ਕਰਨ ਦੀ ਮਿਆਦ ਹੈ।

ਮੋਹਾਲੀ ਵਿਖੇ ਐਚ.ਐਮ. ਮਕਾਨਾਂ ਉੱਤੇ ਦੂਸਰੀ ਮੰਜ਼ਿਲ ਲਈ ਉਸਾਰੀ

***10. (ਸੀ.ਯੂ.) ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਦੁਆਰਾ ਫੇਜ਼-3ਬੀ-1, ਮੋਹਾਲੀ ਵਿਖੇ ਐਚ.ਐਮ.ਮਕਾਨਾਂ ਦੇ ਮਾਲਕਾਂ ਨੂੰ ਆਪਣੇ ਮਕਾਨਾਂ ਉਪਰ ਹੋਰ ਮੰਜ਼ਿਲਾਂ ਬਣਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ; ਜੇਕਰ ਨਹੀਂ ਦਿੱਤੀ ਗਈ ਹੈ ਤਾਂ ਇਹ ਮਨਜ਼ੂਰੀ ਕਦੋਂ ਤੱਕ ਦੇ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਸੁਖਬੀਰ ਸਿੰਘ ਬਾਦਲ :- ਪੰਜਾਬ ਸਰਕਾਰ ਵੱਲੋਂ ਮੋਹਾਲੀ ਦੇ ਫੇਜ਼-3ਬੀ-1, ਵਿਖੇ ਐਚ.ਐਮ.ਮਕਾਨਾਂ ਉੱਤੇ ਦੂਸਰੀ ਮੰਜ਼ਿਲ ਛੱਤਣ ਲਈ ਕੋਈ ਮਨਜ਼ੂਰੀ ਨਹੀਂ ਦਿੱਤੀ ਗਈ।

ਅਜੀਤਵਾਲ, ਨਿਹਾਲ ਸਿੰਘ ਵਾਲਾ ਅਤੇ ਕੋਕਰੀ ਕਲਾਂ ਨੂੰ ਨਗਰ ਕੌਂਸਲ ਦਾ ਦਰਜਾ

***19. (ਸੀ.ਯੂ.) ਸ਼੍ਰੀਮਤੀ ਰਾਜਵਿੰਦਰ ਕੌਰ :** ਕੀ ਸਥਾਨਕ ਸਰਕਾਰ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਮੋਗਾ ਵਿਚ ਅਜੀਤਵਾਲ, ਨਿਹਾਲ ਸਿੰਘ ਵਾਲਾ ਅਤੇ ਕੋਕਰੀ ਕਲਾਂ ਦੀ ਭਾਰੀ ਅਬਾਦੀ ਦੇ ਮੱਦੇਨਜ਼ਰ ਇਨ੍ਹਾਂ ਨੂੰ ਨਗਰ ਕੌਂਸਲ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸ਼੍ਰੀ ਚੂਨੀ ਲਾਲ ਭਗਤ : ਜ਼ਿਲ੍ਹਾ ਮੋਗਾ ਵਿਚ ਨਿਹਾਲ ਸਿੰਘ ਵਾਲਾ ਨੂੰ ਨਗਰ ਪੰਚਾਇਤ ਦਾ ਦਰਜਾ ਦੇਣ ਸਬੰਧੀ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਹ ਛੇਤੀ ਫਾਈਨ੍ਹਾਲਾਈਜ਼ ਕਰ ਦਿੱਤਾ ਜਾਵੇਗਾ। ਅਜੀਤਵਾਲ ਅਤੇ ਕੋਕਰੀ ਕਲਾਂ ਨੂੰ ਨਗਰ ਕੌਂਸਲ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਅਜੀਤਵਾਲ ਨੂੰ ਸਬ-ਤਹਿਸੀਲ ਦਾ ਦਰਜਾ

!20. **(ਸੀ.ਯੂ.) ਸ਼੍ਰੀਮਤੀ ਰਾਜਵਿੰਦਰ ਕੌਰ** : ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਮੋਗਾ ਜ਼ਿਲ੍ਹੇ ਦੇ ਕਸਬਾ ਅਜੀਤਵਾਲ ਨੂੰ ਸਬ-ਤਹਿਸੀਲ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਬਿਕਰਮ ਸਿੰਘ ਮਜੀਠੀਆ : ਹਾਂ ਜੀ। ਕਸਬਾ ਅਜੀਤਵਾਲ ਨੂੰ ਸਬ-ਤਹਿਸੀਲ ਦਾ ਦਰਜਾ ਦੇਣ ਸਬੰਧੀ ਤਜਵੀਜ਼ ਅਜੇ ਵਿਚਾਰ ਅਧੀਨ ਹੈ ਪਰੰਤੂ ਕੋਈ ਸਮਾਂ ਸੀਮਾ ਨਿਰਧਾਰਿਤ ਨਹੀਂ ਹੈ।

ਨਿਹਾਲ ਸਿੰਘ ਵਾਲਾ ਵਿਖੇ ਨਰਸਿੰਗ ਕਾਲਜ ਦੀ ਸਥਾਪਨਾ

***21. (ਸੀ.ਯੂ.) ਸ਼੍ਰੀਮਤੀ ਰਾਜਵਿੰਦਰ ਕੌਰ :** ਕੀ ਡਾਕਟਰੀ ਸਿੱਖਿਆ ਅਤੇ ਖੋਜ਼ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਨਰਸਿੰਗ ਕਾਲਿਜ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

ਸ਼੍ਰੀ ਚੂਨੀ ਲਾਲ ਭਗਤ : ਨਹੀਂ ਜੀ

ਸਕੂਲਾਂ ਵਿੱਚ ਸਾਇੰਸ ਵਿਸ਼ਿਆਂ ਦੀ ਪੜ੍ਹਾਈ

***27. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰੋਪੜ ਜ਼ਿਲ੍ਹੇ ਵਿੱਚ ਮਿਡਲ/ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਬਲਾਕ ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਅਜਿਹੇ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਵਿਗਿਆਨ ਦੇ ਵਿਸ਼ੇ ਪੜ੍ਹਾਏ ਜਾ ਰਹੇ ਹਨ ?

ਸਰਦਾਰ ਸਿਕੰਦਰ ਸਿੰਘ ਮਲੂਕਾ : ਰੋਪੜ ਜ਼ਿਲ੍ਹੇ ਵਿੱਚ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਬਲਾਕਵਾਰ ਕੁੱਲ ਗਿਣਤੀ ਅਤੇ ਅਜਿਹੇ ਸਕੂਲਾਂ ਦੀ ਗਿਣਤੀ ਜਿਨ੍ਹਾਂ ਵਿੱਚ ਵਿਗਿਆਨ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ, ਨਿਮਨ ਅਨੁਸਾਰ ਹੈ :-

		ਸੀਨੀਅਰ ਸੈਕੰਡਰੀ ਸਕੂਲ		ਹਾਈ ਸਕੂਲ		ਮਿਡਲ ਸਕੂਲ	
ਲੜੀ ਨੰ:	ਬਲਾਕ ਦਾ ਨਾਮ	ਕੁੱਲ	ਵਿਗਿਆਨ ਦੇ ਵਿਸ਼ੇ ਵਾਲੇ	ਕੁੱਲ	ਵਿਗਿਆਨ ਦੇ ਵਿਸ਼ੇ ਵਾਲੇ	ਕੁੱਲ	ਵਿਗਿਆਨ ਦੇ ਵਿਸ਼ੇ ਵਾਲੇ
1	ਨੰਗਲ	5	3	7	7	23	23
2	ਸ੍ਰੀ ਅਨੰਦਪੁਰ ਸਾਹਿਬ	4	3	10	10	27	27
3	ਨੂਰਪੁਰ ਬੇਦੀ	4	2	7	7	19	19
4	ਤਖਤਗੜ੍ਹ	5	1	6	6	18	18
5	ਰੂਪਨਗਰ-1	11	5	2	2	20	20
6	ਰੂਪਨਗਰ-2	5	3	8	8	27	27
7	ਸ੍ਰੀ ਚਮਕੌਰ ਸਾਹਿਬ	4	2	10	10	19	19
8	ਮੋਰਿੰਡਾ	5	2	6	6	24	24
	ਕੁੱਲ	42	21	56	56	177	177

ਨੋਟ:-ਮਿਡਲ ਤੇ ਹਾਈ ਸਕੂਲਾਂ ਵਿੱਚ ਵਿਗਿਆਨ ਦਾ ਵਿਸ਼ਾ ਲਾਜ਼ਮੀ ਹੈ ਅਤੇ ਸਾਇੰਸ ਗਰੁੱਪ ਚੋਣਵੇਂ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ।

ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ

***28. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿੱਖਿਆ ਮੰਤਰੀ ਕਿਪ੍ਰਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਰੋਪੜ ਵਿੱਚ ਪੈਂਦੇ ਐਲੀਮੈਂਟਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਪ੍ਰਵਾਨਿਤ ਅਸਾਮੀਆਂ ਦੀ ਬਲਾਕਵਾਰ ਗਿਣਤੀ ਕਿੰਨੀ ਹੈ ਅਤੇ ਮੌਜੂਦਾ ਸਮੇਂ ਵਿੱਚ ਇਨ੍ਹਾਂ ਵਿੱਚੋਂ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ : ਜ਼ਿਲ੍ਹਾ ਰੋਪੜ ਵਿਚ ਪੈਂਦੇ ਐਲੀਮੈਂਟਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਪ੍ਰਵਾਨਿਤ ਅਸਾਮੀਆਂ ਅਤੇ ਇਨ੍ਹਾਂ ਵਿਚੋਂ ਖਾਲੀ ਅਸਾਮੀਆਂ ਦੀ ਬਲਾਕ ਵਾਈਜ ਗਿਣਤੀ ਅਨੁਲੱਗ 'ੳ' ਉਪਰ ਉਪਲੱਬਧ ਹੈ।

ਵਿਭਾਗ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਲਈ ਮਿਤੀ 09-09-12 ਨੂੰ 5078 ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਹੈ। ਇਸ ਲਈ ਚਲ ਰਹੀ ਪ੍ਰੀਕ੍ਰਿਆ ਨੂੰ ਮਾਣਯੋਗ ਹਾਈ ਕੋਰਟ ਦੀ ਸਟੇਅ ਖਤਮ ਹੋਣ ਉਪਰੰਤ ਪੂਰੀ ਕਰ ਲਈ ਜਾਵੇਗੀ। ਇਸ ਉਪਰੰਤ ਖਾਲੀ ਅਸਾਮੀਆਂ ਭਰਨ ਦਾ ਉਪਰਾਲਾ ਕੀਤਾ ਜਾਵੇਗਾ। ਇਸੇ ਤਰ੍ਹਾਂ ਵੱਖ-ਵੱਖ ਕਾਡਰਾਂ ਵਿੱਚ ਪੱਦ-ਉਨਤੀਆਂ ਦੀ ਚੱਲ ਰਹੀ ਪ੍ਰੀਕ੍ਰਿਆ ਨੂੰ ਛੇਤੀ ਹੀ ਪੂਰਾ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

[ਸਿੱਖਿਆ ਮੰਤਰੀ]

ਅਨੁਲੱਗ 'ੳ'

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਸਸ			ਸਾਇੰਸ			ਮੈਥ			ਡੀ.ਪੀ.ਈ.			ਪੰਜਾਬੀ		
			ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ
1	ਚਮਕੌਰ	ਸੀਨੀ:	23	23	00	13	11	02	11	10	01	06	02	04	06	05	01
	ਸਾਹਿਬ	ਹਾਈ	25	22	03	17	15	02	04	00	04	02	00	02	12	10	02
		ਮਿਡਲ	06	05	01	05	04	01	00	00	00	00	00	00	06	05	01
2	ਮੋਰਿੰਡਾ	ਸੀਨੀ:	18	06	12	08	08	00	05	00	04	04	02	02	10	09	01
		ਹਾਈ	25	21	04	10	06	04	16	13	03	04	02	02	15	15	00
		ਮਿਡਲ	05	05	00	02	02	00	00	00	00	00	00	00	05	05	00
3	ਰੋਪੜ-1	ਸੀਨੀ:	34	31	03	21	20	01	09	07	02	03	01	02	13	11	02
		ਹਾਈ	21	18	03	15	14	01	10	08	02	06	04	02	03	03	00
		ਮਿਡਲ	07	06	01	06	05	01	00	00	00	00	00	00	02	02	00
4	ਨੂਰਪੁਰ	ਸੀਨੀ:	21	17	04	10	07	03	08	06	02	03	01	02	07	07	00
	ਬੇਦੀ	ਹਾਈ	23	20	03	20	14	06	05	03	02	04	02	02	09	08	01
		ਮਿਡਲ	07	05	02	05	04	01	00	00	00	00	00	00	05	05	00

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਸਸ ਮਨਜੂਰ	ਸਸ ਭਰੀਆਂ	ਸਸ ਖਾਲੀ	ਸਾਇੰਸ ਮਨਜੂਰ	ਸਾਇੰਸ ਭਰੀਆਂ	ਸਾਇੰਸ ਖਾਲੀ	ਮੈਥ ਮਨਜੂਰ	ਮੈਥ ਭਰੀਆਂ	ਮੈਥ ਖਾਲੀ	ਡੀ.ਪੀ.ਈ. ਮਨਜੂਰ	ਡੀ.ਪੀ.ਈ. ਭਰੀਆਂ	ਡੀ.ਪੀ.ਈ. ਖਾਲੀ	ਪੰਜਾਬੀ ਮਨਜੂਰ	ਪੰਜਾਬੀ ਭਰੀਆਂ	ਪੰਜਾਬੀ ਖਾਲੀ
5	ਨੰਗਲ	ਸੀਨੀ:	27	24	03	10	07	03	11	10	01	04	02	02	07	05	02
		ਹਾਈ	29	25	04	25	19	06	21	17	04	07	04	03	12	07	05
		ਮਿਡਲ	10	07	03	08	07	01	00	00	00	00	00	00	04	03	01
6	ਤਖਤਗੜ੍ਹ	ਸੀਨੀ:	18	12	06	12	09	03	09	08	01	03	01	02	04	03	01
		ਹਾਈ	18	10	08	17	13	04	11	08	03	04	02	02	11	09	02
		ਮਿਡਲ	09	05	04	04	03	01	00	00	00	00	00	00	05	05	00
7	ਰੋਪੜ-2	ਸੀਨੀ:	36	33	03	17	10	07	08	06	02	06	03	03	10	09	01
		ਹਾਈ	22	19	03	16	12	04	14	11	03	07	05	02	13	10	03
		ਮਿਡਲ	08	07	01	05	03	02	00	00	00	00	00	00	07	06	01
8	ਅਨੰਦਪੁਰ ਸਾਹਿਬ	ਸੀਨੀ:	23	17	06	12	07	05	10	09	01	04	04	00	12	11	01
		ਹਾਈ	27	18	09	16	09	07	12	12	00	09	08	01	13	11	02
		ਮਿਡਲ	11	07	04	06	04	02	00	00	00	00	00	00	07	06	01

[ਸਿੱਖਿਆ ਮੰਤਰੀ]

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਹਿੰਦੀ			ਵੋਕੇਸ਼ਨਲ ਮਾਸਟਰ			ਅੰਗਰੇਜੀ ਮਾਸਟਰ			ਆਰਟ			ਪੀ.ਟੀ.ਆਈ ਕਰਾਫਟ ਟੀਚਰ		
			ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ
1	ਚਮਕੌਰ	ਸੀਨੀ:	07	06	01	08	08	00	00	00	00	05	05	00	03	03	00
	ਸਾਹਿਬ	ਹਾਈ	08	06	02	00	00	00	02	02	00	07	06	01	04	04	00
		ਮਿਡਲ	03	02	01	00	00	00	00	00	00	03	03	00	03	03	00
2	ਮੋਰਿੰਡਾ	ਸੀਨੀ:	04	04	00	08	07	01	00	00	00	04	03	01	04	04	00
		ਹਾਈ	11	10	01	00	00	00	02	02	00	13	12	01	08	08	00
		ਮਿਡਲ	05	05	00	00	00	00	00	00	00	07	05	02	03	03	00
3	ਰੋਪੜ-1	ਸੀਨੀ:	11	08	03	08	07	01	00	00	00	09	09	00	04	04	00
		ਹਾਈ	03	03	00	00	00	00	03	03	00	02	02	00	09	09	00
		ਮਿਡਲ	01	01	00	00	00	00	00	00	00	01	01	00	02	02	00
4	ਨੂਰਪੁਰ	ਸੀਨੀ:	06	04	02	08	06	02	00	00	00	04	04	00	08	08	00
	ਬੇਦੀ	ਹਾਈ	05	04	01	00	00	00	01	01	00	14	14	00	07	07	00
		ਮਿਡਲ	04	03	01	00	00	00	00	00	00	06	05	01	03	03	00

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਹਿੰਦੀ			ਵੋਕੇਸ਼ਨਲ ਮਾਸਟਰ			ਅੰਗਰੇਜੀ ਮਾਸਟਰ			ਆਰਟ ਕਰਾਫਟ ਟੀਚਰ			ਪੀ.ਟੀ.ਆਈ		
			ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ
5	ਨੰਗਲ	ਸੀਨੀ:	06	04	02	10	09	01	00	00	00	06	05	01	04	04	00
		ਹਾਈ	11	08	03	00	00	00	03	03	00	11	09	02	08	08	00
		ਮਿਡਲ	03	03	00	00	00	00	00	00	00	06	05	01	06	06	00
6	ਤਖਤਗੜ੍ਹ	ਸੀਨੀ:	05	04	01	00	00	00	00	00	00	03	03	00	02	02	00
		ਹਾਈ	10	06	04	00	00	00	01	01	00	13	13	00	14	14	00
		ਮਿਡਲ	03	02	01	00	00	00	00	00	00	04	03	01	06	06	00
7	ਰੋਪੜ-2	ਸੀਨੀ:	14	11	03	19	15	04	00	00	00	06	06	00	05	05	00
		ਹਾਈ	10	07	03	00	00	00	02	02	00	08	08	00	04	04	00
		ਮਿਡਲ	06	05	01	00	00	00	00	00	00	04	03	01	03	03	00
8	ਅਨੰਦਪੁਰ ਸਾਹਿਬ	ਸੀਨੀ:	07	06	01	09	07	02	00	00	00	05	05	00	04	03	01
		ਹਾਈ	12	10	02	00	00	00	00	00	00	18	18	00	04	04	00
		ਮਿਡਲ	05	05	00	00	00	00	00	00	00	07	06	01	02	02	00

[ਸਿੱਖਿਆ ਮੰਤਰੀ]

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਸਿਲਾਈ ਟੀਚਰ			ਵੋਕੇਸ਼ਨਲ ਟੀਚਰ			ਹੋਮ ਸਾਇੰਸ ਟੀਚਰ			ਮਿਊਜਿਕ ਟੀਚਰ			ਫਾਇਨ ਆਰਟਸ ਟੀਚਰ		
			ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ
1	ਚਮਕੌਰ ਸਾਹਿਬ	ਸੀਨੀ:	02	00	02	04	00	04	02	02	00	01	00	01	01	00	01
		ਹਾਈ	01	00	01	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00
2	ਮੋਰਿੰਡਾ	ਸੀਨੀ:	00	00	00	04	03	01	00	00	00	00	00	00	00	00	00
		ਹਾਈ	00	00	00	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00
3	ਰੋਪੜ-1	ਸੀਨੀ:	02	01	01	00	00	00	00	00	00	00	00	00	00	00	00
		ਹਾਈ	01	00	01	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00
4	ਨੂਰਪੁਰ ਬੇਦੀ	ਸੀਨੀ:	00	00	00	00	00	00	00	00	00	00	00	00	00	00	00
		ਹਾਈ	00	00	00	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਸਿਲਾਈ ਟੀਚਰ ਮਨਜ਼ੂਰ	ਸਿਲਾਈ ਟੀਚਰ ਭਰੀਆਂ	ਸਿਲਾਈ ਟੀਚਰ ਖਾਲੀ	ਵੋਕੇਸ਼ਨਲ ਟੀਚਰ ਮਨਜ਼ੂਰ	ਵੋਕੇਸ਼ਨਲ ਟੀਚਰ ਭਰੀਆਂ	ਵੋਕੇਸ਼ਨਲ ਟੀਚਰ ਖਾਲੀ	ਹੋਮ ਸਾਇੰਸ ਟੀਚਰ ਮਨਜ਼ੂਰ	ਹੋਮ ਸਾਇੰਸ ਟੀਚਰ ਭਰੀਆਂ	ਹੋਮ ਸਾਇੰਸ ਟੀਚਰ ਖਾਲੀ	ਮਿਊਜ਼ਿਕ ਟੀਚਰ ਮਨਜ਼ੂਰ	ਮਿਊਜ਼ਿਕ ਟੀਚਰ ਭਰੀਆਂ	ਮਿਊਜ਼ਿਕ ਟੀਚਰ ਖਾਲੀ	ਫਾਇਨ ਆਰਟਸ ਟੀਚਰ ਮਨਜ਼ੂਰ	ਫਾਇਨ ਆਰਟਸ ਟੀਚਰ ਭਰੀਆਂ	ਫਾਇਨ ਆਰਟਸ ਟੀਚਰ ਖਾਲੀ
5	ਨੰਗਲ	ਸੀਨੀ:	02	01	01	00	00	00	01	00	01	00	00	00	00	00	00
		ਹਾਈ	00	00	00	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00
6	ਤਖਤਗੜ੍ਹ	ਸੀਨੀ:	01	00	01	00	00	00	00	00	00	00	00	00	00	00	00
		ਹਾਈ	00	00	00	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00
7	ਰੋਪੜ-2	ਸੀਨੀ:	03	03	00	04	01	03	02	01	01	00	00	00	00	00	00
		ਹਾਈ	00	00	00	08	06	02	00	00	00	00	00	00	00	00	00
		ਮਿਡਲ	00	00	00	03	00	03	00	00	00	00	00	00	00	00	00
8	ਅਨੰਦਪੁਰ ਸਾਹਿਬ	ਸੀਨੀ	02	02	00	02	02	00	00	00	00	00	00	00	00	00	00
		ਹਾਈ	01	00	01	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00	00	00	00

[ਸਿੱਖਿਆ ਮੰਤਰੀ .]

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਤਬਲਾ ਪਲੇਅਰ			ਸੰਸਕ੍ਰਿਤ ਟੀਚਰ			ਖੇਤੀ ਬਾੜੀ ਟੀਚਰ			ਡੋਮੈਸਟਿਕ ਸਾਇਸ ਟੀਚਰ		
			ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ
1	ਚਮਕੌਰ ਸਾਹਿਬ	ਸੀਨੀ:	01	01	00	00	00	00	01	00	01	00	00	00
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00
2	ਮੋਰਿੰਡਾ	ਸੀਨੀ:	01	01	00	00	00	00	00	00	00	00	00	00
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00
3	ਰੋਪੜ-1	ਸੀਨੀ:	01	01	00	01	01	00	00	00	00	01	00	01
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00
4	ਨੂਰਪੁਰ ਬੇਦੀ	ਸੀਨੀ:	00	00	00	00	00	00	00	00	00	00	00	00
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00

ਲੜੀ ਨੰ:	ਬਲਾਕ ਦਾ ਨਾਮ	ਸਕੂਲ ਦੀ ਕਿਸਮ	ਤਬਲਾ ਪਲੇਅਰ			ਸੰਸਕ੍ਰਿਤ ਟੀਚਰ			ਖੇਤੀ ਬਾੜੀ ਟੀਚਰ			ਡੋਮੈਸਟਿਕ ਸਾਇਸ ਟੀਚਰ		
			ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ
5	ਨੰਗਲ	ਸੀਨੀ:	01	01	00	03	01	02	00	00	00	00	00	00
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00
6	ਤਖਤਗੜ੍ਹ	ਸੀਨੀ	00	00	00	01	01	00	00	00	00	00	00	00
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00
7	ਰੋਪੜ-2	ਸੀਨੀ:	00	00	00	00	00	00	00	00	00	00	00	00
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00
8	ਅਨੰਦਪੁਰ ਸਾਹਿਬ	ਸੀਨੀ:	01	01	00	00	00	00	00	00	00	01	00	01
		ਹਾਈ	00	00	00	00	00	00	00	00	00	00	00	00
		ਮਿਡਲ	00	00	00	00	00	00	00	00	00	00	00	00

ਵਿਸ਼ਾ ਲੈਕਚਰਾਰ	ਚਮਕੌਰ ਸਾਹਿਬ			ਮੋਰਿੰਡਾ			ਰੋਪੜ			ਨੂਰਪੁਰ ਬੇਦੀ		
	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ	ਮਨਜੂਰ	ਭਰੀਆਂ	ਖਾਲੀ
ਅੰਗਰੇਜੀ	4	3	1	4	4	0	12	11	1	4	4	0
ਪੰਜਾਬੀ	4	3	1	3	3	0	8	7	1	6	6	0
ਇਕਨਾਮਿਕਸ	4	4	0	4	3	1	5	4	1	5	4	1
ਪੋਲ: ਸਾਇੰਸ	4	4	0	4	4	0	7	7	0	5	5	0
ਹਿਸਟਰੀ	3	3	0	3	3	0	4	4	0	4	4	0
ਹਿੰਦੀ	1	1	0	2	2	0	2	2	0	1	1	0
ਹਿਸਾਬ	4	4	0	3	3	0	5	4	1	3	2	1
ਫਿਜਿਕਸ	2	2	0	2	2	0	3	2	1	0	0	0
ਕੈਮਿਸਟਰੀ	1	1	0	2	2	0	2	1	1	0	0	0
ਬਾਇਓ	1	1	0	2	2	0	2	02	0	1	01	0
ਫਾਇਨ ਆਰਟਸ	1	0	1	0	0	0	0	0	0	0	0	0
ਸਮਾਜ ਸ਼ਾਸਤਰ	0	0	0	0	0	0	02	02	0	0	0	0
ਫਿਜੀਕਲ	1	0	1	2	02	0	0	0	0	0	0	0
ਜੌਗਰਫੀ	1	01	0	2	02	0	1	01	0	0	0	0

ਵਿਸ਼ਾ ਲੈਕਚਰਾਰ	ਨੰਗਲ			ਤਖਤਗੜ੍ਹ			ਰੋਪੜ-2			ਅਨੰਦਪੁਰ ਸਾਹਿਬ			ਕੁੱਲ
	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	ਮਨਜ਼ੂਰ	ਭਰੀਆਂ	ਖਾਲੀ	
ਅੰਗਰੇਜ਼ੀ	8	8	0	5	5	0	7	7	0	4	3	1	48
ਪੰਜਾਬੀ	7	6	1	7	7	0	5	5	0	5	5	0	45
ਇਕਨਾਮਿਕਸ	6	6	0	4	4	0	4	4	0	5	4	1	37
ਪੋਲ: ਸਾਇੰਸ	5	4	1	5	4	1	5	4	1	5	4	1	41
ਹਿਸਟਰੀ	4	3	1	3	3	0	3	3	0	4	4	0	27
ਹਿੰਦੀ	2	1	1	0	0	0	0	0	0	3	2	1	11
ਹਿਸਾਬ	5	5	0	3	3	0	5	5	0	3	3	0	31
ਫਿਜਿਕਸ	3	2	1	0	0	0	2	2	1	2	2	0	14
ਕਮਿਸਟਰੀ	3	2	1	0	0	0	0	0	0	4	4	0	12
ਬਾਇਓ	2	02	0	0	0	0	3	0	0	3	0	0	11
ਫਾਇਨ ਆਰਟਸ	0	0	0	0	0	0	0	0	0	0	0	0	1
ਸਮਾਜ ਸ਼ਾਸਤਰ	0	0	0	0	0	0	0	0	0	0	0	0	2
ਫਿਜੀਕਲ	01	01	0	1	01	0	0	0	0	1	0	01	7
ਜੌਗਰਫੀ	2	02	0	0	0	0	0	0	0	1	0	01	7

ਸੜਕਾਂ ਦਾ ਨਿਰਮਾਣ

***29. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਰੋਪੜ ਵਿੱਚ ਚਾਲੂ ਵਿੱਤੀ ਸਾਲ ਦੌਰਾਨ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਪੱਕੀਆਂ ਬਣਾਉਣ ਅਤੇ ਮਜ਼ਬੂਤ ਕਰਨ ਲਈ ਤਜ਼ਵੀਜਤ ਸੜਕਾਂ ਦੇ ਵੇਰਵੇ ਕੀ ਹਨ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਜ਼ਿਲ੍ਹਾ ਰੂਪਨਗਰ ਵਿੱਚ ਚਾਲੂ ਵਿੱਤੀ ਸਾਲ 2012-13 ਦੌਰਾਨ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਫੇਸ 10 ਸਕੀਮ ਅਧੀਨ 2 ਸੜਕਾਂ ਅੱਪਗ੍ਰੇਡੇਸ਼ਨ ਲਈ ਪ੍ਰਵਾਨ ਹੋ ਚੁੱਕੀਆਂ ਹਨ। ਇਨ੍ਹਾਂ ਸੜਕਾਂ ਦਾ ਵੇਰਵਾ ਅਨੁਲੱਗ *ੳ* ਉਪਰ ਹੈ ਜੀ।

ਅਨੁਲੱਗ 'ੳ'

ਜ਼ਿਲ੍ਹਾ ਰੂਪਨਗਰ ਵਿੱਚ ਵਿੱਤੀ ਸਾਲ 2012-13 ਦੌਰਾਨ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਫੇਸ-10 ਅਧੀਨ ਹੇਠ ਦਿੱਤੀਆਂ 2 ਸੜਕਾਂ ਅਪਗ੍ਰੇਡੇਸ਼ਨ ਲਈ ਪ੍ਰਵਾਨ ਹੋ ਚੁੱਕੀਆਂ ਹਨ।

1. ਅਪਗ੍ਰੇਡੇਸ਼ਨ ਆਫ ਆਰ.ਜੀ.ਐਨ ਰੋਡ ਐਸ.ਐਚ-22 ਕਿ:ਮੀ 39.50 ਤੋਂ ਨੈਣਾ ਦੇਵੀ ਰੋਡ ਓ.ਡੀ.ਆਰ-15 (ਸ੍ਰੀ ਅਨੰਦਪੁਰ ਸਾਹਿਬ ਤੋਂ ਨੈਣਾ ਦੇਵੀ ਰੋਡ) ਲੰਬਾਈ 6.44 ਕਿ:ਮੀ, ਲਾਗਤ: 329.15 ਲੱਖ ਰੁਪਏ।

2. ਅਪਗ੍ਰੇਡੇਸ਼ਨ ਆਫ ਐਮ.ਡੀ.ਆਰ-55 ਕਿ:ਮੀ 27.00 ਨੂਰਪੁਰ ਬੇਦੀ ਤੋਂ ਓ.ਡੀ.ਆਰ -13 ਡਿਸਟ੍ਰਿਕ ਬਾਂਊਂਡਰੀ, ਟੀ - 05 ਬਲਾਕ ਨੂਰਪੁਰ ਬੇਦੀ ਨੂਰਪੁਰ ਬੇਦੀ ਬਲਾਚੌਰ ਰੋਡ) ਲੰਬਾਈ 11.43 ਕਿ:ਮੀ, ਲਾਗਤ: 653.13 ਲੱਖ ਰੁਪਏ।

ਇਸ ਤੋਂ ਇਲਾਵਾ ਹੇਠ ਦਿੱਤੀਆਂ ਸੜਕਾਂ ਅਪਗ੍ਰੇਡੇਸ਼ਨ ਕਰਨ ਲਈ ਤਜਵੀਜ਼ ਕੀਤੀ ਜਾ ਰਹੀਆਂ ਹਨ।

1. ਓ.ਡੀ.ਆਰ -07 ਕਿ:ਮੀ 0 ਬੇਲਾ ਤੋਂ ਓ.ਡੀ.ਆਰ -07 ਕਿ:ਮੀ 8.05 ਜ਼ਿਲ੍ਹਾ ਬਾਂਊਂਡਰੀ ਚੱਕ ਲਾਹੋਟ (ਬੇਲਾ ਬਹਿਰਾਮਪੁਰ ਰੋਡ) ਲੰਬਾਈ 8.05 ਕਿ:ਮੀ

2. ਨੰਗਲ ਐਸ.ਐਚ -22 ਕਿ:ਮੀ 61.00 ਤੋਂ ਅਲਗਰਾ ਰੋਡ(ਨੰਗਲ ਅਲਗਰਾ ਰੋਡ) ਸੈਕ. ਕਲਵਾ ਮੋੜ ਤੋਂ ਨਾਨਗਰਾ, ਲੰਬਾਈ 8.00 ਕਿ:ਮੀ

3. ਬ੍ਰਹਮਪੁਰ ਅਪਰ ਅਤੇ ਲੋਅਰ, ਲੰਬਾਈ 2.66 ਕਿ:ਮੀ

4. ਕਾਹਨਪੁਰ ਖੂਹੀ ਤੋਂ ਭੰਗਲ ਰੋਡ (7.90 ਤੋਂ 11.20 ਕਿ:ਮੀ, ਸੈਕ. ਖੇੜਾ ਕਲਮੋਟ ਤੋਂ ਐਚ.ਪੀ. ਬਾਰਡਰ) ਲੰਬਾਈ 3.30 ਕਿ:ਮੀ

5. ਟੀ-04 ਐਮ.ਡੀ.ਆਰ -55 ਕਿ:ਮੀ: 15 ਤੋਂ ਨੰਗਲ, ਲੰਬਾਈ 2.50 ਕਿ:ਮੀ.

ਨਿੱਜੀ ਕਲੋਨੀਆਂ ਵਿੱਚ ਕਮਜ਼ੋਰ ਵਰਗਾਂ ਲਈ ਜਗ੍ਹਾ ਰੱਖਣਾ

***31. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਸੱਚ ਹੈ ਕਿ ਨਿੱਜੀ ਕਲੋਨਾਈਜ਼ਰ ਆਪਣੀਆਂ ਕਲੋਨੀਆਂ ਵਿੱਚ ਸਮਾਜ ਦੇ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਰਾਖਵੀਂ ਥਾਂ ਨਾਲ ਸਬੰਧਤ ਵਿਧਾਨਿਕ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ:

(ਅ) ਨਿੱਜੀ ਕਲੋਨਾਈਜ਼ਰਾਂ ਦੁਆਰਾ ਆਪਣੀਆਂ ਕਲੋਨੀਆਂ ਵਿੱਚ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਉਸਾਰੇ ਗਏ ਘਰਾਂ ਦੀ ਕਲੋਨੀ-ਵਾਰ ਗਿਣਤੀ ਕਿੰਨੀ ਹੈ ?

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ ਸ਼੍ਰੀ ਮਦਨ ਮੋਹਨ ਮਿੱਤਲ: (ੳ) ਨਿੱਜੀ ਕਲੋਨਾਈਜ਼ਰਜ਼ ਜਿਨ੍ਹਾਂ ਨੂੰ ਵਿਭਾਗ ਵੱਲੋਂ ਕਲੋਨੀਆਂ ਉਸਾਰਨ ਦੀ ਮਨਜ਼ੂਰੀ ਦਿੱਤੀ ਗਈ ਹੈ, ਉਨ੍ਹਾਂ ਵੱਲੋਂ ਆਪਣੀਆਂ ਕਲੋਨੀਆਂ ਵਿੱਚ ਨਿਯਮਾਂ ਅਨੁਸਾਰ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਥਾਂ ਰਾਖਵੀਂ ਰੱਖੀ ਗਈ ਹੈ।

(ਅ) ਸੰਨ 2009 ਤੋਂ ਪਹਿਲਾਂ ਘੱਟੋ-ਘੱਟ 100 ਏਕੜ ਰਕਬੇ ਜਾਂ 100 ਫਲੈਟਸ ਦੀ ਕਲੋਨੀ ਵਿੱਚ ਹੀ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਏਰੀਆ ਰਾਖਵਾਂ ਰੱਖਣ ਦਾ ਉਪਬੰਧ ਸੀ। ਉਪਰੰਤ ਮਿਤੀ 20.2.2009 ਨੂੰ ਮੰਤਰੀ ਮੰਡਲ ਵਿੱਚ ਲਏ ਗਏ ਫੈਸਲੇ ਅਨੁਸਾਰ ਹਰ ਸਾਈਜ਼ ਦੀ ਕਲੋਨੀ ਵਿੱਚ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਨਿਯਮਾਂ ਅਨੁਸਾਰ ਰਕਬਾ ਰਾਖਵਾਂ ਰੱਖਣ ਦਾ ਉਪਬੰਧ ਕੀਤਾ ਜਾ ਚੁੱਕਾ ਹੈ, ਜਿਸ ਉਪਰੰਤ ਹੁਣ ਤੱਕ ਰਾਜ ਵਿੱਚ ਕੁੱਲ 88 ਕਲੋਨੀਆਂ ਪ੍ਰਵਾਨ ਕੀਤੀਆਂ ਗਈਆਂ ਹਨ, ਜਿਨ੍ਹਾਂ ਅਧੀਨ ਕੁੱਲ ਰਕਬਾ 2132.87 ਏਕੜ ਆਉਂਦਾ ਹੈ ਜਿਸ ਵਿਚੋਂ 137.97 ਏਕੜ ਰਕਬਾ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਰਾਖਵਾਂ ਰੱਖਿਆ ਗਿਆ ਹੈ। ਜਿਸ ਵਿੱਚ ਇਸ ਵਰਗ ਲਈ ਲਗਭਗ 3935 ਪਲਾਟ ਕੱਟੇ ਗਏ ਹਨ। ਕਲੋਨੀਵਾਰ ਲਿਸਟ ਝੰਡੀ "ੳ" ਤੇ ਨੱਥੀ ਹੈ।

ਇਸ ਤੋਂ ਇਲਾਵਾ ਰਾਜ ਵਿੱਚ ਕੁੱਲ 29 ਰਿਹਾਇਸ਼ੀ ਮੈਗਾ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਨ੍ਹਾਂ ਤੇ, ਕੁੱਲ 4598.52 ਏਕੜ ਰਕਬਾ ਆਉਂਦਾ ਹੈ, ਜਿਸ ਵਿੱਚੋਂ 206.66 ਏਕੜ ਰਕਬਾ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਰਾਖਵਾਂ ਰੱਖਿਆ ਗਿਆ ਹੈ। ਜਿਸ ਵਿੱਚ ਕਲੋਨਾਈਜਰਜ਼ ਵੱਲੋਂ ਇਸ ਵਰਗ ਲਈ ਲਗ-ਭਗ 16500 ਫਲੈਟ ਉਸਾਰੇ ਜਾਣੇ ਹਨ। ਪ੍ਰੋਜੈਕਟ ਵਾਈਜ਼ ਲਿਸਟ ਝੰਡੀ "ਅ" ਤੇ ਨੱਥੀ ਹੈ।

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

'ੳ'

List of Approved Colonies

Sr. No.	Circle	Name of the Colony	Total area of project (in Acre)	Area under EWS (in Acre)	No. of plots of EWS
1	Patiala	Green City	50.60	2.46	-
2		Tricone City	30.70	0.80	77
3		Omaxe City	333.00	11.91	19
4		Tricone City	3.70	0.80	19
5		Mukat Enclave	16.04	0.87	39
6		Abinandan Enclave	9.19	0.44	22
7		Anand Enclave	18.90	1.09	55
8		Ludhiana Greens	10.00	0.72	35
9		Palm Enclave	10.00	0.52	24
10		Fortune County	81.66	3.85	165
11		Janpath Estate	116.37	5.52	-
12		Rajgarh Estate	29.98	2.60	-
13		Canal View Enclave	25.07	1.53	-
14	Ludhiana	Palm Heights	8.44	0.00	25
15		Shanta Enclave Ludhiana	10.00	0.51	24
16		CNS Enclave Kotkapura	10.65	0.54	26
17		Geetika Vally	12.85	0.67	33
18		Carltonwood homes	10.00	0.53	26
19		Park Avenue	10.00	0.51	24

20		City Green Enclave	12.20	1.26	59
21		New Green City	22.33	1.12	51
22		Silver Oaks	10.54	0.61	38
23	Bathinda	Silver City	10.09	0.50	32
24		HBN Sun Rise City	10.54	0.57	33
25		HBN Sun Rise City	9.86	0.23	29
26		Virat Green	26.50	1.33	-
27	Bathinda	Pearls Township	125.93	6.24	-
28		Virat Green	26.41	1.15	-
29		Sun Rise City	10.73	0.59	25
30		TAJ City	6.58	0.94	45
31		Dream Land Phase-I	8.95	0.45	21
32		Dynamic Homes	9.94	0.45	22
33	Sangrur	Kapish Garden	10.42	0.57	28
34		Neelkanth	9.73	0.50	24
35		Imperial City	21.32	1.06	49
36		Dynamic Homes	9.99	0.51	24
37	Moga	Park Avenue	26.006	12.39	241
38		Victoria Enclave	37.01	1.70	81
39		Flowrence City	25.18	1.36	87
40	Gurdaspur	Subham Enclave	27.38	1.40	63
41		Usmanspur Estate	9.90	0.54	26
42		Thakur Enclave	10.94	0.65	31
43		Met Calf Nirwana	106.75	6.10	-
44		Thakurji Estate	11.35	0.54	26
45	Amritsar	Crescent Parc	24.60	1.32	64
46		R.B. Garden	5.54	0.68	32
47		S.G. Garden,	7.09	0.85	40

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

48	Amritsar	Blue Valley,	11.87	1.32	64
49		Shubam Enclave, Gurdaspur	27.38	1.40	63
50		Usmanpur Estate, Gurdaspur	4.90	0.54	26
51		Cambridge City,	7.76	0.85	40
52		Shubam Enclave	25.51	3.30	-
53		Alpha International City,	40.87	5.40	-
54		Victoria Estate-II Pathankot	16.36	1.70	81
55		Florence City, Pathankot	11.70	1.36	28
56		Defence City, Pathankot	2.19	0.33	16
57		Signature County, Amritsar	5.93	0.62	30
58		A W H O Housing	4.87	1.53	-
59		Ashiana Estate, Amritsar	9.87	1.01	47
60	Hoshiarpur	Charan Enclave	8.83	0.45	19
61		Silver Enclave	5.16	0.28	14
62		Sapphire Enclave	10.75	0.58	48
63		Eldeco	82.87	3.13	-
64		East Enclave	5.30	0.31	15
65	Jalandhar	Residential Project	7.43	0.92	60
66		Karan Enclave	10.12	0.62	30
67		Amar Enclave	7.36	0.43	21
68		Ambe Vally	8.80	0.48	22

69	Jalandhar	Elite City,	12.19	0.64	31
70		Bhupinder Estate-II	5.70	0.31	15
71		Saffron Residencey	10.00	0.52	25
72		Sapphire Enclave	10.75	0.79	39
73		Silver Enclave	5.15	0.28	14
74		Charan Enclave	8.83	0.45	20
75		Prime City,	12.68	0.56	27
76		EWS Housing Scheme	10.49	9.91	864
77		Taj City	11.25	0.8	39
78	S.B.S. Nagar	Amar Enclave	7.37	0.43	21
79		Melenga City	50.73	2.50	200
80		Bhagwati Dreams	24.86	1.62	80
81		Hemkunt Enclave	11.77	0.60	30
82		Golden Home	16.53	0.88	41
83	GMADA	Green Valley	21.85	1.09	51
84		RKM Housing	31.50	1.19	30
85		IAS/PCS Society	118.92	6.57	-
86		ATS Infra.	15.50	0.78	-
		Total	**2132.87**	**137.94**	**3935**

List of Approved Mega Projects

Sr. No.	Name of the Company	Area of Land (in acres)	Area Under EWS
1	Country Colonizers (P) Ltd., Mohali	225.88	11.52
2	PACL India Ltd., Mohali	190.54	4.95

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

3	PACL India Ltd., Mohali	235.96	9.48
4	Ansal Infrastructure Ltd., Mohali	205.53	11.38
5	Ansal Infrastructure Ltd., Mohali	99.54	5.09
6	EMAAR MGF LAND Pvt. Ltd Mohali	229.31	24.44
7	EMAAR MGF LAND Pvt. Ltd Mohali	372.04	
8	Bajwa Developer Pvt. Ltd. Mohali	142.80	1.78
9	Preet Land Promoters & Developers Pvt. Ltd., Mohali	93.41	3.47
10	H.P Singh & others, Mohali	92.07	1.70
11	Unitech Ltd., Mohali	272.97	13.66
12	Taneja Developers and Infrastructure Pvt. Ltd., Mohali	139.84	6.20
13	Taneja Developers and Infrastructure Pvt. Ltd., Mohali	209.19	9.14
14	OMAXE Chandigarh Extension Developers Pvt. Ltd. Mullanpur	461.68	23.94
15	DLF India Ltd., Mullanpur	195.83	8.18
16	Tiwari Gangahar Infrastructure Pvt. Ltd. Amritsar	120.00	6.20
17	Satish Estate, Amritsar	67.05	3.30
18	AIPL Ambuja Housing and Urban Infrastructure Ltd. Amritsar	104.11	5.20
19	AKME Projects Township, Ludhiana	77.17	3.86
20	Malhotra Land Developers and Colonizers Pvt. Ltd. Ludhiana	165.08	8.25
21	Eldeco Infrastructure & properties Ltd. Ludhiana	49.01	2.45
22	OMAXE Pvt. Ltd., Ludhiana	37.16	1.86

23	IREO Ltd. (Formarly Known as VAR Eelators), Ludhiana	308.02	15.40
24	PUMA Realtors Pvt. Ltd. (Subsidiary of IREO Ltd.) Mohali	145.00	7.25
25	Vipul Ltd., Ludhiana	40.39	2.02
26	SPARK Buildcon Pvt. Ltd. Ludhiana	90.13	4.51
27	Ansal Mittal Township Project Ltd. Bathinda	121.15	6.06
28	OMAXE Buildhome Pvt. Ltd., Bathinda	71.80	3.59
29	OMAXE Pvt. Ltd., Patiala	35.88	1.79
	Total	**4598.52**	**206.67**

ਚਮਕੌਰ ਸਾਹਿਬ ਵਿਖੇ ਸੈਰ ਸਪਾਟਾ ਦੇ ਵਿਕਾਸ ਲਈ ਗ੍ਰਾਂਟ

***33. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸੈਰ ਸਪਾਟਾ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਸੈਰ-ਸਪਾਟਾ ਦੇ ਵਿਕਾਸ ਲਈ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀਆਂ ਗ੍ਰਾਂਟਾਂ ਦੀ ਰਕਮ ਕਿੰਨੀ ਹੈ ਅਤੇ ਉਨ੍ਹਾਂ ਦਾ ਵੇਰਵਾ ਕੀ ਹੈ ਜਿਨ੍ਹਾਂ ਲਈ ਉਕਤ ਗ੍ਰਾਂਟਾਂ ਵਰਤੀਆਂ ਗਈਆਂ ਸਨ।

ਸਰਦਾਰ ਸਰਵਨ ਸਿੰਘ ਫਿਲੌਰ : ਚਮਕੌਰ ਸਾਹਿਬ ਲਈ ਪਿਛਲੇ ਪੰਜ ਸਾਲਾਂ ਦੌਰਾਨ ਸੈਰ-ਸਪਾਟਾ ਦੇ ਵਿਕਾਸ ਲਈ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀਆਂ ਗ੍ਰਾਂਟਾਂ ਦੀ ਰਕਮ ਅਤੇ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਚਮਕੌਰ ਸਾਹਿਬ ਨੂੰ ਟੂਰਿਸਟ ਡੈਸਟੀਨੇਸ਼ਨ ਵੱਜੋਂ ਵਿਕਸਿਤ ਕਰਨ ਲਈ ਮਨਜੂਰ ਕੀਤੀ ਗਈ ਰਾਸ਼ੀ — 223.00 ਲੱਖ

   ਮਨਜੂਰ ਕੀਤੀ ਗਈ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

   ੳ. ਬਾਊਂਡਰੀ ਵਾਲ ਦੀ ਉਸਾਰੀ ਦੇ ਕੰਮ ਨੂੰ ਮੁਕੰਮਲ ਕਰਨਾ — 38.15 ਲੱਖ

   ਅ. ਐਕਸਟਰਨਲ ਪਬਲਿਕ ਹੈਲਥ ਸੈਪਟਿਕ ਟੈਂਕ, ਟਿਊਬਵੈਲ ਅਤੇ ਓਵਰ ਹੈਡ ਟੈਂਕ — 33.04 ਲੱਖ

   ੲ. ਟੋਆਲਿਟ ਬਲਾਕ (2) — 38.01 ਲੱਖ

[ਸੈਰ ਸਪਾਟਾ ਮੰਤਰੀ]

ਸ. ਯਾਤਰਾ ਸੂਚਨਾ ਕੇਂਦਰ	113.80 ਲੱਖ
ਕੁੱਲ	**223.00 ਲੱਖ**

2. ਭਾਰਤ ਸਰਕਾਰ ਤੋਂ ਉਪਰੋਕਤ ਮਨਜ਼ੂਰ ਕੀਤੀ ਰਾਸ਼ੀ 223.00 ਲੱਖ ਦਾ 80% ਪ੍ਰਾਪਤ ਫੰਡਜ਼	178.00 ਲੱਖ

ਚਮਕੌਰ ਸਾਹਿਬ ਨੂੰ ਟੂਰਿਸਟ ਡੈਸਟੀਨੇਸ਼ਨ ਵਜੋਂ ਵਿਕਸਿਤ ਕਰਨ ਲਈ ਉਪਰੋਕਤ ਰੀਲੀਜ਼ 178.00 ਲੱਖ ਰੁਪਏ ਚਮਕੌਰ ਸਾਹਿਬ ਥੀਮ ਪਾਰਕ ਵਿਖੇ ਚਾਰ ਦੀਵਾਰੀ ਅਤੇ ਯਾਤਰਾ ਸੂਚਨਾ ਕੇਂਦਰ ਦਾ ਕੰਮ 47.00 ਲੱਖ ਰੁਪਏ ਲਈ ਅਲਾਟ ਕੀਤਾ ਗਿਆ। ਜਿਸ ਵਿਚੋਂ 38.00 ਲੱਖ ਰੁਪਏ ਦਾ ਕੰਮ ਪੂਰਾ ਹੋ ਚੁੱਕਿਆ ਹੈ। ਬਾਕੀ ਦੇ ਰਹਿੰਦੇ ਕੰਮ ਟੂਆਲੈਟ ਬਲਾਕ ਆਦਿ ਜਿਸ ਦੀ ਅਨੁਮਾਨਿਤ ਲਾਗਤ 1.00 ਕਰੋੜ ਰੁਪਏ ਹੈ, ਲਈ ਤਿੰਨ ਵਾਰ ਟੈਂਡਰ ਮਿਤੀ 28.10.2011, 2.12.2011 ਅਤੇ 10.05.2012 ਨੂੰ ਕੀਤਾ ਗਿਆ ਪਰ ਕੋਈ ਵੀ ਟੈਂਡਰ ਪ੍ਰਾਪਤ ਨਾ ਹੋਣ ਕਰਕੇ ਇਹ ਕੰਮ ਅਲਾਟ ਨਹੀਂ ਕੀਤਾ ਜਾ ਸਕਿਆ। ਇਸ ਕੰਮ ਲਈ ਚੌਥੀ ਵਾਰ ਫਿਰ ਟੈਂਡਰ ਕੀਤਾ ਜਾ ਰਿਹਾ ਹੈ।

ਬੇਰੁਜ਼ਗਾਰੀ ਭੱਤੇ ਦੀ ਅਦਾਇਗੀ

***34. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਇਸ ਸਮੇਂ ਬੇਰੁਜ਼ਗਾਰ ਯੁਵਕਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਯੁਵਕਾਂ ਨੂੰ ਦਿੱਤੇ ਜਾਣ ਵਾਲੇ ਬੇਰੁਜ਼ਗਾਰੀ ਭੱਤੇ ਦੀਆਂ ਤਜਵੀਜ਼ਤ ਦਰਾਂ ਕੀ ਹਨ ਅਤੇ ਉਕਤ ਭੱਤੇ ਦੀ ਅਦਾਇਗੀ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

ਟਰਾਂਸਪੋਰਟ, ਚੋਣਾਂ, ਕਾਨੂੰਨੀ ਤੇ ਵਿਧਾਨਿਕ ਮਾਮਲੇ ਅਤੇ ਰੋਜ਼ਗਾਰ ਜੈਨਰੇਸ਼ਨ ਅਤੇ ਟ੍ਰੇਨਿੰਗ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ): (ੳ) ਰਾਜ ਵਿੱਚ ਇਸ ਸਮੇਂ ਕੁੱਲ ਬੇਰੋਜ਼ਗਾਰ ਯੁਵਕਾਂ ਦੀ ਗਿਣਤੀ 30 ਅਪ੍ਰੈਲ, 2012 ਤੱਕ 3,59,312 ਹੈ।

(ਅ) ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਜਨਰੇਸ਼ਨ ਐਂਡ ਟ੍ਰੇਨਿੰਗ ਵਿਭਾਗ ਵੱਲੋਂ ਸਾਲ 1978 ਤੋਂ ਹੀ ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ। ਸਾਲ 2005 ਤੋਂ ਬੇਕਾਰੀ ਭੱਤੇ ਦਰ ਵਿੱਚ ਵਾਧਾ ਕਰਨ ਉਪਰੰਤ ਹੇਠ ਅਨੁਸਾਰ ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ:-

ਲੜੀ ਨੰ:	ਬੇਰੁਜ਼ਗਾਰਾਂ ਦੀ ਸ਼੍ਰੇਣੀ	ਵਿਦਿਅਕ/ ਤਕਨੀਕੀ ਯੋਗਤਾ	ਬੇਕਾਰੀ ਭੱਤਾ ਦਰ ਪ੍ਰਤੀ ਮਹੀਨਾ	ਬੇਕਾਰੀ ਭੱਤਾ ਮਿਲਣ ਦਾ ਸਮਾਂ
1	ਪੜ੍ਹੇ ਲਿਖੇ ਬੇਰੋਜ਼ਗਾਰ	ਮੈਟ੍ਰਿਕ/ਅੰਡਰ ਗ੍ਰੈਜੂਏਟ	150/-ਰੁਪਏ	ਰਜਿਸਟ੍ਰੇਸ਼ਨ ਤੋਂ 3 ਸਾਲ ਬਾਅਦ
		ਗ੍ਰੈਜੂਏਟ ਅਤੇ ਇਸ ਤੋਂ ਉਪਰ	200/-ਰੁਪਏ	-ਉਹੀ-
2	ਅੰਨ੍ਹੇ, ਬੋਲੇ ਅਤੇ ਗੂੰਗੇ ਬੇਰੁਜ਼ਗਾਰ	ਮੈਟ੍ਰਿਕ/ਅੰਡਰ ਗ੍ਰੈਜੂਏਟ	450/-ਰੁਪਏ	ਰਜਿਸਟ੍ਰੇਸ਼ਨ ਉਪਰੰਤ ਪਹਿਲੀ ਤਿਮਾਹੀ ਤੋਂ ਬਾਅਦ
		ਗ੍ਰੈਜੂਏਟ ਅਤੇ ਇਸ ਤੋਂ ਉਪਰ	600/-ਰੁਪਏ	-ਉਹੀ-
3	ਸਰੀਰਕ ਤੌਰ ਤੇ ਅਪੰਗ ਬੇਰੁਜ਼ਗਾਰ	ਮੈਟ੍ਰਿਕ/ਅੰਡਰ ਗ੍ਰੈਜੂਏਟ	225/-ਰੁਪਏ	ਰਜਿਸਟਰੇਸ਼ਨ ਤੋਂ ਇੱਕ ਸਾਲ ਬਾਅਦ
		ਗ੍ਰੈਜੂਏਟ ਅਤੇ ਇਸ ਤੋਂ ਉਪਰ	300-/ਰੁਪਏ	-ਉਹੀ-

ਬੇਰੋਜ਼ਗਾਰ ਯੁਵਕਾਂ ਨੂੰ ਬੇਕਾਰੀ ਭੱਤਾ ਉਨ੍ਹਾਂ ਦੀ ਯੋਗਤਾ ਅਤੇ ਸ਼੍ਰੇਣੀ ਦੇ ਆਧਾਰ ਤੇ ਦਿੱਤਾ ਜਾਂਦਾ ਹੈ ਇਸ ਲਈ ਪ੍ਰਾਰਥੀ ਦੀ ਪਰਿਵਾਰਕ ਸਲਾਨਾ ਆਮਦਨ 12000/-ਰੁ: ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਵੰਡ ਅਤੇ ਵਾਧਾ ਕੀਤਾ ਜਾਦਾ ਹੈ।

ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਲਈ ਗ੍ਰਾਂਟ

***35. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਸਰਬਸੰਮਤੀ ਨਾਲ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਤਿੰਨ-ਤਿੰਨ ਲੱਖ ਰੁਪਏ ਦੀ ਗਰਾਂਟ ਦੀ ਅਦਾਇਗੀ ਕਰਨ ਦਾ ਵਾਅਦਾ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਅਜਿਹੀਆਂ ਗਰਾਮ ਪੰਚਾਇਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਕਤ ਗ੍ਰਾਂਟ ਦਿੱਤੀ ਗਈ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, ਹਾਂ ਜੀ, ਇਹ ਠੀਕ ਹੈ। ਸਰਬ-ਸੰਮਤੀ ਨਾਲ ਚੁਣੀਆਂ ਗਰਾਮ ਪੰਚਾਇਤਾਂ ਵਿਚੋਂ ਕਿਸੇ ਵੀ ਗਰਾਮ ਪੰਚਾਇਤ ਨੂੰ ਗਰਾਂਟ ਨਹੀਂ ਦਿੱਤੀ ਗਈ।

ਨਿੱਜੀ ਸਕੂਲਾਂ ਲਈ ਨਿਯਮ

***36. (ਸੀ.ਯੂ.) ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਵਿਅਕਤੀਗਤ ਜਾਂ ਪ੍ਰਾਈਵੇਟ ਏਜੰਸੀਆਂ ਦੁਆਰਾ ਐਲੀਮੈਂਟਰੀ ਤੋਂ ਸੈਕੰਡਰੀ ਪੱਧਰ ਤੱਕ ਪ੍ਰਾਈਵੇਟ ਸਕੂਲ ਖੋਲ੍ਹਣ ਲਈ ਕਿਹੜੇ ਨਿਯਮ ਨਿਸ਼ਚਿਤ ਕੀਤੇ ਗਏ ਹਨ;

(ਅ) ਰਾਜ ਵਿੱਚ ਅਜਿਹੇ ਪ੍ਰਾਈਵੇਟ ਸਕੂਲਾਂ ਦੇ ਤੇਜ਼ੀ ਨਾਲ ਹੋ ਰਹੇ ਵਾਧੇ ਦੇ ਖਤਰੇ ਨੂੰ ਰੋਕਣ ਲਈ ਉਠਾਏ ਗਏ ਕਦਮਾਂ ਦੇ ਵੇਰਵੇ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਸਾਰੇ ਪ੍ਰਾਇਮਰੀ ਅਤੇ ਐਲੀਮੈਂਟਰੀ ਸਕੂਲਾਂ ਉੱਪਰ ਰਾਈਟ ਆਫ਼ ਚਿਲਡਰਨ ਟੂ ਫ਼ਰੀ ਐਂਡ ਕੰਪਲਸਰੀ ਐਜੂਕੇਸ਼ਨ ਐਕਟ, 2009 ਲਾਗੂ ਹੈ। ਪੰਜਾਬ ਸਰਕਾਰ ਵੱਲੋਂ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਦੇ ਲਈ ਪੰਜਾਬ ਰਾਈਟ ਆਫ਼ ਚਿਲਡਰਨ ਟੂ ਫ਼ਰੀ ਐਂਡ ਕੰਪਲਸਰੀ ਐਜੂਕੇਸ਼ਨ ਰੂਲਜ਼, 2011 ਬਣਾਏ ਗਏ ਹਨ ਜੋ ਮਿਤੀ 12 ਅਕਤੂਬਰ, 2011 ਤੋਂ ਲਾਗੂ ਹਨ। ਪ੍ਰਾਈਵੇਟ ਸਕੂਲ ਖੋਲ੍ਹਣ ਦੇ ਲਈ ਸਰਕਾਰ ਪਾਸੋਂ ਮਾਨਤਾ ਪ੍ਰਾਪਤ ਕਰਨ ਲਈ ਐਕਟ ਦੀ ਧਾਰਾ 19 ਅਤੇ ਨਿਯਮ 11 ਅਧੀਨ ਨਿਰਧਾਰਤ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਹੈ।

(ਅ) ਆਰ.ਟੀ.ਈ.ਐਕਟ, 2009 ਅਤੇ ਪੰਜਾਬ ਰਾਈਟ ਆਫ਼ ਚਿਲਡਰਨ ਟੂ ਫ਼ਰੀ ਐਂਡ ਕੰਪਲਸਰੀ ਐਜੂਕੇਸ਼ਨ ਰੂਲਜ਼, 2011 ਨੂੰ ਸਖਤੀ ਨਾਲ ਲਾਗੂ ਕਰਨ ਦੇ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ। ਐਕਟ ਅਤੇ ਨਿਯਮਾਂ ਅਧੀਨ ਕੋਈ ਵੀ ਪ੍ਰਾਈਵੇਟ ਸਕੂਲ ਤਾਂ ਹੀ ਖੋਲ੍ਹਿਆ ਜਾ ਸਕੇਗਾ ਜੇਕਰ ਉਹ ਐਕਟ ਦੀ ਅਨੁਸੂਚੀ ਵਿੱਚ ਉਲਿਖਤ ਨਾਰਮਜ਼ ਅਤੇ ਸਟੈਂਡਰਡਜ਼ ਪੂਰਾ ਕਰਦਾ ਹੈ। ਕੋਈ ਵੀ ਸਕੂਲ ਜੇਕਰ ਨਿਰਧਾਰਤ ਨਾਰਮਜ਼ ਅਤੇ ਸਟੈਂਡਰਡਜ਼ ਦੀ ਉਲੰਘਣਾ ਕਰੇਗਾ ਤਾਂ ਉਸਦੀ ਮਾਨਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਬੰਦ ਕਰ ਦਿੱਤਾ ਜਾਵੇਗਾ।

ਸਿਵਲ ਡਿਸਪੈਂਸਰੀ ਕੁੱਪ ਕਲਾਂ ਨੂੰ ਅਪਗ੍ਰੇਡ ਕਰਨਾ

***46. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਪ੍ਰਾ ਕਰਕੇ ਦੱਸਣਗੇ ਕਿ ਕੀ ਕੁੱਪ ਕਲਾਂ ਸਿਵਲ ਡਿਸਪੈਂਸਰੀ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

ਸ੍ਰੀ ਮਦਨ ਮੋਹਨ ਮਿੱਤਲ : ਨਹੀਂ ਸ਼੍ਰੀਮਾਨ ਜੀ।

ਸਕੂਲ ਅਪਗ੍ਰੇਡ ਕਰਨਾ

***47. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਵੱਲੋਂ ਨਵੇਂ ਸਕੂਲ ਖੋਲ੍ਹਣ ਦੀ ਅਤੇ ਸਕੂਲ ਅਪਗਰੇਡ ਕਰਨ ਦੀ ਕੋਈ ਯੋਜਨਾ ਵਿਚਾਰ ਅਧੀਨ ਹੈ;

(ਅ) ਸਕੂਲ ਖੋਲ੍ਹਣ ਅਤੇ ਅੱਪਗਰੇਡ ਕਰਨ ਲਈ ਸ਼ਰਤਾਂ/ਨਿਯਮ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਹਾਂ ਜੀ। ਸਰਵ ਸਿੱਖਿਆ ਅਭਿਆਨ ਸਾਲ 2013-14 ਵਿੱਚ ਭਾਰਤ ਸਰਕਾਰ ਵੱਲੋਂ 23 ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣ ਅਤੇ 15 ਪ੍ਰਾਇਮਰੀ ਤੋਂ ਮਿਡਲ ਪੱਧਰ ਤੱਕ ਅਪਗ੍ਰੇਡ ਕਰਨ ਲਈ ਪ੍ਰਵਾਨ ਕੀਤੇ ਗਏ ਹਨ। ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਸਾਲ 2013-14 ਵਿੱਚ 118 ਸਕੂਲਾਂ ਨੂੰ ਮਿਡਲ ਤੋਂ ਹਾਈ ਪੱਧਰ ਤੱਕ ਅਪਗ੍ਰੇਡ ਕਰਨ ਦੀਆਂ ਤਜਵੀਜ਼ਾਂ ਭਾਰਤ ਸਰਕਾਰ ਨੂੰ ਭੇਜੀਆਂ ਗਈਆਂ ਸਨ। ਜਿਸ ਵਿਚੋਂ 42 ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਪ੍ਰਵਾਨਗੀ ਮਿਲ ਗਈ ਹੈ। ਬਾਕੀ ਰਹਿੰਦੇ 76 ਸਕੂਲਾਂ ਨੂੰ ਅੱਪਗ੍ਰੇਡ ਕਰਨ ਹਿੱਤ ਭਾਰਤ ਸਰਕਾਰ ਨਾਲ ਮਸਲਾ ਵਿਚਾਰ ਅਧੀਨ ਹੈ। ਨਵੇਂ ਪ੍ਰਵਾਨ ਕੀਤੇ ਪ੍ਰਾਇਮਰੀ ਸਕੂਲ, ਅਪਗ੍ਰੇਡਿਡ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਅਪਗ੍ਰੇਡਿਡ ਸਕੂਲਾਂ ਦੀ ਸੂਚੀ ਅਨੁਲੱਗ "ੳ" ** ਤੇ ਰੱਖੀ ਗਈ ਹੈ।

ਸਾਲ 2012-13 ਅਤੇ 2013-14 ਦੌਰਾਨ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਨ ਲਈ 244 ਤਜਵੀਜ਼ਾਂ (ਕੇਸ) ਸਰਕਾਰ ਪਾਸ ਪ੍ਰਾਪਤ ਹੋਈਆਂ ਹਨ। ਇਨ੍ਹਾਂ ਸਕੂਲਾਂ ਦੀ ਸੂਚੀ ਅਨੁਲੱਗ "ਅ" ** ਤੇ ਰੱਖੀ ਗਈ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਘੋਖਣ ਉਪਰੰਤ ਇਨ੍ਹਾਂ ਤਜਵੀਜ਼ਾਂ ਤੇ ਯੋਗ ਕਾਰਵਾਈ ਕੀਤੀ ਜਾਵੇਗੀ।

(ਅ) ਨਵੇਂ ਸਕੂਲ ਖੋਲ੍ਹਣ ਅਤੇ ਅੱਪਗ੍ਰੇਡ ਕਰਨ ਲਈ ਸ਼ਰਤਾਂ/ਨਿਯਮ ਅਨੁੱਲਗ "ੲ" ** ਤੇ ਰੱਖੀਆਂ ਜਾਂਦੀਆਂ ਹਨ।

ਅਹਿਮਦਗੜ੍ਹ ਵਿਖੇ ਰੇਲਵੇ ਓਵਰ ਬਰਿਜ ਦੀ ਉਸਾਰੀ

***48. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਅਹਿਮਦਗੜ੍ਹ ਸ਼ਹਿਰ ਵਿਖੇ ਰੇਲਵੇ ਓਵਰ ਬਰਿਜ ਦੀ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**Placed in the Revisor's Branch.

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਨਹੀਂ ਜੀ। ਹਾਲ ਦੀ ਘੜੀ ਅਹਿਮਦਗੜ੍ਹ ਸ਼ਹਿਰ ਵਿੱਚ ਰੇਲਵੇ ਓਵਰ ਬਰਿਜ ਦੀ ਉਸਾਰੀ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਖੇਤੀ ਸੰਦਾਂ ਉਤੇ ਸਬਸਿਡੀ

***49. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ ਦੌਰਾਨ ਖੇਤੀ ਸੰਦਾਂ ਉਤੇ ਦਿੱਤੀ ਗਈ ਸਬਸਿਡੀ ਦੀ ਵੰਡ ਦੇ ਬਲਾਕ-ਵਾਰ ਵੇਰਵੇ ਕੀ ਹਨ ਅਤੇ ਕੀ ਇਨ੍ਹਾਂ ਸਬਸਿਡੀਆਂ ਵਿੱਚ ਛੋਟੇ ਕਿਸਾਨਾਂ ਨੂੰ ਕੋਈ ਪਹਿਲ ਦਿੱਤੀ ਜਾਂਦੀ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਪਿਛਲੇ ਪੰਜ ਸਾਲਾਂ ਦੌਰਾਨ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਖੇਤੀਬਾੜੀ ਸੰਦਾਂ ਤੇ ਵੰਡੀ ਗਈ ਸਬਸਿਡੀ ਦੇ ਬਲਾਕ ਵਾਰ ਵੇਰਵੇ ਅਨੁਲੱਗ- "ੳ" ਅਨੁਸਾਰ ਸਦਨ ਦੇ ਟੇਬਲ ਤੇ ਰੱਖੇ ਜਾਂਦੇ ਹਨ।

ਇਨ੍ਹਾਂ ਸਬਸਿਡੀਆਂ ਵਿੱਚ 33% ਫੰਡਜ਼ ਛੋਟੇ, ਸੀਮਾਂਤ ਅਤੇ ਇਸਤਰੀ ਕਿਸਾਨਾਂ ਲਈ ਰਾਖਵੇਂ ਰੱਖਣ ਦਾ ਉਪਬੰਧ ਹੈ।

ਅਨੁਲੱਗ 'ੳ'

ਸਾਲ 2007-08 ਤੋਂ ਸਾਲ 2011-12 ਦੌਰਾਨ ਖੇਤੀਬਾੜੀ ਵਿਭਾਗ ਵੱਲੋਂ ਖੇਤੀ ਸੰਦਾਂ ਤੇ ਵੰਡੀ ਗਈ ਸਬਸਿਡੀ ਦਾ ਬਲਾਕ ਵਾਰ ਵੇਰਵਾ

(ਰਕਮ ਰੁ: ਲੱਖਾਂ ਵਿੱਚ)

ਜ਼ਿਲ੍ਹਾ	ਬਲਾਕ	ਸਾਲ				
		2007-08	2008-09	2009-10	2010-11	2011-12
ਅੰਮ੍ਰਿਤਸਰ						
	ਵੇਰਕਾ	10.40	16.39	13.05	9.04	6.75
	ਚੋਗਾਵਾਂ	9.95	12.30	14.10	10.40	8.55
	ਜੰਡਿਆਲਾ ਗੁਰੂ	6.81	19.64	7.95	8.97	8.40
	ਹਰਸ਼ਾ ਛੀਨਾ	8.05	13.49	13.50	7.35	7.05
	ਅਜਨਾਲਾ	6.60	16.49	14.70	9.70	6.60
	ਤਰਸਿੱਕਾ	8.38	11.90	4.50	6.40	5.55

	ਬਾਬਾ ਬਕਾਲਾ	5.53	14.11	4.40	5.03	5.55
	ਅਟਾਰੀ	5.95	12.31	18.00	10.60	12.30
	ਮਜੀਠਾ	7.43	13.36	4.50	11.60	8.70
ਬਰਨਾਲਾ						
	ਬਰਨਾਲਾ	22.93	32.73	21.79	18.03	12.90
	ਮਹਿਲ ਕਲਾਂ	11.40	25.94	19.69	13.67	4.35
	ਸਹਿਣਾ	5.28	16.84	13.00	14.15	1.50
ਬਠਿੰਡਾ						
	ਬਠਿੰਡਾ	18.49	48.55	18.65	12.39	18.30
	ਨਥਾਣਾ	7.37	23.05	17.40	11.60	7.08
	ਸੰਗਤ	2.59	21.15	14.10	9.65	10.50
	ਤਲਵੰਡੀ ਸਾਬੋ	9.81	10.70	9.35	4.85	6.40
	ਮੌੜ	7.21	16.30	11.90	5.45	9.50
	ਰਾਮਪੁਰਾ	3.00	17.68	14.65	9.05	11.80
	ਫੂਲ	7.19	22.05	15.00	11.00	15.15
ਫਰੀਦਕੋਟ						
	ਫਰੀਦਕੋਟ	7.32	44.42	0.00	14.39	8.85
	ਕੋਟਕਪੂਰਾ	5.67	29.32	0.00	17.90	3.90
ਫਤਿਹਗੜ੍ਹ ਸਾਹਿਬ						
	ਸਰਹਿੰਦ	2.83	4.30	0.00	4.78	3.90
	ਅਮਲੋਹ	2.33	7.18	0.00	4.12	0.00
	ਬਸੀ/ਖੇੜਾ	4.32	6.00	0.00	4.53	1.50
	ਖਮਾਣੋਂ	3.42	4.40	0.00	4.32	1.90
ਫਿਰੋਜ਼ਪੁਰ						
	ਅਬੋਹਰ	15.76	35.47	18.60	8.19	9.00
	ਖੂਈਆ ਸਰਵਰ	8.67	16.90	19.05	9.50	8.25
	ਫਾਜ਼ਿਲਕਾ	8.07	27.44	21.45	5.80	5.70
	ਜਲਾਲਾਬਾਦ	27.25	43.13	32.55	11.00	14.10

[ਮੁੱਖ ਮੰਤਰੀ]

	ਗੁਰੂ ਹਰ ਸਹਾਏ	17.42	25.17	25.05	11.79	14.10
	ਮਮਦੋਟ	7.32	12.19	10.05	5.10	12.90
	ਫਿਰੋਜ਼ਪੁਰ	13.39	12.38	18.45	15.25	12.15
	ਘੱਲ ਖੁਰਦ	13.17	48.11	61.65	53.70	18.00
	ਜੀਰਾ	19.95	25.77	32.55	17.50	18.25
	ਮੱਖੂ	4.32	7.53	6.60	3.10	2.85
ਗੁਰਦਾਸਪੁਰ						
	ਗੁਰਦਾਸਪੁਰ	13.13	22.89	16.20	11.61	17.10
	ਧਾਲੀਵਾਲ	12.80	23.06	16.00	17.60	16.35
	ਬਟਾਲਾ	11.76	17.15	9.60	5.09	7.85
	ਕਲਾਨੌਰ	10.30	9.22	9.30	10.05	11.85
	ਡੇਰਾ ਬਾਬਾ ਨਾਨਕ	16.15	9.81	8.70	17.40	11.55
	ਫਤਿਹਗੜ੍ਹ ਚੂੜੀਆਂ	7.01	11.45	6.60	7.95	8.70
	ਕਾਦੀਆਂ	6.88	13.86	10.50	8.05	10.50
	ਕਾਹਨੂੰਵਾਨ	7.83	13.63	12.15	14.13	10.05
	ਸ੍ਰੀ ਹਰਗੋਬਿੰਦਪੁਰ	5.35	16.89	8.10	13.30	3.90
	ਦੀਨਾ ਨਗਰ	5.40	8.20	6.45	0.74	7.20
	ਪਠਾਨਕੋਟ	3.45	9.71	11.40	6.60	4.50
	ਨਰੋਟ ਜੈਮਲ ਸਿੰਘ	1.05	2.39	1.65	3.25	0.00
	ਬਮਿਆਲ	0.15	0.84	0.00	0.00	0.00
	ਧਾਰ ਕਲਾਂ	0.15	1.05	0.15	0.40	0.00
ਹੁਸ਼ਿਆਰਪੁਰ						
	ਗੜ੍ਹਸ਼ੰਕਰ	23.99	23.99	17.75	33.09	12.00
	ਮਾਹਿਲਪੁਰ	8.02	13.29	11.70	5.68	7.20
	ਹੁਸ਼ਿਆਰਪੁਰ-1	23.53	15.98	13.97	8.19	10.20
	ਹੁਸ਼ਿਆਰਪੁਰ-2	24.53	20.93	17.55	11.31	10.05
	ਭੂੰਗਾ	14.02	12.03	6.75	5.25	9.43
	ਟਾਂਡਾ	14.04	13.79	10.65	6.28	5.85

ਦਸੂਹਾ	5.38	12.50	6.90	1.85	4.95
ਮੁਕੇਰੀਆਂ	5.63	26.49	19.95	5.49	8.40
ਹਾਜੀਪੁਰ	1.05	7.35	6.10	1.17	2.85
ਤਲਵਾੜਾ	0.75	1.05	0.30	0.00	1.65
ਜਲੰਧਰ					
ਜਲੰਧਰ-ਈਸਟ	2.69	4.64	0.00	4.75	2.40
ਜਲੰਧਰ-ਵੈਸਟ	4.71	6.69	0.00	7.71	1.50
ਆਦਮਪੁਰ	1.56	3.50	0.00	3.18	0.60
ਭੋਗਪੁਰ	1.59	4.64	0.00	3.55	3.60
ਨਕੋਦਰ	1.44	6.44	0.00	5.86	4.50
ਸ਼ਾਹਕੋਟ	3.69	7.95	0.00	8.86	1.95
ਲੋਹੀਆਂ	0.68	3.85	0.00	5.22	1.20
ਫਿਲੌਰ	1.95	10.69	0.00	3.90	1.95
ਨੂਰਮਹਿਲ	1.94	8.39	0.00	2.75	0.45
ਰੁੜਕਾ	1.82	3.70	0.00	2.76	0.90
ਕਪੂਰਥਲਾ					
ਕਪੂਰਥਲਾ	2.69	10.12	0.00	4.52	4.50
ਸੁਲਤਾਨਪੁਰ	5.40	13.01	0.00	10.93	6.30
ਢਿਲਵਾਂ	1.85	6.22	0.00	5.06	1.50
ਨਡਾਲਾ	1.17	1.83	0.00	2.32	0.90
ਫਗਵਾੜਾ	1.88	6.77	0.00	4.59	1.80
ਲੁਧਿਆਣਾ					
ਲੁਧਿਆਣਾ	1.38	7.42	13.20	10.48	2.10
ਪੱਖੋਵਾਲ	1.08	2.67	12.15	3.88	1.50
ਦੋਰਾਹਾ	1.20	5.75	15.00	4.80	1.05
ਸਮਰਾਲਾ	0.85	2.32	12.90	8.00	0.75
ਮਾਂਗਟ	2.25	7.23	21.30	16.41	10.50

	ਜਗਰਾਉਂ	1.28	5.82	17.10	12.05	0.45
	ਸਿਧਵਾਂ ਬੇਟ	2.22	3.92	14.85	15.95	1.05
	ਡੇਹਲੋਂ	1.08	1.60	19.87	6.60	1.20
	ਮਾਛੀਵਾੜਾ	2.19	1.62	13.20	9.95	1.95
	ਖੰਨਾ	2.72	2.30	13.05	5.84	1.35
	ਸੁਧਾਰ	0.31	2.46	9.00	8.15	3.23
ਮਾਨਸਾ						
	ਮਾਨਸਾ	0.70	7.23	0.00	12.73	9.25
	ਭਿੱਖੀ	1.58	4.29	0.00	9.30	5.65
	ਬੁਢਲਾਡਾ	0.47	7.38	10.50	0.00	10.90
	ਝੁਨੀਰ	0.72	3.69	0.00	7.75	6.84
	ਸਰਦੂਲਗੜ੍ਹ	1.05	4.60	0.00	5.80	5.80
ਸ੍ਰੀ ਮੁਕਤਸਰ ਸਾਹਿਬ						
	ਮੁਕਤਸਰ	5.23	10.11	0.00	11.98	4.95
	ਮਲੋਟ	3.20	8.24	0.00	5.35	3.15
	ਲੰਬੀ	3.59	11.64	0.00	6.84	3.75
	ਗਿੱਦੜਬਾਹਾ	2.97	8.07	0.00	10.40	3.75
ਮੋਗਾ						
	ਮੋਗਾ-1	3.10	7.07	0.00	3.22	4.75
	ਮੋਗਾ-2	4.01	6.52	0.00	11.84	3.30
	ਬਾਘਾ ਪੁਰਾਣਾ	0.43	14.92	0.00	6.61	4.90
	ਨਿਹਾਲ ਸਿੰਘ ਵਾਲਾ	1.05	6.16	0.00	10.50	1.95
	ਕੋਟ ਈਸੇ ਖਾਂ	3.21	9.50	0.00	12.52	9.00
ਨਵਾਂ ਸ਼ਹਿਰ						
	ਨਵਾਂ ਸ਼ਹਿਰ	4.14	11.46	0.00	9.30	3.45
	ਬੰਗਾ	3.21	1079	0.00	6.32	1.65
	ਔੜ	5.31	14.77	0.00	13.75	3.45

	ਬਲਾਚੌਰ	0.83	6.59	0.00	3.50	3.75
	ਸੜੋਆ	0.00	4.34	0.00	1.95	1.95
ਪਟਿਆਲਾ						
	ਪਟਿਆਲਾ	2.90	3.51	0.00	4.62	0.00
	ਭੁੱਨਰਹੇੜੀ	2.68	1.93	0.00	3.61	0.00
	ਸਮਾਣਾ	2.77	2.80	0.00	3.37	0.00
	ਨਾਭਾ	3.12	2.71	0.00	3.26	0.00
	ਰਾਜਪੁਰਾ	2.45	3.71	0.00	3.01	0.00
	ਘਨੌਰ	1.49	3.34	0.00	2.00	0.00
ਰੂਪਨਗਰ						
	ਰੂਪਨਗਰ	49.82	20.85	17.55	18.07	15.40
	ਚਮਕੌਰ ਸਾਹਿਬ	15.69	38.35	23.55	18.77	10.95
	ਮੋਰਿੰਡਾ	24.80	17.55	17.70	10.05	7.65
	ਨੂਰਪੁਰ ਬੇਦੀ	25.55	11.25	6.75	7.50	5.25
	ਅਨੰਦਪੁਰ ਸਾਹਿਬ	12.00	8.20	6.90	4.40	2.70
ਸੰਗਰੂਰ						
	ਸੰਗਰੂਰ	21.73	30.03	32.70	14.95	20.65
	ਮਲੇਰਕੋਟਲਾ	27.92	28.64	35.10	14.55	10.90
	ਲਹਿਰਾਗਾਗਾ	21.07	26.50	28.20	31.40	5.25
	ਧੂਰੀ	24.56	26.52	26.40	14.00	13.05
	ਭਵਾਨੀਗੜ੍ਹ	14.94	22.40	38.85	16.70	14.95
	ਸੁਨਾਮ	16.55	47.72	61.65	21.40	17.55
	ਅਹਿਮਦਗੜ੍ਹ	14.25	14.57	20.10	21.30	14.55
ਐਸ.ਏ.ਐਸ.ਨਗਰ (ਮੋਹਾਲੀ)						
	ਖਰੜ	23.04	19.10	22.00	21.25	12.60
	ਡੇਰਾਬੱਸੀ	17.90	13.70	19.18	20.05	13.20
	ਮਾਜਰੀ	9.72	9.42	7.80	7.50	4.65

[ਮੁੱਖ ਮੰਤਰੀ]

ਤਰਨਤਾਰਨ

ਤਰਨਤਾਰਨ	14.47	16.85	17.90	14.76	17.25
ਚੋਹਲਾ ਸਾਹਿਬ	5.12	3.45	3.30	3.56	7.20
ਖਡੂਰ ਸਾਹਿਬ	4.98	9.12	8.77	6.50	6.45
ਨੌਸ਼ਹਿਰਾ ਪੰਨੂਆਂ	7.58	10.09	6.60	7.00	7.80
ਪੱਟੀ	7.45	6.68	6.40	16.70	10.20
ਵਲਟੋਹਾ	2.47	16.03	6.55	16.70	9.60
ਭਿੱਖੀਵਿੰਡ	9.90	17.02	10.35	19.60	13.05
ਗੰਡੀਵਿੰਡ	8.90	12.40	17.95	18.28	10.95

(ਨਿਸ਼ਾਨ ਵਾਲਾ ਪ੍ਰਸ਼ਨ ਨੰ:-*50 (C.U))**

ਬਾੜੇਵਾਲ ਵਿਖੇ ਸੀਵਰੇਜ ਵਿਛਾਉਣਾ

***57. (ਸੀ.ਯੂ.) ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਾਰਡ ਨੰ: 58, ਪਿੰਡ ਬਾੜੇਵਾਲ (ਫਤਿਹਪੁਰ) ਜ਼ਿਲ੍ਹਾ ਲੁਧਿਆਣਾ ਵਿੱਚ ਸੀਵਰੇਜ ਪਾਉਣ ਦੇ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਸ ਵਾਰਡ ਵਿੱਚ ਸੀਵਰੇਜ ਪਾਉਣ ਦਾ ਕੰਮ ਕਿੰਨੇ ਸਮੇਂ ਵਿੱਚ ਮੁਕੰਮਲ ਹੋ ਜਾਵੇਗਾ?

ਸ਼੍ਰੀ ਚੂਨੀ ਲਾਲ ਭਗਤ : ਜਵਾਹਰ ਲਾਲ ਨਹਿਰੂ ਅਰਬਨ ਰੀਨਿਊਅਲ ਮਿਸ਼ਨ (ਜਨੂਰਮ) ਅਧੀਨ ਪਿੰਡ ਬਾੜੇਵਾਲ (ਫਤਿਹਪੁਰ) ਵਾਰਡ ਨੰ: 58 ਵਿੱਚ 4.5 ਕਿਲੋਮੀਟਰ ਸੀਵਰ ਪਾਈਪ ਲਾਈਨ ਵਿਛਾ ਦਿੱਤੀ ਗਈ ਹੈ। ਇਸ ਸਕੀਮ ਅਧੀਨ ਅਗਲੀ ਕਿਸ਼ਤ ਅਜੇ ਪ੍ਰਾਪਤ ਹੋਣੀ ਰਹਿੰਦੀ ਹੈ ਅਤੇ ਜਦੋਂ ਹੀ ਲੋੜੀਂਦੇ ਫੰਡਜ਼ ਪ੍ਰਾਪਤ ਹੋ ਜਾਣਗੇ, ਰਹਿੰਦੀ 2.0 ਕਿਲੋਮੀਟਰ ਸੀਵਰ ਪਾਈਪ ਲਾਈਨ ਵੀ ਵਿਛਾ ਦਿੱਤੀ ਜਾਵੇਗੀ।

ਸਰਹਿੰਦ ਡਰੇਨ ਦੇ ਉਤੇ ਪੁਲ ਦੀ ਉਸਾਰੀ

***65. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਸਬ-ਡਵੀਜ਼ਨ ਬੁਢਲਾਡਾ ਦੇ ਪਿੰਡ ਫਰੀਦਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਸਰਹਿੰਦ ਡਰੇਨ ਉਪਰ ਪੁਲ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਇਸ ਦੇ ਵੇਰਵੇ ਕੀ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ : ਨਹੀਂ ਜੀ, ਇੱਕ ਪੁਲ ਆਰ.ਡੀ. 31000 ਤੇ ਪਹਿਲਾਂ ਹੀ ਬਣਿਆ ਹੋਇਆ ਹੈ ਜਿਹੜਾ ਕਿ ਝੁਨੀਰ ਤੋਂ ਬੋਹਾ ਨੂੰ ਜੋੜਦਾ ਹੈ।

**Reply to this Starred Question No. 50 (C.U) has not been received till 2.12.2014 i.e. the date this Annexure was sent to the press for final printing.

ਇਹ ਪੁਲ ਤਜਵੀਜ਼ਤ ਪੁਲ ਤੋਂ ਲੱਗਭੱਗ 2 ਕਿਲੋਮੀਟਰ ਦੀ ਦੂਰੀ ਤੇ ਹੈ ਅਤੇ ਇਸ ਪੁਲ ਨੂੰ ਫਰੀਦਕੇ ਦੇ ਵਾਸੀਆਂ ਵੱਲੋਂ ਅਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵੱਲੋਂ ਆਮ ਤੌਰ ਤੇ ਵਰਤਿਆ ਜਾਂਦਾ ਹੈ। ਤਜਵੀਜ਼ਤ ਪੁਲ ਪੰਜਾਬ ਸਰਕਾਰ ਦੇ ਨਾਰਮਜ਼ ਦੇ ਹੇਠਾਂ ਨਾ ਹੋਣ ਕਰਕੇ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਪਿੰਡਾਂ ਦਾ ਪੁਲਿਸ ਸਟੇਸ਼ਨ ਬਦਲਣਾ

***67. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ- (ੳ) ਕੀ ਇਹ ਠੀਕ ਹੈ ਕਿ ਪੁਲਿਸ ਸਟੇਸ਼ਨ, ਮਾਨਸਾ ਦੇ ਨੌਂ ਪਿੰੜ ਪੁਲਿਸ ਸਟੇਸ਼ਨ, ਕੋਟ ਧਰਮੂ ਵਿੱਚ ਤਬਦੀਲ ਕਰ ਦਿੱਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ?

(ਅ) ਕੀ ਸਰਕਾਰ ਇਨ੍ਹਾਂ ਪਿੰਡਾਂ ਨੂੰ ਵਾਪਿਸ ਪੁਲਿਸ ਸਟੇਸ਼ਨ ਮਾਨਸਾ ਵਿੱਚ ਤਬਦੀਲ ਕਰਨ ਬਾਰੇ ਵਿਚਾਰ ਕਰੇਗੀ?

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ): (ੳ) ਹਾਂ ਜੀ ਇਹ ਠੀਕ ਹੈ ਕਿ ਥਾਣਾ, ਮਾਨਸਾ ਦੇ ਨੌਂ ਪਿੰਡ ਜਵਾਹਰਕੇ, ਨੰਗਲ ਖੁਰਦ, ਰਮਦਿੱਤੇਵਾਲਾ, ਖੋਖਰ ਕਲਾਂ, ਘਰਾਗਣਾ, ਖੋਖਰ ਖੁਰਦ, ਗੇਹਲੇ, ਗਾਗੋਵਾਲਾ ਅਤੇ ਨੰਗਲ ਕਲਾਂ ਥਾਣਾ ਕੋਟ ਧਰਮੂ ਵਿੱਚ ਤਬਦੀਲ ਹੋਏ ਹਨ। ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਹਲਕਿਆਂ ਦੀ ਹਲਕਾ ਬੰਦੀ (Delimitation of Constituencies) ਹੋ ਗਈ ਹੈ ਤੇ ਜਿਸ ਅਨੁਸਾਰ ਜੰਨਤਾ ਦੀ ਸਹੂਲਤ ਅਤੇ ਵਿਧਾਨ ਸਭਾ ਹਲਕਾ ਬੰਦੀ ਨੂੰ ਮੁੱਖ ਰੱਖਦੇ ਹੋਏ ਉਹ ਪਿੰਡ ਜੋ ਇੱਕ ਵਿਧਾਨ ਸਭਾ ਹਲਕੇ ਦਾ ਹਿੱਸਾ ਹੋਣ, ਨੂੰ ਉਸੇ ਹਲਕੇ ਵਿਚ ਕਿਸੇ ਇੱਕ ਪੁਲਿਸ ਸਟੇਸ਼ਨ ਵਿੱਚ ਤਬਦੀਲ ਕਰ ਦਿੱਤਾ ਜਾਵੇ। ਹਲਕਾਬੰਦੀ ਅਨੁਸਾਰ ਜ਼ਿਲ੍ਹਾ ਮਾਨਸਾ ਦੇ ਥਾਣਾ ਕੋਟ ਧਰਮੂ (ਵਿਧਾਨ ਸਭਾ ਹਲਕਾ ਸਰਦੂਲਗੜ੍ਹ) ਵਿੱਚ ਉਕਤ 9 ਪਿੰਡਾਂ ਨੂੰ ਸ਼ਾਮਿਲ ਕਰਨ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ No.S.O.248/C.A.2/1974/S.2/2010 ਮਿਤੀ 24.6.2010 ਜਾਰੀ ਕੀਤਾ ਗਿਆ ਸੀ।

(ਅ) ਉਕਤ ਪਿੰਡਾਂ ਨੂੰ ਥਾਣਾ ਕੋਟ ਧਰਮੂ ਵਿੱਚੋਂ ਕੱਢ ਕੇ ਥਾਣਾ ਮਾਨਸਾ ਵਿੱਚ ਸ਼ਾਮਿਲ ਕਰਨ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਡਰਿੱਪ ਇਰੀਗੇਸ਼ਨ ਲਈ ਸਬਸਿਡੀ

***71. (ਸੀ.ਯੂ.) ਸ਼੍ਰੀ ਤਰਲੋਚਨ ਸਿੰਘ :** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 2009-10, 2010-11 ਅਤੇ 2011-12 ਦੌਰਾਨ ਕੇਂਦਰ ਸਰਕਾਰ ਤੋਂ ਡਰਿੱਪ ਇਰੀਗੇਸ਼ਨ ਐਂਡ ਸਪ੍ਰਿੰਕਲਰ ਸਿਸਟਮ ਅਧੀਨ ਸਾਲ-ਵਾਰ

[ਸ਼੍ਰੀ ਤਰਲੋਚਨ ਸਿੰਘ]

ਕੁੱਲ ਕਿੰਨੀ ਸਬਸਿਡੀ ਪ੍ਰਾਪਤ ਕੀਤੀ ਗਈ?

(ਅ) ਉਪਰੋਕਤ ਵਰਣਿਤ ਮੰਤਵਾਂ ਲਈ ਵਰਣਿਤ ਸਾਲਾਂ ਦੌਰਾਨ ਕੇਂਦਰ ਅਤੇ ਰਾਜ ਦੁਆਰਾ ਖਰਚ ਕੀਤੇ ਗਏ ਫੰਡਾਂ ਦੇ ਵੱਖ-ਵੱਖ ਵੇਰਵੇ ਕੀ ਹਨ?

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : (ੳ) ਭਾਰਤ ਸਰਕਾਰ ਤੋਂ ਡਰਿਪ ਇਰੀਗੇਸ਼ਨ ਐਂਡ ਸਪ੍ਰਿੰਕਲਰ ਸਿਸਟਮ ਅਧੀਨ ਨਵੀਂ ਰਿਲੀਜ ਵਜੋਂ ਸਾਲ 2009-10, 2010-11 ਅਤੇ 2011-12 ਦੌਰਾਨ ਪ੍ਰਾਪਤ ਕੀਤੀ ਗਈ ਸਬਸਿਡੀ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਸਾਲ	ਭਾਰਤ ਸਰਕਾਰ ਤੋਂ ਪ੍ਰਾਪਤ ਫੰਡ (ਰੁਪਏ ਲੱਖਾਂ ਵਿਚ)
2009-10	859.04
2010-11	1261.30
2011-12	1600.00

(ਅ) ਡਰਿੱਪ ਇਰੀਗੇਸ਼ਨ ਅਤੇ ਸਪਰਿੰਕਲਰ ਇਰੀਗੇਸ਼ਨ ਤੇ ਦਿੱਤੀ ਜਾਣ ਵਾਲੀ ਸਬਸਿਡੀ ਦੇ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੇ ਫੰਡਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਸਾਲ	ਖਰਚ ਕੀਤੀ ਰਾਸ਼ੀ (ਰੁਪਏ ਲੱਖਾਂ ਵਿੱਚ)		
		State Share (including NABARD)	Total
2009-10	832.79	582.66	1415.45
2010-11	1172.61	1194.57	23.67.18
2011-12	1462.46	7.52	1469.98

ਐਨ.ਆਰ.ਐਚ.ਐਮ ਅਧੀਨ ਮਿਲੀਆਂ ਐਂਬੂਲੈਸਾਂ ਦੀ ਗਿਣਤੀ

***72. (ਸੀ.ਯੂ.) ਸ਼੍ਰੀ ਤਰਲੋਚਨ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਐਨ.ਆਰ.ਐਚ.ਐਮ. ਅਧੀਨ ਕੇਂਦਰ ਸਰਕਾਰ ਤੋਂ ਮਿਤੀ ਅੰਤ ਤੱਕ ਕੁੱਲ ਕਿੰਨੀਆਂ ਐਂਬਲੈਂਸਾਂ ਪ੍ਰਾਪਤ ਕੀਤੀਆਂ ਗਈਆਂ ;

(ਅ) ਉਪਰੋਕਤ ਵਰਣਿਤ ਐਂਬਲੈਂਸਾਂ ਦੀ ਜ਼ਿਲ੍ਹਾ-ਵਾਰ ਵੰਡ ਕਿਸ ਤਰ੍ਹਾਂ ਕੀਤੀ ਗਈ?

ਸ਼੍ਰੀ ਮਦਨ ਮੋਹਨ ਮਿੱਤਲ : (ੳ) ਸ਼੍ਰੀਮਾਨ ਜੀ, ਅਜੇ ਤੱਕ ਕੁੱਲ 50 ਰੈਫਰਲ ਐਂਬੂਲੈਂਸਾਂ ਹਸਪਤਾਲਾਂ ਲਈ ਅਤੇ 240 ਐਮਰਜੈਂਸੀ ਰਿਸਪੌਂਸ ਸਰਵਸਿਜ਼ (ERS) 'ਡਾਇਲ 108' ਨਾਮ ਨਾਲ ਪ੍ਰਚਲਿਤ ਐਂਬਲੈਂਸਾਂ ਨੈਸ਼ਨਲ ਰੂਰਲ ਹੈਲਥ ਮਿਸ਼ਨ ਅਧੀਨ ਖਰੀਦੀਆਂ ਗਈਆਂ ਹਨ।

(ਅ) ਇਨ੍ਹਾਂ ਐਂਬਲੈਂਸਾਂ ਦੀ ਜ਼ਿਲ੍ਹਾ-ਵਾਰ ਵੰਡ ਦਾ ਵੇਹਵਾ ਅਨੁਲੱਗ 'ੳ' ਤੇ ਨੱਥੀ ਹੈ;

ਅਨੁਲੱਗ 'ੳ'

ਐਂਬੂਲੈਂਸਾਂ ਦੀ ਜ਼ਿਲ੍ਹਾ ਵਾਰ ਵੰਡ ਦਾ ਵੇਰਵਾ

ਲੜੀ ਨੰਬਰ	ਜ਼ਿਲ੍ਹੇ ਦਾ ਨਾਮ	50 ਰੈਫੇਰਲ ਐਂਬਲੈਂਸਾਂ	240(ਈ.ਆਰ.ਐਸ ਡਾਇਲ 108) ਐਂਬਲੈਂਸਾਂ
1	ਅੰਮ੍ਰਿਤਸਰ	3	22
2	ਅਜੀਤਗੜ੍ਹ	4	9
3	ਬਠਿੰਡਾ	2	12
4	ਬਰਨਾਲਾ	3	5
5	ਫਰੀਦਕੋਟ	2	5
6	ਫਤਿਹਗੜ੍ਹ ਸਾਹਿਬ	2	5
7	ਫਿਰੋਜ਼ਪੁਰ	3	17
8	ਗੁਰਦਾਸਪੁਰ	4	20
9	ਹੁਸ਼ਿਆਰਪੁਰ	3	14
10	ਜਲੰਧਰ		19
11	ਕਪੂਰਥਲਾ	1	7
12	ਲੁਧਿਆਣਾ	4	30
13	ਮਾਨਸਾ	3	7
14	ਮੋਗਾ	4	9
15	ਮੁਕਤਸਰ	2	8
16	ਪਟਿਆਲਾ	2	16

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

17	ਰੋਪੜ	4	6
18	ਸੰਗਰੂਰ	4	14
19	ਸ਼ਹੀਦ ਭਗਤ ਸਿੰਘ ਨਗਰ		5
20	ਤਰਨ ਤਾਰਨ		10
	ਕੁੱਲ	**50**	**240**

ਅਜ਼ਾਦੀ ਘੁਲਾਟੀਆਂ ਦੀ ਯਾਦਗਾਰ

***76. (ਸੀ.ਯੂ.) ਡਾਕਟਰ ਦਲਜੀਤ ਸਿੰਘ ਚੀਮਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਦੇਸ਼ ਦੀ ਅਜ਼ਾਦੀ ਲਈ ਘਾਲਣਾ ਘਾਲਣ ਵਾਲੇ ਅਜ਼ਾਦੀ ਘੁਲਾਟੀਆਂ ਦੀ ਯਾਦ ਵਿਚ ਰਾਜ ਦੇ ਦੁਆਬੇ ਖੇਤਰ ਵਿਚ ਇਕ ਢੁੱਕਵੀਂ ਯਾਦਗਾਰ ਉਸਾਰਨ ਬਾਰੇ ਕੋਈ ਐਲਾਨ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧ ਵਿਚ ਸਰਕਾਰ ਨੇ ਹੁਣ ਤੱਕ ਕੀ ਕਾਰਵਾਈ ਕੀਤੀ ਹੈ?

ਸੈਰਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ (ਸਰਦਾਰ ਸਰਵਨ ਸਿੰਘ ਫਿਲੌਰ): ਹਾਂ ਜੀ, ਪੰਜਾਬ ਸਰਕਾਰ ਵੱਲੋਂ ਦੇਸ਼ ਦੀ ਅਜ਼ਾਦੀ ਲਈ ਘਾਲਣਾ ਘਾਲਣ ਵਾਲੇ ਅਜ਼ਾਦੀ ਘੁਲਾਟੀਆਂ ਦੀ ਯਾਦ ਵਿੱਚ ਢੁੱਕਵੀਂ ਯਾਦਗਾਰ ਸਥਾਪਤ ਕੀਤੀ ਜਾ ਰਹੀ ਹੈ। ਇਸ ਮੰਤਵ ਲਈ ਕਰਤਾਰਪੁਰ ਵਿਖੇ 20 ਏਕੜ ਜ਼ਮੀਨ ਸਭਿਆਚਾਰਕ ਮਾਮਲੇ ਵਿਭਾਗ ਦੇ ਨਾਮ ਤਬਦੀਲ ਕੀਤੀ ਜਾ ਚੁੱਕੀ ਹੈ ਅਤੇ ਇਸ ਦੇ ਨਾਲ ਲੱਗਦੀ ਹੋਰ 5 ਏਕੜ ਜ਼ਮੀਨ ਸਭਿਆਚਾਰਕ ਮਾਮਲੇ ਵਿਭਾਗ ਦੇ ਨਾਮ ਤੇ ਤਬਦੀਲ ਕਰਨ ਹਿੱਤ ਕਾਰਵਾਈ ਚੱਲ ਰਹੀ ਹੈ। ਅਜ਼ਾਦੀ ਘੁਲਾਟੀਆਂ ਵੱਲੋਂ ਪਾਏ ਯੋਗਦਾਨ ਨੂੰ ਇਸ ਸਮਾਰਕ ਵਿੱਚ ਦਰਸਾਉਣ ਹਿੱਤ ਪ੍ਰਮੁੱਖ ਇਤਿਹਾਸਕਾਰਾਂ ਦੀ ਇਕ ਕੰਸੈਪਟ ਕਮੇਟੀ ਗਠਿਤ ਕੀਤੀ ਗਈ ਹੈ ਜੋ ਇਸ ਮੰਤਵ ਲਈ ਇਕ ਕੰਸੈਪਟ ਪੇਪਰ ਤਿਆਰ ਕਰਨ ਹਿੱਤ ਕਾਰਵਾਈ ਕਰ ਰਹੀ ਹੈ।

ਪੀਣ ਯੋਗ ਪਾਣੀ ਦੀ ਸਪਲਾਈ

***82. (ਸੀ.ਯੂ.) ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਨੇ ਛੋਟੇ ਅਤੇ ਵੱਡੇ ਸਾਰੇ ਸ਼ਹਿਰਾਂ ਵਿੱਚ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਾਉਣ ਲਈ ਕੋਈ ਵਿਸ਼ੇਸ਼ ਪ੍ਰੋਗਰਾਮ ਚਲਾਉਣ ਦਾ ਫੈਸਲਾ ਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਪੂਰੇ ਵੇਰਵੇ ਸਦਨ ਨੂੰ ਦੱਸੇ ਜਾਣ?

ਸ਼੍ਰੀ ਚੂਨੀ ਲਾਲ ਭਗਤ : ਹਾਂ ਜੀ। ਰਾਜ ਸਰਕਾਰ ਨੇ ਰਾਜ ਦੇ ਸਾਰੇ ਸ਼ਹਿਰਾਂ ਵਿੱਚ ਸਾਫ ਪਾਣੀ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਹ ਕੰਮ ਅਗਲੇ 2 ਸਾਲਾਂ ਵਿਚ ਪੂਰਾ ਕਰ ਲਿਆ ਜਾਵੇਗਾ।

ਕੀੜੇਮਾਰ ਦਵਾਈਆਂ ਉੱਤੇ ਰੋਕ

***83. (ਸੀ.ਯੂ.) ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੇਤੀਬਾੜੀ ਦੇ ਮੰਤਵ ਲਈ ਖਤਰਨਾਕ ਕੀੜੇਮਾਰ ਦਵਾਈਆਂ ਦੀ ਵਰਤੋਂ ਉੱਤੇ ਰੋਕ ਲਗਾਉਣ ਸਬੰਧੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

ਸਰਦਾਰ ਪਰਕਾਸ਼ ਸਿੰਘ ਬਾਦਲ : ਨਹੀਂ ਜੀ, ਰਾਜ ਸਰਕਾਰ ਨੂੰ ਕਿਸੇ ਵੀ ਕੀੜੇਮਾਰ ਦਵਾਈ ਦੀ ਵਰਤੋਂ ਉੱਤੇ ਰੋਕ ਲਗਾਉਣ ਦਾ ਕੋਈ ਵੀ ਕਾਨੂੰਨੀ ਅਧਿਕਾਰ ਨਹੀਂ ਹੈ। ਇੰਸੈਕਟੀਸਾਈਡ ਐਕਟ, 1968 ਅਤੇ ਇੰਸੈਕਟੀਸਾਈਡ ਰੂਲਜ਼, 1971 ਦੀਆਂ ਧਾਰਾਵਾਂ ਅਧੀਨ ਸੈਂਟਰਲ ਇੰਸੈਕਟੀਸਾਈਡ ਬੋਰਡ ਅਤੇ ਰਜਿਸਟਰੇਸ਼ਨ ਕਮੇਟੀ, ਭਾਰਤ ਸਰਕਾਰ ਨੂੰ ਕੀੜੇਮਾਰ ਦਵਾਈਆਂ ਦੀ ਰੋਕ ਲਗਾਉਣ ਦਾ ਅਧਿਕਾਰ ਹੈ ਅਤੇ ਇਸ ਪਾਬੰਦੀ ਦੀ ਰਾਜ ਸਰਕਾਰ ਵੱਲੋਂ ਪਾਲਣਾ ਕੀਤੀ ਜਾਂਦੀ ਹੈ।

ਸੂਰਜੀ ਊਰਜਾ ਸ਼ਕਤੀ ਯੰਤਰ ਲਗਾਉਣਾ

***84. (ਸੀ.ਯੂ.) ਸਰਦਾਰ ਦਰਸ਼ਨ ਸਿੰਘ ਕੋਟਫੱਤਾ :** ਕੀ ਗੈਰ ਰਵਾਇਤੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੈਰ ਰਵਾਇਤੀ ਊਰਜਾ ਲਈ ਸੂਰਜੀ ਊਰਜਾ ਸ਼ਕਤੀ ਯੰਤਰ ਲਗਾਉਣ ਲਈ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਸਬੰਧੀ ਵੇਰਵੇ ਦਿੱਤੇ ਜਾਣ?

ਸਰਦਾਰ ਬਿਕਰਮ ਸਿੰਘ ਮਜੀਠੀਆ : ਹਾਂ, ਸ਼੍ਰੀਮਾਨ ਜੀ, ਗੈਰ ਰਵਾਇਤੀ ਸੂਰਜੀ ਊਰਜਾ ਬਾਰੇ ਸਰਕਾਰ ਦੇ ਵਿਚਾਰ ਅਧੀਨ ਦੋ ਸਕੀਮਾਂ ਹਨ ਜਿਨ੍ਹਾਂ ਦਾ ਵੇਰਵੇ ਅਨੁਲੱਗ (ੳ) ਅਨੁਸਾਰ ਨੱਥੀ ਹਨ:-

ਅਨੁਲੱਗ 'ੳ'

(ੳ). ਗਰਿੱਡ ਕੁਨੈਕਟਿਡ ਸੋਲਰ ਪਾਵਰ ਪ੍ਰੋਜੈਕਟ : ਪੇਡਾ ਵੱਲੋਂ ਰਾਜ ਸਰਕਾਰ ਦੀ ਐਨ.ਆਰ.ਐਸ.ਈ ਪਾਲਿਸੀ, 2012 ਤਹਿਤ ਪੰਜਾਬ ਰਾਜ ਵਿੱਚ ਸਾਲ 2022 ਤੱਕ 1000 ਮੈਗਾਵਾਟ ਸਮਰੱਥਾ ਦੇ ਗਰਿੱਡ ਕੁਨੈਕਟਡ ਸੋਲਰ ਪਾਵਰ ਪ੍ਰੋਜੈਕਟ ਸਥਾਪਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਲੜੀ ਤਹਿਤ ਪੇਡਾ ਵੱਲੋਂ ਪ੍ਰਾਈਵੇਟ ਉੱਦਮੀਆਂ ਦੁਆਰਾ 250 ਮੈਗਾਵਾਟ ਸਮਰੱਥਾ ਦੇ ਸੋਲਰ ਪਾਵਰ ਜਨਰੇਸ਼ਨ ਪ੍ਰੋਜੈਕਟ ਲਗਾਉਣ ਲਈ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਉੱਦਮੀਆਂ ਦੀ ਚੋਣ ਕੀਤੀ ਜਾ ਚੁੱਕੀ ਹੈ, ਜਿਸ ਵਿੱਚ ਕੈਟਾਗਰੀ-1 ਭਾਵ ਕਿ 1 ਤੋਂ 4 ਮੈਗਾਵਾਟ ਸਮਰੱਥਾ ਦੇ ਪਾਵਰ ਪਲਾਂਟਾਂ ਤੋਂ 50 ਮੈਗਾਵਾਟ ਅਤੇ ਕੈਟਾਗਰੀ-2 ਭਾਵ ਕਿ 5 ਤੋਂ 30 ਮੈਗਾਵਾਟ ਦੇ 200 ਮੈਗਾਵਾਟ ਪ੍ਰੋਜੈਕਟ ਪ੍ਰਾਈਵੇਟ ਉੱਦਮੀਆਂ ਨੂੰ ਅਲਾਟ ਕਰ ਦਿੱਤੇ ਗਏ ਹਨ। ਇਨ੍ਹਾਂ ਸੋਲਰ ਪਾਵਰ ਪ੍ਰੋਜੈਕਟਾਂ ਤੇ ਤਕਰੀਬਨ 2000 ਕਰੋੜ ਰੁਪਿਆ ਖਰਚ ਆਉਣ ਦਾ ਅਨੁਮਾਨ ਹੈ। ਇਨ੍ਹਾਂ ਪਾਵਰ ਪਲਾਂਟਾਂ ਨਾਲ ਲੋਕਲ ਪੱਧਰ ਤੇ 1500 ਤਕਨੀਕੀ ਅਤੇ ਗੈਰ ਤਕਨੀਕੀ ਲੋਕਾਂ ਨੂੰ ਰੋਜ਼ਗਾਰ

[ਗੈਰ ਰਵਾਇਤੀ ਊਰਜਾ ਮੰਤਰੀ]

ਮਿਲੇਗਾ ਅਤੇ ਸਲਾਨਾ 375 ਮਿਲੀਅਨ ਯੂਨਿਟ ਸਾਫ ਸੁਥਰੀ ਊਰਜਾ ਪ੍ਰਾਪਤ ਹੋਵੇਗੀ ਜਿਸ ਨੂੰ ਗਰਿਡ ਰਾਹੀਂ ਸਪਲਾਈ ਕੀਤਾ ਜਾਵੇਗਾ। ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਸਾਰੇ ਪਾਵਰ ਪ੍ਰੋਜੈਕਟ 31 ਦਸੰਬਰ, 2014 ਤੱਕ ਚਾਲੂ ਕੀਤੇ ਜਾਣੇ ਹਨ।

ਅ. ਰੂਫ ਟਾਪ ਸੋਲਰ ਫੋਟੋਵੋਲਟਿਕ ਪਾਵਰ ਪਲਾਂਟ : ਪੇਡਾ ਵੱਲੋਂ ਰਾਜ ਸਰਕਾਰ ਦੀ ਐਨ.ਆਰ.ਐਸ.ਈ ਪਾਲਿਸੀ, 2012 ਤਹਿਤ ਰਾਜ ਦੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਵਿਆਉਣਯੋਗ ਊਰਜਾ ਸਰੋਤਾਂ ਦੀ ਹਿੱਸੇਦਾਰੀ ਵਧਾਉਣ ਲਈ ਪੰਜਾਬ ਰਾਜ ਦੇ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਅਦਾਰਿਆਂ ਦੀਆਂ ਇਮਾਰਤਾਂ ਦੀਆਂ ਛੱਤਾਂ ਤੇ ਸੋਲਰ ਰੂਫ ਟਾਪ ਪਾਵਰ ਪ੍ਰੋਜੈਕਟ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਪੇਡਾ ਵੱਲੋਂ ਐਮ.ਐਨ.ਆਰ.ਈ, ਭਾਰਤ ਦੀ ਸਕੀਮ ਅਨੁਸਾਰ ਅਟੈਂਡਅਲੋਨ ਰੂਫਟਾਪ ਐਸ.ਪੀ.ਵੀ. ਸਿਸਟਮਾਂ ਤੇ 30% ਸਬਸਿਡੀ ਮੁਹੱਈਆ ਕਰਵਾਈ ਜਵੇਗੀ। ਇਸ ਤੋਂ ਇਲਾਵਾ ਪੇਡਾ ਵੱਲੋਂ ਇਸ ਪ੍ਰੋਗਰਾਮ ਤਹਿਤ ਘਰੇਲੂ, ਉਦਯੋਗਿਕ ਅਤੇ ਕਮਰਸ਼ੀਅਲ ਖਪਤਕਾਰਾਂ ਵੱਲੋਂ ਪੈਦਾ ਕੀਤੀ ਊਰਜਾ ਨੈਟ ਮੀਟਿਰਿੰਗ ਪ੍ਰਣਾਲੀ ਰਾਹੀਂ ਪੀ.ਐਸ.ਪੀ.ਐਲ ਨੂੰ ਸਪਲਾਈ ਕਰਨ ਲਈ ਸਕੀਮ ਲਾਗੂ ਕਰਨ ਦੀ ਤਜਵੀਜ਼ ਹੈ।

ਸ਼ਡਿਊਲ ਸੜਕਾਂ ਉੱਤੇ ਉਸਾਰੀਆਂ ਨੂੰ ਨਿਯਮਿਤ ਕਰਨਾ

***87. (ਸੀ.ਯੂ.) ਸਰਦਾਰ ਸਿਮਰਜੀਤ ਸਿੰਘ ਬੈਂਸ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪੁੱਡਾ ਐਕਟ ਹੋਂਦ ਵਿਚ ਆਉਣ ਤੋਂ ਪਹਿਲਾਂ ਸ਼ਡਿਊਲ ਸੜਕਾਂ ਉੱਤੇ ਕੀਤੀਆਂ ਗਈਆਂ ਉਸਾਰੀਆਂ ਨੂੰ ਨਿਯਮਿਤ ਕਰਨ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਸਬੰਧੀ ਵੇਰਵੇ ਦਿੱਤੇ ਜਾਣ?

ਸਰਦਾਰ ਸੁਖਬੀਰ ਸਿੰਘ ਬਾਦਲ : ਪੰਜਾਬ ਰਿਜਨਲ ਐਂਡ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ ਹੋਂਦ ਵਿਚ ਆਉਣ ਤੋਂ ਪਹਿਲਾਂ ਸ਼ਡਿਊਲਡ ਸੜਕਾਂ ਉੱਤੇ ਕੀਤੀਆਂ ਗਈਆਂ ਉਸਾਰੀਆਂ ਨੂੰ ਨਿਯਮਤ ਕਰਨ ਲਈ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ, ਕਿਉਂਕਿ ਐਕਟ ਵਿਚ ਹੀ ਅਜਿਹੀਆਂ ਉਸਾਰੀਆਂ ਨੂੰ ਛੋਟ ਦਿੱਤੀ ਗਈ ਹੈ।

ਪਲਾਟਾਂ ਵਿਚ ਉਸਾਰੀ ਨਾ ਕਰਨ ਲਈ ਜੁਰਮਾਨਾ

***88. (ਸੀ.ਯੂ.) ਸਰਦਾਰ ਸਿਮਰਜੀਤ ਸਿੰਘ ਬੈਂਸ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਸੱਚ ਹੈ ਕਿ ਗਲਾਡਾ ਵੱਲੋਂ ਨਾ ਉਸਾਰੀ ਸਬੰਧੀ ਸਾਲ 2011 ਅਤੇ 2012 ਲਈ ਜੁਰਮਾਨੇ ਦੀਆਂ ਦਰਾਂ ਅਜੇ ਤੈਅ ਨਹੀਂ ਕੀਤੀਆਂ ਗਈਆਂ ਜਿਸ ਨਾਲ ਪਲਾਟ ਲਈ ਮਾਲਿਕਾਂ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ;

(ਅ) ਕੀ ਪਲਾਟ ਦੇ ਕਵਰਡ ਏਰੀਏ ਨੂੰ 65% ਤੋਂ ਵਧਾ ਕੇ 80% ਜਾਂ ਵੱਧ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਦਿੱਤੇ ਜਾਣ?

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): (ੳ) ਨਹੀਂ ਜੀ। ਸਾਲ 2011 ਅਤੇ 2012 ਲਈ ਪਲਾਟਾਂ ਦੀ ਬਣਦੀ ਨਾ ਉਸਾਰੀ ਫੀਸ ਦੀਆਂ ਦਰਾਂ ਸਰਕਾਰ ਵੱਲੋਂ ਤੈਅ ਕੀਤੀਆਂ ਹੋਈਆਂ ਹਨ।

(ਅ) ਨਹੀਂ ਜੀ। ਪਲਾਟ ਦੇ ਕਵਰਡ ਏਰੀਏ ਨੂੰ 65% ਤੋਂ ਵਧਾ ਕੇ 80% ਜਾਂ ਵੱਧ ਕਰਨ ਲਈ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

ਖਰੜ ਦਾ ਮਾਸਟਰ ਪਲਾਨ

***91. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਕਸਬਾ ਖਰੜ ਜ਼ਿਲ੍ਹਾ ਅਜੀਤਗੜ੍ਹ (ਮੋਹਾਲੀ) ਲਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਸੀ; ਜੇਕਰ ਸੀ ਤਾਂ ਇਹ ਕਦੋਂ ਤਿਆਰ ਕੀਤਾ ਗਿਆ ਸੀ;

(ਅ) ਉਕਤ ਮਾਸਟਰ ਪਲਾਨ ਨੂੰ ਅਮਲ ਵਿੱਚ ਲਿਆਉਣ ਲਈ ਕੀ ਕਸੌਟੀ ਰੱਖੀ ਗਈ ਸੀ ਅਤੇ ਇਸ ਨੂੰ ਲਾਗੂ ਕਰਨ ਲਈ ਕੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ?

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : (ੳ) ਕਸਬਾ ਖਰੜ ਜ਼ਿਲ੍ਹਾ ਅਜੀਤਗੜ੍ਹ (ਮੋਹਾਲੀ) ਦਾ ਮਾਸਟਰ ਪਲੈਨ ਮਿਤੀ 25 ਮਈ, 2010 ਨੂੰ ਤਿਆਰ ਕਰਨ ਉਪਰੰਤ ਨੋਟੀਫਾਈ ਕੀਤਾ ਜਾ ਚੁੱਕਾ ਹੈ।

(ੳ) ਕਸਬਾ ਖਰੜ ਜ਼ਿਲ੍ਹਾ ਅਜੀਤਗੜ੍ਹ (ਮੋਹਾਲੀ) ਦਾ ਮਾਸਟਰ ਪਲੈਨ ਮਿਤੀ 25 ਮਈ, 2010 ਨੂੰ ਤਿਆਰ ਕਰਨ ਉਪਰੰਤ ਨੋਟੀਫਾਈ ਕੀਤਾ ਜਾ ਚੁੱਕਾ ਹੈ।

(ਅ) ਖਰੜ ਮਾਸਟਰ ਪਲੈਨ ਮੈਂਸ: ਜਰੌਂਗ ਕੰਸਲਟੈਂਟ ਸਿੰਘਾਪੁਰ ਵੱਲੋਂ ਹੇਠ ਲਿਖੀਆਂ ਕਸੌਟੀਆਂ ਤੇ ਤਿਆਰ ਕੀਤਾ ਗਿਆ ਹੈ।

(1) ਖਰੜ ਸ਼ਹਿਰ ਨੂੰ ਚੰਡੀਗੜ੍ਹ ਅਤੇ ਮੋਹਾਲੀ ਦੀ ਤਰਜ ਤੇ ਬਤੌਰ ਰਿਹਾਇਸ਼ੀ ਟਾਊਨਸ਼ਿਪ ਵਜੋਂ ਉਸਾਰਿਆ ਜਾਣਾ ਹੈ।

(2) ਖਰੜ ਸ਼ਹਿਰ ਦੇ ਮੌਜੂਦਾ ਕਰੈਕਟਰ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਸੜਕਾਂ ਦੇ ਨਾਲ-ਨਾਲ ਮਿਕਸਡ ਲੈਂਡ ਯੂਜ਼ ਜ਼ੋਨ ਤਜਵੀਜ਼ ਕੀਤਾ ਗਿਆ ਹੈ।

(3) ਖਰੜ ਦੇ ਆਲੇ ਦੁਆਲੇ ਦੇ ਖੇਤੀਬਾੜੀ ਕਰੈਕਟਰ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਸਟਰ ਪਲੈਨ ਵਿੱਚ ਐਗਰੀ-ਰਿਕਰੇਸ਼ਨਲ ਜ਼ੋਨ ਤਜਵੀਜ਼

[ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ]

ਕੀਤਾ ਗਿਆ ਹੈ ਜਿਸ ਵਿੱਚ ਖੇਤੀਬਾੜੀ ਨਾਲ ਸਬੰਧਤ ਨਵੇਂ ਯੂਜ ਤਜਵੀਜ਼ ਕੀਤੇ ਗਏ ਹਨ, ਜਿਵੇਂ ਕਿ ਐਗਰੀਕਲਚਰਲ ਰਿਸਰਚ ਅਤੇ ਡਿਵੈਲਪਮੈਂਟ, ਐਕਸਪੋ, ਐਗਰੀ ਸਫਾਈ, ਐਫ.ਐਂਡ ਬੀ (ਫੂਡ ਐਂਡ ਬੇਵਰੇਜਜ਼) ਆਊਟ-ਲੈੱਟ ਆਦਿ।

ਇਸ ਇਲਾਕੇ ਦਾ ਵਿਕਾਸ ਹੁਣ ਮਾਸਟਰ ਪਲਾਨ ਦੇ ਉਪਬੰਧਾਂ ਅਨੁਸਾਰ ਕੀਤਾ ਜਾਵੇਗਾ।

ਖਰੜ-ਕੁਰਾਲੀ ਸੜਕ ਨੂੰ ਚਹੁੰ ਮਾਰਗੀ ਬਣਾਉਣਾ

***94. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਖਰੜ-ਕੁਰਾਲੀ ਅਤੇ ਖਰੜ-ਲੁਧਿਆਣਾ ਹਾਈਵੇ ਨੂੰ ਚਹੁੰ-ਮਾਰਗੀ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਉਤੇ ਕਿੰਨਾ ਖਰਚਾ ਹੋਣ ਦੀ ਸੰਭਾਵਨਾ ਹੈ, ਕਿਸ ਸਕੀਮ/ਏਜੰਸੀ ਅਧੀਨ ਇਸ ਨੂੰ ਲਾਗੂ ਕੀਤਾ ਜਾਵੇਗਾ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਖਰੜ-ਕੁਰਾਲੀ ਸੜਕ ਨੂੰ ਚਹੁੰ ਮਾਰਗੀ ਕਰਨ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਕੰਮ ਉੱਤੇ ਕਿੰਨਾ ਖਰਚਾ ਹੋਣ ਦੀ ਸੰਭਾਵਨਾ ਹੈ ਇਹ ਇਸ ਸਟੇਜ ਤੇ ਦੱਸਣਾ ਸੰਭਵ ਨਹੀਂ ਹੈ ਕਿਉਂਕਿ ਹਾਲੇ ਤਾਂ ਕੰਸਲਟੈਂਟ ਦੀ ਨਿਯੁਕਤੀ ਵੀ ਨਹੀਂ ਹੋਈ ਅਤੇ ਨਾ ਹੀ ਡੀ.ਪੀ.ਆਰ. ਬਣੀ ਹੈ। ਇਹ ਕੰਮ ਨੈਸ਼ਨਲ ਹਾਈਵੇ ਅਥਾਰਿਟੀ ਵੱਲੋਂ ਬੀ.ਓ.ਟੀ. ਸਕੀਮ ਅਧੀਨ ਕੀਤਾ ਜਾਵੇਗਾ ਇਸ ਸਟੇਜ ਤੇ ਇਹ ਕੰਮ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ, ਵੀ ਦੱਸਣਾ ਸੰਭਵ ਨਹੀਂ ਹੈ।

ਖਰੜ-ਲੁਧਿਆਣਾ ਸੜਕ ਨੂੰ ਚਹੁੰ ਮਾਰਗੀ ਕਰਨ ਦੀ ਯੋਜਨਾ ਵੀ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਕੰਮ ਉਤੇ ਤਕਰੀਬਨ 600 ਕਰੋੜ ਰੁਪਏ ਖਰਚ ਹੋਣ ਦੀ ਸੰਭਾਵਨਾ ਹੈ। ਇਹ ਕੰਮ ਸਾਲ 2016 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਲਾਂਡਰਾਂ-ਫਤਿਹਗੜ੍ਹ ਸਾਹਿਬ/ਸੜਕ ਨੂੰ ਚਹੁੰ-ਮਾਰਗੀ ਬਣਾਉਣਾ

***95. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਲਾਂਡਰਾਂ-ਫਤਿਹਗੜ੍ਹ ਸਾਹਿਬ ਅਤੇ ਲਾਂਡਰਾਂ-ਬਨੂੜ ਸੜਕਾਂ ਨੂੰ

ਚਹੁੰ-ਮਾਰਗੀ ਬਣਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਤੇ ਕਿੰਨਾ ਖਰਚ ਹੋਵੇਗਾ, ਕਿਸ ਸਕੀਮ /ਏਜੰਸੀ ਦੇ ਅਧੀਨ ਇਹ ਲਾਗੂ ਹੋਵੇਗੀ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤਾ ਜਾਵੇਗਾ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਲਾਂਡਰਾਂ-ਫਤਿਹਗੜ੍ਹ ਸਾਹਿਬ ਨੂੰ ਚਹੁੰ ਮਾਰਗੀ ਕਰਨ ਦੀ ਯੋਜਨਾ, ਹਾਲ ਦੀ ਘੜੀ, ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

ਲਾਂਡਰਾਂ ਬਨੂੜ ਸੜਕ ਕਿ.ਮੀ.7.0 (ਲਾਂਡਰਾਂ) ਤੋਂ ਕਿ.ਮੀ.9.183 (ਭਾਗੋਮਾਜਰਾ) ਤੱਕ ਪਹਿਲਾਂ ਹੀ ਚਹੁੰ ਮਾਰਗੀ ਹੈ। ਇਸ ਸੜਕ ਦਾ ਬਾਕੀ ਹਿੱਸਾ ਕਿ.ਮੀ. 9.183 (ਭਾਗੋ ਮਾਜਰਾ) ਤੋਂ ਕਿ.ਮੀ. 22.40 (ਬਨੂੜ) ਤੱਕ ਚਹੁੰ ਮਾਰਗੀ ਬਣਾਉਣ ਦੀ ਕੋਈ ਤਜਵੀਜ਼, ਹਾਲ ਦੀ ਘੜੀ, ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਸੜਕ ਦਾ ਇਹ ਹਿੱਸਾ ਪਹਿਲਾਂ ਹੀ 12 ਮੀਟਰ ਚੌੜਾ ਹੈ।

ਲਿੰਕ ਸੜਕਾਂ ਦੀ ਮੁਰੰਮਤ

***96. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਅਜੀਤਗੜ੍ਹ (ਮੋਹਾਲੀ) ਵਿੱਚ ਮਾਜਰੀ ਅਤੇ ਖਰੜ ਬਲਾਕ ਦੀਆਂ ਖਸਤਾ ਹਾਲਤ ਲਿੰਕ ਸੜਕਾਂ ਨੂੰ ਦੁਬਾਰਾ ਬਣਾਉਣ/ਮੁਰੰਮਤ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸੜਕਾਂ ਦੀ ਮੁਰੰਮਤ ਵਾਸਤੇ ਕਿੰਨਾ ਸਮਾਂ ਲੱਗੇਗਾ ?

ਸਰਦਾਰ ਪਰਕਾਸ਼ ਸਿੰਘ ਬਾਦਲ : ਜ਼ਿਲ੍ਹਾ ਅਜੀਤਗੜ੍ਹ (ਮੋਹਾਲੀ) ਵਿੱਚ ਮਾਜਰੀ ਅਤੇ ਖਰੜ ਬਲਾਕ ਦੀਆਂ ਲਿੰਕ ਸੜਕਾਂ ਨੂੰ ਮੁਰੰਮਤ ਕਰਨ ਦੀ ਕੋਈ ਨਵੀਂ ਯੋਜਨਾ ਹਾਲ ਦੀ ਘੜੀ ਵਿਚਾਰ ਅਧੀਨ ਨਹੀਂ ਹੈ।

ਇਨ੍ਹਾਂ ਬਲਾਕਾਂ ਵਿੱਚ ਸਾਲ 2010-11 ਦੌਰਾਨ 21.93 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਦੀ ਰਿਪੇਅਰ ਦੀ ਪ੍ਰਵਾਨਗੀ ਬਾਬਤ ਲਾਗਤ ਰੁ: 480.78 ਲੱਖ ਨਾਲ ਜਾਰੀ ਕੀਤੀ ਗਈ ਸੀ। ਇਨ੍ਹਾਂ ਵਿੱਚੋਂ 14.23 ਕਿਲੋਮੀਟਰ ਸੜਕਾਂ ਦਾ ਕੰਮ ਮੁਕੰਮਲ ਹੈ ਅਤੇ ਬਕਾਇਆ ਕੰਮ ਮਿਤੀ 31-8-2012 ਤੱਕ ਮੁਕੰਮਲ ਹੋਣ ਦੀ ਆਸ ਹੈ।

ਐਨ.ਏ.ਸੀ. ਨਵਾਂ ਗਾਉਂ ਵਿਖੇ ਵਿਕਾਸ ਦੇ ਕੰਮ

***97. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਐਨ.ਏ.ਸੀ. ਨਵਾਂ ਗਾਉਂ (ਨੇੜੇ ਚੰਡੀਗੜ੍ਹ) ਦੇ ਸਮੁੱਚੇ ਵਿਕਾਸ ਪ੍ਰੋਜੈਕਟਾਂ ਲਈ ਸਾਲ 2010-11, 2011-12 ਅਤੇ 2012-13 ਦੌਰਾਨ ਵੱਖ-ਵੱਖ ਮੱਦਾਂ ਅਧੀਨ ਕਿੰਨਾ ਬਜਟ ਐਲੋਕੇਟ ਕੀਤਾ ਗਿਆ ਹੈ;

(ਅ) ਸਾਲ 2010-11 ਅਤੇ 2011-12 ਵਿੱਚ ਕਿਸ ਮੰਤਵ ਲਈ ਕਿੰਨੇ ਫੰਡਾਂ ਦੀ ਵਰਤੋਂ ਕੀਤੀ ਗਈ ਸੀ?

ਸ਼੍ਰੀ ਚੂਨੀ ਲਾਲ ਭਗਤ : (ੳ) ਅਤੇ (ਅ) ਲੋੜੀਂਦੀ ਸੂਚਨਾ ਅਨੁਲੱਗ-'ੳ', ਅਨੁਲੱਗ-'ਅ' ਅਤੇ ਅਨੁਲੱਗ-'ੲ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ:-

ਅਨੁਲੱਗ-ੳ

ਸਾਲ 2010-11

ਲੜੀ ਨੰ:	ਮੱਦ ਦਾ ਨਾਂ/ਮੰਤਵ	ਬਜਟ(ਲੱਖਾਂ ਵਿੱਚ)	ਖਰਚ
1.	ਕੰਸਟਰਕਸ਼ਨ ਆਫ ਸਟਰੀਟ ਅਤੇ ਡਰੇਨ	80.00	13.18
2.	ਰਿਪੇਅਰ ਆਫ ਸਟਰੀਟ ਅਤੇ ਡਰੇਨ	5-00	--
3.	ਕੰਸਟਰਕਸ਼ਨ ਆਫ ਰੋਡਜ਼	85.86	18.47
4.	ਰਿਪੇਅਰ ਆਫ ਰੋਡਜ਼	10.00	--
5.	ਕੰਪਿਊਟਰ ਨੈਟਵਰਕਿੰਗ	2.00	0.60
6.	ਸਟਰੀਟ ਲਾਈਟ	100.00	79.07
7.	ਸੋਲਡ ਵੇਸਿਟ ਮੈਨੇਜਮੈਂਟ	25.00	23.38
8.	ਰਿਪੇਮੈਂਟ ਆਫ ਲੋਨ	5.00	1.00
9.	ਡਿਸਚਾਰਜ ਆਫ ਵੇਸਟ ਵਾਟਰ	30.00	--
10.	ਸਲੱਮ ਸੁਧਾਰ	10.00	0.95
11.	ਪਰਚੇਜ ਆਫ ਮਸ਼ੀਨਰੀ	10.00	0.38
12.	ਕੰਸਟਰਕਸ਼ਨ ਆਫ ਆਫਿਸ	20.00	0.38
13.	ਕੋਰਟ ਕੇਸ	2.00	0.00

14.	ਪਾਰਕਸ	7.00	--
15.	ਸੀ.ਵੀ.ਓ/ਡਾਇਰੈਕਟੋਰੇਟ ਚਾਰਜਿਜ਼	1.00	--
16.	ਇਲੈਕਟਰੀਸਿਟੀ ਬਿੱਲ	10.00	2.85
	ਕੁੱਲ ਜੋੜ	**402.86**	**140.26**

ਅਨੁਲੱਗ-ਅ

ਸਾਲ 2011-12

ਲੜੀ ਨੰ:	ਮੱਦ ਦਾ ਨਾਂ/ਮੰਤਵ	ਬਜਟ(ਲੱਖਾਂ ਵਿੱਚ)	ਖਰਚ
1.	ਕੰਸਟਰਕਸ਼ਨ ਆਫ ਸਟਰੀਟ ਅਤੇ ਡਰੇਨ	95.00	280.06
2.	ਰਿਪੇਅਰ ਆਫ ਸਟਰੀਟ ਅਤੇ ਡਰੇਨ	5.00	4.44
3.	ਕੰਸਟਰਕਸ਼ਨ ਆਫ ਰੋਡਜ	85.00	284.40
4.	ਰਿਪੇਅਰ ਆਫ ਰੋਡਜ	10.00	12.62
5.	ਕੰਪਿਊਟਰ ਨੈਟਵਰਕਿੰਗ	2.00	0.13
6.	ਸਟਰੀਟ ਲਾਈਟ	130.00	129.53
7.	ਸੋਲਡ ਵੇਸਟ ਮੈਨੇਜਮੈਂਟ	30.00	25.32
8.	ਰਿਪੇਮੈਂਟ ਆਫ ਲੋਨ	5.00	--
9.	ਡਿਸਚਾਰਜ ਆਫ ਵੇਸਟ ਵਾਟਰ	30.00	27.14
10.	ਸਲੱਮ ਸੁਧਾਰ	15.00	12.44
11.	ਪਰਚੇਜ ਆਫ ਮਸ਼ੀਨਰੀ	10.00	8.37
12.	ਕੰਸਟਰਕਸ਼ਨ ਆਫ ਆਫਿਸ	30.00	14.54
13.	ਕੋਰਟ ਕੇਸ	0.50	--
14.	ਪਾਰਕ	5.00	--
15.	ਸੀ.ਵੀ.ਓ/ਡਾਇਰੈਕਟੋਰੇਟ ਚਾਰਜਿਜ/ਚੋਣ ਖਰਚਾ	0.50	0.44
16.	ਇਲੈਕਟਰੀਸਿਟੀ ਬਿੱਲ	20.00	19.55
	ਕੁੱਲ ਜੋੜ	**473.00**	**818.98**

[ਸਥਾਨਕ ਸਰਕਾਰ ਮੰਤਰੀ]

ਵਿਸ਼ੇਸ਼ ਨੋਟ:- ਸਾਲ 2011-12 ਦੌਰਾਨ ਨਕਸ਼ਾ ਫੀਸ ਮੱਦ ਅਧੀਨ ਬਜਟ ਤੋਂ ਵਾਧੂ ਆਮਦਨ ਹੋਣ ਤੇ ਵਾਧੂ ਰਾਸ਼ੀ ਦੀ ਵਰਤੋਂ ਸ਼ਹਿਰ ਦੇ ਹਿੱਤਾਂ ਵਿੱਚ ਵਿਕਾਸ ਕਾਰਜਾਂ ਤੇ ਕੀਤੀ ਗਈ ਹੈ।

ਅਨੁਲੱਗ ੲ ਸਾਲ 2012-13

ਲੜੀ ਨੰ:	ਮੱਦ ਦਾ ਨਾਂ/ਮੰਤਵ	ਬਜਟ(ਲੱਖਾਂ ਵਿੱਚ)	ਖਰਚ
1	ਕੰਸਟਰਕਸ਼ਨ ਆਫ ਸਟਰੀਟ ਅਤੇ ਡਰੇਨ	115.00	ਵਿਕਾਸ ਦੇ ਕੰਮ ਜਲਦ ਹੀ ਸ਼ੁਰੂ ਕੀਤੇ ਜਾਣਗੇ
2	ਰਿਪੇਅਰ ਆਫ ਸਟਰੀਟ ਅਤੇ ਡਰੇਨ	5.00	
3	ਕੰਸਟਰਕਸ਼ਨ ਆਫ ਰੋਡਜ਼	115.00	
4	ਰਿਪੇਅਰ ਆਫ ਰੋਡਜ਼	15.00	
5	ਕੰਪਿਊਟਰ ਨੈਟਵਰਕਿੰਗ	1.00	
6	ਸਟਰੀਟ ਲਾਈਟ	80.00	
7	ਸੋਲਡ ਵੇਸਟ ਮੈਨੇਜਮੈਂਟ	30.00	
8	ਰਿਪੇਮੈਂਟ ਆਫ ਲੋਨ	5.00	
9	ਡਿਸਚਾਰਜ ਆਫ ਵੇਸਟ ਵਾਟਰ	25.00	
10	ਸਲੱਮ ਸੁਧਾਰ	5.00	
11.	ਪਰਚੇਜ ਆਫ ਮਸ਼ੀਨਰੀ	10.00	
12.	ਕੰਸਟਰਕਸ਼ਨ ਆਫ ਆਫਿਸ	30.00	
13.	ਪਾਰਕ	5.00	
14.	ਸੀ.ਵੀ.ਓ/ਡਾਇਰੈਕਟੋਰੇਟ ਚਾਰਜਿਸ	1.00	
15.	ਇਲੈਕਟਰੀਸਿਟੀ ਬਿੱਲ	30.00	
16.	ਫੁੱਟਕਲ	1.00	
	ਕੁੱਲ ਜੋੜ	**473.00**	

ਮੁੱਲਾਂਪੁਰ ਗਰੀਬਦਾਸ ਨੂੰ ਐਨ.ਏ.ਸੀ.ਦਾ ਦਰਜਾ ਦੇਣਾ

***98. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁੱਲਾਂਪੁਰ ਗਰੀਬਦਾਸ, ਜ਼ਿਲ੍ਹਾ ਅਜੀਤਗੜ੍ਹ ਨੂੰ ਐਨ.ਏ.ਸੀ. ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਹੁਣ ਤੱਕ ਇਸ ਸਬੰਧ ਵਿਚ ਕੀ ਯਤਨ ਕੀਤੇ ਗਏ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਚੂਨੀ ਲਾਲ ਭਗਤ : ਨਹੀਂ ਜੀ।

ਕੁਰਾਲੀ ਵਿਖੇ ਸੀਵਰੇਜ ਦਾ ਕੰਮ

***99. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :-** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੁਰਾਲੀ ਵਿਖੇ ਸੀਵਰੇਜ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਕੰਮ ਲਈ ਕਿੰਨਾ ਬਜਟ ਨਿਰਧਾਰਤ ਕੀਤਾ ਗਿਆ ਹੈ;

(ਅ) ਉਪਰੋਕਤ ਕੰਮ ਕਿਸ ਸਕੀਮ ਅਧੀਨ ਅਤੇ ਕਿਹੜੀ ਏਜੰਸੀ ਦੁਆਰਾ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤਾ ਜਾਵੇਗਾ?

ਸਰਦਾਰ ਸੁਖਬੀਰ ਸਿੰਘ ਬਾਦਲ : (ੳ) 75% ਸੀਵਰੇਜ ਪਾਈਪ ਲਾਈਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਗਮਾਡਾ ਵੱਲੋਂ ਸੀਵਰੇਜ ਸਕੀਮ ਅਤੇ ਸੀਵੇਜ ਟਰੀਟਮੈਂਟ ਪਲਾਂਟ ਲਈ 29.69 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

(ਅ) ਕੁਰਾਲੀ ਵਿਖੇ ਸੀਵਰੇਜ ਸਿਸਟਮ ਦਾ ਕੰਮ ਸੁਖਮਨੀ ਮੈਗਾ ਸਟਰਕਚਰਜ ਪ੍ਰਾਈਵੇਟ ਲਿਮਟਿਡ-ਸੁਖਮਨੀ ਇੰਜੀਨੀਅਰਜ (ਜੁਆਇੰਟ ਵੈਂਚਰਜ) ਨਿਮਖ ਇਨਕਲੇਵ, ਸਰਹਿੰਦ ਰੋਡ, ਪਟਿਆਲਾ ਵੱਲੋਂ ਕੀਤਾ ਜਾ ਰਿਹਾ ਹੈ। ਇਹ ਕੰਮ ਅਕਤੂਬਰ, 2012 ਤੱਕ ਕੰਮ ਖਤਮ ਹੋਣ ਦੀ ਉਮੀਦ ਹੈ।

(2) ਸੀਵੇਜ ਟਰੀਟਮੈਂਟ ਪਲਾਂਟ ਦਾ ਕੰਮ ਮੈਸ: ਹਾਈਡ੍ਰੋਟੈੱਕ ਪਰਿਆਵਰਨ, ਮੋਹਾਲੀ ਵੱਲੋਂ ਕਰਵਾਇਆ ਜਾ ਰਿਹਾ ਹੈ। ਇਹ ਕੰਮ ਅਕਤੂਬਰ, 2012 ਤੱਕ ਕੰਮ ਖਤਮ ਹੋਣ ਦੀ ਉਮੀਦ ਹੈ।

ਕਜੌਲੀ ਵਾਟਰ ਵਰਕਸ ਤੋਂ ਜਲ ਸਪਲਾਈ

***100. (ਸੀ.ਯੂ.) ਸਰਦਾਰ ਜਗਮੋਹਨ ਸਿੰਘ ਕੰਗ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕਜੌਲੀ ਵਾਟਰ ਵਰਕਸ ਤੋਂ ਕੁਰਾਲੀ, ਮੋਰਿੰਡਾ ਅਤੇ ਖਰੜ ਕਸਬਿਆਂ ਵਿਚ ਪੀਣ ਯੋਗ ਪਾਣੀ ਦੀ ਸਪਲਾਈ ਵਾਸਤੇ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਸਰਕਾਰ ਕੀ ਯਤਨ ਕਰ ਰਹੀ ਹੈ ਅਤੇ ਇਸ ਕੰਮ ਲਈ ਕਿੰਨਾ ਸਮਾਂ ਲਗੇਗਾ?

ਸਰਦਾਰ ਸੁਖਬੀਰ ਸਿੰਘ ਬਾਦਲ : ਗਮਾਡਾ ਅਥਾਰਟੀ ਵੱਲੋਂ ਕਜੌਲੀ ਵਾਟਰ ਵਰਕਸ ਤੋਂ ਕੁਰਾਲੀ, ਮੋਰਿੰਡਾ ਅਤੇ ਖਰੜ ਕਸਬਿਆਂ ਵਿੱਚ ਪੀਣਯੋਗ ਪਾਣੀ ਦੀ ਸਪਲਾਈ ਲਈ ਫ਼ਿਲਹਾਲ ਕੋਈ ਯੋਜਨਾ ਨਹੀਂ ਹੈ।

ਸੁਵਿਧਾ ਕੇਂਦਰਾਂ ਦੁਆਰਾ ਇਕੱਤਰ ਕੀਤੀ ਫੀਸ

***101. (ਸੀ.ਯੂ.) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਥਿਤ ਸੁਵਿਧਾ ਕੇਂਦਰਾਂ ਤੋਂ ਇਕੱਠੀ ਕੀਤੀ ਜਾਂਦੀ ਫੀਸ ਪੰਜਾਬ ਸਰਕਾਰ ਦੇ ਕਿਹੜੇ ਅਕਾਊਂਟ ਵਿੱਚ ਜਾਂਦੀ ਹੈ ਅਤੇ ਉਸ ਦਾ ਆਡਿਟ ਕਿਸ ਵੱਲੋਂ ਕੀਤਾ ਜਾਂਦਾ ਹੈ?"

ਸਰਦਾਰ ਸੁਖਬੀਰ ਸਿੰਘ ਬਾਦਲ : ਜ਼ਿਲ੍ਹਾ ਸੁਖਮਨੀ ਸੁਸਾਇਟੀਆਂ ਸੈਲਫ ਸਸਟੇਨਿੰਗ ਰੈਵੇਨਿਊ ਮਾਡਲ (ਆਤਮ ਨਿਰਭਰ ਮਾਲੀਆ ਨਮੂਨਾ) ਤੋਂ ਸੁਵਿਧਾ ਸੈਂਟਰਾਂ ਰਾਹੀਂ ਸਿਟੀਜਨ ਨੂੰ ਗੌਰਮਿੰਟ ਸਰਵਿਸ ਪ੍ਰਦਾਨ ਕਰਦੀਆਂ ਹਨ।

ਸੁਵਿਧਾ ਕੇਂਦਰਾਂ ਵਿੱਚ ਦੋ ਕਿਸਮਾਂ ਦੀ ਫੀਸ ਇਕੱਤਰ ਕੀਤੀ ਜਾਂਦੀ ਹੈ:-

1. ਸੁਵਿਧਾ ਕੇਂਦਰਾਂ ਵਿਚ ਵੱਖ-ਵੱਖ ਸੇਵਾਵਾਂ ਨਾਲ ਲੱਗਣ ਵਾਲੀ ਜੋ ਸਰਕਾਰੀ ਫੀਸ ਲਈ ਜਾਂਦੀ ਹੈ, ਉਸ ਨੂੰ ਸਬੰਧਤ ਡੀ.ਡੀ.ਓ ਦੇ ਹੈੱਡ ਖਾਤੇ ਵਿਚ ਬੈਂਕ ਵਿਚ ਜਮ੍ਹਾਂ ਕਰਵਾਇਆ ਜਾਂਦਾ ਹੈ ਅਤੇ ਬੈਂਕ ਵਿੱਚ ਜਮ੍ਹਾਂ ਚਲਾਨ ਦੀ ਕਾਪੀ ਸਰਵਿਸ ਨਾਲ ਸਬੰਧਤ ਦਫਤਰਾਂ ਨੂੰ ਭੇਜ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦਫਤਰਾਂ ਵੱਲੋਂ ਇਸ ਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਹੈ, ਜਿਸ ਦਾ ਸਲਾਨਾ ਆਡਿਟ ਮਹਾਂਲੇਖਾਕਾਰ, ਪੰਜਾਬ/ਵੱਖ-ਵੱਖ ਨਿਯੁਕਤ ਸਰਕਾਰੀ ਪੜਤਾਲੀਆ ਪਾਰਟੀਆਂ ਵੱਲੋਂ ਕੀਤਾ ਜਾਂਦਾ ਹੈ।
2. ਸੁਵਿਧਾ ਕੇਂਦਰਾਂ ਵਿੱਚ ਫੈਸੀਲੀਟੇਸ਼ਨ ਚਾਰਜ ਦੇ ਰੂਪ ਵਿਚ ਇਕੱਤਰ ਕੀਤੀ ਫੀਸ ਜ਼ਿਲ੍ਹਾ ਸੁਖਮਨੀ ਸੁਸਾਇਟੀਆਂ ਦੇ ਖਾਤਿਆਂ ਵਿੱਚ ਜਮ੍ਹਾਂ ਹੁੰਦੀ ਹੈ, ਜਿਸ ਦਾ ਸਾਲਾਨਾ ਆਡਿਟ ਸੁਖਮਨੀ ਸੁਸਾਇਟੀਆਂ ਵੱਲੋਂ ਚਾਰਟਿਡ ਅਕਾਊਂਟੈਂਟ (C.A.) ਤੋਂ ਕਰਵਾਇਆ ਜਾਂਦਾ ਹੈ।

ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨੇ

***102. (ਸੀ.ਯੂ.) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪੀ.ਪੀ.ਸੀ.ਐਲ. ਕੋਲ ਟਿਊਬਵੈੱਲ ਕੁਨੈਕਸ਼ਨਾਂ ਲਈ ਕਿੰਨੀਆਂ ਅਰਜ਼ੀਆਂ ਪੈਂਡਿੰਗ ਪਈਆਂ ਹਨ ਅਤੇ ਇਹ ਕੁਨੈਕਸ਼ਨ ਕਦੋਂ ਤੱਕ ਜਾਰੀ ਕਰ ਦਿੱਤੇ ਜਾਣਗੇ?

ਸਰਦਾਰ ਪਰਕਾਸ਼ ਸਿੰਘ ਬਾਦਲ : ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਕੋਲ ਮਿਤੀ 31.03.2012 ਤੱਕ ਕੁੱਲ 3,66,757 ਟਿਊਬਵੈੱਲ ਕੁਨੈਕਸ਼ਨਾਂ ਦੀਆਂ ਅਰਜ਼ੀਆਂ ਪੈਂਡਿੰਗ ਪਈਆਂ ਹਨ ਅਤੇ ਇਹ ਕੁਨੈਕਸ਼ਨ ਭਵਿੱਖ ਵਿੱਚ ਏਜ਼ਡ ਮੈਨਰ ਵਿੱਚ ਸਮੇਂ ਸਮੇਂ ਸਿਰ ਸਰਕਾਰ ਦੀ ਟਿਊਬਵੈੱਲ ਪਾਲਿਸੀ ਅਨੁਸਾਰ ਜਾਰੀ ਕਰ ਦਿੱਤੇ ਜਾਣਗੇ।

ਨਗਰ ਕੌਂਸਲ ਦੀ ਜ਼ਮੀਨ ਉਤੇ ਨਜਾਇਜ਼ ਕਬਜ਼ਾ

***103. (ਸੀ.ਯੂ.) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਨਗਰ ਕੌਂਸਲਾਂ ਵਿੱਚ ਕਿੰਨੀ-ਕਿੰਨੀ ਸਰਕਾਰੀ ਜ਼ਮੀਨ ਉਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਅਤੇ ਇਹ ਕਬਜ਼ੇ ਕਦੋਂ ਤੱਕ ਛੁਡਵਾ ਲਏ ਜਾਣਗੇ?

ਸ਼੍ਰੀ ਚੂਨੀ ਲਾਲ ਭਗਤ : (ੳ) ਨਗਰ ਕੌਂਸਲ, ਫਰੀਦਕੋਟ ਦੀ ਜਗ੍ਹਾ ਤੇ ਸਵਰਨ ਪੈਲੇਸ ਦੀ ਬੈਕ ਸਾਈਡ ਬਾਈਪਾਸ ਤੇ 5'×25' ਦਾ ਨਜਾਇਜ਼ ਕਬਜ਼ਾ ਹੈ। ਜਿਸ ਨੂੰ ਛੁਡਵਾਉਣ ਲਈ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਪੈਂਡਿੰਗ ਹੈ।

(ਅ) ਨਗਰ ਕੌਂਸਲ, ਕੋਟਕਪੂਰਾ ਵਿਖੇ ਵਾਕਿਆ ਜੈਤੋ ਰੋਡ ਗੁਰੂ ਰਵੀਦਾਸ ਨਗਰ, ਕੋਟਕਪੂਰਾ ਵਿਖੇ 611 ਮੁਰੱਬਾ ਗਜ ਜਗ੍ਹਾ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸ ਜਗ੍ਹਾ ਨੂੰ ਖਾਲੀ ਕਰਵਾਉਣ ਸਬੰਧੀ ਪੀ.ਪੀ.ਐਕਟ ਅਧੀਨ ਫੈਸਲਾ ਨਗਰ ਕੌਂਸਲ ਦੇ ਹੱਕ ਵਿਚ ਮਿਤੀ 19.4.2012 ਨੂੰ ਹੋ ਚੁੱਕਾ ਹੈ। ਜਗ੍ਹਾ ਨੂੰ ਖਾਲੀ ਕਰਵਾਉਣ ਸਬੰਧੀ ਕਾਰਵਾਈ ਚੱਲ ਰਹੀ ਹੈ।

(ੲ) ਨਗਰ ਕੌਂਸਲ, ਜੈਤੋ ਦੀ ਜ਼ਮੀਨ ਤੇ ਕੋਈ ਨਜਾਇਜ਼ ਕਬਜ਼ਾ ਨਹੀਂ ਹੈ।

ਸਹਿਕਾਰੀ ਖੰਡ ਮਿੱਲਾਂ ਵਿੱਚ ਸਹਿ-ਉਤਪਾਦਨ ਪਲਾਂਟ ਲਗਾਉਣਾ

***107. (ਸੀ.ਯੂ.) ਸ਼੍ਰੀ ਤਰਲੋਚਨ ਸਿੰਘ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਉਨ੍ਹਾਂ ਸਹਿਕਾਰੀ ਖੰਡ ਮਿੱਲਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਵਿੱਚ ਸਹਿ-ਉਤਪਾਦਨ ਪਲਾਂਟ ਲਗਾਏ ਜਾਣੇ ਹਨ ਅਤੇ ਕਿਸ ਕੰਪਨੀ ਨਾਲ ਕਿਸ ਮਿਤੀ ਨੂੰ ਇਸ ਮੰਤਵ ਲਈ ਇਕਰਾਰਨਾਮਾ ਕੀਤਾ ਗਿਆ;

(ਅ) ਇਕਰਾਰਨਾਮੇ ਅਨੁਸਾਰ ਕਿਸ ਮਿਤੀ ਨੂੰ ਉਪਰੋਕਤ ਵਰਣਿਤ ਸਹਿ-ਉਤਪਾਦਨ ਪਲਾਂਟਾਂ ਨੂੰ ਲਗਾਉਣ ਦਾ ਕੰਮ ਪੂਰਾ ਕੀਤਾ ਜਾਣਾ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : (ੳ) ਸਹਿਕਾਰੀ ਖੇਤਰ ਦੀਆਂ ਅੱਠ ਮਿੱਲਾਂ ਵਿੱਚ ਸਹਿ-ਉਤਪਾਦਨ ਪਲਾਂਟ ਲਗਾਉਣ ਲਈ ਇਕਰਾਰਨਾਮੇ ਕੀਤੇ ਗਏ ਹਨ।

[ਮੁੱਖ ਮੰਤਰੀ]

ਜਿਨ੍ਹਾਂ ਕੰਪਨੀਆਂ ਨਾਲ ਇਕਰਾਰਨਾਮੇ ਕੀਤੇ ਗਏ ਹਨ ਉਨ੍ਹਾਂ ਦਾ ਵੇਰਵਾ ਅਨੁਲੱਗ "ੳ" ਤੇ ਹੈ।

(ਅ) ਇਕਰਾਰਨਾਮਿਆਂ ਅਨੁਸਾਰ ਸਾਰੀਆਂ ਅੱਠ ਮਿੱਲਾਂ ਵਿੱਚ ਸਹਿ-ਉਤਪਾਦਨ ਪਲਾਟਾਂ ਨੂੰ ਲਗਾਉਣ ਦਾ ਕੰਮ ਮਿਤੀ 31.8.2010 ਤੱਕ ਪੂਰਾ ਕੀਤਾ ਜਾਣਾ ਸੀ।

ਅਨੁਲੱਗ "ੳ"

ਸਹਿ-ਉਤਪਾਦਨ ਪਲਾਂਟ ਲਗਾਉਣ ਵਾਲੀਆਂ ਕੰਪਨੀਆਂ ਦਾ ਵੇਰਵਾ

ਖੰਡ ਮਿੱਲ ਦਾ ਨਾਮ	ਪਾਰਟੀ ਦਾ ਨਾਂ	ਇਕਰਾਰਨਾਮੇ ਦੀ ਮਿਤੀ
ਮੋਰਿੰਡਾ	ਏ2ਜੈਡ ਇਨਫਾਸਟਰਕਚਰ ਪ੍ਰਾਈਵੇਟ ਲਿਮਟਿਡ ਗੁੜਗਾਉਂ	12.1.2009
ਫਾਜ਼ਿਲਕਾ	ਏ2ਜੈਡ ਇਨਫਾਸਟਰਕਚਰ ਪ੍ਰਾਈਵੇਟ ਲਿਮਟਿਡ ਗੁੜਗਾਉਂ	12.1.2009
ਨਕੋਦਰ	ਏ2ਜੈਡ ਇਨਫਾਸਟਰਕਚਰ ਪ੍ਰਾਈਵੇਟ ਲਿਮਟਿਡ ਗੁੜਗਾਉਂ	12.1.2009
ਬੁੱਢੇਵਾਲ	ਪੂਰਬ ਇਨਫ੍ਰਾਸਟਰਕਚਰ ਪ੍ਰੋਜੈਕਟਸ ਲਿਮਟਿਡ, ਅੰਮ੍ਰਿਤਸਰ	12.1.2009
ਨਵਾਂ ਸ਼ਹਿਰ	ਸਰਾਯਾ ਇੰਡਸਟਰੀਜ ਲਿਮਟਿਡ, ਨਵੀਂ ਦਿੱਲੀ।	12.1.2009
ਅਜਨਾਲਾ	ਸਰਾਯਾ ਇੰਡਸਟਰੀਜ ਲਿਮਟਿਡ, ਨਵੀਂ ਦਿੱਲੀ।	12.1.2009
ਗੁਰਦਾਸਪੁਰ	ਸਰਾਯਾ ਇੰਡਸਟਰੀਜ ਲਿਮਟਿਡ, ਨਵੀਂ ਦਿੱਲੀ।	12.1.2009
ਬਟਾਲਾ	ਸਰਾਯਾ ਇੰਡਸਟਰੀਜ ਲਿਮਟਿਡ, ਨਵੀਂ ਦਿੱਲੀ।	11.2.2009

ਸਰਵ ਸਿੱਖਿਆ ਅਭਿਆਨ ਅਧੀਨ ਪ੍ਰਾਪਤ ਫੰਡ

***109. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ-

(ੳ) ਸਾਲ 2010-11 ਅਤੇ 2011-12 ਦੇ ਦੌਰਾਨ ਵਿਧਾਨ ਸਭਾ ਚੋਣ ਹਲਕਾ ਭੁੱਚੋ ਮੰਡੀ ਦੀਆਂ ਸਿੱਖਿਆ ਸੰਸਥਾਵਾਂ ਦੁਆਰਾ ਸਰਵ ਸਿੱਖਿਆ ਅਭਿਆਨ ਅਧੀਨ ਵੱਖੋ-ਵੱਖ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਾਂ ਦੇ ਖਰਚਿਆਂ ਦੇ ਸਾਲ-ਵਾਰ ਵੇਰਵੇ ਕੀ ਹਨ ਅਤੇ ਇਸ ਤੋਂ ਕੀ ਨਤੀਜੇ ਪ੍ਰਾਪਤ ਹੋਏ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਜ਼ਿਲ੍ਹਾ ਬਠਿੰਡੇ ਦੇ ਵਿਧਾਨ ਸਭਾ

ਹਲਕਾ ਭੁੱਚੋ ਮੰਡੀ ਦੀਆਂ ਸਿੱਖਿਆ ਸੰਸਥਾਵਾਂ ਦੁਆਰਾ ਸਰਵ ਸਿੱਖਿਆ ਅਭਿਆਨ, ਪੰਜਾਬ ਵਿੱਚ ਸਾਲ 2010-11 ਅਤੇ 2011-12 ਦੇ ਦੌਰਾਨ ਪ੍ਰਾਪਤ ਹੋਈ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ:-

(ਰਾਸ਼ੀ ਲੱਖਾਂ ਵਿੱਚ)

ਲੜੀ ਨੰ	ਸਾਲ ਵਾਰ	ਪ੍ਰਾਪਤ ਰਾਸ਼ੀ
1	2010-11	137.80
2	2011-12	187.67

ਉਪਰੋਕਤ ਪ੍ਰਾਪਤ ਹੋਈ ਰਾਸ਼ੀ ਦਾ ਸਾਲ ਵਾਰ ਅਤੇ ਮੱਦਵਾਰ ਵੇਰਵਾ ਅਨੁਲੱਗ 'ੳ' ਤੇ ਨੱਥੀ ਹੈ ਜੀ।

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਫੰਡਾਂ ਦੇ ਖਰਚਿਆਂ ਦੇ ਸਾਲ-ਵਾਰ ਵੇਰਵੇ ਅਤੇ ਪ੍ਰਾਪਤ ਨਤੀਜੇ ਸਬੰਧੀ ਸੂਚਨਾ ਹੇਠ ਅਨੁਸਾਰ ਹੈ:-

(ਰਾਸ਼ੀ ਲੱਖਾਂ ਵਿੱਚ)

ਲੜੀ ਨੰ	ਸਾਲ ਵਾਰ	ਪ੍ਰਾਪਤ ਰਾਸ਼ੀ	ਖਰਚ ਰਾਸ਼ੀ	ਪ੍ਰਤੀਸ਼ਤ	ਨਤੀਜੇ ਪ੍ਰਾਪਤ ਕਰਨ ਸਬੰਧੀ ਟਿੱਪਣੀ
1	2010-11	137.80	137.80	100%	ਨਤੀਜੇ ਪੂਰੇ ਪ੍ਰਾਪਤ ਹੋਏ ਹਨ।
2	2011-12	187.67	178.71	95.22%	ਕੁੱਲ 9 ਮੱਦਾਂ ਵਿੱਚੋਂ ਕੇਵਲ 4 ਮੱਦਾਂ ਵਿੱਚ ਨਤੀਜੇ ਪੂਰੇ ਪ੍ਰਾਪਤ ਨਹੀਂ ਹੋਏ। ਕਿਉਂਜੋ ਸਾਲ 2011-12 ਦੌਰਾਨ ਸਰਕਾਰ ਤੋਂ ਰਾਸ਼ੀ ਵਿੱਤੀ ਸਾਲ ਦੇ ਅੰਤ ਵਿੱਚ ਪ੍ਰਾਪਤ ਹੋਈ ਅਤੇ 31-03-2012 ਤੱਕ ਸਬੰਧਤ ਜ਼ਿਲ੍ਹੇ ਤੋਂ ਖਰਚੇ ਦੀ ਰਿਪੋਰਟ ਅਨੁਸਾਰ ਰਕਮ ਦੀ ਵਰਤੋਂ ਵਿੱਤੀ ਨਿਯਮਾਂ ਅਨੁਸਾਰ ਅਜੇ ਜਾਰੀ ਹੈ ਅਤੇ ਮੁਕੰਮਲ ਰਿਪੋਰਟ ਪ੍ਰਾਪਤ ਹੋਣੀ ਹੈ।

[ਸਿੱਖਿਆ ਮੰਤਰੀ]

ਅਨੁਲੱਗ-'ੳ'

ਸਰਵ ਸਿੱਖਿਆ ਅਭਿਆਨ ਅਧੀਨ ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦੀਆਂ ਸਿੱਖਿਆਂ ਸੰਸਥਾਵਾਂ ਲਈ ਜਾਰੀ ਕੀਤੀ ਅਤੇ ਖਰਚ ਕੀਤੀ ਰਕਮ ਦੇ ਵੇਰਵੇ

(ਰਕਮ ਰੁ. ਵਿੱਚ)

		ਸਾਲ 2010-11		ਸਾਲ 2011-12	
ਲੜੀ ਨੰ:	ਮੱਦ ਦਾ ਨਾਮ	ਪ੍ਰਾਪਤ ਹੋਈ ਰਾਸ਼ੀ	ਖਰਚ ਹੋਈ ਰਾਸ਼ੀ	ਪ੍ਰਾਪਤ ਹੋਈ ਰਾਸ਼ੀ	ਖਰਚ ਹੋਈ ਰਾਸ਼ੀ
1	ਪਖਾਨੇ	960000	960000	3800000	3800000
2	ਕਲਾਸ ਲਈ ਵਾਧੂ ਕਮਰਾ	4200000	4200000	108075000	10200000
3	ਮੁੱਖ ਅਧਿਆਪਕ ਦਾ ਕਮਰਾ	960000	960000	0	0
4	ਚਾਰ ਦੀਵਾਰੀ	2877900	2877900	0	0
5	ਵੱਡੀਆਂ ਮੁਰੰਮਤਾਂ	353076	353076	1265663	1265663
6	ਅਪੰਗਾਂ ਲਈ ਯੋਗ ਪਖਾਨੇ	875000	875000	900000	823000
7	ਸਕੂਲ ਗਰਾਂਟ	839000	839000	839000	787000
8	ਮੁਰੰਮਤਾਂ ਲਈ ਗਰਾਂਟ	1087500	1087500	1087500	995000
9	ਫਰਨੀਚਰ	1628000	1628000	0	0
	ਕੁੱਲ ਜੋੜ	**13780476**	**13780476**	**18767163**	**17870663**

ਐਸ.ਸੀ. ਵਿਦਿਆਰਥੀਆਂ ਦੀ ਗਿਣਤੀ

***110. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਾਲ 2011-12 ਦੌਰਾਨ ਵਿਧਾਨ ਸਭਾ ਚੋਣ ਹਲਕਾ ਭੁੱਚੋ ਮੰਡੀ ਵਿੱਚ ਸਰਕਾਰੀ ਐਲੀਮੈਂਟਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਦਾਖਲ ਕੀਤੇ ਗਏ ਐਸ.ਸੀ.ਵਿਦਿਆਰਥੀਆਂ ਦੀ ਸਕੂਲ-ਵਾਰ ਕੁੱਲ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਉਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਸਰਕਾਰ ਦੁਆਰਾ ਵਜ਼ੀਫਾ ਅਤੇ ਮੁਫ਼ਤ ਕਿਤਾਬਾਂ ਦਿੱਤੀਆਂ ਗਈਆਂ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲੱਗ 'ੳ' ਅਤੇ 'ਅ' ਵਿੱਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ 'ੳ'

ਸਾਲ 2011-12 ਦੌਰਾਨ ਵਿਧਾਨ ਸਭਾ ਹਲਕਾ ਭੁੱਚੋ ਮੰਡੀ (ਬਠਿੰਡਾ) ਵਿੱਚ ਸਕੂਲ ਵਾਰ ਸਰਕਾਰੀ ਐਲੀਮੈਂਟਰੀ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਦਾਖਲ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ ਹੇਠ ਲਿਖੇ ਵੇਰਵੇ ਅਨੁਸਾਰ ਹੈ:-

ਲੜੀ ਨੰ:	ਸਕੂਲ ਦਾ ਨਾਂ	ਅ:ਜ:ਵਿਦਿਆਰਥੀਆਂ ਦੀ ਗਿਣਤੀ
	ਸਰਕਾਰੀ ਐਲੀਮੈਂਟਰੀ ਸਕੂਲ	
1	ਬਰਕੰਦੀ	61
2	ਬਲਾਹੜ ਮਹਿਮਾ	47
3	ਅਬਲੂ	59
4	ਮਹਿਮਾ ਭਗਵਾਨਾ	43
5	ਅਮਰਗੜ੍ਹ	30
6	ਗੌਨਿਆਣਾ ਖੁਰਦ	68
7	ਗੌਨਿਆਣਾ ਕਲਾਂ	25
8	ਗੰਗਾ	51
9	ਨਾਥਪੁਰਾ	82
10	ਬੱਜੋਆਣਾ	56
11	ਬੁਰਜ ਡੱਲਾ	10
12	ਢੇਲਵਾਂ	47
13	ਜੋਗਾਨੰਦ	42
14	ਬਾਠ	43
15	ਚੱਕ ਬਖਤੂ	95
16	ਲਹਿਰਾ ਖਾਨਾ	40

[ਸਿੱਖਿਆ ਮੰਤਰੀ]

17	ਕੋਠੇ ਕਲਿਆਣ ਕੇ	0
18	ਲਹਿਰਾਂ ਸੋਧਾਂ	47
	ਕੁੱਲ	**846**
	ਸਰਕਾਰੀ ਹਾਈ ਸਕੂਲ	
19	ਗੰਗਾ	128
20	ਦਾਨ ਸਿੰਘ ਵਾਲਾ	132
21	ਅਕਲੀਆਂ ਕਲਾਂ	160
22	ਨਥਾਣਾ (ਕੰ)	145
23	ਭੁੱਚੋ ਮੰਡੀ (ਕੰ)	267
24	ਗਿੱਲਪੱਤੀ	170
25	ਨੋਹੀਆਂਵਾਲਾ	285
26	ਖਿਆਲੀਵਾਲਾ	134
27	ਜੀਂਦਾ	161
28	ਜੰਡਾਵਾਲਾ	142
29	ਖੋਮੂਆਣਾ	121
30	ਗਿਦੜ	83
31	ਹਰਰਾਏਪੁਰ	141
32	ਭੈਣੀ	181
33	ਪੁਹਲੀ	138
34	ਬੀਬੀਵਾਲਾ	69
35	ਸੋਮਾ	149
36	ਲਹਿਰਾ ਬੇਗਾ	99
37	ਪੂਹਲਾ	220
38	ਲਹਿਰਾ ਧੂਰਕੋਟ	162
39	ਭੁੱਚੋ ਖੁਰਦ	229
40	ਚੱਕ ਰਾਮ ਸਿੰਘ ਵਾਲਾ	128
	ਕੁੱਲ	**3444**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ

41	ਕਿੱਲੀ ਨਿਹਾਲ ਸਿੰਘ ਵਾਲਾ	205
42	ਮਹਿਮਾ ਸਰਜਾ	416
43	ਸਿਵੀਆਂ	261
44	ਗੋਨਿਆਣਾ (ਕੰ)	288
45	ਗੋਨਿਆਣਾ (ਮੁੰ)	212
46	ਭੱਖੜਾ	245
47	ਕਲਿਆਣ ਸੁੱਖਾ	349
48	ਨਥਾਣਾ	229
49	ਗੋਬਿੰਦਪੁਰਾ	177
50	ਭੁੱਚੋ ਕਲਾਂ	319
51	ਲਹਿਰਾ ਮੁਹੱਬਤ	304
52	ਭੁੱਚੋ ਮੰਡੀ (ਮੁੰ)	314
53	ਤੂੰਗੀਵਾਲੀ	217
54	ਚੱਕ ਫਤਿਹ ਸਿੰਘ ਵਾਲਾ	188
	ਕੁੱਲ	**3724**

ਅਨੁਲੱਗ-'ਅ'

ਸਾਲ 2011-12 ਦੌਰਾਨ ਵਿਧਾਨ ਸਭਾ ਹਲਕਾ ਭੁੱਚੋ ਮੰਡੀ ਜ਼ਿਲ੍ਹਾ ਬਠਿੰਡਾ ਵਿੱਚ ਦਾਖਲ ਅ: ਜ: ਦੇ ਵਿਦਿਆਰਥੀਆਂ ਨੂੰ ਹੇਠ ਲਿਖੀਆਂ ਵੱਖ-ਵੱਖ ਸਕੀਮਾਂ ਅਧੀਨ ਹੇਠ ਲਿਖੇ ਵੇਰਵੇ ਅਨੁਸਾਰ ਵਜ਼ੀਫੇ ਅਤੇ ਮੁਫ਼ਤ ਕਿਤਾਬਾਂ ਵੰਡੀਆਂ ਗਈਆਂ:-

ਸਕਾਲਰਸ਼ਿਪ ਟੂ ਐਸ: ਸੀ: ਹੋਣਹਾਰ ਵਿਦਿਆਰਥੀ ਸਕੀਮ ਅਧੀਨ ਵਜ਼ੀਫਾ ਪ੍ਰਾਪਤ ਕਰਨ ਵਾਲੇ ਅ: ਜ: ਵਿਦਿਆਥੀਆਂ ਦੀ ਕੁੱਲ ਗਿਣਤੀ	31
ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਟੂ ਅ: ਜ: ਵਿਦਿਆਰਥੀ ਸਕੀਮ ਅਧੀਨ ਵਜ਼ੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ	1072
ਅ:ਜ: ਦੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਦੇਣ ਦੀ ਸਕੀਮ ਅਧੀਨ ਮੁਫਤ ਕਿਤਾਬਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ	7210
ਕੁੱਲ ਗਿਣਤੀ	**8313**

ਮਾਨਸਾ ਵਿਖੇ ਟੈਕਸਟਾਈਲ ਹੱਬ ਬਣਾਉਣਾ

***113. (ਸੀ.ਯੂ.) ਸ਼੍ਰੀ ਪ੍ਰੇਮ ਮਿੱਤਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਨਸਾ ਜ਼ਿਲ੍ਹਾ ਕਪਾਹ ਅਤੇ ਨਰਮਾ ਦੀ ਪੈਦਾਵਾਰ ਵਿਚ ਮਾਲਵੇ ਇਲਾਕੇ ਵਿਚ ਮੋਹਰੀ ਹੋਣ ਕਰਕੇ ਕੀ ਇਥੇ ਟੈਕਸਟਾਈਲ ਹੱਬ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਅਨਿਲ ਜੋਸ਼ੀ): ਰਾਜ ਸਰਕਾਰ ਦੀ ਜ਼ਿਲ੍ਹਾ ਮਾਨਸਾ ਵਿਖੇ ਟੈਕਸਟਾਈਲ ਹੱਬ ਬਣਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ ਪਰੰਤੂ ਇਸ ਸਬੰਧ ਵਿਚ ਅਜੇ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ ਹੈ।

ਪ੍ਰਾਇਮਰੀ ਸਕੂਲ ਖੋਲ੍ਹਣਾ

***115. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਿਉਂਸਿਪਲ ਕਮੇਟੀ, ਮਲੇਰਕੋਟਲਾ ਵਿੱਚ ਸ਼ਾਮਲ ਕੀਤੇ ਗਏ ਪਿੰਡ ਅਬਾਸਪੁਰਾ ਵਿਖੇ ਪ੍ਰਾਇਮਰੀ ਸਕੂਲ ਖੋਲ੍ਹਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ ਜੀ।

ਪੋਸਟ ਮਾਰਟਮ ਦੀ ਸਹੂਲਤ ਉਪਲਬਧ ਕਰਾਉਣਾ

***116. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਹਿਮਦਗੜ੍ਹ ਅਤੇ ਅਮਰਗੜ੍ਹ ਤੇ ਹਸਪਤਾਲਾਂ ਵਿੱਚ ਪੋਸਟ ਮਾਰਟਮ ਦੀ ਸਹੂਲਤ ਉਪਲਬਧ ਕਰਾਉਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, ਕਮਿਊਨਿਟੀ ਹੈਲਥ ਸੈਂਟਰ, ਅਹਿਮਦਗੜ੍ਹ ਅਤੇ ਕਮਿਊਨਿਟੀ ਹੈਲਥ ਸੈਂਟਰ, ਅਮਰਗੜ੍ਹ ਵਿੱਚ ਪੋਸਟ ਮਾਰਟਮ ਸਹੂਲਤਾਂ ਮੁਹੱਈਆ ਕਰਨ ਦੀ ਕੋਈ ਵੀ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਬਿਜਲੀ ਦਫਤਰ ਨਾਭਾ ਤੋਂ ਅਮਰਗੜ੍ਹ ਤਬਦੀਲ ਕਰਨਾ

***117. (ਸੀ.ਯੂ.) ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਾਵਰਕੌਮ ਕਾਰਪੋਰੇਸ਼ਨ ਦੀ ਸਬ-ਡਵੀਜ਼ਨ ਅਮਰਗੜ੍ਹ ਦਾ ਮੁੱਖ ਕੰਮ ਕਾਜ ਨਾਭਾ ਵਿਖੇ ਸ਼ਿਫਟ ਕਰਨ ਦੇ ਕੀ ਕਾਰਨ ਹਨ ਅਤੇ ਕੀ ਲੋਕਾਂ ਦੀ ਸਹੂਲਤ ਲਈ ਇਹ ਕੰਮ ਦੁਬਾਰਾ ਅਮਰਗੜ੍ਹ ਸਬ-ਡਵੀਜ਼ਨਲ ਦਫ਼ਤਰ ਵਿਖੇ ਚਾਲੂ ਕਰਨ ਲਈ ਸਰਕਾਰ ਵਿਚਾਰ ਕਰੇਗੀ?

ਸਰਦਾਰ ਪਰਕਾਸ਼ ਸਿੰਘ ਬਾਦਲ : ਅਕਤੂਬਰ, 2010 ਵਿੱਚ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀਆਂ ਹਦਾਇਤਾਂ ਮੁਤਾਬਿਕ ਅਮਰਗੜ੍ਹ ਵਿਖੇ ਸਥਿਤ ਉਪ ਮੰਡਲ ਦਫ਼ਤਰ ਦਾ ਪੁਨਰਗਠਨ ਕੀਤਾ ਗਿਆ ਹੈ ਜਿਸ ਨਾਲ ਟੈਕਨੀਕਲ ਅਤੇ ਕਮਰਸ਼ੀਅਲ ਉਪ ਮੰਡਲ ਦੀ ਰਚਨਾ ਹੋਈ ਹੈ। ਅਮਰਗੜ੍ਹ ਉਪ ਮੰਡਲ ਦਾ ਮਾਲੀਆ ਵਿੰਗ ਦਾ ਕੰਮ-ਕਾਜ ਕਮਰਸ਼ੀਅਲ ਉਪ ਮੰਡਲ, ਨਾਭਾ ਵਿਖੇ ਤਬਦੀਲ ਕਰ ਦਿੱਤਾ ਗਿਆ ਹੈ। ਫਿਰ ਵੀ ਅਮਰਗੜ੍ਹ ਉਪ ਮੰਡਲ ਵਿਖੇ ਮਾਲੀਏ ਨਾਲ ਸਬੰਧਤ ਸਮੱਸਿਆਵਾਂ ਨੂੰ ਨਜਿੱਠਣ ਲਈ ਇੱਕ ਵਧੀਕ ਸਹਾਇਕ ਇੰਜੀਨੀਅਰ (ਏ.ਏ.ਈ.) ਉਥੇ ਤਾਇਨਾਤ ਕੀਤਾ ਹੋਇਆ ਹੈ। ਇਸ ਕੰਮ ਨੂੰ ਦੁਬਾਰਾ ਸਬ-ਡਵੀਜ਼ਨ ਅਮਰਗੜ੍ਹ ਵਿਖੇ ਵਾਪਸ ਸ਼ੁਰੂ ਕਰਨ ਲਈ ਕੋਈ ਤਜਵੀਜ਼ ਨਹੀਂ ਹੈ।

ਸਰਵ ਸਿੱਖਿਆ ਅਭਿਆਨ ਅਧੀਨ ਪ੍ਰਾਪਤ ਗ੍ਰਾਂਟ

***120. (ਸੀ.ਯੂ.) (1) ਸ਼੍ਰੀ ਤਰਲੋਚਨ ਸਿੰਘ**
(2) ਸਰਦਾਰ ਅਜਾਇਬ ਸਿੰਘ ਭੱਟੀ } : ਕੀ

ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2009-10, 2011-12 ਅਤੇ 2011-12 ਦੇ ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਕੇਂਦਰ ਸਰਕਾਰ ਤੋਂ ਕੁੱਲ ਕਿੰਨੇ ਫੰਡ ਪ੍ਰਾਪਤ ਕੀਤੇ ਗਏ ਅਤੇ ਇਨ੍ਹਾਂ ਫੰਡਾਂ ਦੀ ਵਰਤੋਂ ਦੇ ਜ਼ਿਲ੍ਹਾ-ਵਾਰ ਅਤੇ ਮੱਦਵਾਰ ਵੇਰਵੇ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਸਾਲ 2009-10, 2010-11 ਅਤੇ 2011-12 ਦੌਰਾਨ ਭਾਰਤ ਸਰਕਾਰ ਅਤੇ ਰਾਜ ਸਰਕਾਰ ਵੱਲੋਂ ਪ੍ਰਾਪਤ ਹੋਏ ਫੰਡਜ਼ ਦਾ ਕ੍ਰਮਵਾਰ ਵੇਰਵਾ ਅਨੁਲੱਗ 'ੳ' * ਤੇ ਨੱਥੀ ਹੈ ਜੀ।

(ਅ) ਸਾਲ 2009-10, 2010-11 ਅਤੇ 2011-12 ਦੌਰਾਨ ਖਰਚਿਆਂ ਦਾ ਜ਼ਿਲ੍ਹਾਵਾਰ ਅਤੇ ਮੱਦਵਾਰ ਵੇਰਵਾ ਕ੍ਰਮਵਾਰ ਅਨੁਲੱਗ 'ਅ' *, 'ੲ' * ਅਤੇ 'ਸ' *ਤੇ ਨੱਥੀ ਕੀਤਾ ਜਾਂਦਾ ਹੈ ਜੀ।

------

*Placed in the Revisor Branch.

ਮਨਰੇਗਾ ਅਧੀਨ ਪ੍ਰਾਪਤ ਫੰਡ

***121. (ਸੀ.ਯੂ.) (1) ਸ਼੍ਰੀ ਤਰਲੋਚਨ ਸਿੰਘ**
(2) ਸਰਦਾਰ ਅਜਾਇਬ ਸਿੰਘ ਭੱਟੀ } : ਕੀ

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) 1 ਅਪ੍ਰੈਲ, 2007 ਤੋਂ 31 ਮਾਰਚ, 2012 ਤੱਕ ਦੇ ਸਮੇਂ ਦੌਰਾਨ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਤੋਂਮਨਰੇਗਾ ਅਧੀਨ ਪ੍ਰਾਪਤ ਵਿੱਤੀ ਫੰਡਾਂ ਦੀ ਵਰਤੋਂ ਦੇ ਜ਼ਿਲ੍ਹਾ ਵਾਰ ਅਤੇ ਵਿੱਤੀ-ਸਾਲ ਵਾਰ ਵੇਰਵੇ ਕੀ ਹਨ;

(ਅ) ਸਾਲ 2012-13 ਲਈ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਤੋਂ ਮਨਰੇਗਾ ਅਧੀਨ ਫੰਡ ਪ੍ਰਾਪਤ ਕਰਨ ਲਈ ਕਿੰਨੇ ਕਰੋੜ ਦੀ ਪ੍ਰੋਪੋਜਲ ਬਣਾ ਕੇ ਕਿਸ ਮਿਤੀ ਨੂੰ ਭੇਜੀ ਗਈ;

(ੲ) ਰਾਜ ਵਿੱਚ ਮਨਰੇਗਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਕਿੰਨੇ ਸਟਾਫ਼ ਦੀ ਲੋੜ ਹੈ ਅਤੇ ਇਸ ਸਮੇਂ ਰਾਜ ਵਿੱਚ ਮਨਰੇਗਾ ਅਧੀਨ ਕਿੰਨਾ ਸਟਾਫ਼ ਕੰਮ ਕਰ ਰਿਹਾ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, (ੳ) 1 ਅਪ੍ਰੈਲ, 2007 ਤੋਂ 31 ਮਾਰਚ, 2012 ਤੱਕ ਦੇ ਸਮੇਂ ਦੌਰਾਨ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਤੋਂ ਮਗਨਰੇਗਾ ਅਧੀਨ ਵਿੱਤੀ ਸਾਲ ਵਾਰ ਜੋ ਫੰਡ ਪ੍ਰਾਪਤ ਕੀਤੇ ਗਏ ਹਨ ਉਹ ਅਨੁਲੱਗ 'ੳ' ਤੇ ਰੱਖੇ ਗਏ ਹਨ ਅਤੇ ਇਨ੍ਹਾਂ ਫੰਡਾਂ ਦੀ ਵਰਤੋਂ ਦੇ ਜ਼ਿਲ੍ਹਾਵਾਰ ਅਤੇ ਵਿੱਤੀ ਵਾਰ ਵੇਰਵੇ ਅਨੁਲੱਗ 'ਅ' ਤੇ ਰੱਖੇ ਗਏ ਹਨ।

(ਅ) ਮਗਨਰੇਗਾ ਅਧੀਨ ਵਿੱਤੀ ਵਰ੍ਹੇ 2012-13 ਲਈ ਤਿੰਨ ਸੌ ਪੰਦਰਾਂ ਕਰੋੜ ਛਿਆਨਵੇਂ ਲੱਖ ਰੁਪਏ (315.96 ਕਰੋੜ) ਦੇ ਕੁੱਲ ਬਜਟ ਦੀ ਤਜਵੀਜ਼ ਬਣਾ ਕੇ ਮਿਤੀ 26/3/2012 ਨੂੰ ਭਾਰਤ ਸਰਕਾਰ ਨੂੰ ਭੇਜੀ ਗਈ ਸੀ।

(ੲ) ਮਗਨਰੇਗਾ ਸਕੀਮ ਅਧੀਨ ਜ਼ਿਲ੍ਹਿਆਂ ਨੂੰ ਜਾਰੀ ਕੀਤੇ ਗਏ ਫੰਡਜ਼ ਵਿੱਚੋਂ 6% ਹਿੱਸਾ ਕੰਟਨਜੈਂਸੀ ਲਈ ਰੱਖਿਆ ਜਾਂਦਾ ਹੈ ਅਤੇ ਇਸੇ ਵਿੱਚੋਂ ਹੀ ਜ਼ਿਲ੍ਹਿਆਂ ਵਿੱਚ ਲੋੜ ਅਨੁਸਾਰ ਸਟਾਫ਼ ਦੀ ਭਰਤੀ ਕੀਤੀ ਜਾਂਦੀ ਹੈ। ਇਸ ਸਮੇਂ ਰਾਜ ਦੇ ਜ਼ਿਲ੍ਹਿਆਂ ਵਿੱਚ ਸਕੀਮ ਅਧੀਨ ਕੁੱਲ 1142 ਅਧਿਕਾਰੀ/ਕਰਮਚਾਰੀ ਕੰਮ ਕਰ ਰਹੇ ਹਨ।

ਅਨੁਲੱਗ 'ੳ'

ਮਨਰੇਗਾ ਸਕੀਮ ਅਧੀਨ ਪਿਛਲੇ ਪੰਜ ਸਾਲਾਂ ਵਿੱਚ ਕੇਂਦਰ ਅਤੇ ਰਾਜ ਵੱਲੋਂ ਪ੍ਰਾਪਤ ਫੰਡਜ਼ ਦੀ ਸਥਿਤੀ

(ਰੁਪਏ ਲੱਖਾਂ ਵਿੱਚ)

ਸਾਲ	ਕੇਂਦਰ ਤੋਂ ਪ੍ਰਾਪਤ ਫੰਡਜ਼	ਰਾਜ ਤੋਂ ਪ੍ਰਾਪਤ ਫੰਡਜ਼	ਕੁੱਲ ਪ੍ਰਾਪਤ ਫੰਡ (ਕੇਂਦਰ+ਰਾਜ)
2007-08	2865.72	995.62	3861.34
2008-09	6711.2	653.14	7364.34
2009-10	14448.76	1524.9	15973.66
2010-11	13089.96	808.89	13898.85
2011-12	11429.36	1889.3	13318.66

ਅਨੁਲੱਗ-'ਅ'

ਮਨਰੇਗਾ ਅਧੀਨ ਜ਼ਿਲ੍ਹੇਵਾਰ ਖਰਚਾ

(ਰੁਪਏ ਲੱਖਾਂ ਵਿੱਚ)

ਲੜੀ ਨੰ:	ਜ਼ਿਲ੍ਹੇ ਦਾ ਨਾਂ	2007-08 ਖਰਚਾ	2008-09 ਖਰਚਾ	2009-10 ਖਰਚਾ	2010-11 ਖਰਚਾ	2011-12 ਖਰਚਾ
1	ਹੁਸ਼ਿਆਰਪੁਰ	2269.70	2025.48	2907.08	2339.47	1444.12
2	ਅੰਮ੍ਰਿਤਸਰ	1149.31	804.22	2669.48	1992.03	917.84
3	ਜਲੰਧਰ	109.07	183.89	748.68	806.71	544.2
4	ਐਸ.ਬੀ.ਐਸ. ਨਗਰ	148.60	255.61	511.74	329.22	259.6
5	ਬਰਨਾਲਾ	0.00	106.88	283.48	402.93	463.92
6	ਬਠਿੰਡਾ	0.00	421.23	1151.37	1134.72	1090.19
7	ਫਰੀਦਕੋਟ	0.00	35.71	200.12	310.26	390.52
8	ਫਤਹਿਗੜ੍ਹ ਸਾਹਿਬ	0.00	136.02	194.09	408.60	527.81
9	ਫਾਜ਼ਿਲਕਾ	0.00	0.00	0.00	0.00	1219.33
10	ਫਿਰੋਜ਼ਪੁਰ	0.00	147.03	675.37	1498.51	789.23
11	ਗੁਰਦਾਸਪੁਰ	0.00	406.58	1157.54	985.15	772.47
12	ਕਪੂਰਥਲਾ	0.00	32.97	136.60	228.31	504.54

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

13	ਲੁਧਿਆਣਾ	0.00	77.40	460.56	923.27	1098.15
14	ਮਾਨਸਾ	0.00	153.30	711.68	553.94	472.32
15	ਮੋਗਾ	0.00	103.42	100.17	472.49	564.83
16	ਮੁਕਤਸਰ	0.00	128.06	741.64	1312.32	1133.88
17	ਪਟਿਆਲਾ	0.00	260.24	604.29	640.80	766.19
18	ਪਠਾਨਕੋਟ	0.00	0.00	0.00	0.00	363.46
19	ਰੂਪਨਗਰ	0.00	193.83	445.48	555.11	648.69
20	ਸੰਗਰੂਰ	0.00	139.69	896.12	836.65	661.44
21	ਐਸ.ਏ.ਐਸ. ਨਗਰ	0.00	122.86	114.06	349.19	305.24
22	ਤਰਨ ਤਾਰਨ	0.00	126.75	182.17	802.38	653.81
	ਕੁੱਲ	3676.67	5861.17	14891.73	16882.08	15592.08
	ਸਟੇਟ ਫੰਡ	0	0	0	27.45	20.68
	ਕੁੱਲ	3676.67	5861.17	14891.73	16909.53	15612.76

ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਰਾਸ਼ੀ ਵਿਚ ਵਾਧਾ

***122. (ਸੀ.ਯੁ.) ਸ਼੍ਰੀ ਤਰਲੋਚਨ ਸਿੰਘ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭਲਾਈ ਪੈਨਸ਼ਨਾਂ ਅਰਥਾਤ ਬੁਢਾਪਾ, ਵਿਧਵਾ, ਅਨਾਥ ਅਤੇ ਅਪਾਹਜਾਂ ਦੀਆਂ ਪੈਨਸ਼ਨਾਂ ਦੀ ਰਾਸ਼ੀ ਵਧਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਵੇਰਵੇ ਹਨ?

ਸ਼੍ਰੀ ਮਦਨ ਮੋਹਨ ਮਿੱਤਲ : ਸਮਾਜਿਕ ਸੁਰੱਖਿਆ ਸਕੀਮਾਂ ਅਧੀਨ ਪੈਨਸ਼ਨ/ਵਿੱਤੀ ਸਹਾਇਤਾ ਦੀ ਦਰ ਵਧਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਬਾਰੇ ਨੇੜ ਭਵਿੱਖ ਵਿਚ ਢੁਕਵਾਂ ਫੈਸਲਾ ਲੈ ਲਿਆ ਜਾਵੇਗਾ।

ਭਾਖੜਾ ਮੇਨ ਲਾਈਨ ਦੀ ਸਫ਼ਾਈ

***123. (ਸੀ.ਯੁ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਭਾਖੜਾ ਮੇਨ ਲਾਈਨ ਦੇ ਪਟਿਆਲਾ ਤੋਂ ਗੋਲੇਵਾਲਾ ਹੈਡ ਵਰਕਸ ਤੱਕ ਦੀ ਪਿਛਲੇ ਦਸ ਸਾਲਾਂ ਤੋਂ ਸਫ਼ਾਈ ਨਹੀਂ

ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ ਅਤੇ ਹੁਣ ਇਸ ਨੂੰ ਕਦੋਂ ਤੱਕ ਸਾਫ਼ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਜਨਮੇਜਾ ਸਿੰਘ ਸੇਖੋਂ : ਭਾਖੜਾ ਮੇਨ ਲਾਈਨ, ਪਟਿਆਲਾ ਤੋਂ ਗੋਲੇ ਵਾਲਾ ਹੈੱਡ ਵਰਕਸ ਤੱਕ ਇਕ ਅੰਤਰਰਾਜੀ ਚੈਨਲ ਹੋਣ ਕਰਕੇ ਇਸ ਵਿੱਚ ਲਗਾਤਾਰ ਸਾਰਾ ਸਾਲ ਪਾਣੀ ਚਲਦਾ ਹੈ। ਫਰੀਬੋਰਡ ਪੋਰਸ਼ਨ ਵਿੱਚ ਨਹਿਰ ਦੀ ਲਾਈਨਿੰਗ ਦੀ ਸਫਾਈ ਰੈਗੂਲਰ ਗੈਂਗ ਤੋਂ ਲਗਾਤਾਰ ਕਰਵਾਈ ਜਾਂਦੀ ਹੈ। ਬਾਕੀ ਨਹਿਰ ਦੀ ਸਫ਼ਾਈ ਬੰਦੀ ਦਾ ਸਮਾਂ ਘੱਟ ਹੋਣ ਕਾਰਨ ਪੂਰੀ ਤਰ੍ਹਾਂ ਨਹੀਂ ਕਰਵਾਈ ਜਾ ਸਕੀ। ਦੁਬਾਰਾ ਜਦੋਂ ਵੀ ਨਹਿਰ ਦੀ ਬੰਦੀ ਹਿੱਸੇਦਾਰ ਰਾਜਾਂ ਵੱਲੋਂ ਸਹਿਮਤੀ ਲੈ ਕੇ ਕੀਤੀ ਗਈ ਤਾਂ ਹਿੱਸੇਦਾਰ ਰਾਜਾਂ ਤੋਂ ਫੰਡਜ਼ ਪ੍ਰਾਪਤ ਕਰਕੇ ਇਸ ਨਹਿਰ ਦੀ ਸਫ਼ਾਈ ਕਰਵਾ ਦਿੱਤੀ ਜਾਵੇਗੀ।

ਵਾਟਰ ਕੋਰਸ ਲਾਈਨਿੰਗ ਦਾ ਖਰਚਾ

***124. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਫਰਵਰੀ, 2007 ਤੋਂ ਹੁਣ ਤੱਕ ਮਾਨਸਾ ਅਤੇ ਲੈਹਿਲ ਸਿੰਚਾਈ ਡਵੀਜ਼ਨ ਵਿਚ ਵਾਟਰ ਕੋਰਸ ਲਾਈਨਿੰਗ ਅਧੀਨ ਕੁੱਲ ਕਿੰਨਾ ਰਕਬਾ ਲਿਆਂਦਾ ਗਿਆ ਹੈ?

(ਅ) ਉਕਤ ਪ੍ਰੋਜੈਕਟ ਲਈ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਸ ਲਈ ਦਿੱਤੇ ਗਏ ਫੰਡਾਂ ਦੇ ਸਾਧਨ ਕੀ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ : (ੳ) ਫਰਵਰੀ, 2007 ਤੋਂ ਮਈ, 2012 ਤੱਕ ਮਾਨਸਾ ਸਿੰਚਾਈ ਡਵੀਜ਼ਨ ਅਧੀਨ ਪੈਂਦੇ ਕੋਟਲਾ ਬ੍ਰਾਂਚ ਪ੍ਰੋਜੈਕਟ ਅਧੀਨ 28374 ਹੈਕਟੇਅਰ ਅਤੇ ਭਾਖੜਾ ਮੇਨ ਬ੍ਰਾਂਚ ਪ੍ਰੋਜੈਕਟ ਅਧੀਨ 9000 ਹੈਕਟੇਅਰ ਰਕਬੇ ਨੂੰ ਖਾਲ ਪੱਕੇ ਕਰ ਕੇ ਸਿੰਚਾਈ ਹੇਠ ਲਿਆਂਦਾ ਗਿਆ ਹੈ। ਇਸ ਸਮੇਂ ਦੌਰਾਨ ਲੈਹਿਲ ਸਿੰਚਾਈ ਮੰਡਲ ਅਧੀਨ ਕੋਈ ਕੰਮ ਨਹੀਂ ਕੀਤਾ ਗਿਆ।

(ਅ) ਇਸ ਸਮੇਂ ਦੌਰਾਨ ਕੋਟਲਾ ਬ੍ਰਾਂਚ ਪ੍ਰੋਜੈਕਟ ਉਪਰ 4170.25 ਲੱਖ ਰੁਪਏ ਅਤੇ ਭਾਖੜਾ ਮੇਨ ਬ੍ਰਾਂਚ ਪ੍ਰੋਜੈਕਟ ਉੱਪਰ 1834 ਲੱਖ ਰੁਪਏ ਦੀ ਰਾਸ਼ੀ ਖਰਚ ਹੋ ਚੁੱਕੀ ਹੈ। ਕੋਟਲਾ ਬ੍ਰਾਂਚ ਪ੍ਰੋਜੈਕਟ ਕੇਂਦਰ ਦੁਆਰਾ ਸਪਾਂਸਰਡ ਸਕੀਮ ਸੀ ਅਤੇ ਇਸ ਅਧੀਨ 50% ਹਿੱਸਾ ਭਾਰਤ ਸਰਕਾਰ ਦਾ, 40% ਰਾਜ ਸਰਕਾਰ ਦਾ ਅਤੇ 10% ਲਾਭਪਾਤਰੀਆਂ ਦਾ ਯੋਗਦਾਨ ਸੀ। ਭਾਖੜਾ ਮੇਨ ਬ੍ਰਾਂਚ ਅਧੀਨ 90% ਰਾਜ ਸਰਕਾਰ ਦਾ ਹਿੱਸਾ ਅਤੇ 10% ਲਾਭਪਾਤਰੀਆਂ ਦਾ ਜ਼ਰੂਰੀ ਹਿੱਸਾ। ਰਾਜ ਸਰਕਾਰ ਦੇ ਹਿੱਸੇ ਵਿੱਚ 95% ਨਬਾਰਡ ਦੁਆਰਾ ਕਰਜ਼ੇ ਦੇ ਤੌਰ ਤੇ ਲਿਆ ਗਿਆ ਹੈ।

ਇੰਦਰਾ ਅਵਾਸ ਯੋਜਨਾ ਅਧੀਨ ਪ੍ਰਾਪਤ ਫੰਡ

***125. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਾਲ 2010-11 ਅਤੇ 2011-12 ਦੌਰਾਨ ਇੰਦਰਾ ਅਵਾਸ ਯੋਜਨਾ ਅਧੀਨ ਉਪ-ਮੰਡਲ ਸਰਦੂਲਗੜ੍ਹ ਨੂੰ ਕੁੱਲ ਕਿੰਨੇ ਫੰਡ ਪ੍ਰਾਪਤ ਹੋਏ ਅਤੇ ਇਨ੍ਹਾਂ ਦੀ ਵੰਡ ਦੇ ਵੇਰਵੇ ਕੀ ਹਨ;

(ਅ) ਉਕਤ ਸਮੇਂ ਦੌਰਾਨ ਉਪ-ਮੰਡਲ ਸਰਦੂਲਗੜ੍ਹ ਵਿਚ ਉਕਤ ਫੰਡਾਂ ਦੇ ਲਾਭ-ਪਾਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਫੰਡਾਂ ਦੀ ਵੰਡ ਦੀ ਵਿਧੀ ਕੀ ਸੀ ਅਤੇ ਕੀ ਫੰਡਾਂ ਦੀ ਰਕਮ ਨਕਦ ਅਦਾਇਗੀ ਜਾਂ ਚੈੱਕ ਜਾਂ ਇਮਾਰਤੀ ਸਾਜ਼ੋ-ਸਮਾਨ ਰਾਹੀਂ ਵੰਡੀ ਗਈ ਸੀ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, (ੳ) ਸਾਲ 2010-11 ਅਤੇ 2011-12 ਦੌਰਾਨ ਇੰਦਰਾ ਅਵਾਸ ਯੋਜਨਾ ਅਧੀਨ ਉਪ-ਮੰਡਲ ਸਰਦੂਲਗੜ੍ਹ ਨੂੰ ਕੁੱਲ 832.05 ਲੱਖ ਰੁਪਏ ਦੇ ਫੰਡ ਪ੍ਰਾਪਤ ਹੋਏ ਸਨ। ਇਨ੍ਹਾਂ ਫੰਡਾਂ ਦੀ ਵੰਡ ਦੇ ਵੇਰਵੇ ਅਨੁਲੱਗ 'ੳ' ਤੇ ਰੱਖੇ ਜਾਂਦੇ ਹਨ।

(ਅ) ਉਕਤ ਸਮੇਂ ਦੌਰਾਨ ਉਪ-ਮੰਡਲ ਸਰਦੂਲਗੜ੍ਹ ਵਿਚ ਉਕਤ ਫੰਡਾਂ ਦੇ ਲਾਭ-ਪਾਤਰਾਂ ਦੀ ਕੁੱਲ ਗਿਣਤੀ 2040 ਹੈ।

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਫੰਡਾਂ ਦੀ ਵੰਡ ਦੀ ਵਿਧੀ ਲਾਭਪਾਤਰਾਂ ਨੂੰ ਚੈੱਕਾਂ ਰਾਹੀਂ ਦੋ ਕਿਸ਼ਤਾਂ ਵਿਚ ਅਦਾਇਗੀ ਕਰਨ ਦੀ ਸੀ। ਇਨ੍ਹਾਂ ਫੰਡਾਂ ਦੀ ਰਕਮ ਦੀ ਅਦਾਇਗੀ ਲਾਭਪਾਤਰਾਂ ਨੂੰ ਚੈੱਕਾਂ ਰਾਹੀਂ (ਦੋ ਕਿਸ਼ਤਾਂ ਵਿਚ) ਕੀਤੀ ਗਈ ਹੈ।

ਅਨੁਲੱਗ 'ੳ'

ਇੰਦਰਾ ਅਵਾਸ ਯੋਜਨਾ ਸਕੀਮ ਜਾਰੀ ਗ੍ਰਾਂਟ ਦੀ ਸੂਚਨਾ ਉਪਮੰਡਲ ਸਰਦੂਲਗੜ੍ਹ

ਲੜੀ ਨੰ:	ਪਿੰਡ ਦਾ ਨਾਮ ਗ੍ਰਾਮ ਪੰਚਾਇਤ	ਬਲਾਕ ਦਾ ਨਾਮ	ਸਾਲ	ਨਵੇਂ ਘਰ	ਪੁਰਾਣੇ ਘਰ	ਕੁੱਲ ਰਕਮ	ਲਾਭਪਾਤਰੀ ਨੂੰ ਅਦਾਇਗੀ ਦੀ ਵਿਧੀ
1	ਹੀਰਕੇ	ਸਰਦੂਲਗੜ੍ਹ	2010-11	121	0	5445000	ਚੈੱਕ ਰਾਹੀਂ
2	ਹੀਰਕੇ	ਸਰਦੂਲਗੜ੍ਹ	2010-11	20	0	900000	ਚੈੱਕ ਰਾਹੀਂ
3	ਜਗਤਗੜ੍ਹ ਬਾਂਦਰ	ਸਰਦੂਲਗੜ੍ਹ	2010-11	8	0	360000	ਚੈੱਕ ਰਾਹੀਂ
4	ਚੋਟੀਆਂ	ਸਰਦੂਲਗੜ੍ਹ	2010-11	36	0	1620000	ਚੈੱਕ ਰਾਹੀਂ
5	ਹੀਰਕੇ	ਸਰਦੂਲਗੜ੍ਹ	2010-11	41	0	1845000	ਚੈੱਕ ਰਾਹੀਂ
6	ਬੀ.ਡੀ.ਪੀ.ਓ.	ਸਰਦੂਲਗੜ੍ਹ	2010-11	0	0	0	ਚੈੱਕ ਰਾਹੀਂ

ਸਰਦੂਲਗੜ੍ਹ
(54 ਲੱਖ)

	ਚੂਹੜੀਆਂ	ਸਰਦੂਲਗੜ੍ਹ	2010-11	4	0	180000	ਚੈੱਕ ਰਾਹੀਂ
	ਲੋਹਗੜ੍ਹ	ਸਰਦੂਲਗੜ੍ਹ	2010-11	7	0	315000	ਚੈੱਕ ਰਾਹੀਂ
	ਟਿੱਬੀ ਹਰੀ ਸਿੰਘ	ਸਰਦੂਲਗੜ੍ਹ	2010-11	9	0	405000	ਚੈੱਕ ਰਾਹੀਂ
	ਰਾਜ ਰਾਣਾ	ਸਰਦੂਲਗੜ੍ਹ	2010-11	37	0	1665000	ਚੈੱਕ ਰਾਹੀਂ
	ਰਣਜੀਤਗੜ੍ਹ ਬਾਂਦਰ	ਸਰਦੂਲਗੜ੍ਹ	2010-11	63	0	2835000	ਚੈੱਕ ਰਾਹੀਂ
7	ਸਰਦੂਲੇਵਾਲਾ	ਸਰਦੂਲਗੜ੍ਹ	2011-12	56	0	2520000	ਚੈੱਕ ਰਾਹੀਂ
8	ਝੰਡਾ ਕਲਾਂ	ਸਰਦੂਲਗੜ੍ਹ	2011-12	48	0	2160000	ਚੈੱਕ ਰਾਹੀਂ
9	ਕਰੰਡੀ	ਸਰਦੂਲਗੜ੍ਹ	2011-12	18	0	810000	ਚੈੱਕ ਰਾਹੀਂ
10	ਮੀਰਪੁਰ ਕਲਾਂ	ਸਰਦੂਲਗੜ੍ਹ	2011-12	10	0	450000	ਚੈੱਕ ਰਾਹੀਂ
11	ਸਾਧੂਵਾਲਾ	ਸਰਦੂਲਗੜ੍ਹ	2011-12	41	0	1845000	ਚੈੱਕ ਰਾਹੀਂ
12	ਬਰਨ	ਸਰਦੂਲਗੜ੍ਹ	2011-12	16	0	720000	ਚੈੱਕ ਰਾਹੀਂ
13	ਮਾਨਖੇੜਾ	ਸਰਦੂਲਗੜ੍ਹ	2011-12	24	0	1080000	ਚੈੱਕ ਰਾਹੀਂ
14	ਭਗਵਾਨਪੁਰ ਹੀਂਗਣਾ	ਸਰਦੂਲਗੜ੍ਹ	2011-12	48	0	2160000	ਚੈੱਕ ਰਾਹੀਂ
15	ਸੰਘਾ	ਸਰਦੂਲਗੜ੍ਹ	2011-12	32	0	1440000	ਚੈੱਕ ਰਾਹੀਂ
16	ਵਿਕਾਸ ਨਗਰ	ਸਰਦੂਲਗੜ੍ਹ	2011-12	1	0	45000	ਚੈੱਕ ਰਾਹੀਂ
17	ਝੰਡਾ ਖੁਰਦ	ਸਰਦੂਲਗੜ੍ਹ	2011-12	5	0	225000	ਚੈੱਕ ਰਾਹੀਂ
18	ਫੱਤਾ ਮਾਲੋਕਾ	ਸਰਦੂਲਗੜ੍ਹ	2011-12	66	0	2970000	ਚੈੱਕ ਰਾਹੀਂ
19	ਆਦਮਕੇ	ਸਰਦੂਲਗੜ੍ਹ	2011-12	1	0	45000	ਚੈੱਕ ਰਾਹੀਂ
20	ਜਟਾਣਾ ਕਲਾਂ	ਸਰਦੂਲਗੜ੍ਹ	2011-12	47	0	2220000	ਚੈੱਕ ਰਾਹੀਂ
21	ਮੀਰਪੁਰ ਖੁਰਦ	ਸਰਦੂਲਗੜ੍ਹ	2011-12	6	0	270000	ਚੈੱਕ ਰਾਹੀਂ
22	ਜਟਾਣਾ ਖੁਰਦ	ਸਰਦੂਲਗੜ੍ਹ	2011-12	21	0	945000	ਚੈੱਕ ਰਾਹੀਂ
23	ਭੱਲਣਵਾੜਾ	ਸਰਦੂਲਗੜ੍ਹ	2011-12	32	0	1440000	ਚੈੱਕ ਰਾਹੀਂ
24	ਕੁਸਲਾ	ਸਰਦੂਲਗੜ੍ਹ	2011-12	5	0	225000	ਚੈੱਕ ਰਾਹੀਂ
25	ਕਰੀਮਪੁਰ ਡੂੰਮ	ਸਰਦੂਲਗੜ੍ਹ	2011-12	2	0	90000	ਚੈੱਕ ਰਾਹੀਂ
26	ਰੋੜਕੀ	ਸਰਦੂਲਗੜ੍ਹ	2011-12	3	0	135000	ਚੈੱਕ ਰਾਹੀਂ
27	ਝੰਡੂਕੇ	ਸਰਦੂਲਗੜ੍ਹ	2011-12	8	0	360000	ਚੈੱਕ ਰਾਹੀਂ
28	ਝੰਡਾ ਕਲਾਂ	ਸਰਦੂਲਗੜ੍ਹ	2011-12	6	0	270000	ਚੈੱਕ ਰਾਹੀਂ
29	ਭਗਵਾਨਪੁਰ ਹੀਂਗਣਾ	ਸਰਦੂਲਗੜ੍ਹ	2011-12	18	0	810000	ਚੈੱਕ ਰਾਹੀਂ
30	ਰਣਜੀਤਗੜ੍ਹ ਬਾਂਦਰਾ	ਸਰਦੂਲਗੜ੍ਹ	2011-12	10	0	450000	ਚੈੱਕ ਰਾਹੀਂ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

31	ਮਾਨਖੇੜਾ	ਸਰਦੂਲਗੜ੍ਹ	2011-12	20	0	900000	ਚੈੱਕ ਰਾਹੀਂ
32	ਫੱਤਾ ਮਾਲੋਕਾ	ਸਰਦੂਲਗੜ੍ਹ	2011-12	2	0	90000	ਚੈੱਕ ਰਾਹੀਂ
33	ਨਾਹਰਾਂ	ਸਰਦੂਲਗੜ੍ਹ	2011-12	11	0	495000	ਚੈੱਕ ਰਾਹੀਂ
34	ਹੀਰਕੇ	ਸਰਦੂਲਗੜ੍ਹ	2011-12	5	0	225000	ਚੈੱਕ ਰਾਹੀਂ
35	ਝੰਡੂਕੇ	ਸਰਦੂਲਗੜ੍ਹ	2011-12	2	0	90000	ਚੈੱਕ ਰਾਹੀਂ
36	ਖੈਰਾ ਖੁਰਦ	ਸਰਦੂਲਗੜ੍ਹ	2011-12	5	0	225000	ਚੈੱਕ ਰਾਹੀਂ
37	ਝੰਡਾ ਖੁਰਦ	ਸਰਦੂਲਗੜ੍ਹ	2011-12	23	0	1035000	ਚੈੱਕ ਰਾਹੀਂ
38	ਕਾਹਨੇਵਾਲਾ	ਸਰਦੂਲਗੜ੍ਹ	2011-12	4	0	180000	ਚੈੱਕ ਰਾਹੀਂ
39	ਟਿਬੀ ਹਰੀ ਸਿੰਘ	ਸਰਦੂਲਗੜ੍ਹ	2011-12	10	0	450000	ਚੈੱਕ ਰਾਹੀਂ
40	ਮੀਰਪੁਰ ਖੁਰਦ	ਸਰਦੂਲਗੜ੍ਹ	2011-12	1	0	45000	ਚੈੱਕ ਰਾਹੀਂ
41	ਭੂੰਦੜ	ਸਰਦੂਲਗੜ੍ਹ	2011-12	7	0	315000	ਚੈੱਕ ਰਾਹੀਂ
42	ਸਰਦੂਲੇਵਾਲਾ	ਸਰਦੂਲਗੜ੍ਹ	2011-12	5	0	225000	ਚੈੱਕ ਰਾਹੀਂ
43	ਜਟਾਣਾ ਕਲਾਂ	ਸਰਦੂਲਗੜ੍ਹ	2011-12	6	0	270000	ਚੈੱਕ ਰਾਹੀਂ
44	ਬਾਜੇਵਾਲਾ	ਝੁਨੀਰ	2010-11	80	5	625000	ਚੈੱਕ ਰਾਹੀਂ
45	ਘੁਦੂਵਾਲਾ	ਝੁਨੀਰ	2010-11	4	4	65000	ਚੈੱਕ ਰਾਹੀਂ
46	ਚੈਨੇਵਾਲਾ	ਝੁਨੀਰ	2010-11	19	0	855000	ਚੈੱਕ ਰਾਹੀਂ
47	ਖਿਆਲੀ ਚਹਿਲਾਂਵਲੀ	ਝੁਨੀਰ	2010-11	38	0	1710000	ਚੈੱਕ ਰਾਹੀਂ
48	ਭੰਮੇ ਕਲਾਂ	ਝੁਨੀਰ	2010-11	34	13	1725000	ਚੈੱਕ ਰਾਹੀਂ
49	ਰਾਮਾਨੰਦੀ	ਝੁਨੀਰ	2010-11	2	6	180000	ਚੈੱਕ ਰਾਹੀਂ
50	ਬੀ.ਡੀ.ਪੀ.ਓ. ਝੁਨੀਰ (54.75)	ਝੁਨੀਰ	2010-11	0	0	0	ਚੈੱਕ ਰਾਹੀਂ
	ਝੇਰਿਆਵਾਲੀ	ਝੁਨੀਰ	2010-11	22	0	990000	ਚੈੱਕ ਰਾਹੀਂ
	ਧਿੰਗੜ	ਝੁਨੀਰ	2010-11	9	0	405000	ਚੈੱਕ ਰਾਹੀਂ
	ਪੇਰੋਂ	ਝੁਨੀਰ	2010-11	13	6	675000	ਚੈੱਕ ਰਾਹੀਂ
	ਚਚੋਹਰ	ਝੁਨੀਰ	2010-11	20	0	900000	ਚੈੱਕ ਰਾਹੀਂ
	ਦਾਨੇਵਾਲਾ	ਝੁਨੀਰ	2010-11	30	23	1695000	ਚੈੱਕ ਰਾਹੀਂ
	ਫਤਿਹਪੁਰ	ਝੁਨੀਰ	2010-11	16	6	810000	ਚੈੱਕ ਰਾਹੀਂ
51	ਮੋਫਰ	ਝੁਨੀਰ	2011-12	25	3	1170000	ਚੈੱਕ ਰਾਹੀਂ
52	ਦਲੀਏਵਾਲੀ	ਝੁਨੀਰ	2011-12	11	4	555000	ਚੈੱਕ ਰਾਹੀਂ
53	ਜੋੜਕੀਆਂ	ਝੁਨੀਰ	2011-12	1	1	60000	ਚੈੱਕ ਰਾਹੀਂ

54	ਦਲੇਲ ਵਾਲਾ	ਝੂਨੀਰ	2011-12	51	19	2580000	ਚੈੱਕ ਰਾਹੀਂ
55	ਕੋਟ ਧਰਮੂ	ਝੂਨੀਰ	2011-12	9	2	435000	ਚੈੱਕ ਰਾਹੀਂ
56	ਕੋਰਵਾਲਾ	ਝੂਨੀਰ	2011-12	33	5	1560000	ਚੈੱਕ ਰਾਹੀਂ
57	ਦਸੋਧੀਆ	ਝੂਨੀਰ	2011-12	5	0	225000	ਚੈੱਕ ਰਾਹੀਂ
58	ਸਾਹਨੇਵਾਲੀ	ਝੂਨੀਰ	2011-12	26	0	1170000	ਚੈੱਕ ਰਾਹੀਂ
59	ਉੱਲਕ	ਝੂਨੀਰ	2011-12	1	0	45000	ਚੈੱਕ ਰਾਹੀਂ
60	ਉੱਲਕ	ਝੂਨੀਰ	2011-12	2	0	90000	ਚੈੱਕ ਰਾਹੀਂ
61	ਬਨਾਵਾਲਾ	ਝੂਨੀਰ	2011-12	17	19	1050000	ਚੈੱਕ ਰਾਹੀਂ
62	ਮਾਖੇਵਾਲਾ	ਝੂਨੀਰ	2011-12	45	0	2025000	ਚੈੱਕ ਰਾਹੀਂ
63	ਮਾਖਾ	ਝੂਨੀਰ	2011-12	21	45	1620000	ਚੈੱਕ ਰਾਹੀਂ
64	ਤਲਵੰਡੀ ਅਕਲੀਆ	ਝੂਨੀਰ	2011-12	17	4	825000	ਚੈੱਕ ਰਾਹੀਂ
65	ਘੁਦੂਵਾਲਾ	ਝੂਨੀਰ	2011-12	39	2	1785000	ਚੈੱਕ ਰਾਹੀਂ
66	ਝੂਨੀਰ	ਝੂਨੀਰ	2011-12	165	0	7425000	ਚੈੱਕ ਰਾਹੀਂ
67	ਚੈਨੇਵਾਲਾ	ਝੂਨੀਰ	2011-12	6	0	270000	ਚੈੱਕ ਰਾਹੀਂ
68	ਝੂਨੀਰ	ਝੂਨੀਰ	2011-12	17	0	765000	ਚੈੱਕ ਰਾਹੀਂ
69	ਬਹਿਣੀਵਾਲ	ਝੂਨੀਰ	2011-12	33	0	1485000	ਚੈੱਕ ਰਾਹੀਂ
70	ਬਹਿਣੀਵਾਲ	ਝੂਨੀਰ	2011-12	9	5	480000	ਚੈੱਕ ਰਾਹੀਂ
71	ਰਾਏਪੁਰ	ਝੂਨੀਰ	2011-12	70	0	3150000	ਚੈੱਕ ਰਾਹੀਂ
			ਕੁੱਲ	**1861**	**179**	**83205000**	**ਚੈੱਕ ਰਾਹੀਂ**

ਜੈਵਿਕ ਫ਼ਸਲਾਂ ਨੂੰ ਪ੍ਰੋਤਸਾਹਿਤ ਕਰਨਾ

***126. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਮਾਰਚ, 2007 ਤੋਂ ਮਿਤੀ ਅੰਤ ਤੱਕ ਜੈਵਿਕ ਫ਼ਸਲਾਂ ਨੂੰ ਪ੍ਰੋਤਸਾਹਿਤ ਕਰਨ ਲਈ ਸਰਕਾਰ ਦੁਆਰਾ ਕੀ ਉਪਾਅ/ਕਦਮ ਚੁੱਕੇ ਗਏ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ : ਉੱਤਰ ਅਨੁਲੱਗ-'ੳ' ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਅਨੁਲੱਗ-'ੳ'

ਆਰਗੈਨਿਕ ਖੇਤੀ (ਜੈਵਿਕ ਖੇਤੀ) ਦੀ ਸਕੀਮ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ। ਇਸ ਸਕੀਮ ਨੂੰ ਲਾਗੂ ਕਰਨ ਲਈ ਸਾਲ 2007-08 ਤੋਂ ਸਾਲ 2011-12 ਦੌਰਾਨ ਹੇਠ ਲਿਖੇ ਉਪਰਾਲੇ ਕੀਤੇ ਗਏ :-

ਸਾਲ	ਕਿਸਾਨ ਸਿਖਲਾਈ ਕੈਂਪਾਂ ਦੀ ਗਿਣਤੀ (ਪ੍ਰਤੀ ਕੈਂਪ 13000/- ਰੁਪਏ)	ਖੇਤੀ ਪ੍ਰਦਰਸ਼ਨੀਆਂ ਦੀ ਗਿਣਤੀ ਗੋਬਰ ਨਾਲ (10000/- ਰੁਪਏ ਪ੍ਰਤੀ ਪ੍ਰਦਰਸ਼ਨੀ)	ਖੇਤੀ ਪ੍ਰਦਰਸ਼ਨੀਆਂ ਸਲੱਰੀ ਨਾਲ (16000/- ਪ੍ਰਤੀ ਪ੍ਰਦਰਸ਼ਨੀ)	ਮਾਡਲ ਆਰਗੈਨਿਕ ਫਾਰਮਿੰਗ ਦੀ ਸਥਾਪਨਾ ਅਤੇ ਲਿਟਰੇਚਰ	ਕੁੱਲ ਖਰਚਾ (ਲੱਖਾਂ ਵਿੱਚ)
2007-08	36	38	17	4.00	15.09
2008-09	ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ।				
2009-10	38	37	29	0.91	14.19
2010-11	-	6	-	0.045	0.65
2011-12	ਭਾਰਤ ਸਰਕਾਰ ਵੱਲੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ।				

ਉਪਰੋਕਤ ਰਾਸ਼ੀ ਨਾਲ ਕਿਸਾਨਾਂ ਨੂੰ ਆਰਗੈਨਿਕ ਖੇਤੀ ਸਬੰਧੀ ਟਰੇਨਿੰਗ ਦੇਣ ਲਈ ਕਿਸਾਨ ਸਿਖਲਾਈ ਕੈਂਪ, ਪ੍ਰਦਰਸ਼ਨੀਆਂ ਅਤੇ ਜੈਵਿਕ ਖੇਤੀ ਨਾਲ ਸਬੰਧਤ ਲਿਟਰੇਚਰ ਕਿਸਾਨਾਂ ਵਿੱਚ ਵੰਡਿਆ ਗਿਆ। ਇਸ ਤੋਂ ਇਲਾਵਾ ਹਰ ਸਾਲ ਹਰੇਕ ਜ਼ਿਲ੍ਹੇ ਵਿੱਚ ਸਾਲ ਵਿੱਚ 2 ਵਾਰ ਜ਼ਿਲ੍ਹਾ, ਬਲਾਕ ਤੇ ਪਿੰਡ ਪੱਧਰ ਤੇ ਕਿਸਾਨ ਸਿਖਲਾਈ ਕੈਂਪ ਲਗਾਏ ਜਾਂਦੇ ਹਨ। ਜਿਨ੍ਹਾਂ ਵਿੱਚ ਵੀ ਕਿਸਾਨਾਂ ਨੂੰ ਜੈਵਿਕ ਖੇਤੀ ਨੂੰ ਪ੍ਰਚਲਿਤ ਕਰਨ ਲਈ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਜਾਂਦੀ ਹੈ।

ਰਾਜ ਵਿੱਚ ਫਲਾਂ ਅਤੇ ਸਬਜ਼ੀਆਂ ਦੀ ਜੈਵਿਕ ਖੇਤੀ ਨੂੰ ਪ੍ਰੋਤਸਾਹਿਤ ਕਰਨ ਲਈ ਕੇਂਦਰ ਸਰਕਾਰ ਦੀ ਨੈਸ਼ਨਲ ਬਾਗਬਾਨੀ ਮਿਸ਼ਨ ਸਕੀਮ ਅਧੀਨ ਰਾਜ ਸਰਕਾਰ ਵੱਲੋਂ 15% ਹਿੱਸਾ ਪਾਇਆ ਜਾ ਰਿਹਾ ਹੈ। ਸਾਲ ਵਾਈਜ਼ ਦਿੱਤੀ ਗਈ ਸਹਾਇਤਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਸਾਲ	ਦਿੱਤੀ ਗਈ ਵਿੱਤੀ ਸਹਾਇਤਾ (ਲੱਖਾਂ ਵਿੱਚ)
2007-08	240.00
2008-09	379.70
2009-10	197.70
2010-11	141.00
2011-12	40.00
ਕੁੱਲ	**998.40**

ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੀ ਗਈ ਆਰਗੈਨਿਕ ਫਾਰਮਿੰਗ ਕੌਂਸਲ

ਆਫ ਪੰਜਾਬ ਵੱਲੋਂ ਸਾਲ 2007-08 ਤੋਂ ਹੁਣ ਤੱਕ 1105 ਕਿਸਾਨਾਂ ਨੂੰ ਆਰਗੈਨਿਕ ਫਾਰਮਿੰਗ ਲਈ ਰਜਿਸਟਰ ਕਰਕੇ 5220 ਏਕੜ ਵਿਚ ਆਰਗੈਨਿਕ ਫਾਰਮਿੰਗ ਕਰਵਾਈ ਗਈ ਹੈ। ਇਨ੍ਹਾਂ ਵੱਲੋਂ ਉਪਰੋਕਤ ਸਮੇਂ ਦੌਰਾਨ ਦਿੱਤੀ ਗਈ ਸਹਾਇਤਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਸਾਲ	ਵਿੱਤੀ ਸਹਾਇਤਾ ਜਿੱਥੋਂ ਪ੍ਰਾਪਤ ਕੀਤੀ (ਲੱਖਾਂ ਵਿੱਚ)	ਰਕਬਾ (ਏਕੜ)
2007-08	ਕੌਂਸਲ ਦੇ ਆਪਣੇ ਫੰਡ	701
2009-10	ਨੈਸ਼ਨਲ ਬਾਗਬਾਨੀ ਮਿਸ਼ਨ (212.00)	3374
2010-11	ਆਰ.ਕੇ.ਵੀ.ਵਾਈ.(100.00)	1145

ਅਨੁਸੂਚਿਤ ਜਾਤੀ ਵਿਦਿਆਰਥੀਆਂ ਲਈ ਵਜੀਫ਼ੇ

***127. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2010-11 ਅਤੇ ਸਾਲ 2011-12 ਦੌਰਾਨ ਸਰਕਾਰੀ ਸਕੂਲਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਵਜ਼ੀਫੇ ਵਜੋਂ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਹੈ ਅਤੇ ਉਕਤ ਸਾਲਾਂ ਦੌਰਾਨ ਉਕਤ ਰਕਮ ਦੀ ਵੰਡ ਸਬੰਧੀ ਜ਼ਿਲ੍ਹਾਵਾਰ ਵੇਰਵੇ ਕੀ ਹਨ?

ਸਰਦਾਰ ਸਿਕੰਦਰ ਸਿੰਘ ਮਲੂਕਾ : ਲੋੜੀਂਦੀ ਸੂਚਨਾ ਅਨੁਲੱਗ-'ੳ' ਵਿੱਚ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ।

ਅਨੁਲੱਗ-'ੳ'

ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫੇ ਵਜੋਂ ਕੇਂਦਰ ਸਰਕਾਰ ਵੱਲੋਂ 2010-11 ਅਤੇ 2011-12 ਦੌਰਾਨ ਹੇਠ ਲਿਖੀਆਂ ਸਕੀਮਾਂ ਲਈ ਹੇਠ ਲਿਖੇ ਵੇਰਵੇ ਅਨੁਸਾਰ ਰਕਮ ਪ੍ਰਾਪਤ ਹੋਈ:-

ਲੜੀ ਨੰ:	ਸਕੀਮ ਦਾ ਨਾਂ	ਸਾਲ	ਕੇਂਦਰ ਸਰਕਾਰ ਤੋਂ ਪ੍ਰਾਪਤ ਰਕਮ	ਜ਼ਿਲ੍ਹਾਵਾਰ ਵੰਡ ਦੇ ਵੇਰਵੇ	ਵਿਸ਼ੇਸ਼ ਕਥਨ
1	ਪ੍ਰੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ	2010-11	-	-	ਇਸ ਸਾਲ ਦੌਰਾਨ ਕੇਂਦਰ ਸਰਕਾਰ ਤੋਂ ਕੋਈ ਰਾਸ਼ੀ ਪ੍ਰਾਪਤ ਨਹੀਂ ਹੋਈ।

	ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ	2011-12	18,25,00,000/- (ਕੇਵਲ ਅਠਾਰਾਂ ਕਰੋੜ ਪੱਚੀ ਲੱਖ)	ਨਾਲ ਨੱਥੀ ਅਨੁਲੱਗ-ਅ ਅਨੁਸਾਰ	ਇਹ ਰਕਮ ਭਲਾਈ ਵਿਭਾਗ ਦੇ ਪੱ.ਨੰ: ਸ 17/2011-12/10841-50 ਮਿਤੀ 31-05-11 ਰਾਹੀਂ ਰਿਲੀਜ਼ ਕੀਤੀ ਗਈ। ਇਹ ਰਕਮ ਸਾਲ 2010-11 ਅਤੇ ਪਿਛਲੇ ਸਾਲਾਂ ਦੇ ਬੈਕਲਾਗ ਵੱਜੋਂ ਹੈ।
2	ਇੰਨਸੈਂਟਿਵ ਟੂ ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ	2010-11	12,5868000/- (ਕੇਵਲ ਬਾਰਾਂ ਕਰੋੜ ਅਠਵੰਜਾ ਲੱਖ ਅਠਾਹਟ ਹਜਾਰ ਰੁਪਏ)	ਵਿਦਿਆਰਥਣਾਂ ਦੇ ਖਾਤਿਆਂ ਵਿੱਚ ਦਸਵੀਂ ਪਾਸ ਕਰਨ ਅਤੇ 18 ਸਾਲ ਦੀ ਉਮਰ ਪੂਰੀ ਕਰਨ ਤੇ ਵਿਆਜ ਸਮੇਤ ਜਮ੍ਹਾ ਕਰਵਾਏ ਜਾਣਗੇ।	-
	ਇੰਸੈਂਟਿਵ ਟੂ ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ	2011-12	13,59,03,000/- (ਕੇਵਲ ਤੇਰਾਂ ਕਰੋੜ ਉਣਾਹਟ ਲੱਖ ਤਿੰਨ ਹਜਾਰ ਰੁਪਏ)	ਵਿਦਿਆਰਥਣਾਂ ਦੇ ਖਾਤਿਆਂ ਵਿੱਚ ਦਸਵੀਂ ਪਾਸ ਕਰਨ ਅਤੇ 18 ਸਾਲ ਦੀ ਉਮਰ ਪੂਰੀ ਕਰਨ ਤੇ ਵਿਆਜ ਸਮੇਤ ਜਮ੍ਹਾਂ ਕਰਵਾਏ ਜਾਣਗੇ।	-

------

ਗੜ੍ਹਸ਼ੰਕਰ ਵਿਚ ਸੀਵਰੇਜ ਦੀ ਸਮੱਸਿਆ

***129. (ਸੀ.ਯੂ.) ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਕਸਬਾ ਗੜ੍ਹਸ਼ੰਕਰ ਦੇ ਅੰਦਰ ਬਰਸਾਤੀ ਪਾਣੀ ਦੇ ਨਿਕਾਸ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਰਕੇ ਬਰਸਾਤਾਂ ਦੇ ਦਿਨਾਂ ਵਿਚ ਕਈ ਮੁਹੱਲਿਆਂ ਵਿੱਚ 3-4 ਫੁੱਟ ਪਾਣੀ ਖੜ੍ਹਾ ਹੋ ਜਾਂਦਾ ਹੈ ਅਤੇ ਪਾਣੀ ਲੋਕਾਂ ਦੇ ਘਰਾਂ ਵਿੱਚ ਵੀ ਵੜ੍ਹ ਜਾਂਦਾ ਹੈ;

(ਅ) ਕੀ ਇਹ ਠੀਕ ਹੈ ਕਿ ਭਾਗ (ੳ) ਵਿਚ ਵਰਣਿਤ ਸਮੱਸਿਆ ਦੇ ਹੱਲ ਲਈ ਲੋਕ ਬਹੁਤ ਸਮੇਂ ਤੋਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਕੋਲ ਬੇਨਤੀਆਂ ਕਰਦੇ ਆ ਰਹੇ ਹਨ;

(ੲ) ਕੀ ਇਹ ਵੀ ਠੀਕ ਹੈ ਕਿ ਇਸ ਗੰਭੀਰ ਸਮੱਸਿਆ ਦੇ ਹੱਲ ਨਾ ਹੋਣ ਕਰਕੇ ਇਸ ਸ਼ਹਿਰ ਦੇ ਲੋਕਾਂ ਨੇ ਵਿਧਾਨ ਸਭਾ ਚੋਣਾਂ-2012 ਦੌਰਾਨ ਰੋਸ ਵੱਜੋਂ ਨੈਗੇਟਿਵ ਵੋਟਾਂ ਪਾਉਣ ਦਾ ਵੀ ਫੈਸਲਾ ਕੀਤਾ ਸੀ;

(ਸ) ਜੇਕਰ ਉਪਰੋਕਤ ਭਾਗ (ੳ) (ਅ) ਅਤੇ (ੲ) ਦਾ ਉੱਤਰ ਹਾਂ ਵਿਚ ਹੋਵੇ ਤਾਂ ਸਰਕਾਰ ਵਲੋਂ ਕਸਬਾ ਗੜ੍ਹਸ਼ੰਕਰ ਦੀ ਇਸ ਗੰਭੀਰ ਸਮੱਸਿਆ ਦੇ ਹੱਲ ਲਈ ਹੁਣ ਤੱਕ ਕੀ ਉਪਰਾਲੇ ਕੀਤੇ ਗਏ ਹਨ;

(ਹ) ਕੀ ਕਸਬਾ ਮਹਿਲਪੁਰ ਵਿੱਚ ਸੀਵਰੇਜ ਸਿਸਟਮ ਉਪਲਬਧ ਕਰਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਦੱਸੇ ਜਾਣ?

ਸ਼੍ਰੀ ਚੂਨੀ ਲਾਲ ਭਗਤ : (ੳ) ਹਾਂ ਜੀ, ਜਦੋਂ ਕਦੇ ਭਾਰੀ ਵਰਖਾ ਹੁੰਦੀ ਹੈ ਤਾਂ ਵਰਖਾ ਦਾ ਪਾਣੀ ਨੀਵੇਂ ਇਲਾਕਿਆਂ ਵਿਚ ਪੈਂਦੇ ਘਰਾਂ ਵਿਚ ਦਾਖਲ ਹੋ ਜਾਂਦਾ ਹੈ।

(ਅ) ਹਾਂ ਜੀ।

(ੲ) ਇਸ ਪ੍ਰਸ਼ਨ ਸਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੈ।

(ਸ) ਨਗਰ ਕੌਂਸਲ, ਗੜ੍ਹਸ਼ੰਕਰ ਵੱਲੋਂ ਸਮੱਸਿਆ ਦੇ ਪੱਕੇ ਹੱਲ ਲਈ ਉਪਰਾਲੇ ਕੀਤੇ ਜਾ ਰਹੇ ਹਨ। ਬਰਸਾਤੀ ਨਾਲਿਆਂ ਦੀ ਲੋੜ ਪੈਣ ਤੇ ਸਫ਼ਾਈ ਕਰਵਾ ਦਿੱਤੀ ਜਾਂਦੀ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਦੱਸਿਆ ਗਿਆ ਹੈ ਕਿ ਸ਼ਹਿਰ ਦੇ 30% ਹਿੱਸੇ ਵਿਚ ਸੀਵਰ ਪਿਆ ਹੋਇਆ ਹੈ। ਬਾਕੀ ਰਹਿੰਦੇ ਇਲਾਕੇ ਵਿਚ ਸੀਵਰ ਪਾਉਣ ਅਤੇ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਲਈ 40 ਕਰੋੜ ਰੁਪਏ ਚਾਹੀਦੇ ਹਨ। ਇਸ ਸਬੰਧੀ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਵਿਸਥਾਰਪੂਰਵਕ ਤਖ਼ਮੀਨੇ ਤਿਆਰ ਕੀਤੇ ਜਾ ਰਹੇ ਹਨ।

(ਹ) ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਵੱਲੋਂ ਸ਼ਹਿਰ ਵਿਚ ਸੀਵਰ ਪਾਉਣ ਲਈ 14.66 ਕਰੋੜ ਰੁਪਏ ਦਾ ਤਖ਼ਮੀਨਾ ਤਿਆਰ ਕੀਤਾ ਗਿਆ ਹੈ। ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਕੰਡਿਆਲੀ ਤਾਰ ਉਤੇ ਸਬਸਿਡੀ

***133. (ਸੀ.ਯੂ.) ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਗੜ੍ਹਸ਼ੰਕਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਡੀ ਅਤੇ ਬੀਤ ਦੇ ਇਲਾਕੇ ਵਿੱਚ ਜੰਗਲੀ ਜਾਨਵਰਾਂ, ਨੀਲ ਗਾਵਾਂ ਅਤੇ ਸੂਰਾਂ ਆਦਿ ਦੁਆਰਾ ਕਿਸਾਨਾਂ ਦੀਆਂ ਫਸਲਾਂ ਨੂੰ ਪਹੁੰਚਾਏ ਜਾ ਰਹੇ ਭਾਰੀ ਨੁਕਸਾਨ ਦੇ ਮੱਦੇ ਨਜ਼ਰ ਕੀ ਸਰਕਾਰ ਇਲਾਕੇ ਦੇ ਕਿਸਾਨਾਂ ਨੂੰ ਆਪਣੇ ਖੇਤਾਂ ਨੂੰ ਕੰਡਿਆਲੀ ਤਾਰ ਨਾਲ ਵਾੜ ਲਗਾਉਣ ਲਈ ਕੰਡਿਆਲੀ ਤਾਰ ਉਤੇ ਸਬਸਿਡੀ ਦੇਣ ਬਾਰੇ ਕਿਸੇ ਸਕੀਮ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕਿੰਨੇ ਚਿਰ ਵਿੱਚ ਇਹ ਸਬਸੀਡਾਈਜਡ ਤਾਰ ਕਿਸਾਨਾਂ ਨੂੰ ਮੁਹੱਈਆ ਕਰਵਾਈ ਜਾਵੇਗੀ?

ਸ੍ਰੀ ਸੁਰਜੀਤ ਕੁਮਾਰ ਜਿਆਨੀ : ਸ੍ਰੀਮਾਨ ਜੀ, ਜੀ ਨਹੀਂ। ਇਸ ਸਮੇਂ ਪੰਜਾਬ ਵਿੱਚ ਜੰਗਲੀ ਜਾਨਵਰਾਂ ਦੁਆਰਾ ਕਿਸਾਨਾਂ ਦੀਆਂ ਫਸਲਾਂ ਦੇ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਖੇਤਾਂ ਦੇ ਦੁਆਲੇ ਕੰਡਿਆਲੀ ਤਾਰ ਦੀ ਵਾੜ ਕਰਨ ਲਈ ਤਾਰ ਰਿਆਇਤੀ ਦਰਾਂ ਦੇ ਦੇਣ ਬਾਰੇ ਕੋਈ ਸਕੀਮ ਨਹੀਂ ਹੈ।

ਕੰਡੀ ਖੇਤਰ ਵਿੱਚ ਐਗਰੋ ਬੇਸਡ ਉਦਯੋਗ ਸਥਾਪਿਤ ਕਰਨਾ

***134 (ਸੀ.ਯੂ.) ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਗੜ੍ਹਸ਼ੰਕਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਤੇ ਬੀਤ ਦੇ ਪੱਛੜੇ ਹੋਏ ਇਲਾਕੇ ਵਿੱਚ ਐਗਰੋ-ਬੇਸਡ ਉਦਯੋਗ ਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ?

[ਮੁੱਖ ਮੰਤਰੀ] **(ਸਰਦਾਰ ਪਰਕਾਸ਼ ਸਿੰਘ ਬਾਦਲ):** ਨਹੀਂ ਜੀ।

ਗੜ੍ਹਸ਼ੰਕਰ ਵਿਖੇ ਬਾਈਪਾਸ ਦੀ ਉਸਾਰੀ

***136 (ਸੀ.ਯੂ.) ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਸ਼ੰਕਰ ਸ਼ਹਿਰ ਦੇ ਵਿਚੋਂ ਆਵਾਜਾਈ ਦੀ ਭਾਰੀ ਭੀੜ ਦੇ ਮੱਦੇਨਜ਼ਰ ਸ਼ਹਿਰ ਬਾਹਰੋਂ ਕੋਈ ਬਾਈ-ਪਾਸ ਬਣਾਉਣ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇ ਕਰ ਅਜਿਹਾ ਹੋਵੇ ਤਾਂ ਇਹ ਬਾਈ-ਪਾਸ ਕਿੰਨੇ ਕੁ ਸਮੇਂ ਦੇ ਅੰਦਰ-ਅੰਦਰ ਬਣਾਏ ਜਾਣ ਦੀ ਸੰਭਾਵਨਾ ਹੈ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ੍ਰੀਮਾਨ ਜੀ, ਨਹੀਂ ਜੀ। ਜ਼ਿਲ੍ਹਾ

ਹੁਸ਼ਿਆਰਪੁਰ ਦੇ ਸ਼ਹਿਰ ਗੜ੍ਹਸ਼ੰਕਰ ਦੇ ਬਾਹਰੋਂ ਬਾਈ ਪਾਸ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਬਠਿੰਡਾ ਵਿਖੇ ਬਾਈ-ਪਾਸ ਦੀ ਉਸਾਰੀ

***137. (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਠਿੰਡਾ-ਬਰਨਾਲਾ ਰੋਡ ਤੋਂ ਮਾਨਸਾ ਰੋਡ ਨੂੰ ਜੋੜਨ ਵਾਲੇ ਬਾਈਪਾਸ ਨੂੰ ਮੁਕੰਮਲ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ ਅਤੇ ਇਹ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਬਠਿੰਡਾ-ਬਰਨਾਲਾ ਰੋਡ ਤੋਂ ਬਠਿੰਡਾ-ਮਾਨਸਾ ਸੜਕ ਤੱਕ ਤਜਵੀਜ਼ਤ ਮਿਲਾਊ ਰਿੰਗ ਰੋਡ ਦੀ ਲੰਬਾਈ 5.80 ਕਿਲੋਮੀਟਰ ਅਤੇ ਚੌੜਾਈ 200 ਫੁੱਟ ਹੈ। ਇਸ ਦੇ ਅਧੀਨ ਲਗਭਗ 86 ਏਕੜ ਰਕਬਾ ਆਉਂਦਾ ਹੈ। ਇਸ ਵਿੱਚੋਂ ਨਗਰ ਸੁਧਾਰ ਟਰੱਸਟ ਅਧੀਨ ਪੈਂਦੇ 15.06 ਏਕੜ ਤੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਬੇਦਖਲੀ ਸਬੰਧੀ ਰੋਕ ਲਗਾਈ ਗਈ ਹੈ। ਬਾਕੀ 70.94 ਏਕੜ ਰਕਬੇ ਵਿੱਚੋਂ 36.74 ਏਕੜ ਰਕਬਾ ਬੀ.ਡੀ.ਏ. ਵੱਲੋਂ ਪ੍ਰਾਪਤ ਕੀਤਾ ਜਾ ਚੁੱਕਾ ਹੈ। ਬਾਕੀ ਬਚਦੇ 34.2 ਏਕੜ ਰਕਬੇ ਦੀ ਐਕੁਜੀਸ਼ਨ ਕੀਤੀ ਜਾ ਰਹੀ ਹੈ।

ਉਪਰੋਕਤ ਮੁਤਾਬਕ ਮਾਨਯੋਗ ਸੁਪਰੀਮ ਕੋਰਟ ਵਿੱਚ ਚਾਰਾਜੋਈ ਕੀਤੀ ਜਾ ਰਹੀ ਹੈ ਅਤੇ ਸਾਰੀ ਕਾਰਵਾਈ ਜਲਦ ਕੀਤੇ ਜਾਣ ਦੀ ਸੰਭਾਵਨਾ ਹੈ।

ਗੋਨਿਆਣਾ ਨੂੰ ਬਲਾਕ ਦਾ ਦਰਜਾ

***138 (ਸੀ.ਯੂ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਬਠਿੰਡਾ ਦੇ ਪਿੰਡ ਗੋਨਿਆਣਾ ਨੂੰ ਨੇੜਲੇ ਭਵਿੱਖ ਵਿੱਚ ਸਰਕਾਰ ਵੱਲੋਂ ਨਵਾਂ ਵਿਕਾਸ ਬਲਾਕ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : ਨਹੀਂ ਜੀ।

ਹਸਪਤਾਲ ਦੀ ਜ਼ਮੀਨ ਉੱਤੇ ਨਜਾਇਜ਼ ਕਬਜ਼ਾ

***139 (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਸਰਦੂਲਗੜ੍ਹ (ਮਾਨਸਾ) ਵਿਖੇ ਹਸਪਤਾਲ ਦੀ ਜਮੀਨ ਉੱਤੇ ਅਣਅਧਿਕਾਰਤ ਵਿਅਕਤੀਆਂ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਦੁਆਰਾ ਦੁਕਾਨਾਂ ਦੀ ਉਸਾਰੀ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਜ਼ਮੀਨ ਨੂੰ ਖਾਲੀ ਕਰਵਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾ ਰਹੇ ਹਨ ਅਤੇ ਇਸ ਦੇ ਕੀ ਸਿੱਟੇ ਨਿਕਲੇ ਹਨ?

ਸ੍ਰੀ ਮਦਨ ਮੋਹਨ ਮਿੱਤਲ : ਨਹੀਂ ਸ਼੍ਰੀਮਾਨ ਜੀ, ਕਾਰਵਾਈ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

ਪਿੰਡ ਮੋਫਰ ਵਿਖੇ ਬਿਜਲੀ ਕੁਨੈਕਸ਼ਨ ਜਾਰੀ ਕਰਨਾ

***140. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਮੋਫ਼ਰ, ਜ਼ਿਲ੍ਹਾ ਮਾਨਸਾ ਵਿੱਚ ਪੈਂਦੀਆਂ ਸੱਤ ਢਾਣੀਆਂ ਦੇ ਵਸਨੀਕਾਂ ਨੂੰ ਮੀਟਰ ਲੱਗਣ ਦੇ ਬਾਵਜੂਦ ਵੀ ਬਿਜਲੀ ਕੁਨੈਕਸ਼ਨ ਜਾਰੀ ਨਾ ਕੀਤੇ ਜਾਣ ਦੇ ਕੀ ਕਾਰਨ ਹਨ ਅਤੇ ਇਹ ਬਿਜਲੀ ਕੁਨੈਕਸ਼ਨ ਕਦੋਂ ਤੱਕ ਜਾਰੀ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਪਿੰਡ ਮੋਫ਼ਰ ਵਿੱਚ ਕੋਈ ਵੀ ਅਜਿਹੀਆਂ ਸੱਤ ਢਾਣੀਆਂ ਨਹੀਂ ਹਨ ਜਿਨ੍ਹਾਂ ਨੂੰ ਬਿਜਲੀ ਕੁਨੈਕਸ਼ਨ ਨਾ ਦਿੱਤੇ ਹੋਣ। ਕੇਵਲ ਇੱਕ ਢਾਣੀ ਹੈ ਜਿਸ ਵਿੱਚ ਪੰਜ ਘਰ ਹਨ, ਉਨ੍ਹਾਂ ਦੀ ਬਿਜਲੀ ਸਪਲਾਈ ਵੀ ਦਿਹਾਤੀ ਫੀਡਰ ਤੋਂ ਚੱਲਦੀ ਹੈ। ਪਿੰਡ ਮੋਫ਼ਰ ਵਿੱਚ ਜੋ ਵੀ ਘਰ ਪਿੰਡ ਤੋਂ ਬਾਹਰ ਖੇਤਾਂ ਵਿੱਚ ਹਨ, ਉਨ੍ਹਾਂ ਸਾਰੇ ਘਰਾਂ ਵਿੱਚ ਬਿਜਲੀ ਦੇ ਮੀਟਰ ਲੱਗੇ ਹੋਏ ਹਨ ਅਤੇ ਬਿਜਲੀ ਦੀ ਸਪਲਾਈ ਵੀ ਚੱਲ ਰਹੀ ਹੈ।

ਪਿੰਡ ਘੁੱਦੂਵਾਲਾ ਵਿਖੇ ਜਲ ਸਪਲਾਈ ਲਾਈਨ ਵਿਛਾਉਣਾ

***141. (ਸੀ.ਯੂ.) ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਸੱਚ ਹੈ ਕਿ ਹਲਕਾ ਸਰਦੂਲਗੜ੍ਹ ਦੇ ਪਿੰਡ ਘੁੱਦੂਵਾਲਾ ਵਿੱਚ ਪਾਣੀ ਦੀਆਂ ਪਾਈਪ ਲਾਈਨਾਂ ਨਹੀਂ ਵਿਛਾਈਆਂ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਉਕਤ ਪਾਣੀ ਦੀਆਂ ਪਾਈਪ ਲਾਈਨਾਂ ਕਦੋਂ ਤੱਕ ਵਿਛਾ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਜੀ ਨਹੀਂ। ਪਿੰਡ ਘੁੱਦੂਵਾਲਾ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵਿਛਾਈਆਂ ਗਈਆਂ ਹਨ। ਇੱਕ ਗਲੀ ਵਿੱਚ ਲਗਭਗ 190 ਮੀਟਰ ਪਾਈਪ ਵਿਛਾਉਣੀ ਰਹਿੰਦੀ ਹੈ। ਇਹ ਕੰਮ ਗ੍ਰਾਮ ਪੰਚਾਇਤ ਜਲ ਸਪਲਾਈ ਕਮੇਟੀ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਵਿੱਚ ਪੂਰਾ ਕਰ ਲਿਆ ਜਾਵੇਗਾ।

ਸਰਕਾਰੀ ਹਸਪਤਾਲ, ਬਰਨਾਲਾ ਵਿੱਚ ਅਲਟਰਾ ਸਾਊਂਡ ਮਸ਼ੀਨ

***145. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਿਵਲ ਹਸਪਤਾਲ, ਬਰਨਾਲਾ ਵਿਖੇ ਅਲਟਰਾ ਸਾਊਂਡ ਮਸ਼ੀਨ ਕਦੋਂ ਤੋਂ ਖਰਾਬ ਪਈ ਹੈ ਅਤੇ ਹੁਣ ਇਹ ਕਦੋਂ ਤੱਕ ਠੀਕ ਹੋਣ ਦੀ ਸੰਭਾਵਨਾ ਹੈ;

(ਅ) ਉਪਰੋਕਤ ਵਰਣਿਤ ਹਸਪਤਾਲ ਵਿੱਚ ਰੇਡਿਓਲੋਜਿਸਟ ਦੀ ਅਸਾਮੀ ਕਦੋਂ ਤੋਂ ਖਾਲੀ ਹੈ ਅਤੇ ਇਹ ਕਦੋਂ ਤੱਕ ਭਰ ਦਿੱਤੀ ਜਾਵੇਗੀ?

ਸ਼੍ਰੀ ਮਦਨ ਮੋਹਨ ਮਿੱਤਲ : (ੳ) ਸ਼੍ਰੀਮਾਨ ਜੀ, ਸਿਵਲ ਹਸਪਤਾਲ ਵਿਖੇ ਅਲਟਰਾਸਾਊਂਡ ਮਸ਼ੀਨ ਮਿਤੀ 8.8.2007 ਤੋਂ ਖਰਾਬ ਹੈ। ਇਹ ਮਸ਼ੀਨ ਰੇਡਿਓਲੋਜਿਸਟ ਦੀ ਤਾਇਨਾਤੀ ਨਾ ਹੋਣ ਕਾਰਣ ਪੰਜਾਬ ਨਿਓ-ਨੈਟਲ ਡਾਇਗਨੋਸਟਿਕ ਟੈਸਟ ਐਕਟ, 1994 ਅਧੀਨ ਮੋਹਰ ਬੰਦ ਹੈ। ਇਸ ਨੂੰ ਠੀਕ ਕਰਵਾਉਣ ਦੀ ਅਗਲੀ ਕਾਰਵਾਈ ਰੇਡਿਓਲੋਜਿਸਟ ਦੀ ਤਾਇਨਾਤੀ ਹੋਣ ਤੇ ਅਤੇ ਮਸ਼ੀਨ ਨੂੰ ਮੋਹਰ ਬੰਦ ਤੋਂ ਮੁਕਤ ਕਰਨ ਉਪਰੰਤ ਹੀ ਕੀਤੀ ਜਾ ਸਕਦੀ ਹੈ। ਇਸ ਕਰਕੇ ਇਸ ਸਮੇਂ ਮਸ਼ੀਨ ਨੂੰ ਮੁਰੰਮਤ ਕਰਨ ਦੀ ਕੋਈ ਨਿਰਧਾਰਤ ਮਿਤੀ ਨਹੀਂ ਦਿੱਤੀ ਜਾ ਸਕਦੀ।

(ਅ) ਸਿਵਲ ਹਸਪਤਾਲ, ਬਰਨਾਲਾ ਵਿਖੇ ਰੇਡਿਓਲੋਜਿਸਟ ਦੀ ਅਸਾਮੀ ਮਿਤੀ 15.12.2006 ਤੋਂ ਖਾਲੀ ਹੈ। ਇਸ ਸਮੇਂ ਪੂਰੇ ਰਾਜ ਵਿੱਚ ਰੇਡਿਓਲੋਜਿਸਟ ਦੀ ਘਾਟ ਹੈ। ਬੀਤੇ ਸਮੇਂ ਸਿਹਤ ਵਿਭਾਗ ਵੱਲੋਂ ਵਾਰ-ਵਾਰ ਕਈ ਉਪਰਾਲੇ ਕਰਨ ਉਪਰੰਤ ਵੀ ਨਵੇਂ ਰੇਡਿਓਲੋਜਿਸਟ ਉਪਲਬਧ ਨਹੀਂ ਹੋ ਰਹੇ। ਇਸ ਸਮੇਂ ਰੇਡਿਓਲੋਜਿਸਟਾਂ ਦੀ ਭਰਤੀ ਦੀ ਕੋਈ ਨਿਰਧਾਰਤ ਮਿਤੀ ਨਹੀਂ ਦਿੱਤੀ ਜਾ ਸਕਦੀ।

ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ

***146. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਬਰਨਾਲਾ ਦੇ ਪਿੰਡ ਫਰਵਾਹੀ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਲਈ ਕੁੱਲ ਕਿੰਨਾ ਪੈਸਾ ਖਰਚਿਆ ਗਿਆ ਹੈ;

(ਅ) ਉਪਰੋਕਤ ਵਰਣਿਤ ਪਿੰਡ ਦੇ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਹੱਲ ਨਾ ਹੋਣ ਦੇ ਕੀ ਕਾਰਨ ਹਨ?

ਸਰਦਾਰ ਸੁਰਜੀਤ ਸਿੰਘ ਰੱਖੜਾ : (ੳ) ਮੌਜੂਦਾ ਪੰਚਾਇਤ ਵੱਲੋਂ ਪਿੰਡ ਫਰਵਾਹੀ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਲਈ ਕੁੱਲ 23.768 ਲੱਖ ਰੁਪਏ

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

(ਗਲੀਆਂ ਨਾਲੀਆਂ ਤੇ ਅੰਦਰੂਨੀ ਨਿਕਾਸੀ ਲਈ 19.89 ਲੱਖ ਰੁਪਏ ਅਤੇ ਛੱਪੜ ਦੇ ਵਾਧੂ ਪਾਣੀ ਦੀ ਨਿਕਾਸੀ ਲਈ 3.878 ਲੱਖ ਰੁਪਏ) ਖਰਚ ਕੀਤੇ ਗਏ ਹਨ।

(ਅ) ਗੁਰਦੁਆਰਾ ਸਾਹਿਬ ਦੇ ਨੇੜੇ ਲੋਕ ਨਿਰਮਾਣ ਵਿਭਾਗ ਵੱਲੋਂ ਸੜਕ ਉੱਚੀ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ ਜਿਸ ਕਾਰਨ ਸੜਕ ਤੇ ਬਣੀ ਪੁਲੀ ਹੇਠੋਂ ਛੱਪੜ ਦੇ ਵਾਧੂ ਪਾਣੀ ਦੀ ਕੀਤੀ ਜਾ ਰਹੀ ਨਿਕਾਸੀ ਵਿੱਚ ਰੁਕਾਵਟ ਪੈਦਾ ਹੋ ਗਈ ਹੈ। ਸੜਕ ਤੇ ਬਣੀ ਪੁਲੀ ਦਾ ਕੰਮ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਮੁਕੰਮਲ ਹੋਣ ਦੀ ਉਮੀਦ ਹੈ, ਜਿਸ ਉਪਰੰਤ ਛੱਪੜ ਦੇ ਵਾਧੂ ਪਾਣੀ ਦੀ ਨਿਕਾਸੀ ਪਹਿਲਾਂ ਦੀ ਤਰ੍ਹਾਂ ਪਿੰਡ ਤੋਂ ਬਾਹਰ ਪੰਚਾਇਤ ਦੀ ਤਕਰੀਬਨ 1 ਕਨਾਲ ਜਗ੍ਹਾ ਵਿੱਚ ਹੋਣੀ ਸ਼ੁਰੂ ਹੋ ਜਾਵੇਗੀ।

ਉਦਯੋਗਿਕ ਸਿਖਲਾਈ ਸੰਸਥਾ, ਬਰਨਾਲਾ ਵਿੱਚ ਖਾਲੀ ਅਸਾਮੀਆਂ

***147. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਤਕਨੀਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਉਦਯੋਗਿਕ ਸਿਖਲਾਈ ਸੰਸਥਾ (ਲੜਕੇ), ਬਰਨਾਲਾ ਵਿੱਚ ਮਨਜ਼ੂਰ ਸ਼ੁਦਾ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਕਿਹੜੀਆਂ-ਕਿਹੜੀਆਂ ਅਸਾਮੀਆਂ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਦਰਸਾਈਆਂ ਗਈਆਂ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ ਅਤੇ ਕੀ ਇਸ ਸੰਸਥਾ ਦੀ ਇਮਾਰਤ ਦੀ ਖਸਤਾ ਹਾਲਤ ਨੂੰ ਸੁਧਾਰਨ ਲਈ ਵੀ ਕੋਈ ਕਦਮ ਉਠਾਏ ਜਾ ਰਹੇ ਹਨ?

ਸ਼੍ਰੀ ਅਨਿਲ ਜੋਸ਼ੀ : (ੳ) ਉਦਯੋਗਿਕ ਸਿਖਲਾਈ ਸੰਸਥਾ (ਲੜਕੇ), ਬਰਨਾਲਾ ਵਿਖੇ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 17 ਹੈ ਅਤੇ ਸੁਪਰਡੰਟ ਤਕਨੀਕੀ ਤੇ ਮੋਟਰ ਮਕੈਨਿਕ ਇੰਸਟਰਕਟਰ ਦੀਆਂ 02 ਅਸਾਮੀਆਂ ਖਾਲੀ ਹਨ।

(ਅ) ਖਾਲੀ ਅਸਾਮੀਆਂ ਨੂੰ ਜਲਦ ਤੋਂ ਜਲਦ ਭਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਸੰਸਥਾ ਦੀ ਇਮਾਰਤ ਦੀ ਖਸਤਾ ਹਾਲਤ ਨੂੰ ਸੁਧਾਰਨ ਲਈ ਪੀ.ਡਬਲਿਊ.ਡੀ. (ਬੀ.ਐਂਡ ਆਰ) ਤੋਂ 40.25 ਲੱਖ ਰੁ: ਦਾ ਐਸਟੀਮੇਟ ਤਿਆਰ ਕਰਵਾਇਆ ਜਾ ਚੁੱਕਾ ਹੈ ਅਤੇ ਇਸ ਅਨੁਸਾਰ ਸੰਸਥਾ ਦੀ ਇਮਾਰਤ ਦੀ ਮੁਰੰਮਤ ਕੀਤੀ ਜਾਵੇਗੀ।

ਬਰਨਾਲਾ ਵਿਖੇ ਸਰਕਾਰੀ ਕਾਲਜ ਖੋਲ੍ਹਣਾ

***148. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਸਿੱਖਿਆ ਮੰਤਰੀ

ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਰਨਾਲਾ ਵਿਖੇ ਸਰਕਾਰੀ ਕਾਲਜ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਾਲਜ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ?

ਸਰਦਾਰ ਸਿੰਕਦਰ ਸਿੰਘ ਮਲੂਕਾ : ਨਹੀਂ, ਸ਼੍ਰੀਮਾਨ ਜੀ। ਬਰਨਾਲਾ ਵਿਖੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਪਾਰਕ ਦੀ ਖਸਤਾ ਹਾਲਤ

***149. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਰਕਾਰ ਸ਼ਹੀਦ ਭਗਤ ਸਿੰਘ ਪਾਰਕ, ਬਰਨਾਲਾ ਦੀ ਖਸਤਾ ਹਾਲਤ ਨੂੰ ਸੁਧਾਰਨ ਦਾ ਕੋਈ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਕਦੋਂ ਤੱਕ ਇਸ ਦਾ ਸੁਧਾਰ ਕਰ ਦਿੱਤਾ ਜਾਵੇਗਾ?

ਸ਼੍ਰੀ ਚੂਨੀ ਲਾਲ ਭਗਤ : ਕਾਰਜ ਸਾਧਕ ਅਫਸਰ, ਨਗਰ ਕੌਂਸਲ, ਬਰਨਾਲਾ ਵੱਲੋਂ ਦੱਸਿਆ ਗਿਆ ਹੈ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ 7 ਏਕੜ ਜ਼ਮੀਨ ਜੋ ਆਰਜ਼ੀ ਤੌਰ ਤੇ ਮਿਉਂਸਿਪਲ ਕੌਂਸਲ ਬਰਨਾਲਾ ਨੂੰ ਦਿੱਤੀ ਗਈ ਸੀ, ਵਿਚ 48 ਲੱਖ ਰੁਪਏ ਖਰਚ ਕਰਕੇ ਚਾਰ ਦੀਵਾਰੀ, ਮਿੱਟੀ ਦੀ ਭਰਤ ਪਾਉਣ, ਗੇਟ ਗਰਿੱਲਾਂ, ਫੁੱਟਪਾਥ ਆਦਿ ਦਾ ਕੰਮ ਕਰਵਾਕੇ ਪਾਰਕ ਵਜੋਂ ਵਿਕਸਤ ਕੀਤੀ ਗਈ ਹੈ ਕਿਉਂਜੋ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਇਸ ਜਗ੍ਹਾ ਤੇ ਬਿਲਡਿੰਗ/ਕੰਪਲੈਕਸ ਬਣਾਉਣ ਦੀ ਤਜਵੀਜ਼ ਹੈ, ਇਸ ਕਰਕੇ ਇਸ ਵਿਚ ਹੋਰ ਕੋਈ ਵਿਕਾਸ ਦਾ ਕੰਮ ਵਿਚਾਰ ਅਧੀਨ ਨਹੀਂ ਹੈ।

ਸਰਕਾਰੀ ਬੱਸਾਂ ਦਾ ਬਰਨਾਲਾ ਵਿਖੇ ਠਹਿਰਾਓ

***150. (ਸੀ.ਯੂ.) ਸਰਦਾਰ ਕੇਵਲ ਸਿੰਘ ਢਿੱਲੋਂ :** ਕੀ ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੋਹਰ-ਚੰਡੀਗੜ੍ਹ ਅਤੇ ਬਠਿੰਡਾ-ਚੰਡੀਗੜ੍ਹ ਚੱਲਣ ਵਾਲੀਆਂ ਸਰਕਾਰੀ ਬੱਸਾਂ ਬਰਨਾਲਾ ਸ਼ਹਿਰ ਵਿੱਚ ਨਹੀਂ ਰੁਕਦੀਆਂ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਬੱਸਾਂ ਦੇ ਬਰਨਾਲਾ ਬੱਸ ਸਟੈਂਡ ਵਿੱਚ ਠਹਿਰਾਓ ਲਈ ਕੋਈ ਕਦਮ ਉਠਾਉਣ ਉਤੇ ਵਿਚਾਰ ਕਰੇਗੀ?

ਸਰਦਾਰ ਅਜੀਤ ਸਿੰਘ ਕੋਹਾੜ : ਅਬੋਹਰ-ਚੰਡੀਗੜ੍ਹ ਅਤੇ ਬਠਿੰਡਾ-ਚੰਡੀਗੜ੍ਹ ਚੱਲਣ ਵਾਲੀਆਂ ਬੱਸਾਂ ਬਰਨਾਲਾ ਕਚਿਹਰੀ ਚੌਂਕ ਤੇ ਰੁਕਦੀਆਂ ਹਨ, ਕਿਉਂਕਿ ਕਚਿਹਰੀ ਚੌਂਕ ਤੋਂ ਬੱਸ ਸਟੈਂਡ ਤੱਕ ਜਾਣ ਅਤੇ ਆਉਣ ਲਈ ਤਕਰੀਬਨ 20 ਮਿੰਟ ਦਾ ਸਮਾਂ ਲਗਦਾ ਹੈ, ਜਿਸ ਕਰਕੇ ਮਨਜ਼ੂਰਸ਼ੁਦਾ ਟਾਈਮ ਟੇਬਲ ਅਨੁਸਾਰ ਗੱਡੀਆਂ ਨੂੰ ਆਪਣੇ ਅਗਲੇ ਟਾਈਮ ਤੇ ਪਹੁੰਚਣ ਵਿੱਚ ਦਿੱਕਤ ਆਉਂਦੀ ਹੈ।

ਦਰਿਆ ਸਤਲੁਜ ਉਤੇ ਪੁਲ ਦੀ ਉਸਾਰੀ

***151. (ਸੀ.ਯੂ.) ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਬੇਟ ਇਲਾਕੇ ਵਿੱਚ ਵੱਸਦੇ ਹਜ਼ਾਰਾਂ ਲੋਕਾਂ ਦੀ ਭਾਰੀ ਮੰਗ ਦੇ ਮੱਦੇਨਜ਼ਰ ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੇ ਪਿੰਡ ਖਹਿਰਾ ਬੇਟ ਅਤੇ ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਪਿੰਡ ਬਿਲਗਾ ਦੇ ਵਿਚਕਾਰ ਦਰਿਆ ਸਤਲੁਜ ਉੱਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਨਹੀਂ ਜੀ। ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੇ ਪਿੰਡ ਖਹਿਰਾ ਬੇਟ ਅਤੇ ਜ਼ਿਲ੍ਹਾ ਜਲੰਧਰ ਦੇ ਇਤਿਹਾਸਕ ਪਿੰਡ ਬਿਲਗਾ ਦੇ ਵਿਚਕਾਰ ਦਰਿਆ ਸਤਲੁਜ ਉੱਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਲੁਧਿਆਣਾ ਵਿਖੇ ਰੇਲਵੇ ਅੰਡਰ ਬਰਿਜ ਦੀ ਉਸਾਰੀ

***152. (ਸੀ.ਯੂ.) ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** (ੳ) ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਲੁਧਿਆਣਾ ਸ਼ਹਿਰ ਵਿੱਚ ਲੋਧੀ ਕਲੱਬ ਰੋਡ ਰੇਲਵੇ ਕਰਾਸਿੰਗ ਉਤੇ ਰੇਲਵੇ ਅੰਡਰ ਬ੍ਰਿਜ ਕਦੋਂ ਬਣਨਾ ਸ਼ੁਰੂ ਹੋਇਆ ਸੀ, ਇਸ ਦੀ ਉਸਾਰੀ ਦੀ ਅਜੋਕੀ ਸਥਿਤੀ ਕੀ ਹੈ ਅਤੇ ਇਹ ਕਿੰਨੇ ਚਿਰ ਵਿੱਚ ਤਿਆਰ ਹੋ ਜਾਵੇਗਾ?

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : (ੳ) ਲੋਧੀ ਕਲੱਬ ਰੋਡ ਤੇ ਅੰਡਰਪਾਸ ਵਿੱਚ ਰੇਲਵੇ ਪੋਰਸ਼ਨ ਦਾ ਕੰਮ ਮਿਤੀ 20.11.2011 ਨੂੰ ਰੇਲਵੇ ਵਿਭਾਗ ਵੱਲੋਂ ਸ਼ੁਰੂ ਕੀਤਾ ਗਿਆ ਸੀ ਅਤੇ ਇਹ ਕੰਮ ਮਿਤੀ 25.11.2012 ਤੱਕ ਮੁਕੰਮਲ ਹੋ ਜਾਵੇਗਾ। ਅਪਰੋਚਿਜ ਦਾ ਕੰਮ ਗਲਾਡਾ ਵੱਲੋਂ ਮਿਤੀ 25.5.2012 ਨੂੰ ਅਲਾਟ ਕੀਤਾ ਗਿਆ ਹੈ ਅਤੇ ਮਿਤੀ 24.6.2013 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਰੋਪੜ ਵਿਖੇ ਸਿੱਖ ਰਾਜ ਦੀ ਧਰੋਹਰ ਦੀ ਸੰਭਾਲ

***153. (ਸੀ.ਯੂ.) ਡਾਕਟਰ ਦਲਜੀਤ ਸਿੰਘ ਚੀਮਾ :** ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਰੂਪਨਗਰ ਸ਼ਹਿਰ ਵਿਚ ਸਥਿਤੀ ਦਰਿਆ ਸਤਲੁਜ ਤੇ ਬਣੇ ਹੈਡ ਵਰਕਸ ਦੇ ਦੋਵੇਂ ਪਾਸੇ ਮੌਜੂਦ ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ਾਂ ਨਾਲ ਸੰਧੀ ਦੀਆਂ ਇਤਿਹਾਸਕ ਨਿਸ਼ਾਨੀਆਂ ਨੂੰ ਸੰਭਾਲਣ ਅਤੇ ਵਿਕਸਤ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਦੱਸੇ ਜਾਣ?

ਸਰਦਾਰ ਸਰਵਨ ਸਿੰਘ ਫਿਲੌਰ : ਰੂਪਨਗਰ ਸ਼ਹਿਰ (ਰੋਪੜ) ਅਤੇ ਸ਼ਹੀਦ

ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੋਵੇਂ ਜ਼ਿਲ੍ਹਿਆਂ ਦੇ ਵਿਚਕਾਰ ਦਰਿਆ ਸਤਲੁਜ ਦੇ ਉਪਰ ਬਣੇ ਹੈੱਡ ਵਰਕਸ ਦੇ ਦੱਖਣ ਵਾਲੇ ਪਾਸੇ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਂਟਿਕ ਦੇ ਵਿਚਕਾਰ ਮੀਟਿੰਗ/ਸੰਧੀ ਵਾਲਾ ਸਥਾਨ ਵਿਭਾਗ ਦੇ ਅਧੀਨ ਨਹੀਂ ਹੈ। ਮਹਾਰਾਜਾ ਰਣਜੀਤ ਸਿੰਘ, ਹਿੱਲ ਪਾਰਕ, ਪਿੰਡ ਆਸਰੋਂ, ਨੇੜੇ ਹੈੱਡ ਵਰਕਸ ਜੋ ਕਿ ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿਚ ਪੈਂਦਾ ਹੈ, ਪੰਜਾਬ ਸਰਕਾਰ ਵੱਲੋਂ ਸੁਰਖਿਅੱਤ ਘੋਸ਼ਿਤ ਕੀਤਾ ਹੋਇਆ ਹੈ। ਜਿਸ ਦਾ ਕੁੱਲ ਰਕਬਾ 63 ਕਨਾਲ 2 ਮਰਲੇ ਹੈ। ਇਸ ਸੁਰਖਿਅੱਤ ਸਮਾਰਕ ਨੂੰ ਵਿਕਸਤ ਕਰਨ ਸਬੰਧੀ ਹਾਲ ਦੀ ਘੜੀ ਕੋਈ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

ਜਾਨਵਰਾਂ ਦੁਆਰਾ ਫਸਲਾਂ ਦੀ ਤਬਾਹੀ ਲਈ ਮੁਆਵਜ਼ਾ

***154. (ਸੀ.ਯੂ.) ਡਾਕਟਰ ਦਲਜੀਤ ਸਿੰਘ ਚੀਮਾ :** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਕੰਢੀ ਏਰੀਏ ਵਿੱਚ ਜਾਨਵਰਾਂ ਦੁਆਰਾ ਬਰਬਾਦ ਕੀਤੀ ਗਈ ਫਸਲ ਵਾਸਤੇ ਕਿਸਾਨਾਂ ਨੂੰ ਕੁਦਰਤੀ ਕਰੋਪੀ ਦੀ ਤਰ੍ਹਾਂ ਗਿਰਦਾਵਰੀ ਕਰਵਾ ਕੇ ਹੋਏ ਨੁਕਸਾਨ ਦੀ ਪੂਰਤੀ ਲਈ ਕੋਈ ਸਕੀਮ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

ਜੰਗਲਾਤ ਅਤੇ ਜੰਗਲੀ ਜੀਵ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ): ਸ਼੍ਰੀਮਾਨ ਜੀ, ਹਾਂ, ਪੰਜਾਬ ਸਰਕਾਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਆਪਣੇ ਨੋਟੀਫਿਕੇਸ਼ਨ ਨੰਬਰ 34/1/2009-ਵਣ 5/1350 ਮਿਤੀ 16 ਫਰਵਰੀ, 2010 ਨਾਲ ਜੰਗਲੀ ਜਾਨਵਰਾਂ ਵੱਲੋਂ ਕਿਸਾਨਾਂ ਦੀਆਂ ਫਸਲਾਂ ਨੂੰ ਕੀਤੇ ਜਾ ਰਹੇ ਉਜਾੜੇ ਦੀ ਭਰਪਾਈ ਲਈ 4000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਦਾ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਿਸਾਨਾਂ ਦੇ ਪਸ਼ੂਆਂ ਦੇ ਮਾਰੇ ਜਾਣ ਤੇ ਵੀ ਮਾਰਕੀਟ ਰੇਟ ਤੇ ਮੁਆਵਜ਼ਾ ਦੇਣ ਦਾ ਉਪਬੰਧ ਕੀਤਾ ਗਿਆ ਹੈ।

ਇਹ ਮੁਆਵਜ਼ਾ ਦਰਾਂ ਸਿਰਫ ਉਨ੍ਹਾਂ ਖੇਤਰਾਂ ਤੇ ਲਾਗੂ ਹੋਣਗੀਆਂ ਜਿਹੜੇ ਸਰਕਾਰ ਦੀ ਨੋਟੀਫਿਕੇਸ਼ਨ ਨੰਬਰ 34/18/2004-ਵਣ-V/6917 ਮਿਤੀ 5 ਅਗਸਤ, 2009 ਰਾਹੀਂ ਜਾਰੀ ਕੀਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਲਈ ਜੰਗਲੀ ਜਾਨਵਰਾਂ ਦੇ ਸ਼ਿਕਾਰ ਲਈ ਪਰਮਿਟ ਜਾਰੀ ਕਰਨ ਦੀ ਨੀਤੀ ਵਿੱਚ ਸ਼ਾਮਿਲ ਹੈ।

ਬਾਬਾ ਬਕਾਲਾ ਵਿਖੇ ਸੀਵਰੇਜ/ਜਲ ਸਪਲਾਈ ਵਿਵਸਥਾ

***155. (ਸੀ.ਯੂ.) ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬਾ ਬਾਬਾ ਬਕਾਲਾ ਦੇ ਸੀਵਰੇਜ ਸਿਸਟਮ ਅਤੇ ਵਾਟਰ ਸਪਲਾਈ ਚਾਲੂ ਕਰਨ ਲਈ ਹੁਣ ਤੱਕ ਕਿੰਨਾ ਖਰਚਾ ਕੀਤਾ ਜਾ

[ਸਰਦਾਰ ਮਨਜੀਤ ਸਿੰਘ ਮੀਆਂਵਿੰਡ]

ਚੁੱਕਿਆ ਹੈ;

(ਅ) ਕੀ ਬਾਬਾ ਬਕਾਲਾ ਸ਼ਹਿਰ ਦੇ ਸੀਵਰੇਜ ਸਿਸਟਮ ਅਤੇ ਵਾਟਰ ਸਪਲਾਈ ਚਾਲੂ ਹੋ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਕਿਸ ਮਿਤੀ ਤੋਂ?

ਸਰਦਾਰ ਪਰਕਾਸ਼ ਸਿੰਘ ਬਾਦਲ : ਸ਼੍ਰੀਮਾਨ ਜੀ, (ੳ) ਸੀਵਰੇਜ ਸਕੀਮ ਬਾਬਾ ਬਕਾਲਾ ਤੇ 405.15 ਲੱਖ ਰੁਪਏ ਅਤੇ ਜਲ ਸਪਲਾਈ ਸਕੀਮ ਤੇ 58.00 ਲੱਖ ਰੁਪਏ ਖਰਚ ਕੀਤੇ ਗਏ ਹਨ।

(ਅ) ਸੀਵਰੇਜ ਸਕੀਮ ਬਾਬਾ ਬਕਾਲਾ ਮਿਤੀ 31.01.2011 ਤੋਂ ਅਤੇ ਜਲ ਸਪਲਾਈ ਸਕੀਮ ਬਾਬਾ ਬਕਾਲਾ ਮਿਤੀ 31.12.2010 ਤੋਂ ਚਾਲੂ ਕੀਤੀ ਗਈ ਹੈ।

ਬੁਤਾਲਾ ਵਿਖੇ ਬਿਜਲੀ ਘਰ ਸਥਾਪਤ ਕਰਨਾ

***157. (ਸੀ.ਯੂ.) ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਕਸਬਾ ਬੁਤਾਲਾ ਵਿਖੇ 66 ਕੇ.ਵੀ. ਦਾ ਬਿਜਲੀ ਘਰ ਕਦੋਂ ਤੱਕ ਕੰਮ ਕਰਨਾ ਸ਼ੁਰੂ ਕਰ ਦੇਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ : 66 ਕੇ.ਵੀ. ਸਬ-ਸਟੇਸ਼ਨ ਬੁਤਾਲਾ (ਜ਼ਿਲ੍ਹਾ ਅੰਮ੍ਰਿਤਸਰ) ਮਿਤੀ 31.12.2012 ਨੂੰ ਚਾਲੂ ਕਰ ਦਿੱਤਾ ਗਿਆ ਹੈ।

ਦੁੱਧ ਦੀ ਖ੍ਰੀਦ/ਵਿਕਰੀ ਮੁੱਲ

***161. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ ਦੁੱਧ ਉਤਪਾਦਕਾਂ ਤੋਂ ਸਰਕਾਰ ਦੁਆਰਾ ਖਰੀਦੇ ਜਾ ਰਹੇ ਦੁੱਧ ਦੀ ਦਰ ਨਿਸ਼ਚਤ ਕਰਨ ਲਈ ਪ੍ਰਚਲਿਤ ਦਰ ਨੀਤੀ ਕੀ ਹੈ;

(ਅ) ਰਾਜ ਵਿੱਚ ਸਹਿਕਾਰੀ ਖੇਤਰ ਵਿੱਚ ਦੁੱਧ ਦੇ ਵਿਕਰੀ ਅਤੇ ਖਰੀਦ ਮੁੱਲ ਵਿਚਕਾਰ ਪ੍ਰਚਲਿਤ ਅੰਤਰ ਕੀ ਹੈ ਅਤੇ ਉਕਤ ਅੰਤਰ ਨੂੰ ਘਟਾਉਣ ਲਈ ਸਰਕਾਰ ਕੀ ਕਦਮ ਚੁੱਕਣ ਦੀ ਤਜਵੀਜ਼ ਰੱਖਦੀ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : (ੳ) ਦੁੱਧ ਦੀ ਖਰੀਦ ਦਰ ਇਸ ਦੀ ਫੈਟ ਅਤੇ ਸੋਲਿਡ ਨਾਟ ਫੈਟ (ਐਸ.ਐਨ.ਐਫ.) ਦੀ ਪ੍ਰਤੀਸ਼ਤਤਾ ਅਨੁਸਾਰ ਕੀਤੀ ਜਾਂਦੀ ਹੈ। ਦੁੱਧ ਦੀ ਖਰੀਦ ਦੇ ਰੇਟ ਸਮੇਂ-ਸਮੇਂ ਸਿਰ ਦੁੱਧ ਦੀ ਮੰਡੀ ਦੇ ਹਾਲਾਤਾਂ ਅਤੇ ਮੁਕਾਬਲਾਕਾਰਾਂ ਨਾਲ ਮੁਕਾਬਲੇ ਨੂੰ ਨਜ਼ਰ ਰੱਖਦੇ ਹੋਏ ਨਿਰਧਾਰਤ ਕੀਤੇ ਜਾਂਦੇ ਹਨ।

(ਅ) ਸਹਿਕਾਰੀ ਖੇਤਰ ਵਿੱਚ ਦੁੱਧ ਦੇ ਵਿਕਰੀ ਅਤੇ ਖਰੀਦ ਮੁੱਲ ਵਿਚਕਾਰ 6.51 ਰੁਪਏ ਪ੍ਰਤੀ ਲੀਟਰ ਦਾ ਅੰਤਰ ਹੈ। ਇਸ 6.51 ਰੁਪਏ ਪ੍ਰਤੀ ਲੀਟਰ ਦੇ ਅੰਤਰ ਵਿੱਚੋਂ ਪਲਾਂਟ ਦੀ ਪ੍ਰੋਸੈਸਿੰਗ ਅਤੇ ਹੋਰ ਖਰਚੇ ਜਿਵੇਂ ਕਿ ਬਿਜਲੀ ਅਤੇ ਬਾਲਣ ਦਾ ਖਰਚਾ, ਦੁੱਧ ਦੀ ਢੋਅ-ਢੁਆਈ ਦਾ ਖਰਚਾ, ਕਰਮਚਾਰੀਆਂ ਦੀ ਤਨਖਾਹ ਦਾ ਖਰਚਾ ਆਦਿ ਕੀਤੇ ਜਾਂਦੇ ਹਨ।

ਪ੍ਰੋਸੈਸਿੰਗ ਅਤੇ ਹੋਰ ਖਰਚਿਆਂ ਨੂੰ ਘਟਾਉਣ ਲਈ ਮਿਲਕਫੈੱਡ ਵੱਲੋਂ ਮਿਲਕ ਯੂਨੀਅਨਾਂ ਦੀ ਦੁੱਧ ਸੰਭਾਲਣ ਦੀ ਸਮਰੱਥਾ ਵਧਾਉਣ ਅਤੇ ਪਲਾਂਟਾਂ ਦੀ ਟੈਕਨਾਲੋਜੀ ਅਪਗਰੇਡੇਸ਼ਨ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਜੇ.ਐਨ.ਐਨ.ਯੂ.ਆਰ.ਐਮ ਅਧੀਨ ਪ੍ਰਾਪਤ ਫੰਡ

***164. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ -

(ੳ) ਸਾਲ 2007-12 ਸਮੇਂ ਦੌਰਾਨ ਲੁਧਿਆਣਾ ਅਤੇ ਅੰਮ੍ਰਿਤਸਰ ਸ਼ਹਿਰਾਂ ਲਈ ਕੇਂਦਰੀ ਸਪਾਂਸਰਡ ਸਕੀਮ ਜੇ.ਐਨ.ਐਨ.ਯੂ.ਆਰ.ਐਮ. ਅਧੀਨ ਰਾਜ ਸਰਕਾਰ ਦੁਆਰਾ ਵਿੱਤੀ ਸਾਲ ਵਾਰ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਇਸ ਦੇ ਖਰਚੇ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਸਮੇਂ ਦੌਰਾਨ ਹੋਰ ਛੋਟੇ ਅਤੇ ਦਰਮਿਆਨੇ ਦਰਜੇ ਦੇ ਕਸਬਿਆਂ ਲਈ ਰਾਜ ਸਰਕਾਰ ਦੁਆਰਾ ਵਿੱਤੀ ਸਾਲ-ਵਾਰ ਜੇ.ਐਨ.ਐਨ.ਯੂ.ਆਰ.ਐਮ. ਅਧੀਨ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਇਸ ਦੇ ਖਰਚੇ ਦੇ ਵੇਰਵੇ ਕੀ ਹਨ;

(ੲ) ਰਾਜ ਸਰਕਾਰ ਦੁਆਰਾ ਰਾਜ ਵਿੱਚ ਜਪਾਨ ਦੀ ਅੰਤਰ ਰਾਸ਼ਟਰੀ ਸਹਿਕਾਰੀ ਏਜੰਸੀ ਤੋਂ ਸੀਵਰੇਜ ਸਿਸਟਮ ਲਈ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਇਸਦੇ ਖਰਚੇ ਦੇ ਵੇਰਵੇ ਕੀ ਹਨ?

ਸ਼੍ਰੀ ਚੂਨੀ ਲਾਲ ਭਗਤ : (ੳ), (ਅ) ਅਤੇ (ੲ) ਲੋੜੀਂਦੀ ਸੂਚਨਾ ਅਨੁਲੱਗ-ੳ, ਅਨੁਲੱਗ-ਅ ਅਤੇ ਅਨੁਲੱਗ-ੲ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ-ੳ

ਸਾਲ 2007-12 ਦੌਰਾਨ ਲੁਧਿਆਣਾ ਅਤੇ ਅੰਮ੍ਰਿਤਸਰ ਲਈ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ ਤਹਿਤ ਪ੍ਰਾਪਤ ਹੋਏ ਅਤੇ ਖਰਚ ਕੀਤੇ ਫੰਡਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

[ਸਥਾਨਕ ਸਰਕਾਰ ਮੰਤਰੀ]

ਅੰਮ੍ਰਿਤਸਰ **(ਰੁਪਏ ਕਰੋੜਾਂ ਵਿੱਚ)**

	UIG		BSUP		ਕੁਲ ਜੋੜ	
ਸਾਲ	ਪ੍ਰਾਪਤ ਫੰਡ	ਖਰਚਾ	ਪ੍ਰਾਪਤ ਫੰਡ	ਖਰਚਾ	ਪ੍ਰਾਪਤ ਫੰਡ	ਖਰਚਾ
2007-08	50.05	27.28	0.72	0	50.77	27.28
2008-09	27	37.38	0	0.47	27	37.85
2009-10	33.47	18.69	0	0.25	33.47	18.94
2010-11	0	1.17	1.09	0	1.09	1.17
2011-12	0	1.95	0	0.72	0	2.67
ਕੁੱਲ	**110.52**	**86.47**	**1.81**	**1.44**	**112.33**	**87.91**

ਲੁਧਿਆਣਾ **(ਰੁਪਏ ਕਰੋੜਾਂ ਵਿੱਚ)**

	UIG		BSUP		ਕੁਲ ਜੋੜ	
ਸਾਲ	ਪ੍ਰਾਪਤ ਫੰਡ	ਖਰਚਾ	ਪ੍ਰਾਪਤ ਫੰਡ	ਖਰਚਾ	ਪ੍ਰਾਪਤ ਫੰਡ	ਖਰਚਾ
2007-08	0	0	8.32	0	8.32	0
2008-09	46.48	10	0	4.05	46.48	14.05
2009-10	0	20	8.32	11.07	8.32	31.07
2010-11	0	0	8.69	1.52	8.69	1.52
2011-12	0	3.5	0	0	0	3.5
ਕੁੱਲ	**46.48**	**33.5**	**25.33**	**16.64**	**71.81**	**50.14**

ਅਨੁਲੱਗ-ਅ

ਸਾਲ 2007-12 ਦੌਰਾਨ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਲਈ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ ਤਹਿਤ ਪ੍ਰਾਪਤ ਹੋਏ ਅਤੇ ਖਰਚ ਕੀਤੇ ਫੰਡਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਛੋਟੇ ਅਤੇ ਦਰਮਿਆਨੇ ਸ਼ਹਿਰਾਂ ਲਈ

(ਰੁਪਏ ਕਰੋੜਾਂ ਵਿੱਚ)

	UIDSSMT		IHSDP		ਕੁਲ ਜੋੜ	
ਸਾਲ	ਪ੍ਰਾਪਤ ਫੰਡ	ਖਰਚਾ	ਪ੍ਰਾਪਤ ਫੰਡ	ਖਰਚਾ	ਪ੍ਰਾਪਤ ਫੰਡ	ਖਰਚਾ
2007-08	75.87	0	12.76	0	86.63	0
2008-09	78.37	20	3.54	0	81.91	20
2009-10	0	52.11	0	3.54	0	55.65
2010-11	19.82	52.35	50.46	1.58	70.28	53.93
2011-12	0	49.60	0	7.00	0	56.6
ਕੁੱਲ	**174.06**	**174.06**	**66.76**	**12.12**	**240.82**	**186.18**

ਅਨੁਲੱਗ-ੲ

ਸਾਲ 2007-12 (ਹੁਣ ਤੱਕ) ਜਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ (JICA) ਤੋਂ ਪ੍ਰਾਪਤ ਹੋਏ ਅਤੇ ਖਰਚ ਕੀਤੇ ਫੰਡਾਂ ਦਾ ਸਾਲ-ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(ਰੁਪਏ ਕਰੋੜਾਂ ਵਿੱਚ)

ਸਾਲ	JICA ਤੋਂ ਪ੍ਰਾਪਤ ਫੰਡ	ਖਰਚਾ
2007-08	0	0
2008-09	2.82	2.82
2009-10	1.41	1.41
2010-11	3.75	3.75
2011-12	3.64	3.64
2012-13	11.06	11.06
ਕੁੱਲ	**22.68**	**22.68**

ਲੁਧਿਆਣਾ ਮੈਟਰੋ ਪ੍ਰਾਜੈਕਟ ਦਾ ਸਟੇਟਸ

***165. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਲੁਧਿਆਣਾ ਮੈਟਰੋ ਪ੍ਰਾਜੈਕਟ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਕੀ ਰਾਜ ਸਰਕਾਰ ਨੇ ਉਕਤ ਵਰਣਿਤ ਪ੍ਰੋਜੈਕਟ ਲਈ ਹੁੱਡਕੋ ਤੋਂ 750 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ; ਜੇਕਰ ਨਹੀਂ ਤਾਂ ਉਕਤ ਕਰਜੇ ਦੇ ਕੇਸ ਦੀ ਮੌਜੂਦਾ ਸਥਿਤੀ ਕੀ ਹੈ?

ਸ਼੍ਰੀ ਚੂਨੀ ਲਾਲ ਭਗਤ : (ੳ) ਨਗਰ ਨਿਗਮ, ਲੁਧਿਆਣਾ ਨੇ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ (ਡੀ.ਐਮ.ਆਰ.ਸੀ.) ਤੋਂ ਲੁਧਿਆਣਾ ਮੈਟਰੋ ਰੇਲ ਲਈ ਡਿਟੇਲਡ ਪ੍ਰੋਜੈਕਟ ਰਿਪੋਰਟ (ਡੀ.ਪੀ.ਆਰ) ਤਿਆਰ ਕਰਵਾਈ ਸੀ, ਜਿਸ ਵਿੱਚ ਲੁਧਿਆਣਾ ਮੈਟਰੋ ਰੇਲ ਦੀ ਲੰਬਾਈ 28.83 ਕਿਲੋਮੀਟਰ ਅਤੇ ਲਾਗਤ 8705 ਕਰੋੜ ਰੁਪਏ ਹੈ। ਪੰਜਾਬ ਕੈਬਨਿਟ ਵੱਲੋਂ ਲੁਧਿਆਣਾ ਮੈਟਰੋ ਰੇਲ ਪ੍ਰੋਜੈਕਟ ਦੀ ਮਨਜ਼ੂਰੀ ਦਿੱਤੇ ਜਾਣ ਉਪਰੰਤ ਇਹ ਕੇਸ ਡਿਪਾਰਟਮੈਂਟ ਆਫ ਇਕਨੋਮਿਕ ਅਫੇਅਰਸ, ਵਿੱਤ ਮੰਤਰਾਲਾ, ਭਾਰਤ ਸਰਕਾਰ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਮੋਡ ਹਿਤ ਮਨਜ਼ੂਰੀ ਵਾਸਤੇ ਭੇਜਿਆ ਗਿਆ ਹੈ ਜਿਸ ਦੀ ਮਨਜ਼ੂਰੀ ਲੰਬਿਤ ਹੈ।

(ਅ) ਰਾਜ ਸਰਕਾਰ ਨੇ ਉਪਰੋਕਤ ਪ੍ਰੋਜੈਕਟ ਵਾਸਤੇ ਹੁਡਕੋ ਤੋਂ ਕੋਈ ਲੋਨ ਨਹੀਂ ਲਿਆ ਹੈ।

ਬੰਦ ਪਏ ਮਿੰਨੀ ਹਾਈਡਲ ਪ੍ਰਾਜੈਕਟ ਚਾਲੂ ਕਰਨਾ

***166. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਸਰਕਾਰ ਨੈਸ਼ਨਲ ਪਾਵਰ ਗਰਿੱਡ ਤੋਂ ਬਿਜਲੀ ਕਿਸ ਮੁੱਲ ਖਰੀਦ ਰਹੀ ਹੈ ਅਤੇ ਰਾਜਪੁਰਾ ਵਿਖੇ ਥਰਮਲ ਪਾਵਰ ਪ੍ਰੋਜੈਕਟਾਂ ਤੋਂ ਰਾਜ ਨੂੰ ਕਿਸ ਮੁੱਲ ਉਤੇ ਬਿਜਲੀ ਮਿਲਣ ਦੀ ਆਸ ਹੈ;

(ਅ) ਰਾਜ ਵਿਚ ਕੁੱਲ ਕਿੰਨੇ ਮਿੰਨੀ ਹਾਈਡਲ ਪ੍ਰਾਜੈਕਟ ਹਨ ਅਤੇ ਇਸ ਸਮੇਂ ਕਿੰਨੇ ਹਾਈਡਲ ਪ੍ਰਾਜੈਕਟ ਚੱਲ ਰਹੇ ਹਨ;

(ੲ) ਸਰਕਾਰ ਵੱਲੋਂ ਬਾਕੀ ਰਹਿੰਦੇ ਹਾਈਡਲ ਪ੍ਰਾਜੈਕਟ ਚਾਲੂ ਕਰਨ ਲਈ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ : (ੳ) ਸਾਲ 2011-12 ਦੌਰਾਨ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ'ਨੇ ਔਸਤਨ 338.64 ਪੈਸੇ ਪ੍ਰਤੀ ਯੂਨਿਟ ਦੀ ਦਰ ਤੇ ਨੈਸ਼ਨਲ ਗਰਿੱਡ ਤੋਂ ਬਿਜਲੀ ਦੀ ਖਰੀਦ ਕੀਤੀ ਹੈ ਅਤੇ ਪੰਜਾਬ ਰਾਜ ਨੂੰ ਰਾਜਪੁਰਾ ਥਰਮਲ ਪ੍ਰੋਜੈਕਟ ਤੋਂ 289 ਪੈਸੇ ਲੈਵਲਾਈਜ਼ਡ ਟੈਰਿਫ ਪ੍ਰਤੀ ਯੂਨਿਟ ਦੀ ਦਰ ਤੇ ਬਿਜਲੀ ਮਿਲੇਗੀ।

(ਅ) ਪੰਜਾਬ ਰਾਜ ਵਿੱਚ ਕੁੱਲ ਪੰਜ ਮਿੰਨੀ ਹਾਈਡਲ ਪ੍ਰੋਜੈਕਟਸ ਰੋਹਟੀ, ਥੂਹੀ, ਨਿਦਾਮਪੁਰ, ਦੋਧਰ ਅਤੇ ਰੋਪੜ ਵਿਖੇ ਹਨ। ਚਾਰ ਮਿੰਨੀ ਹਾਈਡਲ ਪ੍ਰੋਜੈਕਟ ਰੋਹਟੀ, ਥੂਹੀ, ਨਿਦਾਮਪੁਰ ਅਤੇ ਦੋਧਰ ਤੋਂ ਬਿਜਲੀ ਦਾ ਉਤਪਾਦਨ ਮਿਤੀ 31.5.2010 ਤੋਂ ਬੰਦ ਪਿਆ ਹੈ। ਮਿੰਨੀ ਹਾਈਡਲ ਪ੍ਰੋਜੈਕਟ, ਰੋਪੜ ਚਾਲੂ ਹਾਲਤ ਵਿੱਚ ਹੈ।

36.70 ਮੈਗਾਵਾਟ ਸਮਰੱਥਾ ਦੇ 30 ਮਿੰਨੀ ਹਾਈਡਲ ਪ੍ਰਾਜੈਕਟ ਵੱਖ-ਵੱਖ ਨਹਿਰਾਂ ਤੇ ਸਥਾਪਿਤ ਕੀਤੇ ਗਏ ਹਨ ਜੋ ਕਿ ਤਸੱਲੀਬਖਸ਼ ਚਲ ਰਹੇ ਹਨ ਇਨ੍ਹਾਂ ਪਾਵਰ ਹਾਊਸਾਂ ਵਿਚੋਂ 9.8 ਮੈਗਾਵਾਟ ਸਮਰੱਥਾ ਦੇ 8 ਮਿੰਨੀ ਹਾਈਡਲ ਪ੍ਰੋਜੈਕਟ ਪੰਜਾਬ ਊਰਜਾ ਵਿਕਾਸ ਏਜੰਸੀ ਵੱਲੋਂ ਲਗਾਏ ਗਏ ਹਨ ਅਤੇ 26.90 ਮੈਗਾਵਾਟ ਸਮਰੱਥਾ ਦੇ 22 ਮਿੰਨੀ ਹਾਈਡਲ ਪ੍ਰੋਜੈਕਟ ਪੇਡਾ ਦੀ ਅਗਵਾਈ ਨਾਲ ਪ੍ਰਾਈਵੇਟ ਉਦਮੀਆਂ ਦੁਆਰਾ ਬੀ.ਓ.ਓ ਦੇ ਅਧਾਰ ਤੇ ਰਾਜ ਦੀ ਐਨ.ਆਰ.ਐਸ.ਈ. ਪਾਲਸੀ ਤਹਿਤ ਲਗਾਏ ਗਏ ਹਨ।

(ੲ) ਬੰਦ ਪਏ ਚਾਰੋਂ ਮਿੰਨੀ ਹਾਈਡਲ ਪ੍ਰੋਜੈਕਟਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰਨ ਲਈ ਕਾਰਵਾਈ ਚੱਲ ਰਹੀ ਹੈ। ਕੰਮ ਸ਼ੁਰੂ ਹੋਣ ਤੋਂ ਬਾਅਦ ਦੋ ਮਿੰਨੀ ਹਾਈਡਲ ਪ੍ਰੋਜੈਕਟਾਂ ਨਿਦਾਮਪੁਰ ਅਤੇ ਦੋਧਰ ਤੋਂ ਬਿਜਲੀ ਦਾ ਉਤਪਾਦਨ 6 ਮਹੀਨੇ ਦੇ ਵਿੱਚ-ਵਿੱਚ ਚਾਲੂ ਹੋ ਜਾਵੇਗਾ ਅਤੇ ਰਹਿੰਦੇ ਦੋ ਮਿੰਨੀ ਹਾਈਡਲ ਪ੍ਰੋਜੈਕਟ ਰੋਹਟੀ ਅਤੇ ਥੂਹੀ ਤੋਂ ਬਿਜਲੀ ਉਤਪਾਦਨ ਮੁਰੰਮਤ ਦਾ ਕੰਮ ਸ਼ੁਰੂ ਹੋਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਚਾਲੂ ਹੋ ਜਾਵੇਗਾ।

ਨਹਿਰਾਂ ਦੀਆਂ ਬਾਕੀ ਸੰਭਾਵਿਤ ਸਾਈਟਾਂ ਲਈ 28.44 ਮੈਗਾਵਾਟ ਸਮਰੱਥਾ ਦੇ 19 ਮਿੰਨੀ ਹਾਈਡਲ ਪ੍ਰੋਜੈਕਟਾਂ ਤੇ ਪ੍ਰਾਈਵੇਟ ਉਦਮੀਆਂ ਦੁਆਰਾ ਰਾਜ ਦੀ ਐਨ.ਆਰ.ਐਸ.ਈ. ਪਾਲਸੀ ਤਹਿਤ (ਬੀ.ਓ.ਓ.) ਤੇ ਅਧਾਰ ਤੇ ਉਸਾਰੀ ਦਾ ਕੰਮ ਵੱਖ-ਵੱਖ ਪੜਾਵਾਂ ਤੇ ਹੈ। ਇਹਨਾਂ ਦੀ ਅਗਲੇ 1-2 ਸਾਲਾਂ ਦੌਰਾਨ ਚਾਲੂ ਹੋ ਜਾਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਰਾਜ ਦੀ ਐਨ.ਆਰ.ਐਸ.ਈ. ਪਾਲਿਸੀ ਤਹਿਤ ਬਨਾਉਣ, ਚਲਾਉਣ ਅਤੇ ਮਾਲਕੀ (ਬੀ.ਓ.ਓ.) ਦੇ ਅਧਾਰ ਤੇ ਫਿਰੋਜ਼ਪੁਰ ਫੀਡਰ ਲੋਅਰ ਉਪਰ ਸਥਿਤ ਗੁਰਦਿੱਤੀਵਾਲਾ (RD 55413) ਵਿਖੇ 2 ਮੈਗਾਵਾਟ ਸਮਰੱਥਾ ਦੇ ਮਿੰਨੀ ਹਾਈਡਲ ਪ੍ਰੋਜੈਕਟ ਦੀ ਅਲਾਟਮੈਂਟ ਕਾਰਵਾਈ ਅਧੀਨ ਹੈ।

ਲਿੰਕ ਸੜਕਾਂ ਦੀ ਮੁਰੰਮਤ

***167. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਲੰਬੇ ਸਮੇਂ ਤੋਂ ਰੁਕਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਲਿੰਕ ਸੜਕਾਂ ਦੀ ਮੁਰੰਮਤ ਕਰਨ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਜਾਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ : ਨਹੀਂ ਜੀ। ਫੰਡਾਂ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਰਾਜ ਵਿੱਚ ਲਿੰਕ ਸੜਕਾਂ ਦੀ ਰਿਪੇਅਰ ਦਾ ਕੰਮ ਲਗਾਤਾਰ ਕੀਤਾ ਜਾ ਰਿਹਾ ਹੈ।

ਸ਼ਿਕਾਇਤ ਨਿਵਾਰਨ ਕਮੇਟੀਆਂ ਦੀਆਂ ਮੀਟਿੰਗਾਂ

***168. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿਚ ਉਪ-ਮੰਡਲ ਸ਼ਿਕਾਇਤ ਨਿਵਾਰਨ ਕਮੇਟੀਆਂ ਗਠਿਤ ਕੀਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਕਰਨ ਲਈ ਸਰਕਾਰ ਨੇ ਕਿਹੜੀ ਵਿਧੀ ਅਪਣਾਈ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਨਹੀਂ ਜੀ।

ਪਿੰਡਾਂ ਦੇ ਵਿਕਾਸ ਲਈ ਫੰਡ

***169. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਰਾਜ ਦੇ ਦਿਹਾਤੀ ਖੇਤਰਾਂ ਵਿੱਚ ਪੀਣਯੋਗ ਪਾਣੀ ਦੀ ਸਪਲਾਈ ਲਈ, ਸੈਨੀਟੇਸ਼ਨ ਲਈ, ਪਿੰਡਾਂ ਦੇ ਛੱਪੜਾਂ ਦੀ ਦੇਖਭਾਲ ਲਈ ਅਤੇ ਹੋਰ ਵਿਕਾਸ ਕਾਰਜਾਂ ਲਈ ਸਾਲ 2007-08, 2008-09 ਅਤੇ 2009-10 ਦੇ ਦੌਰਾਨ ਜ਼ਿਲ੍ਹਾ ਵਾਰ ਅਤੇ ਸਾਲ ਵਾਰ ਕੁੱਲ ਕਿੰਨੇ ਫੰਡ ਐਲੋਕੇਟ ਕੀਤੇ ਗਏ ਹਨ;

(ਅ) ਕੀ ਰਾਜ ਸਰਕਾਰ ਵੱਲੋਂ ਉਪਰੋਕਤ ਭਾਗ (ੳ) ਵਿੱਚ ਦਰਸਾਏ ਗਏ ਸਾਰੇ ਫੰਡਾਂ ਦੀ ਵਰਤੋਂ ਸਮੇਂ ਸਿਰ ਨਿਸ਼ਚਿਤ ਮੰਤਵਾਂ ਲਈ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਤੋਂ ਪ੍ਰਾਪਤ ਸਿੱਟਿਆਂ ਦੇ ਵੇਰਵੇ ਕੀ ਹਨ?

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : (ੳ) ਰਾਜ ਦੇ ਦਿਹਾਤੀ ਖੇਤਰਾਂ ਵਿੱਚ ਪੀਣਯੋਗ ਪਾਣੀ ਦੀ ਸਪਲਾਈ ਲਈ,

ਸੈਨੀਟੇਸ਼ਨ ਲਈ, ਪਿੰਡਾਂ ਦੇ ਛੱਪੜਾਂ ਦੀ ਦੇਖਭਾਲ ਲਈ ਅਤੇ ਹੋਰ ਵਿਕਾਸ ਕਾਰਜਾਂ ਲਈ ਸਾਲ 2007-08, 2008-09 ਅਤੇ 2009-10 ਦੌਰਾਨ ਐਲੋਕੇਟ ਕੀਤੇ ਗਏ ਫੰਡਾਂ ਦਾ ਵੇਰਵਾ 'ਅਨੁਲੱਗ-'ੳ' ਤੇ ਰੱਖਿਆ ਜਾਂਦਾ ਹੈ।

(ਅ) ਭਾਗ (ੳ) ਵਿੱਚ ਦਰਸਾਏ ਫੰਡ ਜਿਨ੍ਹਾਂ ਮੰਤਵਾਂ ਲਈ ਜਾਰੀ ਕੀਤੇ ਗਏ ਸਨ, ਦੀ ਵਰਤੋਂ ਸਮੇਂ ਸਿਰ ਨਿਸ਼ਚਿਤ ਮੰਤਵਾਂ ਲਈ ਹੀ ਕੀਤੀ ਗਈ ਹੈ। ਇਨ੍ਹਾਂ ਫੰਡਾਂ ਨਾਲ ਕਰਵਾਏ ਗਏ ਕੰਮਾਂ ਦਾ ਵੇਰਵਾ 'ਅਨੁਲੱਗ-'ਅ' ਤੇ ਰੱਖਿਆ ਜਾਂਦਾ ਹੈ।

'ਅਨੁਲੱਗ-'ੳ'

ਲੜੀ ਨੰ:	ਜ਼ਿਲ੍ਹੇ ਦਾ ਨਾਮ	ਸਾਲ	ਪੀਣ ਯੋਗ ਪਾਣੀ ਦੀ ਸਪਲਾਈ ਅਤੇ ਸੈਨੀਟੇਸ਼ਨ (ਲੱਖਾਂ ਵਿੱਚ)	ਛੱਪੜਾਂ ਦੀ ਦੇਖਭਾਲ ਲਈ ਜਾਰੀ ਗਰਾਂਟ (ਲੱਖਾਂ ਵਿੱਚ)	ਹੋਰ ਵਿਕਾਸ ਕਾਰਜਾਂ ਲਈ ਜਾਰੀ ਗਰਾਂਟ (ਲੱਖਾਂ ਵਿੱਚ)
1	ਅੰਮ੍ਰਿਤਸਰ	2007-08	1287.15	1329.19	2467.20
		2008-09	3026.24	701.04	3307.21
		2009-10	3289.52	3183.70	3450.07
2	ਜਲੰਧਰ	2007-08	1837.29	348.51	13.00
		2008-09	1820.42	257.68	2449.30
		2009-10	2307.97	324.94	1278.09
3	ਤਰਨਤਾਰਨ	2007-08	577.41	---	3291.17
		2008-09	1176.95	80.50	2640.87
		2009-10	1080.25	229.00	1707.52
4	ਗੁਰਦਾਸਪੁਰ	2007-08	2455.34	---	---
		2008-09	2658.93	---	3476.00
		2009-10	1891.74	---	3521.79
5	ਸ਼ਹੀਦ ਭਗਤ ਸਿੰਘ ਨਗਰ	2007-08	1430.93	64.62	120.40
		2008-09	671.53	204.58	1056.88
		2009-10	1208.12	311.13	1021.09
6	ਕਪੂਰਥਲਾ	2007-08	1221.63	---	27.95
		2008-09	910.13	---	1348.13

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

		2009-10	1377.08	35.30	1124.05
7	ਹੁਸ਼ਿਆਰਪੁਰ	2007-08	2668.64	59.08	160.45
		2008-09	2484.06	110.20	2700.00
		2009-10	2457.14	274.93	2150.00
8	ਪਟਿਆਲਾ	2007-08	2015.56	---	---
		2008-09	1095.63	---	---
		2009-10	1102.19	---	---
9	ਸੰਗਰੂਰ	2007-08	934.52	---	---
		2008-09	759.83	---	2226.00
		2009-10	1310.61	---	1453.50
10	ਅਜੀਤਗੜ੍ਹ	2007-08	455.00	---	---
		2008-09	284.17	50.24	452.55
		2009-10	776.93	82.69	585.00
11	ਰੋਪੜ	2007-08	591.93	---	232.31
		2008-09	718.07	---	1108.00
		2009-10	896.55	---	896.26
12	ਲੁਧਿਆਣਾ	2007-08	2499.83	---	---
		2008-09	1924.21	---	---
		2009-10	3034.90	---	---
13	ਬਰਨਾਲਾ	2007-08	388.12	---	42.66
		2008-09	424.78	301.25	88.20
		2009-10	534.62	115.84	1161.00
14	ਫਤਿਹਗੜ੍ਹ	2007-08	1050.74	---	25.48
	ਸਾਹਿਬ	2008-09	1227.41	---	---
		2009-10	1448.32	---	---
15	ਫਿਰੋਜ਼ਪੁਰ	2007-08	2915.60	---	5608.00
		2008-09	2603.61	---	3827.16

		2009-10	2423.76	---	2230.50
16	ਮੋਗਾ	2007-08	1507.75	---	216.98
		2008-09	755.91	---	1662.00
		2009-10	1721.24	---	1055.08
17	ਸ੍ਰੀ ਮੁਕਤਸਰ ਸਾਹਿਬ	2007-08	2313.74	40.70	1125.17
		2008-09	3648.64	750.69	4469.00
		2009-10	1000.50	197.79	2466.16
18	ਫਰੀਦਕੋਟ	2007-08	1062.69	---	56.00
		2008-09	484.67	56.78	631.49
		2009-10	781.49	65.14	689.24
19	ਮਾਨਸਾ	2007-08	886.98	57.96	465.40
		2008-09	1478.49	216.00	1625.08
		2009-10	1449.21	336.46	1549.57
20	ਬਠਿੰਡਾ	2007-08	2929.90	---	---
		2008-09	3518.75	153.68	2051.00
		2009-10	2061.95	438.44	1270.00

ਅਨੁਲੱਗ-'ੳ'

ਲੜੀ ਨੰਬਰ	ਕਰਵਾਏ ਗਏ ਕੰਮ	ਕੰਮਾਂ ਦੀ ਗਿਣਤੀ
1	ਗਲੀਆਂ ਨਾਲੀਆਂ	11891
2	ਧਰਮਸ਼ਾਲਾ	1799
3	ਪੰਚਾਇਤ ਘਰ/ਕਮਿਊਨਿਟੀ ਸੈਂਟਰ	1209
4	ਫਿਰਨੀਆਂ ਦੀ ਉਸਾਰੀ	787
5	ਸਿਵਲ ਡਿਸਪੈਂਸਰੀਆਂ/ਸਕੂਲ	685
6	ਸ਼ਮਸ਼ਾਨਘਾਟ	1690
7	ਸਟੇਡੀਅਮ	15

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

8	ਰੂਰਲ ਕੁਨੈਕਟੀਵਿਟੀ	140
9	ਜੰਗਲਾਤ	318
10	ਹੜ੍ਹਾਂ ਦੀ ਰੋਕਥਾਮ	28
11	ਭੂਮੀ ਸੁਧਾਰ	3
12	ਅੰਡਰ-ਗਰਾਊਂਡ ਸੀਵਰੇਜ	5
13	ਗੰਦੇ ਪਾਣੀ ਦਾ ਨਿਕਾਸ	1973
14	ਢਾਣੀਆਂ ਦੇ ਰਸਤੇ ਪੱਕੇ ਕਰਨੇ	540
15	ਪਖਾਨਿਆਂ ਦੀ ਉਸਾਰੀ	61101
16	ਖੇਡਾਂ ਦਾ ਸਮਾਨ ਯੂਥ ਕਲੱਬਾਂ ਲਈ	138
17	ਵਾਟਰ ਟੈਂਕ, ਸੋਲਰ ਲਾਈਟਾਂ, ਡਰੇਨ ਆਦਿ	141
18	ਸੈਨੀਟੇਸ਼ਨ	1697
19	ਛੱਪੜਾਂ ਦੀ ਸਫ਼ਾਈ/ਰਿਟੇਨਿੰਗ ਵਾਲ	720
20	ਪਸ਼ੂ ਹਸਪਤਾਲ ਦੀ ਉਸਾਰੀ/ਮੁਰੰਮਤ	476
21	ਰਜਬਾਹਿਆਂ ਦੀ ਸਫ਼ਾਈ	170
22	ਸੜਕਾਂ ਦਾ ਬਰਮ ਪੂਰੇ ਕੀਤੇ	185
23	ਹੱਡਾ ਰੋੜੀਆਂ ਦੀ ਚਾਰ ਦੀਵਾਰੀ ਅਤੇ ਗੇਟ	316
24	ਮਹਿਲਾ ਮੰਡਲ	43
25	ਪੀਣ ਵਾਲੇ ਪਾਣੀ ਦੀ ਸਪਲਾਈ	4309
26	ਆਰ.ਓ.ਪਲਾਂਟ	383
27	ਸਮਾਲ ਬੋਰ ਹੋਲ ਸੀਵਰੇਜ	81
	ਕੁੱਲ	**1,03,383**

ਬੇਰੁਜਗਾਰੀ ਭੱਤੇ ਦੀ ਅਦਾਇਗੀ

***170. (ਸੀ.ਯੂ.) ਸ਼੍ਰੀ ਤਰਲੋਚਨ ਸਿੰਘ :** ਕੀ ਰੋਜ਼ਗਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ;

(ੳ) ਚਾਲੂ ਵਿੱਤੀ-ਸਾਲ ਦੌਰਾਨ ਪੜ੍ਹੇ-ਲਿਖੇ ਬੇਰੁਜਗਾਰ ਨੌਜਵਾਨਾਂ ਨੂੰ ਬੇਰੁਜਗਾਰੀ

ਭੱਤੇ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸ ਮੰਤਵ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਜਾ ਰਹੀ ਹੈ;

(ਅ) ਉਪਰੋਕਤ ਮੰਤਵ ਲਈ ਸਰਕਾਰ ਦੁਆਰਾ ਕੁੱਲ ਕਿੰਨੇ ਫੰਡ ਰੱਖੇ ਗਏ ਹਨ?

ਸਰਦਾਰ ਅਜੀਤ ਸਿੰਘ ਕੋਹਾੜ : (ੳ) ਚਾਲੂ ਵਿੱਤੀ ਸਾਲ ਦੌਰਾਨ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਜਨਰੇਸ਼ਨ ਐਂਡ ਟ੍ਰੇਨਿੰਗ ਵਿਭਾਗ ਵੱਲੋਂ ਸਾਲ 2005 ਤੋਂ ਬੇਕਾਰੀ ਭੱਤੇ ਦਰ ਵਿੱਚ ਵਾਧਾ ਕਰਨ ਉਪਰੰਤ ਹੇਠ ਅਨੁਸਾਰ ਬੇਕਾਰੀ ਭੱਤਾ ਦਿੱਤਾ ਜਾ ਰਿਹਾ ਹੈ:-

ਲੜੀ ਨੰ:	ਬੇਰੁਜ਼ਗਾਰਾਂ ਦੀ ਸ਼੍ਰੇਣੀ	ਵਿਦਿਅਕ/ਤਕਨੀਕੀ ਯੋਗਤਾ	ਬੇਕਾਰੀ ਭੱਤਾ ਦਰ ਪ੍ਰਤੀ ਮਹੀਨਾ	ਬੇਕਾਰੀ ਭੱਤਾ ਮਿਲਣ ਦਾ ਸਮਾਂ
1	ਪੜ੍ਹੇ ਲਿਖੇ	ਮੈਟ੍ਰਿਕ/ਅੰਡਰ ਗ੍ਰੈਜੂਏਟ	150/-ਰੁਪਏ	ਰਜਿਸਟ੍ਰੇਸ਼ਨ ਤੋਂ 3 ਸਾਲ ਬਾਅਦ
	ਬੇਰੁਜ਼ਗਾਰ	ਗ੍ਰੈਜੂਏਟ ਅਤੇ ਇਸ ਤੋਂ ਉੱਪਰ	200/-ਰੁਪਏ	-ਉਹੀ-
2	ਅੰਨ੍ਹੇ, ਬੋਲੇ ਅਤੇ ਗੂੰਗੇ ਬੇਰੁਜ਼ਗਾਰ	ਮੈਟ੍ਰਿਕ/ਅੰਡਰ ਗ੍ਰੈਜੂਏਟ	450/-ਰੁਪਏ	ਰਜਿਸਟ੍ਰੇਸ਼ਨ ਉਪਰੰਤ ਪਹਿਲੀ ਤਿਮਾਹੀ ਤੋਂ ਬਾਅਦ
		ਗ੍ਰੈਜੂਏਟ ਅਤੇ ਇਸ ਤੋਂ ਉਪਰ	600/-ਰੁਪਏ	-ਉਹੀ-
3	ਸਰੀਰਕ ਤੌਰ ਤੇ	ਮੈਟ੍ਰਿਕ/ਅੰਡਰ ਗ੍ਰੈਜੂਏਟ	225/-ਰੁਪਏ	ਰਜਿਸਟ੍ਰੇਸ਼ਨ ਤੋਂ 1 ਸਾਲ ਬਾਅਦ
	ਅਪੰਗ ਬੇਰੁਜ਼ਗਾਰ	ਗ੍ਰੈਜੂਏਟ ਅਤੇ ਇਸ ਤੋਂ ਉਪਰ	300/-ਰੁਪਏ	-ਉਹੀ-

ਬੇਰੁਜ਼ਗਾਰ ਯੁਵਕਾਂ ਨੂੰ ਬੇਕਾਰੀ ਭੱਤਾ ਉਨ੍ਹਾਂ ਦੀ ਯੋਗਤਾ ਅਤੇ ਸ਼੍ਰੇਣੀ ਦੇ ਆਧਾਰ ਤੇ ਦਿੱਤਾ ਜਾਂਦਾ ਹੈ ਇਸ ਲਈ ਪ੍ਰਾਰਥੀ ਦੀ ਪਰਿਵਾਰਕ ਸਲਾਨਾ ਆਮਦਨ 12000/-ਰੁ: ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਵੰਡ ਅਤੇ ਵਾਧਾ ਕੀਤਾ ਜਾਂਦਾ ਹੈ।

(ਅ) ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਬੇਰੁਜ਼ਗਾਰੀ ਭੱਤੇ ਲਈ ਵਿੱਤੀ ਸਾਲ 2012-13 ਦੌਰਾਨ 35 ਲੱਖ ਰੁਪਏ ਦੇ ਫੰਡ ਰੱਖੇ ਹੋਏ ਹਨ।

ਨਾਭਾ ਵਿਖੇ ਫਾਇਰ ਇੰਜਣ ਮੁਹੱਈਆ ਕਰਵਾਉਣਾ

***176. (ਸੀ.ਯੂ.) ਸਰਦਾਰ ਰਣਦੀਪ ਸਿੰਘ ਨਾਭਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਨਯੋਗ ਮੁੱਖ ਮੰਤਰੀ ਦੁਆਰਾ ਆਪਣੇ ਪਿਛਲੇ ਕਾਰਜਕਾਲ ਦੌਰਾਨ ਵਾਅਦਾ ਕਰਨ ਦੇ ਬਾਵਜੂਦ ਨਾਭਾ ਉਦਯੋਗਿਕ ਖੇਤਰ ਲਈ ਫਾਇਰ ਇੰਜਣ (ਅੱਗ ਬੁਝਾਊ ਇੰਜਣ) ਮੁਹੱਈਆ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਮੁਹੱਈਆ ਕਰ ਦਿੱਤੇ ਜਾਣਗੇ?

ਸ਼੍ਰੀ ਚੂਨੀ ਲਾਲ ਭਗਤ : ਇਹ ਮਾਮਲਾ ਨਗਰ ਕੌਂਸਲ, ਨਾਭਾ ਦੇ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਵੱਲੋਂ ਤਜਵੀਜ਼ ਪ੍ਰਾਪਤ ਹੋਣ ਤੇ ਇਸ ਬਾਰੇ ਢੁੱਕਵਾਂ ਫੈਸਲਾ ਕੀਤਾ ਜਾਵੇਗਾ।

ਟਰਾਈਡੈਂਟ ਉਦਯੋਗ ਲਈ ਐਕਵਾਇਰ ਕੀਤੀ ਜ਼ਮੀਨ ਦਾ ਮੁਆਵਜਾ

***181. (ਸੀ.ਯੂ.) ਸ਼੍ਰੀ ਮੁਹੰਮਦ ਸਦੀਕ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਬਰਨਾਲਾ ਨੇੜੇ ਟ੍ਰਾਈਡੈਂਟ ਫੈਕਟਰੀ ਲਈ ਕੁੱਲ ਕਿੰਨੀ ਜ਼ਮੀਨ ਪ੍ਰਾਪਤ ਕੀਤੀ ਗਈ ਹੈ ਅਤੇ ਕੀ ਉਪਰੋਕਤ ਵਰਣਿਤ ਜ਼ਮੀਨ ਦੇ ਮਾਲਕਾਂ ਨੂੰ ਮੁਆਵਜ਼ਾ ਦੇ ਦਿੱਤਾ ਗਿਆ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਵਿਚ ਵਰਣਿਤ ਮੁਆਵਜ਼ਾ ਅਜੇ ਨਹੀਂ ਦਿੱਤਾ ਗਿਆ ਹੈ ਤਾਂ ਪੈਂਡਿੰਗ ਪਈਆਂ ਅਦਾਇਗੀਆਂ ਦੇ ਵੇਰਵੇ ਅਤੇ ਕਾਰਨ ਕੀ ਹਨ ਅਤੇ ਉਪਰੋਕਤ ਅਦਾਇਗੀਆਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਅਨਿਲ ਜੋਸ਼ੀ : (ੳ) ਬਰਨਾਲਾ ਨੇੜੇ ਟ੍ਰਾਈਡੈਂਟ ਫੈਕਟਰੀ ਲਈ ਪਿੰਡ ਧੌਲਾ, ਫਤਿਹਗੜ੍ਹ ਛੰਨਾ ਅਤੇ ਪਿੰਡ ਸੰਘੇੜਾ ਦੀ ਕੁੱਲ 323 ਏਕੜ 14 ਕਨਾਲ 2.8 ਮਰਲੇ ਜ਼ਮੀਨ ਅਵਾਰਡ ਮਿਤੀ 17.2.2006 ਰਾਹੀਂ ਐਕਵਾਇਰ ਕੀਤੀ ਗਈ ਸੀ। ਇਸ ਜ਼ਮੀਨ ਦਾ ਮੁਆਵਜ਼ਾ ਨਿਰਧਾਰਤ ਕੀਤੇ ਰੇਟਾਂ ਮੁਤਾਬਿਕ ਭੌਂ ਮਾਲਕਾਂ ਨੂੰ ਅਦਾ ਕਰ ਦਿੱਤਾ ਗਿਆ ਸੀ ਅਤੇ ਜਿਨ੍ਹਾਂ ਵੱਲੋਂ ਇਸ ਜ਼ਮੀਨ ਦਾ ਮੁਆਵਜ਼ਾ ਪ੍ਰਾਪਤ ਨਹੀਂ ਕੀਤਾ ਗਿਆ, ਉਨ੍ਹਾਂ ਦਾ ਮੁਆਵਜ਼ਾ ਭੌਂ ਪ੍ਰਾਪਤੀ ਐਕਟ, 1894 ਦੀ ਜੇਰੇ ਧਾਰਾ 31 ਤਹਿਤ ਜ਼ਿਲ੍ਹਾ ਅਦਾਲਤ ਵਿਚ ਜਮ੍ਹਾਂ ਕਰਵਾ ਦਿੱਤਾ ਗਿਆ ਸੀ।

(ਅ) ਇਸ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਪਿੰਡ ਧੌਲਾ, ਫਤਿਹਗੜ੍ਹ ਛੰਨਾ ਅਤੇ ਸੰਘੇੜੇ ਦੇ ਭੌਂ ਮਾਲਕਾਂ ਨੂੰ ਮੁਆਵਜ਼ਾ ਅਦਾ ਕੀਤਾ ਜਾ ਚੁੱਕਾ ਹੈ ਅਤੇ 7 ਭੌਂ ਮਾਲਕਾਂ ਨੂੰ ਵਧਿਆ ਹੋਇਆ ਮੁਆਵਜ਼ਾ ਟ੍ਰਾਈਪਾਰਟੀ ਐਗਰੀਮੈਂਟ ਦੀ ਅਣਹੋਂਦ ਕਰਕੇ ਅਦਾ ਨਹੀਂ ਕੀਤਾ ਗਿਆ। ਭੌਂ ਮਾਲਕਾਂ ਵੱਲੋਂ ਜ਼ਿਲ੍ਹਾ ਅਦਾਲਤ ਵਿਚ ਦਾਇਰ ਜੇਰੇ ਧਾਰਾ 18

ਦੇ ਕੇਸ ਵਾਪਸ ਲੈ ਕੇ ਭੌਂ ਪ੍ਰਾਪਤੀ ਐਕਟ ਦੀ ਧਾਰਾ 28-ਏ ਤਹਿਤ ਕਲੇਮ ਕੁਲੈਕਟਰ ਭੌਂ ਪ੍ਰਾਪਤੀ ਪਾਸ ਦਾਇਰ ਕੀਤੇ ਗਏ' ਸਨ ਜੋ ਕਿ ਕੁਲੈਕਟਰ ਭੌਂ ਪ੍ਰਾਪਤੀ ਵੱਲੋਂ ਮਿਤੀ 5.10.2011 ਨੂੰ ਰੱਦ ਕਰ ਦਿੱਤੇ ਗਏ ਸਨ। ਜਿਨ੍ਹਾਂ ਵਿਚੋਂ ਦੋ ਭੌਂ ਮਾਲਕਾਂ ਵੱਲੋਂ ਉਕਤ ਫੈਸਲੇ ਵਿਰੁੱਧ ਮਾਨਯੋਗ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਹੈ ਅਤੇ ਇਹ ਕੇਸ ਮਾਨਯੋਗ ਹਾਈ ਕੋਰਟ ਵਿਚ ਮਿਤੀ 25.07.2012 ਨੂੰ ਨਿਸ਼ਚਿਤ ਹਨ। ਇਨ੍ਹਾਂ ਦੋ ਕੇਸਾਂ ਵਿਚ ਮੁਆਵਜਾ ਦੇਣ ਜਾਂ ਨਾ ਦੇਣ ਬਾਰੇ ਫੈਸਲਾ ਮਾਨਯੋਗ ਹਾਈ ਕੋਰਟ ਦੇ ਫੈਸਲੇ ਤੇ ਨਿਰਭਰ ਹੋਵੇਗਾ।

ਪਾਇਲ ਵਿਖੇ ਲੜਕੀਆਂ ਦਾ ਸਰਕਾਰੀ ਸਕੂਲ

***186. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪਾਇਲ ਸ਼ਹਿਰ ਲੁਧਿਆਣਾ ਵਿਖੇ ਸਰਕਾਰੀ ਸਕੂਲ (ਲੜਕੀਆਂ) ਚਲ ਰਿਹਾ ਹੈ, ਜੇਕਰ ਚਲ ਰਿਹਾ ਹੈ ਤਾਂ ਉਹ ਕਿੱਥੇ ਚਲ ਰਿਹਾ ਹੈ ਅਤੇ ਉਥੇ ਕਿਹੜਾ ਸਟਾਫ ਤਾਇਨਾਤ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਪਾਇਲ ਸ਼ਹਿਰ (ਲੁਧਿਆਣਾ) ਵਿਖੇ ਹੀ ਸਰਕਾਰੀ ਗਰਲਜ਼ ਹਾਈ ਸਕੂਲ ਚਲ ਰਿਹਾ ਹੈ ਜੋ ਕਿ ਪਹਿਲਾਂ ਕਿਲੇ ਵਿੱਚ ਚਲ ਰਿਹਾ ਸੀ, ਹੁਣ ਇਹ ਬਿਲਡਿੰਗ ਪੁਰਾਤੱਤਵ ਵਿਭਾਗ ਅਧੀਨ ਆ ਜਾਣ ਕਾਰਣ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਬਿਲਡਿੰਗ ਦੇ ਨਾਲ ਹੀ ਨਵੀਂ ਤਿਆਰ ਬਿਲਡਿੰਗ ਵਿੱਚ ਚਲ ਰਿਹਾ ਹੈ। ਇਸ ਸਕੂਲ ਵਿਚ 254 ਵਿਦਿਆਰਥਣਾਂ ਪੜ੍ਹ ਰਹੀਆਂ ਹਨ। ਇਸ ਸਕੂਲ ਵਿੱਚ ਇੱਕ ਮੁੱਖ ਅਧਿਆਪਕਾ, 2 ਪੰਜਾਬੀ ਮਿਸਟ੍ਰੈਸ, ਚਾਰ ਸ.ਸ. ਮਿਸਟ੍ਰੈਸ, ਇੱਕ ਸਾਇੰਸ ਮਿਸਟ੍ਰੈਸ, ਤਿੰਨ ਮੈਥ ਮਿਸਟ੍ਰੈਸ, ਇੱਕ ਹਿੰਦੀ ਟੀਚਰ, ਇਕ ਆਰਟ ਕਰਾਫਟ ਟੀਚਰ, ਇੱਕ ਕੰਪਿਊਟਰ ਟੀਚਰ ਤੋਂ ਇਲਾਵਾ ਦੋ ਪਾਰਟ ਟਾਈਮ ਪੀਅਨ ਅਤੇ ਇਕ ਸਫਾਈ ਸੇਵਕ ਤਾਇਨਾਤ ਹਨ।

ਨਹਿਰੀ ਵਿਸ਼ਰਾਮ ਘਰ ਦੀ ਇਮਾਰਤ ਦੀ ਮੁਰੰਮਤ

***188. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ :** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਨਹਿਰੀ ਵਿਭਾਗ ਦੇ ਦੋਰਾਹਾ, ਜ਼ਿਲ੍ਹਾ ਲੁਧਿਆਣਾ ਵਿਖੇ ਰੈਸਟ ਹਾਊਸ ਦੀ ਇਮਾਰਤ ਬਹੁਤ ਜ਼ਿਆਦਾ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੀ ਮੁਰੰਮਤ ਕਦੋਂ ਤੱਕ ਕਰਨ ਦੀ ਤਜਵੀਜ਼ ਹੈ?

ਸਰਦਾਰ ਜਨਮੇਜਾ ਸਿੰਘ ਸੇਖੋਂ : ਜੀ ਹਾਂ, ਨਹਿਰੀ ਵਿਭਾਗ ਦੇ ਦੋਰਾਹਾ ਨੇੜੇ ਪਿੰਡ ਰਾਮਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਵਿਸ਼ਰਾਮ ਘਰ ਦੀ ਹਾਲਤ ਬਹੁਤ ਖਸਤਾ ਹੈ। ਇਹ ਰੈਸਟ ਹਾਊਸ 100 ਸਾਲ ਤੋਂ ਵੀ ਵੱਧ ਪੁਰਾਣਾ ਹੈ। ਪਿਛਲੇ ਕਈ ਸਾਲਾਂ ਤੋਂ ਫੰਡਾਂ ਦੀ ਘਾਟ ਕਾਰਨ ਇਸ ਦੀ ਮੁਰੰਮਤ ਨਹੀਂ ਕੀਤੀ ਜਾ ਸਕੀ।

[ਸਿੰਚਾਈ ਮੰਤਰੀ]

ਹੁਣ 28 ਵੀਂ ਇੰਪਾਵਰਡ ਕਮੇਟੀ (ਓ.ਯੂ.ਵੀ.ਜੀ.ਐਲ. ਸਕੀਮ) ਦੀ ਮਿਤੀ 12.10.2010 ਨੂੰ ਹੋਈ ਮੀਟਿੰਗ ਵਿੱਚ ਫੈਸਲੇ ਅਨੁਸਾਰ ਇਹ ਜ਼ਮੀਨ ਪੁੱਡਾ ਨੂੰ ਤਬਦੀਲ ਕਰਨ ਦੀ ਪ੍ਰਾਵਨਗੀ ਦਿੱਤੀ ਜਾ ਚੁੱਕੀ ਹੈ। ਸਾਈਟ ਦਾ ਕਬਜ਼ਾ ਪੁੱਡਾ ਨੂੰ ਸੌਂਪਣ ਦਾ ਕੇਸ ਕਾਰਵਾਈ ਅਧੀਨ ਹੈ। ਇਸ ਲਈ ਇਸ ਰੈਸਟ ਹਾਊਸ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ।

ਦੋਰਾਹਾ ਜ਼ਿਲ੍ਹਾ ਲੁਧਿਆਣਾ ਦੀਆਂ ਰਜਿਸਟਰੀਆਂ ਨਾ ਹੋਣਾ

***189. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦੋਰਾਹਾ ਸ਼ਹਿਰ, ਜ਼ਿਲ੍ਹਾ ਲੁਧਿਆਣਾ ਦੀਆਂ ਰਜਿਸਟਰੀਆਂ ਦਾ ਕੰਮ ਕਿੰਨੇ ਸਮੇਂ ਤੋਂ ਬੰਦ ਪਿਆ ਹੈ ਅਤੇ ਇਸ ਦੇ ਕੀ ਕਾਰਨ ਹਨ ਅਤੇ ਇਹ ਕੰਮ ਕਦੋਂ ਸ਼ੁਰੂ ਕਰਨ ਦੀ ਤਜਵੀਜ਼ ਹੈ?

ਸਰਦਾਰ ਬਿਕਰਮ ਸਿੰਘ ਮਜੀਠੀਆ : ਦੋਰਾਹਾ ਸ਼ਹਿਰ, ਜ਼ਿਲ੍ਹਾ ਲੁਧਿਆਣਾ ਦਾ 312 ਬਿੱਘੇ-6 ਬਿਸਵੇ ਰਕਬਾ ਜੋ ਕਿ ਮਾਲ ਰਿਕਾਰਡ ਮੁਤਾਬਿਕ ਸਰਕਾਰ ਦੌਲਤ ਮਦਾਰ ਦੇ ਨਾਮ ਦਰਜ ਹੈ, ਦੀਆਂ ਰਜਿਸਟਰੀਆਂ ਦਾ ਕੰਮ ਕਾਬਜ਼ਕਾਰਾਂ ਕੋਲ ਮਾਲਕੀ ਸਬੂਤ ਨਾ ਹੋਣ ਕਾਰਨ ਸਾਲ 2006 ਤੋਂ ਬੰਦ ਪਿਆ ਹੈ। ਇਸ ਰਕਬੇ ਤੋਂ ਬਿਨਾਂ ਦੋਰਾਹਾ ਸ਼ਹਿਰ ਦੀਆਂ ਰਜਿਸਟਰੀਆਂ ਤੇ ਕੋਈ ਰੋਕ ਨਹੀਂ ਹੈ। ਮਾਮਲੇ ਨੂੰ ਵਿਚਾਰਣ ਉਪਰੰਤ ਸਰਕਾਰ ਵੱਲੋਂ ਨਿਰਧਾਰਿਤ ਕੀਤੀਆਂ ਕੁਝ ਸ਼ਰਤਾਂ ਅਧੀਨ ਬੰਦ ਪਈਆਂ ਰਜਿਸਟਰੀਆਂ ਨੂੰ ਦੁਬਾਰਾ ਚਾਲੂ ਕਰਾਉਣ ਲਈ ਪੱਤਰ ਨੰਬਰ 26/49/07-ਭਮ-3/7010 ਮਿਤੀ 15.6.2012 ਰਾਹੀਂ ਡਿਪਟੀ ਕਮਿਸ਼ਨਰ, ਲੁਧਿਆਣਾ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਅਧਿਆਪਕਾਂ ਦੀਆਂ ਖਾਲੀ ਅਸਾਮੀਆਂ

***190. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਦੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਮੁੱਖ ਅਧਿਆਪਕਾਂ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

ਸਰਦਾਰ ਸਿਕੰਦਰ ਸਿੰਘ ਮਲੂਕਾ : ਲੁਧਿਆਣਾ ਜ਼ਿਲ੍ਹੇ ਵਿੱਚ ਅਧਿਆਪਕਾਂ ਦੀਆਂ 1180 ਅਤੇ ਮੁੱਖ ਅਧਿਆਪਕਾਂ ਦੀਆਂ 75 ਅਸਾਮੀਆਂ ਖਾਲੀ ਹਨ। ਪੂਰੇ ਰਾਜ ਵਿੱਚ ਹੀ ਖਾਲੀ ਅਸਾਮੀਆਂ ਨੂੰ ਭਰਨ ਲਈ ਮਿਤੀ 09.09.2012 ਨੂੰ 5078 ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਹੈ ਇਸ ਲਈ ਚਲ ਰਹੀ ਪ੍ਰੀਕ੍ਰਿਆ ਨੂੰ ਮਾਨਯੋਗ ਹਾਈ ਕੋਰਟ ਦੀ ਸਟੇਅ ਖਤਮ ਹੋਣ ਉਪਰੰਤ ਪੂਰੀ ਕਰ ਲਈ ਜਾਵੇਗੀ। ਇਸ ਉਪਰੰਤ ਖਾਲੀ ਅਸਾਮੀਆਂ

ਭਰਨ ਦਾ ਉਪਰਾਲਾ ਕੀਤਾ ਜਾਵੇਗਾ। ਇਸ ਤਰ੍ਹਾਂ ਵੱਖੋ-ਵੱਖ ਕਾਡਰਾਂ ਵਿੱਚ ਪਦ ਉਨਤੀਆਂ ਦੀ ਚੱਲ ਰਹੀ ਪ੍ਰਕ੍ਰਿਆ ਨੂੰ ਛੇਤੀ ਹੀ ਪੂਰਾ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

ਪਾਇਲ ਵਿਖੇ ਸਰਕਾਰੀ ਕਾਲਜ ਖੋਲ੍ਹਣਾ

***191. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਲੁਧਿਆਣਾ ਦੇ ਹਲਕਾ ਪਾਇਲ ਵਿਖੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਖੋਲ੍ਹਣ ਦੀ ਸੰਭਾਵਨਾ ਹੈ?

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ, ਸ਼੍ਰੀਮਾਨ ਜੀ। ਹਲਕਾ ਪਾਇਲ, ਜ਼ਿਲ੍ਹਾ ਲੁਧਿਆਣਾ ਵਿਖੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਦੋਰਾਹਾ ਵਿਖੇ ਸਰਕਾਰੀ ਹਸਪਤਾਲ ਖੋਲ੍ਹਣਾ

***192. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਦੋਰਾਹਾ, ਜ਼ਿਲ੍ਹਾ ਲੁਧਿਆਣਾ ਵਿਖੇ ਸਰਕਾਰੀ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਖੋਲ੍ਹਣ ਦੀ ਸੰਭਾਵਨਾ ਹੈ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, ਨਹੀਂ ਜੀ।

ਪਿੰਡ ਦੋਬੁਰਜੀ ਵਿਖੇ 66 ਕੇ.ਵੀ. ਗਰਿੱਡ ਸਟੇਸ਼ਨ ਸਥਾਪਿਤ ਕਰਨਾ

***193. (ਸੀ.ਯੂ.) ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪਿੰਡ ਦੋਬੁਰਜੀ ਜ਼ਿਲ੍ਹਾ ਲੁਧਿਆਣਾ ਵਿਖੇ 66 ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਸਥਾਪਿਤ ਕਰ ਦਿੱਤਾ ਜਾਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ : 66 ਕੇ.ਵੀ. ਸਬ-ਸਟੇਸ਼ਨ ਦੋਬੁਰਜੀ, ਜ਼ਿਲ੍ਹਾ ਲੁਧਿਆਣਾ ਵਿਖੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਸਥਾਪਿਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

ਪਾਇਲ ਵਿਖੇ ਸਬ ਜੱਜ ਦੀ ਨਿਯੁਕਤੀ

***194. (ਸੀ.ਯੂ.) ਸਰਦਾਰ ਹਰਪ੍ਰੀਤ ਸਿੰਘ** : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਪਾਇਲ ਵਿਖੇ ਸਬ ਜੱਜ ਦੀ ਆਸਾਮੀ ਉਤੇ ਪਿਛਲੇ ਕਿੰਨੇ ਸਮੇਂ ਤੋਂ ਜੱਜ ਦੀ ਨਿਯੁਕਤੀ ਨਹੀਂ ਹੋ ਸਕੀ ਅਤੇ ਇਸ ਦੇ ਕੀ ਕਾਰਨ ਹਨ ਅਤੇ ਇਹ ਆਸਾਮੀ ਕਦੋਂ ਤੱਕ ਪੁਰ ਕਰ ਲਈ ਜਾਵੇਗੀ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਸ਼੍ਰੀਮਾਨ ਜੀ, ਸਬ-ਡਵੀਜ਼ਨ ਪਾਇਲ ਵਿਖੇ ਸਬ-ਜੱਜ ਦੀ ਅਦਾਲਤ ਹੋਂਦ ਵਿੱਚ ਨਹੀਂ ਹੈ ਅਤੇ ਇਸ ਨੂੰ ਸਥਾਪਤ ਕਰਨ ਦਾ ਮਾਮਲਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ। ਇਸ ਲਈ ਹਾਲ ਦੀ ਘੜੀ ਕੋਈ ਸਬ ਜੱਜ ਨਿਯੁਕਤ ਨਹੀਂ ਕੀਤਾ ਜਾ ਸਕਦਾ।

ਇੰਦਰਾ ਆਵਾਸ ਯੋਜਨਾ ਅਧੀਨ ਪ੍ਰਾਪਤ ਫੰਡ

***196. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ-

(ੳ) ਪਿਛਲੇ ਪੰਜ ਵਿੱਤੀ ਸਾਲਾਂ ਦੇ ਸਮੇਂ ਦੌਰਾਨ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਇੰਦਰਾ ਆਵਾਸ ਯੋਜਨਾ ਅਧੀਨ ਵਿੱਤੀ ਸਾਲ-ਵਾਰ ਕੁੱਲ ਕਿੰਨੇ ਫੰਡ ਪ੍ਰਾਪਤ ਹੋਏ;

(ਅ) ਉਪਰੋਕਤ ਵਰਣਿਤ ਪੰਜ ਸਾਲਾਂ ਦੇ ਸਮੇਂ ਦੌਰਾਨ ਰਾਜ ਵਿਚ ਇੰਦਰਾ ਆਵਾਸ ਯੋਜਨਾ ਫੰਡਾਂ ਦੀ ਕੀਤੀ ਗਈ ਵਰਤੋਂ ਦੇ ਵਿੱਤੀ ਸਾਲ-ਵਾਰ ਵੇਰਵੇ ਕੀ ਹਨ ਅਤੇ ਇਸ ਵਿਚ ਰਾਜ ਸਰਕਾਰ ਦਾ ਸ਼ਾਮਿਲ ਹਿੱਸਾ ਕਿੰਨਾ ਹੈ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, (ੳ) ਪਿਛਲੇ ਪੰਜ ਵਿੱਤੀ ਸਾਲਾਂ ਦੇ ਸਮੇਂ ਦੌਰਾਨ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਇੰਦਰਾ ਆਵਾਸ ਯੋਜਨਾ ਅਧੀਨ ਵਿੱਤੀ ਸਾਲ 2007-08 ਦੌਰਾਨ 3203.51 ਲੱਖ ਰੁਪਏ, ਸਾਲ 2008-09 ਦੌਰਾਨ 5412.24 ਲੱਖ ਰੁਪਏ, ਸਾਲ 2009-10 ਦੌਰਾਨ 4949.51 ਲੱਖ ਰੁਪਏ, ਸਾਲ 2010-11 ਦੌਰਾਨ 7769.28 ਲੱਖ ਰੁਪਏ ਅਤੇ ਸਾਲ 2011-12 ਦੌਰਾਨ 3147.91 ਲੱਖ ਰੁਪਏ, ਕੁੱਲ 24482.45 ਲੱਖ ਰੁਪਏ ਦੇ ਫੰਡ ਪ੍ਰਾਪਤ ਹੋਏ।

(ਅ) ਉਪਰੋਕਤ ਵਰਣਿਤ ਪੰਜ ਸਾਲਾਂ ਦੇ ਸਮੇਂ ਦੌਰਾਨ ਰਾਜ ਵਿਚ ਇੰਦਰਾ ਆਵਾਸ ਯੋਜਨਾ ਤਹਿਤ ਸਾਲ 2007-08 ਦੌਰਾਨ 3981.17 ਲੱਖ ਰੁਪਏ ਦੇ ਕੁੱਲ ਖਰਚੇ ਵਿਚੋਂ ਰਾਜ ਦਾ ਹਿੱਸਾ 995.29 ਲੱਖ ਰੁਪਏ, ਸਾਲ 2008-09 ਦੌਰਾਨ 4498.19 ਲੱਖ ਰੁਪਏ ਦੇ ਕੁੱਲ ਖਰਚੇ ਵਿਚੋਂ ਰਾਜ ਦਾ ਹਿੱਸਾ 1001.41 ਲੱਖ ਰੁਪਏ, ਸਾਲ 2009-10 ਦੌਰਾਨ 7643.07 ਲੱਖ ਰੁਪਏ ਦੇ ਕੁੱਲ ਖਰਚੇ ਵਿਚੋਂ ਰਾਜ ਦਾ ਹਿੱਸਾ 1910.77 ਲੱਖ

ਰੁਪਏ, ਸਾਲ 2010-11 ਦੌਰਾਨ 7779.07 ਲੱਖ ਰੁਪਏ ਦੇ ਕੁੱਲ-ਖਰਚੇ ਵਿਚੋਂ ਰਾਜ ਦਾ ਹਿੱਸਾ 1944.77 ਲੱਖ ਰੁਪਏ ਅਤੇ 2011-12 ਦੌਰਾਨ 6270.92 ਲੱਖ ਰੁਪਏ ਦੇ ਕੁੱਲ ਖਰਚੇ ਵਿਚੋਂ 1166.50 ਲੱਖ ਰੁਪਏ ਰਾਜ ਦਾ ਹਿੱਸਾ ਸੀ।

ਲਿੰਗ ਅਨੁਪਾਤ ਦਾ ਅੰਤਰ ਘੱਟ ਕਰਨਾ

***197. (ਸੀ.ਯੂ.) ਸ਼੍ਰੀ ਬ੍ਰਹਮ ਮਹਿੰਦਰਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ-

(ੳ) ਸਾਲ 2011-12 ਦੇ ਸਮੇਂ ਦੌਰਾਨ ਰਾਜ ਵਿੱਚ ਲਿੰਗ ਅਨੁਪਾਤ ਦੇ ਵੱਧਦੇ ਹੋਏ ਅੰਤਰ ਨੂੰ ਰੋਕਣ ਲਈ ਕੁੱਲ ਕਿੰਨੇ ਫੰਡ ਐਲੋਕੇਟ ਕੀਤੇ ਗਏ;

(ਅ) ਕੀ ਉਪਰੋਕਤ ਵਰਣਿਤ ਰਾਸ਼ੀ ਉਕਤ ਵਿੱਤੀ-ਸਾਲ ਦੌਰਾਨ ਸਾਰੀ ਖਰਚ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਨਤੀਜੇ ਪ੍ਰਾਪਤ ਹੋਏ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, (ੳ) ਪੰਜਾਬ ਵਿੱਚ ਪਿਛਲੇ 10 ਸਾਲਾਂ ਵਿੱਚ ਬਾਲ ਲਿੰਗ ਅਨੁਪਾਤ ਵਿੱਚ 48 ਪੁਆਇੰਟਾਂ ਦਾ ਵਾਧਾ ਹੋਇਆ ਹੈ। ਸਾਲ 2001 ਵਿੱਚ ਬਾਲ ਲਿੰਗ ਅਨੁਪਾਤ (0-6 ਸਾਲ) 798 ਸੀ ਅਤੇ ਸਾਲ 2011 ਵਿੱਚ ਵੱਧ ਕੇ 846 ਹੋ ਗਿਆ ਹੈ। ਇਸ ਮੰਤਵ ਨੂੰ ਹੋਰ ਅੱਗੇ ਲੈ ਜਾਣ ਲਈ 2.95 ਕਰੋੜ ਦੀ ਰਾਸ਼ੀ ਐਲੋਕੇਟ ਕੀਤੀ ਗਈ ਸੀ।

(ਅ) ਨਹੀਂ ਜੀ।

ਬਠਿੰਡਾ ਡਿਵੈਲਪਮੈਂਟ ਅਥਾਰਿਟੀ ਦੁਆਰਾ ਬੁਢਲਾਡਾ ਵਿਚ ਜਲ ਸਪਲਾਈ ਅਤੇ ਸੀਵਰੇਜ ਪ੍ਰਬੰਧ

***207. (ਸੀ.ਯੂ.) ਸਰਦਾਰ ਚਤਿੰਨ ਸਿੰਘ :** ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬੁਢਲਾਡਾ ਸ਼ਹਿਰ ਵਿੱਚ ਬਠਿੰਡਾ ਡਿਵੈਲਪਮੈਂਟ ਅਥਾਰਿਟੀ ਨੇ ਸਾਲ 2011 ਵਿਚ ਸੀਵਰੇਜ ਦੇ ਅਤੇ ਪਾਣੀ ਸਪਲਾਈ ਦੇ ਕੰਮ ਸ਼ੁਰੂ ਕੀਤੇ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਕੰਮ ਮੁਕੰਮਲ ਹੋ ਗਿਆ ਹੈ;

(ਅ) ਜੇਕਰ ਭਾਗ (ੳ) ਦਾ ਉੱਤਰ ਨਾਂ ਵਿੱਚ ਹੋਵੇ ਤਾਂ ਕਦੋਂ ਇਹ ਕੰਮ ਪੂਰੇ ਕਰਵਾ ਦਿੱਤੇ ਜਾਣਗੇ?

ਸਥਾਨਕ ਸਰਕਾਰ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : (ੳ) ਅਤੇ (ਅ) ਬੁਢਲਾਡਾ ਸ਼ਹਿਰ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮ ਸਾਲ 2009 ਵਿੱਚ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਸ਼ੁਰੂ ਕਰਵਾਏ ਗਏ ਸਨ। ਪਾਣੀ ਅਤੇ ਸੀਵਰੇਜ ਦੀਆਂ ਪਾਈਪਾਂ ਵਿਛਾਉਣ ਦਾ ਕੰਮ, ਸਿਵਾਏ ਬਾਹਰਲੇ ਖੇਤਰ ਜਿਥੇ ਬਿਖਰੀ ਹੋਈ ਅਬਾਦੀ ਹੈ, ਮੁਕੰਮਲ ਹੋ ਚੁੱਕਾ ਹੈ।

ਪਿੰਡ ਬੁਢਲਾਡਾ ਨੂੰ ਮਿਉਂਸਿਪਲ ਕਮੇਟੀ ਵਿੱਚ ਸ਼ਾਮਲ ਕਰਨਾ

***208. (ਸੀ.ਯੂ.) ਸਰਦਾਰ ਚੰਤਿੰਨ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ-

(ੳ) ਕੀ ਇਹ ਠੀਕ ਹੈ ਕਿ ਸ਼ਹਿਰ ਬੁਢਲਾਡਾ ਅਤੇ ਪਿੰਡ ਬੁਢਲਾਡਾ ਬਿਲਕੁਲ ਹੀ ਨਾਲ-ਨਾਲ ਲੱਗਦੇ ਹਨ;

(ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਪਿੰਡ ਬੁਢਲਾਡਾ ਨੂੰ ਸ਼ਹਿਰ ਬੁਢਲਾਡਾ ਦੀ ਮਿਉਂਸਿਪਲ ਕਮੇਟੀ ਦੀ ਹਦੂਦ ਵਿੱਚ ਸ਼ਾਮਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੋਵੇ ਤਾਂ ਕਦੋਂ ਤੱਕ?

ਸ਼੍ਰੀ ਚੂਨੀ ਲਾਲ ਭਗਤ : (ੳ) ਹਾਂ ਜੀ।

(ਅ) ਇਸ ਸਮੇਂ ਪਿੰਡ ਬੁਢਲਾਡਾ ਨੂੰ ਮਿਉਂਸਿਪਲ ਕੌਂਸਲ, ਬੁਢਲਾਡਾ ਵਿੱਚ ਸ਼ਾਮਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਅਧੀਨ ਪ੍ਰਾਪਤ ਫੰਡ

***211. (ਸੀ.ਯੂ.) ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 2011-12 ਦੌਰਾਨ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਤਹਿਤ ਕਿੰਨਾ ਫੰਡ ਐਲੋਕੇਟ ਕੀਤਾ ਸੀ ਅਤੇ ਇਸ ਸਾਲ ਦੌਰਾਨ ਰਾਜ ਸਰਕਾਰ ਨੇ ਕਿਹੜੀ-ਕਿਹੜੀ ਸੜਕ ਤੇ ਕਿੰਨਾ-ਕਿੰਨਾ ਫੰਡ ਖਰਚ ਕੀਤਾ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਸਾਲ 2011-12 ਦੌਰਾਨ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਲਈ ਕੇਂਦਰ ਸਰਕਾਰ ਤੋਂ 164.61 ਕਰੋੜ ਦੇ ਫੰਡਜ਼ ਪ੍ਰਾਪਤ ਹੋਏ ਸਨ।

ਸਾਲ 2011-12 ਦੌਰਾਨ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਅਧੀਨ

ਵੱਖ-ਵੱਖ ਸੜਕਾਂ ਤੇ ਕੀਤੇ ਖਰਚੇ ਦਾ ਵੇਰਵਾ ਅਨੈਕਸਚਰ 'A' ਤੇ ਹੈ।

ਅਨੈਕਸਚਰ 'A'

Roads wise expenditure on PMGSY roads during the Year 2011-12

Sr. No.	District	Name of Road	Expenditure (Rs. Lacs)
1.	Amritsar	Manwala to Toot	20.97
2		G.T. Road Beas to Dera Jaimal Singh to Sathiala Butala Kartarpur	124.40
3		Amritsar Ajnala road to Chetanpura	164.99
4		Burj to Lahori Mal Bhakna Road	29.28
5		Amritsar Ajnala road to APK road	115.14
6		G.T. NH-1 (Khilchian) to Amritsar Mehta Road	60.71
7	Tarn Taran	Jandiala Verowal to Bath	21.77
8	Bathinda	Phul-Mehraj-Romana Ajit Singh upto NH-15 (Section Neor to Romana Ajit Singh)	54.95
9		Phul-Mehraj-Romana Ajit Singh upto NH-15 (Section Phul to Mehraj)	35.79
10	Faridkot	Jaitu to Mallan	2.39
11	Fatehgarh Sahib	Bassi to Raipur Gujjran	0.37
12		LDH-CHD road to Morinda Bela Road	70.25
13	Ferozepur	Jallalabad to Lekhewali	42.01
14		Muktsar Guruharshai (26.10)-Mukt. Jalalabad road (12) via Sohangarh	78.15
15		Muktsar Jallalabad Road to Ratta Khera	8.14
16	Ferozepur	Jallalabad to Puran Patti	0.98

[ਲੋਕ ਨਿਰਮਾਣ (ਭ ਤੇ ਮ) ਮੰਤਰੀ]

17		Ferozepur Fazilka road to Midda	2.66
18		Guru har Sahai to Gudder Dhandi	2.22
19		Mallanwala to Fatehgarh Sabhraon	143.69
20		Ferozepur to Maboke	97.30
21		Mamdot to Maboke	103.07
22		Chak Moban Hardo Dhandi to Tahliwala	132.75
23		Guruharsahai to MKT-Jallalabad road via Boor Wala Kuti road	125.99
24		NH-15 (Km 168.50) to Mallanwala (Section NH-15 Km 168.50 to Fatehagarh Sabraon via Nizimuding, Wattu Bhatti Gatta Badshah)	98.99
25		NH-10 (Km 393.00) to MRD 40 (Km 34.00) via Kathera, Kamal Walal, Islamwala	74.81
26		NH-15 (Km 170.60) to T-08 Zira-Mallanwala Road via Sadar wala, Ghuddu wala, Behak Fattu, Islambad Lohke Kalan, Thatha Kishan Singh	117.66
27		Mamdot to SH-20 Ferozepur Fazilka road	88.48
28		Ferozepur City to Pharymal Bhalla to ODR-20 Ferozepur Mallanwala road	237.39
29	Gurdaspur	FGC-DBN to Dehar Shikar Machian	55.02
30		Dhobra Taragarh to Kathlour Kohlian Fatehpur Kharkhra Road (Section Kohlian Fatehpur Kharkhra Road) Km 17.77 to 37.18	87.34
31		Dhianpur to APK road	60.09
32		Badani-Madhopur to Mamoon Madhopur NH-1	47.96
33	Hoshiarpur	Garhshankar to Mehtiana Part-II	76.68
34		Garhdiwala on Hoshiarpur-Dasuya road	188.56

		Km. 30 go Koi Baruhi Dholbaha (Sec. Gardiwala to Koi Baruhi)	
35		Raghwal on Dholbaha Haryana road to Tanda road	17.59
36		Dasuya Hajipur road to NHIA	123.36
37		Uchhi Bassi to NH-1A	208.22
38	Jalandhar	Jalandhar Hoshiarpur Dharamshala (JHD) to Nauli	28.16
39		Bhogpur to Jande Sarai	103.55
40	Jalandhar	Jalandhar Nakodar road to Partappura to Nijjran to Adhi Khuhi Khera Majha to Kartarpur Kapurthala road	22.66
41		Partappura to Hardaspur Km 9.290-22.550	93.47
42	Kapurthala	Ucha to Dhilwan	3.22
43		Sultanpur to Takia road	155.10
44		Sultanpur Fattu Dhinga (MDR-49) to Jhanduwal via Mulla Kal Surdular	86.15
45		Sultanpur to Ahli Kalan	47.50
46	Ludhiana	Chhappar to Bhaini Barringa	36.55
47		Mansooran to Pakhowal	12.25
48		Chakkar to Manuke	44.39
49		Babbarpur to Timberwal via Chomo, Maloud, Sohian upto Block Boundary	12.39
50		Chawa to Rara Sahib (ODR-26) via Payal, Ghudani Kalan upto Block Boundary,	5.38
51	Mansa	Barnala to Ratia road via Mal Singh wala	2.00
52		H.S. Road to Mansa Khurd, Kot Lallu,	31.67

[ਲੋਕ ਨਿਰਮਾਣ (ਭ ਤੇ ਮ) ਮੰਤਰੀ]

		Bappiana, Phaphre Bhai ki, Gurne Kalan upto Budhlada Bhikhi road	
53		Jhunir-Makhewal-Chotian-Adamke-Hingana-Ahlupur upto Sirsa Ratia Road	284.10
54		Main Crossing-Jherianwali-Bajewala-Udat Bhagat Ram-Kot Dharmu	225.22
55	Moga	Chottian Khurd to Dagru	54.67
56		Droli Bhai to Jhandiana	110.37
57	Mukatsar	Lambi to Kuttianwali	1.57
58		Alamwala to Dabra (RD 6.00 km to 20.00 km)	6.45
59		Lal Bai to Abul Khurana	11.25
60		Bhittiwal (ODR-25) to Tappa Khera km 0,00-5.74, 6.60-19.60	93.25
61		Kandukhera (ODR-24) Malout Dabwali Road (NH-10) Km 0.00-8.95, 9.62-19.46	298.22
62		Doda to Mallan (upto Block Boundary) Km 0.00-11.70	115.95
63		Danewala to Tharajwala Km 0.00-7.10	64.00
64		Dhaula Kingra to Lambi Gidderbaha	90.60
65		Kotbhai to Doda	38.42
66	Patiala	Samana to Gulha (Ram Nagar)	9.54
67		Nabha Bursat upto Patiala Sangrur Road	137.63
68		Patiala Sirhind to Patiala Bhadson road	25.21
69		Bhunerheri to Paparola Gharam	234.26
70		Samana Bhawanigarth road to Balamgarh	73.03
71		Rohrar Jagir to Nandgarh upto Haryana Border	104.51
72	Ropar	Nangran to Surewal	139.10
73		Ropar to Bela Road	33.30

74		21-Km 42 to Purkhali via Majri Jattan	30.48
75	Mohali	MDR-31 Km 9.20 to Khizrabad Bindrakh	101.27
76	Sangrur	Dirba to Kaurian	5.65
77		SH-11Km. 63.50 to Ranike	37.13
78		Km. 25 MDR Lehra to Fatehgarh up to Block Boundary	8.84
79		Malerkotla to Kanganwal	24.55
80		Gagga to Daska	22.70
81		Bhawanigarh to Bassiarkh	12.01
82		Dirba to Dialgarh Jejjian	14.01
83		Sangrur to Sajuma	9.93
84		Sangala to Bamal	7.74
85		Dirba to Baghroul	29.03
86		Katron to Pharwahi	100.45
87		Ghanouri Kalan to Nangal	59.39

ਅਪਾਹਜ ਬੱਚਿਆਂ ਦੀ ਪੜ੍ਹਾਈ ਲਈ ਕੇਂਦਰੀ ਗ੍ਰਾਂਟ

***213. (ਸੀ.ਪ੍ਰ.) ਸਰਦਾਰ ਅਜਾਇਬ ਸਿੰਘ ਭੱਟੀ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੇਂਦਰ ਸਰਕਾਰ ਨੇ ਸਾਲ 2010-11 ਦੌਰਾਨ ਰਾਜ ਦੇ ਅਪਾਹਿਜ ਬੱਚਿਆਂ ਲਈ ਕਿੰਨਾ ਫੰਡ ਜਾਰੀ ਕੀਤਾ;

(ਅ) ਕੇਂਦਰ ਸਰਕਾਰ ਵੱਲੋਂ ਜਾਰੀ ਫੰਡ ਰਾਜ ਸਰਕਾਰ ਵੱਲੋਂ ਲਾਭਪਾਤਰੀ ਬੱਚਿਆਂ ਨੂੰ ਕਿਸ ਮਿਤੀ ਨੂੰ ਅਤੇ ਕਿੰਨਾ ਜਾਰੀ ਕੀਤਾ ਗਿਆ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਕੇਂਦਰ ਸਰਕਾਰ ਨੇ ਸਾਲ 2010-11 ਦੌਰਾਨ 1399.78 ਲੱਖ ਰੁਪਏ ਜਾਰੀ ਕੀਤੇ।

(ਅ) ਰਾਜ ਸਰਕਾਰ ਵੱਲੋਂ ਲਾਭਪਾਤਰੀ ਬੱਚਿਆਂ ਨੂੰ ਕੋਈ ਫੰਡ ਜਾਰੀ ਨਹੀਂ ਕੀਤੇ ਗਏ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: * 214 (C.U)

ਪੀ.ਆਰ.ਟੀ.ਸੀ ਦੇ ਬੰਦ ਰੂਟ ਚਾਲੂ ਕਰਨਾ

***215. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪਿੰਡ ਮਾਣਕਪੁਰ, ਗੱਜੂ ਖੇੜਾ ਅਤੇ ਨਾਲ ਲਗਦੇ ਪਿੰਡਾਂ ਤੋਂ ਪੀ.ਆਰ.ਟੀ.ਸੀ ਦੇ ਰਾਜਪੁਰਾ ਜਾਣ ਵਾਲੇ ਕਿੰਨੇ ਰੂਟ ਬੰਦ ਕੀਤੇ ਗਏ ਹਨ ਅਤੇ ਇਨ੍ਹਾਂ ਬੰਦ ਕੀਤੇ ਰੂਟਾਂ ਨੂੰ ਦੁਬਾਰਾ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

ਸਰਦਾਰ ਅਜੀਤ ਸਿੰਘ ਕੋਹਾੜ : ਪੀ.ਆਰ.ਟੀ.ਸੀ. ਵੱਲੋਂ ਰਾਜਪੁਰਾ-ਮਾਣਕਪੁਰ, ਗੱਜੂ ਖੇੜਾ ਦੇ ਅੱਠ (੮) ਮਨਜ਼ੂਰ-ਸ਼ੁਦਾ ਵਾਪਸੀ ਫੇਰੇ ਚਲਾਏ ਜਾ ਰਹੇ ਹਨ ਅਤੇ ਕੋਈ ਵੀ ਰੂਟ ਬੰਦ ਨਹੀਂ ਹੈ।

ਘੱਗਰ ਦਰਿਆ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ

***218. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਘੱਗਰ ਦਰਿਆ ਵਿੱਚ ਕਿਹੜੀਆਂ-ਕਿਹੜੀਆਂ ਫੈਕਟਰੀਆਂ ਵੱਲੋਂ ਪ੍ਰਦੂਸ਼ਿਤ ਪਾਣੀ ਸੁੱਟਿਆ ਜਾ ਰਿਹਾ ਹੈ ਅਤੇ ਸਰਕਾਰ ਵੱਲੋਂ ਕਿਹੜੀਆਂ-ਕਿਹੜੀਆਂ ਫੈਕਟਰੀਆਂ ਦੇ ਖ਼ਿਲਾਫ਼ ਕੀ ਕੀ ਕਾਰਵਾਈ ਕੀਤੀ ਗਈ ਹੈ;

(ਅ) ਇਸ ਪ੍ਰਦੂਸ਼ਿਤ ਪਾਣੀ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ : ਸ਼੍ਰੀਮਾਨ ਜੀ, (ੳ) ਕਿਸੇ ਵੀ ਸਨਅਤ ਨੂੰ ਘੱਗਰ ਦਰਿਆ ਵਿੱਚ ਜਾਂ ਕਿਸੇ ਹੋਰ ਡਰੇਨ/ਚੋਅ ਵਿੱਚ ਗੰਦਾ ਪਾਣੀ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਇਸ ਦੀ ਉਲੰਘਣਾ ਕਰਨ ਤੇ ਸਬੰਧਿਤ ਸੰਸਥਾ ਵਿਰੁੱਧ ਲੋੜੀਂਦੀ ਕਾਰਵਾਈ ਕੀਤੀ ਜਾਂਦੀ ਹੈ। ਘੱਗਰ ਦਰਿਆ ਵਿੱਚ ਗੰਦਾ ਪਾਣੀ ਛੱਡਣ ਵਾਲੀਆਂ ਸੰਸਥਾਵਾਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ **ਅਨੁਲੱਗ 'ੳ'** ਅਨੁਸਾਰ ਹਨ।

(ਅ) ਜਿਨ੍ਹਾਂ ਸਨਅਤਾਂ ਦੀ ਘੱਗਰ ਦਰਿਆ ਵਿੱਚ ਗੰਦਾ ਪਾਣੀ ਸੁੱਟਣ ਦੀ ਸੰਭਾਵਨਾ ਲੱਗਦੀ ਹੈ, ਉਨ੍ਹਾਂ ਉੱਪਰ ਸਖਤ ਨਜ਼ਰ ਰੱਖੀ ਜਾ ਰਹੀ ਹੈ। ਇਸ ਸਬੰਧ ਵਿੱਚ ਡੇਰਾਬੱਸੀ ਦੇ ਇਲਾਕੇ ਵਿਚ ਰਾਤ ਦੇ ਸਮੇਂ ਦੌਰਾਨ ਚੈਕਿੰਗ ਲਈ ਇੱਕ ਗਸ਼ਤਵੈਨ ਵੀ ਚਲਾਈ ਗਈ ਹੈ। ਜਿਹੜੀ ਵੀ ਸਨਅਤ ਸਿੱਧੇ ਜਾਂ ਅਸਿੱਧੇ ਤੌਰ ਤੇ ਘੱਗਰ ਦਰਿਆ ਵਿੱਚ ਆਪਣਾ ਗੰਦਾ ਪਾਣੀ ਸੁੱਟਦੀ ਪਾਈ ਜਾਂਦੀ ਹੈ, ਉਸ ਦੇ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।

**Reply to this Starred Question No. *214 (C.U) has not been received till 2.12.2014 i.e.the date this Annexure was sent to the press for final printing.

ਅਨੁਲੱਗ 'ੳ'

(ੳ) ਮੈਸ. ਨੈਕਟਰ ਲਾਈਫਸਾਇੰਸਿਜ਼ ਲਿਮ. (ਯੂਨਿਟ-2), ਪਿੰਡ ਸੈਦਪੁਰਾ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਅਜੀਤਗੜ੍ਹ (ਐਸ.ਏ.ਐਸ.ਨਗਰ)

ਸਨਅਤ ਦਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਮਿਤੀ 12.8.2011 ਨੂੰ ਦੌਰਾ ਕੀਤਾ ਗਿਆ ਅਤੇ ਪਾਇਆ ਗਿਆ ਕਿ ਸਨਅਤ ਦਾ ਗੰਦਾ ਪਾਣੀ ਨੇੜੇ ਦੀ ਡਰੇਨ ਵਿੱਚ ਜਾ ਰਿਹਾ ਸੀ। ਬੋਰਡ ਨੇ ਵਾਟਰ ਐਕਟ, 1974 ਦੀ ਧਾਰਾ 33-ਏ ਅਧੀਨ ਸਨਅਤ ਨੂੰ ਬੰਦ ਕਰਨ ਅਤੇ ਉਸਦਾ ਬਿਜਲੀ ਦਾ ਕੁਨੈਕਸ਼ਨ ਕੱਟਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ। ਸਨਅਤ ਨੂੰ ਚਲਾਉਣ ਦੀ ਇਜਾਜ਼ਤ ਤਾਂ ਹੀ ਦਿੱਤੀ ਗਈ ਜਦੋਂ ਉਸ ਨੇ 15.00 ਲੱਖ ਰੁਪਏ ਦੀ ਬੈਂਕ ਗਰੰਟੀ ਦੇ ਕੇ ਇਹ ਭਰੋਸਾ ਦਿਵਾਇਆ ਕਿ ਉਹ ਡਰੇਨ ਵਿੱਚ ਗੰਦਾ ਪਾਣੀ ਨਹੀਂ ਸੁੱਟੇਗੀ। ਇਸ ਭਰੋਸੇ ਉਪਰੰਤ ਬਿਜਲੀ ਕੁਨੈਕਸ਼ਨ ਮਿਤੀ 26.8.2011 ਨੂੰ ਅਸਥਾਈ ਤੌਰ ਤੇ ਬਹਾਲ ਕਰ ਦਿੱਤਾ ਗਿਆ ਸੀ। ਇਸ ਉਪਰੰਤ ਸਮੇਂ ਸਮੇਂ ਤੇ ਕੀਤੀ ਗਈ ਚੈਕਿੰਗ ਉਪਰੰਤ ਮਿਤੀ 1.6.2012 ਤੋਂ ਪੱਕੇ ਤੌਰ ਤੇ ਬਹਾਲ ਕਰ ਦਿੱਤਾ ਗਿਆ। ਉਸ ਤੋਂ ਬਾਅਦ ਸਨਅਤ ਡਰੇਨ ਵਿੱਚ ਪਾਣੀ ਸੁੱਟਦੀ ਨਹੀਂ ਪਾਈ ਗਈ।

(ਅ) ਮੈਸ. ਰਾਮਾ ਇੰਡਸਟਰੀਜ਼ ਲਿਮ., ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਅਜੀਤਗੜ੍ਹ (ਐਸ.ਏ.ਐਸ.ਨਗਰ)

ਸਨਅਤ ਦਾ ਬੋਰਡ ਦੇ ਅਧਿਕਾਰੀਆਂ ਵੱਲੋਂ ਮਿਤੀ 28.10.2011 ਨੂੰ ਦੌਰਾ ਕੀਤਾ ਗਿਆ ਅਤੇ ਪਾਇਆ ਗਿਆ ਕਿ ਸਨਅਤ ਗੰਦਾ ਪਾਣੀ ਝਰਮਲ ਡਰੇਨ ਵਿੱਚ ਪਾ ਰਹੀ ਸੀ। ਬੋਰਡ ਨੇ ਸਨਅਤ ਨੂੰ ਵਾਟਰ ਐਕਟ, 1974 ਦੀ ਧਾਰਾ 33-ਏ ਦੇ ਅਧੀਨ ਨੋਟਿਸ ਜਾਰੀ ਕਰਦੇ ਹੋਏ ਮਿਤੀ 18.11.2011 ਨੂੰ ਨਿੱਜੀ ਸੁਣਵਾਈ ਦਿੱਤੀ ਗਈ ਸੀ। ਨਿੱਜੀ ਸੁਣਵਾਈ ਦੌਰਾਨ ਬੋਰਡ ਦੇ ਚੇਅਰਮੈਨ ਨੇ ਸਨਅਤ ਨੂੰ ਹਦਾਇਤ ਕੀਤੀ ਕਿ ਸਨਅਤ ਆਪਣਾ ਸੋਧਿਆ ਜਾਂ ਅਣਸੋਧਿਆ ਗੰਦਾ ਪਾਣੀ ਝਰਮਲ ਚੋਅ ਜਾਂ ਕਿਸੇ ਹੋਰ ਡਰੇਨ ਵਿੱਚ ਨਹੀਂ ਸੁੱਟੇਗੀ ਅਤੇ ਆਪਣੇ ਜਲ-ਸੋਧਕ ਯੰਤਰ ਨੂੰ ਲਗਾਤਾਰ ਅਤੇ ਯੋਗ ਢੰਗ ਨਾਲ ਚਲਾਏਗੀ ਅਤੇ ਵਾਤਾਵਰਣ ਕਾਨੂੰਨਾਂ ਦੀ ਅਤੇ ਬੋਰਡ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰੇਗੀ। ਸਨਅਤ ਵੱਲੋਂ 5.00 ਲੱਖ ਰੁਪਏ ਦੀ ਬੈਂਕ ਗਰੰਟੀ ਦੇ ਕੇ ਭਰੋਸਾ ਦਿਵਾਇਆ ਗਿਆ ਹੈ ਕਿ ਉਹ ਬੋਰਡ ਦੀਆਂ ਹਦਾਇਤਾਂ ਦੀ ਪਾਲਣਾ ਕਰੇਗੀ। ਸਨਅਤ ਵੱਲੋਂ ਹੁਣ ਗੰਦਾ ਪਾਣੀ ਨਹੀਂ ਪਾਇਆ ਜਾ ਰਿਹਾ।

(ੲ) ਮੈਸ. ਵਿਸ਼ਾਲ ਪੇਪਰ ਟੈਕ (ਇੰਡੀਆ) ਲਿਮ., ਪਿੰਡ ਮੁਬਾਰਕਪੁਰ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਅਜੀਤਗੜ੍ਹ (ਐਸ.ਏ.ਐਸ.ਨਗਰ)

ਮਿਤੀ 11.11.2011 ਨੂੰ ਤਕਰੀਬਨ ਰਾਤ 2.00 ਵਜੇ ਡੇਰਾਬੱਸੀ ਏਰੀਏ ਦੀ ਚੌਕਸੀ ਦੌਰਾਨ ਪਾਇਆ ਕਿ ਸਨਅਤ ਆਪਣਾ ਗੰਦਾ ਪਾਣੀ ਘੱਗਰ ਦਰਿਆ ਵਿੱਚ ਪਾ ਰਹੀ ਸੀ।ਬੋਰਡ ਨੇ ਸਨਅਤ ਨੂੰ ਵਾਟਰ ਐਕਟ, 1974 ਦੀ ਧਾਰਾ 33-ਏ ਦੇ ਅਧੀਨ

[ਮੁੱਖ ਮੰਤਰੀ]

ਨੋਟਿਸ ਜਾਰੀ ਕਰਦੇ ਹੋਏ ਮਿਤੀ 16.11.2011 ਨੂੰ ਚੇਅਰਮੈਨ ਵੱਲੋਂ ਨਿੱਜੀ ਸੁਣਵਾਈ ਦਿੱਤੀ ਗਈ। ਨਿੱਜੀ ਸੁਣਵਾਈ ਦੌਰਾਨ ਬਾਅਦ ਬੋਰਡ ਦੇ ਚੇਅਰਮੈਨ ਨੇ ਸਨਅਤ ਨੂੰ ਹਦਾਇਤ ਕੀਤੀ ਕਿ ਸਨਅਤ ਆਪਣਾ ਕੋਈ ਵੀ ਸੋਧਿਆ ਜਾਂ ਅਣਸੋਧਿਆ ਪਾਣੀ ਝਰਮਲ ਚੋਅ ਜਾਂ ਕਿਸੇ ਹੋਰ ਡਰੇਨ ਵਿੱਚ ਕਿਸੇ ਵੀ ਸਮੇਂ ਨਹੀਂ ਸੁੱਟੇਗੀ ਬਲਕਿ ਸੋਧੇ ਹੋਏ ਗੰਦੇ ਪਾਣੀ ਨੂੰ ਸਿੰਚਾਈ ਲਈ ਵਰਤਣ ਵਾਸਤੇ ਯੋਗ ਪ੍ਰਬੰਧ ਕਰੇਗੀ। ਸਨਅਤ ਨੇ 5.00 ਲੱਖ ਰੁਪਏ ਦੀ ਬੈਂਕ ਗਰੰਟੀ ਦੇ ਕੇ ਇਹ ਭਰੋਸਾ ਦਿਵਾਇਆ ਹੈ ਕਿ ਉਹ ਬੋਰਡ ਦੀਆਂ ਹਦਾਇਤਾਂ ਦੀ ਪਾਲਣਾ ਕਰੇਗੀ। ਸਨਅਤ ਵੱਲੋਂ ਹੁਣ ਗੰਦਾ ਪਾਣੀ ਨਹੀਂ ਪਾਇਆ ਜਾ ਰਿਹਾ।

(ਸ) ਮੈਸ. ਟੀ.ਸੀ. ਟੈਰੀਟੈਕਸ ਲਿਮ., ਪਿੰਡ ਸਰਸਿਨੀ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਅਜੀਤਗੜ੍ਹ (ਐਸ.ਏ.ਐਸ.ਨਗਰ)

ਬੋਰਡ ਦੇ ਅਧਿਕਾਰੀ ਵੱਲੋਂ ਮਿਤੀ 7.5.2012 ਨੂੰ ਰਾਤ ਦੀ ਚੌਕਸੀ ਦੌਰਾਨ ਪਾਇਆ ਗਿਆ ਕਿ ਸਨਅਤ ਆਪਣਾ ਗੰਦਾ ਪਾਣੀ ਬਾਰਿਸ਼ ਦੇ ਪਾਣੀ ਦੀ ਡਰੇਨ ਰਾਹੀਂ ਘੱਗਰ ਦਰਿਆ ਵਿੱਚ ਪਾ ਰਹੀ ਸੀ। ਬੋਰਡ ਨੇ ਸਨਅਤ ਨੂੰ ਵਾਟਰ ਐਕਟ, 1974 ਦੀ ਧਾਰਾ 33-ਏ ਦੇ ਅਧੀਨ ਨੋਟਿਸ ਜਾਰੀ ਕਰਦੇ ਹੋਏ ਮਿਤੀ 15.6.2012 ਨੂੰ ਬੋਰਡ ਦੇ ਚੇਅਰਮੈਨ ਅੱਗੇ ਨਿੱਜੀ ਸੁਣਵਾਈ ਦਿੱਤੀ ਗਈ। ਸੁਣਵਾਈ ਦੌਰਾਨ ਸਨਅਤ ਦੇ ਨੁਮਾਇੰਦੇ ਨੇ ਦੱਸਿਆ ਕਿ ਮਿਤੀ 7.5.2012 ਨੂੰ ਵਰਕਰ ਦੀ ਅਣਗਹਿਲੀ ਕਾਰਣ ਗੰਦਾ ਪਾਣੀ ਬਾਰਿਸ਼ ਵਾਲੀ ਡਰੇਨ ਵਿੱਚ ਚਲਾ ਗਿਆ ਸੀ। ਉਸ ਨੇ ਯਕੀਨ ਦਿਵਾਇਆ ਕਿ ਅੱਗੇ ਤੋਂ ਸਨਅਤ ਦਾ ਕੋਈ ਵੀ ਗੰਦਾ ਪਾਣੀ ਘੱਗਰ ਦਰਿਆ ਵਿੱਚ ਨਹੀਂ ਸੁਟਿਆ ਜਾਵੇਗਾ। ਸਨਅਤ ਦੇ ਨੁਮਾਇੰਦੇ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਲੋੜੀਂਦਾ ਜਲ ਸੋਧਕ ਯੰਤਰ ਲਗਾਇਆ ਹੋਇਆ ਹੈ ਅਤੇ ਉਹ ਇਸ ਨੂੰ ਲਗਾਤਾਰ ਚਲਾ ਰਹੇ ਹਨ। ਸੁਣਵਾਈ ਤੋਂ ਬਾਅਦ ਬੋਰਡ ਦੇ ਚੇਅਰਮੈਨ ਨੇ ਇਹ ਫੈਸਲਾ ਲਿਆ ਕਿ ਸਨਅਤ ਦੀ ਅਚਾਨਕ ਛਾਪੇਮਾਰੀ ਕਰਕੇ ਸਨਅਤ ਦੇ ਨੁਮਾਇੰਦੇ ਵੱਲੋਂ ਦਿੱਤੇ ਗਏ ਬਿਆਨ ਦੀ ਪੜਤਾਲ ਕੀਤੀ ਜਾਵੇ। ਜੇਕਰ ਛਾਪੇਮਾਰੀ ਦੌਰਾਨ ਕੋਈ ਊਣਤਾਈ ਪਾਈ ਗਈ ਤਾਂ ਸਨਅਤ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

(ਹ) ਮੈਸ. ਡੀ.ਐਸ.ਜੀ. ਪੇਪਰ ਪ੍ਰਾ: ਲਿਮ., ਪਿੰਡ ਭਾਨਰੀ, ਡਾਕ: ਵਜੀਦਪੁਰ ਮੈਣ ਰੋਡ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ।

ਮਿਤੀ 11.5.2012 ਨੂੰ ਅਚਾਨਕ ਛਾਪੇਮਾਰੀ ਦੌਰਾਨ ਇਹ ਪਾਇਆ ਕਿ ਸਨਅਤ ਆਪਣਾ ਗੰਦਾ ਪਾਣੀ ਪਟਿਆਲਾ ਨਦੀ ਰਾਹੀਂ ਘੱਗਰ ਦਰਿਆ ਵਿੱਚ ਪਾ ਰਹੀ ਸੀ। ਇਸ ਕਰਕੇ ਮਿਤੀ 16.5.2012 ਨੂੰ ਵਾਟਰ ਐਕਟ, 1974 ਦੀ ਧਾਰਾ 33-ਏ ਅਧੀਨ ਸਨਅਤ ਨੂੰ ਬੰਦ ਕਰਨ ਅਤੇ ਬਿਜਲੀ ਦਾ ਕੁਨੈਕਸ਼ਨ ਕੱਟਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ, ਜਿਸ ਕਾਰਨ ਸਨਅਤ 24.5.2012 ਤੱਕ ਬੰਦ ਰਹੀ। ਇਸ ਤੋਂ ਬਾਅਦ, ਐਪੀਲੇਟ ਅਥਾਰਟੀ ਦੇ ਹੁਕਮਾਂ ਅਨੁਸਾਰ, ਸਨਅਤ ਨੂੰ ਬੋਰਡ ਵੱਲੋਂ ਸੁਣਿਆ ਗਿਆ ਅਤੇ ਸਨਅਤ ਨੂੰ 3 ਮਹੀਨੇ ਵਾਸਤੇ ਆਰਜ਼ੀ ਤੌਰ ਤੇ ਚੱਲਣ ਦੀ ਇਜਾਜ਼ਤ ਦਿੱਤੀ

ਗਈ। ਇਹ ਇਜਾਜ਼ਤ ਤਾਂ ਹੀ ਦਿੱਤੀ ਗਈ ਜਦੋਂ ਸਨਅਤ ਵਲੋਂ ਉਹ ਪਾਈਪਲਾਈਨ ਜੋ ਕਿ ਉਸ ਨੇ ਗੰਦਾ ਪਾਣੀ ਸੁੱਟਣ ਲਈ ਪਾਈ ਹੋਈ ਸੀ, ਨੂੰ ਪੁੱਟ ਦਿੱਤਾ ਗਿਆ ਤਾਂ ਜੋ ਸਨਅਤ ਵੱਲੋਂ ਭਵਿੱਖ ਵਿੱਚ ਗੰਦਾ ਪਾਣੀ ਦਰਿਆ ਵਿੱਚ ਸੁੱਟਣ ਦੀ ਸੰਭਾਵਨਾ ਨੂੰ ਖਤਮ ਕੀਤਾ ਜਾ ਸਕੇ।

ਚੰਡੀਗੜ੍ਹ ਡਿਸਟਿਲਰੀਜ਼ ਦੇ ਪ੍ਰਦੂਸ਼ਣ ਨੂੰ ਰੋਕਣਾ

***219. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਨੂੜ, ਜ਼ਿਲ੍ਹਾ ਮੋਹਾਲੀ ਵਿਖੇ ਸਥਿਤ ਚੰਡੀਗੜ੍ਹ ਡਿਸਟਿਲਰੀਜ਼ ਐਂਡ ਬਾਟਲਰਜ਼ ਨਾਮਕ ਫੈਕਟਰੀ ਵੱਲੋਂ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਵਾਲੇ ਉਪਕਰਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ; ਜੇਕਰ ਨਹੀਂ ਕੀਤੀ ਜਾ ਰਹੀ ਤਾਂ ਸਰਕਾਰ ਵੱਲੋਂ ਇਲਾਕੇ ਵਿੱਚ ਫੈਲ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਕਦਮ ਚੁੱਕੇ ਗਏ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ : ਹਾਂ, ਸ਼੍ਰੀਮਾਨ ਜੀ। ਮੈਸ: ਚੰਡੀਗੜ੍ਹ ਡਿਸਟਿਲਰੀਜ਼ ਐਂਡ ਬਾਟਲਰਜ਼ ਲਿਮ., ਬਨੂੜ, ਜ਼ਿਲ੍ਹਾ ਐਸ.ਏ.ਐਸ. ਨਗਰ ਵੱਲੋਂ ਪਾਣੀ ਅਤੇ ਹਵਾ ਸੋਧਕ ਯੰਤਰ ਲਗਾਏ ਹੋਏ ਹਨ।

ਬਨੂੜ-ਅਬਰਾਵਾਂ ਸੜਕ ਦੀ ਮੁਰੰਮਤ

***220. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਬਨੂੜ ਤੋਂ ਹੁਲਕਾ, ਅਬਰਾਵਾਂ ਤਸੌਲੀ ਵਾਇਆ ਮਾਣਕਪੁਰ ਸੜਕ ਆਖਰੀ ਵਾਰ ਕਦੋਂ ਬਣੀ ਸੀ ਅਤੇ ਇਸ ਦੀ ਦੁਬਾਰਾ ਬਣਾਉਣ ਦੀ ਕਿਹੜੀ ਤਰੀਕ ਡਿਊ ਸੀ;

(ਅ) ਸਰਕਾਰ ਵੱਲੋਂ ਇਸ ਸੜਕ ਨੂੰ ਕਦੋਂ ਤੱਕ ਬਣਾਏ ਜਾਣ ਦੀ ਤਜਵੀਜ਼ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਉੱਤਰ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ:-

ਅਨੁਲੱਗ 'ੳ'

ਇਸ ਪ੍ਰਸ਼ਨ ਵਿੱਚ ਤਿੰਨ ਸੜਕਾਂ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(ੳ) ਲਿੰਕ ਸੜਕ ਬਨੂੜ ਤੋਂ ਹੁਲਕਾ ਦੀ ਆਖਰੀ ਵਾਰ ਮੁਰੰਮਤ ਜੂਨ, 2009 ਵਿੱਚ ਕੀਤੀ ਗਈ ਸੀ ਅਤੇ ਇਸ ਦੀ ਦੁਬਾਰਾ ਮੁਰੰਮਤ ਅਪ੍ਰੈਲ, 2016 ਵਿੱਚ ਡਿਊ ਹੋਵੇਗੀ।

[ਮੁੱਖ ਮੰਤਰੀ]

ਲਿੰਕ ਸੜਕ ਅਬਰਾਵਾਂ ਤੋਂ ਮਾਣਕਪੁਰ ਦੀ ਆਖਰੀ ਵਾਰ ਮੁਰੰਮਤ ਮਾਰਚ, 2005 ਵਿੱਚ ਕੀਤੀ ਗਈ ਸੀ ਅਤੇ ਇਹ ਸੜਕ ਮੁਰੰਮਤ ਲਈ ਅਪ੍ਰੈਲ, 2011 ਤੋਂ ਡਿਊ ਹੋ ਗਈ ਹੈ। ਇਸ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੀ ਤਜਵੀਜ਼ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਕੀਤੀ ਗਈ ਹੈ। ਕੇਸ ਪ੍ਰਵਾਨਗੀ ਲਈ ਕੇਂਦਰ ਸਰਕਾਰ ਨੂੰ ਭੇਜਿਆ ਜਾ ਰਿਹਾ ਹੈ, ਪ੍ਰਵਾਨਗੀ ਉਪਰੰਤ ਕੰਮ ਕਰਵਾ ਦਿੱਤਾ ਜਾਵੇਗਾ।

ਲਿੰਕ ਸੜਕ ਮਾਣਕਪੁਰ ਤੋਂ ਤਸੌਲੀ ਦੀ ਆਖਰੀ ਵਾਰ ਮੁਰੰਮਤ ਅਕਤੂਬਰ, 2006 ਵਿੱਚ ਕੀਤੀ ਗਈ ਸੀ, ਇਸਦੀ ਦੁਬਾਰਾ ਮੁਰੰਮਤ ਅਪ੍ਰੈਲ, 2013 ਵਿੱਚ ਡਿਊ ਹੋਵੇਗੀ।

(ਅ) ਫੰਡਾਂ ਦੀ ਉਪਲਬਧਤਾ ਅਤੇ ਪਾਲਿਸੀ ਮੁਤਾਬਿਕ ਅਗਲੇ ਪ੍ਰੋਗਰਾਮ ਅਧੀਨ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਸਬੰਧੀ ਵਿਚਾਰ ਲਿਆ ਜਾਵੇਗਾ।

ਹਸਪਤਾਲ ਬਿਲਡਿੰਗ ਦੀ ਮੁੜ ਉਸਾਰੀ

***221. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਏ.ਪੀ.ਜੈਨ, ਹਸਪਤਾਲ, ਰਾਜਪੁਰਾ ਦੀ ਐਮਰਜੈਂਸੀ ਵਾਲੀ ਬਿਲਡਿੰਗ ਅਸੁਰੱਖਿਅਤ ਘੋਸ਼ਿਤ ਕੀਤੀ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਦੁਬਾਰਾ ਬਣਵਾ ਦਿੱਤਾ ਜਾਵੇਗਾ?

ਸ਼੍ਰੀ ਮਦਨ ਮੋਹਨ ਮਿੱਤਲ : ਜੀ ਹਾਂ, ਸ਼੍ਰੀਮਾਨ ਜੀ, ਹਸਪਤਾਲ ਵਿੱਚ ਅਪਾਤਕਾਲੀਨ ਬਲਾਕ ਦੀ ਨਵੀਂ ਉਸਾਰੀ ਲਈ ਪਹਿਲਾਂ ਫੰਡਜ਼ ਦੀ ਪ੍ਰਾਪਤੀ ਲਈ ਕਈ ਉਪਰਾਲੇ ਕੀਤੇ ਗਏ ਸਨ। ਕੰਮ ਫੰਡਜ਼ ਦੀ ਪ੍ਰਾਪਤੀ ਤੋਂ ਬਾਅਦ ਸ਼ੁਰੂ ਕੀਤਾ ਜਾ ਸਕਦਾ ਹੈ, ਜਿਸ ਲਈ ਵਿਭਾਗ ਲਗਾਤਾਰ ਉਪਰਾਲੇ ਕਰ ਰਿਹਾ ਹੈ। ਇਸ ਲਈ ਇਸ ਵੇਲੇ ਕੋਈ ਨਿਸ਼ਚਿਤ ਮਿਤੀ ਨਹੀਂ ਦੱਸੀ ਜਾ ਸਕਦੀ।

ਖਰਬੂਜਿਆਂ ਦੇ ਘਟੀਆ ਬੀਜ ਦੀ ਸਪਲਾਈ

***222. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਕੀ ਪਿੰਡ ਜੰਗਪੁਰਾ, ਜ਼ਿਲ੍ਹਾ ਮੋਹਾਲੀ ਵਿੱਚ ਖਰਬੂਜਿਆਂ ਦੀ ਫਸਲ ਦੇ ਗਲਤ ਬੀਜ ਕਾਰਨ ਕਿਸਾਨਾਂ ਦੀ ਫਸਲ ਦਾ ਵੱਡੇ ਪੱਧਰ ਉਤੇ ਨੁਕਸਾਨ

ਹੋ ਜਾਣ ਸਬੰਧੀ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਹੈ; ਜੇਕਰ ਅਜਿਹਾ ਹੋਵੇ ਤਾਂ ਜਿਨ੍ਹਾਂ ਕੰਪਨੀਆਂ/ਡੀਲਰਾਂ ਵੱਲੋਂ ਮਾੜਾ ਬੀਜ ਵੇਚਿਆ ਗਿਆ ਹੈ ਉਨ੍ਹਾਂ ਖਿਲਾਫ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ;

(ਅ) ਕੀ ਸਰਕਾਰ ਵੱਲੋਂ ਪੀੜਤ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਦੇਣ ਦਾ ਵਿਚਾਰ ਕੀਤਾ ਜਾ ਰਿਹਾ ਹੈ; ਜੇਕਰ ਕੀਤਾ ਜਾ ਰਿਹਾ ਹੈ ਤਾਂ ਇਹ ਕਦੋਂ ਤੱਕ ਤੇ ਕਿਸ ਦਰ ਦੇ ਹਿਸਾਬ ਨਾਲ ਦਿੱਤਾ ਜਾਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : (ੳ) ਹਾਂ ਜੀ, ਇਸ ਸਬੰਧੀ ਕਿਸਾਨਾਂ ਦੀ ਸ਼ਿਕਾਇਤ ਮਿਤੀ 24.5.2012 ਨੂੰ ਪ੍ਰਾਪਤ ਹੋਈ ਸੀ। ਇਸ ਸਬੰਧੀ ਬੀਜ ਵਿਕਰੇਤਾ ਅਤੇ ਬੀਜ ਉਤਪਾਦਕ ਦੇ ਖਿਲਾਫ ਬੀਜ ਕੰਟਰੋਲ ਹੁਕਮ, 1983 ਅਤੇ ਬੀਜ ਐਕਟ 1966 ਅਧੀਨ ਸ਼ੋਅ-ਕਾਜ਼ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ।

(ਅ) ਨਹੀਂ ਜੀ।

ਪੀਣ ਵਾਲੇ ਪਾਣੀ ਦੀ ਸਪਲਾਈ

***223. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜਪੁਰਾ ਸ਼ਹਿਰ ਲਈ ਬੀ.ਐਮ.ਐਲ. (ਭਾਖੜਾ ਮੇਨ ਲਾਈਨ) ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਲਾਈਨ ਵਿਚ ਲੀਕੇਜ ਹੋਣ ਕਾਰਨ ਅਤੇ ਸੀਵਰੇਜ ਦਾ ਪਾਣੀ ਮਿਕਸ ਹੋ ਜਾਣ ਕਾਰਨ ਪੀ.ਪੀ.ਸੀ.ਬੀ. ਵੱਲੋਂ ਲਏ ਗਏ ਪਾਣੀ ਦੇ ਸੈਂਪਲ ਫੇਲ੍ਹ ਹੋ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਸ਼ਹਿਰ ਵਾਸੀਆਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਗਏ ਹਨ?

ਸ਼੍ਰੀ ਚੂਨੀ ਲਾਲ ਭਗਤ : ਹਾਂ ਜੀ, ਰਾਜਪੁਰੇ ਦੇ ਫੋਕਲ ਪੁਆਇੰਟ ਇਲਾਕੇ ਵਿਚ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਲਈ 135.15 ਲੱਖ ਰੁਪਏ ਦੀ ਸਕੀਮ ਤਿਆਰ ਕੀਤੀ ਗਈ ਹੈ। ਇਹ ਕੰਮ ਮਿਤੀ 30.9.2012 ਤੱਕ ਪੂਰਾ ਕਰ ਦਿੱਤਾ ਜਾਵੇਗਾ।

ਨਸ਼ਿਆਂ ਕਾਰਨ ਹੋ ਰਹੀ ਬਰਬਾਦੀ

***224. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜਪੁਰਾ ਵਿਚ 2009 ਤੋਂ 2011 ਤੱਕ ਕਿੰਨੇ ਵਿਅਕਤੀ ਨਸ਼ਿਆਂ ਕਾਰਨ ਅਤੇ ਨਸ਼ਿਆਂ ਕਰਕੇ ਕੀਤੇ ਜੁਰਮਾਂ ਕਾਰਨ ਬਰਬਾਦ ਹੋਏ ਹਨ ਅਤੇ

[ਸਰਦਾਰ ਹਰਦਿਆਲ ਸਿੰਘ ਕੰਬੋਜ]

ਕਿੰਨਿਆਂ ਦੀ ਮੌਤ ਹੋਈ ਹੈ;

(ਅ) ਸਰਕਾਰ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ?

ਸਰਦਾਰ ਸੁਖਬੀਰ ਸਿੰਘ ਬਾਦਲ : (ੳ) ਉਪਰੋਕਤ ਵਿਸ਼ੇ ਸਬੰਧੀ ਪੁਲਿਸ ਦੇ ਰਿਕਾਰਡ ਮੁਤਾਬਿਕ ਕੋਈ ਮਾਮਲਾ ਪੁਲਿਸ ਦੇ ਰਿਕਾਰਡ ਵਿੱਚ ਦਰਜ ਨਹੀਂ ਹੈ। ਸਾਲ 2009 ਤੋਂ 2011 ਤੱਕ ਸਿਵਲ ਹਸਪਤਾਲ ਰਾਜਪੁਰਾ ਦੇ ਰਿਕਾਰਡ ਮੁਤਾਬਿਕ ਕੋਈ ਮੌਤ ਨਸ਼ਿਆਂ ਕਾਰਨ ਨਹੀਂ ਹੋਈ ਹੈ।

(ਅ) 1. ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਨਸ਼ੇ ਨੂੰ ਜੜ੍ਹੋਂ ਪੁੱਟਣ ਲਈ ਪੂਰੀ ਸਖਤ ਮਿਹਨਤ ਕੀਤੀ ਜਾ ਰਹੀ ਹੈ ਅਤੇ ਨਸ਼ੇ ਦਾ ਧੰਦਾ ਕਰਨ ਵਾਲਿਆਂ ਖਿਲਾਫ ਸਮੇਂ ਸਮੇਂ ਸਿਰ ਮੁਕੱਦਮੇ ਦਰਜ ਕੀਤੇ ਗਏ ਹਨ ਅਤੇ ਅੱਗੋਂ ਲਈ ਵੀ ਜਦੋਂ ਅਜਿਹਾ ਮਾਮਲਾ ਨੋਟਿਸ ਵਿਚ ਆਉਂਦਾ ਹੈ ਤਾਂ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਬਾਰੇ ਜਾਗਰੂਕਤਾ ਕੈਂਪ ਲਗਾਏ ਗਏ ਅਤੇ ਲਗਾਏ ਜਾ ਰਹੇ ਹਨ ਅਤੇ ਸਮੂਹ ਮੁੱਖ ਅਫਸਰਾਨ, ਹਲਕਾ ਅਫਸਰਾਨ ਦੀਆਂ ਮੀਟਿੰਗਾਂ ਲਗਾਤਾਰ ਇਸ ਬਾਰੇ ਬੁਲਾ ਕੇ ਉਨ੍ਹਾਂ ਨੂੰ ਬਰੀਫ ਕੀਤਾ ਜਾਂਦਾ ਹੈ ਕਿ ਪਬਲਿਕ ਮੀਟਿੰਗਾਂ ਕਰਕੇ ਲੋਕਾਂ ਨੂੰ ਇਸ ਬੁਰਾਈ ਬਾਰੇ ਜਾਗਰੂਕ ਕੀਤਾ ਜਾਵੇ।

ਰਾਜ ਵਿਚ ਨਸ਼ੇ ਸਬੰਧੀ ਖਤਰੇ ਦਾ ਸਾਹਮਣਾ ਕਰਨ ਲਈ ਇਕ ਕਾਰਜ ਯੋਜਨਾ ਬਣਾਈ ਗਈ ਹੈ। ਇਸ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਐਂਟੀ ਨਾਰਕੋਟਿਕਸ ਟਾਸਕ ਫੋਰਸ ਦਾ ਪੁਲਿਸ ਹੈੱਡ ਕੁਆਰਟਰ ਚੰਡੀਗੜ੍ਹ ਵਿਖੇ ਇੰਸਪੈਕਟਰ ਜਨਰਲ ਪੁਲਿਸ ਦੇ ਅਧੀਨ ਗਠਿਤ ਕੀਤਾ ਗਿਆ ਹੈ, ਜਿਹੜਾ ਕਿ ਨਸ਼ਿਆਂ ਨਾਲ ਸਾਰੇ ਮੁੱਦਿਆਂ ਦੀ ਰਾਜ ਵਿਚ ਦੇਖ-ਰੇਖ ਕਰਦਾ ਹੈ। ਜ਼ਿਲ੍ਹਾ ਪੱਧਰ ਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਰੇਂਜ ਨੂੰ ਐਂਟੀ ਨਾਰਕੋਟਿਕਸ ਟਾਸਕ ਫੋਰਸ ਨਾਮਜ਼ਦ ਕੀਤਾ ਗਿਆ ਹੈ। ਇਸ ਤਰ੍ਹਾਂ ਹਰ ਇੱਕ ਜ਼ਿਲ੍ਹੇ ਅਤੇ ਕਮਿਸ਼ਨੋਰੇਟ ਵਿਚ ਨੋਡਲ ਅਫ਼ਸਰ ਨਿਯੁਕਤ ਕੀਤੇ ਗਏ ਹਨ। ਇਹ ਯੋਜਨਾ ਸਮਾਜ ਭਲਾਈ ਵਿਭਾਗ ਅਤੇ ਪੁਲਿਸ ਵਿਭਾਗ ਦਾ ਸਾਂਝਾ ਉਦਮ ਹੈ, ਨੂੰ ਲਾਗੂ ਕਰਨ ਸੰਬਧੀ ਅਫਸਰ ਦੇਖ ਰੇਖ ਕਰ ਰਹੇ ਹਨ। ਇਸ ਯੋਜਨਾ ਦਾ ਮੁੱਖ ਉਦੇਸ਼ ਨਸ਼ੀਲੀਆਂ ਵਸਤਾਂ ਦੀ ਸਪਲਾਈ ਘੱਟ ਕਰਨਾ, ਇਨ੍ਹਾਂ ਦੀ ਮੰਗ ਨੂੰ ਘੱਟ ਕਰਨਾ, ਮੁੜ ਵਸੇਬਾ ਕਰਨਾ ਅਤੇ ਨਸ਼ੇ ਦੀ ਆਦਤ ਤੋਂ ਮੁਕਤ ਕਰਨਾ ਹੈ।

ਪਹਿਲਾਂ ਹੀ ਕੀਤੇ ਜਾ ਰਹੇ ਉਪਰਾਲੇ :-

(i) ਸਰਕਾਰ ਵੱਲੋਂ ਰਾਜ ਦੇ 6 ਜ਼ਿਲ੍ਹਿਆਂ ਦੇ 7 ਸਿਵਲ ਹਸਪਤਾਲਾਂ ਦੀ ਬਿਲਡਿੰਗ ਵਿੱਚ ਵੱਖਰੇ ਤੌਰ ਤੇ ਡਰੱਗ ਡੀ-ਅਡਿਕਸ਼ਨ ਸੈਂਟਰ ਚਲਾਏ ਜਾ ਰਹੇ ਹਨ।

(ii) ਜ਼ਿਲ੍ਹਾ ਬਠਿੰਡਾ ਵਿਖੇ ਤਲਵੰਡੀ ਸਾਬੋ ਵਿੱਚ 20 ਬਿਸਤਰਿਆਂ ਵਾਲਾ ਰਾਜ ਪੱਧਰੀ ਨਸ਼ਾ ਛੁਡਾਊ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਇਹ ਕੇਂਦਰ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ।

(iii) ਸਰਕਾਰ ਵੱਲੋਂ 50 ਬਿਸਤਰਿਆਂ ਦਾ ਰਾਜ ਪੱਧਰੀ ਨਸ਼ਾ ਛੁਡਾਊ ਕੇਂਦਰ, ਸਵਾਮੀ ਵਿਵੇਕਾਨੰਦ ਡਰੱਗ ਡੀ-ਅਡਿਕਸ਼ਨ ਸੈਂਟਰ (ੳ) ਪਟਿਆਲਾ, (ਅ) ਹੁਸ਼ਿਆਰਪੁਰ ਅਤੇ ਲੁਧਿਆਣਾ ਵਿਖੇ ਨੈਸ਼ਨਲ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਟੀਕਿਆਂ ਰਾਹੀਂ ਨਸ਼ਾ ਕਰਨ ਵਾਲੇ ਮਰੀਜ਼ਾਂ ਦੀ ਵੱਧ ਰਹੀ ਗਿਣਤੀ ਨੂੰ ਕਾਬੂ ਕਰਨ ਲਈ ਓਪੀਆਡ ਸਬਸੀਚਿਊਸ਼ਨ ਸੈਂਟਰਾਂ ਦੀ ਸਥਾਪਨਾ ਕੀਤੀ ਗਈ ਹੈ।

(iv) ਰਾਜ ਸਰਕਾਰ ਵੱਲੋਂ ਨਾਇਡ ਨੇਸ਼ਨ ਆਫਿਸ ਆਫ ਡਰੱਗਜ਼ ਐਂਡ ਕਰਾਇਮਜ਼ (ਯੂ.ਐਨ.ਓ.ਡੀ.ਸੀ) ਦੀ ਮਦਦ ਨਾਲ ਸਿਵਲ ਹਸਪਤਾਲ ਕਪੂਰਥਲਾ ਅਤੇ ਸਿਵਲ ਹਸਪਤਾਲ ਬਠਿੰਡਾ ਵਿਖੇ ਟੀਕਿਆਂ ਰਾਹੀਂ ਨਸ਼ਾ ਕਰਨ ਵਾਲੇ ਮਰੀਜ਼ਾਂ ਦੀ ਵੱਧ ਰਹੀ ਗਿਣਤੀ ਨੂੰ ਕਾਬੂ ਕਰਨ ਲਈ ਮੈਥਾਡੋਨ ਮੇਨਟੇਨੇਸ ਥੈਰੇਪੀ ਸੈਂਟਰਾਂ ਦੀ ਸਥਾਪਨਾ ਕੀਤੀ ਹੈ।

(v) ਰਾਜ ਸਰਕਾਰ ਨੇ ਰਾਜ ਦੇ ਹਰ ਜ਼ਿਲ੍ਹੇ ਵਿੱਚ ਇੱਕ ਸਾਈਕੈਟਰਿਸਟ ਦੀ ਪੋਸਟਿੰਗ ਕੀਤੀ ਹੈ ਤਾਂ ਜੋ ਨਸ਼ਾ ਛੁਡਾਉਣ ਲਈ ਸੇਵਾਵਾਂ ਹਰ ਜ਼ਿਲ੍ਹੇ ਵਿੱਚ ਉਪਲਬਧ ਹੋ ਸਕਣ ।

(vi) ਸਰਕਾਰ ਵੱਲੋਂ ਹਸਪਤਾਲਾਂ ਵਿੱਚ ਦਾਖਲ ਰਹਿ ਕੇ ਨਸ਼ਾ ਛੁਡਾਉਣ ਦੀ ਸੁਵਿਧਾ ਹਰ ਜ਼ਿਲ੍ਹਾ ਪੱਧਰੀ ਹਸਪਤਾਲ ਅਤੇ ਕੁਝ ਸਬ-ਡਵੀਜ਼ਨ ਹਸਪਤਾਲਾਂ ਵਿੱਚ ਵੀ ਉਪਲਬਧ ਕਰਵਾਈ ਗਈ ਹੈ।

(vii) 20 ਜ਼ਿਲ੍ਹਾ ਪੱਧਰੀ ਸੈਮੀਨਾਰ, 1475 ਫੋਕਸ ਗਰੁੱਪ ਵਿਚਾਰ ਸਬ ਸੈਂਟਰ ਪੱਧਰ ਤੇ ਅਤੇ 24,000 ਪੇਂਡੂ ਸਿਹਤ ਅਤੇ ਸਫਾਈ ਕਮੇਟੀਆਂ ਦੀਆਂ ਮੀਟਿੰਗਾਂ ਰਾਹੀਂ ਆਮ ਲੋਕਾਂ ਵਿੱਚ ਸਿਹਤ ਪ੍ਰੋਗਰਾਮਾਂ ਦੀ ਜਾਗਰੂਕਤਾ ਦੇ ਨਾਲ ਨਾਲ ਨਸ਼ਿਆਂ ਦੀ ਦੁਰਵਰਤੋਂ ਅਤੇ ਇਸ ਦੇ ਮਾੜੇ ਅਸਰ ਬਾਰੇ ਇਨ੍ਹਾਂ ਮੀਟਿੰਗਾਂ ਵਿੱਚ ਵਿਚਾਰ ਕੀਤਾ ਗਿਆ ।

(viii) ਇਸ ਦੇ ਨਾਲ ਹੀ ਸਰਕਾਰੀ ਮੈਡੀਕਲ ਕਾਲਜ, ਪਟਿਆਲਾ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਸਰਕਾਰੀ ਮੈਡੀਕਲ ਕਾਲਜ, ਫਰੀਦਕੋਟ ਵਿਖੇ ਦਾਖਲ ਰਹਿ ਕੇ ਨਸ਼ਾ ਛੁਡਾਉਣ ਦੀ ਸੁਵਿਧਾ ਪ੍ਰਦਾਨ ਕੀਤੀ ਜਾ ਰਹੀ ਹੈ।

(ix) ਸਰਕਾਰ ਵੱਲੋਂ ਨਸ਼ਿਆਂ ਦੀ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਪੂਰਤੀ ਨੂੰ ਘਟਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਹੈ। ਜਿਸ ਵਿਚ ਵਿਸ਼ੇਸ਼ ਪ੍ਰੋਗਰਾਮ ਅਧੀਨ ਨਿਰੀਖਣ ਅਤੇ ਸਾਂਝੇ ਛਾਪਾਮਾਰੀ (ਡਰੱਗ ਇੰਸਪੈਕਟਰ, ਡਾਕਟਰਾਂ, ਪੁਲਿਸ ਅਧਿਕਾਰੀ ਅਤੇ ਸਹਾਇਕ ਡਰੱਗ ਕੰਟਰੋਲਰ ਦੀਆਂ ਟੀਮਾਂ) ਡਰੱਗ ਇੰਸਪੈਕਟਰਾਂ ਦੀਆਂ ਟੀਮਾਂ ਰਾਹੀਂ ਅਤੇ ਗੁਪਤ ਤਰੀਕੇ ਤੇ ਡਾਇਰੈਕਟਰ ਸਿਹਤ ਸੇਵਾਵਾਂ ਦੀ ਅਗਵਾਈ ਦੇ ਨਾਲ ਅਚਾਨਕ ਨਿਰੀਖਣ ਕਰਵਾਇਆ ਜਾਂਦਾ ਹੈ।

2. ਉਪਰੋਕਤ ਤੋਂ ਇਲਾਵਾ

(i) ਰਾਜ ਵਿੱਚ (ੳ) ਬਟਾਲਾ, ਹੁਸ਼ਿਆਰਪੁਰ ਅਤੇ ਖਿਆਲਾਂ ਕਲਾਂ ਵਿਖੇ 10 ਬਿਸਤਰਿਆਂ ਦੇ ਨਸ਼ਾ ਮੁਕਤੀ ਕੇਂਦਰਾਂ ਦੀ ਉਸਾਰੀ ਦਾ ਕੰਮ ਪੂਰਾ ਹੋਣ ਦੇ ਨਜ਼ਦੀਕ ਹੈ।

(ii) ਰਾਜ ਵਿੱਚ 50-50 ਬਿਸਤਰਿਆਂ ਦੇ 3 ਹੋਰ ਮਾਡਲ ਡੀ-ਅਡਿਕਸ਼ਨ ਸੈਂਟਰ ਖੋਲ੍ਹਣ ਦੀ ਤਜਵੀਜ਼ ਹੈ। ਇਨ੍ਹਾਂ ਸੈਂਟਰਾਂ ਦਾ ਕੰਮ ਡਾਕਟਰ, ਪੈਰਾ ਮੈਡੀਕਲ ਸਟਾਫ ਨੂੰ ਟ੍ਰੇਨਿੰਗ

[ਉੱਪ ਮੁੱਖ ਮੰਤਰੀ]

ਦੇਣਾ ਅਤੇ ਹੋਰ ਸੈਂਟਰਾਂ ਤੋਂ ਰੈਫਰ ਕੀਤੇ ਮਰੀਜ਼ਾਂ ਦਾ ਇਲਾਜ ਕਰਨਾ ਹੋਵੇਗਾ। ਇਹ ਸੈਂਟਰ (ੳ) ਪਟਿਆਲਾ, (ਅ) ਫਰੀਦਕੋਟ ਅਤੇ (ੲ) ਜਲੰਧਰ ਵਿਖੇ ਤਜਵੀਜ਼ਤ ਹਨ।

(iii) ਸਰਕਾਰ ਆਉਣ ਵਾਲੇ ਸਮੇਂ ਵਿੱਚ ਰਾਜ ਦੇ ਹਰ ਜ਼ਿਲ੍ਹਾ ਪੱਧਰੀ ਹਸਪਤਾਲ ਅਤੇ ਕਈ ਸਬ ਡਵੀਜ਼ਨ ਪੱਧਰੀ ਹਸਪਤਾਲਾਂ ਵਿੱਚ 10 ਬੈਡਾਂ ਦੇ ਨਵੇਂ ਨਸ਼ਾ ਮੁਕਤੀ ਕੇਂਦਰ ਖੋਲ੍ਹਣ ਲਈ ਯਤਨਸ਼ੀਲ ਹੈ।

(iv) ਸਿਹਤ ਵਿਭਾਗ ਆਮ ਲੋਕਾਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਅਤੇ ਇਸ ਦੇ ਮਾੜੇ ਅਸਰ ਸਬੰਧੀ ਵੱਡੀ ਜਾਗਰੂਕਤਾ ਮੁੱਢਲਾ ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਪੱਧਰ ਤੇ ਲਿਆਉਣ ਲਈ ਇੱਕ ਯੋਜਨਾ ਉਲੀਕ ਰਿਹਾ ਹੈ।

(v) ਮੁੱਢਲਾ ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਦੇ ਪੱਧਰ ਤੇ ਲੱਗੇ ਡਾਕਟਰਾਂ ਦੀ ਟਰੇਨਿੰਗ ਕਰਵਾਈ ਜਾਵੇਗੀ ਤਾਂ ਜੋ ਨਸ਼ਾ ਛੁਡਾਉਣ ਦਾ ਇਲਾਜ ਮੁੱਢਲਾ ਸਿਹਤ ਕੇਂਦਰਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਪੱਧਰ ਤੇ ਉਪਲਬਧ ਹੋ ਸਕੇ।

ਚੰਡੀਗੜ੍ਹ-ਪਟਿਆਲਾ ਰੋਡ ਤੋਂ ਨਲਾਸ ਨੂੰ ਮਿਲਾਉਣਾ

***225. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪਟਿਆਲਾ-ਚੰਡੀਗੜ੍ਹ ਰੋਡ ਤੋਂ ਢਕਾਨਸੂ ਵਾਇਆ ਕੋਟਲਾ ਸੜਕ ਨੂੰ ਚੌੜਾ ਕਰਕੇ ਨਲਾਸ ਰੋਡ ਨੂੰ ਮਿਲਾਉਣ ਸਬੰਧੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਨੂੰ ਕਦੋਂ ਤੱਕ ਕੰਪਲੀਟ ਕਰ ਦਿੱਤਾ ਜਾਵੇਗਾ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ੍ਰੀਮਾਨ ਜੀ, ਨਹੀਂ ਜੀ। ਹਾਲ ਦੀ ਘੜੀ ਪਟਿਆਲਾ-ਚੰਡੀਗੜ੍ਹ ਰੋਡ ਤੋਂ ਢਕਾਨਸੂ ਵਾਇਆ ਕੋਟਲਾ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

****(ਨਿਸ਼ਾਨ ਵਾਲਾ ਪ੍ਰਸ਼ਨ ਨੰ: *226 (C.U)**

ਸਕੂਲਾਂ ਵਿੱਚ ਕੰਪਿਊਟਰ ਮੁਹੱਈਆ ਕਰਵਾਉਣਾ

***230. (ਸੀ.ਯੂ.) ਸਰਦਾਰ ਨਵਤੇਜ ਸਿੰਘ ਚੀਮਾ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਾਲ 2007-08 ਤੋਂ 2011-12 ਦੌਰਾਨ ਸਾਲ ਵਾਰ ਕੇਂਦਰ ਸਰਕਾਰ ਨੇ ਰਾਜ ਦੇ ਸਕੂਲਾਂ ਵਿੱਚ ਸੂਚਨਾ ਅਤੇ ਸੰਚਾਰ ਤਕਨੀਕ ਲਈ ਕਿਹੜੀ-ਕਿਹੜੀ ਸਕੀਮ ਤਹਿਤ ਰਾਜ ਸਰਕਾਰ ਨੂੰ ਕਿੰਨਾ-ਕਿੰਨਾ ਫੰਡ ਜਾਰੀ ਕੀਤਾ ਅਤੇ ਇਸ ਫੰਡ ਨਾਲ ਜ਼ਿਲ੍ਹਾਵਾਰ ਕਿਹੜੇ-ਕਿਹੜੇ ਸਕੂਲਾਂ ਵਿੱਚ ਕੰਪਿਊਟਰ ਲਗਾਏ ਗਏ;

(ਅ) ਕੀ ਇਸ ਵਿੱਚ ਰਾਜ ਸਰਕਾਰ ਨੇ ਕੋਈ ਹਿੱਸਾ ਪਾਉਣਾ ਸੀ; ਜੇ ਪਾਉਣਾ ਸੀ ਤਾਂ ਕਿੰਨਾ ਅਤੇ ਉਸ ਨੇ ਕਿੰਨਾ ਫੰਡ ਜਾਰੀ ਕੀਤਾ?

**Reply to this Starred Question No:- 226 has not been received till 2.12.2014 i.e. the date this Annexure was sent to the press for final printing.

ਸਰਦਾਰ ਸਿਕੰਦਰ ਸਿੰਘ ਮਲੂਕਾ : ਸੈਂਟਰਲੀ ਸਪਾਂਸਰਡ ਸਕੀਮ (75% ਭਾਰਤ ਸਰਕਾਰ ਦਾ ਹਿੱਸਾ+ 25% ਰਾਜ ਸਰਕਾਰ ਦਾ ਹਿੱਸਾ) ਅਧੀਨ ਸਾਲ 2007-08 ਤੋਂ 2011-12 ਦੌਰਾਨ ਜਾਰੀ ਕੀਤੇ ਫੰਡਜ਼ ਦਾ ਵੇਰਵਾ:-

(ਰੁ: ਲੱਖਾਂ ਵਿੱਚ)

ਲੜੀ ਨੰ:	ਸਾਲ	ਭਾਰਤ ਸਰਕਾਰ ਵੱਲੋਂ ਜਾਰੀ ਕਰਨੇ ਬਣਦੇ ਫੰਡ 75%	ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਫੰਡ 75%	ਭਾਰਤ ਸਰਕਾਰ ਦੇ ਹਿੱਸੇ ਦਾ ਬਕਾ-ਇਆ	ਰਾਜ ਸਰਕਾਰ ਦਾ ਬਣਦਾ ਹਿੱਸਾ 25%	ਰਾਜ ਸਰਕਾਰ ਵੱਲੋਂ ਜਾਰੀ ਕੀਤੇ ਫੰਡ	ਰਾਜ ਸਰਕਾਰ ਦੇ ਹਿੱਸੇ ਦਾ ਬਕਾ-ਇਆ
1	2007-08	0.00	0.00	0.00	0.00	0.00	0.00
2	2008-09	3500.00	3500.00	0.00	1166.34	1166.34	0.00
3	2009-10	4305.00	4305-00	0.00	1435.00	1435.00	0.00
4.	2010-11	3799-00	3799-00	0.00	1267-00	1267-00	0.00
5.	2011-12	2890-00	2890-00	0.00	963.67	957.00	6.67

ਨੋਟ:- ਜਿਨ੍ਹਾਂ ਸਕੂਲਾਂ ਵਿੱਚ ਕੰਪਿਊਟਰ ਲਗਾਏ ਗਏ ਹਨ ਉਨ੍ਹਾਂ ਦਾ ਜ਼ਿਲ੍ਹੇਵਾਰ ਅਤੇ ਸਾਲ ਵਾਰ ਵੇਰਵਾ ਨਾਲ ਅਨੁਲੱਗ 'ੳ' ਤੇ ਨੱਥੀ ਹੈ।

(ਅ) ਰਾਜ ਸਰਕਾਰ ਨੇ ਇਸ ਵਿੱਚ 25% ਹਿੱਸਾ ਪਾਉਣਾ ਸੀ। ਰਾਜ ਸਰਕਾਰ ਵੱਲੋਂ ਜਾਰੀ ਕੀਤੇ ਗਏ ਫੰਡਾਂ ਦੀ ਸੂਚਨਾ (ੳ) ਦੇ ਉੱਤਰ ਵਿੱਚ ਹੀ ਦਰਸਾਈ ਗਈ ਹੈ।

ਅਨੁਲੱਗ 'ੳ'

ਸੈਂਟਰਲੀ ਸਪਾਂਸਰਡ ਸਕੀਮ ਅਧੀਨ ਸਟੇਟ ਦੇ ਕਵਰ ਕੀਤੇ ਗਏ ਸਕੂਲਾਂ/ਲਗਾਏ ਗਏ ਕੰਪਿਊਟਰਾਂ ਦਾ ਸਾਲਵਾਰ ਅਤੇ ਜ਼ਿਲ੍ਹਾਵਾਰ ਵੇਰਵਾ

		2007-08		2008-09		2009-10		2010-11	
ਲੜੀ ਨੰ:	ਜ਼ਿਲ੍ਹਾ	ਕਵਰ ਕੀਤੇ ਗਏ ਸਕੂਲ	ਕੰਪਿਊਟਰਾਂ ਦੀ ਗਿਣਤੀ	ਕਵਰ ਕੀਤੇ ਗਏ ਸਕੂਲ	ਕੰਪਿਊਟਰਾਂ ਦੀ ਗਿਣਤੀ	ਕਵਰ ਕੀਤੇ ਗਏ ਸਕੂਲ	ਕੰਪਿਊਟਰਾਂ ਦੀ ਗਿਣਤੀ	ਕਵਰ ਕੀਤੇ ਗਏ ਸਕੂਲ	ਕੰਪਿਊਟਰਾਂ ਦੀ ਗਿਣਤੀ
1	ਅੰਮ੍ਰਿਤਸਰ	0	0	0	0	116	1160	4	40

[ਸਿੱਖਿਆ ਮੰਤਰੀ]

2	ਬਰਨਾਲਾ	0	0	0	0	60	600	2	20
3	ਬਠਿੰਡਾ	0	0	115	1150	46	460	12	120
4	ਫਰੀਦਕੋਟ	0	0	71	710	3	30	0	0
5	ਫਤਿਹਗੜ੍ਹ ਸਾਹਿਬ	0	0	69	690	5	50	3	30
6	ਫਿਰੋਜ਼ਪੁਰ	0	0	4	40	124	1240	29	290
7	ਗੁਰਦਾਸਪੁਰ	0	0	184	1840	60	600	13	130
8	ਹੁਸ਼ਿਆਰਪੁਰ	0	0	176	1760	58	580	9	90
9	ਜਲੰਧਰ	0	0	199	1990	54	540	3	30
10	ਕਪੂਰਥਲਾ	0	0	86	860	25	250	7	70
11	ਲੁਧਿਆਣਾ	0	0	276	2760	51	510	1	10
12	ਮਾਨਸਾ	0	0	90	900	3	30	25	250
13	ਮੋਗਾ	0	0	101	1010	45	450	3	30
14	ਮੋਹਾਲੀ	0	0	81	810	3	30	7	70
15	ਮੁਕਤਸਰ	0	0	97	970	29	290	5	50
16	ਨਵਾਂਸ਼ਹਿਰ	0	0	97	970	3	30	0	0
17	ਪਟਿਆਲਾ	0	0	139	1390	39	390	2	20
18	ਰੋਪੜ	0	0	79	790	11	110	8	80
19	ਸੰਗਰੂਰ	0	0	136	1360	55	550	4	40
20	ਤਰਨਤਾਰਨ	0	0	0	0	80	800	3	30
	ਕੁੱਲ ਜੋੜ	**0**	**0**	**2000**	**20000**	**870**	**8700**	**140**	**1400**

*ਸਾਲ 2007-08 ਦੌਰਾਨ ਕੋਈ ਫੰਡ ਪ੍ਰਾਪਤ ਨਹੀਂ ਹੋਏ

ਸੇਮ ਦੀ ਸਮੱਸਿਆ ਦਾ ਹੱਲ

***231. (ਸੀ.ਯੂ.) ਸਰਦਾਰ ਨਵਤੇਜ ਸਿੰਘ ਚੀਮਾ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸੇਮ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ ਸਾਲ 2011-12 ਵਿੱਚ ਕਿੰਨਾ ਫੰਡ ਜਾਰੀ ਕੀਤਾ;

(ਅ) ਇਹ ਫੰਡ ਕਿਹੜੇ ਕੰਮਾਂ ਤੇ ਖਰਚਿਆ ਗਿਆ ਅਤੇ ਇਸ ਨਾਲ ਰਾਜ ਦੇ ਲੋਕਾਂ ਨੂੰ ਕੀ ਫਾਇਦਾ ਮਿਲਿਆ

ਸਰਦਾਰ ਜਨਮੇਜਾ ਸਿੰਘ ਸੇਖੋਂ : (ੳ) ਹਾਂ ਜੀ, 13ਵੇਂ ਵਿੱਤ ਕਮਿਸ਼ਨ ਅਧੀਨ ਸਾਲ 2011-12 ਦੇ 50.00 ਕਰੋੜ ਰੁਪਏ ਦੇ ਫੰਡਜ਼ ਮਿਤੀ 01-06-2012 ਨੂੰ ਵਿੱਤ ਵਿਭਾਗ ਵੱਲੋਂ ਜਾਰੀ ਕੀਤੇ ਗਏ।

(ਅ) ਇਨ੍ਹਾਂ ਫੰਡਾਂ ਅਧੀਨ ਸੇਮ ਦੀ ਸਮੱਸਿਆ ਨੂੰ ਹੱਲ ਕਰਨ ਵਾਲੇ ਕੰਮਾਂ ਨੂੰ ਸਾਲ 2012-13 ਵਿੱਚ ਮੁਕੰਮਲ ਕਰ ਲਿਆ ਜਾਵੇਗਾ।

ਸਟੇਟ ਡਿਜ਼ਾਸਟਰ ਰਿਸਪੌਂਸ ਫੰਡ ਲਈ ਅੰਸ਼ਦਾਨ

***232. (ਸੀ.ਯੂ.) ਸਰਦਾਰ ਨਵਤੇਜ ਸਿੰਘ ਚੀਮਾ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਆਪਦਾ ਪ੍ਰਤੀਕ੍ਰਿਆ ਫੰਡ (State Disaster Response Fund) ਦੇ ਲਈ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ ਸਾਲ 2007-08 ਤੋਂ ਅੱਜ ਤੱਕ ਸਾਲਵਾਰ ਕਿੰਨਾ ਫੰਡ ਜਾਰੀ ਕੀਤਾ ਅਤੇ ਇਹ ਫੰਡ ਕਿਹੜੇ ਕੰਮਾਂ ਤੇ ਅਤੇ ਕਦੋਂ ਖਰਚਿਆ ਗਿਆ?

ਸਰਦਾਰ ਬਿਕਰਮ ਸਿੰਘ ਮਜੀਠੀਆ : ਸਾਲ 2007-08 ਤੋਂ ਅੱਜ ਤੱਕ ਆਪਦਾ ਪ੍ਰਤੀਕ੍ਰਿਆ ਫੰਡ (State Disaster Response Fund) ਦੇ ਲਈ ਕੇਂਦਰ ਸਰਕਾਰ ਤੋਂ ਰਾਜ ਸਰਕਾਰ ਨੂੰ ਜਾਰੀ ਕੀਤੇ ਗਏ ਫੰਡਾਂ ਦਾ ਵੇਰਵਾ ਹੇਠ ਅਨੁਸਾਰ ਹੈ:-

ਸਾਲ	ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਫੰਡ
2007-08	178,24,00,000
2008-09	126,78,00,000
2009-10	133,12,00,000
2010-11	83,59,50,000
2011-12	171,37,00,000

ਇਹ ਫੰਡ ਜਿਨ੍ਹਾਂ ਕੰਮਾਂ ਤੇ ਖਰਚੇ ਗਏ ਹਨ, ਉਨ੍ਹਾਂ ਦਾ ਵੇਰਵਾ ਅਨੁਲੱਗ "ੳ" ਤੇ ਰੱਖਿਆ ਜਾਂਦਾ ਹੈ।

ਅਨੁਲੱਗ "ੳ"

ਸਟੇਟ ਡਿਜ਼ਾਸਟਰ ਰਿਸਪੌਂਸ ਫੰਡ ਵਿਚੋਂ ਸਾਲ 2007-08 ਤੋਂ 2011-12 ਦੌਰਾਨ ਆਪਦਾ-ਵਾਰ ਦਿੱਤੇ ਗਏ ਫੰਡਾਂ ਦੀ ਸਥਿਤੀ (31-03-12 ਤੱਕ)

ਸਾਲ	ਫਸਲਾਂ ਦਾ ਨੁਕਸਾਨ	ਮਨੁੱਖੀ ਜਾਨਾਂ ਦਾ ਨੁਕਸਾਨ	ਮਕਾਨਾਂ ਦਾ ਨੁਕਸਾਨ	ਪਸ਼ੂ ਧਨ ਦਾ ਨੁਕਸਾਨ	ਹੜ੍ਹ ਰੋਕੂ ਕੰਮਾਂ ਤੇ	ਕੁੱਲ ਅਲਾਟਮੈਂਟ
	SDRF	SDRF	SDRF	SDRF	SDRF	SDRF
2007-08	79245352	2215475	68509348	590000	147160645	226400000

2008-09	289943216	2619500	66699900	672000	1186033360	1545967976
2009-10	80412990	400000	519850	76000	251727699	333136539
2010-11	541322819	1300000	15680600	578000	1523777277	2082623696
2011-12	597133465	2830000	277852500	541000	806373868	1689730833
Total	**1508812490**	**7149500**	**360752850**	**1867000**	**3767912204**	**4268180261**

ਲੁਧਿਆਣਾ ਵਿਖੇ ਪਾਵਰ ਗਰਿੱਡ ਦੀ ਸਥਾਪਨਾ

***233. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਦਾ ਮਾਸਟਰ ਪਲਾਨ ਤਿਆਰ ਹੋਣ ਵੇਲੇ ਹਲਕਾ ਲੁਧਿਆਣਾ ਦੱਖਣੀ ਵਿੱਚ ਇਕ ਇੰਡਸਟ੍ਰੀਅਲ ਬੈਲਟ ਉਲੀਕੀ ਗਈ ਸੀ ਅਤੇ ਇਸ ਬੈਲਟ ਵਿੱਚ ਇੱਕ ਪਾਵਰ ਗਰਿੱਡ ਬਣਾਉਣ ਦੀ ਵੀ ਤਜਵੀਜ਼ ਸੀ ;

(ਅ) ਕੀ ਇਹ ਵੀ ਠੀਕ ਹੈ ਕਿ ਭਾਗ (ੳ) ਵਿੱਚ ਵਰਣਿਤ ਇਹ ਗਰਿੱਡ ਲਾਉਣ ਲਈ ਨਗਰ ਨਿਗਮ, ਲੁਧਿਆਣਾ ਨੇ ਜ਼ਮੀਨ ਵੀ ਅਲਾਟ ਕਰ ਦਿੱਤੀ ਹੈ ;

(ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਉਪਰੋਕਤ ਪਾਵਰ ਗਰਿੱਡ ਸਥਾਪਤ ਨਾ ਕੀਤੇ ਜਾਣ ਦੇ ਕੀ ਕਾਰਨ ਹਨ ਅਤੇ ਇਹ ਗਰਿੱਡ ਉਥੇ ਕਦੋਂ ਤੱਕ ਸਥਾਪਤ ਕਰ ਦਿੱਤਾ ਜਾਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ : (ੳ) ਹਾਂ ਜੀ। ਇਹ ਠੀਕ ਹੈ ਕਿ ਲੁਧਿਆਣਾ(ਸ਼ਹਿਰ ਦਾ ਮਾਸਟਰ ਪਲਾਨ ਤਿਆਰ ਹੋਣ ਵੇਲੇ ਹਲਕਾ ਲੁਧਿਆਣਾ) ਦੱਖਣੀ ਵਿੱਚ ਇੱਕ ਇੰਡਸਟਰੀਅਲ ਬੈਲਟ ਉਲੀਕੀ ਗਈ ਸੀ। ਇਸ ਵਿੱਚ ਪੈਂਦੇ ਉਦਯੋਗਿਕ ਖੇਤਰ ਵਿੱਚ ਸਿੰਗਲਾ ਸਾਈਕਲ ਰੋਡ ਲੁਧਿਆਣਾ ਤੇ ਇਕ 66 ਕੇ. ਵੀ. ਗਰਿੱਡ ਸਬ-ਸਟੇਸ਼ਨ ਬਣਾਉਣ ਦੀ ਤਜਵੀਜ਼ ਹੈ।

(ਅ) ਹਾਂ ਜੀ। 66 ਕੇ.ਵੀ. ਗਰਿੱਡ ਸਬ- ਸਟੇਸ਼ਨ ਬਣਾਉਣ ਲਈ 2000 ਵਰਗ ਗਜ਼ ਜ਼ਮੀਨ ਨਗਰ ਨਿਗਮ ਲੁਧਿਆਣਾ ਤੋਂ ਮਿਤੀ 11/03/2011 ਨੂੰ ਲੀਜ਼ ਤੇ ਪ੍ਰਾਪਤ ਕਰ ਲਈ ਹੈ।

(ੲ) 66 ਕੇ. ਵੀ. ਗਰਿੱਡ ਸਬ-ਸਟੇਸ਼ਨ ਦੀ ਉਸਾਰੀ ਲਈ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ ਅਤੇ ਇਸ ਕੰਮ ਦੇ ਟੈਂਡਰ ਮਿਤੀ 27/06/2012 ਨੂੰ ਸਿਵਲ ਵਰਕਸ ਹਲਕਾ ਪਟਿਆਲਾ ਵੱਲੋਂ ਖੋਲ੍ਹੇ ਜਾ ਚੁੱਕੇ ਹਨ। ਇਸ ਕੰਮ ਦਾ ਅਲਾਟਮੈਂਟ ਆਰਡਰ ਨੰ:

54/2012-13 ਮਿਤੀ 30.11.12 ਨਾਲ ਸਬੰਧਿਤ ਠੇਕੇਦਾਰ ਨੂੰ ਉਨ੍ਹਾਂ ਵੱਲੋਂ ਜਾਰੀ ਕੀਤਾ ਜਾ ਚੁੱਕਾ ਹੈ ਪ੍ਰੰਤੂ ਇਸ ਜਗ੍ਹਾ ਤੇ ਮੌਜੂਦਾ ਸਮੇਂ ਸੀਵਰੇਜ ਦੇ ਪਾਣੀ ਦਾ ਨਿਕਾਸ ਹੋ ਰਿਹਾ ਹੈ ਜਿਸ ਕਾਰਨ ਹਾਲੇ ਤੱਕ ਇਸ ਸਬ-ਸਟੇਸ਼ਨ ਨੂੰ ਬਣਾਉਣ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ। ਨਗਰ ਨਿਗਮ, ਲੁਧਿਆਣਾ ਨਾਲ ਪਹਿਲ ਦੇ ਅਧਾਰ ਤੇ ਪੱਤਰ-ਵਿਹਾਰ ਚੱਲ ਰਿਹਾ ਹੈ। ਨਗਰ ਨਿਗਮ, ਲੁਧਿਆਣਾ ਵੱਲੋਂ ਇਸ ਸੀਵਰੇਜ ਦੇ ਪਾਣੀ ਦਾ ਹੋਰ ਬਦਲਵਾਂ ਪ੍ਰਬੰਧ ਹੋਣ ਉਪਰੰਤ ਹੀ ਸਬ- ਸਟੇਸ਼ਨ ਦੀ ਉਸਾਰੀ ਦਾ ਕੰਮ ਸੰਭਵ ਹੋ ਸਕੇਗਾ।

ਇਸ ਜਗ੍ਹਾ ਵਿੱਚ ਹੁਣ ਬਰਸਾਤ ਦੇ ਮੌਸਮ ਕਾਰਨ ਪਾਣੀ ਜ਼ਿਆਦਾ ਇਕੱਠਾ ਹੋ ਚੁੱਕਾ ਹੈ ਅਤੇ ਨਗਰ ਨਿਗਮ, ਲੁਧਿਆਣਾ ਵੱਲੋਂ ਇਰੀਗੇਸ਼ਨ ਡਿਪਾਰਟਮੈਂਟ ਤੋਂ ਡਰੈਗ ਲਾਈਨ ਦਾ ਪ੍ਰਬੰਧ ਕਰਕੇ ਸਬ-ਸਟੇਸ਼ਨ ਦੀ ਜਗ੍ਹਾ ਤੇ ਭਰਤ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਬ-ਸਟੇਸ਼ਨ ਦੇ ਸਿਵਲ ਉਸਾਰੀ ਦੇ ਕੰਮਾਂ ਲਈ ਲਗਭਗ ਇੱਕ ਸਾਲ ਦਾ ਸਮਾਂ ਲੱਗੇਗਾ।

ਲੁਹਾਰਾ ਵਿਖੇ ਬਿਜਲੀ ਸਬ-ਡਵੀਜ਼ਨ ਬਣਾਉਣਾ

***234. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦੀ ਸਬ-ਡਵੀਜ਼ਨ, ਜਨਤਾ ਨਗਰ, ਲੁਧਿਆਣਾ ਕੋਲ ਦੋ-ਤਿੰਨ ਸਬ-ਡਵੀਜ਼ਨਾਂ ਜਿੰਨੇ ਬਿਜਲੀ ਦੇ ਕੁਨੈਕਸ਼ਨ ਦਿੱਤੇ ਹੋਏ ਹਨ ਜਿਸ ਨਾਲ ਆਮ ਲੋਕਾਂ ਨੂੰ ਪ੍ਰੇਸ਼ਾਨੀ ਅਤੇ ਅਮਲੇ ਉਤੇ ਕੰਮ ਦਾ ਭਾਰੀ ਬੋਝ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬ-ਡਵੀਜ਼ਨ ਦੇ ਕੰਮ ਦਾ ਵਾਧੂ ਭਾਰ ਘਟਾਉਣ ਲਈ ਅਤੇ ਆਮ ਜਨਤਾ ਦੀ ਸੁਵਿਧਾ ਲਈ ਲੁਹਾਰਾ ਵਿਖੇ ਇੱਕ ਨਵੀਂ ਸਬ-ਡਵੀਜ਼ਨ ਕਾਇਮ ਕਰਨ ਲਈ ਵਿਚਾਰ ਕਰੇਗੀ?

ਸਰਦਾਰ ਪਰਕਾਸ਼ ਸਿੰਘ ਬਾਦਲ : ਜਨਤਾ ਨਗਰ ਮੰਡਲ, ਲੁਧਿਆਣਾ ਵਿੱਚ ਲਗਭਗ 69,743 ਬਿਜਲੀ ਦੇ ਕੁਨੈਕਸ਼ਨ ਹਨ ਜਿਨ੍ਹਾਂ ਨੂੰ ਤਿੰਨ ਸਬ-ਡਵੀਜ਼ਨਾਂ, ਸਬ-ਡਵੀਜ਼ਨ ਯੂਨਿਟ ਨੰ:1, ਸਬ-ਡਵੀਜ਼ਨ ਯੂਨਿਟ ਨੰ: 2, ਅਤੇ ਸਬ-ਡਵੀਜ਼ਨ ਯੂਨਿਟ ਨੰ: 3 ਵਿੱਚ ਵੰਡਿਆ ਗਿਆ ਹੈ। ਸਬ-ਡਵੀਜ਼ਨ ਯੂਨਿਟ ਨੰ: 1 ਅਤੇ ਸਬ-ਡਵੀਜ਼ਨ ਯੂਨਿਟ ਨੰ: 2 ਵਿੱਚ ਕ੍ਰਮਵਾਰ 16,738 ਅਤੇ 14,128 ਕੁਨੈਕਸ਼ਨ ਹਨ। ਸਬ-ਡਵੀਜ਼ਨ ਯੂਨਿਟ ਨੰ: 3 ਦੇ ਖੇਤਰ ਵਿੱਚ ਲੋਹਾਰਾ ਇਲਾਕਾ ਡਿਵੈਲਪਿੰਗ ਹੋਣ ਕਾਰਨ ਉਸ ਵਿੱਚ ਕੁਨੈਕਸ਼ਨਾਂ ਦੀ ਤਾਦਾਦ 38,877 ਦੀ ਹੋ ਗਈ ਹੈ ਜੋ ਬਾਕੀ ਦੇ ਸਬ-ਡਵੀਜ਼ਨਾਂ ਦੇ ਤੁਲਨਾਤਮਿਕ ਜ਼ਿਆਦਾ ਹੈ। ਇਸ ਮੰਡਲ ਦੇ ਸਾਰੇ ਕੁਨੈਕਸ਼ਨ ਤਿੰਨ ਯੂਨਿਟਾਂ ਵਿੱਚ ਬਰਾਬਰ-ਬਰਾਬਰ ਕਰਨ ਦੀ ਪ੍ਰਕਿਰਿਆ ਕੀਤੀ ਜਾ ਰਹੀ ਹੈ ਅਤੇ ਨਵੀਂ ਸਬ-ਡਵੀਜ਼ਨ ਬਣਾਉਣ ਦੀ ਅਜੇ ਤੱਕ ਕੋਈ ਤਜਵੀਜ਼ ਨਹੀਂ ਹੈ ਜੀ।

ਖੇਡ ਸਟੇਡੀਅਮ ਦੀ ਉਸਾਰੀ

***235. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਵਿਖੇ ਬਾਬਾ ਮੁਕੰਦ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡਾਬਾ ਦੇ ਨਾਲ ਲੱਗਦੀ ਜ਼ਮੀਨ ਵਿੱਚ ਇੱਕ ਖੇਡ ਸਟੇਡੀਅਮ ਬਣਾਉਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਹ ਖੇਡ ਸਟੇਡੀਅਮ ਤਿਆਰ ਹੋ ਜਾਵੇਗਾ?

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਨਹੀਂ ਜੀ, ਬਾਬਾ ਮੁਕੰਦ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡਾਬਾ (ਲੁਧਿਆਣਾ) ਦੇ ਨਾਲ ਲਗਦੀ ਜ਼ਮੀਨ ਵਿੱਚ ਕੋਈ ਖੇਡ ਸਟੇਡੀਅਮ ਬਣਾਉਣ ਦੀ ਤਜਵੀਜ਼ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਖੇਡ ਸਟੇਡੀਅਮ ਬਣਾਉਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਲੁਧਿਆਣਾ ਵਿਖੇ ਕਲੋਨੀਆਂ ਵਿੱਚ ਵਿਕਾਸ ਦੇ ਕੰਮ

***236. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਬੈਂਸ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਸ਼ਹਿਰ ਦੀਆਂ ਕਲੋਨੀਆਂ ਮਹਾਂ ਸਿੰਘ ਨਗਰ ਕਲੋਨੀ, ਸਰਪੰਚ ਕਲੋਨੀ, ਲੋਹਾਰਾ ਕਲੋਨੀ, ਗਿੱਲ ਕਲੋਨੀ, ਗੁਰਮੇਲ ਨਗਰ ਕਲੋਨੀ, ਸੁੰਦਰ ਨਗਰ ਕਲੋਨੀ, ਨਿਊ ਸੁੰਦਰ ਨਗਰ ਕਲੋਨੀ ਅਤੇ ਕਈ ਅਜਿਹੀਆਂ ਕਲੋਨੀਆਂ ਵਿਚ ਵਿਕਾਸ ਦੇ ਅਧੂਰੇ ਪਏ ਸੀਵਰੇਜ ਵਾਟਰ ਸਪਲਾਈ ਅਤੇ ਸੜਕਾਂ ਦੇ ਕੰਮ ਕਦੋਂ ਪੂਰੇ ਕਰ ਦਿੱਤੇ ਜਾਣਗੇ?

ਸ੍ਰੀ ਚੂਨੀ ਲਾਲ ਭਗਤ : ਗੁਰਮੇਲ ਕਾਲੋਨੀ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਸੜਕਾਂ ਬਣਾਉਣ ਦਾ ਕੰਮ ਅਲਾਟ ਕਰ ਦਿੱਤਾ ਗਿਆ ਹੈ। ਇਹ ਕੰਮ ਮਿਤੀ 30-11-2012 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

ਮਹਾਂ ਸਿੰਘ ਕਾਲੋਨੀ ਅਤੇ ਗਿੱਲ ਕਾਲੋਨੀ ਵਿੱਚ ਸੀਵਰੇਜ ਪੈ ਚੁੱਕਾ ਹੈ ਅਤੇ ਨਵੇਂ ਨਿਗਮਾਂ ਵਿੱਚ ਬਣਨ ਵਾਲੀਆਂ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਸੜਕਾਂ ਬਣਾਉਣ ਦਾ ਕੰਮ ਅਲਾਟ ਕਰ ਦਿੱਤਾ ਜਾਵੇਗਾ ਅਤੇ ਇਹ ਕੰਮ ਮਿਤੀ 31-12-2012 ਤੱਕ ਪੂਰਾ ਕਰ ਲਿਆ ਜਾਵੇਗਾ।

ਸਰਪੰਚ ਕਾਲੋਨੀ, ਲੋਹਾਰਾ ਕਾਲੋਨੀ, ਸੁੰਦਰ ਨਗਰ ਕਾਲੋਨੀ ਅਤੇ ਨਿਊ ਸੁੰਦਰ ਨਗਰ ਕਾਲੋਨੀਆਂ ਵਿੱਚ ਪਾਣੀ ਅਤੇ ਸੀਵਰੇਜ ਪਾਉਣ ਦੇ ਕੰਮ ਪ੍ਰਗਤੀ ਅਧੀਨ ਹਨ ਅਤੇ ਇਹ ਕੰਮ ਭਾਰਤ ਸਰਕਾਰ ਵੱਲ ਜਨੂਰਮ ਅਧੀਨ ਰਹਿੰਦੀਆਂ 90 ਕਰੋੜ ਰੁਪਏ ਦੀਆਂ ਕਿਸ਼ਤਾਂ ਪ੍ਰਾਪਤ ਹੋਣ ਉਪਰੰਤ ਪੂਰਾ ਕਰ ਲਿਆ ਜਾਵੇਗਾ।

ਰੁਜ਼ਗਾਰ ਕੇਂਦਰਾਂ ਵਿੱਚ ਰਜਿਸਟਰਡ ਬੇਰੁਜ਼ਗਾਰਾਂ ਦੀ ਗਿਣਤੀ

***241. (ਸੀ.ਯੂ.) ਸ੍ਰੀ ਅਸ਼ਵਨੀ ਸੇਖੜੀ :** ਕੀ ਰੁਜ਼ਗਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰੁਜ਼ਗਾਰ ਕੇਂਦਰਾਂ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਰਜਿਸਟਰਡ ਬੇਰੁਜ਼ਗਾਰਾਂ ਦੀ ਗਿਣਤੀ ਕਿੰਨੀ ਸੀ ਅਤੇ ਇਨ੍ਹਾਂ ਵਿਚੋਂ ਹਰ ਸਾਲ ਇਨ੍ਹਾਂ ਕੇਦਰਾਂ ਰਾਹੀਂ ਕਿੰਨੇ ਬੇਰੁਜ਼ਗਾਰਾਂ ਨੂੰ ਰੋਜ਼ਗਾਰ ਦਿੱਤਾ ਗਿਆ ਹੈ?

ਸਰਦਾਰ ਅਜੀਤ ਸਿੰਘ ਕੋਹਾੜ : ਪਿਛਲੇ ਤਿੰਨ ਸਾਲਾਂ ਦੌਰਾਨ ਰਜਿਸਟਰਡ ਬੇਰੁਜ਼ਗਾਰਾਂ ਦੀ ਗਿਣਤੀ ਅਤੇ ਹਰ ਸਾਲ ਇਨ੍ਹਾਂ ਕੇਂਦਰਾਂ ਰਾਹੀਂ ਕਿੰਨੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਗਿਆ ਹੈ, ਉਹ ਹੇਠ ਅਨੁਸਾਰ ਹੈ:-

ਸਾਲ	ਲਾਈਵ ਰਜਿਸਟਰ	ਪਲੇਸਿੰਗ
2009	3,78,087	3,409
2010	3,78,120	6,244
2011	3,54,669	5,519

ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਤੋਂ ਵੈਟ ਦਰ ਘਟਾਉਣਾ

***242. (ਸੀ.ਯੂ.) ਸ੍ਰੀ ਅਸ਼ਵਨੀ ਸੇਖੜੀ :** ਕੀ ਉੱਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਤੋਂ ਵੈਟ ਘਟਾਉਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਵਿਸਥਾਰ ਦਿੱਤਾ ਜਾਵੇ?

ਸਰਦਾਰ ਸੁਖਬੀਰ ਸਿੰਘ ਬਾਦਲ : ਨਹੀਂ ਜੀ

ਸਤਲੁਜ ਦਰਿਆ ਉਤੇ ਪ੍ਰਦੂਸ਼ਣ ਚੈੱਕ ਪੁਆਇੰਟ

***244. (ਸੀ.ਯੂ.) ਸ਼੍ਰੀਮਤੀ ਕਰਨ ਕੌਰ ਬਰਾੜ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਪ੍ਰਦੂਸ਼ਣ ਦੇ ਪੱਧਰ ਦੀ ਜਾਂਚ ਕਰਨ ਲਈ ਸਤਲੁਜ ਦਰਿਆ ਤੇ ਕਿੰਨੇ ਚੈੱਕ ਪੁਆਇੰਟ ਹਨ ਅਤੇ ਪ੍ਰਦੂਸ਼ਣ ਦੇ ਪੱਧਰ ਦੀ ਜਾਂਚ ਕਰਨ ਲਈ ਕਿੰਨੇ ਸਮੇਂ ਬਾਅਦ ਸੈਂਪਲ ਲਏ ਜਾਂਦੇ ਹਨ;

(ਅ) ਉਕਤ ਦਰਿਆ ਵਿੱਚ ਰਹਿੰਦ-ਖੂੰਹਦ ਨੂੰ ਸੁੱਟਣ ਤੋਂ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ : ਸ਼੍ਰੀਮਾਨ ਜੀ, (ੳ) ਦਰਿਆ ਸਤਲੁਜ ਵਿੱਚ

[ਮੁੱਖ ਮੰਤਰੀ]

ਪ੍ਰਦੂਸ਼ਣ ਦੇ ਪੱਧਰ ਦੀ ਜਾਂਚ ਕਰਨ ਲਈ ਨੰਗਲ ਤੋਂ ਲੈ ਕੇ ਹੁਸੈਨੀਵਾਲਾ ਤੱਕ 15 ਚੈੱਕ ਪੁਆਇੰਟ ਲਗਾਏ ਗਏ ਹਨ ਅਤੇ ਹਰ ਤਿੰਨ ਮਹੀਨਿਆਂ ਬਾਅਦ ਦਰਿਆ ਦੇ ਪਾਣੀ ਦੇ ਸੈਂਪਲ ਲਏ ਜਾਂਦੇ ਹਨ।

(ਅ) ਸਤਲੁਜ ਦਰਿਆ ਵਿੱਚ ਗੰਧਲੇ ਉਤਪ੍ਰਵਾਹ ਨੂੰ ਰੋਕਣ ਲਈ ਸਰਕਾਰ ਵੱਲੋਂ ਕੀਤੀ ਕਾਰਵਾਈ ਦੇ ਵੇਰਵੇ ਅਨੁਲੱਗ 'ੳ' ਅਨੁਸਾਰ ਹਨ।

ਅਨੁਲੱਗ 'ੳ'

1. ਸੀਵਰੇਜ ਟਰੀਟਮੈਂਟ

(ੳ) ਪੰਜਾਬ ਰਾਜ ਵਿੱਚ 18 ਕਸਬੇ/ਸ਼ਹਿਰ ਜੋ ਕਿ ਸਤਲੁਜ ਦੇ ਕੰਢੇ ਤੇ ਵਸੇ ਹੋਏ ਹਨ, ਉਨ੍ਹਾਂ ਲਈ ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ) ਲਗਾਏ ਜਾ ਰਹੇ ਹਨ। ਇਨ੍ਹਾਂ ਵਿਚੋਂ 6 ਸ਼ਹਿਰਾਂ ਵਿੱਚ 8 ਸੀਵਰੇਜ ਟਰੀਟਮੈਂਟ ਪਲਾਂਟ ਲੱਗ ਚੁੱਕੇ ਹਨ। ਇਹ ਨੰਗਲ, ਅਨੰਦਪੁਰ ਸਾਹਿਬ, ਫਿਲੌਰ, ਲੁਧਿਆਣਾ (3 ਨੰਬਰ ਐਸ.ਟੀ.ਪੀਜ਼), ਫਗਵਾੜਾ ਅਤੇ ਜਲੰਧਰ ਹਨ।

(ਅ) ਬਾਕੀ ਦੇ ਰਹਿੰਦੇ 12 ਸ਼ਹਿਰ ਰੂਪਨਗਰ, ਕੁਰਾਲੀ, ਮਾਛੀਵਾੜਾ, ਸ਼ਹੀਦ ਭਗਤ ਸਿੰਘ ਨਗਰ, ਬੰਗਾ, ਹੁਸ਼ਿਆਰਪੁਰ, ਮੋਗਾ, ਮੱਖੂ, ਧਰਮਕੋਟ, ਜ਼ੀਰਾ, ਤਲਵੰਡੀ ਭਾਈ ਅਤੇ ਫਿਰੋਜ਼ਪੁਰ ਹਨ। ਇਨ੍ਹਾਂ ਵਿੱਚ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਵੱਲੋਂ ਸੀਵੇ ਜ ਟਰੀਟਮੈਂਟ ਪਲਾਂਟ ਲਗਾਉਣ ਦਾ ਕੰਮ ਚਾਲੂ ਕੀਤਾ ਹੋਇਆ ਹੈ।

2. ਉਦਯੋਗਿਕ ਐਫਲੂਐਂਟ ਟਰੀਟਮੈਂਟ

(ੳ) ਲੁਧਿਆਣਾ ਸ਼ਹਿਰ ਵਿਖੇ 8 ਵੱਡੀਆਂ ਅਤੇ ਮੱਧਮ ਦਰਜੇ ਦੀਆਂ ਇਲੈਕਟਰੋਪਲੇਟਿੰਗ ਉਦਯੋਗਾਂ ਨੇ ਜ਼ੀਰੋ ਲਿਕੂਅਡ ਡਿਸਚਾਰਜ ਤਕਨੀਕ ਨੂੰ ਅਪਣਾਇਆ ਹੈ।

(ਅ) ਲੁਧਿਆਣਾ ਸ਼ਹਿਰ ਵਿਖੇ 625 ਛੋਟੇ ਦਰਜੇ ਦੀਆਂ ਇਲੈਕਟਰੋਪਲੇਟਿੰਗ ਇਕਾਈਆਂ ਲਈ ਜ਼ੀਰੋ ਲਿਕੂਅਡ ਡਿਸਚਾਰਜ ਤਕਨੀਕ ਤੇ ਆਧਾਰਿਤ ਸਾਂਝਾ ਜਲ ਸੋਧਕ ਯੰਤਰ (ਕਾਮਨ ਐਫਲੂਐਂਟ ਟਰੀਟਮੈਂਟ ਪਲਾਂਟ) ਚਲ ਰਿਹਾ ਹੈ।

(ੲ) ਜਲੰਧਰ ਦੇ 150 ਤੋਂ ਵੱਧ ਇਲੈਕਟਰੋਪਲੇਟਿੰਗ ਉਦਯੋਗਾਂ ਨੇ ਆਪਣੇ ਉਤਪ੍ਰਵਾਹ ਨੂੰ ਸੋਧਣ ਲਈ ਸਾਂਝੇ ਜਲ ਸੋਧਕ ਯੰਤਰ, ਲੁਧਿਆਣਾ ਨੂੰ ਅਪਣਾਇਆ ਹੈ।

(ਸ) ਲੁਧਿਆਣਾ ਦੇ ਕੱਪੜਾ ਰੰਗਾਈ ਕਰਨ ਵਾਲੇ ਛੋਟੇ ਕਾਰਖਾਨਿਆਂ (ਟੈਕਸਟਾਈਲ ਡਾਇੰਗ ਇਕਾਈਆਂ) ਲਈ ਦੋ ਕਾਮਨ ਐਫਲੂਐਂਟ ਟਰੀਟਮੈਂਟ ਪਲਾਂਟ ਲਗਾਉਣ ਦੀ ਤਜਵੀਜ਼ ਹੈ।

(ਹ) ਫਗਵਾੜਾ ਸ਼ਹਿਰ ਦੀਆਂ ਤਿੰਨੋਂ ਮੁੱਖ ਸਨਅਤਾਂ ਜੋ ਸਤਲੁਜ ਦਰਿਆ ਵਿੱਚ ਆਪਣਾ ਉਤਪ੍ਰਵਾਹ ਪਾਉਂਦੀਆਂ ਸਨ, ਵੱਲੋਂ ਆਪਣੇ ਐਫਲੂਐਂਟ ਟਰੀਟਮੈਂਟ ਪਲਾਂਟ ਲਗਾ ਲਏ ਗਏ ਹਨ।

(ਕ) ਜਲੰਧਰ ਵਿਖੇ ਇੱਕ ਨਵਾਂ 5 ਐਮ.ਐਲ.ਡੀ. ਦੀ ਸਮਰੱਥਾ ਵਾਲਾ ਸਾਂਝਾ ਟਰੀਟਮੈਂਟ ਪਲਾਂਟ ਲੈਦਰ ਕੰਪਲੈਕਸ ਵਿਖੇ ਲਗਾਇਆ ਗਿਆ ਹੈ ਅਤੇ ਅਕਤੂਬਰ, 2010 ਵਿਚ ਚਾਲੂ ਕੀਤਾ ਗਿਆ ਹੈ।

3. ਸੋਧੇ ਹੋਏ ਪਾਣੀ ਦੀ ਮੁੜ ਵਰਤੋਂ

ਦਰਿਆਵਾਂ ਵਿੱਚ ਸਾਫ ਕੀਤੇ ਪਾਣੀ ਦਾ ਉਤਪ੍ਰਵਾਹ ਬੰਦ ਕਰਨ ਅਤੇ ਇਸ ਨੂੰ ਖੇਤੀਬਾੜੀ ਮੰਤਵ ਲਈ ਵਰਤਣ ਲਈ ਪੰਜਾਬ ਸਰਕਾਰ ਵੱਲੋਂ 333.90 ਕਰੋੜ ਰੁਪਏ ਦੀਆਂ ਸਿੰਜਾਈ ਸਕੀਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

ਫਤਿਹਗੜ੍ਹ ਸਾਹਿਬ ਵਿਖੇ ਸੀਵਰੇਜ ਸਿਸਟਮ

***247. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਫਤਿਹਗੜ੍ਹ ਸਾਹਿਬ ਵਿਖੇ ਸੀਵਰੇਜ ਸਿਸਟਮ ਵਿਛਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਥੇ ਸੀਵਰੇਜ ਸਿਸਟਮ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

ਸ਼੍ਰੀ ਚੂਨੀ ਲਾਲ ਭਗਤ : ਫਤਿਹਗੜ੍ਹ ਸਾਹਿਬ ਵਿਖੇ ਬਾਕੀ ਰਹਿੰਦੀ 62 ਪ੍ਰਤੀਸ਼ਤ ਆਬਾਦੀ ਨੂੰ ਸੀਵਰੇਜ ਦੀ ਸਹੂਲਤ ਦੇਣ ਲਈ ਸੀਵਰੇਜ ਵਿਛਾਉਣ ਦੀ ਤਜਵੀਜ਼ ਸਾਲ 2013-14 ਲਈ ਸਰਕਾਰ ਦੇ ਵਿਚਾਰ ਅਧੀਨ ਹੈ।

ਫਤਿਹਗੜ੍ਹ ਸਾਹਿਬ ਵਿਖੇ ਪੀਣਯੋਗ ਪਾਣੀ ਦੀ ਸਪਲਾਈ

***248. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਫਤਿਹਗੜ੍ਹ ਸਾਹਿਬ ਵਿਖੇ ਪੀਣਯੋਗ ਪਾਣੀ ਦੀ ਸਪਲਾਈ ਜ਼ਰੂਰਤ ਮੁਤਾਬਿਕ ਪੂਰੀ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਉਥੇ ਨਵੀਆਂ ਜਲ ਸਪਲਾਈ ਲਾਈਨਾਂ ਵਿਛਾਉਣ ਉਤੇ ਵਿਚਾਰ ਕਰੇਗੀ?

ਸ਼੍ਰੀ ਚੂਨੀ ਲਾਲ ਭਗਤ : ਫਤਿਹਗੜ੍ਹ ਸਾਹਿਬ ਵਿਖੇ 80 ਪ੍ਰਤੀਸ਼ਤ ਆਬਾਦੀ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ, ਬਾਕੀ 20 ਪ੍ਰਤੀਸ਼ਤ ਆਬਾਦੀ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਾਉਣ ਲਈ ਰਾਜ ਸਰਕਾਰ ਵੱਲੋਂ 7.08 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕਰ ਦਿੱਤੀ ਗਈ ਹੈ।

ਫਤਿਹਗੜ੍ਹ ਸਾਹਿਬ ਵਿਖੇ 24 ਘੰਟੇ ਬਿਜਲੀ ਸਪਲਾਈ

***249. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਤਿਹਗੜ੍ਹ ਸਾਹਿਬ ਵਿਖੇ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਾਉਣ ਬਾਰੇ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਥੇ 24 ਘੰਟੇ ਬਿਜਲੀ ਸਪਲਾਈ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

ਸਰਦਾਰ ਪਰਕਾਸ਼ ਸਿੰਘ ਬਾਦਲ : ਫਤਿਹਗੜ੍ਹ ਸਾਹਿਬ ਨੂੰ ਪਹਿਲਾ ਹੀ 24 ਘੰਟੇ ਬਿਜਲੀ ਸਪਲਾਈ, ਜ਼ਿਲ੍ਹਾ ਹੈੱਡ ਕੁਆਰਟਰ ਹੋਣ ਕਰਕੇ ਮਿਲ ਰਹੀ ਹੈ। ਇਸ ਲਈ ਹੋਰ ਕੋਈ ਯੋਜਨਾ ਬਣਾਉਣ ਦੀ ਲੋੜ ਨਹੀਂ ਹੈ।

ਫਤਿਹਗੜ੍ਹ ਸ[illegible] ਵਿੱਚ ਪੈਂਦੀਆਂ ਸੜਕਾਂ ਦੀ ਮੁਰੰਮਤ

***251 (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਤਿਹਗੜ੍ਹ ਸਾਹਿਬ ਵਿੱਚ ਪੈਂਦੀਆਂ ਜੀ.ਟੀ.ਰੋਡ ਸਿਨਾਲੋ ਤੋਂ ਸੌੜਾ ਹੈੱਡ, ਬਡਾਲੀ ਆਲਾ ਸਿੰਘ ਤੋਂ ਜਮੀਤਗੜ੍ਹ ਮਨਹੇੜਾ ਜੱਟਾਂ, ਖਰੋੜਾ ਤੋਂ ਬਦੋਸੀ ਕਲਾਂ, ਸਰਹਿੰਦ ਪਟਿਆਲਾ ਰੋਡ ਤੋਂ ਨੰਦਪੁਰ ਖੇਸੋ ਤੋਂ ਹੱਲੋਂ ਤਾਲੀ, ਜੀ.ਟੀ.ਰੋਡ ਤੋਂ ਤਜਿੰਦਰਗੜ੍ਹ, ਬਰਾਸ ਤੋ ਰਸੂਲਪੁਰ, ਬਰਾਸ ਤੋਂ ਰਾਮਪੁਰ ਨਡਿਆਲੀ ਅਤੇ ਭਗੜਾਨਾ ਤੋਂ ਸਹੈ ਵਨਜਾਰਾ ਸੜਕਾਂ ਦੀ ਬਹੁਤ ਮਾੜੀ ਹਾਲਤ ਦੇ ਮੱਦੇ ਨਜ਼ਰ ਇਨ੍ਹਾਂ ਦੀ ਜਲਦੀ ਮੁਰੰਮਤ ਕਰਵਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਨ੍ਹਾਂ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ?

ਸਰਦਾਰ ਪਰਕਾਸ਼ ਸਿੰਘ ਬਾਦਲ : ਪ੍ਰਸ਼ਨ ਵਿੱਚ ਦਰਸਾਈਆਂ ਸੜਕਾਂ ਦੀ ਮੁਰੰਮਤ ਸਬੰਧੀ ਤਜਵੀਜ਼ ਅਨੁਲੱਗ 'ੳ' ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ 'ੳ'

ਲੜੀ ਨੰ:	ਸੜਕ ਦਾ ਨਾਂ	ਲੰਬਾਈ (ਕਿ:ਮੀ:)	ਪਿਛਲੀ ਮੁਰੰਮਤ ਦਾ ਮਹੀਨਾ/ਸਾਲ	ਰਿਪੇਅਰ ਦੀ ਤਜਵੀਜ਼
1	ਜੀ.ਟੀ. ਰੋੜ ਤੋਂ ਚਨਾਲੋਂ ਸੌਂਢਾ ਹੈੱਡ	6.54	06/2005	ਇਹ ਸੜਕ ਰਿਪੇਅਰ ਲਈ ਡਿਊ ਹੈ ਪਰ ਹਾਲ ਦੀ ਘੜੀ ਇਸ ਸੜਕ ਨੂੰ ਰਿਪੇਅਰ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।
2	ਬਡਾਲੀ ਆਲਾ ਸਿੰਘ ਤੋਂ ਜਮੀਤਗੜ੍ਹ ਮਨਹੇੜਾ ਜੱਟਾਂ	2.06	09/2006	ਕੁੱਲ ਲੰਬਾਈ ਵਿੱਚੋਂ 0.60 ਕਿ:ਮੀ: ਰਿਪੇਅਰ ਦੀ ਪ੍ਰਵਾਨਗੀ ਮਾਰਕਿਟ

				ਕਮੇਟੀ ਫੰਡਾਂ ਵਿੱਚੋਂ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਸੜਕ ਹਾਲ ਦੀ ਘੜੀ ਠੀਕ ਹੈ।
3	ਖਰੋੜਾ ਤੋਂ ਬਦੋਸ਼ੀ ਕਲਾਂ	3.63	03/2005	ਇਸ ਸੜਕ ਦੀ ਹਾਲਤ ਕਾਫੀ ਖਰਾਬ ਹੈ ਅਤੇ ਇਸ ਸੜਕ ਨੂੰ ਮੁਰੰਮਤ ਕਰਨ ਲਈ ਕੇਸ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪ੍ਰਵਾਨਗੀ ਲਈ ਭੇਜਿਆ ਹੈ।
4	ਸਰਹਿੰਦ ਪਟਿਆਲਾ ਰੋਡ ਤੋਂ ਨੰਦਪੁਰ ਖੇਸੋ ਤੋਂ ਹੱਲੋਂ ਤਾਲੀ	8.99	10/2004	ਇਸ ਸੜਕ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ ਅਤੇ ਇਸ ਸੜਕ ਨੂੰ ਮੁਰੰਮਤ ਕਰਨ ਲਈ ਕੇਸ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪ੍ਰਵਾਨਗੀ ਲਈ ਭੇਜਿਆ ਹੈ।
5	ਜੀ.ਟੀ ਰੋਡ ਤੋਂ ਤਜਿੰਦਰਗੜ੍ਹ, ਬਰਾਸ ਤੋਂ ਰਸੂਲਪੁਰ, ਬਰਾਸ ਰਾਮਪੁਰ	14.74	04/2005	ਇਹ ਸੜਕ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ ਅਤੇ ਰਿਪੇਅਰ ਲਈ ਕੇਸ ਨਬਾਰਡ-17 ਸਕੀਮ ਅਧੀਨ ਪ੍ਰਵਾਨਗੀ ਲਈ ਭੇਜਿਆ ਹੈ।
6	ਰਾਮਪੁਰ ਤੋਂ ਨੜਿਆਲੀ	4.00	06/2006	ਇਸ ਸੜਕ ਦੀ ਹਾਲਤ ਕਾਫੀ ਜ਼ਿਆਦਾ ਖਰਾਬ ਹੈ ਅਤੇ ਹਾਲ ਦੀ ਘੜੀ ਇਸ ਸੜਕ ਦੀ ਰਿਪੇਅਰ ਸਬੰਧੀ ਕੋਈ ਤਜਵੀਜ਼ ਨਹੀਂ ਹੈ।

[ਮੁੱਖ ਮੰਤਰੀ]

7	ਭਗੜਾਣਾਂ ਤੋਂ ਸਹੈ ਵਣਜਾਰਾ	7.10	09/2006	ਇਹ ਸੜਕ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ। ਰਿਪੇਅਰ ਹੈਡ 3054-ਨਾਨ ਪਲਾਨ ਸਕੀਮ ਅਧੀਨ ਪ੍ਰਵਾਨ ਹੋ ਚੁੱਕੀ ਹੈ। ਜਲਦੀ ਹੀ ਕੰਮ ਸ਼ੁਰੂ ਕੀਤਾ ਜਾਵੇਗਾ।

ਫਤਿਹਗੜ੍ਹ ਸਾਹਿਬ ਵਿਖੇ ਸਰਕਾਰੀ ਕਾਲਜ ਖੋਲ੍ਹਣਾ

***254. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਤਿਹਗੜ੍ਹ ਸਾਹਿਬ ਵਿਖੇ ਸਰਕਾਰੀ ਕਾਲਜ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉੱਥੇ ਸਰਕਾਰੀ ਕਾਲਜ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ?

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ, ਸ਼੍ਰੀਮਾਨ ਜੀ। ਫਤਿਹਗੜ੍ਹ ਸਾਹਿਬ ਵਿਖੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਸਹਿਕਾਰੀ ਕਰਜੇ ਦੀ ਵਿਆਜ ਦਰ

***255. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਭਾਵਾਂ ਨੂੰ ਸੈਂਟਰਲ ਕੋਆਪ੍ਰੇਟਿਵ ਬੈਂਕਾਂ ਵੱਲੋਂ ਦਿੱਤੇ ਜਾਂਦੇ ਕਰਜ਼ੇ ਉਤੇ ਵਿਆਜ ਦੀ ਦਰ ਕਿੰਨੀ ਹੈ ਅਤੇ ਕੀ ਇਸ ਵਿੱਚ ਪਿਛਲੇ ਸਮੇਂ ਦੌਰਾਨ ਕੋਈ ਵਾਧਾ ਕੀਤਾ ਗਿਆ ਹੈ; ਜੇਕਰ ਕੀਤਾ ਗਿਆ ਹੈ ਤਾਂ ਵਧੀ ਹੋਈ ਦਰ ਨਾਲ ਪੰਜਾਬ ਭਰ ਦੀਆਂ ਇਨ੍ਹਾਂ ਸਭਾਵਾਂ ਉਤੇ ਕਿੰਨਾ ਵਾਧੂ ਬੋਝ ਪਿਆ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਸੈਂਟਰਲ ਕੋਆਪ੍ਰੇਟਿਵ ਬੈਂਕਾਂ ਵੱਲੋਂ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਦਿੱਤੇ ਜਾਂਦੇ ਕਰਜੇ ਉਤੇ ਮੌਜੂਦਾ ਵਿਆਜ ਦੀ ਦਰ 5% ਸਲਾਨਾ ਹੈ।

ਮਿਤੀ 1.4.2011 ਤੋਂ ਵਿਆਜ ਦੀ ਦਰ 4.50% ਸਲਾਨਾ ਤੋਂ ਵਧਾ ਕੇ 5.0% ਸਲਾਨਾ ਕੀਤੀ ਗਈ ਹੈ।

ਵਿਆਜ ਵਿੱਚ ਇਸੇ ਵਾਧੇ ਦੀ ਦਰ ਨਾਲ ਪੰਜਾਬ ਭਰ ਦੀਆਂ ਤਕਰੀਬਨ 3500

ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਤੇ ਲਗਭਗ 23.70 ਕਰੋੜ ਰੁਪਏ ਦਾ ਸਲਾਨਾ ਬੋਝ ਪਵੇਗਾ।

ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਲਈ ਸੋਧੇ ਹੋਏ ਤਨਖਾਹ ਸਕੇਲ

***256. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਵਿੱਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਮੁਲਾਜ਼ਮਾਂ ਨੂੰ ਪੰਜਵੇਂ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਗਰੇਡ ਦੇ ਦਿੱਤੇ ਗਏ ਹਨ; ਜੇਕਰ ਦਿੱਤੇ ਗਏ ਹਨ ਤਾਂ ਇਹ ਕਿਸ ਮਿਤੀ ਤੋਂ ਦਿੱਤੇ ਗਏ ਹਨ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸ਼੍ਰੀਮਾਨ ਜੀ, ਵਿੱਤ ਵਿਭਾਗ ਨੇ ਆਪਣੇ ਨੋਟੀਫਿਕੇਸ਼ਨ ਨੰ: 7/104/2011-5ਵਿਪ੍ਰ 1/1518, ਮਿਤੀ 23.12.2011 ਰਾਹੀਂ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਭਾਵਾਂ, ਜੋ ਪਿਛਲੇ 3 ਸਾਲਾਂ ਤੋਂ ਲਗਾਤਾਰ ਮੁਨਾਫੇ ਵਿੱਚ ਹਨ, ਦੇ ਮੁਲਾਜ਼ਮਾਂ ਨੂੰ ਪੰਜਵੇਂ ਤਨਖਾਹ ਕਮਿਸ਼ਨ ਦੇ ਪੇ-ਸਕੇਲ ਦੇ ਬਰਾਬਰ ਤਨਖਾਹ ਸਕੇਲ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਇਹ ਹਦਾਇਤਾਂ ਮਿਤੀ 1.12.2011 ਤੋਂ ਲਾਗੂ ਹਨ।

ਕੈਸ਼ ਕਰੈਡਿਟ ਲਿਮਟ ਦਾ ਖਰਚਾ

***257. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕਿਸਾਨਾਂ ਦੁਆਰਾ ਸੈਂਟਰਲ ਕੋਆਪ੍ਰੇਟਿਵ ਬੈਂਕਾਂ ਵਿੱਚ ਖੇਤੀਬਾੜੀ ਲਈ (Revolving Cash Credit Limit) ਬਣਾਉਣ ਉਤੇ ਬੈਂਕਾਂ ਵੱਲੋਂ ਪ੍ਰਤੀ ਲੱਖ ਕਿੰਨਾ ਵਾਧੂ ਖਰਚਾ ਪਾਇਆ ਜਾਂਦਾ ਹੈ ਅਤੇ ਜੋ ਕਿਸਾਨ ਇਹ ਲਿਮਟ ਬਣਾਉਣ ਉਪਰੰਤ ਵੀ ਇਸ ਦੀ ਵਰਤੋਂ ਨਹੀਂ ਕਰਦੇ, ਕੀ ਉਨ੍ਹਾਂ ਦੇ ਖਾਤਿਆਂ ਵਿੱਚ ਖਰਚਾ ਡੈਬਿਟ ਕਰ ਦਿੱਤਾ ਜਾਂਦਾ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਰਿਵਾਲਵਿੰਗ ਕੈਸ਼ ਕਰੈਡਿਟ ਦੀ 1.00/-ਲੱਖ ਰੁਪਏ ਦੀ ਲਿਮਟ ਤੇ ਕੇਵਲ 100/- ਰੁਪਏ (ਇੱਕ ਸੌ ਰੁਪਏ) ਪ੍ਰਤੀ ਸਾਲ ਸਰਵਿਸ ਚਾਰਜ ਲਗਾਇਆ ਜਾਂਦਾ ਹੈ, ਜੋ ਕਿ ਲਿਮਟ ਨਾ ਵਰਤਣ ਦੀ ਸੂਰਤ ਵਿੱਚ ਵੀ ਲਿਆ ਜਾਂਦਾ ਹੈ।

ਸਹਿਕਾਰਤਾ ਵਿਭਾਗ ਵਿਚ ਸੁਧਾਰ

***258. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਨਾਗਰਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਵੱਲੋਂ ਸਹਿਕਾਰਤਾ ਵਿਭਾਗ ਦੇ ਸੁਧਾਰ ਲਈ ਵੈਦਿਆਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰ ਦਿੱਤੀਆਂ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਲਾਗੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਪੰਜਾਬ ਸਰਕਾਰ ਵੱਲੋਂ ਵੈਦਿਆਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਜੇ ਲਾਗੂ ਨਹੀਂ ਹੋ ਸਕੀਆਂ। ਪੰਜਾਬ ਸਰਕਾਰ ਵੱਲੋਂ ਭਾਰਤ ਸਰਕਾਰ ਦੇ ਵਿੱਤ ਵਿਭਾਗ ਅਤੇ ਨਾਬਾਰਡ ਦੇ ਨਾਲ ਮਿਤੀ 29-1-2008 ਨੂੰ ਵੈਦਿਆਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਇਕ ਐਮ.ਓ.ਯੂ ਤੇ ਦਸਤਖਤ ਕੀਤੇ। ਇਸ ਐਮ.ਓ.ਯੂ ਦੇ ਅਨੁਸਾਰ ਪੰਜਾਬ ਸਹਿਕਾਰੀ ਸਭਾਵਾਂ ਐਕਟ, 1961 ਵਿੱਚ ਕੁਝ ਤਰਮੀਮਾਂ ਕਰਨੀਆਂ ਸਨ। ਪੰਜਾਬ ਸਰਕਾਰ ਵੱਲੋਂ ਇਹ ਤਰਮੀਮਾਂ ਦੀ ਤਜਵੀਜ਼ ਨਾਬਾਰਡ ਨੂੰ ਭੇਜੀ ਗਈ। ਨਾਬਾਰਡ ਵੱਲੋਂ ਇਨ੍ਹਾਂ ਤਜਵੀਜ਼ਤ ਤਰਮੀਮਾਂ ਤੇ ਟਿੱਪਣੀ ਕਰਕੇ ਵਾਪਿਸ ਭੇਜ ਦਿੱਤਾ ਗਿਆ। ਨਾਬਾਰਡ ਤੋਂ ਪ੍ਰਾਪਤ ਇਸ ਟਿੱਪਣੀ ਦਾ ਜਵਾਬ ਸਰਕਾਰ ਵੱਲੋਂ ਮਿਤੀ 16-3-2012 ਨੂੰ ਨਾਬਾਰਡ ਨੂੰ ਭੇਜ ਦਿੱਤਾ ਗਿਆ ਹੈ। ਨਾਬਾਰਡ ਪਾਸੋਂ ਜਵਾਬ ਪ੍ਰਾਪਤ ਹੋਣ ਮਗਰੋਂ ਹੀ ਅਗਲੀ ਲੋੜੀਂਦੀ ਕਾਰਵਾਈ ਹੋ ਸਕੇਗੀ।

ਮੁਕੇਰੀਆਂ ਦੇ ਬੱਸ ਸਟੈਂਡ ਦੀ ਇਮਾਰਤ ਦੀ ਮੁਰੰਮਤ

***259. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਵਿਖੇ ਬੱਸ ਸਟੈਂਡ ਦੀ ਇਮਾਰਤ ਦੀ ਖਸਤਾ ਹਾਲਤ ਨੂੰ ਸੁਧਾਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ-ਅਧੀਨ ਹੈ; ਜੇਕਰ ਹੈ ਤਾਂ ਇਹ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

ਸਰਦਾਰ ਅਜੀਤ ਸਿੰਘ ਕੋਹਾੜ : ਹਾਂ ਜੀ। ਇਹ ਕੰਮ ਅਲਾਟ ਕਰ ਦਿੱਤਾ ਗਿਆ ਹੈ।

ਮੁਕੇਰੀਆਂ ਵਿਖੇ ਸਰਕਾਰੀ ਕਾਲਜ ਖੋਲ੍ਹਣਾ

***260. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਵਿਖੇ ਸਰਕਾਰੀ ਕਾਲਜ ਖੋਲਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉੱਥੇ ਸਰਕਾਰੀ ਕਾਲਜ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ?

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ, ਸ਼੍ਰੀਮਾਨ ਜੀ। ਮੁਕੇਰੀਆਂ ਵਿਖੇ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮੁਕੇਰੀਆਂ ਵਿਖੇ ਕੂੜਾ ਕਰਕਟ ਦੀ ਡੰਪਿੰਗ

***261. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਮੁਕੇਰੀਆਂ ਵਿਖੇ ਕੂੜਾ ਸੁੱਟਣ ਲਈ ਡੰਪਿੰਗ ਗਰਾਊਂਡ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਣ ਜਾਵੇਗਾ?

ਸ਼੍ਰੀ ਚੂਨੀ ਲਾਲ ਭਗਤ : ਮੁਕੇਰੀਆਂ ਸ਼ਹਿਰ ਦਾ ਕੂੜਾ ਕਰਕਟ ਕਾਲਾ ਮੰਝ ਕਲੋਨੀ ਵਿਖੇ 4 ਏਕੜ ਦੇ ਡੰਪਿੰਗ ਗਰਾਊਂਡ ਵਿੱਚ ਸੁੱਟਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੁਕੇਰੀਆਂ ਵਿਖੇ ਕੂੜਾ ਸੁੱਟਣ ਲਈ ਡੰਪਿੰਗ ਗਰਾਊਂਡ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਬੁੱਢਾਬੜ ਵਿਖੇ ਪਾਣੀ ਦੀ ਟੈਂਕੀ ਦੀ ਮੁਰੰਮਤ

***262. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਮੁਕੇਰੀਆਂ ਹਲਕੇ ਦੇ ਪਿੰਡ ਬੁੱਢਾਬੜ ਵਿਖੇ ਲੱਗੀ ਪਾਣੀ ਦੀ ਟੈਂਕੀ ਖਸਤਾ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁੜ ਉਸਾਰੀ ਜਾਂ ਮੁਰੰਮਤ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

ਸਰਦਾਰ ਪਰਕਾਸ਼ ਸਿੰਘ ਬਾਦਲ : ਸ਼੍ਰੀਮਾਨ ਜੀ, ਪਿੰਡ ਬੁੱਢਾਬੜ ਦੀ ਪਾਣੀ ਦੀ ਟੈਂਕੀ ਪੁਰਾਣੀ ਹੈ ਜੋ ਕਿ ਅਕਤੂਬਰ, 2004 ਤੋਂ ਗ੍ਰਾਮ ਪੰਚਾਇਤ ਦੇ ਅਧੀਨ ਹੈ। ਇਸ ਦੀ ਮੁਰੰਮਤ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਕਰਵਾ ਦਿੱਤੀ ਜਾਵੇਗੀ।

ਨਾਭਾ ਵਿਖੇ ਸੀਵਰੇਜ ਪ੍ਰਬੰਧ

***265. (ਸੀ.ਯੂ.) ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਨਾਭਾ ਸ਼ਹਿਰ ਵਿਖੇ ਸੀਵਰੇਜ ਸਿਸਟਮ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਨਾਭਾ ਵਿਖੇ ਸੀਵਰੇਜ ਸਿਸਟਮ ਦੀ ਸਫਾਈ/ਮੁਰੰਮਤ ਕਰਨ ਲਈ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਤਜਵੀਜ਼ਤ ਹਨ?

ਸ਼੍ਰੀ ਚੂਨੀ ਲਾਲ ਭਗਤ : ਨਹੀਂ ਜੀ।

ਅਜਾਇਬ ਕਲੋਨੀ, ਨਾਭਾ ਨੂੰ ਮਿਉਂਸਿਪਲ ਹੱਦ ਅੰਦਰ ਲੈਣਾ

***267. (ਸੀ.ਯੂ.) ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਦੀ ਅਜਾਇਬ ਕਲੋਨੀ ਨਾ ਤਾਂ ਮਿਉਂਸਿਪਲ ਹੱਦ ਅੰਦਰ ਆਉਂਦੀ ਹੈ ਅਤੇ ਨਾ ਹੀ ਉਸ ਦੀ ਕੋਈ ਗਰਾਮ ਪੰਚਾਇਤ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਕਲੋਨੀ ਨੂੰ ਮਿਉਂਸਿਪਲ ਕੌਂਸਲ ਦੀ ਹਦੂਦ ਅੰਦਰ ਲਿਆਉਣ ਲਈ ਵਿਚਾਰ ਕਰੇਗੀ?

ਸ਼੍ਰੀ ਚੂਨੀ ਲਾਲ ਭਗਤ : ਹਾਂ ਜੀ, ਨਾਭਾ ਦੀ ਅਜਾਇਬ ਕਲੋਨੀ ਇਸ ਵੇਲੇ ਮਿਉਂਸਿਪਲ ਹੱਦ ਅੰਦਰ ਨਹੀਂ ਆਉਂਦੀ। ਰਿਜ਼ਨਲ ਡਿਪਟੀ ਡਾਇਰੈਕਟਰ, ਪਟਿਆਲਾ

[ਸਥਾਨਕ ਸਰਕਾਰ ਮੰਤਰੀ]

ਦੀ ਰਿਪੋਰਟ ਮਿਤੀ 23.4.2012 ਅਨੁਸਾਰ ਨਾਭਾ ਮਿਉਂਸਿਪਲ ਕਮੇਟੀ ਦੀਆਂ ਹੱਦਾਂ ਵਿੱਚ ਵਾਧਾ ਕਰਨ ਲਈ ਮਾਮਲਾ ਮਿਉਂਸਿਪਲ ਕੌਂਸਲ ਦੇ ਹਾਊਸ ਦੇ ਵਿਚਾਰ ਹਿਤ ਮੀਟਿੰਗ ਵਿੱਚ ਪੇਸ਼ ਕਰਨ ਦੀ ਤਜਵੀਜ਼ ਹੈ। ਉਸ ਉਪਰੰਤ ਜੇਕਰ ਕੋਈ ਤਜਵੀਜ਼ ਸਰਕਾਰ ਨੂੰ ਪ੍ਰਾਪਤ ਹੁੰਦੀ ਹੈ ਤਾਂ ਸਰਕਾਰ ਇਸ ਤੇ ਅਗਲੇਰੀ ਕਾਰਵਾਈ ਕਰੇਗੀ।

ਨਾਭਾ ਵਿਖੇ ਸਫਾਈ ਪ੍ਰਬੰਧ

***270. (ਸੀ.ਯੂ.) ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਾਭਾ ਸ਼ਹਿਰ ਦੇ ਨਾਲ ਲੱਗਦੀ ਮਲੇਰਕੋਟਲਾ ਸੜਕ ਉਪਰ ਕੂੜੇ ਦੇ ਵੱਡੇ ਵੱਡੇ ਢੇਰ ਲੱਗੇ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਚੁੱਕਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ?

ਸ੍ਰੀ ਚੂਨੀ ਲਾਲ ਭਗਤ : ਨਾਭਾ ਸ਼ਹਿਰ ਵਿਚ ਸ਼ਹਿਰ ਦੀ ਹਦੂਦ ਦੇ ਅੰਦਰ ਮਲੇਰਕੋਟਲਾ ਸੜਕ ਤੇ ਨਗਰ ਕੌਂਸਲ ਦਾ 4.30 ਏਕੜ ਵਿਚ ਆਪਣਾ ਡੰਪਿੰਗ ਗਰਾਊਂਡ ਹੈ। ਇਹ ਸਰਕਾਰ ਦੀ ਆਪਣੀ ਜਗ੍ਹਾ ਹੈ ਅਤੇ ਰਿਹਾਇਸ਼ੀ ਇਲਾਕੇ ਤੋਂ ਬਾਹਰ ਹੈ। ਸੋਲਿਡ ਵੇਸਟ ਮੈਨੇਜਮੈਂਟ ਰੂਲਜ ਅਨੁਸਾਰ ਇਸ ਡੰਪ ਵਿਚ ਪਏ ਕੂੜੇ ਉਤੇ ਮਿੱਟੀ ਪਾਈ ਜਾ ਰਹੀ ਹੈ ਅਤੇ ਇਹ ਕੰਮ ਚਲ ਰਿਹਾ ਹੈ। ਇਸ ਸਾਰੇ ਕੰਮ ਨੂੰ ਖਤਮ ਕਰਨ ਵਿਚ ਇਕ ਮਹੀਨੇ ਦਾ ਹੋਰ ਸਮਾਂ ਲੱਗੇਗਾ।

ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਅਮਲੇ ਦੀ ਭਰਤੀ

***276. (ਸੀ.ਯੂ.) ਸ੍ਰੀ ਸੁੰਦਰ ਸ਼ਾਮ ਅਰੋੜਾ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਵਿੱਚ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੀ ਭਰਤੀ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਭਰਤੀ ਕਦੋਂ ਤੱਕ ਕਰ ਦਿੱਤੀ ਜਾਵੇਗੀ।

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ ਜੀ।

ਹੁਸ਼ਿਆਰਪੁਰ ਨੂੰ ਨਗਰ ਨਿਗਮ ਦਾ ਦਰਜਾ ਦੇਣਾ

***277. (ਸੀ.ਯੂ.) ਸ੍ਰੀ ਸੁੰਦਰ ਸ਼ਾਮ ਅਰੋੜਾ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਹੁਸ਼ਿਆਰਪੁਰ ਨੂੰ ਨਗਰ ਨਿਗਮ ਦਾ ਦਰਜਾ ਦੇਣ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਹ ਦਰਜਾ ਦੇ ਦਿੱਤਾ ਜਾਵੇਗਾ?

ਸ਼੍ਰੀ ਚੂਨੀ ਲਾਲ ਭਗਤ : ਜੀ ਹਾਂ। ਨਗਰ ਕੌਂਸਲ, ਹੁਸ਼ਿਆਰਪੁਰ ਨੂੰ ਨਗਰ ਨਿਗਮ ਦਾ ਦਰਜਾ ਦੇਣ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਬਿਜਲੀ ਉਤਪਾਦਨ ਦਾ ਟੀਚਾ

***278. (ਸੀ.ਯੂ.) ਸ਼੍ਰੀ ਸੁੰਦਰ ਸ਼ਾਮ ਅਰੋੜਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਰਾਜ ਵਿਚ ਬਿਜਲੀ ਉਤਪਾਦਨ ਦਾ ਟੀਚਾ ਕਿੰਨਾ ਸੀ ਅਤੇ ਅਸਲ ਬਿਜਲੀ ਉਤਪਾਦਨ ਕਿੰਨਾ ਸੀ?

ਸਰਦਾਰ ਪਰਕਾਸ਼ ਸਿੰਘ ਬਾਦਲ : ਪਹਿਲਾਂ ਪੰਜਾਬ ਰਾਜ ਬਿਜਲੀ ਬੋਰਡ, ਹੁਣ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਬਿਜਲੀ ਉਤਪਾਦਨ ਅਤੇ ਟੀਚੇ ਹੇਠ ਲਿਖੇ ਅਨੁਸਾਰ ਹਨ:-

ਸਾਲ	ਟੀਚਾ (ਮਿਲੀਅਨ ਯੂਨਿਟ)	ਅਸਲ ਉਤਪਾਦਨ (ਮਿਲੀਅਨ ਯੂਨਿਟ)
2007-08	18700	20960.14
2008-09	19923	21125.75
2009-10	20943	22321.36
2010-11	22192	22929.73
2011-12	22425	24004.20

ਕਣਕ ਦੇ ਬੀਜ ਉਤੇ ਸਬਸਿਡੀ

***279. (ਸੀ.ਯੂ.) ਸਰਦਾਰ ਨਵਤੇਜ ਸਿੰਘ ਚੀਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਕਿਸਾਨਾਂ ਨੂੰ ਸਬਸਿਡੀ ਉਤੇ ਕਣਕ ਦਾ ਬੀਜ ਵੰਡਣ ਲਈ ਸਾਲ 2010-11 ਅਤੇ 2011-12 ਦੌਰਾਨ ਕੇਂਦਰ ਸਰਕਾਰ ਨੇ ਕਿਹੜੀ ਕਿਹੜੀ ਸਕੀਮ ਅਧੀਨ ਕਿੰਨੀ ਸਬਸਿਡੀ ਜਾਰੀ ਕੀਤੀ ਸੀ ਅਤੇ ਇਸ ਵਿਚੋਂ ਕਿਸਾਨਾਂ ਨੂੰ ਦਿੱਤੀ ਗਈ ਸਬਸਿਡੀ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ?

ਸਰਦਾਰ ਪਰਕਾਸ਼ ਸਿੰਘ ਬਾਦਲ : ਰਾਜ ਦੇ ਕਿਸਾਨਾਂ ਨੂੰ ਸਬਸਿਡੀ ਉੱਤੇ ਕਣਕ ਦਾ ਬੀਜ ਵੰਡਣ ਲਈ ਸਾਲ 2010-11 ਦੌਰਾਨ ਕੇਂਦਰ ਸਰਕਾਰ ਵੱਲੋਂ ਕੌਮੀ ਅੰਨ ਸੁਰੱਖਿਆ ਮਿਸ਼ਨ ਸਕੀਮ, ਮੈਕਰੋ ਮੈਨੇਜਮੈਂਟ ਵਰਕਪਲਾਨ ਸਕੀਮ ਅਤੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਸਕੀਮ ਅਧੀਨ ਕ੍ਰਮਵਾਰ 14,88,59,500/- ਰੁਪਏ, 5,55,98,400/- ਰੁਪਏ , 23,78,19,625/- ਰੁਪਏ ਅਤੇ ਸਾਲ 2011-12 ਦੌਰਾਨ ਕੌਮੀ ਅੰਨ ਸੁਰੱਖਿਆ ਮਿਸ਼ਨ ਸਕੀਮ ਅਤੇ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਸਕੀਮ ਅਧੀਨ ਕ੍ਰਮਵਾਰ 12,23,66,850/-

[ਮੁੱਖ ਮੰਤਰੀ]

ਰੁਪਏ, 4,56,00,000/- ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ।

ਪ੍ਰਾਪਤ ਰਾਸ਼ੀ ਵਿਚੋਂ ਸਾਲ 2010-11 ਅਤੇ 2011-12 ਦੌਰਾਨ ਕਿਸਾਨਾਂ ਨੂੰ ਕਣਕ ਦੇ ਬੀਜ ਤੇ ਦਿੱਤੀ ਗਈ ਸਬਸਿਡੀ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ-'ੳ' ਅਨੁਸਾਰ ਹੈ।

ਅਨੁਲੱਗ 'ੳ'

ਸਾਲ 2010-11 ਅਤੇ 2011-12 ਦੌਰਾਨ ਕਣਕ ਦੇ ਬੀਜ ਤੇ ਦਿੱਤੀ ਗਈ ਸਬਸਿਡੀ ਦਾ ਜ਼ਿਲ੍ਹਾਵਾਰ ਵੇਰਵਾ।

ਲੜੀ ਨੰ:	ਜ਼ਿਲ੍ਹਾ	ਸਬਸਿਡੀ ਦਾ ਵੇਰਵਾ (ਰੁਪਏ) ਸਾਲ 2010-11	ਸਾਲ 2011-12
1.	ਅੰਮ੍ਰਿਤਸਰ	11271700	10347800
2.	ਬਰਨਾਲਾ	2112400	3028650
3.	ਬਠਿੰਡਾ	49610662	29481700
4.	ਫਿਰੋਜ਼ਪੁਰ	41635225	36681400
5.	ਗੁਰਦਾਸਪੁਰ	12414400	9736875
6.	ਹੁਸ਼ਿਆਰਪੁਰ	7895038	14034100
7.	ਰੋਪੜ	2622425	2309475
8.	ਸੰਗਰੂਰ	13749600	11311650
9.	ਅਜੀਤਗੜ੍ਹ	988600	1534700
10.	ਤਰਨਤਾਰਨ	6559450	8738000
11.	ਲੁਧਿਆਣਾ	4036595	4233925
12.	ਪਟਿਆਲਾ	4347340	3967400
13.	ਮਾਨਸਾ	14563040	4730625
14.	ਮੋਗਾ	3542320	3350155
15.	ਸ਼੍ਰੀ ਮੁਕਤਸਰ ਸਾਹਿਬ	29084720	19190980
16	ਜਲੰਧਰ	5849680	2552200
17.	ਕਪੂਰਥਲਾ	3513880	5208800
18.	ਫਰੀਦਕੋਟ	3453100	3463920
19.	ਫਤਿਹਗੜ੍ਹ ਸਾਹਿਬ	4327220	1285445
20.	ਸ਼ਹੀਦ ਭਗਤ ਸਿੰਘ ਨਗਰ	2865620	6155760
	ਕੁੱਲ ਜੋੜ	**224443015**	**181343460**

ਨਾਭਾ ਸ਼ਹਿਰ ਵਿਚ ਬਾਂਦਰਾਂ ਦੀ ਸਮੱਸਿਆ

***280. (ਸੀ.ਯੂ.) ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਾਭਾ ਸ਼ਹਿਰ ਵਿਚ ਆਮ ਜਨਤਾ ਉਤੇ ਬਾਂਦਰਾਂ ਦੇ ਹਮਲਿਆਂ ਨੂੰ ਰੋਕਣ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਸਮੱਸਿਆ ਉਤੇ ਕਦੋਂ ਤੱਕ ਕਾਬੂ ਪਾ ਲਿਆ ਜਾਵੇਗਾ।

ਸ਼੍ਰੀ ਚੂਨੀ ਲਾਲ ਭਗਤ : ਨਾਭਾ ਸ਼ਹਿਰ ਦੇ ਨਜ਼ਦੀਕ ਬੀੜ ਦਾ ਇਲਾਕਾ ਹੈ, ਜਿਸ ਕਰਕੇ ਸ਼ਹਿਰ ਦੇ ਕੁਝ ਰਿਹਾਇਸ਼ੀ ਇਲਾਕਿਆਂ ਵਿਚ ਕਈ ਵਾਰ ਬਾਂਦਰ ਆ ਜਾਂਦੇ ਹਨ। ਇਸ ਸਮੱਸਿਆ ਨਾਲ ਨਜਿੱਠਣ ਲਈ ਨਗਰ ਕੌਂਸਲ ਵੱਲੋਂ ਆਪਣੇ ਮਤਾ ਨੰ: 133 ਮਿਤੀ 20.3.2012 ਰਾਹੀਂ ਕੇਅਰ ਟੇਕਰ ਸਮੇਤ 2 ਲੰਗੂਰ ਲੈਣੇ ਤਜਵੀਜ਼ ਕੀਤੇ ਹਨ। ਜਿਸ ਤੇ ਕਾਰਵਾਈ ਕਰਦੇ ਹੋਏ, ਇਸ ਸਮੱਸਿਆ ਉਤੇ 3 ਮਹੀਨੇ ਅੰਦਰ ਕਾਬੂ ਪਾ ਲਿਆ ਜਾਵੇਗਾ।

ਭਾਦਸੋਂ/ਰਾਮ ਸਿੰਘ ਨੌਂ ਵਿਖੇ ਐਨ.ਏ.ਸੀ ਬਣਾਉਣਾ

***281. (ਸੀ.ਯੂ.) ਸਰਦਾਰ ਸਾਧੂ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਹਲਕਾ ਨਾਭਾ ਦੇ ਪਿੰਡਾਂ, ਭਾਦਸੋਂ ਅਤੇ ਰਾਮ ਸਿੰਘ ਨੌਂ ਵਿਖੇ ਨੋਟੀਫਾਈਡ ਏਰੀਆ ਕਮੇਟੀਆਂ (ਐਨ.ਏ.ਸੀ) ਸਥਾਪਿਤ ਕੀਤੀਆਂ ਸਨ; ਜੇਕਰ ਅਜਿਹਾ ਹੋਵੇ ਤਾਂ ਹੁਣ ਤੱਕ ਨੋਟੀਫਾਈਡ ਏਰੀਆ ਕਮੇਟੀਆਂ (ਐਨ.ਏ.ਸੀ.) ਨਾਮਜ਼ਦ ਨਾ ਕਰਨ ਦੇ ਕਾਰਨ ਕੀ ਹਨ ਅਤੇ ਇਹ ਕਮੇਟੀਆਂ ਕਦੋਂ ਤੱਕ ਨਾਮਜ਼ਦ/ਚੁਣੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਚੂਨੀ ਲਾਲ ਭਗਤ : ਹਾਂ ਜੀ। ਭਾਦਸੋਂ ਅਤੇ ਰਾਮ ਸਿੰਘ ਨੌਂ ਪਿੰਡਾਂ ਨੂੰ ਮਿਲਾ ਕੇ ਇੱਕ ਨਗਰ ਪੰਚਾਇਤ ਭਾਦਸੋਂ ਦੀ ਬਣਤਰ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਮਿਤੀ 30.12.2009 ਰਾਹੀਂ ਕੀਤੀ ਗਈ ਸੀ। ਇਸ ਦੀ ਤਜਵੀਜ਼ਤ ਵਾਰਡਬੰਦੀ ਸਬੰਧੀ ਪ੍ਰਾਪਤ ਹੋਏ ਇਤਰਾਜ਼/ਸੁਝਾਅ ਵਿਚਾਰ ਅਧੀਨ ਹਨ ਜਿਨ੍ਹਾਂ ਦਾ ਤਿੰਨ ਮਹੀਨੇ ਦੇ ਅੰਦਰ-ਅੰਦਰ ਨਿਪਟਾਰਾ ਕਰਕੇ ਵਾਰਡਬੰਦੀ ਦੀ ਅੰਤਿਮ ਪ੍ਰਕਾਸ਼ਨਾ ਉਪਰੰਤ ਚੋਣਾਂ ਕਰਵਾਈਆਂ ਜਾਣਗੀਆਂ।

ਨਾਭਾ ਵਿਖੇ ਸਰਕਾਰੀ ਡਿਗਰੀ ਕਾਲਜ ਖੋਲ੍ਹਣਾ

***283. (ਸੀ.ਯੂ.) ਸਰਦਾਰ ਸਾਧੂ ਸਿੰਘ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸੱਚ ਹੈ ਕਿ ਨਾਭਾ (ਪਟਿਆਲਾ) ਵਿਖੇ ਲੜਕੀਆਂ ਲਈ ਕੋਈ ਵੀ ਡਿਗਰੀ ਕਾਲਜ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨਾਭਾ ਵਿਖੇ ਲੜਕੀਆਂ ਲਈ ਡਿਗਰੀ ਕਾਲਜ ਖੋਲ੍ਹਣ ਵਾਸਤੇ ਵਿਚਾਰ ਕਰੇਗੀ?

ਸਰਦਾਰ ਸਿਕੰਦਰ ਸਿੰਘ ਮਲੂਕਾ : ਜੀ ਹਾਂ। ਇਹ ਸੱਚ ਹੈ ਕਿ ਨਾਭਾ (ਪਟਿਆਲਾ) ਵਿਖੇ ਲੜਕੀਆਂ ਲਈ ਕੋਈ ਵੀ ਡਿਗਰੀ ਕਾਲਜ ਨਹੀਂ ਹੈ। ਨਾਭਾ (ਪਟਿਆਲਾ) ਵਿਖੇ ਲੜਕੀਆਂ ਦਾ ਡਿਗਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਪੈਟਰੋਲ ਉੱਤੇ ਵੈਟ ਦੀ ਦਰ ਘੱਟ ਕਰਨਾ

***284. (ਸੀ.ਯੂ.) (1) ਸਰਦਾਰ ਨਵਤੇਜ ਸਿੰਘ ਚੀਮਾ**
(2) ਸਰਦਾਰ ਸਾਧੂ ਸਿੰਘ } : ਕੀ

ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਦੁਆਰਾ ਪੈਟਰੋਲ ਉੱਤੇ ਵੈਟ ਕਿਸ ਦਰ ਨਾਲ ਲਿਆ ਜਾ ਰਿਹਾ ਹੈ ਅਤੇ ਕੀ ਸਰਕਾਰ ਪੈਟਰੋਲ ਉੱਤੇ ਵੈਟ ਦੀ ਦਰ ਘਟਾਉਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਵੇਰਵੇ ਹਨ?

ਸਰਦਾਰ ਸੁਖਬੀਰ ਸਿੰਘ ਬਾਦਲ : ਪੰਜਾਬ ਰਾਜ ਵਿੱਚ ਇਸ ਸਮੇਂ ਪੈਟਰੋਲ ਤੇ 27.5 ਪ੍ਰਤੀਸ਼ਤ ਦੀ ਦਰ ਨਾਲ ਵੈਟ ਅਤੇ ਇਸ ਉਤੇ 10 ਪ੍ਰਤੀਸ਼ਤ ਸਰਚਾਰਜ ਲਗਦਾ ਹੈ। ਇਸ ਤੋਂ ਇਲਾਵਾ ਇਸ ਤੇ ਇਕ ਰੁਪਏ ਪ੍ਰਤੀ ਲੀਟਰ ਦੀ ਦਰ ਨਾਲ ਆਈ.ਡੀ.ਸੈੱਸ ਲਗਦਾ ਹੈ। ਪੈਟਰੋਲ ਦੀਆਂ ਵਧੀਆਂ ਕੀਮਤਾਂ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਸ਼ਹਿਰਾਂ ਵਿੱਚ ਪੈਟਰੋਲ ਤੇ ਲੱਗਣ ਵਾਲੀ 2 ਪ੍ਰਤੀਸ਼ਤ ਚੁੰਗੀ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਸਮੇਂ ਪੈਟਰੋਲ ਉੱਤੇ ਵੈਟ ਦਰ ਘਟਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

ਖੇਡਾਂ ਨੂੰ ਉਤਸ਼ਾਹਤ ਕਰਨ ਲਈ ਯੋਜਨਾ

***285. (ਸੀ.ਯੂ.) ਰਾਣਾ ਗੁਰਮੀਤ ਸਿੰਘ ਸੋਢੀ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਹਰ ਇਕ ਜ਼ਿਲ੍ਹੇ ਵਿਚੋਂ 1000 ਖਿਡਾਰੀਆਂ ਨੂੰ ਚੁਣਨ ਅਤੇ ਉਨ੍ਹਾਂ ਨੂੰ ਤਿੰਨ ਸਾਲਾਂ ਲਈ ਦਸ ਹਜ਼ਾਰ ਰੁਪਏ ਪ੍ਰਤੀ ਸਾਲ ਦੇਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਚੋਣ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ ਅਤੇ ਅਜਿਹੇ ਖਿਡਾਰੀਆਂ ਦਾ ਤਿੰਨ ਸਾਲ ਬਾਅਦ ਭਵਿੱਖ ਕੀ ਹੋਵੇਗਾ;

(ਅ) ਕੀ ਸਰਕਾਰ ਨੇ ਉਨ੍ਹਾਂ ਵਾਸਤੇ ਲੰਬੇ ਸਮੇਂ ਦੀ ਸਿਖਲਾਈ ਸਬੰਧੀ ਕੋਈ ਪਾਠਕ੍ਰਮ ਨਿਯਮਬੱਧ ਕੀਤਾ ਹੈ?

ਸਰਦਾਰ ਸੁਖਬੀਰ ਸਿੰਘ ਬਾਦਲ: (ੳ) ਨਹੀਂ ਜੀ।

(ਅ) ਨਹੀਂ ਜੀ।

ਆਟਾ-ਦਾਲ ਸਕੀਮ ਜਾਰੀ ਰੱਖਣਾ

***286. (ਸੀ.ਯੂ.) ਰਾਣਾ ਗੁਰਮੀਤ ਸਿੰਘ ਸੋਢੀ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਨੇ 16 ਲੱਖ

ਬੀ.ਪੀ.ਐਲ.ਪਰਿਵਾਰਾਂ ਦੀ ਸ਼ਨਾਖਤ ਕੀਤੀ ਹੈ ਜਦ ਕਿ ਭਾਰਤ ਦੇ ਯੋਜਨਾਬੰਦੀ ਕਮਿਸ਼ਨ ਨੇ 12 ਲੱਖ ਦੇ ਅੰਕੜੇ ਦੱਸੇ ਹਨ, ਅਜਿਹੀ ਸੂਰਤ ਵਿੱਚ ਇਕ ਪ੍ਰਮਾਣਿਤ ਅੰਕੜੇ ਤੇ ਪਹੁੰਚਣ ਲਈ ਅਸੀਂ ਇਨ੍ਹਾਂ ਅੰਕੜਿਆਂ ਦਾ ਕਿਸ ਤਰ੍ਹਾਂ ਮਿਲਾਨ ਕਰਾਂਗੇ?

ਸਰਦਾਰ ਸੁਰਜੀਤ ਸਿੰਘ ਰੱਖੜਾ : ਸ਼੍ਰੀਮਾਨ ਜੀ, ਬੀ..ਪੀ.ਐਲ. ਸਰਵੇ ਸਾਲ 2002 ਮੁਤਾਬਕ ਪੰਜਾਬ ਰਾਜ ਵਿੱਚ ਪਿੰਡਾਂ ਵਿੱਚ ਰਹਿ ਰਹੇ ਬੀ.ਪੀ.ਐਲ. ਪਰਿਵਾਰਾਂ ਦੀ ਗਿਣਤੀ 3,44,476 ਹੈ। ਇਨ੍ਹਾਂ 3,44,476 ਬੀ.ਪੀ.ਐਲ. ਪਰਿਵਾਰਾਂ ਦੀ ਕੁੱਲ ਅਬਾਦੀ 16,87,646 ਹੈ।

ਕਿੱਤਾ ਮੁਖੀ ਟ੍ਰੇਨਿੰਗ ਦੇਣਾ

***288. (ਸੀ.ਯੂ.) ਰਾਣਾ ਗੁਰਮੀਤ ਸਿੰਘ ਸੋਢੀ :** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਯੋਗ ਵਿਅਕਤੀਆਂ ਨੂੰ ਰਾਜ ਮਿਸਤਰੀ, ਪਲੰਬਰ ਆਦਿ ਦੀ ਟ੍ਰੇਨਿੰਗ ਦੇਣ ਸਬੰਧੀ ਸਰਕਾਰ ਦੀ ਕੋਈ ਸਕੀਮ ਹੈ; ਜੇਕਰ ਹੈ ਤਾਂ ਇਸ ਸਬੰਧ ਵਿੱਚ ਯੋਗ ਉਮੀਦਵਾਰਾਂ ਦੀ ਪਹਿਚਾਣ ਕਰਨ ਲਈ ਕੀ ਕਸੌਟੀ ਰੱਖੀ ਗਈ ਹੈ;

(ਅ) ਉਪਰੋਕਤ ਟ੍ਰੇਡਾਂ ਵਿੱਚ ਕਿਸ ਥਾਂ ਤੇ ਸਿਖਲਾਈ ਪ੍ਰਦਾਨ ਕਰਨ ਲਈ ਕਿੰਨੇ ਸਿਖਲਾਈ ਕੇਂਦਰ ਸਥਾਪਤ ਕਰਨ ਦੀ ਤਜਵੀਜ਼ ਹੈ?

ਸ਼੍ਰੀ ਅਨਿਲ ਜੋਸ਼ੀ : (ੳ) ਜੀ ਹਾਂ, ਸਕਿੱਲ ਡਿਵੈਲਪਮੈਂਟ ਇਨੀਸ਼ੀਏਟਿਵ (ਐਸ.ਡੀ.ਆਈ.) ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮਾਂ ਤਹਿਤ ਸੰਸਥਾਪਤ ਸੰਸਥਾਵਾਂ ਵਿੱਚ ਟ੍ਰੇਨਿੰਗ ਦਿੱਤੀ ਜਾਂਦੀ ਹੈ। ਐਸ.ਡੀ.ਆਈ. ਸਕੀਮ ਤਹਿਤ ਰਾਜ ਮਿਸਤਰੀ ਅਤੇ ਪਲੰਬਰ ਦੇ ਕੋਰਸ ਲਈ ਮੁੱਢਲੀ ਯੋਗਤਾ ਪੰਜਵੀਂ ਪਾਸ ਹੈ ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਪਲੰਬਰ ਟ੍ਰੇਡ ਲਈ ਮੁਢਲੀ ਯੋਗਤਾ ਅੱਠਵੀਂ ਪਾਸ ਹੈ।

(ਅ) ਨਹੀਂ ਜੀ।

ਰਾਜ ਵਿੱਚ ਵਾਈ-ਫਾਈ ਕੁਨੈਕਟੀਵਿਟੀ

***289. (ਸੀ.ਯੂ.) ਰਾਣਾ ਗੁਰਮੀਤ ਸਿੰਘ ਸੋਢੀ :** ਕੀ ਸੂਚਨਾ ਤਕਨਾਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਦੇ ਸੂਚਨਾ ਤਕਨਾਲੋਜੀ ਵਿਭਾਗ ਜਾਂ ਕੁਝ ਜਨਤਕ-ਪ੍ਰਾਈਵੇਟ ਭਾਈਵਾਲੀ ਦੇ ਸਹਿਯੋਗ ਅਧੀਨ ਸਾਰੇ ਰਾਜ ਵਿਚ ਵਾਈ-ਫਾਈ ਕੁਨੈਕਟਿਵਿਟੀ ਮੁਹੱਈਆ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਮੁਕੰਮਲ ਨੀਤੀ-ਰੂਪ (ਬਲੂ ਪ੍ਰਿੰਟ) ਦੱਸੀ ਜਾਵੇ?

ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ : ਨਹੀਂ ਜੀ।

ਡਰੇਨੇਜ ਦੀ ਸਮੱਸਿਆ

***291. (ਸੀ.ਯੂ.) ਰਾਣਾ ਗੁਰਮੀਤ ਸਿੰਘ ਸੋਢੀ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਉਣ ਵਾਲੀ ਵਰਖਾ-ਰੁੱਤ ਨੂੰ ਦੇਖਦਿਆਂ ਹੋਇਆਂ ਗੁਰੂ ਹਰ ਸਹਾਏ ਹਲਕੇ ਦੇ ਲੋਕਾਂ ਦੀਆਂ ਡਰੇਨੇਜ ਸਬੰਧੀ ਮੁਸ਼ਕਿਲਾਂ ਨੂੰ ਘਟਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

ਸਰਦਾਰ ਜਨਮੇਜਾ ਸਿੰਘ ਸੇਖੋਂ : ਹਾਂ ਜੀ, ਵਿਧਾਨ ਸਭਾ ਹਲਕਾ ਗੁਰੂ ਹਰ ਸਹਾਏ ਵਿੱਚ ਆਉਣ ਵਾਲੇ ਫਲੱਡ ਸੀਜਨ ਦੌਰਾਨ 7 ਨੰਬਰ ਡਰੇਨਾਂ ਜਿਨ੍ਹਾਂ ਦੀ ਲੰਬਾਈ 46.66 ਕਿਲੋਮੀਟਰ ਹੈ, ਦੀ ਸਫਾਈ ਦਾ ਕੰਮ ਕਰਵਾਇਆ ਜਾ ਰਿਹਾ ਹੈ।

ਬੱਸ ਸਟੈਂਡ ਦੀ ਉਸਾਰੀ ਲਈ ਈ-ਟੈਂਡਰ

***292. (ਸੀ.ਯੂ.) ਸ਼੍ਰੀ ਮੁਹੰਮਦ ਸਦੀਕ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਨਗਰ ਕੌਂਸਲ ਤਪਾ ਮੰਡਲ (ਬਰਨਾਲਾ) ਨੇ ਤਪਾ ਮੰਡੀ ਵਿਖੇ ਨਗਰ ਕੌਂਸਲ ਦੇ ਬੱਸ ਸਟੈਂਡ/ਸ਼ੈੱਡ ਦੀ ਉਸਾਰੀ ਲਈ ਮਿਤੀ 18.5.2012 ਨੂੰ ਰੋਜ਼ਾਨਾ ਜੱਗ ਬਾਣੀ ਅਖਬਾਰ ਵਿੱਚ ਇੱਕ ਈ-ਟੈਂਡਰ ਜਾਰੀ ਕੀਤਾ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਉਨ੍ਹਾਂ ਵਿਅਕਤੀਆਂ ਦੇ ਨਾਮ ਅਤੇ ਅਹੁਦੇ ਕੀ-ਕੀ ਹਨ ਜਿਨ੍ਹਾਂ ਦੀਆਂ ਫੋਟੋਆਂ ਉਕਤ ਟੈਂਡਰ ਨੋਟਿਸ ਨਾਲ ਛਾਪੀਆਂ ਗਈਆਂ ਹਨ ਅਤੇ ਇਸ ਲਈ ਕੀ ਕਸੌਟੀ ਅਪਣਾਈ ਗਈ ਹੈ?

ਸ਼੍ਰੀ ਚੂਨੀ ਲਾਲ ਭਗਤ : (ੳ) ਹਾਂ ਜੀ।

(ਅ) ਟੈਂਡਰ ਨੋਟਿਸ ਮਿਤੀ 18.5.2012 ਜੋ ਜੱਗ ਬਾਣੀ ਵਿੱਚ ਛਾਪਿਆ ਗਿਆ, ਉਸ ਵਿੱਚ ਜਿਨ੍ਹਾਂ ਵਿਅਕਤੀਆਂ ਦੀਆਂ ਫੋਟੋਆਂ ਛਪੀਆਂ ਹਨ, ਉਨ੍ਹਾਂ ਦੇ ਨਾਂਵਾਂ ਅਤੇ ਅਹੁਦਿਆਂ ਦਾ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ:-

1) ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ

2) ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ, ਪੰਜਾਬ

3) ਸ਼੍ਰੀ ਚੂਨੀ ਲਾਲ ਭਗਤ, ਕੈਬਨਿਟ ਮੰਤਰੀ ਸਥਾਨਕ ਸਰਕਾਰ, ਪੰਜਾਬ

4) ਸਰਦਾਰ ਦਰਬਾਰਾ ਸਿੰਘ ਗੁਰੂ, ਸਾਬਕਾ ਪ੍ਰਮੁੱਖ ਸਕੱਤਰ, ਮੁੱਖ ਮੰਤਰੀ ਪੰਜਾਬ

5) ਸ਼੍ਰੀ ਤਰਲੋਚਨ ਬਾਂਸਲ, ਪ੍ਰਧਾਨ, ਨਗਰ ਕੌਂਸਲ, ਤਪਾ।

ਇਹ ਫੋਟੋਆਂ ਨਗਰ ਕੌਂਸਲ, ਤਪਾ ਵੱਲੋਂ ਲਗਾਈਆਂ ਗਈਆਂ ਸਨ, ਪਰ ਹੁਣ

ਸਾਰੀਆਂ ਮਿਉਂਸਿਪਲ ਕੌਂਸਲਾਂ ਨੂੰ ਐਨ.ਆਈ.ਟੀਜ਼. ਵਿੱਚ ਇਸ ਤਰ੍ਹਾਂ ਫੋਟੋਆਂ ਨਾ ਲਾਉਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

ਸਰਕਾਰੀ ਮੁਲਾਜ਼ਮਾਂ ਦੀ ਸੇਵਾ ਨਵਿਰਤੀ ਦੀ ਉਮਰ ਵਿੱਚ ਵਾਧਾ

***293. (ਸੀ.ਯੂ.) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਆਪਣੇ ਮੁਲਾਜ਼ਮਾਂ ਦੀ ਸੇਵਾ ਨਵਿਰਤੀ ਦੀ ਵਰਤਮਾਨ ਉਮਰ 58 ਸਾਲ ਤੋਂ 60 ਸਾਲ ਕਰਨ ਦੀ ਕੋਈ ਤਜਵੀਜ਼ ਹੈ ; ਜੇਕਰ ਹੈ ਤਾਂ ਕਿਸ ਮਿਤੀ ਤੋਂ ਅਤੇ ਇਸ ਦੇ ਕੀ ਕਾਰਨ ਹਨ ?

ਸਰਦਾਰ ਪਰਕਾਸ਼ ਸਿੰਘ ਬਾਦਲ : ਸ਼੍ਰੀਮਾਨ ਜੀ, ਸਰਕਾਰ ਦੀ ਆਪਣੇ ਮੁਲਾਜ਼ਮਾਂ ਦੀ ਸੇਵਾ ਨਵਿਰਤੀ ਦੀ ਵਰਤਮਾਨ ਉਮਰ 58 ਤੋਂ 60 ਸਾਲ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਸਰਕਾਰੀ ਦਫਤਰਾਂ ਵਿੱਚ ਮੁਲਾਜ਼ਮਾਂ ਦੀ ਘਾਟ ਨੂੰ ਵੇਖਦੇ ਹੋਏ ਸਾਲ 2012 ਵਿੱਚ ਵਿੱਤ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 22/2/2012-3 ਐਫ.ਪੀ.2/475, ਮਿਤੀ 8.10.2012 ਰਾਹੀਂ ਸੇਵਾ-ਨਵਿਰਤੀ ਤੋਂ ਬਾਅਦ ਇੱਕ ਸਾਲ ਦਾ ਵਾਧਾ ਦਿੱਤਾ ਗਿਆ ਹੈ।

ਮੈਡੀਕਲ ਦੀਆਂ ਗੈਰ ਕਾਨੂੰਨੀ ਦੁਕਾਨਾਂ ਬੰਦ ਕਰਵਾਉਣਾ

***294. (ਸੀ.ਯੂ.) ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਰਾਜ ਭਰ ਅੰਦਰ ਅਖੌਤੀ ਡਾਕਟਰਾਂ, ਅਨ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਚਲਾਈਆਂ ਜਾ ਰਹੀਆਂ ਗੈਰ-ਕਾਨੂੰਨੀ ਦੁਕਾਨਾਂ ਨੂੰ ਬੰਦ ਕਰਾਉਣ ਲਈ ਪਿਛਲੇ ਤਿੰਨ ਸਾਲਾਂ ਵਿਚ ਕੋਈ ਛਾਪੇਮਾਰੀ ਕੀਤੀ ਗਈ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕੀ ਨਤੀਜੇ ਹਨ?

ਸ਼੍ਰੀ ਮਦਨ ਮੋਹਨ ਮਿੱਤਲ : ਹਾਂ ਜੀ, ਰਾਜ ਦੇ ਡਰੱਗਜ ਇੰਸਪੈਕਟਰਾਂ ਵੱਲੋਂ ਬਿਨਾਂ ਵੈਲਿਡ ਡਿਗਰੀ ਰਜਿਸਟ੍ਰੇਸ਼ਨਾਂ ਤੋਂ ਪ੍ਰੈਕਟਿਸ ਕਰ ਰਹੇ ਡਾਕਟਰਾਂ ਅਤੇ ਅਣ-ਅਧਿਕਾਰਤ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਦੁਕਾਨਾਂ ਨੂੰ ਸ਼ੱਕ ਦੇ ਅਧਾਰ ਤੇ ਪਿਛਲੇ ਤਿੰਨ ਸਾਲਾਂ ਤੋਂ ਚੈੱਕ ਕੀਤਾ ਜਾਂਦਾ ਰਿਹਾ ਹੈ। ਜਿਨ੍ਹਾਂ ਕੋਲ ਵੈਲਿਡ ਰਜਿਸਟਰੇਸ਼ਨ ਅਤੇ ਡਰੱਗਜ ਅਤੇ ਕਾਸਮੈਟਿਕ ਐਕਟ, 1940 ਅਧੀਨ ਡਰੱਗਜ ਲਾਇਸੰਸ ਨਾ ਹੋਣ ਕਾਰਣ ਡਰੱਗਜ ਇੰਸਪੈਕਟਰਾਂ ਵੱਲੋਂ ਉਨ੍ਹਾਂ ਤੋਂ ਦਵਾਈਆਂ ਪਕੜੀਆਂ ਗਈਆਂ ਹਨ। ਡਰੱਗਜ ਇੰਸਪੈਕਟਰਾਂ ਵਲੋਂ ਦੋਸ਼ੀਆਂ ਵਿਰੁੱਧ ਜੁਡੀਸ਼ੀਅਲ ਅਦਾਲਤਾਂ ਵਿਚ ਇਸਤਗਾਸੇ ਦਾਇਰ ਕੀਤੇ ਹਨ। ਇਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ 'ੳ' ** ਤੇ ਰੱਖਿਆ ਜਾਂਦਾ ਹੈ।

(*ਨਿਸ਼ਾਨ ਵਾਲਾ (C.U.) ਪ੍ਰਸ਼ਨ ਨੰ:-295)

****Placed in the Revisor Branch.

* Reply to this starred Question No. 295 (C.U.) has not been received till 2.12.2014. i.e. the date this Annexure was sent to the press for final printing.**

ਸਿਵਲ ਹਸਪਤਾਲ, ਮੁਕੇਰੀਆਂ ਨੂੰ ਅਪਗ੍ਰੇਡ ਕਰਨਾ

***296. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਵਿਖੇ ਸਿਵਲ ਹਸਪਤਾਲ ਨੂੰ ਅਪ-ਗ੍ਰੇਡ ਕਰਕੇ 100 ਬੈਡਾਂ ਵਾਲਾ ਸਿਵਲ ਹਸਪਤਾਲ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਥੇ ਕਦੋਂ ਤੱਕ 100 ਬੈਡਾਂ ਦਾ ਸਿਵਲ ਹਸਪਤਾਲ ਬਣਾ ਦਿੱਤਾ ਜਾਵੇਗਾ ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, ਜੀ ਨਹੀਂ। ਇਸ ਸਮੇਂ ਮੁਕੇਰੀਆਂ ਵਿਖੇ 100 ਬੈਡਿਡ ਸਿਵਲ ਹਸਪਤਾਲ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮੁਕੇਰੀਆਂ- ਚੰਡੀਗੜ੍ਹ ਬੱਸ ਸਰਵਿਸ ਸ਼ੁਰ ਕਰਨਾ

***297. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਤੋਂ ਚੰਡੀਗੜ੍ਹ ਲਈ ਸਵੇਰੇ ਚਾਰ ਵਜੇ ਪੰਜਾਬ ਰੋਡਵੇਜ਼ ਦੀ ਬੱਸ ਚਲਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

ਸਰਦਾਰ ਅਜੀਤ ਸਿੰਘ ਕੋਹਾੜ: ਹਾਲ ਦੀ ਘੜੀ ਮੁਕੇਰੀਆਂ ਤੋਂ ਚੰਡੀਗੜ੍ਹ ਲਈ ਸਵੇਰੇ ਚਾਰ ਵਜੇ ਪੰਜਾਬ ਰੋਡਵੇਜ਼ ਦੀ ਬੱਸ ਚਲਾਉਣ ਦੀ ਕੋਈ ਤਜਵੀਜ਼ ਨਹੀਂ ਹੈ।

ਫੋਕਲ ਪੁਆਇੰਟ ਸਥਾਪਿਤ ਕਰਨਾ

***298. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੁਕੇਰੀਆਂ ਹਲਕੇ ਵਿੱਚ ਕੁੱਲ ਕਿੰਨੇ ਫੋਕਲ ਪੁਆਇੰਟ ਹੁਣ ਤੱਕ ਸਥਾਪਿਤ ਕੀਤੇ ਗਏ ਹਨ ਅਤੇ ਕੀ ਸਰਕਾਰ ਦਾ ਇੱਥੇ ਹੋਰ ਫੋਕਲ ਪੁਆਇੰਟ ਸਥਾਪਿਤ ਕਰਨ ਦਾ ਵਿਚਾਰ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਸੁਰਜੀਤ ਸਿੰਘ ਰੱਖੜਾ : ਹਲਕਾ ਮੁਕੇਰੀਆਂ ਵਿੱਚ ਕੁੱਲ ਅੱਠ ਫੋਕਲ ਪੁਆਇੰਟ ਸਥਾਪਿਤ ਕੀਤੇ ਗਏ ਹਨ ਅਤੇ ਹਾਲ ਦੀ ਘੜੀ ਹੋਰ ਫੋਕਲ ਪੁਆਇੰਟ ਸਥਾਪਿਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

ਸੜਕਾਂ ਦੀ ਮੁਰੰਮਤ

***299. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੀਆਂ ਫੱਤੂਵਾਲ ਤੋਂ ਪੰਨਖੂਹ, ਸਿੱਬੋ-ਚੱਕ ਤੋਂ ਸਰਿਆਣਾ, ਭੰਗਾਲਾ ਤੋਂ ਮੁਤਾਹਪੁਰ, ਚੱਕੀ ਪੰਡਾਨ ਤੋਂ ਚੱਕ ਮੀਰਪੁਰ ਅਤੇ ਤਲਵਾੜਾ ਤੋਂ ਚੱਗੜਮਾ ਸੜਕਾਂ ਦੀ ਮੁਰੰਮਤ ਕਰਵਾਈ ਗਈ ਸੀ ਅਤੇ ਕੀ ਇਨ੍ਹਾਂ ਸੜਕਾਂ ਦੀ ਖਸਤਾ ਹਾਲਤ ਦੇ ਮੱਦੇ ਨਜ਼ਰ ਇਨ੍ਹਾਂ ਦੀ ਜਲਦੀ ਰਿਪੇਅਰ ਕਰਵਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ।

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਸੜਕ ਵਾਰ ਸਥਿਤੀ ਅਨੁਲੱਗ 'ੳ' ਅਨੁਸਾਰ ਹੈ।

ਅਨੁਲੱਗ 'ੳ'

1. **ਫੱਤੂਵਾਲ ਤੋਂ ਪੰਨਖੂਹ :-** ਇਹ ਸੜਕ ਮੁਰੰਮਤ ਲਈ ਡਿਊ ਹੈ। ਇਸ ਸੜਕ ਦੀ ਮੁਰੰਮਤ ਕਰਨ ਦੀ ਤਜਵੀਜ਼ ਪੰਜਾਬ ਮੰਡੀ ਬੋਰਡ ਨੂੰ ਡਿਊ ਸੜਕਾਂ ਦੇ ਸਪੈਸ਼ਲ ਰਿਪੇਅਰ ਦੇ ਪ੍ਰੋਗਰਾਮ ਵਿਚ ਪਾ ਕੇ ਭੇਜੀ ਹੋਈ ਹੈ ।ਇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਹੋਣ ਤੇ ਮੁਰੰਮਤ ਦਾ ਕੰਮ ਕਰ ਦਿੱਤਾ ਜਾਵੇਗਾ।

2. **ਸਿੱਬੋ- ਚੱਕ ਤੋਂ ਸਰਿਆਣਾ :-** ਮੁਰੰਮਤ ਦਾ ਕੰਮ ਡਿਊ ਨਾ ਹੋਣ ਕਾਰਣ ਹਾਲ ਦੀ ਘੜੀ ਇਸ ਸੜਕ ਦੀ ਮੁਰੰਮਤ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

3. **ਭੰਗਾਲਾ ਤੋਂ ਮੁਤਾਹਪੁਰ :-** ਇਸ ਸੜਕ ਨੂੰ ਪੀ.ਐਮ.ਜੀ.ਐਸ.ਵਾਈ. ਫੇਜ-11 ਸਕੀਮ ਅਧੀਨ ਅਪਗ੍ਰੇਡੇਸ਼ਨ ਕਰਨ ਲਈ ਡੀ.ਪੀ.ਆਰ. ਤਿਆਰ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਤੋਂ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਹੋਣ ਤੇ ਇਸ ਦੀ ਅਪਗ੍ਰੇਡੇਸ਼ਨ ਕਰਵਾ ਦਿੱਤੀ ਜਾਵੇਗੀ।

ਮਿਡਲ ਸਕੂਲ ਖੋਲ੍ਹਣਾ

***300. (ਸੀ.ਯੂ.) ਸ਼੍ਰੀ ਰਜਨੀਸ਼ ਕੁਮਾਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੁਕੇਰੀਆਂ ਦੇ ਪਿੰਡ ਖੁੰਡਾਂ-ਕੁਲੀਆਂ ਵਿੱਚ ਮਿਡਲ ਸਕੂਲ ਬਣਾਉਣ ਦੀ ਸਰਕ੍ਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਸਿਕੰਦਰ ਸਿੰਘ ਮਲੂਕਾ : ਨਹੀਂ ਜੀ।

ਅਨਾਥ ਬੱਚਿਆਂ ਦੀ ਗਿਣਤੀ

***301. (ਸੀ.ਯੂ.) ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਅਨਾਥ ਬੱਚਿਆਂ ਦੀ ਅਤੇ ਅਨਾਥ ਆਸ਼ਰਮਾਂ ਦੀ ਗਿਣਤੀ ਕਿੰਨੀ ਹੈ;

(ਅ) ਇਨ੍ਹਾਂ ਬੱਚਿਆਂ ਲਈ ਉਕਤ ਅਨਾਥ ਆਸ਼ਰਮਾਂ ਵਿੱਚ ਸਿੱਖਿਆ ਸਹੂਲਤਾਂ ਨੂੰ ਸੁਧਾਰਨ ਲਈ ਸਰਕਾਰ ਕੀ ਤਜਵੀਜ਼ ਰੱਖਦੀ ਹੈ ?

ਸ਼੍ਰੀ ਮਦਨ ਮੋਹਨ ਮਿੱਤਲ : (ੳ) ਰਾਜ ਵਿੱਚ ਅਨਾਥ ਬੱਚਿਆਂ ਦੀ ਗਿਣਤੀ 552 ਅਤੇ ਅਨਾਥ ਆਸ਼ਰਮਾਂ ਦੀ ਗਿਣਤੀ 24 ਹੈ, ਜਿਸ ਦੀ ਸੂਚੀ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ਜੀ।

(ਅ) ਅਨਾਥ ਆਸ਼ਰਮਾਂ ਵਿੱਚ ਰਹਿ ਰਹੇ ਬੱਚਿਆਂ ਨੂੰ ਨੇੜੇ ਦੇ ਸਕੂਲਾਂ ਵਿੱਚ ਭੇਜ ਕੇ ਸਿੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਪਰੰਤੂ ਵਿਭਾਗ ਵੱਲੋਂ ਚਲਾਏ ਜਾ ਰਹੇ ਚਿਲਡਰਨ ਹੋਮ ਫਾਰ ਗਰਲਜ, ਜਲੰਧਰ ਅਤੇ ਚਿਲਡਰਨ ਹੋਮ ਫਾਰ ਬੁਆਇਜ਼, ਹੁਸ਼ਿਆਰਪੁਰ ਵਿਖੇ ਅਨਾਥ ਬੱਚਿਆਂ ਨੂੰ ਹੋਮ ਦੀ ਇਮਾਰਤ ਅੰਦਰ ਵਿਭਾਗ ਵੱਲੋਂ ਚਲਾਏ ਜਾ ਰਹੇ ਸਕੂਲਾਂ ਵਿੱਚ ਸਿੱਖਿਆ ਮੁਹੱਈਆ ਕਰਵਾਈ ਜਾਂਦੀ ਹੈ। ਇਸ ਲਈ ਸਿੱਖਿਆ ਸਹੂਲਤਾਂ ਨੂੰ ਸੁਧਾਰਨ ਦੀ ਕੋਈ ਲੋੜ ਨਹੀਂ ਹੈ।

ਇਸ ਲਈ ਤਜਵੀਜ਼ ਬਣਾਉਣ ਦਾ ਪ੍ਰਸ਼ਨ ਨਹੀਂ ਉਠਦਾ।

ਅਨੁਲੱਗ 'ੳ'

ਲੜੀ ਨੰ:	ਹੋਮ/ਸੰਸਥਾਵਾਂ ਦੇ ਨਾਂ	ਅਨਾਥ ਬੱਚਿਆਂ ਦੀ ਗਿਣਤੀ
1.	ਚਿਲਡਰਨ ਹੋਮ, ਰੂਪਨਗਰ ਐਟ ਦੁਸਾਰਨਾ।	05
2.	ਚਿਲਡਰਨ ਹੋਮ, ਪਟਿਆਲਾ ਐਟ ਰਾਜਪੁਰਾ।	00
3.	ਚਿਲਡਰਨ ਹੋਮ, ਬਠਿੰਡਾ।	10
4.	ਚਿਲਡਰਨ ਹੋਮ ਫਾਰ ਗਰਲਜ਼, ਜਲੰਧਰ।	13
5.	ਚਿਲਡਰਨ ਹੋਮ, ਗੁਰਦਾਸਪੁਰ।	06
6.	ਚਿਲਡਰਨ ਹੋਮ, ਜਲੰਧਰ।	11
7.	ਚਿਲਡਰਨ ਹੋਮ ਫਾਰ ਬੁਆਇਜ਼, ਹੁਸ਼ਿਆਰਪੁਰ।	04
8.	ਯਾਦਵਿੰਦਰਾ ਪੂਰਨ ਬਾਲ ਨਿਕੇਤਨ, ਪਟਿਆਲਾ।	40

9	ਸ਼ਿਸ਼ੂ ਗ੍ਰਿਹਿ ਟਰੱਸਟ, ਨਾਰੀ ਨਿਕੇਤਨ, ਜਲੰਧਰ ।	44
10.	ਚਿਲਡਰਨ ਵੈਲਫੇਅਰ ਸੁਸਾਇਟੀ ਪਿੰਗਲਾ ਘਰ, ਗੁਲਾਬ ਦੇਵੀ ਹਸਪਤਾਲ ਰੋਡ, ਜਲੰਧਰ।	12
11.	ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ।	175
12.	ਸਵਾਮੀ ਗੰਗਾ ਨੰਦ ਭੂਰੀ ਵਾਲੇ ਇੰਟਰਨੈਸ਼ਨਲ ਫਾਊਂਡੇਸ਼ਨ ਧਾਮ ਪਿੰਡ ਤਲਵੰਡੀ ਖੁਰਦ (ਲੁਧਿਆਣਾ) ।	17
13.	ਸ਼੍ਰੀ ਰਾਧਾ ਕ੍ਰਿਸ਼ਨ ਧਾਮ, ਸਮਿਤੀ (ਰਜਿਸਟਰਡ), ਕੋਟਕਪੂਰਾ ਰੋਡ, ਫਰੀਦਕੋਟ।	03
14.	ਨਿਸ਼ਕਾਮ ਸੇਵਾ ਆਸ਼ਰਮ, ਪਿੰਡ ਦਾਦ, ਪੱਖੋਵਾਲ ਰੋਡ, ਲੁਧਿਆਣਾ।	00
15.	ਭਾਈ ਘਨੱਈਆ ਜੀ ਚੈਰੀਟੇਬਲ ਟਰੱਸਟ, ਜਲੰਧਰ	66
16.	ਗੁਰੂ ਨਾਨਕ ਚੈਰੀਟੇਬਲ ਟਰੱਸਟ ਮੁੱਲਾਂਪੁਰ ਦਾਖਾ ਮੰਡੀ, ਲੁਧਿਆਣਾ।	11
17	ਮਿਸ਼ਨਰੀ ਆਫ ਚੈਰਿਟੀ, ਨਿਰਮਲਾ ਸਿਸ਼ੂ ਭਵਨ, ਕਿਰਨ ਕਲੋਨੀ, ਗੁਮਟਾਲਾ, ਅੰਮ੍ਰਿਤਸਰ।	00
18.	ਮਿਸ਼ਨਰੀ ਆਫ ਚੈਰਿਟੀ, ਸ਼ਾਂਤੀ ਭਵਨ, ਗਰੀਨ ਮਾਡਲ ਟਾਊਨ, ਜਲੰਧਰ।	00
19.	ਮਿਸ਼ਨਰੀ ਆਫ ਚੈਰਿਟੀ, ਸ਼ਾਂਤੀ ਭਵਨ, ਕੈਨਾਲ ਕਲੋਨੀ, ਫਿਰੋਜ਼ਪੁਰ।	00
20.	ਮਿਸ਼ਨਰੀ ਆਫ ਚੈਰਿਟੀ ਟਰੇਸਾ ਹੋਮ, ਸ਼ਾਂਤੀ ਨਿਵਾਸ, ਭਗਤ ਸਿੰਘ ਕਲੋਨੀ, ਲਧਿਆਣਾ।	20
21.	ਐਸ.ਓ.ਐਸ. ਚਿਲਡਰਨ ਵਿਲੇਜ ਰਾਜਪੁਰਾ, ਆਈ.ਟੀ.ਆਈ. ਰੋਡ, ਰਾਜਪੁਰਾ ਟਾਊਨ।	35
22.	ਜਿੰਦਾ ਜੀਵ ਬੇਸਹਾਰਾ ਚੈਰੀਟੇਬਲ, ਰੋਪੜ।	00
23.	ਗੁਰੂ ਆਸਰਾ ਟਰੱਸਟ, ਐਸ.ਏ.ਐਸ. ਨਗਰ, ਮੋਹਾਲੀ	72
24.	ਫਰਿਸ਼ਤਾ ਇੰਡੀਆ ਚਿਲਡਰਨ ਵਿਲੇਜ ਮੁਕੰਦਪੁਰ, ਡੇਰਾਬੱਸੀ, ਮੋਹਾਲੀ।	08
	ਕੁੱਲ ਜੋੜ	**552**

ਸੜਕ ਦੁਰਘਟਨਾਵਾਂ ਦੀ ਗਿਣਤੀ

***304. (ਸੀ.ਯੂ.) ਸਰਦਾਰ ਪਰਮਿੰਦਰ ਸਿੰਘ ਪਿੰਕੀ :** ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪਿਛਲੇ ਤਿੰਨ ਕਲੰਡਰੀ ਸਾਲਾਂ ਦੌਰਾਨ ਪੰਜਾਬ ਵਿੱਚ ਸਾਲ-ਵਾਰ ਕੁੱਲ ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ;

(ਅ) ਰਾਜ ਵਿੱਚ ਸੜਕ ਦੁਰਘਟਨਾਵਾਂ ਦੀ ਗਿਣਤੀ ਘਟਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇਗਏ/ਜਾਣਗੇ;

